# SHRI DASAM GRANTH SAHIB JI DA SAHITYAK ATE SANGITIK ADHYAYAN

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਸਾਹਿਤਿਕ ਅਤੇ ਸੰਗੀਤਿਕ ਅਧਿਐਨ

**A THESIS**
**Submitted to the**
**FACULTY OF DESIGN AND FINE ARTS**
**Panjab University, Chandigarh**
**For the degree of**

**DOCTOR OF PHILOSOPHY**
**2021**


**HARPREET SINGH**

**DEPARTMENT OF MUSIC**
**PANJAB UNIVERSITY**
**CHANDIGARH**

# DEPARTMENT OF MUSIC

Panjab University, Chandigarh
((Established under the Panjab University Act VII, 1947)
Email: music@pu.ac.in


Ref.: 821/MUS/22 Date 21/7/22

## CORRECTION CERTIFICATE

This is to certify that no correction has been suggested by the examiner in the Ph.D. thesis of **Mr. Harpreet Singh,** on his thesis entitled **SHRI DASAM GRANTH SAHIB JI DA SAHITYAK ATE SANGITIK ADHYAYAN.**

8/07/2022

Prof. Pankaj Mala Sharma
Deptt. of Music
Panjab University
Chandigarh

Prof. Neelam Paul
(Chairperson)

Chairperson
Deptt. of Music
P.U. Chandigarh

## PANJAB UNIVERSITY CHANDIGARH

## STUDENT APPROVAL FORM FOR ELECTRONIC THESIS SUBMISSION

| | |
|---|---|
| Thesis Title | SHRI DASAM GRANTH SAHIB JI DA SAHITYAK ATESANGEETIK ADHYAYAN |
| Name of the Research Scholar | HARPREET SINGH |
| Supervisor / Co-Supervisors | Dr. Pankaj Mala Sharma |
| Department/Centre | Department of Music |

### STUDENT AGREEMENT

1. I represent that my thesis is my original work. Proper attribution has been given to all outside sources. I understand that I am solely responsible for obtaining any needed copyright permissions. I have obtained needed written permission statements(s) from the owner(s) of each third-party copyrighted matter to be included in my work, allowing electronic distribution (if such use is not permitted by the fair use doctrine) which will be submitted to Panjab University Chandigarh.
2. I hereby grant to the university and its agents the irrevocable, non-exclusive, and royalty-free license to archive and make accessible my work in whole or in part in all forms of media, now or hereafter known. I agree that the document mentioned above may be made available for worldwide access.

### REVIEW, APPROVAL AND ACCEPTANCE

The thesis mentioned above has been reviewed and accepted by the student's advisor, on behalf of the program; I/We verify that this is the final, approved version of the student's thesis including all changes required.

It is certified that electronic copy of thesis is the same as submitted in print form and as per the Shodhganga format.

### EMBARGO AGREEMENT (OPTIONAL)

**Kindly tick the appropriate option:**

- [x] No Embargo requested
- [ ] Embargo request for 6 months
- [ ] Embargo request for 1 Year
- [ ] Embargo request for 2 Year

**Please specify the reasons for Embargo:**

- The student is applying for a patent on an invention or procedure documented in the thesis and does not wish to make the contents public until the patent application has been filed.
- The thesis contains sensitive and/or classified information
- Immediate release of the thesis may impact an existing or potential publishing agreement.
- If any other, please specify:-

*Note: Research scholars are requested to please fill this form and get it signed from their supervisor/co-supervisors and HOD with proper stamp/seal and save the scanned copy of same in the CD (thesis).*

Harpreet Singh.

**Signature of the Research Scholar**

[signature]

**Supervisor**
**Name:**

X
**Co-Supervisor**
**Name:**

X
**Co-Supervisor**
**Name:**

[signature]

**Head of the Department**

Chairperson
Deptt. of Music
P.U. Chandigarh

# ਪ੍ਰਾਕਥਨ

ਪ੍ਰਸਤੁਤ ਸ਼ੋਧ ਪ੍ਰਬੰਧ ਦਾ ਝੁਕਾਅ ਸੰਗੀਤ ਦੇ ਨਾਲ-ਨਾਲ ਸਾਹਿਤਕ ਅਤੇ ਅਧਿਆਤਮ ਨਾਲ ਵੀ ਹੈ, ਕਿਉਂਕਿ ਇਹ ਪ੍ਰਬੰਧ "ਸ੍ਰੀ ਦਸਮ ਗ੍ਰੰਥ ਸਾਹਿਬ ਜੀ" ਨਾਲ ਸੰਬੰਧਿਤ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਾਹਿਬ-ਏ-ਕਮਾਲ "ਗੁਰੂ ਗੋਬਿੰਦ ਸਿੰਘ ਸਾਹਿਬ ਜੀ" ਦੀ ਮੌਲਿਕ ਰਚਨਾ ਹੈ।

ਸ਼ੋਧ ਕਰਤਾ ਦਾ ਜਨਮ ਸਿੱਖ ਪਰਿਵਾਰ ਵਿੱਚ ਹੋਣ ਕਰਕੇ, ਵਿਰਸੇ ਵਿੱਚ ਹੀ ਸਿੱਖੀ ਮਿਲੀ ਤੇ ਨਿਹੰਗ ਸਿੰਘ ਸ੍ਵਰੂਪ ਧਾਰਨ ਕਰਨ ਕਾਰਣ ਸਿੱਖ ਪੰਥ ਦੀਆਂ ਵੱਖ-ਵੱਖ ਜਥੇਬੰਦੀਆਂ ਵਿੱਚ ਵਿਚਰਣ ਦਾ ਸੁਭਾਗ ਪ੍ਰਾਪਤ ਹੋਇਆ, ਜਿਸ ਕਰਕੇ ਸ਼ੋਧ ਕਰਤਾ ਦੀ ਰੁੱਚੀ ਸ੍ਰੀ ਆਦਿ ਗ੍ਰੰਥ, ਸ੍ਰੀ ਦਸਮ ਗ੍ਰੰਥ, ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ ਵੱਲ ਬਚਪਨ ਤੋਂ ਹੀ ਹੋ ਗਈ। ਇਹ ਤਿੰਨੇ ਹੀ ਸਿੱਖ ਧਰਮ ਦੇ ਕੇਵਲ ਪਵਿੱਤ੍ਰ ਗ੍ਰੰਥ ਹੀ ਨਹੀਂ ਬਲਕਿ ਗੁਰੂ ਸਾਹਿਬ ਹਨ। ਘਰ ਵਿੱਚ ਹੀ ਸੰਗੀਤ ਹੋਣ ਕਰਕੇ ਸੰਗੀਤ ਦੀ ਗੁੜ੍ਹਤੀ ਵੀ ਆਪਣੇ ਪਿਤਾ ਗਿਆਨੀ ਗੁਰਮੀਤ ਸਿੰਘ ਜੀ ਕੋਲੋ ਮਿਲੀ। ਇਸ ਤਰ੍ਹਾਂ ਪਹਿਲਾਂ ਤੋਂ ਹੀ ਇੱਛਾ ਸੀ ਕਿ ਕਦੇ ਮੌਕਾ ਮਿਲੇ ਤਾਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਖੋਜ਼ ਕਾਰਜ ਕੀਤਾ ਜਾਵੇ। ਇਸ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਜਾ ਕਿਸੇ ਹੋਰ ਯੂਨੀਵਰਸਿਟੀ ਵਿੱਚ ਇਸ ਵਿਸ਼ੇ ਤੇ ਸ਼ੋਧ ਕਾਰਜ ਪ੍ਰਸਤੁਤ ਨਹੀਂ ਕੀਤਾ ਗਿਆ।

ਇਸ ਸ਼ੋਧ ਪ੍ਰਬੰਧ ਦੇ ਵਿਸ਼ੇ ਨੂੰ ਸੱਤ ਅਧਿਆਇਆਂ ਵਿੱਚ ਵੰਡ ਕੇ ਵਿਸ਼ੇ ਨੂੰ ਸੰਪੂਰਣ ਕਰਣ ਦਾ ਯਤਨ ਕੀਤਾ ਹੈ।

ਪਹਿਲਾ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਰਚਨਾ ਦੀ ਪ੍ਰਿਸ਼ਠ ਭੂਮੀ ਅਤੇ ਰਚਨਾਕਾਰ" ਇਸਦੇ ਅੰਤਰਗਤ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਜਨਮ ਸਾਖੀ ਸੰਖੇਪ ਵਿੱਚ, ਗੁਰੂ ਸਾਹਿਬ ਦੇ ਆਉਣ ਤੋਂ ਪਹਿਲਾਂ ਸਮਾਜ ਦੀ ਸਥਿਤੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸ਼ਖਸ਼ੀਅਤ ਤੇ ਚਾਨਣਾ ਪਾਇਆ ਹੈ।

ਦੂਸਰਾ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਸ੍ਵਰੂਪ" ਵਿੱਚ ਪ੍ਰਾਚੀਨ ਸ੍ਵਰੂਪ, ਹਸਤਲਿਖਿਤ ਬੀੜਾਂ ਅਤੇ ਵਰਤਮਾਨ ਸਮੇਂ ਦੇ ਜੋ ਸ੍ਵਰੂਪ ਹਨ ਉਸ ਦੀ ਜਾਣਕਾਰੀ ਦਿੱਤੀ ਹੈ।

ਤੀਸਰਾ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਬਾਣੀਆਂ ਅਤੇ ਉਹਨਾ ਦਾ ਵਿਸ਼ਾ ਵਸਤੂ" ਵਿੱਚ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਪੂਰਣ ਬਾਣੀ ਦੇ ਬਾਬਤ ਗੱਲ ਕੀਤੀ ਹੈ। ਭਾਵ ਜੋ 16 ਰਚਨਾਵਾਂ ੧.ਜਾਪੁ ਸਾਹਿਬ ੨. ਅਕਾਲ ਉਸਤਤਿ, ੩. ਬਚਿੱਤਰ ਨਾਟਕ, ੪. ਚੰਡੀ ਚਰਿਤ੍ਰ ਉਕਤਿ ਬਿਲਾਸ, ੫. ਚੰਡੀ ਚਰਿਤ੍ਰ ਲਿਖਯਤੇ, ੬. ਚੰਡੀ ਦੀ ਵਾਰ, ੭. ਗਿਆਨ ਪ੍ਰਬੋਧ, ੮. ਚੌਬੀਸ ਅਵਤਾਰ, ੯. ਬ੍ਰਹਮ ਅਵਤਾਰ, ੧੦. ਰੁਦ੍ਰ ਅਵਤਾਰ, ੧੧.

ਸ਼ਬਦ ਹਜ਼ਾਰੇ, ੧੨. ਤੇਂਤੀ ਸਵਈਏ, ੧੩. ਖਾਲਸਾ ਮਹਿਮਾ, ੧੪. ਸ਼ਸਤਰ ਨਾਮ ਮਾਲਾ, ੧੫. ਚਰਿਤਰੋ ਪਖਿਯਾਨ, ੧੬. ਜ਼ਫ਼ਰਨਾਮਾ ਦੇ ਅੰਤਰਗਤ ਸਾਰੀ ਦਸਮ ਦੀ ਬਾਣੀ ਹੈ। ਇਹਨਾਂ ਦੀ ਰੂਪ ਰੇਖਾ, ਹਰ ਬਾਣੀ ਦਾ ਵਿਸ਼ਾ ਵਸਤੂ ਤੇ ਹਰ ਬਾਣੀ ਦੇ ਕੁੱਲ ਕਿੰਨੇ ਛੰਦ-ਬੰਧ ਹਨ ਉਸ ਬਾਰੇ ਵੀਚਾਰ ਕੀਤਾ ਹੈ।

ਚੌਥਾ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਵਿਸ਼ੇਸ਼ਤਾ" ਦੇ ਅੰਤਰਗਤ ਜੋ ਕਿ ਸਾਰੀ ਬਾਣੀ ਛੰਦ-ਬੰਧ ਹੈ ਉਹਨਾ ਛੰਦਾਂ ਦੇ ਬਾਰੇ ਉਹਨਾ ਦੇ ਲਕਣ, ਛੰਦਾਂ ਦੀ ਰੂਪ ਰੇਖਾ ਤੇ ਉਦਾਹਰਣ ਸਮੇਤ ਬਿਆਨ ਕੀਤਾ ਹੈ। ਤੇ ਇਸ ਸੰਪੂਰਣ ਬਾਣੀ ਵਿੱਚ ਜੋ ਅਨੇਕਾਂ ਅਲੰਕਾਰ ਆਏ ਹਨ ਉਹਨਾਂ ਨੂੰ ਵੀ ਛੰਦਾਂ ਦੀ ਨਿਆਈ ਬਿਆਨ ਕੀਤਾ ਹੈ।

ਪੰਜਵਾਂ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਗੀਤਿਕ ਵਿਸ਼ੇਸ਼ਤਾ" ਇਸ ਵਿੱਚ ਪ੍ਰਮੁੱਖ ਤੌਰ ਤੇ ਰਾਗ ਅਤੇ ਤਾਲ ਜੋ ਸੰਗੀਤ ਦਾ ਆਧਾਰ ਹਨ ਇਹਨਾ ਉੱਤੇ ਪ੍ਰਕਾਸ਼ ਪਾਇਆ ਹੈ ਕਿ ਕਿਵੇਂ ਸ੍ਰੀ ਦਸਮ ਬਾਣੀ ਵਿੱਚ ਵੱਖ-ਵੱਖ ਰਾਗ ਆਏ ਹਨ, ਰਾਗਾਂ ਦੇ ਗੁਲਦਸਤੇ ਤੇ ਤਾਲ ਦੇ ਅੰਤਰਗਤ ਵੱਖ-ਵੱਖ ਮਾਤ੍ਰਿਕ ਛੰਦ ਤੇ ਮ੍ਰਿਦੰਗ ਦੇ ਬੋਲ ਆਏ ਹਨ।

ਛੇਵਾਂ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਵਰਣਿਤ ਵਾਦਯ" ਵਿੱਚ ਸੰਪੂਰਣ 16 ਰਚਨਾਵਾਂ ਦੇ ਅੰਤਰਗਤ ਜਿੰਨ੍ਹੀ ਵੀ ਬਾਣੀ ਹੈ ਉਸ ਵਿੱਚ ਜਿਥੇ ਵੀ ਵਾਦਯ ਦੀ ਚਰਚਾ ਕੀਤੀ ਗਈ ਹੈ ਜਾਂ ਕਿਸੇ ਪ੍ਰਕਾਰ ਦੇ ਵਾਦਯ ਦਾ ਵੇਰਵਾ ਆਇਆ ਹੈ, ਉਹਨਾ ਪੰਗਤੀਆਂ ਦਾ ਵਰਣਨ ਵਿਆਖਿਆ ਸਮੇਤ ਕੀਤਾ ਹੈ।

ਸੱਤਵਾਂ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਮਹੱਤਵ" ਵਿੱਚ ਸਾਰੀ ਬਾਣੀ ਦਾ ਅਧਿਐਨ ਕਰਕੇ ਜੋ ਧਾਰਮਿਕ, ਰਾਜਨੈਤਿਕ, ਸਮਾਜਿਕ, ਨੈਤਿਕਤਾ ਅਤੇ ਚਰਿਤ੍ਰ ਨਿਰਮਾਣ ਦੀ ਸਿੱਖਿਆ ਦਿੱਤੀ ਹੈ ਉਸ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਕਿਉਂ ਕਿ ਇਹ ਸਾਰੀ ਬਾਣੀ ਕਲਿਆਣ ਰੂਪ ਹੈ ਤੇ ਸਿੱਖਿਆ ਦਾਯਕ ਹੈ।

# ਧੰਨਵਾਦ ਪੱਤਰ

ਸਭ ਤੋਂ ਪਹਿਲਾਂ 'ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ' ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾ ਨੇ ਜਗਤ ਨੂੰ ਸਾਹਿਤ ਤੇ ਸੰਗੀਤ ਦਾ ਅਨਮੋਲ ਖਜ਼ਾਨਾ 'ਸ੍ਰੀ ਦਸਮ ਗ੍ਰੰਥ ਸਾਹਿਬ ਜੀ' ਦੀ ਬਖਸ਼ਿਸ਼ ਕੀਤੀ ਤੇ ਦਾਸ ਨੂੰ ਐਨਾ ਬਲ ਬਕਸ਼ਿਆ ਕਿ ਆਪ ਸੀਸ ਤੇ ਹੱਥ ਰੱਖ ਕੇ ਇਹ ਸਾਰਾ ਕਾਰਜ ਨਿਰਬਿਗਨਤਾ ਸਹਿਤ ਸੰਪੂਰਣ ਕਰਵਾਇਆ।

ਸੱਭ ਤੋਂ ਵੱਡਾ ਧੰਨਵਾਦ ਕਰਦਾਂ ਹਾਂ ਆਪਣੀ ਨਿਰਦੇਸ਼ਿਕਾ ਸਤਿਕਾਰਯੋਗ ਡਾ. ਪ੍ਰੋ. ਪੰਕਜ ਮਾਲਾ ਸ਼ਰਮਾ ਜੀ ਦਾ, ਜਿਹਨਾਂ ਨੇ ਨਿਰਦੇਸ਼ਨ ਕਰਦੇ ਹੋਏ ਸਹੀ ਸਮੇਂ ਤੋਂ ਸ਼ੋਧ ਪ੍ਰਬੰਧ ਨੂੰ ਸੰਪਨ ਕਰਾਉਣ ਵਿੱਚ ਪੂਰਾ ਯੋਗਦਾਨ ਦਿੱਤਾ।

ਮਹਾਨ ਧਾਰਮਿਕ ਸ਼ਖ਼ਸ਼ੀਅਤ, ਅਤਿ ਸਤਿਕਾਰ ਯੋਗ "ਜ਼ਿੰਦਾ ਸ਼ਹੀਦ ਬਾਬਾ ਨਿਹਾਲ ਸਿੰਘ ਜੀ", ਜਥੇਦਾਰ ਮਿਸ਼ਲ ਸ਼ਹੀਦਾਂ ਤਰਨਾਂ ਦਲ, ਹਰੀਆਂ ਬੇਲਾਂ ਜੀ ਦਾ ਵੀ ਹਾਰਦਿਕ ਤੋਰ ਤੇ ਧੰਨਵਾਦ ਕਰਦਾ ਹਾਂ, ਜਿਹਨਾਂ ਨੇ ਪ੍ਰਾਚੀਨ ਚਲੀ ਆ ਰਹੀ ਇਤਿਹਾਸਿਕ ਲੜੀ ਨੂੰ ਸਮਝਾਉਂਦਿਆਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਅਨੇਕਾਂ ਪਹਿਲੂਆਂ ਤੇ ਠੋਸ ਜਾਣਕਾਰੀ ਦਿੱਤੀ। ਸਿੱਖ ਪੰਥ ਦੇ ਵਿਦਵਾਨ ਗਿਆਨੀ ਸ਼ੇਰ ਸਿੰਘ ਜੀ ਅੰਬਾਲੇ ਵਾਲੇ ਅਤੇ ਹੋਰ ਸੰਤਾਂ, ਮਹਾਪੁਰਸ਼ਾਂ, ਵਿਦਵਾਨਾਂ ਜਿਨ੍ਹਾਂ ਦੇ ਸਹਿਯੋਗ ਨਾਲ ਇਸ ਸ਼ੋਧ ਪ੍ਰਬੰਧ ਦੇ ਵਿਸ਼ੇ ਬਾਬਤ ਅਨੇਕਾਂ ਜਾਣਕਾਰੀਆਂ ਪ੍ਰਾਪਤ ਹੋਈਆਂ ਉਹਨਾਂ ਸਾਰਿਆਂ ਦਾ ਤਹਿ ਦਿਲ ਤੋਂ ਰੋਮ-ਰੋਮ ਕਰਕੇ ਧੰਨਵਾਦੀ ਹਾਂ।

ਫਿਰ ਧੰਨਵਾਦੀ ਹਾਂ ਆਪਣੇ ਵਿਭਾਗ ਦੇ ਸਾਰੇ ਅਧਿਆਪਿਕ ਸਾਹਿਬਾਨ ਦਾ ਅਤੇ ਸਮੂਹ ਅਧਿਕਾਰੀਆਂ ਦਾ ਜਿਹਨਾਂ ਨੇ ਪ੍ਰਤੱਖ ਅਤੇ ਅਪ੍ਰੱਤਖ ਰੂਪ ਵਿੱਚ ਹੌਂਸਲਾ ਅਵਜ਼ਾਈ ਕੀਤੀ। ਇਸ ਸ਼ੋਧ ਪ੍ਰਬੰਧ ਨੂੰ ਟੰਕਨ ਰੂਪ ਪ੍ਰਦਾਨ ਕਰਨ ਲਈ "ਸੰਦੀਪ ਕੁਮਾਰ" ਜੀ ਦਾ ਹਿਰਦੇ ਤੋਂ ਆਭਾਰੀ ਹਾਂ।

ਫਿਰ ਆਪਣੇ ਮਾਤਾ-ਪਿਤਾ ਗਿਆਨੀ ਗੁਰਮੀਤ ਸਿੰਘ ਜੀ ਨਿਹੰਗ ਸਿੰਘ ਅਤੇ ਮਾਤਾ ਕਮਲਜੀਤ ਕੌਰ ਜੀ ਦਾ ਹਿਰਦੇ ਤੋਂ ਰਿਣੀ ਹਾਂ ਜਿਹਨਾਂ ਦੇ ਆਸ਼ੀਰਵਾਦ ਸਦਕਾ ਇਹ ਸ਼ੋਧ ਕਾਰਜ ਸੰਪਨ ਹੋ ਸਕਿਆ।

**ਹਰਪ੍ਰੀਤ ਸਿੰਘ**

# ਵਿਸ਼ਾ ਸੂਚੀ


ਪੰਨਾਂ ਨੰ:

ਪ੍ਰਾਕਥਨ (i-iii)

ਧੰਨਵਾਦ ਪੱਤਰ (iv-v)

ਪਹਿਲਾ ਅਧਿਆਇ : 1–136

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਰਚਨਾ ਦੀ ਪ੍ਰਿਸ਼ਠ ਭੂਮੀ ਅਤੇ ਰਚਨਾਕਾਰ

1.1 ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਰਚਨਾਕਾਰ

1.2 ਸਮਾਜ ਦੀ ਸਥਿਤੀ

1.3 ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਰਚਨਾਕਾਰ

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਜਨਮ ਸਾਖੀ

1.4 ਗੁਰੂ ਜੀ ਦੀ ਸ਼ਖਸ਼ੀਅਤ

ਦੂਸਰਾ ਅਧਿਆਇ : 137–152

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਸ੍ਵਰੂਪ

2.1 ਪ੍ਰਾਚੀਨ ਸ੍ਵਰੂਪ

2.2 ਹਸਤਲਿਖਿਤ ਬੀੜਾ

2.3 ਵਰਤਮਾਨ ਸ੍ਵਰੂਪ

ਤੀਸਰਾ ਅਧਿਆਇ : 153–230

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਬਾਣੀਆਂ ਅਤੇ ਉਹਨਾਂ ਦਾ ਵਿਸ਼ਾ ਵਸਤੂ

3.1 ਜਾਪੁ ਸਾਹਿਬ

3.2 ਅਕਾਲ ਉਸਤਤਿ

3.3 ਬਚਿੱਤਰ ਨਾਟਕ

3.4 ਚੰਡੀ ਚਰਿਤ੍ਰ ਉਕਤਿ ਬਿਲਾਸ

3.5 ਚੰਡੀ ਚਰਿਤ੍ਰ ਲਿਖਯਤੇ

3.6 ਚੰਡੀ ਦੀ ਵਾਰ

3.7 ਗਿਆਨ ਪ੍ਰਬੋਧ

3.8 ਚੌਬੀਸ ਅਵਤਾਰ

3.9 ਬ੍ਰਹਮ ਅਵਤਾਰ

3.10 ਰੁਦ੍ਰ ਅਵਤਾਰ

3.11 ਸ਼ਬਦ ਹਜ਼ਾਰੇ

3.12 ਤੇਤੀ ਸਵਈਏ

3.13 ਖਾਲਸਾ ਮਹਿਮਾ

3.14 ਸ਼ਸਤ੍ਰ ਨਾਮ ਮਾਲਾ

3.15 ਚਰਿਤਰੋ ਪਖਿਯਾਨ

3.16 ਜ਼ਫਰਨਾਮਾ

**ਚੌਥਾ ਅਧਿਆਇ :** 231-276

**ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਵਿਸ਼ੇਸ਼ਤਾ**

4.1 ਛੰਦ-ਬੰਦ ਯੋਜਨਾ

4.2 ਅਲੰਕਾਰ ਦੀ ਵਿਸ਼ੇਸ਼ਤਾ

**ਪੰਜਵਾਂ ਅਧਿਆਇ :** 277-300

**ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਗੀਤਿਕ ਵਿਸ਼ੇਸ਼ਤਾ**

5.1 ਰਾਗ

5.2 ਤਾਲ

**ਛੇਵਾਂ ਅਧਿਆਇ :** 301-354

**ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਵਰਣਿਤ ਵਾਦਯ**

6.1 ਵਾਦਯ ਦੇ ਚਾਰ ਪ੍ਰਕਾਰ

6.2 ਵਿਭਿੰਨ ਬਾਣੀਆਂ ਵਿੱਚ ਵਰਣਿਤ ਵਾਦਯ

**ਸੱਤਵਾਂ ਅਧਿਆਇ :** 355-362

**ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਮਹੱਤਵ**

7.1 ਧਾਰਮਿਕ ਮਹੱਤਵ

7.2 ਰਾਜਨੈਤਿਕ ਮਹੱਤਵ

7.3 ਸਮਾਜਿਕ ਮਹੱਤਵ

7.4 ਨੈਤਿਕਤਾ ਅਤੇ ਚਰਿਤ੍ਰ ਨਿਰਮਾਣ

**ਉਪਸੰਹਾਰ** 363-366

**ਸੰਦਰਭ ਗ੍ਰੰਥ ਸੂਚੀ** 367-370

# ਪਹਿਲਾ ਅਧਿਆਇ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਰਚਨਾ ਦੀ ਪ੍ਰਿਸ਼ਠ ਭੂਮੀ ਅਤੇ ਰਚਨਾਕਾਰ

## 1.1 ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਰਚਨਾਕਾਰ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਰਚਨਾਕਾਰ ਸਾਹਿਬ-ਏ-ਕਮਾਲ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਹਨ। ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਆਪਣੇ ਮੁਖਾਰਬਿੰਦ ਤੋਂ ਉਚਾਰਣ ਕੀਤੀ ਹੋਈ ਬਾਣੀ ਦਰਜ ਹੈ। ਇਸ ਦੇ ਕੁੱਲ 1428 ਅੰਗ ਹਨ। 'ਸ੍ਰੀ ਗੁਰੂ ਨਾਨਕ ਦੇਵ ਸਾਹਿਬ ਮਹਾਰਾਜ ਜੀ' ਦੀ ਦਸਵੀਂ ਜੋਤ 'ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ' ਮਹਾਨ ਕ੍ਰਾਂਤੀਕਾਰੀ, ਆਤਮਦਰਸ਼ੀ, ਸਰਵ-ਸ਼ਕਤੀਮਾਨ, ਭਗਤੀ ਤੇ ਸ਼ਕਤੀ ਦੇ ਮੁੱਜਸਮੇ, ਹਿੰਦੁਸਤਾਨ ਲਈ 'ਆਬ-ਏ-ਰਹਿਮਤ' ਸਾਬਿਤ ਹੋਏ।

ਗੁਰੂ ਸਾਹਿਬ ਜੀ ਦਾ ਜਨਮ ਪਟਨੇ ਦੀ ਧਰਤੀ ਬਿਹਾਰ ਵਿੱਚ ਹੋਇਆ। ਪਿਤਾ ਨੌਵੇਂ ਗੁਰੂ 'ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ' ਦੇ ਘਰ ਅਤੇ 'ਮਾਤਾ ਗੁਜ਼ਰ ਕੌਰ ਜੀ' (ਮਾਤਾ ਗੁਜਰੀ) ਦੀ ਪਵਿਤ੍ਰ ਕੁੱਖੋਂ ਪੋਹ ਸੁਦੀ ਸੱਤਵੀਂ ਸੰਨ 1666 ਸੰਮਤ 1723 ਬਿਕ੍ਰਮੀ ਨੂੰ ਹੋਇਆ।

ਆਪ ਜੀ ਆਪਣੇ ਜਨਮ ਬਾਰੇ ਆਪ ਆਪਣੇ ਪਵਿੱਤ੍ਰ ਗ੍ਰੰਥ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਬਾਣੀ [1]"ਬਚਿਤ੍ਰ ਨਾਨਕ' ਵਿੱਚ ਛੇਵੇਂ ਅਧਿਆਏ ਵਿੱਚ ਪ੍ਰਾਰੰਭ ਵਿੱਚ ਫੁਰਮਾਉਂਦੇ ਹਨ : ਹੁਣ ਮੈਂ ਆਪਣੀ ਵਾਰਤਾ ਦਸਦਾ ਹਾਂ, ਜਿਸ ਤਰ੍ਹਾਂ ਮੈਨੂੰ ਤਪ ਕਰਦਿਆਂ ਨੂੰ

---

[1] **ਚੌਪਈ**

"ਅਬ ਮੈਂ ਆਪਨੀ ਕਥਾ ਬਖਾਨੋ॥ ਤਪ ਸਾਧਤ ਜਿਹ ਬਿਧਿ ਮੁਹਿ ਆਨੋ॥
ਹੇਮ ਕੁੰਟ ਪਰਬਤ ਹੈ ਜਹਾਂ॥ ਸਪਤ ਸ੍ਰਿੰਗ ਸੋਭਿਤ ਹੈ ਤਹਾਂ॥੧॥
ਸਪਤ ਸ੍ਰਿੰਗ ਤਿਹ ਨਾਮੁ ਕਹਾਵਾ॥ ਪੰਡੁ ਰਾਜ ਜਹ ਜੋਗ ਕਮਾਵਾ॥
ਤਹ ਹਮ ਅਧਿਕ ਤਪੱਸਿਆ ਸਾਧੀ॥ ਮਹਾਕਾਲ ਕਾਲਿ ਕਾ ਅਰਾਧੀ॥ ੨॥
ਇਹ ਬਿਧਿ ਕਰਤ ਤਪੱਸਿਆ ਭਯੋ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ॥
ਤਾਤ ਮਾਤ ਮੁਰ ਅਲੱਖ ਅਰਾਧਾ॥ ਬਹੁ ਬਿਧਿ ਜੋਗ ਸਾਧਨਾ ਸਾਧਾ॥ ੩॥
ਤਿਨ ਜੋ ਕਰੀ ਅਲਖ ਕੀ ਸੇਵਾ॥ ਤਾਤੇ ਭਏ ਪ੍ਰਸੰਨ ਗੁਰਦੇਵਾ॥
ਤਿਨ ਪ੍ਰਭ ਜਬ ਆਇਸ ਮੁਹਿ ਦੀਆ॥ ਤਬ ਹਮ ਜਨਮ ਕਲੂ ਮਹਿ ਲੀਆ॥ ੪॥"

(ਏਥੇ) ਲਿਆਂਦਾ ਹੈ। ਜਿਥੇ 'ਹੇਮਕੁੰਟ' ਪਰਬਤ ਹੈ, (ਤਹਾਂ) ਉਥੇ ਸਪਤ ਸ੍ਰਿੰਗ ਪਹਾੜ ਸੋਭ ਰਿਹਾ ਹੈ॥ ੧॥

ਉਸਦਾ ਨਾਮ 'ਸਪਤ ਸ੍ਰਿੰਗ' ਕਿਹਾ ਜਾਂਦਾ ਹੈ, ਜਿਥੇ [1]ਪੰਡੂ ਰਾਜੇ ਨੇ ਜੋਗ ਕਮਾਇਆ ਸੀ। ਉਥੇ ਅਸੀ ਭੀ ਬਹੁਤ ਤਪੱਸਯਾ ਕੀਤੀ, ਅਤੇ ਜੋ ਭਗਵਾਨ ਮਹਾਂਕਾਲ ਦਾ ਵੀ ਮਹਾਂਕਾਲ ਹੈ ਭਾਵ ਕਾਲ ਦਾ ਭੀ ਕਾਲ ਕਰਨ ਵਾਲਾ, ਯਮ ਸ਼ਿਵ ਆਦਿ ਜਗਤ ਦਾ ਅੰਤ ਕਰਨ ਵਾਲੇ ਭੀ ਜਿਸ ਵਿਚ [2]ਲੈ ਹੋ ਜਾਂਦੇ ਹਨ ਉਸ ਮਹਾਕਾਲ ਦੀ ਅਰਾਧਨਾ ਕੀਤੀ॥ ੨॥

ਤਪੱਸਿਯਾ ਕਰਦਿਆਂ ਨੂੰ ਇਸ ਤਰ੍ਹਾਂ ਹੋ ਗਿਆ ਕਿ ਦੋਹਾਂ ਤੋਂ ਇਕ ਰੂਪ ਹੋ ਗਿਆ। (ਅਰਥਾਤ ਅਹੰਬ੍ਰਿਤਿ ਦਾ ਅਭਾਵ ਹੋ ਕੇ ਤੂ ਦੇ ਵਿੱਚ ਹੀ ਲੀਣ ਹੋ ਗਿਆ। (ਇਧਰ ਮਦ੍ਰ (ਪੰਜਾਬ) ਦੇਸ ਵਿਚ) ਮੇਰੇ ਮਾਤਾ ਪਿਤਾ ਨੇ ਅਲੱਖ ਰੂਪਾਂ ਦੀ ਅਰਾਧਨਾ ਕੀਤੀ ਅਤੇ ਬਹੁਤ ਤਰਾਂ ਦੀ ਜੋਗ ਸਾਧਨਾ ਕੀਤੀ॥ ੩॥ ਉਨ੍ਹਾਂ ਮੇਰੇ ਮਾਤਾ ਪਿਤਾ ਨੇ ਜੋ ਕਰਤਾਰ ਦੀ ਅਰਾਧਨਾ ਕੀਤੀ ਸੀ, ਇਸ ਲਈ (ਗੁਰਦੇਵਾ) ਮਹਾਨ ਦੇਵ (ਪ੍ਰਭੂ) ਪ੍ਰਸੰਨ ਹੋਏ। ਉਸ ਪ੍ਰਭੂ ਨੇ ਜਦੋਂ ਮੈਨੂੰ ਆਗਿਆ ਦਿੱਤੀ ਤਦੋਂ ਅਸੀਂ ਕਲਜੁਗ ਵਿੱਚ ਆਣ ਕੇ ਜਨਮ ਲਿਆ।

ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਕਲਯੁਗ ਵਿੱਚ ਆਉਣਾ ਕੀਤਾ ਅਤੇ ਇਸ ਤੋਂ ਅਗਲੇ [3] ਸੱਤਵੇਂ ਅਧਿਆਏ ਵਿੱਚ ਦਸਦੇ ਹਨ ਕਿ ਸਾਡਾ ਜਨਮ ਕਿਸ ਜਗਾਂ ਤੇ ਕਿਸ ਧਰਤੀ ਤੇ ਹੋਇਆ।

---

1 ਪੰਡੂ : "ਇੰਦ੍ਰ ਦਯੁਮਨਸਰ : ਪ੍ਰਾਪਯਹੇਮਕੂਟ ਮਤੀਤਯੰਚ" ਮਹਾਭਾਰਤ, ਆਦਿ ਪਰਬ, ਅਧਿਆਏ॥੧॥ ਮਹਾਂਭਾਰਤ ਵਿੱਚ ਪਾਂਡੂ ਰਾਜਾ (ਪਾਂਡਵਾਂ ਦੇ ਪਿਤਾ) ਤਪ ਕਰਨ ਵਾਲੇ ਪਹਾੜ ਦਾ ਨਾਮ 'ਨਾਗ ਸਤ' ਲਿਖਿਆ ਹੈ।

2 ਲੈ : ਲੀਨ ਕਰਣਾ, ਆਪਣੇ ਵਿੱਚ ਅਭੇਦ ਕਰ ਲੈਣਾ।

3 ਅਥਿ ਕਬਿ ਜਨਮ ਕਥਨੰ॥ ਚੌਪਈ॥
ਮੁਰ ਪਿਤ ਪੂਰਬ ਕੀਯਸਿ ਪਯਾਨਾ॥ ਭਾਂਤਿ ਭਾਂਤਿ ਕੇ ਤੀਰਥ ਨਾਨਾ॥
ਜਬ ਹੀ ਜਾਤ ਤ੍ਰਿਬੇਣੀ ਭਏ॥ ਪੁੰਨ ਦਾਨ ਦਿਨ ਕਰਤ ਬਿਤਏ॥੧॥
ਤਹੀ ਪ੍ਰਕਾਸ ਹਮਾਰਾ ਭਯੋ॥ ਪਟਨਾ ਸਹਰ ਬਿਖੈ ਭਵ ਲਯੋ॥
ਮੱਦ੍ਰ ਦੇਸ ਹਮ ਕੋ ਲੇ ਆਏ॥ ਭਾਂਤਿ ਭਾਂਤਿ ਦਾਈਅਨਿ ਦੁਲਰਾਏ॥੨॥

‘ਗੁਰੂ ਗੋਬਿੰਦ ਸਿੰਘ ਜੀ’ ਆਪਣੇ ਜਨਮ ਬਾਰੇ ਫ਼ੁਰਮਾਉਂਦੇ ਹਨ ਕਿ ਜਦੋਂ ਮੇਰੇ ਪਿਤਾ ‘ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ’ ਨੇ ਪੂਰਬ ਵੱਲ ਜਾਣਾ ਕੀਤਾ ਸੀ, ਅਤੇ ਤਰ੍ਹਾਂ-ਤਰ੍ਹਾਂ ਦੇ ਤੀਰਥਾਂ ਉੱਪਰ ਇਸ਼ਨਾਨ ਕੀਤੇ। ਜਦੋਂ ਇਸ ਤਰ੍ਹਾਂ ਜਾਂਦੇ ਜਾਂਦੇ [1](ਤ੍ਰਿਬੇਣੀ) ਪ੍ਰਯਾਗ ਰਾਜ ਪੁੱਜੇ ਸਨ, ਅਤੇ ਦਾਨ ਪੁੰਨ ਕਰਦਿਆਂ ਕਈ ਦਿਨ ਬਿਤਾ ਦਿਤੇ ਸਨ।। ੧।। ਉਥੇ (ਪ੍ਰਯਾਗ ਵਿਚ) ਹੀ ਸਾਡਾ ਪ੍ਰਕਾਸ਼ (ਮਾਤਾ ਨੂੰ ਅਨੁਭਵ) ਹੋਇਆ। ਪਟਨਾ ਸ਼ਹਿਰ ਵਿੱਚ ਅਸੀਂ ਫਿਰ ਜਨਮ ਲੈਣਾ ਕੀਤਾ ਸੀ। ਪੂਰਬ (ਪਟਨਾ) ਤੋਂ ਸਾਨੂੰ ਫਿਰ ਮੱਦ੍ਰ (ਪੰਜਾਬ) ਦੇਸ਼ ਵਿਚ ਲੈ ਆਏ ਅਤੇ ਤਰ੍ਹਾਂ-ਤਰ੍ਹਾਂ ਨਾਲ ਦਾਈਆਂ ਨੇ ਲਾਡ ਕਰਾਏ।। ੨।।

ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਪਟਨਾ ਦੀ ਧਰਤੀ ਤੇ ਜਨਮ ਲਿਆ। ਪਟਨੇ ਵਿੱਚ ਬਾਲ ਅਵਸਥਾ ਵਿੱਚ ਹੀ ਆਪ ਜੀ ਦੇ ਅੰਦਰੋਂ ਮਹਾਨ ਯੋਧਾ, ਕ੍ਰਾਂਤੀਕਾਰੀ, ਸੰਤ ਅਤੇ ਅਵਤਾਰੀ ਪੁਰਸ਼ ਦੇ ਲਛਣ ਪ੍ਰਗਟ ਹੋਣ ਲੱਗੇ ਸਨ। ਜਿਸ ਦਿਨ ਆਪ ਜੀ ਦਾ ਅਵਤਾਰ ਹੋਇਆ, ਉਸ ਦਿਨ ਅੰਬਾਲੇ ਦੇ ਵਸਨੀਕ ਪੀਰ ਭੀਖਣ ਸ਼ਾਹ ਅੱਜ ਪੂਰਬ ਵੱਲ ਨਮਾਜ਼ ਪੜ੍ਹਨ ਲੱਗੇ। ਉਹਨਾਂ ਦੇ ਸੇਵਕ ਕਹਿਣ ਲੱਗੇ, “ਪੀਰ ਸਾਈ! ਅੱਜ ਇਹ ਆਪ ਕੀ ਕਰ ਰਹੇ ਹੋ? ਅੱਜ ਚੜ੍ਹਦੇ ਵੱਲ ਸਿਜਦਾ ਕਰਦੇ ਪਏ ਹੋ।” ਭੀਖਣ ਸ਼ਾਹ ਕਹਿਣ ਲੱਗੇ, “ਅੱਜ ਅਲ੍ਹਾਂ ਦਾ ਨੂਰ ਪੂਰਬ ਵੱਲ ਪ੍ਰਗਟ ਹੋਇਆ ਹੈ।” ਕਹਿ ਕੇ ਉਹਨਾਂ ਦੇ ਦਰਸ਼ਨ ਲਈ ਚੱਲ ਪਏ। ਜਦੋਂ ਜਾ ਕੇ ਪਟਨੇ ਵਿੱਚ ਦਰਸ਼ਨ ਕੀਤੇ ਤਾਂ ਦਰਸ਼ਨ ਕਰਦਿਆਂ ਮਸਤਕ ਨਹੀਂ ਝੁਕਾਇਆ ਅਤੇ ਬਾਲ ਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਅੱਗੇ ਦੋ ਕੁੱਜੀਆਂ ਕੀਤੀਆਂ। ਇਸ ਦਾ ਮਤਲਬ ਇਹ ਸੀ ਕਿ ਇਹ ਜੋ ਨੂਰ ਆਇਆ ਹੈ, ਇਹ ਹਿੰਦੂ ਦੇ ਘਰ ਚਾਨਣਾ ਕਰੇਗਾ ਕਿ ਮੁਸਲਮ ਦੇ ਘਰ ਚਾਨਣਾ ਕਰੇਗਾ? ਦੋਵੇਂ ਹੱਥ ਅੱਗੇ ਕੀਤੇ। ਦੋਵੇਂ ਕੁੱਜੀਆਂ ਉਪਰ ਗੁਰੂ ਗੋਬਿੰਦ ਸਿੰਘ ਜੀ ਨੇ ਹੱਥ ਰੱਖ ਦਿੱਤੇ। ਪੀਰ ਜੀ ਦਾ ਸਿਰ ਝੁੱਕ ਗਿਆ। ਪੀਰ ਜੀ ਨੂੰ ਸਮਝ ਆਈ ਕਿ ਇਹ ਮਹਾਂਬਲੀ ਯੋਧੇ ਹਿੰਦੂ ਅਤੇ ਮੁਸਲਿਮ ਦੋਹਾਂ ਦੇ ਸਾਂਝੇ ਗੁਰੂ ਹਨ

---

[1] ਤ੍ਰਿਬੇਣੀ : ਤਿੰਨ ਬੇਣੀਆਂ (ਨਦੀਆਂ) ਦਾ ਸੰਗਮ, ਮਿਲਾਪ। (ਗੰਗਾ, ਜਮੁਨਾ, ਸਰਸਵਤੀ)

## 1.2 ਸਮਾਜ ਦੀ ਸਥਿਤੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਤੋਂ ਪਹਿਲਾਂ ਸਮਾਜ ਦੀ ਸਥਿਤੀ ਮੱਧ ਕਾਲ ਵਿੱਚ ਸਾਰਾ ਦੇਸ਼ ਸਿਆਸੀ ਤੱਲ ਤੇ ਗੁਲਾਮੀ ਦੀਆਂ ਜੰਜੀਰਾਂ ਵਿੱਚ ਜਕੜਿਆ ਹੋਇਆ ਸੀ। ਆਰਥਿਕ ਤੱਲ ਤੇ ਬਿਲਕੁਲ ਕੰਗਾਲ ਤੇ ਧਾਰਮਿਕ ਤਲ ਤੇ ਬਿਲਕੁਲ ਪਖੰਡੀ ਅਤੇ ਸਮਾਜਿਕ ਤਲ ਤੇ ਕਲ-ਕਲੇਸ਼ ਦੀ ਜ਼ਿੰਦਗੀ ਬਤੀਤ ਕਰ ਰਿਹਾ ਸੀ ਅਤੇ ਕਲਜੁਗ ਦੇ ਜ਼ੁਲਮੀ ਕਾਰਿਆਂ ਦੀ ਅੱਤ ਹੋਈ ਪਈ ਸੀ। ਉਸ ਸਮੇਂ 1469 ਈ. ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਮਾਤਾ ਤ੍ਰਿਪਤਾ ਜੀ ਦੀ ਪਵਿੱਤਰ ਕੁੱਖ ਤੋਂ ਪਿਤਾ ਮਹਿਤਾ ਕਾਲੂ ਜੀ ਦੇ ਗ੍ਰਹਿ ਰਾਇ ਭੋਇ ਦੀ ਤਲਵੰਡ (ਸ੍ਰੀ ਨਨਕਾਣਾ ਸਾਹਿਬ) ਪਾਕਿਸਤਾਨ ਵਿੱਚ ਅਵਤਾਰ ਧਾਰਿਆ। ਪ੍ਰਭੂ ਨੇ ਸ੍ਰੀ ਗੁਰੂ ਨਾਨਕ ਦੇਵੀ ਜੀ ਨੂੰ ਵੀ ਧਰਤੀ ਦੀ ਪੁਕਾਰ ਸੁਣ ਕੇ ਹੀ ਇਸ ਮਾਤ ਲੋਕ ਦੀ ਕਲਿਆਣ ਤੇ ਦੁਖੀ, ਅਨਾਥ ਤੇ ਮਜ਼ਲੂਮ ਜੀਵਾਂ ਦੇ ਦੁਖ ਕਲੇਸ਼ਾਂ ਨੂੰ ਦੂਰ ਕਰਨ ਲਈ ਇਸ ਸੰਸਾਰ ਵਿਚ ਭੇਜਿਆ ਸੀ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪ੍ਰਭੂ ਦੇ ਨਾਮ ਦੀ ਓਟ ਲੈ ਕੇ ਸਾਰੇ ਸੰਸਾਰ ਦਾ ਚੱਕਰ ਲਾ ਕੇ ਇਕ ਵਾਰ ਸਭ ਪਾਸੇ ਸੱਚ ਦੀ ਰੌਅ ਚਲਾ ਦਿਤੀ, ਜਿਸ ਦਾ ਕਿ ਇਥੇ ਕਾਲ ਪਿਆ ਹੋਇਆ ਸੀ, ਪਰ ਇਸ ਅਗਨੀ ਦੇ ਯੁੱਗ ਵਿਚ ਸੱਚ (ਠੰਡ) ਦਾ ਫੇਰ ਛੇਤੀ ਖਤਮ ਹੋ ਜਾਣ ਦਾ ਖਾਤਰਾ ਸੀ। ਇਸੇ ਗੱਲ ਨੂੰ ਮੁਖ ਰਖ ਕੇ ਗੁਰੂ ਨਾਨਕ ਪਾਤਸ਼ਾਹ ਨੇ ਧੁਰੋਂ ਮਿਲੀ ਬਖਸ਼ਿਸ਼ ਤੇ ਗੁਰੂ ਜੋਤਿ ਨੂੰ ਅਗਾਂਹ ਚਲਾ ਦਿਤਾ ਤਾਕਿ ਸੱਚ ਦਾ ਪ੍ਰਚਾਰ ਜਾਰੀ ਰਹੇ। ਇਹ ਜੋਤ ਦੂਸਰੇ ਸਤਿਗੁਰੂ ਅੰਗਦ ਦੇਵ ਸਾਹਿਬ ਜੀ, ਤੀਜੇ ਸਤਿਗੁਰੂ ਅਮਰਦਾਸ ਸਾਹਿਬ ਜੀ ਚੌਥੇ ਸਤਿਗੁਰੂ ਰਾਮਦਾਸ ਸਾਹਿਬ ਜੀ ਤੇ ਪੰਜਵੇਂ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਤਕ ਨਿਰੰਤਰ ਸੱਚ ਦੇ ਪ੍ਰਚਾਰ ਤੇ ਪ੍ਰਭੂ ਭਗਤੀ ਦਾ ਦੌਰਾ ਚਲਾਉਂਦੀ ਗਈ, ਪਰ ਇਸ ਸਮੇਂ ਤਕ ਕਲਜੁਗ ਵੀ ਇਸ ਸੱਚ ਦੇ ਰਾਹ ਨੂੰ ਨਾ ਰੋਕ ਸਕਣ ਤੋਂ ਅਸਮਰਥ ਰਹਿ ਕੇ, ਗੁਸੇ ਵਿਚ ਆ ਕੇ ਹੁਣ ਵੱਡੇ ਵਿਕਰਾਲ ਤੇ ਘੋਰ ਦੁਸ਼ਮਨ ਦਾ ਰੂਪ ਨੂੰ ਦੇਖ ਕੇ ਡੋਲਣਾ ਤਾਂ ਕਿਤੇ ਰਿਹਾ, ਸਗੋਂ ਇਸ ਨੂੰ ਸ਼ਾਂਤ ਕਰਨ ਲਈ ਸ਼ਾਂਤੀ ਦਾ ਉਹੀ ਰਾਹ ਚੁਣਿਆ ਕਿ ਜਿਥੋਂ ਅਗੇ ਅਜੇ ਤਕ ਕੋਈ ਨਹੀਂ ਸੀ ਪਹੁੰਚਾ, ਤਤੀਆਂ ਤਵੀਆਂ, ਗਰਮ ਰੇਤੇ ਤੇ ਉਬਲਦੇ ਪਾਣੀ ਵਿਚ ਬੈਠ ਕੇ ਨਾਮ ਦੀ ਠੰਡਕ ਦਾ

ਅਦੁੱਤੀ ਜਲਵਾ ਦਿਖਾ ਕੇ ਉੱਚ ਸ਼ਹੀਦੀ ਪ੍ਰਾਪਤ ਕੀਤੀ। ਮਗਰੋਂ ਸ਼ਾਂਤੀ ਦੇ ਨਾਲ ਬੀਰਤਾ ਪੈਦਾ ਕਰ ਦਿਤੀ ਕਿਉਂਕਿ ਸੱਚ ਨੂੰ ਸ਼ਾਂਤੀ ਨਾਲ ਬਚਾਉਣਾ ਤੇ ਗੁਰੂ ਨਾਨਕ ਸਾਹਿਬ ਜੀ ਦੇ ਨਾਮ ਮਿਸ਼ਨ ਨੂੰ ਅਗੇ ਵਲ ਤੋਰੀ ਰਖਣਾ ਅਸੰਭਵ ਦੇਖਿਆ ਤਾਂ ਬਸ ਇਕ ਦਮ ਹੀ ਇਸ ਰੱਬੀ ਜੋਤਿ ਨੇ ਆਪਣਾ ਪ੍ਰੋਗਰਾਮ ਬੀਰਤਾ ਵਿਚ ਬਦਲ ਦਿਤਾ।

[1]ਪੰਜ ਪਿਆਲੇ, ਪੰਜ ਪੀਰ, ਛਟਮ ਪੀਰ ਬੈਠਾ ਗੁਰ ਭਾਰੀ।।
ਅਰਜਨ ਕਾਂਇਆ ਪਲਟ ਕੇ, ਮੂਰਤਿ ਹਰਿਗੋਬਿੰਦ ਸਵਾਰੀ।।
ਦਲ ਭੰਜਨ ਗੁਰ ਸੂਰਮਾ, ਵੱਡ ਜੋਧਾ ਬਹੁ ਪਰਉਪਕਾਰੀ।।

ਭਾਵ ਐਸੀ ਬੀਰਤਾ ਧਾਰੀ ਕਿ ਬਾਦਸ਼ਾਹੀ ਦਲਾਂ ਨੂੰ ਛਿੰਨ ਭਿੰਨ ਕਰ ਕੇ ਰਖ ਦਿਤਾ। ਉਦੋਂ ਦੋ-ਦੋ ਹਜ਼ਾਰ ਤੇ ਚਾਰ ਚਾਰ ਹਜ਼ਾਰ ਮੁਗਲ ਸੈਨਕਾਂ ਦੇ ਹੰਕਾਰੀ ਦੱਲ ਲੱਖਾਂ ਤੇ ਭਾਰੂ ਹੁੰਦੇ ਤੇ ਲੱਖਾਂ ਫੌਜਾਂ ਵਾਲੇ ਹਿੰਦੂ ਰਾਜਿਆਂ ਦੀਆਂ ਈਨਾਂ ਮਨਵਾ ਲੈਂਦੇ ਸਨ, ਪਰ ਗੁਰੂ ਸ਼ਕਤੀ ਅਗੇ ਉਹ ਸਾਰਾ ਜ਼ੋਰ ਲਾ ਕੇ ਹਾਰ ਕੇ ਪਿਛੇ ਹਟੇ। ਪਹਿਲੇ ਸੱਤ ਹਜ਼ਾਰ ਦਾ ਦਲ ਆਇਆ, ਫੇਰ ਪੰਦਰਾਂ ਹਜ਼ਾਰ ਦਾ, ਫੇਰ ਪੈਂਤੀ ਹਜ਼ਾਰ ਤੇ ਫੇਰ ਪੰਜਾਹ ਹਜ਼ਾਰ ਦਾ, ਪਰ ਦਲ ਭੰਜਨ ਗੁਰੂ ਸੁਰਮੇ ਜੀ ਨੇ ਬਹੁਤੇ ਧਰਤੀ ਤੇ ਸਦਾ ਲਈ ਸੁਆ ਦਿਤੇ ਤੇ ਥੋੜੇ ਹੀ ਭੱਜ ਕੇ ਬਚਦੇ ਰਹੇ।

ਗੁਰੂ ਜੋਤਿ ਨੇ ਇਸ ਮਗਰੋਂ ਫਿਰ ਸ਼ਾਂਤੀ ਧਾਰਨ ਕੀਤੀ ਤੇ ਸਤਵੇਂ, ਅਠਵੇਂ ਤੇ ਨੌਂਵੇਂ ਗੁਰੂ ਜੀ ਨੇ ਸ਼ਾਂਤੀ ਰਖੀ, ਪਰ ਨੌਂਵੇਂ ਗੁਰੂ ਜੀ ਦੇ ਸਮੇਂ ਇਸ ਕਲਜੁਗ ਪ੍ਰਚੰਡ ਦੇ ਰੂਪ ਨੇ ਫੇਰ ਘੋਰ ਅਨਿਆਈ ਰੂਪ ਧਾਰਣ ਕਰ ਲਿਆ ਸੀ। ਗੁਰੂ ਘਰ ਵਿਚੋਂ ਹੀ ਪ੍ਰਿਥੀ ਚੰਦ, ਧੀਰ ਮੱਲ ਅਤੇ ਰਾਮ ਰਾਇ ਆਦਿ ਗੁਰੂ ਅੰਸ ਸੋਢੀਆਂ ਨੂੰ ਹੀ ਗੁਰੂ ਘਰ ਦੇ ਕਟੜ ਵਿਰੋਧੀ ਬਣਾ ਦਿਤਾ ਸੀ। ਓਧਰੋਂ ਔਰੰਗਜ਼ੇਬ ਦਾ ਵਿਕਰਾਲ ਤੇ ਘੋਰ ਜ਼ੁਲਮੀ ਸਾਸ਼ਨ ਕਾਇਮ ਹੋ ਚੁਕਾ ਸੀ। ਗੁਰੂ ਜੋਤਿ ਨੇ ਘਰ ਵਿਚ ਲੜਨਾ ਮੁਨਾਸਬ ਨਹੀਂ ਸਮਝਿਆ ਤੇ ਉਹ ਘਰ ਦੇ ਵਿਰੋਧੀਆਂ ਨੂੰ ਹਮੇਸ਼ਾ ਹੀ ਮਾਫ਼ ਕਰਦੇ ਰਹੇ ਤੇ ਇਸ ਬਦਲੇ ਉਨ੍ਹਾਂ ਨੂੰ ਜੋ ਵੀ ਦੁਖ ਸਹਾਰਨਾ ਪਿਆ, ਉਹ ਖਿੜੇ ਮਥੇ ਸਹਾਰਦੇ ਰਹੇ। ਸ਼ਰੀਕਾਂ ਦੀਆਂ ਇਹਨਾਂ ਸ਼ਰੀਕਤਾ ਵਾਲੀਆਂ ਗੱਲਾਂ ਤੋਂ ਬਚੇ ਰਹਿਣ ਲਈ ਹੀ ਗੁਰੂ ਤੇਗ

---

1 ਵਾਰ ਭਾਈ ਗੁਰਦਾਸ ਜੀ।

ਬਹਾਦਰ ਸਾਹਿਬ ਜੀ ਨੇ ਬਾਬੇ ਬਕਾਲੇ ਤੋਂ ਆ ਕੇ ਕੀਰਤਪੁਰ ਜਾਣ ਦੀ ਬਜਾਏ ਮਾਖੋਵਾਲ ਪਿੰਡ ਦਾ ਥੇਹ, ਜੋ ਉਜੜਿਆ ਪਿੰਡ ਸੀ, ਕਹਿਲੂਰ ਦੇ ਰਾਜੇ ਪਾਸੋਂ ਖਰੀਦ ਕੇ ੨੯ ਅੱਸੂ ਸੰਮਤ ੧੭੨੧ ਵਿਚ ਵਸਾ ਕੇ, ਅੰਨਦਪੁਰ ਦੇ ਨਾਮ ਤੇ ਵਸਾ ਲਿਆ। ਪਰ ਸਾਲ ਕੁ ਮਗਰੋਂ ਗੁਰੂ ਤੇਗ ਬਹਾਦਰ ਸਾਹਿਬ ਜੀ ੧੭੨੨ ਸੰਮਤ ਵਿਚ, ਦੁਸਹਿਰੇ ਮਗਰੋਂ, ਅਨੰਦਰਪੁਰੋਂ ਤੀਰਥ ਯਾਤਰਾ ਵਾਸਤੇ ਤੁਰ ਪਏ।

ਰਾਮਰਾਇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸਤਵੇਂ ਪਾਤਸ਼ਾਹ ਦਾ ਵੱਡਾ ਸਾਹਿਬਜ਼ਾਦਾ ਸੀ। ਗੁਰੂ ਜੀ ਨੇ ਅੰਰੰਗਜ਼ੇਬ ਦੇ ਬੁਲਾਉਣ ਤੇ ਪੁਤਰ ਨੂੰ ਹੀ ਥਾਪੜਾ ਦੇ ਕੇ ਔਰਗਜ਼ੇਬ ਦੀ ਨਿਸ਼ਾ ਕਰਨ ਲਈ ਭੇਜਿਆ ਸੀ, ਪਰ ਉਹ ਗੁਰਬਾਣੀ ਦੀ ਤੁਕ ਉਲਟਾਣ ਕਰ ਕੇ ਗੁਰੂ ਜੀ ਵਲੋਂ ਛੇਕਿਆ ਗਿਆ, ਬੇਮੁਖ ਕਰਾਰ ਦਿਤਾ ਗਿਆ। ਉਸ ਨੇ ਸਾਰਾ ਜ਼ੋਰ ਗੁਰਿਆਈ ਪ੍ਰਾਪਤ ਕਰਨ ਲਈ ਲਾਇਆ, ਪਰ ਕੋਈ ਊਨਾ ਪੂਰੇ ਗੁਰੂ ਦੀ ਬਰਾਬਰੀ ਕਿਵੇਂ ਕਰ ਸਕਦਾ ਸੀ। ਉਸ ਦਾ ਵੱਸ ਨਾ ਚਲਿਆ। ਹਾਂ, ਔਰੰਗਜ਼ੇਬ ਦੀ ਸਹਾਇਤਾ ਤੇ ਗੁਰੂ ਪੁਤਰ ਹੋਣ ਤੇ, ਆਪਣੇ ਆਪ ਨੂੰ ਗੁਰੂ ਕਹਾਉਂਦਾ ਰਿਹਾ।

ਔਰੰਗਜ਼ੇਬ ਨੇ ਵੀ ਬਾਦਸ਼ਾਹੀ ਪ੍ਰਾਪਤ ਕਰ ਲਈ ਸੀ, ਪਰ ਭਰਾਵਾਂ ਦੇ ਖ਼ੂਨ ਨਾਲ ਹੱਥ ਰੰਗ ਕੇ ਬੀਮਾਰ ਪਿਉ ਨੂੰ ਜਬਰਨ ਕੈਦ ਵਿਚ ਪਾ ਦਿਤਾ। ਔਰੰਗਜ਼ੇਬ ਦੀ ਇਸ ਘੋਰ ਅਨਿਆਇਦਾਰੀ ਨੀਤੀ ਕਾਰਨ, ਉਸ ਦੇ ਸਭ ਅਹਿਲਕਾਰ ਤ੍ਰਬਕਦੇ ਤੇ ਖਿਆਲ ਕਰਦੇ ਸੀ ਕਿ ਔਰੰਗਜ਼ੇਬ ਕਿਸੇ ਦਾ ਵੀ ਮਿੱਤਰ ਨਹੀਂ ਹੈ। ਇਸ ਕੋਲੋਂ ਹਰ ਇਕ ਨੂੰ ਖਤਰਾ ਸੀ। ਔਰੰਗਜ਼ੇਬ ਨੇ ਵੀ ਇਸ ਗੱਲ ਨੂੰ ਭਾਂਪ ਲਿਆ ਸੀ ਤੇ ਉਹ ਆਪਣੇ ਇਸ ਭੈੜੇ ਪੈ ਰਹੇ ਅਸਰ ਨੂੰ ਖਤਮ ਕਰਨ ਲਈ ਦੀਨਦੀ ਸ਼ਰਨ ਲਈ ਤੇ ਸ਼ਰ੍ਹਾ ਇਸਲਾਮ ਦੀ ਸੇਵਾ ਕਰਨ ਦਾ ਮਨ ਬਣਾ ਲਿਆ। ਇਸੇ ਖਿਆਲ ਦੇ ਅਧੀਨ ਹੀ ਉਸ ਨੇ ਸੈਂਕੜੇ ਹਿੰਦੂ ਮੰਦਰ ਢਾਹ ਕੇ ਉਨ੍ਹਾਂ ਦੀ ਥਾਂ ਮਸੀਤਾਂ ਬਣਵਾਈਆਂ, ਹਿੰਦੂਆਂ ਤੇ ਉਚੇਚੇ ਜ਼ਜ਼ੀਏ (ਟੈਕਸ) ਲਾਏ ਤੇ ਇਸ ਪਾਸੇ ਚਲਦੇ ਔਰੰਗਜ਼ੇਬ ਨੇ ਹਿੰਦੂਆਂ ਨੂੰ ਕਾਫਰ (ਮੁਸਲਮਾਨੀ ਮੱਤ ਦੇ ਉਲਟ) ਕਹਿ ਕੇ ਉਹਨਾਂ ਨੂੰ ਖਤਮ ਕਰ ਦੇਣ ਦਾ

ਐਲਾਨ ਕਰ ਦਿਤਾ। ਹਿੰਦੁਸਤਾਨ ਨੂੰ ਇਸਲਾਮੀ ਦੇਸ਼ ਬਣਾਵਾਂਗਾ, ਸਭ ਪਾਸੇ ਦੀਨੀ ਝੰਡਾ ਝੁਲਾਵਾਂਗਾ। ਇਸ ਤਰ੍ਹਾਂ ਸਮਾਜ ਦੀ ਸਥਿਤੀ ਬਹੁਤ ਹੀ ਭਿਆਨਕ ਤੇ ਅਧਰਮੀ ਹੋਈ ਪਈ ਸੀ।

## 1.3 ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਰਚਨਾਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਨਮ ਸਾਖੀ

ਸਤਿਗੁਰੂ ਜੀ ਦੀ ਪਵਿੱਤ੍ਰ ਜਨਮ ਸਾਖੀ ਦੇ ਕੁੱਝ ਵਿਸ਼ੇਸ਼ ਪ੍ਰਸੰਗ ਹੀ ਕਥਨ ਕਰ ਰਹੇ ਹਾਂ ਤਾਂ ਜੋ ਸ਼ੋਧ ਪ੍ਰਬੰਧ ਦਾ ਅਕਾਰ ਜ਼ਿਆਦਾ ਵੱਡਾ ਨਾ ਹੋ ਜਾਵੇ।

### ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਜਨਮ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਹੌਲੀ-ਹੌਲੀ ਤੀਰਥਾਂ ਦੀ ਯਾਤਰਾ ਕਰਦੇ ਹੋਏ ਕਾਂਸ਼ੀ, ਪਰਾਗ ਤੋਂ ਅਗੇ ਪਟਨੇ ਜਾ ਪੁਜੇ। ਉਧਰੋਂ ਔਰੰਗਜ਼ੇਬ ਨੇ ਅਸਾਮ, ਢਾਕੇ, ਬੰਗਾਲੇ ਦੇ ਇਲਾਕੇ ਨੂੰ ਆਪਣੇ ਮਾਤਹਿਤ ਕਰਨ ਲਈ ਫੌਜ ਭੇਜੀ, ਪਰ ਚਾਤਰ ਔਰੰਗਜ਼ੇਬ ਇਕ ਤੀਰ ਨਾਲ ਦੋ ਸ਼ਿਕਾਰ ਕਰਨੇ ਚਾਹੁੰਦਾ ਸੀ। ਆਸਾਮ ਤੇ ਢਾਕੇ ਬੰਗਾਲੇ ਦੇ ਲੋਕ ਜਾਦੂਗਰ ਸਨ। ਇਸ ਕਰ ਕੇ ਉਧਰ ਮੁਗਲਾਈ ਫੌਜਾਂ ਜਾਣੋ ਡਰਦੀਆਂ ਸਨ ਤੇ ਇਸੇ ਕਰ ਕੇ ਹੀ ਉਹ ਇਲਾਕਾ ਅਜੇ ਤਕ ਮੁਗਲ ਸਲਤਨਤ ਵਿਚ ਸ਼ਾਮਲ ਨਹੀਂ ਸੀ ਹੋ ਸਕਿਆ। ਅਗੇ ਅਕਬਰ ਨੇ ਵੀ ਇਸੇ ਨੀਤੀ ਅਨੁਸਾਰ ਰਾਜਾ ਮਾਨ ਸਿੰਘ ਨੂੰ ਸੈਨਾਪਤੀ ਬਣਾ ਕੇ ਇਥੇ ਭੇਜਿਆ ਸੀ ਤੇ ਰਾਜਾ ਮਾਨ ਸਿੰਘ ਮਾਰਿਆ ਗਿਆ ਸੀ। ਭਾਵੇਂ ਰਾਜਾ ਮਾਨ ਸਿੰਘ ਦੀ ਭੈਣ ਅਕਬਰ ਨਾਲ ਵਿਆਹੀ ਹੋਈ ਸੀ, ਤੇ ਉਸਦੀ ਰਾਜਪੂਤੀ ਅਣਖ ਉਸ ਨੇ ਦਲ ਮਲ ਛੱਡੀ ਹੋਈ ਸੀ, ਪਰ ਅਕਬਰ ਦੀਆ ਫੌਜਾਂ ਵਿਚ ਬਹਾਦਰੀ ਕਰਕੇ ਉਸ ਦਾ ਨਾਮ ਉੱਚਾ ਸੀ ਤੇ ਅਕਬਰ ਦਿਲੋਂ ਭੈ ਖਾਂਦਾ ਸੀ ਕਿ ਜੇ ਇਹ ਆਕੀ ਹੋ ਗਿਆ ਤਾਂ ਨੁਕਸਾਨ ਪੁਚਾਵੇਗਾ। ਸੋ ਉਸ ਨੇ ਆਪਣੇ ਇਸ ਸ਼ੰਕੇ ਨੂੰ ਦੂਰ ਕਰਨ ਲਈ ਰਾਜਾ ਮਾਨ ਸਿੰਘ ਨੂੰ ਇਸ ਅਜਿਤ ਇਲਾਕੇ ਨੂੰ ਫਤਹ ਕਰਨ ਲਈ ਘਲਿਆ ਸੀ ਕਿ ਜੇ ਇਲਾਕਾ ਜਿੱਤਿਆ ਗਿਆ ਤਾਂ ਮੇਰਾ ਰਾਜ ਵਧ ਜਾਏਗਾ, ਤੇ ਇਹ (ਰਾਜਾ ਮਾਨ ਸਿੰਘ) ਮਾਰਿਆ ਗਿਆ ਤਾਂ ਵੀ ਮੇਰੇ ਦਿਲੋਂ ਭਾਰ ਉਤਰ ਜਾਏਗਾ। ਹੁਣ ਅਕਬਰ ਦੀ ਥਾਂ ਔਰੰਗਜ਼ੇਬ ਤੇ ਰਾਜਾ ਮਾਨ ਸਿੰਘ ਦੀ ਥਾਂ ਉਸ ਦਾ ਪੋਤਰਾ ਬਿਸ਼ਨ ਸਿੰਘ ਮੁਗਲ ਫੌਜ ਵਿਚ ਜਰਨੈਲ ਸੀ। ਔਰੰਗਜ਼ੇਬ ਹਿੰਦੂ

ਤਾਕਤ ਨੂੰ ਘਟਾ ਕੇ ਨਿਰਬਲ ਬਣਾਉਣਾ ਚਾਹੁੰਦਾ ਸੀ ਤੇ ਨਿਰਬਲ ਕਰ ਕੇ ਫਿਰ ਆਪਣਾ ਪਾਰਟ (ਕੇਵਲ ਮੁਸਲਮਾਨੀ ਮੱਤ ਬਣਾਉਣ ਦਾ) ਅਦਾ ਕਰਨਾ ਚਾਹੁੰਦਾ ਸੀ। ਸੋ ਉਸ ਨੇ ਜੈ ਪੁਰੀਏ ਰਾਜੇ ਬਿਸ਼ਨ ਸਿੰਘ ਨੂੰ ਹੀ ਇਸ ਫੌਜ-ਕਸ਼ੀ ਦਾ ਜਰਨੈਲ ਬਣਾ ਦਿਤਾ।

ਬਿਸ਼ਨ ਸਿੰਘ ਭਾਵੇਂ ਅਧੀਨ ਹੀ ਸੀ, ਪਰ ਜਾਣਦਾ ਤਾਂ ਸਭ ਕੁਝ ਸੀ। ਉਸ ਦਾ ਬਾਬਾ(ਰਾਜਾ ਮਾਨ ਸਿੰਘ) ਇਸੇ ਮੁਹਿਮ ਵਿਚ ਮਾਰਿਆ ਗਿਆ ਸੀ, ਇਸ ਲਈ ਉਸ ਨੂੰ ਵੀ ਮੌਤ ਦਾ ਹੀ ਡਰ ਸੀ। ਜਿਸ ਰਾਜੇ ਤੇ ਚੜ੍ਹਾਈ ਕਰਨੀ ਸੀ, ਉਹ ਵੀ ਹਿੰਦੂ ਰਾਜਾ ਸੀ, ਇਸ ਲਈ ਔਰੰਗਜ਼ੇਬ ਤਾਂ ਹਿੰਦੂ ਰਾਜਿਆਂ ਨੂੰ ਲੜਾ ਕੇ ਕਮਜ਼ੋਰ ਕਰਨਾ ਚਾਹੁੰਦਾ ਸੀ। ਬਿਸ਼ਨ ਸਿੰਘ ਢਾਕੇ ਵਲ ਜਾਂਦਾ ਪਟਨੇ ਦੇ ਨੇੜੇ ਪੁਜਾ। ਉਹ ਆਪਣੇ ਸਭ ਅਹਿਲਕਾਰਾਂ ਨੂੰ ਇਹੀ ਕਹਿੰਦਾ ਸੀ ਕਿ ਮੈਨੂੰ ਮਰਵਾਉਣ ਲਈ ਭੇਜਿਆ ਜਾ ਰਿਹਾ ਹੈ। ਨਾਂਹ ਕਰ ਸਕਣ ਦੀ ਉਸ ਵਿਚ ਹਿੰਮਤ ਨਹੀਂ ਸੀ। ਉਸ ਨੂੰ ਨਾਂਹ ਤੇ ਹਾਂ ਦੋਹਾਂ ਵਿਚ ਮੌਤ ਦਿਸ ਰਹੀ ਸੀ। ਉਹ ਵੀ ਕਾਂਸ਼ੀ ਤੇ ਪਰਾਗ ਦੇ ਰਸਤੇ ਵਲੋਂ ਹੁੰਦਾ ਜਾ ਰਿਹਾ ਸੀ ਕਿ ਉਸ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਟਨੇ ਵਿਚ ਮੌਜੂਦ ਹੋਣ ਦੀ ਖਬਰ ਮਿਲੀ। ਹਿੰਦੂ ਰਾਜਿਆਂ ਨੂੰ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਪਤਾ ਸੀ, ਜਿਨ੍ਹਾਂ ਨੇ ਗਵਾਲੀਅਰ ਦੇ ਕਿਲ੍ਹੇ ਵਿਚ ੫੨ ਹਿੰਦੂ ਰਾਜੇ ਛੁਡਾਏ ਸਨ ਤੇ ਉਹਨਾਂ ਦੀਆਂ ਰਿਆਸਤਾਂ ਵਾਪਸ ਦੁਆਈਆਂ ਸਨ। ਬਿਸ਼ਨ ਸਿੰਘ ਨੂੰ ਪਤਾ ਲੱਗਾ ਕਿ ਇਹ ਗੁਰੂ, ਗੁਰੂ ਹਰਿ ਗੋਬਿੰਦ ਸਾਹਿਬ ਦੇ ਪੁਤਰ ਹਨ। ਇਹ ਖਬਰ ਸੁਣਦੇ ਹੀ ਉਸ ਦੇ ਰੁੜ੍ਹਦੇ ਮਨ ਨੂੰ ਢਾਰਸ ਤੇ ਧੀਰਜ ਹੋਈ। ਇਸ ਨੇ ਸਿੱਖਾਂ ਕੋਲੋਂ ਸੁਣਿਆ ਸੀ ਕਿ ਉਹਨਾਂ ਦੇ ਪ੍ਰਿਥਮ ਗੁਰੂ, ਗੁਰੂ ਨਾਨਕ ਦੇਵ ਸਾਹਿਬ ਜੀ ਕਾਮਰੂਪ ਵਿਚ ਗਏ ਸਨ ਤੇ ਇਹਨਾਂ ਜਾਦੂਗਰਾਂ ਨੂੰ ਉਹ ਜਿੱਤ ਕੇ ਆਏ ਸਨ। ਗੁਰੂ ਜੀ ਅਜੇ ਗਯਾ ਵਿਚ ਹੀ ਸਨ ਕਿ ਰਾਜਾ ਬਿਸ਼ਨ ਸਿੰਘ ਵੀ ਲਸ਼ਕਰ ਸਮੇਤ ਉਥੇ ਆ ਪੁਜਾ। ਉਸ ਨੂੰ ਵੇਖਦਿਆਂ ਹੀ ਪਰਤੀਤ ਆ ਗਈ ਕਿ ਇਸ ਗੁਰੂ ਦੇ ਡੇਰੇ ਵਿਚ ਬੜੀਆਂ ਭੀੜਾਂ ਹਨ ਲੰਗਰ ਚਲ ਰਹੇ ਹਨ। ਵਡੇ ਵਡੇ ਤੰਬੂ ਤੇ ਸ਼ਾਮਿਆਨੇ ਹੇਠਾਂ ਸੰਗਤਾਂ ਇਕੱਤ੍ਰ ਹੋਈਆਂ ਗੁਰੂ ਜੀ ਦੇ ਦਰਸ਼ਨ ਭੇਟ ਰਖ ਕੇ ਦਿਲ ਦਾ ਹਾਲ ਦਸਿਆ ਤੇ ਸਹਾਇਤਾ ਲਈ ਬੇਨਤੀ ਕੀਤੀ।ਉਸਦੀ ਦੀਨਤਾ ਨੂੰ ਦੇਖ ਗੁਰੂ ਜੀ ਕ੍ਰਿਪਾਲੂ ਹੋ ਗਏ। ਉਹਨਾਂ ਨੇ ਰਾਜਾ ਬਿਸ਼ਨ ਸਿੰਘ ਦੇ ਨਾਲ ਜਾਣ ਦੀ

ਮਨਜ਼ੂਰੀ ਦੇ ਦਿਤੀ। ਰਾਜੇ ਦਾ ਮੁਰਝਾਇਆ ਮਨ ਕੰਵਲ ਫੁੱਲ ਵਾਂਗ ਖਿੜ ਗਿਆ। ਰਾਜੇ ਨੇ ਆਪਣੀ ਮੁਰਝਾਈ ਫੌਜ ਨੂੰ ਵੀ ਜਾ ਦਸਿਆ ਕਿ ਫਿਕਰ ਨਾ ਕਰੋ, ਗੁਰੂ ਨਾਨਕ ਦੇਵ ਸਾਹਿਬ ਜੀ ਨੇ ਕਾਮਰੂਪ ਦੇ ਜਾਦੂਗਰਾਂ ਨੂੰ ਜਿੱਤਿਆ ਸੀ ਤੇ ਹੁਣ ਉਹਨਾਂ ਦੀ ਥਾਂ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਹਨ, ਉਹ ਸਾਡੇ ਨਾਲ ਚਲਣਗੇ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਕਾਮਰੂਪ ਦੇ ਜਾਦੂਗਰਾਂ ਨੂੰ ਜਿਤਿਆ ਸੀ ਤੇ ਹੁਣ ਉਹਨਾਂ ਦੀ ਥਾਂ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਹਨ, ਉਹ ਸਾਡੇ ਨਾਲ ਚਲਣਗੇ। ਗੁਰੂ ਜੀ ਸਰਬਸ਼ਕਤੀਵਾਨ ਹਨ। ਉਹਨਾਂ ਦੇ ਪਰਤਾਪ ਨਾਲ ਸਭ ਜਾਦੂ ਦਗਧ ਹੋ ਜਾਣਗੇ ਤੇ ਸਾਡੀ ਹੀ ਫਤਹ ਹੋਵੇਗੀ।

ਇਸ ਸਮੇਂ ਦਸ਼ਮੇਸ਼ ਪਿਤਾ ਮਾਤਾ ਦੇ ਉਦਰ ਤੋਂ ਪ੍ਰਕਾਸ਼ਮਨ ਹੋਣ ਵਾਲੇ ਸਨ। ਸੋ ਗੁਰੂ ਤੇਗ ਬਹਾਦਰ ਸਾਹਿਬ ਜੀ ਉਹਨਾਂ ਨੂੰ ਪਟਨੇ ਸਾਹਿਬ ਛੱਡ ਕੇ ਆਪ ਅੱਸੂ ਸੰਮਤ ੧੭੨੩ ਨੂੰ ਰਾਜਾ ਬਿਸ਼ਨ ਸਿੰਘ ਦੇ ਨਾਲ ਤੁਰ ਪਏ। ਬੰਗਾਲ ਤੇ ਆਸਾਮ ਦੇ ਸਰਹੱਦੀ ਨਗਰਾਂ ਤੇ ਕਸਬਿਆਂ ਵਿਚੋਂ ਲੰਘਦੇ, ਰਾਜਾ ਬਿਸ਼ਨ ਸਿੰਘ ਦਾ ਲਸ਼ਕਰ ਤੇ ਗੁਰੂ ਜੀ ਢਾਕੇ ਪੁਜੇ। ਦਰਿਆ ਦੇ ਉਰਲੇ ਕਿਨਾਰੇ, ਜਿਥੇ ਦਮਦਮਾ ਸਾਹਿਬ ਗੁਰਦੁਆਰਾ ਹੈ, ਉਥੇ ਉਚੀ ਥਾਂ ਜਾ ਬੈਠੇ।

ਗੁਰੂ ਜੀ ਨੂੰ ਜਾਂਦੇ ਰਸਤੇ ਵਿਚ ਤਿੰਨ ਚਾਰ ਮਹੀਨੇ ਲਗ ਗਏ ਸਨ ਤੇ ਠੀਕ ਇਥੇ ਹੀ ਨੌਵੇਂ ਪਾਤਸ਼ਾਹ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦੀ ਖਬਰ ਮਿਲੀ। ਕਿ ਪੋਹ ਸੁਦੀ ਸਤਮੀ, ਸੰਮਤ ੧੭੨੩, ਐਤਵਾਰ ਨੂੰ ਢਲੀ ਰਾਤ ਸਮੇਂ (ਪ੍ਰਭਾਤ ਤੋਂ ਪਹਿਲੇ) ਸਾਹਿਬਜ਼ਾਦਾ ਜੀ ਦਾ ਜਨਮ ਹੋਇਆ ਹੈ। ਇਹ ਖਬਰ ਸੁਣ ਕੇ ਰਾਜਾ ਬਿਸ਼ਨ ਸਿੰਘ ਤੇ ਗੁਰੂ ਜੀ ਨੇ ਬੜਾ ਦਾਨ ਪੁੰਨ ਕੀਤਾ, ਬੈਂਡ, ਤੂਤੀਆਂ ਤੇ ਨਗਾਰੇ ਵਜੇ। ਫੌਜ ਵਿਚ ਵੀ ਵਡੀਆਂ ਖੁਸ਼ੀਆਂ ਹੋਈਆਂ। ਓਧਰ ਪਟਨੇ ਵਿਚ ਮਾਤਾ ਨਾਨਕੀ ਤੇ ਮਾਮਾ ਕ੍ਰਿਪਾਲ ਚੰਦ, ਜੋ ਵੀ ਜਾਚਕ ਦਰ ਤੇ ਆ ਰਿਹਾ ਸੀ, ਸਭ ਦੀਆਂ ਝੋਲੀਆਂ ਭਰੀ ਜਾ ਰਹੇ ਸਨ। ਜਨਮ ਸਮੇਂ ਅਜਬ ਕੌਤਕ ਹੋਇਆ ਸੀ। ਘਰ ਦੇ ਅੰਦਰ ਤੇ ਬਾਹਰ ਪ੍ਰਕਾਸ਼, ਏਡਾ ਵਡਾ ਪ੍ਰਕਾਸ਼ ਕਿ ਉਸ ਦੇ ਚਾਨਣ ਨਾਲ ਆਕਾਸ਼ ਵੀ ਰੋਸ਼ਨ ਹੋ ਗਿਆ ਸੀ। ਫੇਰ ਇਸ ਸਮੇਂ ਉਹ ਗੰਧਰਬੀ ਸੁਰਾਂ ਦੀ ਅਵਾਜ਼ ਨਿਕਲੀ ਕਿ ਉਸ ਦੀ ਮਸਤੀ ਦੀਆਂ ਧੁੰਨਾਂ ਜਜ਼ਬ ਹੋ ਗਈਆਂ।

**ਬਾਲਕਾਂ ਨਾਲ ਰਲ ਕੇ ਵਿਚਿਤਰ ਖੇਡਾਂ ਕਰਨੀਆਂ**

ਸਾਢੇ ਕੁ ਤਿੰਨ ਸਾਲ ਦੀ ਉਮਰ ਤਕ ਤਾਂ ਬਾਲਕ ਗੁਰੂ ਆਪਣੇ ਘਰ ਦੇ ਵਿਹੜੇ ਵਿਚ ਹੀ ਖੇਡਦੇ ਰਹੇ ਤੇ ਹੋਰ ਬਾਲਕ ਉਨ੍ਹਾਂ ਦੀ ਉਮਰ ਦੇ ਉਥੇ ਹੀ ਆ ਜਾਂਦੇ ਸਨ। ਸੁੰਦਰ ਮੁਖੜੇ ਦੇ ਜਿਸ ਬਾਲਕ ਨੇ ਵੀ ਦਰਸ਼ਨ ਕੀਤੇ, ਉਹ ਫਿਰ ਹੋਰ ਕਿਸੇ ਪਾਸੇ ਨਹੀਂ ਸੀ ਜਾਂਦਾ, ਉਥੇ ਹੀ ਜਾਂਦਾ ਸੀ। ਪਰ ਚਾਰ ਕੁ ਸਾਲ ਦੀ ਉਮਰ ਦੇ ਹੋਏ ਤਾਂ ਉਹ ਆਪਣੇ ਹਾਣੀ ਮੁੰਡਿਆਂ ਨੂੰ ਨਾਲ ਲੈ ਕੇ ਹੁਣ ਵੇਹੜੇ ਤੋਂ ਬਾਹਰ ਨਿਕਲ ਤੁਰੇ। ਮਾਮਾ ਕ੍ਰਿਪਾਲ ਚੰਦ ਤੇ ਕਈ ਹੋਰ ਸੇਵਕ ਰਾਖੀ ਤੇ ਸੰਭਾਲ ਲਈ ਪਰਛਾਵੇਂ ਵਾਂਗ ਨਾਲ ਹੋ ਤੁਰੇ, ਪਰ ਇਹ ਸਾਰੇ ਹੀ ਅੱਗੇ ਪਿਛੇ ਹੋ ਜਾਂਦੇ ਤੇ ਬਾਲਕ ਗੁਰੂ ਦੌੜਾਂ ਲਾਉਂਦੇ ਕਦੀ ਗੰਗਾ ਕਿਨਾਰੇ, ਕਦੀ ਸ਼ਹਿਰ ਦੀਆਂ ਗਲੀਆਂ ਵਿਚ ਤੇ ਕਦੀ ਤਾਂ ਕਬੱਡੀ ਖੇਡਣ ਲਗ ਜਾਂਦੇ। ਹਰ ਖੇਡ ਵਿਚ ਉਹ ਸਿਆਣੇ ਖਿਡਾਰੀ ਵਾਂਗ ਦੋ ਧੜੇ ਬਣਾ ਲੈਂਦੇ। ਇਕ ਧੜੇ ਦੇ ਮੁਖੀ ਆਪ ਬਣ ਜਾਂਦੇ ਤੇ ਦੂਜੇ ਧੜੇ ਦਾ ਮੁਖੀ, ਸਭ ਤੋਂ ਸਿਆਣੇ ਤੇ ਆਪ ਤੋਂ ਵਡੇ ਨੂੰ ਬਣਾਉਂਦੇ, ਪਰ ਆਪ ਹਰ ਖੇਡ ਵਿੱਚ ਜਿੱਤ ਪਰਾਪਤ ਕਰਦੇ। ਬਾਲਕਾਂ ਉਤੇ ਆਪ ਦਾ ਜਾਦੂ ਅਸਰ ਸੀ। ਉਹ ਆਪ ਦੇ ਹੁਕਮ ਨੂੰ ਇਉਂ ਮੰਨਦੇ, ਜਿਵੇਂ ਬਾਦਸ਼ਾਹੀ ਸੈਨਾ ਵਿਚ ਸੈਨਾ ਪਤੀਆਂ ਦਾ ਮੰਨਿਆ ਜਾਂਦਾ ਹੈ। ਲੋਕ ਵੇਖ ਵੇਖ ਕੇ ਅਸਚਰਜ ਹੁੰਦੇ। ਗੁਰੂ ਪੁਤਰ ਹੋਣ ਦੇ ਨਾਤੇ ਲੋਕ ਉਂਜ ਹੀ ਹੱਥ ਜੋੜ ਕੇ ਨਮਸਕਾਰਾਂ ਕਰਦੇ, ਪਰ ਦੂਜੇ ਬੰਨੇ ਗੁਰੂ ਪੁਤਰ ਏਨੇ ਉਦਾਰ ਕਿ ਜੋ ਕੁਝ ਕੋਲ ਹੋਣਾ, ਉਹ ਖਰਚ ਕੇ ਸਭ ਮੁੰਡਿਆਂ ਨੂੰ ਖੁਆ ਦੇਂਦੇ ਤੇ ਜੋ ਕਹਿਣਾ, ਉਹੀ ਸੱਚ ਹੋ ਜਾਣਾ। ਇਸ ਗੱਲ ਨੇ ਜਿਥੇ ਸਤਿਕਾਰ ਪੈਦਾ ਕੀਤਾ, ਉਥੇ ਭੈ ਵੀ ਪੈਦਾ ਕੀਤਾ ਕਿ ਮਤਾ ਸਾਹਿਬਜ਼ਾਦਾ ਕੋਈ ਸਰਾਪ ਦੇਣ ਵਾਲੀ ਗੱਲ ਨਾ ਕਹਿ ਦੇਵੇ। ਆਮ ਬੱਚਿਆਂ ਨੂੰ ਤਾਂ ਹਰ ਕੋਈ ਜੋ ਜੀਅ ਕਰੇ, ਮੂੰਹ ਖੋਲ੍ਹ ਕੇ ਕਹਿ ਦੇਣ ਵਿਚ ਹਰਜ ਨਹੀਂ ਸੀ ਸਮਝਦਾ, ਪਰ ਗੁਰੂ ਪੁਤਰ ਦੀ ਤਾਂ ਅਵੱਗਿਆ ਤੇ ਕੋਈ ਅਵੱਲਾ ਬੋਲ ਬੋਲਣ ਦੀ ਕਿਸੇ ਨੂੰ ਹਿੰਮਤ ਨਹੀਂ ਸੀ ਪੈਂਦੀ।

ਚੋਜੀ ਬਾਲਕ ਕਦੇ ਦਰਿਆ ਦੇ ਕਿਨਾਰੇ ਪਾਣੀ ਵਿਚ ਵੜ ਕੇ, ਦੋ ਧੜੇ ਬਣਾ ਕੇ ਇਕ ਦੂਜੇ ਉਤੇ ਪਾਣੀ ਪਾਉਣ ਦੀ ਬਾਜ਼ੀ ਲਾ ਕੇ ਖੇਡਦੇ ਤਾਂ ਦਰਿਆ ਦੇ ਕਿਨਾਰੇ ਬੈਠੇ ਕਈ ਸਾਧੂ ਤੇ

ਪੰਡਤ ਬ੍ਰਾਹਮਣ ਭਿੱਜ ਜਾਂਦੇ ਤੇ ਉਹ ਬਚਣ ਲਈ ਦੂਰ ਹੁੰਦੇ ਤਾਂ ਸਾਰੇ ਬੱਚੇ ਤੋੜੀਆਂ ਮਾਰਦੇ 'ਓਏ ਨੱਸ ਗਿਆ, ਨੱਸ ਗਿਆ' ਕਹਿੰਦੇ। ਇਸ ਮਗਰੋਂ ਉਨ੍ਹਾਂ ਕਾਨੇ ਲੈ ਕੇ ਤੀਰ ਕਮਾਨ ਚਲਾਉਣੇ ਸ਼ੁਰੂ ਕਰ ਦਿੱਤੇ, ਨਿਸ਼ਾਨੇ ਬਾਜ਼ੀ ਦੇ ਕਰਤਬ ਕਰਨ ਲੱਗ ਗਏ। ਗੁਰੂ ਜੀ ਦੇ ਘਰ ਬਾਹਰ ਵੇਹੜੇ ਵਿਚ ਖੂਹ ਸੀ, ਉਥੋਂ ਦਾ ਮਿੱਠਾ ਪਾਣੀ ਹੋਣ ਕਰ ਕੇ, ਮਹੱਲੇ ਦੀਆਂ ਜ਼ਨਾਨੀਆਂ ਪਾਣੀ ਦੇ ਘੜੇ ਭਰ ਭਰ ਲਿਜਾਂਦੀਆਂ ਸਨ। ਬਾਲਕ ਗੁਰੂ ਨੇ ਸਭ ਤੋਂ ਪਹਿਲੇ ਇਨ੍ਹਾਂ ਪਾਣੀ ਦੇ ਘੜਿਆਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕੀਤਾ। ਬਾਲ ਸਾਥੀਆਂ ਵਿਚੋਂ ਤੀਰ ਕਿਸੇ ਦਾ ਵੀ ਨਿਸ਼ਾਨੇ ਤੇ ਨਾ ਲਗਦਾ, ਪਰ ਨਿਕੇ ਜਿਹੇ ਬਾਲਕ ਗੁਰੂ ਦਾ ਤੀਰ ਨਿਸ਼ਾਨੇ ਤੇ ਵੱਜਦਾ। ਜਾਂ ਤਾਂ ਘੜਾ ਸਿਰ ਤੇ ਚੁਕਿਆ ਹੀ ਟੁੱਟ ਜਾਂਦਾ, ਜਾਂ ਤੀਰ ਦੀ ਠੋਕਰ ਵੱਜ ਕੇ, ਸਿਰ ਤੋਂ ਥੱਲੇ ਡਿਗਦਾ ਤੇ ਟੁਟ ਕੇ ਪਾਣੀ ਰੁੜ੍ਹ ਜਾਂਦਾ। ਬਾਲਕ ਗੁਰੂ ਦੀ ਤਾਂ ਇਹ ਖੇਡ ਆਪਣਾ ਅਭਿਆਸ ਤੇ ਕਸਰਤ ਸੀ, ਪਰ ਉਧਰ ਮਾਤਾ ਨੂੰ ਉਲ੍ਹਾਮੇ ਦੇਣ ਵਾਲੀਆਂ ਦਾ ਤਾਂਤਾ ਬਝ ਗਿਆ।ਕਿਸੇ ਦਿਨ ਪੰਜ, ਕਿਸ ਦਿਨ ਸੱਤ ਤੇ ਕਿਸੇ ਦਿਨ ਦਸ ਤੇ ਵੀਹ ਉਲਾਮੇ ਆ ਜਾਂਦੇ। ਮਾਤਾ ਜੀ ਵੀ ਬਾਲਕ ਗੁਰੂ ਪੁਤਰ ਨੂੰ ਕੁੱਝ ਵੀ ਨਹੀਂ ਸਨ ਕਹਿੰਦੇ ਕਿਉਂਕਿ ਅੰਤਰਯਾਮੀ ਗੁਰੂ ਤੇਗ ਬਹਾਦਰ ਸਾਹਿਬ ਜੀ ਪੱਕੀ ਕਰ ਕੇ ਗਏ ਸਨ ਕਿ ਸਾਹਿਬਜ਼ਾਦੇ ਨੂੰ ਗੁਸੇ ਨਹੀਂ ਹੋਣਾ ਤੇ ਨਾ ਉਨ੍ਹਾਂ ਨੂੰ ਕਿਸੇ ਗੱਲੋਂ ਰੋਕਣਾ ਹੈ।ਇਹ ਵੱਡਾ ਮਹਾਂ ਪੁਰਖ ਪ੍ਰਭੂ ਨੇ ਸਾਡੇ ਘਰ ਭੇਜਿਆ ਹੈ ਜਿਸ ਨੇ ਇਸ ਸੰਸਾਰ ਤੇ ਉਹ ਕੁਝ ਕਰ ਕੇ ਦਿਖਾਉਣਾ ਹੈ, ਜੋ ਅਗੇ ਕਿਸੇ ਨੇ ਨਹੀਂ ਸੀ ਕੀਤਾ। ਸੋ ਮਾਤਾ ਨਾਨਕੀ ਜੀ ਉਲ੍ਹਾਮੇ ਦੇਣ ਆਈਆਂ ਇਸਤਰੀਆਂ ਨੂੰ ਘੜੇ ਦਾ ਮੁਲ ਦੇ ਕੇ ਕੁਝ ਹੋਰ ਵੀ ਦੇ ਕੇ ਖੁਸ਼ ਕਰ ਕੇ ਵਾਪਸ ਭੇਜਦੇ ਸਨ।

ਇਉਂ ਬਾਲ ਗੁਰੂ ਜੀ ਨਿਕੇ ਹੁੰਦੇ ਹੀ ਸੈਂਕੜੇ ਬਾਲਾਂ ਦੇ ਲੀਡਰ ਬਣ ਕੇ ਕਦੇ ਦਰਿਆ ਦੇ ਕਿਨਾਰੇ, ਕਦੇ ਸ਼ਹਿਰ ਦੀਆਂ ਗਲੀਆਂ, ਬਜ਼ਾਰਾਂ ਵਿਚ ਕਦੇ ਆਪਣੇ ਮਹੱਲੇ ਵਿਚ ਭੱਜੇ ਫਿਰਦੇ। ਗੁਰੂ ਜੀ ਦੇ ਹੱਥ ਵਿਚ ਨਿਕੀ ਜਿਹੀ, ਪਰ ਏਨੀ ਸਖਤ ਕਿ ਨਿੱਕੀ ਉਮਰ ਦੇ ਬਾਲਕ ਵਿਚ ਜਿਸ ਨੂੰ ਖਿੱਚਣ ਦੀ ਵੀ ਸ਼ਕਤੀ ਨਹੀਂ ਸੀ ਹੁੰਦੀ, ਐਸੀ ਧੱਨੁਖ ਤੇ ਕਾਨਿਆਂ ਦੇ ਤੀਰ, ਗੁਲੇਲੇ ਮਾਰਨ ਵਿਚ ਵੀ ਚੰਗੇ ਨਿਸ਼ਾਨਚੀ ਸਨ, ਸੋ ਉਨ੍ਹਾਂ ਦੀ ਪ੍ਰੇਰਨਾ ਤੇ ਹੁਕਮ ਅਨੁਸਾਰ ਬਾਕੀ ਬੱਚੇ

ਵੀ ਇਹੋ ਜਿਹੇ ਹੀ ਤੀਰ ਕਮਾਨ ਤੇ ਗੁਲੇਲੇ ਮਾਰਨ ਵਾਲੇ ਹੀ ਬਾਲਕ ਗੁਰੂ ਕੀ ਹੁਕਮੀ ਫੌਜ ਬਣੇ ਹੋਏ, ਪਿਛੇ ਪਿਛੇ ਤੁਰ ਕੇ ਜਾਂ ਦੌੜ ਕੇ ਹੀ ਬੜੇ ਹੀ ਖੁਸ਼ ਤੇ ਪ੍ਰਸੰਨ ਹੁੰਦੇ ਸਨ। ਲੋਕ ਗੁਰੂ ਪੁਤਰ ਜਾਣ ਕੇ ਉਸ ਤਰ੍ਹਾਂ ਹੀ ਅਦਬ ਸਤਿਕਾਰ ਕਰਦੇ ਤੇ ਜਾਂਦੇ ਗੁਰੂ ਬਾਲਕ ਨੂੰ ਨਮਸਕਾਰਾਂ ਕਰਦੇ ਤੇ ਇਨ੍ਹਾਂ ਕੌਤਕਾਂ ਨੂੰ ਵੇਖ ਵੇਖ ਹੈਰਾਨ ਤੇ ਚਕ੍ਰਿਤ ਹੁੰਦੇ ਸਨ। ਮਾਮਾ ਕ੍ਰਿਪਾਲ ਚੰਦ ਤੇ ਗੁਰੂ ਘਰ ਦੇ ਹੋਰ ਮੁਸਾਹਿਕ ਸਿੱਖ ਦੀਵਾਨ ਮੋਤੀ ਰਾਮ, ਮੁਨਸ਼ੀ ਸਾਹਿਬ ਚੰਦ ਚਕ੍ਰਿਤ ਹੋਏ ਤੇ ਅਸਚਰਜ ਲੋਕਾਂ ਨੂੰ ਆਖਦੇ 'ਇਹ ਬਾਲਕ ਗੁਰੂ ਆਪਣੇ ਦਾਦੇ ਗੁਰੂ ਦੀ ਨਕਲ ਕਰ ਰਹੇ ਹਨ। ਸਮੇਂ ਦੀ ਲੋੜ ਬਹਾਦਰ ਬਣਨ ਦੀ ਹੈ ਜ਼ੁਲਮ ਤੇ ਜ਼ਬਰ ਦਾ ਮੁਕਾਬਲਾ ਕਰਨ ਦੀ ਹੈ, ਬਾਬੇ ਗੁਰੂ ਨੇ ਵੀ ਜਾਬਰ ਹਾਕਮਾਂ ਤੇ ਬਾਦਸ਼ਾਹੀ ਫੌਜਾਂ ਨੂੰ ਮਾਰ ਭਜਾਇਆ ਸੀ, ਸੋ ਇਹ ਸਭ ਕੁਝ ਮਾਤਾ ਜੀ ਤੋਂ ਸੁਣ ਕੇ ਉਸੇ ਤਰ੍ਹਾਂ ਦੇ ਹੀ ਬਣਨਾ ਚਾਹੁੰਦੇ ਹਨ। ਫੇਰ ਅਸੀਂ ਤਾਂ ਥਰ ਥਰ ਕੰਬਦੇ ਹਾਂ। ਜੋ ਕੁਝ ਵੀ ਇਹ ਮੂੰਹੋਂ ਆਖਦੇ ਹਨ, ਉਹ ਸੱਚ ਹੋ ਜਾਂਦਾ ਹੈ। ਇਸ ਲਈ ਮਾਤਾਵਾਂ ਵੀ ਇਨ੍ਹਾਂ ਦੀ ਕਿਸੇ ਮੌਜ ਵਿਚ ਦਖਲ ਨਹੀਂ ਦਿੰਦੀਆਂ ਤੇ ਇਹ ਜੋ ਮਨ ਆਉਂਦਾ ਹੈ ਉਸੇ ਤਰ੍ਹਾਂ ਦੀ ਖੇਡ ਕਰਦੇ ਹਨ।

## ਪੰਡਤ ਸ਼ਿਵਦੱਤ ਦਾ ਸ਼ਰਧਾਲੂ ਬਣਨਾ

ਪੰਡਤ ਸ਼ਿਵਦੱਤ ਪਟਨੇ ਦਾ ਉੱਘਾ ਜੋਤਸ਼ੀ ਤੇ ਵਿਦਵਾਨ ਸੀ, ਪੜ੍ਹਿਆ ਲਿਖਿਆ ਸੀ। ਉਹ ਰੋਜ਼ ਹੀ ਗੰਗਾ ਦੇ ਕਿਨਾਰੇ ਬੈਠ ਕੇ ਠਾਕੁਰ ਦੀ ਪੂਜਾ ਕਰਦਾ ਹੁੰਦਾ ਸੀ। ਅੱਖਾਂ ਮੀਟ ਕੇ ਕਿੰਨਾ ਕਿੰਨਾ ਚਿਰ ਪਾਠ ਪੂਜਾ ਵਿਚ ਮਗਨ ਰਹਿੰਦਾ ਸੀ, ਪਰ ਹੁਣ ਜਦ ਦੇ ਬਾਲਕ ਗੁਰੂ ਬਾਲਕਾਂ ਸਮੇਤ ਗੰਗਾ ਦੇ ਕਿਨਾਰੇ ਜਾ ਕੇ, ਕਦੀ ਦਰਿਆ ਦੇ ਕਿਨਾਰੇ ਕੌਡ ਕਬੱਡੀ, ਕਦੇ ਪਾਣੀ ਵਿਚ ਛਿੱਟੇ ਮਾਰਨ ਦੀ ਖੇਡ, ਕਦੇ ਤੀਰਾਂ ਗੁਲੇਲਾਂ ਦੇ ਨਿਸ਼ਾਨਿਆਂ ਦੀ ਖੇਡ ਕਰਨ ਲਗੇ ਤਾਂ ਉਸ ਦੀਆਂ ਅੱਖਾ ਖੁੱਲ੍ਹੀਆਂ ਰਹਿਣ ਲਗ ਗਈਆਂ ਤੇ ਗੁਰੂ ਬਾਲਕ ਦੇ ਕੌਤਕਾਂ ਨੂੰ ਹੀ ਵੇਖਦਾ ਰਹਿੰਦਾ। ਜਿਸ ਨਾਲ ਇਸ ਬਾਰੇ ਗਲ ਕਰਦਾ, ਉਸੇ ਕੋਲੋਂ ਹੀ ਗੁਰੂ ਬਾਲਕ ਦੇ ਪਰਮ ਪਰਤਾਪੀ ਪੁਰਖ ਹੋਣ ਦੀ ਗਲ ਸੁਣਦਾ। ਉਹ ਸ਼੍ਰੀ ਰਾਮ ਚੰਦਰ ਜੀ ਦਾ ਉਪਾਸ਼ਕ ਸੀ। ਗੁਰੂ ਬਾਲਕ ਦੀਆਂ ਸਿਫਤਾਂ ਸੁਣ ਸੁਣ ਇਕ ਦਿਨ ਉਸ ਦੇ ਮਨ ਵਿਚ ਫੁਰਨਾ ਫੁਰਿਆ

'ਸਚਮੁਚ ਹੀ ਇਸ ਗੁਰੂ ਬਾਲਕ ਦੀਆਂ ਖੇਡਾਂ ਅਵਤਾਰਾਂ ਵਾਲੀਆਂ ਹਨ, ਲੋਕ ਵੀ ਕਹਿੰਦੇ ਹਨ, ਪਰ ਮੇਰਾ ਮਨ ਨਹੀਂ ਪਤੀਜਦਾ।' ਇਸ ਦੇ ਜਵਾਬ ਵਿਚਾ ਉਸ ਦੇ ਅੰਦੂਰੋਂ ਹੀ ਆਵਾਜ ਆਈ 'ਤੂੰ ਕਿਵੇਂ ਪਤੀਜ ਸਕਦਾ ਹੈ?' ਤਾਂ ਉਸ ਮਨ ਵਿਚ ਹੀ ਅਗੋਂ ਕਿਹਾ 'ਜੇ ਮੈਨੂੰ ਇਹ ਗੁਰੂ ਬਾਲਕ ਧਨੁਖਧਾਰੀ ਸ਼੍ਰੀ ਰਾਮ ਚੰਦਰ ਜੀ ਦੇ ਸਰੂਪ ਵਿਚ ਨਜ਼ਰ ਆਉਣ ਤਾਂ ਮੇਰਾ ਮਨ, ਮੰਨ ਜਾਏਗਾ।

ਵਾਹ ਅੰਤਰਯਾਮੀ, ਸ਼੍ਰੀ ਅਕਾਲ ਪੁਰਖ ਦੇ ਸਪੁਤਰ, ਬਾਲਕ ਗੁਰੂ ਪੁਤਰ ਨੇ ਨਿਰਾਲੇ ਕੌਤਕ ਰਾਹੀਂ ਉਸ ਨੂੰ ਦਰਸ਼ਨ ਦੇਣ ਦੀ ਨੀਤ ਧਾਰ ਲਈ। ਦਿਨ ਵਿਚ ਇਕ ਵੇਰ ਉਹ ਦਰਿਆ ਦੇ ਪਾਣੀ ਵਿਚ ਵੜ ਕੇ ਛਿੱਟਾਂ ਪਾਉਣ ਦੀ ਖੇਡ ਜ਼ਰੂਰ ਖੇਡਿਆ ਕਰਦੇ ਸਨ ਤੇ ਕਿਨਾਰੇ ਦੇ ਨੇੜੇ ਬੈਠਿਆਂ ਉਤੇ ਸੁਭਾਵਕ ਹੀ ਛਿੱਟੇ ਪੈ ਜਾਂਦੇ ਸਨ, ਇਸ ਲਈ ਕਿਨਾਰੇ ਤੇ ਬੈਠਣ ਵਾਲੇ ਛਿੱਟਾਂ ਦੀ ਮਾਰ ਤੋਂ ਡਰਦੇ ਜ਼ਰਾ ਦੂਰ ਦੂਰ ਹੀ ਬੈਠਣ ਲਗੇ। ਅਜ ਉਹ ਦਰਿਆ ਵਿਚੋਂ ਨਿਕਲਦੇ ਹੀ ਪੰਡਤ ਸ਼ਿਵਦੱਤ ਕੋਲ ਚਲੇ ਗਏ ਤੇ ਆਪਣੇ ਸੁੰਦਰ ਮੁਖੜੇ ਨੂੰ ਪੰਡਤ ਜੀ ਦੇ ਕੰਨ ਨਾਲ ਲਾ ਕੇ ਕਿਹਾ, 'ਪੰਡਤ ਜੀ, ਝਾਤ' ਬੜੀ ਪਿਆਰੀ ਆਵਾਜ਼ ਸੀ, ਪਰ ਝਾਤ ਕਹਿੰਦੇ ਹੀ ਮੁਸਕ੍ਰਾਉਂਦੇ ਹੋਏ ਗੁਰੂ ਬਾਲਕ ਜ਼ਰਾ ਦੂਰ ਹਟ ਗਏ ਤੇ ਕਿਹਾ, 'ਪੰਡਤ ਜੀ, ਤੁਹਾਡੇ ਆਸਣ ਥੱਲੇ ਸੱਪਵ ਮੇਰੇ ਆਸਣ ਥੱਲੇ ਕਿਵੇਂ ਆ ਗਿਆ?' ਤੇ ਫੇਰ ਉਸ ਜ਼ਰਾ ਹਟਵੇਂ ਖੜੋਤੇ ਗੁਰੂ ਬਾਲਕ ਵਲ ਵੇਖਿਆ ਤਾਂ ਹੁਣ ਤੇ ਹੱਦ ਹੀ ਹੋ ਗਈ। ਪੰਡਤ ਨੂੰ ਨਿਕੇ ਜਿਹੇ ਬਾਲਕ ਦੇ ਰੂਪ ਵਿਚ ਵੱਡੇ ਧਨੁਖ ਵਾਲੇ, ਵੱਡੇ ਉਚੇ ਤੇ ਲੰਮੇ ਕਦ ਵਾਲੇ ਸ੍ਰੀ ਰਾਮ ਚੰਦਰ ਜੀ ਨਜ਼ਰ ਆਉਂਦੇ ਰਹੇ ਪਰ ਜਿਉਂ ਹੀ ਅੱਖ ਝਮਕੀ ਫਿਰ ਓਹੀ ਗੁਰੂ ਬਾਲਕ ਮੁਸਕਰਾਉਂਦੇ ਹੋਏ ਨਜ਼ਰ ਆਏ। ਪੰਡਤ ਅਗੇ ਵਧ ਕੇ ਚਰਨਾਂ ਤੇ ਡਿੱਗਣ ਲਗਾ ਤਾਂ, 'ਪੰਡਤ ਜੀ ਝਾਤ ਪੰਡਤ ਜੀ ਝਾਤੂ' ਕਹਿੰਦੇ ਕਹਿੰਦੇ ਦੂਰ ਨੱਸ ਗਏ।

ਪੰਡਤ ਸ਼ਿਵਦੱਤ ਦੇ ਹੁਣ ਸੰਸੇ ਤੇ ਭਰਮ ਦੂਰ ਹੋ ਗਏ ਸਨ। ਉਸ ਨੂੰ ਤਾ ਪ੍ਰਤੱਖ ਪ੍ਰਤੀਤ ਹੋ ਗਈ ਕਿ ਸਚਮੁਚ ਹੀ ਕਲਜੁਗ ਦੇ ਸਮੇਂ ਵਿਚ ਭਗਵਾਨ ਆਪ ਹੀ ਪ੍ਰਗਟ ਹੋਏ ਹਨ। ਸ੍ਰੀ ਦਸਮੇਸ਼ ਜੀ ਬਾਲਕਾਂ ਨਾਲ ਖੇਡਦੇ ਖੇਡਦੇ ਫਿਰ ਪੰਡਤ ਜੀ ਦੇ ਨੇੜੇ ਆ ਗਏ ਤੇ ਹੁਣ ਪੰਡਤ ਜੀ

ਤੋਂ ਨਸੇ ਨਾ। ਸਭ ਦੇ ਵੇਖਦਿਆਂ ਹੀ ਉਹ ਸ੍ਰੀ ਦਸਮੇਸ਼ ਜੀ ਦੇ ਚਰਨਾਂ ਨਾਲ ਲਿਪਟ ਗਿਆ ਤੇ ਕਹਿਣ ਲੱਗਾ, 'ਬੱਸ, ਕਿਰਪਾ ਕਰੋਂ, ਮੇਰੇ ਜਨਮ ਮਰਨ ਕੱਟ ਦਿਉਂ, ਮੈਂ ਹੋਰ ਕੁਝ ਨਹੀਂ ਮੰਗਦਾ।'

ਵਾਹ ਪੰਡਤ ਸ਼ਿਵਦੱਤ ਦੀ ਗੁਰੂ ਬਾਲਕ ਨਾਲ ਏਨੀ ਪ੍ਰੀਤੀ ਵਧੀ ਕਿ ਉਸ ਨੂੰ ਬ੍ਰਾਹਮਣੀ ਕਾਂਡ ਹੀ ਭੁੱਲ ਗਏ। ਉਹ ਗੁਰੂ ਜੀ ਦੀਆਂ ਖੇਡਾਂ ਦੇਖਣ ਲਈ ਕਦੇ ਉਨ੍ਹਾਂ ਦੇ ਚੜ੍ਹਨ ਲਈ ਘੋੜਾ ਲੈ ਆਵੇ, ਕਦੇ ਹਾਥੀ ਉਤੇ ਪਾਲਕੀ ਰਖ ਕੇ ਉਸ ਪਾਲਕੀ ਵਿਚ ਬਿਠਾ ਕੇ ਮਗਰ ਸਭ ਬਾਲਕਾਂ ਦੀ ਫੌਜ ਲਾ ਕੇ ਉਨ੍ਹਾਂ ਦਾ ਜਲੂਸ ਕੱਢ ਕੇ ਆਪਣੇ ਘਰ ਤਕ ਲਿਜਾ ਕੇ ਸਭ ਬਾਲਕਾਂ ਨੂੰ ਲੱਡੂ ਪੇੜੇ ਜਾਂ ਮਠਿਆਈਆਂ ਦੇ ਕੇ ਖੁਸ਼ ਕਰੇ।

ਇਉਂ ਪੰਡਤ ਸ਼ਿਵਦੱਤ ਗੁਰੂ ਬਾਲਕ ਦਾ ਪੱਕਾ ਸ਼ਰਧਾਲੂ ਬਣ ਗਿਆ ਤੇ ਹਰ ਸਮੇਂ ਦਰਸ਼ਨਾਂ ਦੀ ਤਾਂਘ ਵਿਚ ਹੀ ਰਹਿੰਦਾ।

**ਗੁਰੂ ਜੀ ਦੇ ਨਿਰਭੈਤਾ ਵਾਲੇ ਅਜਬ ਕੌਤਕ ਤੇ ਖੇਡਾਂ**

1. ਇਕ ਵਾਰ ਖੇਡਦੇ ਖੇਡਦੇ ਦਰਿਆ ਵਿਚ ਨਹਾ ਰਹੇ ਸਨ ਕਿ ਇਕ ਹੱਥ ਵਿਚੋਂ ਕੰਗਣ ਲੱਥ ਕੇ ਪਾਣੀ ਵਿਚ ਡਿਗ ਪਿਆ। 'ਚਲੋ ਡਿਗ ਪਿਆ ਹੈ ਤਾਂ ਕੀ' ਖੇਡਾਂ ਖੇਡਦੇ ਗੁਰੂ ਬਾਲਕ ਨੇ ਪਰਵਾਹ ਨਾ ਕੀਤੀ, ਪਰ ਜਦ ਕੁਝ ਚਿਰ ਮਗਰੋਂ ਘਰ ਆਏ ਤਾਂ ਮਾਤਾ ਜੀ ਨੇ ਇਕ ਹੱਥ ਵਿਚ ਕੰਗਣ ਨਾ ਦੇਖ ਕੇ ਕਿਹਾ, 'ਲਾਲਾ ਜੀ, ਦੂਜਾ ਕੰਗਣ ਕਿਥੇ ਹੈ?'

'ਮਾਤਾ ਜੀ, ਡਿੱਗ ਪਿਆ ਹੈ।'

'ਕਿੱਥੇ?'

'ਪਰ ਲੱਭੇਗਾ ਨਹੀਂ।'

'ਨਹੀਂ ਲਾਲ ਜੀ, ਚਲੋ ਮੇਰੇ ਨਾਲ, ਦਸੋ ਤਾਂ ਸਹੀਂ।'

'ਚਲੋ ਆਓ, ਦਸਾਂ।'

ਮਾਤਾ ਜੀ ਤੇ ਕੁਝ ਸੇਵਕ ਬਾਲਾ ਪ੍ਰੀਤਮ ਜੀ ਦੇ ਨਾਲ ਚੱਲ ਪਏ। ਹੌਲੀ ਹੌਲੀ ਮੁਸਕਰਾਉਂਦੇ ਤੇ ਚਲਦੇ ਚਲਦੇ ਦਰਿਆ ਦੇ ਕਿਨਾਰੇ ਜਾ ਪੁਜੇ। ਦਰਿਆ ਦੇ ਕਿਨਾਰੇ ਪੁਜ ਕੇ

ਦੂਜਾ ਕੰਗਣ ਵੀ ਅਛੋਪਲੇ ਹੀ ਲਾਹ ਕੇ ਹੱਥ ਵਿਚ ਫੜ ਲਿਆ। ਮਾਤਾ ਜੀ ਨੇ ਕਿਹਾ, ਕਿਥੇ ਡਿਗਾ ਹੈ ਲਾਲ ਜੀ, ਦਸੋ?' ਤਾਂ ਹੱਥ ਵਿਚ ਫੜਿਆ ਕੰਗਣ ਦਰਿਆ ਵਿਚ ਵਗਾਹ ਕੇ ਸੁੱਟ ਦਿਤਾ ਤੇ ਕਹਿਣ ਲਗੇ, 'ਮਾਤਾ ਜੀ, ਨਾਉਂਦੇ ਨਾਉਂਦੇ ਇਥੇ ਕੁ ਡਿਗਾ ਸੀ।' ਮਾਤਾ ਨਾਨਕੀ ਜੀ ਇਸ ਅਸਚਰਜ ਕੌਤਕ ਨੂੰ ਵੇਖ ਕੇ ਚੁਪ ਹੀ ਕਰ ਗਏ। ਗੁਸੇ ਨੂੰ ਵਿਚੇ ਵਿਚ ਪੀ ਗਏ। ਉਹ ਪਤੀ ਗੁਰੂ ਜੀ (ਗੁਰੂ ਤੇਗ ਬਹਾਦਰ ਜੀ ਦੀ ਹਦਾਇਤ ਸੀ, ਕਿ ਸਾਹਿਬਜ਼ਾਦੇ ਨੂੰ ਕਿਸੇ ਗਲੋਂ ਵੀ ਗੁਸੇ ਨਹੀਂ ਹੋਣਾ, ਅਦਬ ਤੇ ਸਤਿਕਾਰ ਹੀ ਕਰਨਾ ਹੈ) ਦੀ ਸਿਖਿਆ ਨੂੰ ਹਰ ਸਮੇਂ ਚੇਤੇ ਰਖਦੇ ਸਨ। ਇਸ ਲਈ ਚੁਪ ਕੀਤੇ ਵਾਪਸ ਮੁੜ ਆਏ।

2 . ਪਟਨੇ ਵਿਚ ਇਕ ਕੋਹੜੀ ਸੀ, ਜੋ ਜ਼ਿੰਦਗੀ ਤੋਂ ਡਾਢਾ ਲਾਚਾਰ ਸੀ। ਉਸ ਦੇ ਨੇੜੇ ਕੋਈ ਨਹੀਂ ਸੀ ਲਗਦਾ। ਗਲੀਆਂ ਬਜ਼ਾਰਾਂ ਵਿਚ ਬਹਿੰਦਾ ਤਾਂ ਲੋਕ ਉਸ ਤੋਂ ਨਫਰਤ ਕਰਨ ਲਗਦੇ ਤੇ ਉਸ ਦੀ ਛੂਤ ਤੋਂ ਡਰਦੇ। ਵਿਚਾਰਾ ਦੁਖਾਂ ਦਾ ਮਾਰਿਆ ਬਾਹਰ ਦਰਿਆ ਦੇ ਕਿਨਾਰੇ ਜਾਂਦਾ, ਪਰ ਉਥੇ ਉਸ ਨੂੰ ਦੂਰ ਹੀ ਜਾਣਾ ਪੈਂਦਾ। ਇਕ ਵਾਰ ਇਹ ਕੋਹੜੀ ਦਰਿਆ ਕਿਨਾਰੇ ਬੈਠਾ ਸੀ ਕਿ ਬਾਲਾ ਪ੍ਰੀਤਮ ਜੀ ਬਾਲਕਾਂ ਦੀ ਫੌਜ ਨਾਲ ਖੇਡਦੇ ਖੇਡਦੇ ਓਧਰ ਆ ਗਏ। ਉਸ ਕੋਹੜੀ ਦੇ ਜ਼ਖਮ ਸਨ ਤੇ ਉਹ ਜ਼ਖਮਾਂ ਤੇ ਪਾਣੀ ਪੈਣ ਦੇ ਡਰ ਤੋਂ ਕਿਨਾਰੇ ਤੋਂ ਜ਼ਰਾ ਦੂਰ ਹੀ ਬੈਠਦਾ ਸੀ ਕਹੋੜੀ ਦੇ ਕੋਲ ਇਕ ਸੋਟੀ ਸੀ ਤੇ ਉਹ ਸੋਟੀ ਦੇ ਸਹਾਰੇ ਹੀ ਏਧਰ ਓਧਰ ਆਉਂਦਾ ਜਾਂਦਾ ਸੀ। ਉਸ ਉਤੇ ਚੋਜੀ ਗੁਰੂ ਬਾਲਕ ਨੂੰ ਤਰਸ ਆ ਗਿਆ।

ਉਨ੍ਹਾਂ ਨੇ ਇਕ ਬਾਲਕ ਨੂੰ ਇਸ਼ਾਰਾ ਕੀਤਾ ਕਿ ਇਸ ਦੀ ਸੋਟੀ ਚੁਕ ਲਵੋ। ਬਾਲਕ ਨੇ ਸੋਟੀ ਚੁਕ ਲਈ ਤੇ ਦਰਿਆ ਵਲ ਵਗਾਹ ਮਾਰੀ ਤੇ ਕਿਹਾ, 'ਲਓ ਬਈ, ਇਸ ਨੂੰ ਫੜੋ।' ਬਾਲਕ ਸੋਟੀ ਨੂੰ ਸੁਟਣ ਤੇ ਫੜਨ ਦੀ ਖੇਡੇ ਲਗ ਗਏ। ਕੋਹੜੀ ਕਲਪਣ ਲਗ ਗਿਆ। ਉਹ ਵਧ ਘਟ ਬੋਲਦਾ ਦਰਿਆ ਵਲ ਅਗੇ ਵਧਿਆ ਕਿ ਬਾਲਕਾਂ ਕੋਲੋਂ ਸੋਟੀ ਲਵੇ। ਜਿਉਂ ਹੀ ਉਹ ਅਗੇ ਵਧਿਆ, ਬਾਲਕ ਸਾਹਿਬਜ਼ਾਦਾ ਜੀ ਨੇ ਉਸ ਉਤੇ ਪਾਣੀ ਦੇ ਦੋ ਚਾਰ ਬੁਕ ਸੁਟ ਦਿਤੇ। ਕੋਹੜੀ ਤਾਂ ਡਰਦਾ ਸੀ ਤੇ ਦੁਖੀ ਸੀ, ਉਹ ਦਰਦ ਨਾਲ ਹਰ ਵੇਲੇ ਕਰਾਹੁੰਦਾ ਰਹਿੰਦਾ ਸੀ। ਉਹ ਵਧ ਘਟ ਬੋਲਣ ਹੀ ਲਗਾ ਸੀ ਕਿ ਪਾਣੀ ਪੈਂਦੇ ਹੀ ਉਸ ਦੀ ਦਰਦ ਰੁਕ ਗਈ, ਉਸ ਦਾ ਬੋਲ ਕੁਬੋਲ ਮੂੰਹ

ਵਿਚ ਹੀ ਰੁਕ ਗਿਆ, ਪਰ ਝਟ ਹੀ ਉਸ ਦੀ ਦਰਦ ਬਿਲਕੁਲ ਹੀ ਹਟ ਗਈ। ਉਹ ਬੋਲਿਆ, 'ਹੇ ਗੁਰੂ ਬਾਲਕ ਤੇਰਾ ਭਲਾ ਹੋਵੇ, ਮੇਰੇ ਉਤੇ ਹੋਰ ਪਾਣੀ ਸੁਟ, ਤੇਰੇ ਪਾਣੀ ਸੁਟਣ ਨੇ ਮੇਰੀ ਦਰਦ ਹਟਾ ਦਿਤੀ ਹੈ।

ਏਨੇ ਚਿਰ ਨੂੰ ਸਾਰੇ ਬਾਲਕ ਤੇ ਹੋਰ ਅਨੇਕਾਂ ਲੋਕ ਵੀ ਉਥੇ ਆ ਗਏ। ਕੋਹੜੀ ਦੇ ਹੱਥ ਜੁੜੇ ਹੋਏ ਸਨ।ਉਸ ਵੇਲੇ ਗੁਰੂ ਬਾਲਕ ਨੇ ਜਿਹੜੀ ਗੱਲ ਕੋਹੜੀ ਨੂੰ ਕਹੀ, ਉਸ ਨੂੰ ਸੁਣ ਕੇ ਸਾਰੇ ਹੀ ਦੰਗ ਰਹਿ ਗਏ। ਗੁਰੂ ਬਾਲਕ ਨੇ ਤੋਤਲੀ ਜ਼ਬਾਨ ਨਾਲ ਕੋਹੜੀ ਨੂੰ ਕਿਹਾ, ਓ ਭਲਿਆ, ਜਾਹ, ਤੇਰੇ ਕਰਮ ਰੋਗ ਪ੍ਰਭੂ ਨੇ ਹਟਾ ਦਿਤੇ ਹਨ। ਜਾਹ ਉਸ ਰੋਗ ਲਾਉਣ ਵਾਲੇ ਤੇ ਰੋਗ ਮਿਟਾਉਣ ਵਾਲੇ ਪ੍ਰਭੂ ਦਾ ਸਿਮਰਨ ਕਰਿਆ ਕਰ, ਵਧ ਘਟ ਬੋਲਣਾ ਛਡ ਦੇਹ, ਇਕੋ ਪ੍ਰਭੂ ਦਾ ਆਸਰਾ ਲੈ, ਉਸੇ ਦਾ ਨਾਮ ਜਪ, ਤੇਰਾ ਹੋਰ ਵੀ ਭਲਾ ਹੋ ਜਾਵੇਗਾ।'

3. ਗੁਰੂ ਬਾਲਕ ਦੇ ਇਸ ਕੌਤਕ ਦੀ ਸਾਰੇ ਸ਼ਹਿਰ ਵਿਚ ਧੁੰਮ ਪੈ ਗਈ। ਲੋਕ ਕੋਹੜੀ ਨੂੰ ਠੀਕ ਠਾਕ ਵੇਖਣ ਤੇ ਫਿਰ ਸਾਹਿਬਜ਼ਾਦਾ ਜੀ ਨੂੰ ਆ ਆ ਨਮਸਕਾਰਾਂ ਕਰਨ। ਇਹ ਗੱਲ ਇਕ ਮਾਈ ਨੇ ਵੀ ਸੁਣ ਲਈ, ਜੋ ਪਟਨੇ ਤੋਂ ਕੁਝ ਮੀਲਾਂ ਦੀ ਵਿਥ ਤੇ ਇਕ ਪਿੰਡ ਵਿਚ ਰਹਿੰਦੀ ਸੀ। ਉਸ ਦਾ ਇਕੋ ਇਕ ਪੁਤਰ ਸੀ, ਜੋ ਚਿਰਾਂ ਤੋਂ ਬੀਮਾਰ ਸੀ ਤੇ ਬੀਮਾਰੀ ਨਾਲ ਸੁਕ ਕੇ ਤੀਲੇ ਵਾਂਗ ਹੋ ਗਿਆ ਸੀ। ਉਹ ਮਾਤਾ ਆਪਣੇ ਸੁਕੇ ਤੇ ਬੀਮਾਰ ਪੁਤਰ ਨੂੰ ਚੁਕ ਕੇ ਪਟਨੇ ਲੈ ਆਈ। ਲੋਕਾਂ ਕੋਲੋਂ ਪੁਛਿਆ ਤਾਂ ਉਹਨਾਂ ਕਿਹਾ, ਗੰਗਾ ਕਿਨਾਰੇ ਚਲੀ ਜਾ, ਉਥੇ ਗੁਰੂ ਬਾਲਕ ਬਾਲਕਾਂ ਨਾਲ ਖੇਡਦੇ ਖੇਡਦੇ ਆ ਜਾਣਗੇ ਤਾਂ ਉਸ ਵੇਲੇ ਆਪਣੀ ਗੱਲ ਕਹੀਂ, ਹੁਣ ਉਨ੍ਹਾਂ ਤੇਰੀ ਗਲ ਨਹੀਂ ਸੁਣਨੀ।

ਮਾਤਾ ਪੁਤਰ ਨੂੰ ਲੈ ਕੇ ਗੰਗਾ ਕਿਨਾਰੇ ਆ ਗਈ। ਜਦ ਬਾਲ ਗੁਰੂ ਬਾਲਕਾਂ ਨਾਲ ਖੇਡਦੇ ਖੇਡਦੇ ਗੰਗਾ ਕਿਨਾਰੇ ਆ ਪੁਜੇ ਤਾਂ ਉਸ ਮਾਤਾ ਨੇ ਅਗੇ ਹੋ ਕੇ, ਵਗਦੇ ਹੰਝੂਆਂ ਨਾਲ ਆਪਣੇ ਪੁਤਰ ਦੀ ਬੀਮਾਰੀ ਦਾ ਹਾਲ ਦਸਿਆ। ਮੇਰੇ ਇਸ ਪੁਤਰ ਨੂੰ ਦੇਹ ਅਰੋਗਤਾ ਬਖਸ਼ੋ। ਮਾਈ ਨੇ ਤਰਲੇ ਲੈਣੇ ਸ਼ੁਰੂ ਕਰ ਦਿਤੇ। ਬਾਲਕਾਂ ਦੇ ਅਗੇ ਪਿਛੇ ਹੋ ਹੋ ਕੇ ਕਈ ਵਾਰ ਇਹ ਗਲ ਗੁਰੂ ਬਾਲਕ ਨੂੰ ਕਹੀ। ਹੱਡੀਆਂ ਦੀ ਮੁੱਠ ਹੋਏ ਬਾਲਕ ਨੂੰ ਦਿਖਾਇਆ।

ਬਾਲਾ ਪ੍ਰੀਤਮ ਦੇ ਹਿਰਦੇ ਨੂੰ ਮਾਤਾ ਦੇ ਕੀਰਨਿਆਂ ਨੇ ਦ੍ਰਵ ਦਿਤਾ। ਕਹਿਣ ਲਗੇ 'ਮਾਂ ਜੀ, ਇਸ ਨੂੰ ਗੰਗਾ ਦੇ ਜਲ ਵਿਚ ਨਵਾਓ ਤੁਹਾਡਾ ਪੁਤਰ ਠੀਕ ਹੋ ਜਾਏਗਾ।

ਮਾਂ ਦਵਾਈਆਂ ਦੇ ਦਾਰੂ ਕਰ ਕਰ ਥੱਕ ਚੁਕੀ ਸੀ। ਜਿਸ ਨੇ ਮਾਈ ਨੂੰ ਗੁਰੂ ਬਾਲਕ ਕੋਲ ਜਾਣ ਦੀ ਦੱਸ ਪਾਈ ਸੀ, ਕਿਹਾ ਸੀ, 'ਵੇਖੀ, ਉਸ ਦੇ ਬਚਨਾਂ ਵਿਚ ਹੀ ਸਭ ਤਾਕਤ ਹੈ, ਕਿਤੇ ਉਸਦੇ ਕਹੇ ਨੂੰ ਐਵੇ ਨਾ ਸੁੱਟ ਪਾਈਂ, ਜਿਵੇਂ ਕਹਿਣ, ਓਵੇਂ ਹੀ ਕਰੀਂ।' ਸੋ ਮਾਤਾ ਨੇ ਝਟ ਹੀ ਪੁਤਰ ਨੂੰ ਗੰਗਾ ਦੇ ਜਲ ਵਿਚ ਟੁੱਭਾ ਲਵਾ ਲਿਆ। ਮਾਤਾ ਟੁੱਭਾ ਲਵਾ ਕੇ ਪੁਤਰ ਨੂੰ ਘਰ ਲੈ ਆਈ। ਬੱਸ, ਫਿਰ ਕੀ ਸੀ, ਅੱਜ ਹੋਰ ਤੇ ਕੱਲ ਹੋਰ ਹੁੰਦਾ, ਪੰਦਰਾਂ ਦਿਨਾਂ ਵਿਚ ਹੀ ਉਸਦਾ ਪੁਤਰ ਠੀਕ ਠਾਕ ਹੋ ਗਿਆ।

## ਪਟਨੇ ਤੋਂ ਪੰਜਾਬ ਵਲ ਜਾਣ ਦੀ ਤਿਆਰੀ

ਸੰਮਤ ੧੭੨੮ ਚੜ੍ਹ ਗਿਆ ਸੀ। ਇਸੇ ਸੰਮਤ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਪੂਰੇ ਪੰਜ ਸਾਲ ਮਗਰੋਂ ਆਸਾਮ ਵਲੋਂ ਵਾਪਸ ਮੁੜੇ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਟਨੇ ਪੁਜਣ ਉਤੇ ਸਿਖ ਸੰਗਤਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ, ਪਰ ਗੁਰੂ ਜੀ ਬਹੁਤ ਛੇਤੀ ਪੰਜਾਬ ਵਲ ਜਾਣਾ ਚਾਹੁੰਦੇ ਸਨ। ਭੈੜੇ ਤੇ ਜ਼ੁਲਮੀ ਹਾਲਾਤ ਦੀਆਂ ਖਬਰਾਂ ਗੁਰੂ ਜੀ ਨੂੰ ਆਸਾਮ ਵਿਚ ਹੀ ਪਹੁੰਚ ਰਹੀਆਂ ਸਨ। ਅਨੰਦਪੁਰ ਦੀ ਨਗਰੀ ਜੋ ਗੁਰੂ ਜੀ ਨੇ ਵਸਾਈ ਸੀ ਉਹ ਗੁਰੂ ਜੀ ਦੀ ਗੈਰ ਹਾਜ਼ਰੀ ਕਰ ਕੇ ਬੇਆਬਾਦ ਤੇ ਬੇ ਰੌਣਕੀ ਹੋ ਚੁਕੀ ਸੀ।ਭਾਵੇਂ ਗੁਰੂ ਤੇਗ ਬਹਾਦਰ ਜੀ ਅੰਨਦਪੁਰ ਤੋਂ ਤੁਰਨ ਸਮੇਂ ਅਨੰਦਪੁਰ ਦੀ ਰਖਵਾਲੀ ਲਈ ਭਾਈ ਭਾਗੂ, ਭਾਈ ਰਾਮੇ, ਸਾਧੂ ਤੇ ਦੇਸ ਰਾਜ ਆਦਿਕ ਮੁਹਤਬਰ ਸਿਖਾਂ ਨੂੰ ਉਥੇ ਛੱਡ ਆਏ ਸਨ, ਪਰ ਫਿਰ ਵੀ ਗੁਰੂ ਜੀ ਦੇ ਨਾਲ ਹੀ ਨਗਰ ਦੀਆ ਰੌਣਕਾਂ ਵੀ ਚਲੀਆਂ ਗਈਆਂ। ਭਾਵੇਂ ਗੁਰੂ ਜੀ ਨੇ ਕੋਲੋਂ ਸਹਾਇਤਾ ਤੇ ਮਕਾਨ ਦੇ ਕੇ ਕਈ ਵਪਾਰੀ ਤੇ ਕਾਰੋਬਾਰੀ ਪਰਵਾਰ ਅਨੰਦਪੁਰ ਵਿਚ ਵਸਾਏ ਸਨ ਪਰ ਉਹ ਸਾਰੇ ਹੀ ਨਗਰ ਨੂੰ ਛੱਡ ਗਏ ਸਨ। ਪਰ ਦੂਜੇ ਪਾਸੇ ਸੋਢੀ ਸ਼ਰੀਕ ਤੇ ਰਾਮਰਾਇ, ਧੀਰਮੱਲ ਵਰਗੇ ਤਾਂ ਉਂਜ ਹੀ ਗੁਰੂ ਘਰ ਦੇ ਵਿਰੋਧੀ ਤੇ ਵੈਰੀ ਬਣੇ ਹੋਏ ਸਨ। ਸੋਢੀਆਂ ਤੇ ਰਾਮਰਾਇ ਨੇ ਔਰੰਗਜ਼ੇਬ ਤਕ

ਪਹੁੰਚ ਕਰ ਕੇ ਕਿਹਾ, 'ਹੱਕ ਤਾਂ ਗੱਦੀ ਤੇ ਬੈਠਣ ਦਾ ਰਾਮਰਾਇ ਦਾ ਸੀ, ਪਰ ਇਸ ਦੇ ਬਕਾਲੇ ਵਿਚ ਨਾ ਹੋਣ ਕਰ ਕੇ ਕਈਆਂ ਸਿਖਾਂ ਤੇ ਮਸੰਦਾਂ ਨੇ ਰਲ ਕੇ ਇਕ ਮਸਤ ਤੇ ਨਿਵੇਕਲਾ ਰਹਿਣ ਦੇ ਚਾਹਵਾਨ ਸੋਢੀ (ਗੁਰੂ ਤੇਗ ਬਹਾਦਰ ਜੀ) ਨੂੰ ਗੁਰੂ ਬਣਾ ਲਿਆ ਹੈ। ਭਾਈਚਾਰਾ ਇਸ ਦੇ ਉਲਟ ਹੈ, ਉਹ ਉਸ ਨੂੰ ਗੁਰੂ ਨਹੀਂ ਮੰਨਦਾ। ਸੋ ਜੇ ਤੁਸੀਂ ਉਸ ਨੂੰ ਏਥੇ ਬੁਲਾ ਕੇ ਦੇਖਣਾ ਚਾਹੋਂ ਤਾਂ ਦੇਖੋ ਆਪੇ ਤੁਹਾਨੂੰ ਪਤਾ ਲਗ ਜਾਏਗਾ।

ਔਰੰਗਜ਼ੇਬ ਬੜਾ ਚਤੁਰ ਸੀ। ਉਹ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਬੁਲਾ ਕੇ ਵੇਖ ਚੁਕਾ ਸੀ ਤੇ ਹੁਣ ਉਹ ਅਜੇ ਅਜਿਹਾ ਕਰਨ ਲਈ ਕੁਝ ਸਮੇਂ ਦੀ ਉਡੀਕ ਵਿਚ ਸੀ, ਇਸ ਲਈ ਉਹ ਨਾ ਮੰਨਿਆ ਤੇ ਸੋਢੀ ਸ਼ਰੀਕਾਂ ਦੀ ਪੇਸ਼ ਨਾ ਗਈ। ਸੋ ਇਸ ਤਰ੍ਹਾਂ ਪੰਜਾਬ ਵਿਚ ਪਰਜਾ ਵਿਰੁਧ ਸੋਢੀ ਸ਼ਰੀਕਾਂ ਵਲੋਂ ਢਾਹ ਲਗ ਰਹੀ ਸੀ, ਇਸ ਲਈ ਗੁਰੂ ਜੀ ਹੁਣ ਬਹੁਤ ਛੇਤੀ ਪੰਜਾਬ ਪਹੁੰਚਣਾ ਚਾਹੁੰਦੇ ਸਨ। ਸੋ ਉਨ੍ਹਾਂ ਨੇ ਪ੍ਰਵਾਰ ਨੂੰ ਹੁਕਮ ਦਿਤਾ ਕਿ ਉਹ ਸਾਹਿਬਜ਼ਾਦੇ ਸਮੇਤ ਅਜੇ ਪਟਨੇ ਵਿਚ ਹੀ ਠਹਿਰਨ ਤੇ ਅਸੀਂ ਜਦੋਂ ਜਾ ਕੇ ਸਾਰਾ ਪ੍ਰਬੰਧ ਠੀਕ ਠਾਕ ਕਰ ਕੇ ਲਿਖਾਂਗੇ, ਤਦ ਤੁਸਾਂ ਆ ਜਾਣਾ। ਸੋ ਇਸ ਤਰ੍ਹਾਂ ਗੁਰੂ ਜੀ ਦੋ ਚਾਰ ਦਿਨ ਪਟਨੇ ਠਹਿਰ ਕੇ, ਮਿਲ ਮਿਲਾ ਕੇ, ਪੰਜਾਬ ਵਲ ਚਲੇ ਗਏ। ਪਰ ਮਗਰੋਂ ਸਾਹਿਬਜ਼ਾਦਾ ਜੀ ਵੀ ਕਾਹਲੇ ਪੈਣ ਲਗ ਗਏ, ਉਹ ਪੰਜਾਬ ਜਾਣ ਲਈ ਜ਼ਿਦ ਕਰਦੇ। ਹੁਣ ਸਾਹਿਬਜ਼ਾਦਾ ਜੀ ਨੂੰ ਵੀ ਪਟਨੇ ਦਾ ਹੋਰ ਰਹਿਣਾ ਚੰਗਾ ਨਹੀਂ ਸੀ ਲਗ ਰਿਹਾ। ਨਾਲੇ ਸਾਹਿਬਜ਼ਾਦਾ ਜੀ ਦੇ ਨਿਡਰ ਸੁਭਾ ਤੇ ਲੜਾਈ ਭੜਾਈ ਵਾਲੀਆਂ ਖੇਡਾਂ ਤੋਂ ਮਾਤਾ ਜੀ ਆਪ ਵੀ ਚਿੰਤਾਤੁਰ ਸਨ। ਮੁਗਲ ਹਾਕਮਾਂ ਤਕ ਸਾਹਿਬਜ਼ਾਦਾ ਜੀ ਦੀ ਨਿਰਭੈਤਾ ਦੀਆਂ ਸ਼ਕਾਇਤਾਂ ਪੁਜ ਚੁਕੀਆਂ ਸਨ। ਪਰ ਉਧਰ ਰਾਜਾ ਬਿਸ਼ਨ ਸਿੰਘ ਦੀ ਸਫਲਤਾ ਤੇ ਗੁਰੂ ਤੇਗ ਬਹਾਦਰ ਜੀ ਦੀ ਪ੍ਰਭੁਤਾ ਤੇ ਮਾਨ ਵਡਿਆਈ ਦਾ ਵਡਾ ਅਸਰ ਹੋਣ ਕਰ ਕੇ, ਸ਼ਕਾਇਤਾਂ ਵਲ ਧਿਆਨ ਨਹੀਂ ਸੀ ਦਿਤਾ ਜਾ ਰਿਹਾ। ਨਾਲੇ ਸ਼ਾਤਰ ਔਰੰਗਜ਼ੇਬ ਵੇਖ ਵੇਖ ਹੱਥ ਪਾ ਰਿਹਾ ਸੀ, ਪਰ ਮਾਤਾ ਜੀ ਨੂੰ ਫਿਰ ਵੀ ਚਿੰਤਾ ਹੀ ਸੀ, ਇਸ ਲਈ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਮਗਰ ਹੀ ਸਿਖ ਨੂੰ ਚਿੱਠੀ ਲਿਖ ਕੇ ਭੇਜ ਦਿਤਾ ਗਿਆ।

ਗੁਰੂ ਤੇਗ ਬਹਾਦਰ ਸਾਹਿਬ ਜੀ ਛੇ ਸਾਲ ਮਗਰੋਂ ਅਨੰਦਪੁਰ ਪੁਜੇ ਸਨ। ਨਗਰੀ ਦੇ ਮਾਲਕ ਦੇ ਨਗਰੀ ਵਿਚ ਪੁਜਦੇ ਹੀ ਫਿਰ ਅਨੰਦਪੁਰ ਦੀਆਂ ਰੌਣਕਾਂ ਕੁਝ ਦਿਨਾਂ ਵਿਚ ਹੀ ਪਹਿਲੇ ਵਾਂਗ ਹੋ ਗਈਆਂ। ਪਟਨੇ ਤੋਂ ਜੋ ਸੁਨੇਹਾ ਪੁਜਾ ਸੀ ਤੇ ਸਾਹਿਬਜ਼ਾਦੇ ਦੀ ਜ਼ਿਦ ਕਿ ਉਹ ਤਹਾਡੇ ਦਰਸ਼ਨਾਂ ਲਈ ਕਾਹਲੇ ਹਨ ਤਾਂ ਗੁਰੂ ਜੀ ਨੇ ਕਿਹਾ, 'ਪਟਨੇ ਤੋਂ ਤੁਰ ਪਵੋ, ਪਰ ਅਜੇ ਕੁਝ ਮਹੀਨੇ ਅਨੰਦਪੁਰ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ, ਸੋ ਅੰਬਾਲੇ ਜ਼ਿਲੇ ਵਿਚ ਲਖਨੌਰ ਆ ਰਵੋ। ਉਥੋਂ ਜਦੋਂ ਅਸੀਂ ਸੁਨੇਹਾ ਭੇਜਾਂਗੇ, ਤੁਸੀਂ ਅਨੰਦਪੁਰ ਆ ਜਾਣਾ।

## ਪੀਰ ਆਰਫ ਦੀਨ ਤੇ ਪੀਰ ਭੀਖਨ ਸ਼ਾਹ ਨੇ ਦਰਸ਼ਨ ਕਰਨੇ

ਗੁਰੂ ਜੀ ਦੀ ਉਮਰ ਹੁਣ ਛੇ ਸਾਲ ਤੋਂ ਉਪਰ ਸੀ ਤੇ ਏਥੇ ਆ ਕੇ ਉਹ ਘੋੜ ਸਵਾਰੀ ਕਰਨ ਲਗ ਪਏ ਸਨ। ਏਥੋਂ ਨਾਲ ਹੀ ਕਸਬਾ ਘੁੜਾਮ ਸੀ ਤੇ ਉਥੋਂ ਦਾ ਪੀਰ ਆਰਫਦੀਨ ਪੁਜਿਆ ਫਕੀਰ ਤੇ ਕਰਾਮਾਤੀ ਮਸ਼ਹੂਰ ਸੀ। ਇਕ ਵੇਰ ਉਹ ਪਾਲਕੀ ਵਿਚ ਬੈਠਾ ਲਖਨੌਰ ਦੇ ਕੋਲੋਂ ਲੰਘਿਆ ਤਾਂ ਅਗੇ ਦਸਮੇਸ਼ ਜੀ ਨੂੰ ਬਾਲਕਾਂ ਵਿਚ ਖੇਡਦੇ ਵੇਖ ਕੇ ਝਟ ਹੀ ਪਾਲਕੀ ਵਿਚੋਂ ਉਤਰ ਕੇ, ਸੱਤ ਸਲਾਮਾਂ ਤੇ ਸਿਜਦਾ ਕੀਤਾ। ਫੇਰ ਸਾਹਿਬਜਾਦੇ ਦੇ ਕੋਲ ਪੁਜ ਕੇ ਨੂਰੀ ਦਰਸ਼ਨ ਰਜ ਕੇ ਕੀਤੇ ਤੇ ਨਾਲੇ ਗਲਾਂ ਬਾਤਾਂ ਵੀ ਕੀਤੀਆਂ। ਫੇਰ ਵਾਪਸ ਜਾਂਦੇ ਉਦੋਂ ਤਕ ਪਾਲਕੀ ਵਿਚ ਨਾ ਬੈਠਾ, ਜਦ ਤਕ ਗੁਰੂ ਬਾਲਕ ਨਜ਼ਰ ਆਉਂਦੇ ਰਹੇ। ਪੀਰ ਦੇ ਮੁਰੀਦਾਂ ਨੇ ਉਸ ਦੇ ਹਿੰਦੂ ਬਾਲਕ ਨੂੰ ਸਿਜਦਾ ਕਰਨ ਤੇ ਰੋਸ ਕੀਤਾ ਤਾਂ ਉਸ ਨੇ ਪੀਰ ਭੀਖਣ ਸ਼ਾਹ ਵਾਂਗ ਹੀ ਸਾਹਿਬਜਾਦੇ ਦੀ ਸਿਫਤ ਕਰ ਕੇ ਸੁਣਾਈ।

ਠਸਕਾ ਵਾਸੀ ਪੀਰ ਭੀਖਣ ਸ਼ਾਹ ਨੂੰ ਜਦ ਪਤਾ ਲਗਾ ਤਾਂ ਉਹ ਵੀ ਮੁਰੀਦਾ ਸਮੇਤ ਦਰਸ਼ਨ ਕਰਨ ਆਇਆ। ਅਗੇ ਉਸ ਨੇ ਪਟਨੇ ਜਾ ਕੇ ਮੁਰੀਦਾਂ ਸਮੇਤ ਨਿਕੇ ਜਿਹੇ ਸਾਹਿਬਜ਼ਾਦੇ ਦੇ ਦਰਸ਼ਨ ਕੀਤੇ ਸਨ ਤੇ ਕੁੱਜੀਆਂ ਨਾਲ ਅੱਲਾਹ ਦੇ ਰੂਪ ਦੀ ਪਰਖ ਕੀਤੀ ਸੀ, ਪਰ ਮੁਰੀਦਾਂ ਦਾ ਮਨ ਨਹੀਂ ਸੀ ਮੰਨਿਆ, ਪਰ ਹੁਣ ਮੁਰੀਦਾਂ ਦੀ ਤਸੱਲੀ ਕਰਾਨ ਲਈ ਉਸ ਨੇ ਫਿਰ ਦਸਮੇਸ਼ ਜੀ ਅਗੇ ਕੁੱਜੀਆਂ ਰਖੀਆਂ ਤਾਂ ਉਹਨਾਂ ਨੇ ਦੋਹਾਂ ਤੇ ਹੱਥ ਰਖ ਦਿਤਾ ਤੇ ਫਿਰ ਗਲਾਂ ਬਾਤਾਂ ਕਰ ਕੇ ਵੀ ਪੀਰ ਤੇ ਉਸ ਦੇ ਮੁਰੀਦਾਂ ਨੇ ਵੀ ਤਸੱਲੀ ਕਰ ਲਈ ਕਿ ਵਾਕਈ ਇਹ ਸਾਹਿਬਜ਼ਾਦਾ

ਖੁਦਾਈ ਹੈ ਤੇ ਉਹਨਾਂ ਦੀਆ ਖੇਡਾ ਤੀਰ, ਗੁਲੇਲੇ, ਤਲਵਾਰ ਤੇ ਕਟਾਰ ਦੀਆਂ ਵੇਖ ਕੇ ਇਹੋ ਸਮਝ ਪਈ ਕਿ ਇਹ ਸਾਹਿਬਜ਼ਾਦਾ ਵੱਡਾ ਹੋ ਕੇ ਜ਼ਰੂਰ ਹੀ ਜ਼ੁਲਮ ਤੇ ਅਨਿਆਏ ਵਿਰੁਧ ਲੜੇਗਾ। ਤੀਜਾ ਪੰਥ ਪ੍ਰਗਟ ਕਰ ਕੇ ਕਲਜੁਗ ਵਿਚ ਸਤਿਜੁਗ ਵਰਤਾ ਦੇਵੇਗਾ।

## ਲਖਨੌਰ ਤੋਂ ਅਨੰਦਪੁਰ ਜਾਣਾ

ਪੂਰੇ ਛੇ ਮਹੀਨੇ ਪਿਛੋਂ, ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ਼ਾਹਿਬਜ਼ਾਦਾ ਜੀ ਨੂੰ ਅਨੰਦਪੁਰ ਆਗਿਆ ਕਰ ਭੇਜੀ। ਮਾਮਾ ਕ੍ਰਿਪਾਲ ਚੰਦ ਜੀ ਨੇ ਸਾਹਿਬਜ਼ਾਦੇ ਦੀ ਇਛਿਆ ਅਨੁਸਾਰ ਕਲਗੀ ਜਿਗ੍ਹਾ ਵੀ ਦਸਤਾਰ ਵਿਚ ਸਜਾਉਣੇ ਸ਼ੁਰੂ ਕਰ ਦਿਤੇ ਸਨ ਤੇ ਉਹਨਾਂ ਦੀ ਰੁਚੀ ਅਨੁਸਾਰ ਘੋੜ ਸਵਾਰੀ ਦੀ ਪ੍ਰੈਕਟਿਸ ਵੀ ਕਰਾ ਦਿਤੀ ਸੀ। ਸੋ ਲਖਨੌਰ ਤੋਂ ਬੜੀ ਸੁੰਦਰਤਾ ਨਾਲ ਸਜ ਕੇ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਤੁਰ ਪਏ। ਪਟਨੇ ਤਾਂ ਜਨਮ ਹੋਇਆ ਤੇ ਉਥੇ ਅਨੇਕਾਂ ਹੀ ਚੋਜ ਸਾਹਿਬਜ਼ਾਦਾ ਜੀ ਦੇ ਕੀਤੇ ਹੋਣ ਕਰ ਕੇ, ਉਥੋਂ ਦੇ ਲੋਕਾਂ ਦਾ ਪ੍ਰੇਮ ਤੇ ਪਿਆਰ ਵਧ ਤੋਂ ਵਧ ਹੋਣਾ ਕੁਦਰਤੀ ਸੀ, ਪਰ ਲਖਨੌਰ ਵਿਚ ਭਾਵੇਂ ਕੇਵਲ ਛੇ ਮਹੀਨੇ ਹੀ ਰਹੇ, ਪਰ ਏਥੋਂ ਦੇ ਪੀਰ ਆਰਫ. ਦੀਨ ਤੇ ਪੀਰ ਭੀਖਣ ਸ਼ਾਹ ਨੇ ਗੁਰੂ ਬਾਲਕ ਦੀ ਸ਼ੋਭਾ ਨੂੰ ਏਨਾ ਪ੍ਰਚਾਰ ਦਿਤਾ ਸੀ ਕਿ ਹਰ ਸਮੇਂ ਹੀ ਸੈਂਕੜੇ ਸਿਖਾਂ ਦੀ ਭੀੜ ਲਖਨੌਰ ਵਿਚ ਸਾਹਿਬਜ਼ਾਦਾ ਜੀ ਦੇ ਦਰਸ਼ਨਾਂ ਲਈ ਲੱਗੀ ਰਹਿੰਦੀ। ਸਾਹਿਬਜ਼ਾਦਾ ਜੀ ਦੀ ਦਰਸ਼ਨ ਭੇਟਾ ਕਾਰਨ ਹੀ ਏਨਾ ਧਨ ਆਉਂਦਾ ਕਿ ਸਾਹਿਬਜਾਦਾ ਜੀ ਏਥੇ ਵੀ ਅਨੇਕਾਂ ਵਾਰ ਬਾਲਕਾਂ ਨੂੰ, ਜੋ ਚਾਹੁੰਦੇ, ਉਹੋ ਹੀ ਖੁਆ ਪਿਆ ਦੇਂਦੇ ਜਾਂ ਚੀਜ਼ਾਂ ਵਸਤਾਂ ਦੇ ਦੇਂਦੇ। ਇਸ ਤੋਂ ਬਿਨਾਂ ਜਾਚਕ ਜੋ ਵੀ ਜਾਚਨਾ ਕਰਦੇ ਉਹੀ ਸਾਹਿਬਜ਼ਾਦਾ ਜੀ ਦੇ ਦੇਂਦੇ ਸਨ। ਸੋ ਇਹੋ ਜਿਹੇ ਕਾਰਨਾਂ ਕਰ ਕੇ ਸਾਹਿਬਜ਼ਾਦਾ ਜੀ ਜਦੋਂ ਲਖਨੌਰ ਤੋਂ ਤੁਰਨ ਲਗੇ ਤਾ ਲਖਨੌਰ ਦੇ ਬਾਲਕ ਸਾਥੀਆਂ ਦੇ ਨੇਤਰਾਂ ਵਿਚੋਂ ਵੀ ਪਿਆਰ ਹੰਝੂ ਵਗ ਤੁਰੇ। ਹੋਰ ਆਮ ਇਸਤਰੀ ਪੁਰਸ਼ਾਂ ਦਾ ਪਿਆਰ ਤਾਂ ਜੋ ਹੈ ਸੀ, ਸੋ ਹੈ ਸੀ। ਪਰ ਏਥੇ ਸਾਥੀ ਹਾਣੀ ਬਾਲਕਾਂ ਦੇ ਪਿਆਰ ਦਾ ਡਾਢਾ ਨਜ਼ਾਰਾ ਪੈਦਾ ਹੋ ਗਿਆ। ਮਾਤਾ ਜੀ ਸਭ ਬਾਲਕਾਂ ਨੂੰ ਪਿਆਰ ਦੇ ਦੇ ਕੇ ਆਖ ਰਹੇ ਸਨ 'ਪੁਤਰੋ ਅਸੀਂ ਅਨੰਦਪੁਰ ਜਾ ਰਹੇ ਹਾਂ। ਅਸਾਂ ਆਪਣੇ ਨਗਰ ਨੂੰ ਤਾਂ ਅਖੀਰ ਜਾਣਾ ਸੀ। ਤੁਹਾਡੇ ਪਾਸ ਤਾਂ ਕੁਝ ਦਿਨਾਂ ਦੇ ਪ੍ਰਾਹੁਣੇ ਹੀ ਸਾਂ।'

ਇਸ ਸਮੇਂ ਮਾਤਾ ਜੀ ਨੇ ਸਭ ਬਾਲਕਾਂ ਨੂੰ ਮਠਿਆਈ ਵੰਡੀ ਤੇ ਰਥ ਤੇ ਸਵਾਰ ਹੋ ਗਏ। ਸਾਹਿਬਜ਼ਾਦੇ ਨਾਲ ਮਾਮਾ ਕ੍ਰਿਪਾਲ ਚੰਦ ਤੇ ਕੁਝ ਹੋਰ ਸਿਖ ਘੋੜਿਆਂ ਤੇ ਸਵਾਰ ਸਨ। ਲਖਨੌਰ ਵਾਸੀਆਂ ਤੋਂ ਛੁਟੀ ਲਈ ਤੇ ਤੁਰ ਪਏ। ਰੋਪੜ ਦੇ ਰਸਤੇ ਜਾਂਦੇ ਜਾਂਦੇ ਕੀਰਤਪੁਰ ਜਾ ਪੁਜੇ। ਸੂਰਜ ਮੱਲ ਜੀ ਦੇ ਪੁਤਰ ਤੇ ਪੋਤਰਿਆਂ ਨੇ ਆਪ ਦਾ ਬੜਾ ਸੁਆਗਤ ਕੀਤਾ ਤੇ ਮਾਤਾ ਨਾਨਕੀ ਜੀ ਨੇ ਵੀ ਉਹਨਾਂ ਨੂੰ ਯਥਾ ਜੋਗ ਸਿਰ ਵਾਰਨੇ ਦਿਤੇ। ਇਥੇ ਅਨੰਦਪੁਰ ਤੋਂ ਗੁਰੂ ਜੀ ਦੇ ਭੇਜੇ ਹੋਏ ਸਿਖ ਪੁਜੇ। ਇਥੋਂ ਇਕ ਜਲੂਸ ਦੀ ਸ਼ਕਲ ਵਿਚ ਸਭ ਅਨੰਦਪੁਰ ਨੂੰ ਤੁਰੇ। ਨੇੜੇ ਗਏ ਤਾਂ ਅਗੋਂ ਅਨੰਦਰਪੁਰ ਦੀ ਸੰਗਤ ਢੋਲਕੀਆਂ ਛੈਣੇ ਵਜਾਉਂਦੀ ਆ ਮਿਲੀ। ਵਡੇ ਉਤਸ਼ਾਹ ਤੇ ਉਮਾਹ ਨਾਲ 21 ਮਾਘ ਸੰਮਤ 1729 ਨੂੰ ਸ੍ਰੀ ਦਸਮੇਸ਼ ਜੀ ਸ੍ਰੀ ਅਨੰਦਪੁਰ ਵਿਚ ਦਾਖਲ ਹੋਏ। ਸ੍ਰੀ ਗੁਰੂ ਤੇਗ ਬਹਾਦਰ ਜੀ ਅਗੋਂ ਆ ਮਿਲੇ ਤੇ ਉਹਨਾਂ ਨੇ ਮਾਤਾ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ ਤੇ ਫਿਰ ਸਾਹਿਬਜ਼ਾਦਾ ਜੀ ਨੂੰ ਗਲਵਕੜੀ ਵਿਚ ਲੈ ਲਿਆ।

ਸਾਹਿਬਜ਼ਾਦਾ ਜੀ ਆ ਰਹੇ ਹਨ, ਇਹ ਖਬਰ ਸਭ ਪਾਸੇ ਫੈਲ ਚੁਕੀ ਹੋਈ ਸੀ। ਇਸ ਲਈ ਅੰਨਦਪੁਰ ਪੁਜਦੇ ਹੀ ਸੰਗਤਾਂ ਦੇ ਵਹੀਰ ਅਨੰਦਪੁਰ ਪੁਜਣੇ ਸ਼ੁਰੂ ਹੋ ਗਏ। ਸਾਹਿਬਸ਼ਾਦਾ ਜੀ ਦੀ ਨੂਰਾਨੀ ਸੂਰਤ ਤੇ ਕਲਗੀ ਜਿਗ੍ਹਾ ਨਾਲ ਸਜੀ ਮੂਰਤ ਸਭ ਨੂੰ ਡਾਢੀ ਪਿਆਰੀ ਲਗੇ। ਸਭ ਬਲਿਹਾਰੇ ਤੇ ਸਦਕੇ ਹੋ ਹੋ ਜਾਵਨ।

## ਅਨੰਦਪੁਰ ਵਾਸ,ਖੇਡਾਂ ਤੇ ਵਿਦਿਆ ਸਿਖਲਾਈ

ਗੁਰਮੁਖੀ ਅੱਖਰ ਭਾਵੇਂ ਮਾਤਾ ਜੀ ਨੇ ਸਾਹਿਬਜ਼ਾਦੇ ਨੂੰ ਪਟਨੇ ਤੋਂ ਤੁਰਨ ਸਮੇਂ ਤੇ ਲਖਨੌਰ ਵਿਚ ਸਿਖਾਏ ਸਨ, ਪਰ ਹੁਣ ਗੁਰੂ ਤੇਗ ਬਹਾਦਰ ਜੀ ਨੇ ਮੁਨਸ਼ੀ ਸਾਹਿਬ ਚੰਦ ਕੋਲੋਂ, ਸੂਰਜ ਮੱਲ ਦੇ ਪੋਤਰਿਆਂ, ਬੀਬੀ ਵੀਰੋ ਦੇ ਪੁਤਰਾਂ, ਭਾਈ ਮਨੀਆਂ (ਭਾਈ ਮਨੀ ਸਿੰਘ) ਆਦਿ ਹੋਰ ਅਨੇਕਾ ਬਾਲਕਾਂ ਦੇ ਸੰਗ ਸਾਥ ਪੜ੍ਹਾਈ ਕਰਾਉਂਣੀ ਸ਼ੁਰੂ ਕਰ ਦਿਤੀ। ਇਹੀ ਬੱਚੇ ਖੇਡਾਂ ਦੇ ਸਾਥੀ ਸਨ।ਇਸ ਲਈ ਬਾਲਕ ਦਸਮੇਸ਼ ਖੇਡਾਂ ਵਿਚ ਵੀ ਅਗੇ ਸਨ ਤੇ ਪੜ੍ਹਾਈ ਵਿਚ ਉਹ ਏਨਾਂ ਅਗੇ ਨਿਕਲੇ ਕਿ ਕੁਝ ਮਹੀਨਿਆਂ ਵਿਚ ਹੀ ਗੁਰਬਾਣੀ ਦਾ ਪਾਠ ਤੇ ਹੋਰ ਅਨੇਕਾਂ ਪੁਸਤਕਾਂ ਨੂੰ ਤਤਕਾਲ ਹੀ ਪੜ੍ਹਨ ਲਗ ਗਏ। ਗੁਰਮੁਖੀ ਜਦੋਂ ਚੰਗੀ ਤਰ੍ਹਾਂ ਪੜ੍ਹ ਗਏ ਤਾਂ ਫੇਰ ਗੁਰੂ ਜੀ ਪੀਰ

ਮੁਹੰਮਦ ਦੀਨ ਕਾਜ਼ੀ ਤੋਂ ਫਾਰਸੀ ਦੀ ਪੜ੍ਹਾਈ ਕਰਾਉਣੀ ਸ਼ੁਰੂ ਕਰਾ ਦਿਤੀ ਭਾਂਵੇਂ ਹੋਰ ਬਾਲਕ ਵੀ ਕਈ ਪੜ੍ਹਦੇ ਸਨ, ਪਰ ਦਸਮੇਸ਼ ਜੀ ਦੀ ਤੀਖਣ ਬੁਧੀ ਵਿਚ ਅਜੇਹੀ ਸੋਝੀ ਤੇ ਸਮਝ ਸੀ ਕਿ ਗੁਰਮੁਖੀ ਅੱਖਰਾਂ ਵਾਂਗ ਹੀ ਫਾਰਸੀ ਵੀ ਕੁਝ ਮਹੀਨਿਆਂ ਵਿਚ ਹੀ ਸਿੱਖ ਗਏ। ਏਨੇ ਆਲਮਾਨਾ ਅਰਥ ਕਰਨ ਲਗ ਪਏ ਕਿ ਕਾਜ਼ੀ ਨੂੰ ਵੀ ਜਿਹੜੇ ਅਰਥ ਭਾਵ ਨਹੀਂ ਸੀ ਆਉਂਦੇ, ਉਹ ਵੀ ਬਾਲਕ ਦਸਮੇਸ਼ ਜੀ ਨੇ ਸੁਖੈਨ ਹੀ ਸਮਝਾ ਦੇਣੇ। ਸ਼ਗਿਰਦ ਬਣੇ ਉਸਤਾਦ ਬਣ ਗਏ। ਕਾਜ਼ੀ ਨੂੰ ਸਮਝ ਪੈ ਗਈ ਕਿ ਆਮ ਮਨੁੱਖੀ ਅਕਲ ਏਥੋਂ ਤਕ ਨਹੀਂ ਪੁੱਜ ਸਕਦੀ। ਉਸ ਨੂੰ ਪੀਰ ਭੀਖਣ ਸ਼ਾਹ ਤੇ ਪੀਰ ਆਰਫ ਦੀਨ ਦੀ ਗੱਲ ਕਿਸੇ ਨੇ ਸੁਣਾਈ, ਬੱਸ ਇਸ ਕਾਜ਼ੀ ਨੇ ਪ੍ਰਤੱਖ ਵੇਖ ਲਈ ਤੇ ਅੱਲਾਹ ਦਾ ਨੂਰ ਬਾਲਕ ਦਸਮੇਸ਼ ਜੀ ਨੂੰ ਨਮਸਕਾਰ ਕਰਨੀ ਸ਼ੁਰੂ ਕਰ ਦਿਤੀ। ਜੇ ਗੁਰੂ ਜੀ ਆਪ ਕੋਈ ਗੱਲ ਪੁਛਣ ਤਾਂ ਕਾਜ਼ੀ ਨੇ ਬੜੇ ਅਦਬ ਸਤਿਕਾਰ ਨਾਲ ਦਸਣੀ। ਵਿਦਿਆ ਦੇ ਨਾਲ ਹੀ ਸ਼ਸਤਰ ਵਿਦਿਆ, ਤਲਵਾਰ, ਖੰਡਾ,ਬੰਦੂਕ ਦੀ ਵਰਤੋਂ, ਤੀਰ ਅੰਦਾਜ਼ੀ, ਘੋੜ ਸਵਾਰੀ, ਤੀਰ ਤੇ ਕੁਸ਼ਤੀ ਆਦਿ ਵੀ ਨਿਪੁੰਨਤਾ ਨਾਲ ਹਾਸਲ ਕਰ ਰਹੇ ਸਨ।

ਇਉਂ ਵਿਦਿਆ ਵਿਚ ਇਕ ਸਾਲ ਵਿਚ ਹੀ ਨਿਪੁੰਨ ਹੋ ਗਏ ਤਾਂ ਬਾਕੀ ਦੀ ਕ੍ਰਿਪਾ ਪਿਤਾ ਗੁਰੂ ਜੀ ਨੇ ਆਪ ਕਰ ਦਿਤੀ। ਅਕਾਲ ਪੁਰਖ ਦੇ ਪੁਤਰ ਨੂੰ ਜਿਸ ਲਿਵ ਤੋ ਦੋ ਤੋਂ ਇਕ ਹੋ ਜਾਣ ਵਾਲੀ ਹਾਲਤ ਵਿਚੋਂ ਨਿਖੜ ਕੇ ਅਕਾਲ ਪੁਰਖ ਦੇ ਹੁਕਮ ਨਾਲ ਸੰਸਾਰ ਵਿਚ ਆਏ ਸਨ, ਉਹੀ ਸੁਰਤ ਗੁਰੂ ਕ੍ਰਿਪਾ ਨਾਲ ਸੰਸਾਰ ਵਿਚ ਇਕ ਅਕਾਲ ਪੁਰਖ ਨਾਲ ਜੁੜਨ ਦੀ ਗੁਰੂ ਕ੍ਰਿਪਾ ਨਾਲ ਪ੍ਰਾਪਤ ਹੋ ਗਈ। ਇਹੀ ਕਾਰਨ ਸੀ ਕਿ ਸਾਹਿਬਜ਼ਾਦਾ ਜੀ ਨੂੰ ਬ੍ਰਹਮ ਵਿਦਿਆ ਆਪ ਤੋਂ ਆਪ ਹੀ ਸਫੁਰਨ ਹੋ ਰਹੀ ਸੀ। ਇਸ ਦੇ ਨਾਲ ਹੀ ਉਹ ਬੀਰ ਰਸੀ ਖੇਡਾਂ ਵਿਚ ਵੀ ਪੂਰਨਤਾਈ ਪ੍ਰਾਪਤ ਕਰ ਰਹੇ ਸਨ।

### ਮਾਤਾ ਜੀਤੋ ਜੀ ਨਾਲ ਵਿਆਹ ਹੋਣਾ

ਸੰਮਤ 173● ਚੜ੍ਹ ਗਿਆ। ਵੈਸਾਖੀ ਦੇ ਮੇਲੇ ਉਤੇ ਇਸ ਵਾਰੀ ਖਾਸ ਰੌਣਕਾਂ ਹੋਈਆ। ਸਾਹਿਬਜਾਦੇ ਦੇ ਦਰਸ਼ਨਾਂ ਦੀ ਤਾਂਘ ਨਾਲ ਸੰਗਤਾ ਵਿਸ਼ੇਸ਼ ਤੌਰ ਤੇ ਪੁਜੀਆਂ ਸਨ। ਲਾਹੌਰ ਸ਼ਹਿਰ ਦੀ ਸੰਗਤ ਵਿਚ ਹਰਜੱਸ ਨਾਮ ਦਾ ਖੱਤਰੀ ਵੀ ਦਰਸ਼ਨਾਂ ਲਈ ਅਨੰਦਪੁਰ ਪੁਜਾ ਸੀ।

ਉਸ ਨੇ ਸਾਹਿਬਜ਼ਾਦੇ ਦੇ ਅਰਪਨ ਆਪਣੀ ਸਪੁਤਰੀ ਜੀਤੋਂ ਨੂੰ ਕਰਨ ਦਾ ਮਨ ਬਣਾਇਆ ਤੇ ਕੁਝ ਮੁਖੀ ਸਿਖਾਂ ਦੀ ਸਲਾਹ ਨਾਲ ਉਸ ਨੇ ਭਰੇ ਦੀਵਾਨ ਵਿਚ ਸਗਨ ਦਸਮੇਸ਼ ਬਾਲਕ ਦੀ ਝੋਲੀ ਵਿਚ ਪਾ ਦਿਤਾ। ਉਸਨੇ ੧੫ ਜੇਠ ਦਾ ਸਾਹਾ ਸੁਧਾ ਕੇ ਬਨੇਤੀ ਕੀਤੀ ਸੱਚੇ ਪਾਤਸ਼ਾਹ ਮੇਰੀ ਰੀਝ ਹੈ ਕਿ ਜੰਞ ਲੈ ਕੇ ਤੁਸੀਂ ਲਾਹੌਰ ਆਵੋ। ਸਾਰਾ ਸ਼ਹਿਰ ਤੁਹਾਡੇ ਤੇ ਸਾਹਿਬਜ਼ਾਦਾ ਜੀ ਦੇ ਦਰਸ਼ਨ ਕਰ ਕੇ ਨਿਹਾਲ ਹੋਵੇ।'

'ਸਿੱਖਾਂ, ਇਸ ਸਮੇਂ ਸਾਨੂੰ ਅਨੰਦਪੁਰ ਤੋਂ ਬਾਹਰ ਜਾਣਾ ਠੀਕ ਨਹੀਂ ਜਾਪਦਾ। ਪਰ ਹਾਂ, ਤੇਰਾ ਸੰਕਲਪ ਵੀ ਪੂਰਾ ਹੋ ਜਾਵੇਗਾ। ਅਸੀਂ ਇਥੇ ਹੀ ਲਾਹੌਰ ਵਸਾ ਦਿਆਂਗੇ।'

ਸਿਖ ਹੈਰਾਨ ਹੋ ਗਿਆ, ਪਰ ਗੁਰੂ ਜੀ ਦੇ ਬਚਨਾਂ ਨੂੰ ਪਾਲਣ ਲਈ ਉਸ ਸਮੇਂ ਲਾਹੌਰ ਚਲਾ ਗਿਆ। ਗੁਰੂ ਜੀ ਨੇ ਕਿਹਾ ਸੀ, 'ਜੋ ਕੁਝ ਤੇਰੇ ਪਾਸ ਹੋਵੇ, ਉਹ ਲੈ ਆ, ਬਾਕੀ ਸਭ ਕੁਝ ਏਥੇ ਤਿਆਰ ਹੋ ਜਾਏਗਾ। ਤੂੰ ਕਿਸੇ ਗੱਲ ਦੀ ਚਿੰਤਾ ਨਹੀਂ ਕਰਨੀ।'

ਉਸ ਦੇ ਜਾਣ ਮਗਰੋਂ ਗੁਰੂ ਜੀ ਨੇ ਅਨੰਦਪੁਰ ਤੋਂ ਸੱਤ ਅੱਠ ਮੀਲ ਦੇ ਫਾਸਲੇ ਤੇ ਨੈਣਾਂ ਦੇਵੀ ਦੇ ਪਰਬਤ ਪੈਰਾਂ ਵਿਚ ਲਾਹੌਰ ਰਚ ਦਿਤਾ। ਦੋ ਤਿੰਨ ਬਜ਼ਾਰ ਬਣਾ ਦਿਤੇ। ਉਥੋਂ ਦੇ ਲੋਕਾਂ ਤੇ ਕੁਝ ਸਿਖਾਂ ਨੂੰ ਉਥੇ ਆਬਾਦ ਕਰ ਦਿਤਾ।

ਕੁਝ ਦਿਨਾਂ ਮਗਰੋਂ ਹਰਜੱਸ ਆਪਣੇ ਪਰਵਾਰ ਤੇ ਬਹੁਤ ਸਾਰੇ ਸਨਬੰਧੀਆਂ ਸਮੇਤ ਅਨੰਦਪੁਰ ਪੁਜਾ ਤਾਂ ਗੁਰੂ ਜੀ ਨੇ ਉਸ ਨੂੰ ਗੁਰੂ ਕੇ ਲਾਹੌਰ ਵਿਚ ਇਕ ਸੁੰਦਰ ਮਕਾਨ ਬਣਵਾ ਦਿਤਾ ਤੇ ਉਥੇ ਹੀ ਉਸ ਨੇ ਵਿਆਹ ਲਈ ਸਭ ਕੁਝ ਤਿਆਰੀ ਕੀਤੀ। ਵਿਆਹ ਦੇ ਨੇੜੇ ਕਈ ਤੰਬੂ ਕਨਾਤਾਂ ਲਗ ਗਏ। ਹਜ਼ਾਰਾਂ ਸੰਗਤਾਂ ਦੀ ਭੀੜ ਭਾੜ ਅਨੰਦਪੁਰ ਵਿਚ ਤੇ ਓਧਰ ਗੁਰੂ ਕੇ ਲਾਹੌਰ ਦੋਹੀਂ ਪਾਸੀਂ ਹੋ ਗਈ। ਮਾਤਾ ਨਾਨਕੀ ਜੀ ਨੂੰ ਆਪਣੇ ਪੋਤਰੇ ਦੇ ਵਿਆਹ ਦਾ ਬੜਾ ਹੀ ਚਾਉ ਸੀ। ਉਹਨਾਂ ਨੇ ਮਾਤਾ ਜੀਤੋ ਜੀ ਨੂੰ ਵੇਖ ਕੇ ਡਾਢਾ ਹੀ ਪਿਆਰ ਕੀਤਾ ਤੇ ਆਪਣੇ ਪੋਤਰੇ ਦੇ ਬਿਲਕੁਲ ਲਾਇਕ ਸਮਝਿਆ ਸੀ। ਇਸ ਲਈ ਗੁਰੂ ਘਰ ਵਲੋਂ ਮਾਤਾ ਨਾਨਕੀ ਜੀ ਹੀ ਸਭ ਕੁਝ ਕਰ ਕਰਾ ਰਹੇ ਸਨ। ਮਾਤਾ ਜੀ ਦੇ ਕਹੇ ਤੇ ਗੁਰੂ ਜੀ ਨੇ ਇਲਾਕਿਆਂ ਦੇ ਮਸੰਦਾਂ ਨੂੰ ਸ਼ਾਦੀ ਤੇ ਪੁਜਣ ਲਈ ਉਚੇਚੇ ਹੁਕਮ ਨਾਮੇ ਭਿਜਵਾਏ ਅਤੇ ਬੇਦੀ, ਤ੍ਰੇਹੇਣ, ਭੱਲੇ ਤੇ ਸੋਢੀ ਚਾਰੇ ਵੰਸਾਂ

ਦੇ ਮੁਖੀਆਂ ਨੂੰ ਵੀ ਸੱਦੇ ਭੇਜੇ। ਗੱਡਿਆਂ ਦੇ ਗੱਡੇ ਸਾਮਾਨ ਮੰਗਵਾਇਆ ਗਿਆ ਤੇ ਕੁਝ ਪ੍ਰੇਮੀ ਸਿਖ ਵੀ ਆਪ ਤੋਂ ਆਪ ਹੀ ਲਈ ਆ ਰਹੇ ਸਨ। ਇਸ ਤਰ੍ਹਾਂ ਵਿਆਹ ਦਾ ਸਮਾਂ ਇਕ ਵਡੇ ਮੇਲੇ ਵਰਗਾ ਹੋ ਗਿਆ।

## ਹਿੰਦੂਆਂ ਉਤੇ ਜਬਰ ਦੀ ਹਨੇਰੀ

ਇਹ ਉਹ ਸਮਾਂ ਸੀ, ਜਦ ਔਰੰਗਜ਼ੇਬ ਦੇ ਜਬਰ ਦਾ ਚੱਕਰ ਪੂਰੇ ਜੋਬਨ ਤੇ ਚੱਲਣ ਲਗ ਪਿਆ ਸੀ। ਉਸ ਨੇ ਹਿੰਦੂਆਂ ਨੂੰ ਤਲਵਾਰ ਦੇ ਜ਼ੋਰ ਦੀਨ ਇਸਲਾਮ ਕਬੂਲ ਕਰਾਉਣ ਦਾ ਤਹੱਈਆ ਕਰ ਲਿਆ ਸੀ। ਉਸ ਨੇ ਕਾਜ਼ੀਆਂ ਮੁੱਲਾ ਤੇ ਮੁਲਾਣਿਆਂ ਨੂੰ ਹਿੰਦੂਆਂ ਤੇ ਜਬਰ ਕਰਨ ਦੀ ਖੁੱਲ੍ਹ ਦੇ ਦਿਤੀ ਸੀ ਤੇ ਫਿਰ ਉਸ ਤੋਂ ਵਧ ਤਰਥੱਲੀ ਤਾਂ ਉਸ ਵੇਲੇ ਮੱਚੀ, ਜਦ ਔਰੰਗਜ਼ੇਬ ਨੇ ਇਹੀ ਹੁਕਮ ਵੇਲੇ ਦੇ ਸੂਬੇਦਾਰਾਂ ਨੂੰ ਵੀ ਭੇਜ ਦਿਤੇ। ਪੰਜਾਬ ਤੇ ਕਸ਼ਮੀਰ ਵਿਚ ਇਸ ਜ਼ੁਲਮੀ ਚੱਕਰ ਦਾ ਝੱਖੜ ਹੀ ਝੁਲ ਪਿਆ। ਕਸ਼ਮੀਰ ਨੂੰ ਸਵਰਗ ਦੀ ਤਸ਼ਬੀਹ ਦਿਤੀ ਜਾਂਦੀ ਸੀ ਤੇ ਇਸੇ ਤਰ੍ਹਾਂ ਇਥੋਂ ਦੇ ਰਹਿਣ ਵਾਲਿਆਂ ਨੂੰ ਵੀ ਦਿਮਾਗੀ ਤੌਰ ਤੇ ਉਚੀ ਅਕਲ ਵਾਲੇ ਸਮਝਿਆ ਜਾਂਦਾ ਸੀ। ਸੋ ਕੁਮੀਰ ਬਾਰੇ ਔਰੰਗਜ਼ੇਬ ਨੇ ਉਚੇਚਾਫੁਰਮਾਨ ਜਾਰੀ ਕਰ ਦਿਤਾ ਕਿ ਇਥੋਂ ਦੇ ਜ਼ਹੀਨ (ਵਿਦਵਾਨ) ਪੰਡਤ ਲੋਕਾਂ ਨੂੰ ਫੌਰਨ ਇਸਲਾਮ ਧਰਮ ਵਿਚ ਲੈ ਆਉਣ ਦਾ ਯਤਨ ਕੀਤਾ ਜਾਵੇ ਜਾਂ ਤਲਵਾਰ ਦੇ ਘਾਟ ਉਤਾਰ ਦਿਤਾ ਜਾਵੇ। ਉਸ ਸਮੇਂ ਦੀ ਪਰੰਪਰਾ ਅਨੁਸਾਰ ਇਹ ਗੱਲ ਆਮ ਮਸ਼ਹੂਰ ਹੋ ਗਈ ਸੀ ਕਿ ਔਰੰਗਜ਼ੇਬ ਰੋਜ਼ ਹੀ ਸਵਾ ਮਣ ਜੰਞੂ ਲੁਹਾ ਕੇ ਰੋਟੀ ਖਾਂਦਾ ਸੀ। ਔਰੰਗਜ਼ੇਬ ਦੀ ਇਸ ਸਖਤੀ ਦਾ ਟਾਕਰਾ ਨੀਚ ਤੇ ਦੁਰਕਾਰੀਆਂ ਹੋਈਆਂ ਜਾਤਾਂ ਨੇ ਕੀ ਕਰਨਾ ਸੀ ਉਹੀ ਨੀਚ ਤੇ ਸ਼ੂਦਰ ਕਹਿ ਕਹਿ ਦੁਰਕਾਰੇ ਜਾਣ ਵਾਲੇ ਲੋਕ ਹੀ ਤਾਂ ਝਟ ਪਟ ਮੁਸਲਮਾਨ ਬਣ ਕੇ ਉਹਨਾਂ ਨੂੰ ਦੁਰਕਾਰਨ ਵਾਲੇ ਉਚ ਜਾਤੀ ਦੇ ਹਿੰਦੂ ਲੋਕਾਂ ਨੂੰ ਅੱਖਾਂ ਦਿਖਾਉਣ ਲਗ ਪਏ ਸਨ। ਉਸ ਜਾਤੀ ਦੇ ਗੁਮਾਨੀ ਹਿੰਦੂ ਲੋਕਾਂ ਨੂੰ ਅੱਖਾਂ ਦਿਵਖਾਉਣ ਲਗ ਪਏ ਸਨ। ਉਸ ਜਾਤੀ ਦੇ ਗੁਮਾਨੀ ਹਿੰਦੂ ਲੋਕਾਂ ਨੂੰ ਇਸ ਸਮੇਂ ਇਕ ਦਮ ਹੀ ਏਨੀ ਵਡੀ ਮੁਸੀਬਤ ਆ ਜਾਣ ਦਾ ਇਕ ਇਹ ਵੀ ਵਡਾ ਕਾਰਨ ਸੀ। ਦੂਜਾ ਆਮ ਹਿੰਦੂ ਜਨਤਾ ਸਭ ਕੁਝ 'ਈਸ਼ਵਾਰ ਦਾ ਭਾਣਾ' ਕਹਿ ਕੇ ਜਰਦੀ ਜਾ ਰਹੀ ਸੀ। ਖਾਸ ਕਰ ਕੇ ਕਸ਼ਮੀਰ ਦੇ ਹਾਕਮ ਦੀ

ਸਖਤੀ ਨੇ ਇਸ ਸਮੇਂ ਬਹੁਤਾ ਕੰਮ ਕੀਤਾ। ਅਧੇ ਤੋਂ ਵਧ ਹਿੰਦੂ ਕਸ਼ਮੀਰ ਵਿਚ ਝਟ ਹੀ ਮੁਸਲਮਾਨ ਬਣ ਗਏ, ਕੁਝ ਨੱਸ ਗਏ, ਕੁਝ ਮਾਰੇ ਗਏ। ਹੁਣ ਉਹਨਾਂ ਦੀ ਬਾਕੀ ਵਡੇ ਵਡੇ ਪੰਡਤਾਂ ਵਲ ਅੱਖ ਹੋ ਗਈ। ਉਹ ਲੋਕ ਸਨ ਜੋ ਮਲੇਸ਼ ਮਲੇਸ਼ ਕਹਿ ਕਹਿ ਕੇ ਮੁਸਲਮਾਨ ਦੇ ਪਰਛਾਵੇ ਤੋਂ ਵੀ ਡਰਦੇ ਸਨ, ਹੁਣ ਅਜੇਹੇ ਲੋਕ ਮੁਸਲਮਾਨ ਇਕ ਦਮ ਕਿਵੇਂ ਬਣ ਜਾਂਦੇ। ਸੋ ਝਟ ਨਾਂਹ ਨੁਕਰ ਕਰਨ ਵਾਲੇ ਪੰਡਤਾਂ ਦੀ ਕਤਲਿਆਮ ਹੋਣ ਲਗ ਪਈ। ਵਡੇ ਵਡੇ ਪੰਡਤ ਇਕੱਠੇ ਹੋਏ ਤੇ ਉਹਨਾਂ ਨੇ ਸੂਬੇ ਨੂੰ ਮਿਲ ਕੇ ਕੁਝ ਦਿਨਾਂ ਦੀ ਮੋਹਲਤ ਮੰਗੀ ਤਾਂ ਬਾਕੀ ਪੰਡਤਾਂ ਨੂੰ ਕਤਲ ਹੋਣ ਤੋਂ ਮਸਾਂ ਬਚਣ ਦਾ ਮੌਕਾ ਮਿਲਿਆ, ਪਰ ਨਾਲ ਹੀ ਇਹ ਧਮਕੀ ਵੀ ਉਨ੍ਹਾਂ ਨੂੰ ਦਿਤੀ ਗਈ ਸੀ ਕਿ ਮੁਹਲਤ ਮੁਕ ਜਾਣ ਤੇ ਜੇ ਚੁਪ ਕੀਤੇ ਹੀ ਤੁਸਾਂ ਕਲਮਾਂ ਨਾ ਪੜ੍ਹਿਆ ਤਾਂ ਤੁਹਾਡਾ ਬਾਲ ਬੱਚਾ ਕਤਲ ਕਰ ਦਿਤਾ ਜਾਏਗਾ। ਭਾਵ ਪਰਵਾਰਾਂ ਸਮੇਤ ਹੀ ਮਾਰ ਦਿਤੇ ਜਾਓਗੇ।

ਮੁਹਲਤ ਕਿੰਨੀ ਸੀ, ਇਸ ਬਾਰੇ ਸਹੀ ਨਤੀਜਾ ਸਾਹਮਣੇ ਨਹੀਂ, ਪਰ ਖਿਆਲ ਹੈ ਕਿ ਘਟ ਤੋਂ ਘਟ ਛੇ ਮਹੀਨਿਆਂ ਦੀ ਮੋਹਲਤ ਮੰਗੀ ਗਈ ਹੋਵੇਗੀ। ਪਹਿਲੇ ਤਾਂ ਪੰਡਤ ਲੋਕਾਂ ਨੇ ਘਰ ਵਿਚ ਹੀ ਵੇਦਾਂ ਤੇ ਮੰਤਰਾਂ ਦਾ ਉਚਾਰਨ ਕਰਕੇ ਦੇਵਤਿਆਂ ਦੀ ਪੂਜਾ ਕੀਤੀ, ਪਰ ਜਦ ਇਸ ਤਰ੍ਹਾਂ ਕਿੰਨੇ ਦਿਨ ਕੁਝ ਨਾ ਬਣਦਾ ਵੇਖਿਆ ਤਾ ਵਡੇ ਵਡੇ ਮਹਾਨ ਤੇ ਵਿਦਵਾਨ ਪੰਡਤਾਂ ਨੇ ਕਿਹਾ, ਚਲੋ ਅਮਰ ਨਾਥ ਦੇ ਮੰਦਰ ਉਪਰ ਪਹਾੜਾਂ ਦੀ ਇਕਾਂਤ ਵਿਚ ਚਲੀਏ। ਉਥੇ ਅੰਨ ਜਲ ਤਿਆਗਕੇ ਪ੍ਰਭੂ ਦੀ ਆਰਾਧਨਾ ਕਰੀਏ, ਪ੍ਰਭੂ ਅਗੇ ਪੁਕਾਰ ਕਰੀਏ ਕਿ, ਕੀ ਇਸ ਯਵਨਾ ਦੇ ਘੋਰ ਅਤਿਆਚਾਰਾਂ ਤੋਂ ਇਸ ਸਮੇਂ ਸਾਡੀ ਰਖਿਆ ਨਹੀਂ ਕਰੋਗੇ?' ਸਤਿਜੁਗ ਵਿਚ ਹਰਨਾਕਸ਼ ਨੂੰ ਮਾਰ ਕੇ ਧਰਮ ਦੀ ਰਖਿਆ ਕੀਤੀ ਤੇ ਇਸ ਤਰ੍ਹਾਂ ਹੀ ਬਾਕੀ ਯੁਗਾਂ ਵਿਚ ਵੀ, ਜਦੋਂ ਵੀ ਧਰਮ ਦੀ ਹਾਨੀ ਹੋਣ ਲਗੀ, ਹੇ ਪ੍ਰਭੂ ਜੀਓ ਤੁਸੀਂ ਹਮੇਸ਼ਾਂ ਸੱਚੇ ਧਰਮ ਦੀ ਰਖਿਆ ਕਰਦੇ ਆਏ ਹੋ, ਪਰ ਹੁਣ ਤਾਂ ਹੱਦ ਹੀ ਹੋ ਗਈ ਹੈ। ਯਵਨਾਂ ਨੇ ਹੇ ਪ੍ਰਭੂ ਤੇਰੇ ਨਾਮ ਨੂੰ ਹੀ ਬਦਲ ਦਿਤਾ ਹੈ, ਉਹ ਤੈਨੂੰ ਖੁਦਾ ਤੇ ਅੱਲਾਹ ਦੇ ਨਾਵਾਂ ਨਾਲ ਯਾਦ ਕਰਦੇ ਹਨ। ਜ਼ੋਰ ਜ਼ੁਲਮ ਤਾਂ ਅਗੇ ਵੀ ਹੁੰਦੇ ਆਏ ਹਨ, ਪਰ ਇਤਨਾ ਘੋਰ ਅਨਿਆਏ ਨਹੀਂ ਹੋਇਆ। ਇਹ ਤੁਰਕ ਲੋਕ, ਜਬਰਨ ਸੁਨਤਾਂ

ਕਰਦੇ ਹਨ, ਮੂੰਹ ਵਿਚ ਗਊ ਦਾ ਮਾਸ ਪਾਉਂਦੇ ਹਨ ਤੇ ਕਲਮਾ ਪੜ੍ਹਾਉਣ ਲਈ ਫੇਰ ਮਾਰ ਕੁਟਾਈ ਵੀ ਕਰਦੇ ਹਨ। ਏਨੀ ਸਖਤੀ ਨੂੰ ਅਵੱਲ ਤਾਂ ਝੱਲਦਾ ਹੀ ਕੋਈ ਨਹੀਂ, ਪਰ ਜੇ ਕੋਈ ਐਸਾ ਸਿਰੜੀ ਦੇਖਦੇ ਸਨ ਤਾਂ ਉਸ ਦੇ ਉਸੇ ਵੇਲੇ ਤਲਵਾਰ ਮਾਰ ਕੇ ਟੋਟੇ ਕਰ ਦੇਂਦੇ ਸਨ। ਹੇ ਪ੍ਰਭੂ, ਇਸ ਸਮੇਂ ਕੋਈ ਸਹਾਰਾ ਨਹੀਂ। ਤੇਰੇ ਪੈਦਾ ਕੀਤੇ ਦੇਵੀ ਦੇਵਤੇ, ਜਿਨ੍ਹਾਂ ਦੀ ਅਸੀਂ ਪੂਜਾ ਕਰਦੇ ਹਾਂ, ਇਹ ਵੀ ਪਰਗਟ ਹੋ ਕੇ ਸਾਡੀ ਸਹਾਇਤਾ ਨਹੀਂ ਕਰਦੇ। ਸੋ ਇਹੋ ਜਿਹੀਆਂ ਪ੍ਰਾਰਥਨਾ ਕਰਨ ਲਈ ਹਰ ਇਕ ਨੂੰ ਆਖ ਰਹੇ ਸਨ ਕਿ ਸ਼ਾਇਦ ਉਹ ਪ੍ਰਭੂ ਸਾਡੇ ਵਿਚੋਂ ਕਿਸੇ ਦੀ ਸੁਣ ਲਵੇ। ਸੋ ਗਰਮੀਆਂ ਦੇ ਦਿਨਾਂ ਵਿਚ (ਸੰਮਤ ੧੭੩੧ ਵਿਚ) ਇਹ ਪੰਡਤ ਲੋਕ ਇਕੱਠੇ ਹੋ ਕੇ ਪੈਦਲ ਤੁਰਦੇ ਤੁਰਦੇ ਤੇ ਪਹਾੜੀ ਰਸਤੇ ਨੂੰ ਲੰਘ ਕੇ ਉਪਰ ਪਹਾੜ ਦੀ ਚੋਟੀ ਤੇ ਪੁਜੇ। ਜਿਥੇ ਅਮਰ ਨਾਥ ਦਾ ਮੰਦਰ ਇਕ ਗੁਫਾ ਜਿਹੀ ਵਿਚ ਸੀ। ਪੰਡਤ ਗੁਫਾ ਵਿਚ ਦਾਖਲ ਹੋ ਗਏ ਤੇ ਮੰਦਰ ਵਿਚ ਪੁਜੇ। ਇਹ ਮੰਦਰ ਸ਼ਿਵ ਜੀ ਦਾ ਹੈ ਇਥੇ ਇਕਾਂਤ ਵਿਚ ਬੈਠ ਕੇ ਸ਼ਿਵ ਜੀ ਨੇ 'ਅਮਰ ਕਥਾ' (ਪ੍ਰਭੂ ਦੇ ਨਾਮ ਸਿਮਰਨ ਦੀ ਮਹਿਮਾ) ਪਾਰਬਤੀ ਨੂੰ ਸੁਣਾਈ ਸੀ, ਜਿਸ ਕਰ ਕੇ ਇਸ ਮੰਦਰ ਦਾ ਨਾਮ ਹੀ 'ਅਮਰ ਨਾਥ' ਦਾ ਮੰਦਰ ਪੈ ਗਿਆ ਸੀ।

ਪੰਡਤਾਂ ਨੇ ਜਾ ਕੇ ਵੇਦਾਂ ਦੀਆਂ ਰਿਚਾਂ ਗਾਈਆਂ, ਕੁਝ ਹੋਮ ਦੀ ਸਾਮਗਰੀ ਵੀ ਜੋ ਲੈ ਗਏ ਸਨ, ਉਸ ਨਾਲ ਹੋਮ ਵੀ ਕੀਤਾ ਤੇ ਫੇਰ ਇਹ ਪ੍ਰਣ ਕਰ ਕੇ ਮੰਦਰ ਵਿਚ ਮੂਰਤੀ ਦੇ ਸਾਹਮਣੇ ਬੈਠ ਗਏ ਕਿ ਜਾਂ ਤਾਂ ਇਥੇ ਹੀ ਮਰਾਂਗੇ, ਜਾਂ ਪ੍ਰਭੂ ਦੀ ਮਦਦ ਪ੍ਰਾਪਤ ਕਰਾਂਗੇ।

ਕਹਿੰਦੇ ਹਨ ਕਿ ਪੰਡਤ ਸੱਤ ਅੱਠ ਦਿਨ ਇਸੇ ਤਰ੍ਹਾਂ ਪੂਜਾ ਤੇ ਪ੍ਰਾਰਥਨਾ ਵਿਚ ਲਗੇ ਰਹੇ। ਉਹਨਾਂ ਅੰਨ ਜਲ ਕੁਝ ਵੀ ਪਾਨ ਨਹੀਂ ਸੀ ਕੀਤਾ।

ਅੱਠਵਾਂ ਦਿਨ ਬੀਤਣ ਵਾਲਾ ਸੀ ਕਿ ਥਲਿਓਂ ਕੁਝ ਹੋਰ ਪੰਡਤ ਵੀ ਪੁਜ ਗਏ, ਓਧਰੋਂ ਉਪਰਲੇ ਪੰਡਤਾਂ ਨੇ ਕੁਝ ਸੁਣਿਆ, ਜਿਸ ਨੂੰ ਉਹ ਆਕਾਸ਼ ਬਾਣੀ ਸਮਝੇ। ਉਹ ਆਵਾਜ਼ ਸੀ 'ਇਸ ਕਲਜੁਗ ਦੇ ਸਮੇਂ ਵਿਚ ਪੰਡਤ ਲੋਗੋ, ਤੁਹਾਡੀ ਗੁਰੂ ਨਾਨਕ ਦੇ ਘਰ ਤੋਂ ਬਿਨਾਂ ਹੋਰ ਕਿਸੇ ਨੇ ਵੀ ਸਹਾਇਤਾ ਨਹੀਂ ਕਰਨੀ। ਕਲਜੁਗ ਦੇ ਉਧਾਰ ਲਈ ਪ੍ਰਭੂ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਇਸ ਸੰਸਾਰ ਤੇ ਭੇਜਿਆ ਹੋਇਆ ਹੈ ਉਹਨਾਂ ਕੋਲ ਜਾਓ,ਤੁਹਾਡੀ ਰਖਿਆ ਕਰਨ ਦੀ ਇਸ

ਸਮੇਂ ਸਮਰਥਾ ਕੇਵਲ ਉਨ੍ਹਾਂ ਵਿਚ ਹੀ ਹੈ। ਹੋਰ ਕਿਸੇ ਦੇਵੀ ਦੇਵਤੇ ਨੇ ਤੁਹਾਡੀ ਰਖਿਆ ਨਹੀਂ ਕਰਨੀ, ਕਿਉਂਕਿ ਉਨ੍ਹਾਂ ਦਾ ਸਮਾਂ ਨਹੀਂ ਉਨ੍ਹਾਂ ਦੇ ਸਮੇਂ ਗੁਜ਼ਰ ਚੁਕੇ ਹਨ ਤੇ ਕਲਜੁਗ ਵਿਚ ਤਾਂ ਕੇਵਲ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਤੇ ਚਲਣ ਨਾਲ ਹੀ ਤੁਹਾਡਾ ਭਲਾ ਹੋਵੇਗਾ।

ਆਵਾਜ਼ ਤਾਂ ਸੁਣੀ ਗਈ, ਪਰ ਕਿਸੇ ਨੂੰ ਠੀਕ ਸਮਝ ਨਹੀਂ ਸੀ ਕਿ ਹੁਣ ਕੀ ਕੀਤਾ ਜਾਏ। ਉਹ ਸਮਝਦੇ ਸੀ ਕਿ ਗੁਰੂ ਨਾਨਕ ਦੇਵ ਜੀ ਹੋਏ ਤਾਂ ਉਹ ਆਪ ਹੈ ਨਹੀਂ। ਉਹ ਇਹ ਸੋਚ ਰਹੇ ਸਨ ਕਿ ਹੋਰ ਪੰਡਤ, ਜੋ ਥੱਲਿਓਂ ਉਪਰ ਪੁਜੇ ਸਨ, ਉਨ੍ਹਾਂ ਨੂੰ ਇਕ ਦੋ ਸਿਖਾਂ ਨੇ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਦੇ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਦਾ ਪਤਾ ਦੇ ਕੇ ਕਿਹਾ ਸੀ ਕਿ ਜੇ ਬਚਣਾ ਹੈ ਤਾਂ ਗੁਰੂ ਘਰ ਦੀ ਸ਼ਰਨ ਲਓ। ਸੋ ਉਪਰਲੇ ਅੱਠ ਦਿਨ ਭੁਖੇ ਰਹਿ ਕੇ ਤਪ ਕਰਨ ਵਾਲੇ ਪੰਡਤਾਂ ਦੀ ਤੇ ਏਨਾਂ ਥਲਿਓਂ ਗਏ ਪੰਡਤਾਂ ਦੀ ਗਲ ਰਲ ਗਈ। ਸਾਰੇ ਉਤੋਂ ਗੁਫਾ ਵਿਚੋਂ ਥੱਲੇ ਪੁਜੇ ਤੇ ਫਿਰ ਤਿਆਰ ਹੋ ਕੇ ਅਨੰਦ ਪੁਰ ਸਾਹਿਬ ਨੂੰ ਤੁਰ ਪਏ।

### ਕਸ਼ਮੀਰ ਤੋਂ ਪੰਡਤ ਲੋਕਾਂ ਦਾ ਅੰਨਦਪੁਰ ਪੁਜਣਾ

ਕੁਝ ਦਿਨਾਂ ਵਿਚ ਹੀ ਕਸ਼ਮੀਰ ਦੇ ਪੰਡਤ ਪੰਧ ਮਾਰਦੇ, ਪੜਾਅ ਤੇ ਪੜਾਅ ਕਰਦੇ ਸ੍ਰੀ ਅਨੰਦਪੁਰ ਸਾਹਿਬ ਆ ਪੁਜੇ। ਅਗੇ ਉਨ੍ਹਾਂ ਦੇਖਿਆ ਕਿ ਸੰਗਤਾਂ ਦੀਆਂ ਰੌਣਕਾਂ ਹਨ ਤੇ ਚਾਰੇ ਪਾਸਿਓਂ ਪ੍ਰੇਮੀ ਗੁਰਸਿਖ ਗੁਰਬਾਣੀ ਦੇ ਪਾਠ ਕਰਦੇ ਅਨੰਦਪੁਰ ਵਲ ਆ ਤੇ ਜਾ ਰਹੇ ਹਨ। ਨਗਰੀ ਵਿਚ ਪਹੁੰਚਦੇ ਹੀ, ਨਗਰੀ ਦੇ ਨਾਮ ਨੇ ਹੀ ਦੁਖੀ ਪੰਡਤਾਂ ਨੂੰ ਧੀਰਜ ਦਿਤੀ, ਪਰ ਓਧਰੋਂ ਮੋਹਲਤ ਦੇ ਥੋੜੇ ਦਿਨ ਬਾਕੀ ਸਨ ਤੇ ਕਸ਼ਮੀਰ ਦੇ ਸੂਬੇਸ਼ੇਰ ਅਫਗਾਨ ਦੀ ਇਨ੍ਹਾਂ ਉਚ ਜਾਤੀਏ ਹਿੰਦੂਆਂ ਉਤੇ ਕਰੜੀ ਨਿਗਾਹ ਸੀ। ਉਹ ਔਰੰਗਜ਼ੇਬ ਦੇ ਇਸ ਹੁਕਮ ਦੀ ਪਾਲਨਾ ਸਭ ਤੋਂ ਪਹਿਲੇ ਕਰ ਕੇ ਦਿਖਾਉਣੀ ਚਾਹੁੰਦਾ ਸੀ ਕਿ ਇਥੇ ਹਿੰਦੁਸਤਾਨ ਵਿਚ ਰਾਜ ਪ੍ਰਬੰਧ ਹੁਣ ਇਸਲਾਮੀ ਢੰਗ ਦਾ ਚਲਾਇਆ ਜਾਵੇਗਾ, ਲੋਕਾਂ ਦਾ ਜੀਵਨ ਇਸਲਾਮੀ ਸ਼ਰ੍ਹਾਂ ਤੇ ਕੁਰਾਨ ਦੀਆਂ ਆਇਤਾਂ ਮੁਤਾਬਕ ਢਾਲ ਦਿਤਾ ਜਾਏਗਾ ਤੇ ਇਥੇ ਇਕੋ ਮੁਸਲਮਾਨੀ ਮੱਤ ਹੀ ਬਣਾ ਦਿਤਾ ਜਾਏ। ਉਹ ਹਿੰਦੂਆਂ (ਅਜੇ ਉਹ ਸਿਖਾਂ ਨੂੰ ਵੀ ਇਨ੍ਹਾਂ ਦੇ ਵਿਚ ਹੀ ਗਿਣਦਾ ਸੀ) ਨੂੰ ਕਾਫਰ ਆਖਦਾ ਸੀ ਤੇ ਕਹਿੰਦਾ ਸੀ ਕਿ ਇਨ੍ਹਾਂ ਨਾਲ ਓਹੀ ਸਲੂਕ ਕੀਤਾ ਜਾਵੇ ਜੋ ਕਾਫਰਾਂ

ਨਾਲ ਕਰਨ ਦਾ ਇਸਲਾਮੀ ਸ਼ਰ੍ਹਾ ਹੁਕਮ ਦਿੰਦੀ ਹੈ। ਅਸਾਂ ਹਰ ਹਾਲਤ ਵਿਚ ਸਭ ਨੂੰ ਮੁਸਲਮਾਨ ਬਣਾਉਣਾ ਹੈ ਭਾਵੇਂ ਜੋ ਕੁਝ ਵੀ ਕਰਨਾ ਪਵੇ, (ਸਖਤੀ, ਅਤਿਆਚਾਰ ਤੇ ਲੋਭ ਲਾਲਚ) ਘਟ ਨਹੀਂ ਕਰਨੀ। ਉਸ ਦੇ ਹੁਕਮ ਅਨੁਸਾਰ ਹੀ ਅਨੇਕਾਂ ਮੰਦਰ ਢਾਹ ਕੇ ਮਸੀਤਾਂ ਬਣਾ ਦਿਤੀਆਂ ਗਈਆਂ ਸਨ। ਪਰ ਕਸ਼ਮੀਰ ਵਿਚ ਉਸ ਦੇ ਸਖਤੀ ਹੱਦੋਂ ਵਧ ਇਸ ਲਈ ਸ਼ੁਰੂ ਕਰ ਦਿਤੀ ਸੀ ਕਿ ਉਹ ਅਕਲਮੰਦ ਲੋਕਾਂ ਨੂੰ ਵਧ ਤੋਂ ਵਧ ਇਸਲਾਮੀ ਦਾਇਰੇ ਵਿਚ ਲੈ ਆਉਣਾ ਚਾਹੁੰਦਾ ਸੀ। ਸੋ ਇਨ੍ਹਾਂ ਖਿਆਲਾਂ ਦੇ ਅਧੀਨ ਕਸ਼ਮੀਰੀ ਪੰਡਤਾਂ ਉਤੇ ਬਿਪਤਾ ਆਈ ਸੀ ਤੇ ਉਹ ਮੋਹਤਲ ਲੈ ਕੇ ਆਪਣੇ ਬਚਾਅ ਲਈ ਆਸਰਾ ਢੂੰਡਦੇ ਸ੍ਰੀ ਅੰਨਦਪੁਰ ਸਾਹਿਬ ਪੁਜੇ ਸਨ।

ਉਨ੍ਹਾਂ ਨੇ ਸਿਖਾਂ ਨੂੰ ਗੁਰੂ ਜੀ ਨਾਲ ਮਿਲਣ ਵਾਸਤੇ ਗਲ ਕੀਤੀ ਤਾਂ ਸਿਖਾਂ ਨੇ ਸ਼ਾਮ ਦੇ ਦੀਵਾਨ ਵਿਚ ਪੁਜਣ ਲਈ ਦਸ ਦਿਤਾ। ਸ਼ਾਮ ਨੂੰ ਦੀਵਾਨ ਸਜਿਆ। ਗੁਰੂ ਜੀ ਦੀਵਾਨ ਵਿਚ ਪੁਜੇ ਤਾਂ ਪੰਡਤ ਲੋਕ ਪੁਕਾਰ ਲਈ ਪਹਿਲੇ ਹੀ ਪੁਜੇ ਹੋਏ ਸਨ। ਮੁਰਝਾਦੇ ਚੇਹਰੇ ਤੇ ਕਈਆਂ ਦੀਆਂ ਅੱਖਾਂ ਵਿਚ ਹੰਝੂ ਸਨ। ਗੁਰੂ ਜੀ ਵਲੋਂ ਇਸ਼ਾਰਾ ਪਾਉਂਦੇ ਹੀ ਦੋ ਚਾਰ ਮੁਖੀ ਪੰਡਤ ਅਗੇ ਹੋਏ ਤੇ ਉਨ੍ਹਾਂ ਅਰੰਗਜ਼ੇਬ ਦੇ ਅਤਿਆਚਾਰਾਂ ਤੇ ਜਬਰ ਦੀ ਕਹਾਣੀ ਸੁਣਾਉਂਦਿਆਂ ਕਿਹਾ ਸਭ ਦੇਵੀਆਂ ਦੇਵਤੇ ਮਨਾਏ ਹਨ, ਅਮਰ ਨਾਥ ਦੇ ਮੰਦਰ ਵੀ ਗਏ ਹਾਂ, ਪਰ ਕਿਸੇ ਭੀ ਸਾਡੀ ਰਖਿਆ ਲਈ ਬਾਂਹ ਨਹੀਂ ਫੜੀ। ਅਸਾਂ ਮੁਹਲਤ ਲਈ ਹੈ। ਮੁਹਲਤ ਦੇ ਦਿਨ ਲੰਘ ਗਏ ਤਾਂ ਫਿਰ ਸਾਰੇ ਹੀ ਮਾਰੇ ਜਾਵਾਂਗੇ। ਤੁਹਾਡੀ ਸ਼ਰਨ ਆਏ ਹਾਂ, ਤੁਸੀਂ ਸਾਡੀ ਰਖਿਆ ਕਰੋ, ਸਾਨੂੰ ਕਿਵੇਂ ਇਨ੍ਹਾਂ ਦੁਖਾਂ ਤੋਂ ਬਚਾਓ।'

ਅੰਤਰਯਾਮੀ ਸਤਿਗੁਰੂ ਜੀ ਨੇ ਸੁਣਿਆ।ਉਹ ਸੋਚੀਂ ਪੈ ਗਏ। ਇਸ ਸਮੇਂ ਉਨ੍ਹਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਹ ਸ਼ਬਦ ਚੇਤੇ ਆਏ ਜੋ ਗੁਰੂ ਤੇਗ ਬਹਾਦਰ ਜੀ ਦਾ ਨਾਮ ਰਖਣ ਸਮੇਂ ਉਨ੍ਹਾਂ ਨੇ ਕਹੇ ਸਨ 'ਇਹ ਮੇਰਾ ਪੁਤਰ ਤੇਗ ਦਾ ਧਨੀ ਤੇ ਤੇਗਾਂ ਨੂੰ ਰੋਕਣ ਵਾਲਾ ਬਹਾਦਰ ਪੈਦਾ ਹੋਇਆ ਹੈ। ਇਸ ਨੇ ਜ਼ਾਲਮਾਂ ਦੀਆਂ ਚਲਦੀਆਂ ਤਲਵਾਰਾਂ ਨੂੰ ਆਪਣੇ ਤੇਜ ਤਪ ਨਾਲ ਖੁੰਡਿਆਂ ਕਰ ਦੇਣਾ ਹੈ।' ਇਹ ਸ਼ਬਦ ਕਹਿ ਕੇ ਉਨ੍ਹਾਂ ਪੁਤਰ ਦਾ ਨਾਮ ਤੇਗ ਬਹਾਦਰ ਰਖਿਆ ਸੀ ਤੇ ਮਾਤਾ ਨਾਨਕੀ ਜੀ ਨੇ ਇਹ ਸ਼ਬਦ ਉਨ੍ਹਾਂ ਨੂੰ ਕਈ ਵਾਰ ਕਹੇ ਸਨ।

ਪਰ ਇਸ ਦੇ ਨਾਲ ਹੀ ਸੋਚਾਂ ਦੇ ਵਿਚ ਹੀ ਸਾਹਿਬਜ਼ਾਦਾ ਗੋਬਿੰਦ ਰਾਏ ਜੀ ਬਾਹਰੋਂ ਖੇਡਦੇ ਖੇਡਦੇ ਦੀਵਾਨ ਵਿਚ ਆ ਗਏ। ਗੁਰੂ ਜੀ ਨੇ ਸਾਹਿਬਜ਼ਾਦਾ ਜੀ ਨੂੰ ਪਿਆਰ ਤੇ ਆਦਰ ਨਾਲ ਹੀ ਆਸਣ ਤੇ ਬਿਠਾ ਲਿਆ।

ਸਾਹਿਬਜ਼ਾਦਾ ਜੀ ਨੇ ਵੇਖਿਆ ਕਿ ਕੁਝ ਲੋਕ ਜਿਨ੍ਹਾਂ ਦੇ ਚਿਹਰੇ ਗਮਗੀਨ ਤੇ ਉਦਾਸ ਜੇਹੇ, ਸਿਰ ਸੁਟੀ ਸਾਹਮਣੇ ਹੱਥ ਜੋੜੀ ਖੜ੍ਹੇ ਸਨ। ਓਧਰ ਗੁਰੂ ਜੀ ਵੀ ਚੁਪ ਹੋਏ ਕੁਝ ਸੋਚਾਂ ਹੀ ਸੋਚ ਰਹੇ ਸਨ। ਬਾਲਕਾਂ ਵਾਲੀ ਚੰਚਲਤਾ ਨਾਲ, ਪਰ ਨਾਲ ਹੀ ਸਿਆਣਪ ਤੇ ਗੰਭੀਰਤਾ ਵੀ ਉਚ ਦਰਜੇ ਦੀ ਦਿਖਾਂਦਿਆਂ ਹੋਇਆਂ ਪੁਛਣ ਲਗੇ, 'ਪਿਤਾ ਜੀ ਇਹ ਕੌਣ ਹਨ? ਨਾਲੇ ਤੁਸੀਂ ਚੁਪ ਹੋ, ਕੀ ਸੋਚ ਰਹੇ ਹੋ? ਅਗੇ ਤਾਂ ਤੁਹਾਨੂੰ ਏਨੀ ਡੂੰਘੀ ਸੋਚ ਵਿਚ ਮੈਂ ਕਦੇ ਨਹੀਂ ਦੇਖਿਆ।

'ਸਾਹਿਬਜ਼ਾਦਾ ਜੀਓ' ਗੁਰੂ ਜੀ ਨੇ ਪਿਆਰ ਨਾਲ ਗੋਦ ਵਿਚ ਬਿਠਾਉਂਦਿਆਂ ਕਿਹਾ, 'ਗੱਲ ਹੀ ਚਿੰਤਾ ਵਾਲੀ ਹੈ। ਸਮੇਂ ਦੇ ਹਾਕਮ ਵਡੇ ਅਨਿਆਈ ਹੋ ਗਏ ਹਨ। ਪੱਥਰ ਦਿਲ ਬਣ ਕੇ ਜੋਰ ਜਬਰ ਦੀ ਹਨੇਰੀ ਚਲਾ ਰਹੇ ਹਨ। ਉਹਨਾਂ ਦੀ ਆਤਮਾ ਕਠੋਰ ਤੇ ਇਤਨੀ ਨਿਰਦਈ ਹੋ ਗਈ ਹੈ ਕਿ ਧਰਮ ਦੇ ਨਾਂ ਤੇ ਹੀ ਜ਼ੁਲਮ ਕਰ ਰਹੇ ਹਨ। ਹਿੰਦੀਆਂ ਵਿਚ ਅਣਖ ਨਹੀਂ ਰਹੀ, ਇਨ੍ਹਾਂ ਦੀ ਆਤਮਾ ਮੁਰਦਾ ਹੋ ਚੁਕੀ ਹੈ। ਜ਼ੋਰ ਜ਼ੁਲਮ ਦਾ ਟਾਕਰਾ ਕਰਨ ਦੀ ਇਨ੍ਹਾਂ ਵਿਚ ਹਿੰਮਤ ਨਹੀਂ ਰਹੀ। ਸੋਚ ਰਹੇ ਹਾਂ ਕਿ ਵਡੇ ਕੰਮ ਦਾ ਬੀੜਾ ਕੌਣ ਚੁਕੇ? ਇਹ ਬੀੜਾ ਕੋਈ ਮਹਾਨ ਆਤਮਾ ਹੀ ਚੁਕ ਸਕਦੀ ਹੈ। ਕੋਈ ਮਹਾਂ ਬਲੀ ਆਤਮਾ ਹੀ ਇਸ ਸਮੇਂ ਕੁਰਬਾਨੀ ਦੇ ਕੇ, ਇਸ ਚੱਲ ਰਹੀ ਜ਼ੁਲਮ ਦੀ ਹਨੇਰੀ ਨੂੰ ਰੋਕ ਸਕਦਾ ਹੈ। ਪਰ ਅਜੇਹਾ ਉਚ ਆਤਮਾ ਪੁਰਸ਼ ਲੱਭੇ ਕਿਥੋਂ? ਇਸੇ ਚੀਜ਼ ਨੂੰ ਸੋਚ ਰਹੇ ਹਾਂ।

'ਹਛਾ, ਇਹ ਗੱਲ ਹੈ ਆਖ ਕੇ ਪਿਤਾ ਜੀ ਦੀ ਗੋਦ ਵਿਚੋਂ ਉਠ ਬੈਠੇ ਤੇ ਖੜੇ ਹੋ ਗਏ।

'ਪਿਤਾ ਜੀ, ਮੈਂ ਵੀ ਕੁਝ ਸੋਚਿਆ ਹੈ।'

'ਕੀ ਸੋਚਿਆ ਹੈ, ਦਸੋ ਲਾਲ ਜੀ?

'ਇਸ ਸਮੇਂ ਸੰਸਾਰ ਵਿਚ ਆਪ ਜੀ ਤੋਂ ਬਿਨਾਂ ਹੋਰ ਉਤਮ ਪੁਰਸ਼ ਕੋਈ ਨਹੀਂ ਹੈ।'

'ਫਿਰ ਅਸੀਂ ਹੀ ਕੁਰਬਾਨੀ ਦੇਈਏ?'

'ਆਪ ਜੀ ਤੋਂ ਬਿਨਾਂ ਇਸ ਕੁਰਬਾਨੀ ਨੂੰ ਦੇ ਕੇ, ਇਨ੍ਹਾਂ ਮਜ਼ਲੂਮਾਂ ਨੂੰ ਬਚਾਉਣ ਵਾਲਾ ਹੋਰ ਕੋਈ ਨਹੀਂ ਮਿਲੇਗਾ।'

'ਠੀਕ ਹੈ, ਸਾਹਿਬਜ਼ਾਦਾ ਜੀ, ਤੁਸਾਂ ਠੀਕ ਸਮਝਿਆ ਹੈ।'

ਗੁਰੂ ਤੇਗ ਬਹਾਦਰ ਜੀ ਕੁਰਬਾਨੀ ਲਈ ਤਾਂ ਅਗੇ ਹੀ ਤਿਆਰ ਸਨ। ਉਨ੍ਹਾਂ ਨੂੰ ਇਨ੍ਹਾਂ ਹਾਕਮਾਂ ਦੇ ਅਤਿਆਚਾਰਾਂ ਦੀ ਖਬਰ ਆਸਾਮ ਵਿਚ ਹੀ ਤਾਂ ਮਿਲ ਗਈ ਸੀ ਇਸੇ ਲਈ ਹੀ ਉਹ ਬਹੁਤ ਛੇਤੀ ਪੰਜਾਬ ਪਹੁੰਚੇ ਸਨ। ਗਯਾ ਤੋਂ ਲਿਖਿਆ ਹੁਕਮਨਾਮਾ, ਜੋ ਆਉਂਦੇ ਸਮੇਂ ਪਟਨੇ ਦੀ ਸੰਗਤ ਵਲ ਲਿਖਿਆ ਸੀ, ਅਜੇ ਵੀ ਪਟਨੇ ਵਿਚ ਮੌਜੂਦ ਹੈ। ਉਸ ਵਿਚ ਲਿਖਿਆ ਹੈ ਕਿ ਸਾਹਿਬਜ਼ਾਦੇ ਦੀ ਸੰਭਾਲ ਰਖਣੀ ਤੇ ਜਦ ਅਸੀਂ ਫਿਰ ਲਿਖਾਂਗੇ ਤਾਂ ਇਨ੍ਹਾਂ ਨੂੰ ਭੇਜ ਦੇਣਾ। ਉਸ ਹੁਕਮਨਾਮੇ ਤੋਂ ਵੀ ਜ਼ਾਹਰ ਹੈ ਕਿ ਗੁਰੂ ਜੀ ਇਸ ਜ਼ੁਲਮ ਤੇ ਅਨਰਥ ਦੀ ਰੋਕ ਥਾਮ ਲਈ ਹੀ ਬਹੁਤ ਛੇਤੀ ਪੰਜਾਬ ਪਹੁੰਚੇ ਸਨ ਤੇ ਹੁਣ ਉਨ੍ਹਾਂ ਨੂੰ ਜੇ ਕੋਈ ਸੋਚ ਸੀ ਤਾਂ ਉਹ ਕੇਵਲ ਸਿਖੀ ਦੇ ਬਾਗ ਦੀ ਤੇ ਸਾਹਿਬਜ਼ਾਦੇ ਦੀ ਸੀ, ਪਰ ਸਾਹਿਬਜ਼ਾਦਾ ਜੀ ਦੀ ਉਚ ਆਤਮਾ ਤਾਂ ਫਿਰ ਹੋਰ ਰੁਕਾਵਟ ਕਾਹਦੀ ਸੀ? ਉਹ ਆਪ ਤਾਂ ਅਗੇ ਹੀ ਵਡੇ ਵੈਰਾਗੀ ਤੇ ਤਿਆਗੀ ਸਨ ਉਹਨਾਂ ਦੀ ਸਮਗਰ ਬਾਣੀ ਹੀ ਵੈਰਾਗ ਤੇ ਤਿਆਗ ਨਾਲ ਭਰੀ ਪਈ ਹੈ ਸੋ ਸਾਹਿਬਜ਼ਾਦੇ ਦੀ ਗਲ ਸੁਣਦੇ ਹੀ ਉਨ੍ਹਾਂ ਦੀ ਚਿੰਤਾ ਦੂਰ ਹੋ ਗਈ ਤੇ ਉਨ੍ਹਾਂ ਨੇ ਦੁਖੀ ਪੰਡਤਾਂ ਨੂੰ ਕਿਹਾ

ਹੇ ਪੰਡਤੋ ਧੀਰਜ ਰਖੋ। ਤੁਸਾਂ ਗੁਰੂ ਨਾਨਕ ਦੇ ਦਰਬਾਰ ਦੀ ਸ਼ਰਨ ਲਈ ਹੈ। ਜਾਓ, ਔਰੰਗਜ਼ੇਬ ਦੇ ਹਾਕਮ ਸੂਬਾ ਕਸ਼ਮੀਰ ਨੂੰ ਆਖ ਦਿਓ ਕਿ ਜੇ ਔਰੰਗਜ਼ੇਬ ਗੁਰੂ ਤੇਗ ਬਹਾਦਰ (ਹਿੰਦੂਆਂ ਦੇ ਗੁਰੂ) ਨੂੰ ਮੁਸਲਮਾਨ ਬਣਾ ਲਵੇ ਤਾਂ ਬਾਕੀ ਸਾਰਾ ਹਿੰਦੁਸਤਾਨ ਆਪੇ ਹੀ ਮੁਸਲਮਾਨ ਬਣਨ ਲਈ ਤਿਆਰ ਹੋ ਜਾਏਗਾ।'

ਵਾਹ, ਧੰਨ ਗੁਰੂ ਤੇਗ ਬਹਾਦਰ ਸਾਹਿਬ ਕਿੱਡੀ ਵਡੀ ਕੁਰਬਾਨੀ ਲਈ ਤਿਆਰ ਹੋ ਗਏ ਹਨ। ਲੱਖਾਂ ਤੇ ਕਰੋੜਾਂ ਮਨੁੱਖਾਂ ਦੇ ਦੁਖਾਂ ਨੂੰ ਆਪਣੇ ਸਰੀਰ ਤੇ ਸਹਾਰਨ ਲਈ ਤਿਆਰ ਹੋ ਗਏ ਹਨ। ਏਨੀ ਵਡੀ ਕੁਰਬਾਨੀ ਫਿਰ ਕਿਸੇ ਆਪਣੀ ਗਲ ਲਈ ਨਹੀਂ, ਆਪਣੇ ਧਰਮ ਲਈ ਨਹੀਂ,

ਬਲਕਿ ਦੂਜੇ ਦੇ ਧਰਮ ਨੂੰ ਬਚਾਉਣ ਲਈ, ਹਿੰਦ ਦੀ ਚਾਦਰ ਬਣ ਕੇ, ਕੌਮੀ ਅਣਖ, ਸ੍ਵੈਮਾਨ ਤੇ ਦੇਸ਼ ਰਖਸ਼ਾ ਲਈ, ਆਪਣਾ ਸੀਸ ਕੁਰਬਾਨ ਕਰਨ ਲਈ ਤਿਆਰ ਹੋ ਪਏ।

## ਗੁਰੂ ਜੀ ਦਾ ਦਿੱਲੀ ਪੁਜਣਾਂ

ਕੁਝ ਦਿਨਾਂ ਪਿਛੋਂ ਹੀ, ਜਿਵੇਂ ਕਸ਼ਮੀਰੀ ਪੰਡਤਾਂ ਨੇ ਸੂਬੇ ਸ਼ੇਰ ਅਫਗਾਨ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਆਖੀ ਗਲ ਕਹੀ ਤਾਂ ਉਸ ਨੇ ਉਸੇ ਦਿਨ ਹੀ ਤੇਜ਼ ਘੋੜ ਸਵਾਰਾਂ ਹੱਥ ਔਰੰਗਜ਼ੇਬ ਨੂੰ ਸੁਨੇਹਾ ਭੇਜ ਦਿਤਾ। ਔਰਗਜ਼ੇਬ ਨੇ ਵੀ ਅਗੋਂ ਦੇਰ ਨਾ ਲਾਈ। ਉਸ ਨੇ ਇਸ ਗਲ ਨੂੰ ਗਨੀਮਨ ਮੌਕਾ ਜਾਣ ਕੇ, ਉਸੇ ਦਿਨ ਹੀ ਗੁਰੂ ਤੇਗ ਬਹਾਦਰ ਜੀ ਵਲ ਬੁਲਾਉਣ ਲਈ ਅਹਿਦੀਏ ਭੇਜ ਦਿਤੇ। ਗੁਰੂ ਜੀ ਨੇ ਅਹਿਦੀਆਂ ਦੇ ਆਉਂਦੇ ਹੀ ਤਿਆਰੀ ਕਰ ਲਈ, ਮੁਖੀ ਸਿਖਾਂ ਨੂੰ ਗੁਰੂ ਘਰ ਦਾ ਸਭ ਕੰਮ ਸੰਭਾਲ ਕੇ,ਝਟ ਹੀ ਤੁਰ ਪਏ। ਔਰੰਗਜ਼ੇਬ ਦਾ ਖਿਆਲ ਸੀ ਕਿ ਉਸਦੇ ਵਿਰੁਧ ਆਏ ਕੇ ਕੋਈ ਕਿਥੇ ਲੁਕ ਜਾਏਗਾ ਜਾਂ ਭੱਜ ਜਾਏਗਾ, ਸੋ ਉਹ ਸਮਝਦਾ ਸੀ ਕਿ ਛੇਤੀ ਹੀ ਉਹ ਗੁਰੂ ਜੀ ਨੂੰ ਮੁਸਲਮਾਨ ਬਣਾ ਕੇ, ਸਭ ਭਾਰਤ ਨੂੰ ਮੁਸਲਮਾਨ ਬਣਾ ਲਏਗਾ।

ਗੁਰੂ ਜੀ ਹਾੜ ਮਹੀਨੇ (ਸੰਮਤ ੧੭੩੧) ਤੁਰ ਪਏ। ਆਪ ਸੈਫਾਬਾਦ ਦੇ ਰਸਤੇ ਗਏ ਤਾਂ ਨਵਾਬ ਸੈਫ ਖਾਂ ਨੇ ਚੁਮਾਸਾ (ਬਰਖਾ ਰੁਤ) ਕੱਟਣ ਲਈ ਗੁਰੂ ਜੀ ਨੂੰ ਆਪਣੇ ਕੋਲ ਠਹਿਰਾ ਲਿਆ।ਇਥੋਂ ਆਪ ਲਹਿਲ (ਪਟਿਆਲੇ) ਗਏ, ਜਿਥੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਹੈ। ਔਰੰਗਜ਼ੇਬ ਕਾਹਲਾ ਪੈ ਗਿਆ, ਹੁਣ ਉਸ ਨੇ ਗੁਰੂ ਜੀ ਦੇ ਵਾਰੰਟ (ਗ੍ਰਿਫਤਾਰੀ) ਜਾਰੀ ਕਰ ਦਿਤੇ ਕਿ ਗੁਰੂ ਜੀ ਕਿਤੇ ਨੱਸ ਹੀ ਨਾ ਜਾਣ ਤੇ ਮੇਰਾ ਕੰਮ ਵਿਚੇ ਹੀ ਨਾ ਰਹਿ ਜਾਏ। ਜਿਉਂ ਜਿਉਂ ਉਸਨੇ ਜਤਨ ਕੀਤਾ, ਗੁਰੂ ਜੀ ਪੜਾਅ ਦਰ ਪੜਾਅ ਕਰਦੇ ਤੁਰਦੇ ਗਏ ਦਿਲੀਓਂ ਅਗੇ ਲੰਘ ਕੇ ਆਗਰੇ ਜਾ ਪੁਜੇ। ਆਪ ਸ਼ਹੀਦੀ ਦੇਣ ਲਈ ਤਿਆਰ ਹੋ ਕੇ ਘਰੋਂ ਤੁਰਨ ਵਾਲੇ ਗੁਰੂ ਜੀ ਦੇ ਫੜਨ ਦਾ ਉਸ ਨੇ ਇਨਾਮ ਰਖ ਦਿਤਾ। ਅਨੰਦਪੁਰ ਤੋਂ ਤੁਰੇ ਗੁਰੂ ਜੀ ਨੂੰ ਚਾਰ ਪੰਜ ਮਹੀਨੇ ਹੋ ਗਏ, ਪਰ ਉਸ ਦੇ ਫੌਜੀਆਂ ਤੇ ਲੱਭਣ ਵਾਲਿਆਂ ਨੂੰ ਗੁਰੂ ਜੀ ਨਾ ਲੱਭੇ। ਪਰ ਆਪ ਹੀ ਉਨ੍ਹਾਂ ਨੇ ਆਗਰੇ ਜਾ ਕੇ ਪੰਜਾਂ ਸਿਖਾਂ ਸਮੇਤ ਗ੍ਰਿਫਤਾਰੀ ਦਿਤੀ, ਜੋ ਬੜੇ ਕਰੜੇ ਪਹਿਰੇ ਵਿਚ ਦਿਲੀ ਲਿਆਂਦੇ ਗਏ।

## ਗੁਰੂ ਤੇਗ ਬਹਾਦਰ ਜੀ ਨੇ ਸੀਸ ਕੁਰਬਾਨ ਕਰਨਾ

ਗੁਰੂ ਜੀ ਪੰਜ ਸਿਖਾਂ ਦੀਵਾਨ ਮਤੀ ਦਾਸ, ਭਾਈ ਦਿਆਲਾ, ਭਾਈ ਗੁਰਦਿਤਾ (ਬਾਬਾ ਬੁੱਢਾ ਜੀ ਦੇ ਅੰਸ ਦਾ ਮੁਖੀ), ਭਾਈ ਸਤੀ ਦਾਸ ਤੇ ਭਾਈ ਚੀਮਾ ਸਮੇਤ ਇਕ ਵਡੀ ਹਵੇਲੀ ਵਿਚ ਬੰਦ ਕੀਤੇ ਗਏ, ਜਿਸ ਨੂੰ ਭੂਤਾਂ ਦਾ ਘਰ ਕਿਹਾ ਜਾਂਦਾ ਸੀ ਤੇ ਕੈਦ ਹੋਣ ਵਾਲਾ ਉਂਜ ਹੀ ਡਰ ਨਾਲ ਤ੍ਰਬਕ ਕੇ ਮਰ ਜਾਂਦਾ ਸੀ।ਅਨੇਕਾਂ ਹੀ ਔਰੰਗਜ਼ੇਬ ਨੇ ਇਸ ਹਵੇਲੀ ਵਿਚ ਕੈਦ ਕਰ ਕੇ ਮਾਰੇ ਸਨ। ਔਰੰਗਜ਼ੇਬ ਨੇ ਸਖਤੀ ਕੀਤੀ ਤਾਂ ਨਿਰੰਤਰ ਪ੍ਰਭੂ ਨਾਲ ਜੁੜੇ ਰਹਿਣ ਵਾਲੇ ਗੁਰੂ ਜੀ ਦੀ ਆਤਮਾ ਨੂੰ ਕੀ ਦੁਖ ਹੋ ਸਕਦਾ ਸੀ, ਉਨ੍ਹਾਂ ਸਭ ਕੁਝ ਖਿੜੇ ਮੱਥੇ ਸਹਾਰਿਆ ਤੇ ਉਨ੍ਹਾਂ ਦੇ ਚੇਹਰੇ ਦਾ ਜਲਾਲ ਹੋਰ ਵੀ ਵਧ ਗਿਆ। ਹੁਣ ਔਰੰਗਜ਼ੇਬ ਨੇ ਲਾਲਚ ਦਿਤੇ, ਆਪਣੀ ਲੜਕੀ ਦੇ ਕੇ ਜਵਾਈ ਬਣਾ ਲੈਣ ਤਕ ਦਾ ਲਾਲਚ ਦਿਤਾ, ਪਰ ਇਨ੍ਹਾਂ ਨਾਸਵੰਦ ਚੀਜਾਂ ਵਿਖਾਓ ਜਾਂ ਮੁਸਲਮਾਨ ਬਣ ਜਾਓ ਜਾਂ ਮੌਤ ਕਬੂਲ ਕਰੋ, ਪਰ ਗੁਰੂ ਜੀ ਪਹਿਲੀਆਂ ਦੋਵੇਂ ਗਲਾਂ ਤੋਂ ਇਨਕਾਰ ਤੇ ਤੀਜੀ ਗਲ ਹੱਸ ਕੇ ਮਨਜ਼ੂਰ ਕਰ ਰਹੇ ਸਨ। ਔਰੰਗਜ਼ੇਬ ਨੇ ਧੋਖੇ ਕੀਤੇ, ਪਰ ਗੁਰੂ ਜੀ ਨੂੰ ਧੋਖਾ ਕੌਣ ਦੇ ਸਕਦਾ ਸੀ? ਫੇਰ ਉਸ ਨੇ ਪਹਿਲੇ ਸਿਖਾਂ ਤੇ ਸਖਤੀ ਕਰ ਕੇ ਵੇਖਣ ਦਾ ਯਤਨ ਕਰ ਕੇ ਬਾਕੀਆਂ ਨੂੰ ਡੁਲਾਉਣਾ ਚਾਹਿਆ, ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਦੋ ਫਾੜ ਕਰਾ ਦਿਤਾ, ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਵਿਚ ਉਬਾਲ ਦਿਤਾ, ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਸ਼ਹੀਦ ਕਰ ਦਿੱਤਾ, ਪਰ ਏਨੀ ਸਖਤੀ ਕਰ ਕੇ ਵੀ ਉਹ ਆਪਣੀ ਈਨ ਤੇ ਸ਼ਰਤ ਕਿਸੇ ਨੂੰ ਨਾ ਮਨਾ ਸਕਿਆ। ਪਰ ਬਾਕੀ ਸਿਖ ਇਸ ਸਖਤੀ ਨੂੰ ਵੇਖ ਕੇ ਕੁਝ ਡੋਲੇ ਤਾਂ ਮਹਾਨ ਆਤਮਾ ਤੇ ਭਾਣੇ ਦੇ ਮਾਲਕ ਪ੍ਰਭੂ ਨੇ ਬਾਕੀ ਤਿੰਨਾਂ ਸਿਖਾਂ ਨੂੰ ਇਸ ਕਾਰਾਗ੍ਰਿਹਿ (ਜੇਹਲ) ਵਿਚੋਂ ਕੱਢ ਦਿਤਾ। ਉਨ੍ਹਾਂ ਦੇ ਸੰਗਲ ਤੇ ਹਥਕੜੀਆਂ ਤੇ ਬੂਹੇ ਆਪ ਤੋਂ ਆਪ ਹੀ ਖੁੱਲੇ ਤੇ ਫਿਰ ਬੰਦ ਹੋ ਗਏ। ਗੁਰੂ ਜੀ ਨੇ ਇਹ ਕਰ ਕੇ ਔਰੰਗਜ਼ੇਬ ਨੂੰ ਸਮਝਾਇਆ ਸੀ ਕਿ ਅਸੀਂ ਆਪ ਤੇਰੇ ਪਾਸ ਆਏ ਹਾਂ, ਵਰਨਾ ਤੇਰੀ ਸ਼ਕਤੀ ਸਾਨੂੰ ਨਹੀਂ ਪਕੜ ਸਕਦੀ ਤੇ ਅਸੀਂ ਤੇਰੀ ਪਕੜ ਵਿਚੋਂ ਵੀ ਏਹਨਾਂ ਸਿਖਾਂ ਦੇ ਨਿਕਲਣ ਵਾਂਗ ਨਿਕਲ ਸਕਦੇ ਹਾਂ, ਪਰ ਅਸੀਂ ਤੈਨੂੰ ਸਿਧੇ ਰਸਤੇ ਪਾਉਣ ਆਏ ਹਾਂ। ਤੂੰ ਦੋ ਮਜ਼ਹਬਾਂ ਨੂੰ ਇਕ ਕਰਨਾ ਚਾਹੁੰਦਾ ਹੈਂ, ਪਰ ਇਥੇ ਦੋ ਦੀ ਥਾਂ ਤਿੰਨ ਹੋਣਗੇ।

ਤੁਸੀਂ ਸ਼ਰ੍ਹਾ ਤੇ ਆਪਣੇ ਮਜ਼ਹਬ ਦੀ ਸੇਵਾ ਨਹੀਂ ਕਰ ਰਹੇ, ਸਗੋਂ ਇਸ ਨੂੰ ਬਦਨਾਮ ਕਰ ਰਹੇ ਹੋ। ਰੱਬ ਦੀ ਖਲਕਤ ਨੂੰ ਤੰਗ ਕਰ ਕੇ ਆਪਣਾ ਦੀਨ ਤੇ ਈਮਾਨ ਵਿਗਾੜ ਰਹੇ ਹੋ। ਤੁਸੀਂ ਬਹਿਸ਼ਤਾਂ (ਸਵਰਗਾਂ) ਦੀ ਆਸ ਲਾਈ ਬੈਠੇ ਹੋ, ਪਰ ਯਾਦ ਰਖੋ, ਤੁਹਾਡੇ ਲਹੀ ਦੋਜ਼ਖਾਂ ਦੀ ਅੱਗ ਭੜ ਭੜ ਕਰ ਕੇ ਬਲ ਰਹੀ ਹੈ ਤੇ ਤੁਹਾਡੇ ਵਰਗੇ ਜ਼ਾਲਮਾਂ ਤੇ ਬੇਦੀਨਾਂ ਦੀ ਉਡੀਕ ਕਰ ਰਹੀ ਹੈ।

ਨਿਰਭੈ ਗੁਰੂ ਜੀ ਦੀਆਂ ਨਿਰਭੈਤਾ ਵਾਲੀਆਂ ਗੱਲਾਂ ਸੁਣ ਕੇ ਔਰੰਗਜ਼ੇਬ ਨੂੰ ਯਕੀਨ ਹੋ ਗਿਆ ਕਿ ਇਹ ਕਿਸੇ ਤਰ੍ਹਾਂ ਵੀ ਕਾਬੂ ਨਹੀਂ ਆਉਣਗੇ ਤਾਂ ਉਸ ਨੇ ਮੁਲਾਣੇ ਨੂੰ ਕਿਹਾ ਕਿ ਗੁਰਾਂ ਨੇ ਆਪਣਾ ਨਾਮ ਤੇਗ ਬਹਾਦੁਰ ਧਰਾਇਆ ਹੈ, ਇਸ ਵਿੱਚ ਕੀ ਅਰਥ ਹੈ। ਹਿੰਦੂਆਂ ਦੇ ਗੁਰੂ ਹੋ ਕੇ ਪੂਜਾ ਯੋਗ ਕਹਾਉਂਦੇ ਹਨ, ਇਸ ਕਰਕੇ ਨਾਮ ਅਰਥ ਰਹਿਤ ਨਹੀਂ ਰਖਵਾ ਸਕਦੇ। ਜਾਓ! ਗੁਰਾਂ ਨੂੰ ਪੁੱਛੋ ਤੁਹਾਡੇ ਨਾਮ ਦਾ ਕੀ ਅਰਥ ਹੈ। ਮੁਲਾਣਿਆਂ ਨੇ ਗੁਰੂ ਸਾਹਿਬ ਨੂੰ ਆ ਕੇ ਪੁਛਿਆ ਤੇ ਗੁਰੂ ਸਾਹਿਬ ਨੇ ਉੱਤਰ ਦਿੱਤਾ ਨਾਮ ਅਤੇ ਰੂਪ ਇਹ ਸਰੀਰ ਦਾ ਧਰਮ ਹੈ। ਇਸ ਵਿੱਚ ਜੋ ਅਰਥ ਹੈ ਉਸਦਾ ਨਿਰਣਾ ਕਰਕੇ ਕਹਿੰਦੇ ਹਾਂ, ਸੁਣੋ! ਹੁਲੱਬੀ, ਜੁਨੱਬੀ ਆਦਿ ਸ਼ਹਿਰਾਂ ਦੀ ਜਿਹੜੀ ਫੌਲਾਦੀ ਤਲਵਾਰ ਹੈ ਤੇ ਉਸਨੂੰ ਸੁਧਾਰ ਕੇ ਅਤੀ ਬਰੀਕ ਧਾਰ ਲਾਈ ਹੋਵੇ। ਉਸ ਤੇਜ਼ ਤਲਵਾਰ ਦੇ ਅੱਗੇ ਕਾਗਜ਼ ਧਰ ਕੇ ਕੱਚੇ ਧਾਗੇ ਨਾਲ ਕਾਗਜ਼ ਬੰਨ੍ਹ ਕੇ, ਵੱਡਾ ਬਲਵਾਨ ਸੂਰਮਾ ਜਿਹੜਾ ਸ਼ਸਤਰ ਵਿਦਿਆ ਵਿੱਚ ਮਾਹਰ ਹੋਵੇ, ਸਾਡੇ ਸਰੀਰ ਦੇ ਉੱਤੇ ਜੇ ਵਾਰ ਕਰੇ। ਹੋਰ ਗੱਲ ਕੀ ਕਹੀਏ, ਉਸ ਤਲਵਾਰ ਪਾਸੋਂ ਕਾਗਜ਼ ਵੀ ਕੱਟਿਆ ਨਹੀਂ ਜਾਵੇਗਾ। ਇਸ ਤਰ੍ਹਾਂ ਸਾਡੇ ਨਾਮ ਵਿਚ ਕਰਾਮਾਤ ਹੈ। ਹਾਂ ਜੇ ਵਿਸ਼ਵਾਸ ਨਹੀਂ ਤਾਂ ਅਜ਼ਮਾਇਸ਼ ਕਰਕੇ ਵੇਖ ਲਵੋ। ਗੁਰੂ ਜੀ ਦਾ ਇਹ ਉਤਰ ਸੁਣ ਕੇ ਮੁਲਾਣੇ ਦੌੜ ਕੇ ਬਾਦਸ਼ਾਹ ਦੇ ਪਾਸ ਗਏ ਤੇ ਸਾਰੀ ਵਾਰਤਾ ਸੁਣਾਈ। ਇਹ ਸੁਣ ਕੇ ਔਰੰਗਜ਼ੇਬ ਨੇ ਬੜੀ ਕੀਮਤੀ ਤਲਵਾਰ ਖਜਾਨਚੀ ਪਾਸੋ ਮੰਗਵਾਈ ਤੇ ਪਰਖ ਕਰਕੇ ਇਕ ਜਵਾਨ ਸੱਯਦ ਜੋ ਲੰਮੀਆਂ ਬਾਹਾਂ ਵਾਲਾ ਬਹੁਤ ਬਲਵਾਨ ਸੀ ਉਸ ਨੂੰ ਦਿੱਤੀ।

ਇਸ ਤੋਂ ਦੋ ਦਿਨ ਪਹਿਲੇ ਗੁਰੂ ਤੇਗ ਬਹਾਦਰ ਜੀ ਨੇ ਪਰਖ ਕਰ ਕੇ, ਜੋ ਪਿਛਲੇ ਗੁਰੂ[1] ਸਾਹਿਬਾਂ ਦਾ ਗੁਰਤਾ ਦੇਣ ਸਮੇਂ ਦਾ ਦਸਤੂਰ ਸੀ ਉਹ ਸੰਪੂਰਣ ਕੀਤਾ ਤੇ ਗੋਬਿੰਦ ਰਾਇ ਜੀ ਨੇ ਭਾਈ ਜੈਤੇ ਨੂੰ ਦਿਲੀ ਭੇਜਿਆ ਸੀ, ਜੋ ਸ਼ਹੀਦੀ ਵਾਲੇ ਦਿਨ ਤੋਂ ਪਹਿਲੇ ਪੁਜਾ, ਜਿਸ ਨੂੰ ਇਸ਼ਾਰੇ ਨਾਲ ਗੁਰੂ ਜੀ ਨੇ ਚੌਂਕ ਵਿਚ ਕੋਲ ਰਹਿਣ ਲਈ ਸਮਝਾ ਦਿਤਾ ਸੀ ਤੇ ਸੀਸ ਚੁਕ ਲਿਜਾਣ ਲਈ ਵੀ ਕਿਹਾ ਸੀ। ਫਿਰ ਲੋਹੇ ਦੇ ਪਿੰਜਰੇ ਦਾ ਦਰਵਾਜ਼ਾ ਖੋਲ੍ਹਿਆ ਤੇ ਗਿਆਨ ਦੀ ਮੂਰਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਹਰ ਨਿਕਲੇ ਤੇ ਕੁਤਵਾਲੀ ਦੇ ਵੱਡੇ ਦਰਵਾਜ਼ੇ ਤੇ ਆ ਕੇ ਸੋਢੀ ਸ਼ਿਰੋਮਣੀ ਬਾਹਰ ਆ ਗਏ ਹਜ਼ਾਰਾਂ ਹਿੰਦੂ ਤੁਰਕ ਇਕੱਠੇ ਹੋਏ, ਕੁਤਵਾਲੀ ਦੇ ਨੇੜੇ ਹੀ ਚਾਂਦਨੀ ਚੌਂਕ ਵਿੱਚ ਇਕ ਛੋਟਾ ਖੂਹ ਸੀ, ਉਥੇ ਇਸ਼ਨਾਨ ਕਰਕੇ ਫਿਰ ਗੁਰੂ ਸਾਹਿਬ ਖੂਹ ਦੇ ਅੱਗੇ ਇਕਬ੍ਰਿਛ ਹੇਠਾਂ ਬੈਠ ਗਏ ਤੇ ਸਯੱਦ ਨੂੰ ਕਿਹਾ ਕਿ ਜਦ ਅਸੀਂ ਸੀਸ ਨਿਵਾਈਏ, ਤਦ ਤੂੰ ਫਿਰ ਤਲਵਾਰ ਦਾ ਵਾਰ ਕਰੀਂ ਤੇ ਫਿਰ ਗੁਰੂ ਸਾਹਿਬ ਜਪੁ ਜੀ ਸਾਹਿਬ ਦਾ ਪਾਠ ਕਰਨ ਲੱਗੇ। ਜਦ ਇਕ ਘੜੀ ਦੁਪਹਿਰ ਢਲੀ ਤਾਂ ਜਪੁਜੀ ਸਾਹਿਬ ਦੇ ਪਾਠ ਦੀ ਸੰਪੂਰਨਤਾ ਹੋਈ। ਤੇ ਗੁਰੂ ਸਾਹਿਬ ਨੇ ਆਪਣਾ ਸੀਸ ਨਿਵਾਇਆ ਤੱਦ ਸੱਯਦ ਨੇ ਬਾਹਾਂ ਦਾ ਬਲ ਧਾਰ ਕੇ ਪੂਰੇ ਜ਼ੋਰ ਨਾਲ ਤਲਵਾਰ ਦਾ ਵਾਰ ਗੁਰੂ ਜੀ ਦੇ ਗਲੇ ਉੱਪਰ ਕੀਤਾ, ਤਲਵਾਰ ਚੱਲੀ ਪਰ ਉਹ ਗੁਰੂ ਜੀ ਦੇ

---

1 ਸਤਿਗੁਰੂ ਤੇਗ ਬਹਾਦਰ ਜੀ ਨੇ ਸਾਹਿਬਜ਼ਾਦੇ ਦੀ ਪਰਖ ਲਈ ਇਹ ਦੋ ਦੋਹਿਰੇ ਲਿਖੇ ਸਨ:
ਬਲੁ ਛੁਟਕਿਓ ਬੰਧਨ ਪਰੇ, ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ, ਗਜਿ ਜਿਉ ਹੋਹੁ ਸਹਾਇ॥
ਸੰਗ ਸਖਾ ਸਭਿ ਤਜਿ ਗਏ, ਕੋਊ ਨ ਨਿਬਹਿਓ ਸਾਥਿ॥
ਕਹੁ ਨਾਨਕ ਇਹ ਬਿਪਤ ਮੈ, ਟੇਕ ਏਕ ਰਘੁਨਾਥ॥੫੫॥
ਪਰ ਅਗੋਂ ਅਕਾਲ ਪੁਰਖ ਦੇ ਥਾਪ ਕੇ ਭੇਜੇ ਅਨੁਭਵੀ ਸਾਹਿਬਜ਼ਾਦਾ ਜੀ ਨੇ ਉਤਰ ਦਿਤਾ:
ਬਲੁ ਹੋਆ, ਬੰਧਨ ਛੁਟੇ, ਸਭ ਕਿਛੁ ਹੋਤ ਉਪਇ॥
ਨਾਨਕ ਸਭਿ ਕਿਛੁ ਤੁਮਰੇ ਹਾਥ ਮੈਂ, ਤੁਮ ਹੀ ਹੋਤ ਸਹਾਇ॥੫੪॥
ਇਹ ਦੋਹਰਾ ਪੜ੍ਹ ਕੇ ਗੁਰੂ ਜੀ ਨੇ ਗੁਰਿਆਈ ਭੇਜੀ ਤੇ ਲਿਖਿਆ:
ਨਾਮੁ ਰਹਿਓ, ਸਾਧੂ ਰਹਿਓ ਰਹਿਓ ਗੁਰ ਗੋਬਿੰਦ॥
ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰਮੰਤੁ॥੫੬॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਗੱਲ ਤੱਕ ਪਹੁੰਚੀ ਨਹੀਂ, ਗੁਰੂ ਜੀ ਦਾ ਸੀਸ ਧੜ ਤੋਂ ਪਹਿਲਾਂ ਹੀ ਉੱਤਰ ਗਿਆ। ਕਵੀਰਾਜ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ –

"ਸਈਯਦ ਤਬਿ ਕਰਿ ਕੈ ਬਲ ਬਾਹੂ। ਤੇਗ ਪ੍ਰਹਾਰਿ ਤਾਕਿ ਗੁਰ ਮਾਹੂ।
ਕਰੀ ਚਲਾਵਨਿ ਗਈ ਨ ਤਹਿਂ ਲੌਂ। ਧਰ ਤੇ ਸਿਰ ਉਤਰਯੋ ਗੁਰ ਪਹਿਲੌਂ।੩੮।"

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸ ਗਿਆਰਵੀ)

ਇਸ ਤਰ੍ਹਾਂ ਮੱਘਰ ਸੁਦੀ ਪੰਚਮੀ, ਸੰਮਤ 1732, ਦਿਨ ਵੀਰਵਾਰ ਨੂੰ ਗੁਰੂ ਸਾਹਿਬ ਜੀ ਨੇ ਅਪਣਾ ਸੀਸ ਕੁਰਬਾਨ ਕੀਤਾ। ਇਸ ਬਾਬਤ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ:-

'ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।। ਕੀਨੋ ਬਡੋ ਕਲੂ ਮਹਿ ਸਾਕਾ।।
ਸਾਧਨਿ ਹੇਤ ਇਤੀ ਜਿਨਿ ਕਰੀ।। ਸੀਸੁ ਦੀਆ ਪਰ ਸੀ ਨ ਉਚਰੀ।।੧੩।।
ਧਰਮ ਹੇਤ ਸਾਕਾ ਜਿਨਿ ਕੀਆ।। ਸੀਸੁ ਦੀਆ ਪਰ ਸਿਰਰੁ ਨ ਦੀਆ।।
ਨਾਟਕ ਚੇਟਕ ਕੀਏ ਕੁਕਾਜਾ।। ਪ੍ਰਭ ਲੋਗਨ ਕਹ ਆਵਤ ਲਾਜਾ।।੧੪।।'
ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ।।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।।੧੫।।
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।।੧੬।।

(ਬਚਿਤ੍ਰ ਨਾਟਕ)

## ਗੁਰੂ ਜੀ ਦੇ ਸੀਸ ਤੇ ਧੜ ਦਾ ਸਸਕਾਰ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਵਿਤਰ ਸੀਸ, ਭਾਈ ਜੈਤਾ ਦੋ ਦਿਨ ਤੇ ਦੋ ਰਾਤਾਂ ਵਿਚ, ਪੈਦਲ ਚਲ ਕੇ, ਸ੍ਰੀ ਅਨੰਦਪੁਰ ਸਾਹਿਬ ਲੈ ਕੇ ਚਲਾ ਗਿਆ। ਪਰ ਏਧਰ ਦਿਲੀ ਦੇ ਚਾਂਦਨੀ ਚੌਂਕ ਵਿਚ ਜੋ ਗੁਰੂ ਜੀ ਦਾ ਧੜ ਪਿਆ ਸੀ ਤੇ ਸੀਸ ਦੇ ਗੁੰਮ ਹੋਣ ਮਗਰੋਂ ਇਸ ਦੀ ਕਰੜੀ ਨਿਗਰਾਨੀ ਰਖੀ ਜਾ ਰਹੀ ਸੀ।ਕਿਉਂਕਿ ਹਨੇਰੀ ਤੇ ਘੱਟੇ ਦਾ ਤੂਫ਼ਾਨ ਚਲ ਰਿਹਾ ਸੀ। ਪਰ ਸੰਧਿਆਂ ਵੇਲੇ ਜਦੋਂ ਲਖੀ ਸ਼ਾਹ ਲੁਬਾਣਾ, ਦਿਲੀ ਦਾ ਵੱਡਾ ਵਪਾਰੀ, ਜੋ ਆਪਣੇ ਇਕ ਸੌ

ਦੇ ਕਰੀਬ ਗਡਿਆਂ ਨੂੰ ਲਿਜਾਂਦਾ, ਚਾਂਦਨੀ ਚੌਂਕ ਵਿਚੋਂ ਲੰਘਿਆ ਤਾਂ ਹਨੇਰੀ ਨਾਲ ਉਸ ਦੇ ਸੌ ਡੇਢ ਸੌ ਆਦਮੀਆਂ ਦੀ ਆਵਾਜ਼ 'ਅਗੋਂ ਹਟ ਜਾਓ, ਬਚ ਜਾਓ' ਦਾ ਰੌਲਾ ਪੈ ਰਿਹਾ ਸੀ ਹਨੇਰੀ ਤੇ ਇਸ ਰੌਲੇ ਕਾਰਨ, ਜਦ ਸਿਪਾਹੀ ਜ਼ਰਾ ਦੂਰ ਦੂਰ ਹੋਏ ਤਾਂ ਉਸ ਨੇ ਗੁਰੂ ਜੀ ਦੇ ਪਵਿਤਰ ਧੜ ਨੂੰ ਇਕ ਗਡੇ ਵਿਚ ਰਖ ਕੇ ਉਪਰੋਂ ਸਾਮਾਨ ਨਾਲ ਢੱਕ ਦਿਤਾ। ਘੰਟਾ ਡੇਢ ਘੰਟਾ ਗੱਡੇ ਲੰਘਦੇ ਰਹੇ, ਪਰ ਜਦੋਂ ਗੱਡੇ ਲੰਘ ਗਏ ਤਾਂ ਧੜ ਨੂੰ ਨਾ ਵੇਖ ਕੇ ਝਟ ਹੀ ਫੌਜਦਾਰ ਨੂੰ ਗੱਡਿਆਂ ਤੇ ਸ਼ੱਕ ਪਿਆ ਤਾਂ ਉਸ ਨੇ ਗੱਡੇ ਰੋਕ ਕੇ ਤਲਾਸ਼ੀ ਲੈਣੀ ਸ਼ੁਰੂ ਕਰ ਦਿਤੀ, ਪਰ ਤਲਾਸ਼ੀ ਲੈਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਕੁਝ ਨਾ ਲਭਾ। ਔਰੰਗਜ਼ੇਬ ਨੂੰ ਖਬਰ ਦਿਤੀ ਗਈ ਕਿ 'ਧੜ' ਵੀ ਗੁੰਮ ਹੋ ਗਿਆ ਹੈ, ਹਾਂ ਉਸ ਨੂੰ ਹੈਰਾਨੀ ਤੇ ਪਰੇਸ਼ਨੀ ਨੇ ਘੇਰ ਲਿਆ 'ਇਹ ਗੁਰੂ ਕਰਾਮਾਤੀ ਤਾਂ ਸਨ, ਪਰ ਐਸਾ ਅਜਬ ਕੌਤਕ; ਐਸੀ ਨਿਡਰਤਾ ਯਾ ਖੁਦਾ, ਇਹ ਤੇਰੀ ਕੁਦਰਤ ਹੈ?' ਹੈਰਾਨੀ ਤੇ ਪਰੇਸ਼ਾਨੀ ਨੇ ਉਸ ਨੂੰ ਵੀ ਖੁਦਾ ਯਾਦ ਕਰ ਦਿਤਾ। ਕਹਿੰਦੇ ਹਨ ਕਿ ਰਾਤ ਨੂੰ ਉਸ ਦੀਆਂ ਡਰਾਉਣੀਆਂ ਸ਼ਕਲਾਂ ਤੇ ਆਪਣੇ ਹੀ ਕੀਤੇ ਪਾਪਾਂ ਦੇ ਮੁੜ ਮੁੜ ਆ ਰਹੇ ਖਿਆਲਾਂ ਨੇ ਨੀਂਦ ਹਰਾਮ ਕਰ ਦਿਤੀ। ਦੂਜੇ ਦਿਨ ਉਹ ਦਿਲੀ ਤੋਂ ਆਗਰੇ ਜਾ ਰਿਹਾ ਤੇ ਮੁੜ ਦਿਲੀ ਦੇ ਕਿਲੇ ਵਿਚ ਸੁੱਤਾ ਹੀ ਨਹੀਂ, ਆਉਂਦਾ ਭਾਵੇਂ ਰਿਹਾ।

ਭਾਈ ਲਖੀ ਸ਼ਾਹ ਨੇ ਰਾਤ ਸਮੇਂ ਗੁਰੂ ਜੀ ਦੇ ਪਵਿਤਰ ਧੜ ਦਾ ਸਸਕਾਰ ਕਰ ਕੇ ਉਸ ਦੀ ਰਾਖ ਗਾਗਰਾਂ ਵਿਚ ਪਾ ਕੇ ਦੱਬ ਦਿਤੀ ਤੇ ਫੇਰ ਆਪਣੇ ਖਾਸ ਘਰ ਨੂੰ ਅੱਗ ਲਾ ਕੇ ਨਾਲ ਕਈਆਂ ਨੂੰ ਵੀ ਸਾੜ ਕੇ, 'ਅੱਗ ਅੱਗ', ਦਾ ਰੌਲਾ ਪਾ ਕੇ ਕਿਸੇ ਦਾ ਇਸ ਪਾਸੇ ਧਿਆਨ ਹੀ ਨਾ ਹੋਣ ਦਿਤਾ ਕਿ ਉਸ ਨੇ ਗੁਰੂ ਜੀ ਦੇ ਧੜ ਨੂੰ ਚੁਕਿਆ ਜਾ ਉਸ ਦਾ ਸਸਕਾਰ ਕਰ ਦਿਤਾ ਹੈ।

ਉਧਰ ਭਾਈ ਜੈਤਾ ਜਿਉਂ ਜਿਉਂ ਦਿਲੀਓਂ ਤੁਰਿਆ ਤਾਂ ਉਸ ਕੀਰਤਪੁਰ ਹੀ ਜਾ ਸਾਹ ਲਿਆ। ਗੁਰੂ ਤੇਗ ਬਹਾਦਰ ਜੀ ਨੇ ਉਸ ਨੂੰ ਕਿਹਾ ਸੀ 'ਤੈਨੂੰ ਕੋਈ ਨਹੀਂ ਦੇਖੇਗਾ, ਤੂੰ ਤੁਰਿਆ ਜਾਈਂ, ਤੈਨੂੰ ਥਕੇਵਾਂ ਨਹੀਂ ਹੋਵੇਗਾ। ਗੁਰੂ ਗੁਰੂ ਕਰਦਾ ਜਾਈਂ, ਗੁਰੂ ਨਾਨਕ ਆਪ ਤੇਰੀ ਸਹਾਇਤਾ ਤੇ ਰਖਿਆ ਕਰਨਗੇ' ਸੋ ਠੀਕ ਹੀ, ਦਿਨੇ ਰਾਤ ਤੁਰਦੇ ਭਾਈ ਜੈਤੇ ਨੂੰ ਨਾਂ ਥਕੇਵਾਂ ਹੋਇਆ, ਨਾ ਨੀਂਦ ਹੀ ਆਈ।ਕੀਰਤਪੁਰੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਨੂੰ ਪਾਲਕੀ

ਵਿਚ ਰਖ ਕੇ ਅੰਨਦਰਪੁਰ ਤੇ ਕੀਰਤਪੁਰ ਦੀਆਂ ਸੰਗਤਾਂ ਜਲੂਸ ਦੀ ਸ਼ਕਲ ਵਿਚ ਲੈ ਕੇ ਗਈਆਂ। ਭਾਈ ਜੈਤਾ, ਜੋ ਪਛੜੀਆਂ ਜ਼ਾਤਾਂ ਵਿਚੋਂ ਸੀ, ਉਸ ਦੀ ਸੇਵਾ ਤੇ ਪ੍ਰਸੰਨ ਹੋ ਕੇ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਨੇ ਵਰ ਦਿਤਾ 'ਰੰਗਰੇਟਾ, ਗੁਰੂ ਕਾ ਬੇਟਾ' ਇਹੋ ਭਾਈ ਜੈਤਾ ਜੀ, ਅੰਮ੍ਰਿਤ ਛਕ ਕੇ ਮਗਰੋਂ ਭਾਈ ਜੀਵਨ ਸਿੰਘ ਜੀ ਬਣੇ ਤੇ ਚਮਕੌਰ ਦੇ ਯੁਧ ਵਿਚ ਸ਼ਹੀਦ ਹੋਏ।

ਹੰਝੂਆਂ ਦੀ ਝੜੀ ਤਾਂ ਹਰ ਸਿਖ ਤੇ ਗੁਰੂ ਪ੍ਰਵਾਰ ਦੀ ਉਦੋਂ ਦੀ ਹੀ ਲਗੀ ਹੋਈ ਸੀ, ਜਦੋਂ ਦਾ ਅਨੰਦਪੁਰੋਂ ਭੇਜਿਆ ਗਿਆ ਸਿਖ, ਗੁਰੂ ਤੇਗ ਬਹਾਦਰ ਜੀ ਤੇ, ਗੁਰਤਾ ਦੀ ਸੰਭਾਲ ਤੇ ਸ਼ਹੀਦੀ ਦਾ ਆਖਰੀ ਸੁਨੇਹਾ ਲੈ ਕੇ ਪੁਜਾ ਸੀ, ਪਰ ਹੁਣ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਵਿਤਰ ਸੀਸ ਦੇ ਬਿਨਾਂ ਧੜ ਤੋਂ ਵਾਪਸ ਪਹੁੰਚਣ ਤੇ ਤਾਂ ਇਕ ਵੇਰ ਹੀ ਸਭ ਉਤੇ ਕਰੁਣਾ ਰਸ ਹਾਵੀ ਹੋ ਗਿਆ। ਨਿਕੇ ਜੇਹੇ ਸਾਹਿਬਜ਼ਾਦੇ ਦੇ ਅਗੇ ਗੁਰੂ ਪਿਤਾ ਦਾ ਸੀਸ ਪਿਆ ਸੀ ਤੇ ਅਗੋਂ ਕਿੰਨੀ ਵਡੀ ਜ਼ਿੰਮੇਵਾਰੀ ਤੇ ਕਿਤਨਾ ਬਿਖਮ ਸਮਾਂ ਸਾਹਮਣੇ ਆ ਰਿਹਾ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸੰਗਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸੀ, ਸਮਾਂ ਉਦੋਂ ਵੀ ਬੜਾ ਬਿਖਮ ਤੇ ਬਾਦਸ਼ਾਹੀ ਗੁਰੂ ਘਰ ਦੀ ਵਿਰੋਧੀ ਸੀ, ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਭਾਰਤ ਦੀ ਜਨਤਾ ਲਈ ਸੀ, ਜੋ ਬਿਲਕੁਲ ਹੀ ਅਣਖਹੀਣ, ਨਿਰਬਲ ਤੇ ਦਲੇਰੀ ਜਾਂ ਨਿਡਰਤਾ ਵਲੋਂ ਮੁਰਦਾ ਹੋਣ ਬਰਾਬਰ ਹੋ ਚੁਕੀ ਸੀ। ਆਪਣੀ ਰਾਖੀ ਕਰਨੀ ਔਖੀ ਨਹੀਂ ਸੀ, ਪਰ ਇਸ ਸਮੇਂ ਤਾਣ ਹੀਣ ਭਾਰਤੀ ਜਨਤਾ ਨੂੰ ਬਚਾਉਣ ਦਾ ਸਵਾਲ ਸਭ ਤੋਂ ਬਿਖਮ ਸੀ, ਜਿਸ ਕਾਜ ਲਈ ਕਿ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਮਹਾਨ ਕੁਰਬਾਨੀ ਦਿਤੀ ਸੀ।

ਸਾਹਿਬਜ਼ਾਦਾ ਜੀ ਭਾਵੇਂ ਉਮਰ ਤੇ ਸਰੀਰ ਦੇ ਨਿਕੇ ਹੀ ਸਨ, ਪਰ ਉਨ੍ਹਾਂ ਦੀ ਆਤਮਾ ਵਿਚ ਪਰਮ ਪੁਰਖ (ਅਕਾਲ ਪੁਰਖ) ਦਾ ਨੂਰ ਤੇ ਜ਼ਰੂਰ ਸੀ। ਉਹ ਅਕਾਲ ਪੁਰਖ ਦੇ ਪੁਤਰ ਬਣ ਕੇ ਅਕਾਲ ਪੁਰਖ ਦਾ ਹੁਕਮ ਮੰਨ ਕੇ ਸੰਸਾਰ ਵਿਚ ਪਰਗਟ ਹੋਏ ਸਨ। ਸੋ ਨਿਕੇ ਜਿਹੇ ਸਾਹਿਬਜ਼ਾਦੇ ਦੇ ਮੂੰਹੋਂ ਇਸ ਸਮੇਂ ਮਿੱਠਤ ਤੇ ਧੀਰਜ ਦੇ ਬਚਨ ਨਿਕਲੇ ਹੇ ਸਿਖੋ ਗੁਰਸਿਖੋ ਕਿਉਂ ਕਰੁਣਾ ਰਸ ਵਿਚ ਡੁਬਦੇ ਜਾ ਰਹੇ ਹੋ। ਉਠੋ, ਪਹਿਲੇ ਇਸ ਪਰਮ ਗੁਰੂ ਦੇ ਸੀਸ ਦਾ ਬੜੇ ਅਦਬ

ਤੇ ਸਤਿਕਾਰ ਨਾਲ ਸਸਕਾਰ ਕਰੋ। ਫਿਰ ਕੋਈ ਹੋਰ ਗਲ ਵਿਚਾਰਨੀ। ਡਰਨਾ ਤੇ ਘਾਬਰਨਾ, ਇਹ ਅਣਖ ਤੋਂ ਰਹਿਤ ਤੇ ਨਿਰੇ ਸਵਾਰਥ ਨੂੰ ਮੁਖ ਰਖਣ ਵਾਲੇ ਲੋਕਾਂ ਵਾਸਤੇ ਹੈ, ਗੁਰੂ ਘਰ ਉਤੇ ਇਸ ਦਸ਼ਾ ਦਾ ਕੋਈ ਅਸਰ ਨਹੀਂ। ਗੁਰੂ ਘਰ ਤਾਂ

ਭੈ ਕਾਹੁ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥

ਸਾਡੇ ਗੁਰਦੇਵ ਪਿਤਾ ਨੂੰ ਕੋਈ ਦੁਖ ਦੇਣ ਵਾਲਾ ਨਹੀਂ ਸੀ, ਜੇ ਉਹ ਆਪ ਨਾ ਚਾਹੁੰਦੇ; ਉਨ੍ਹਾਂ ਨੂੰ ਕੋਈ ਫੜਨ ਵਾਲਾ ਨਹੀਂ ਸੀ, ਜੇ ਉਹ ਆਪ ਨਾ ਫੜੇ ਜਾਂਦੇ, ਉਨ੍ਹਾਂ ਨੂੰ ਕੋਈ ਕੈਦ ਕਰਨ ਜਾਂ ਮਾਰ ਸਕਣ ਵਾਲਾ ਨਹੀਂ ਸੀ; ਜੇ ਉਹ ਆਪ ਮਰਨਾ ਮਿਥ ਕੇ ਆਪ ਦਿਲੀ ਨਾ ਜਾਂਦੇ। ਉਹ ਤਾਂ ਆਪ ਦੀ ਰਖਿਆ ਕਰਨ ਲਈ ਆਪ ਗਏ ਤੇ ਆਪ ਸ਼ਹੀਦ ਹੋਏ ਹਨਃ

ਤਿਲਕ ਜੰਞੂ ਰਾਖਾ ਪ੍ਰਭੂ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥ (ਬਚਿਤ੍ਰ ਨਾਟਕ)

ਉਨ੍ਹਾਂ ਨੇ ਹਿੰਦੂ ਧਰਮ ਦੀ ਰਖਸ਼ਾ ਲਈ ਤੇ ਮਜ਼ਲੂਮਾਂ ਨੂੰ ਜ਼ੁਲਮ ਤੋਂ ਬਚਾਉਣ ਲਈ ਆਪਣੇ ਸਰੀਰ ਦਾ ਠੀਕਰਾ ਇਸ ਜ਼ਾਲਮ ਔਰੰਗਜ਼ੇਬ ਦੇ ਸਿਰ ਵਿਚ ਭੰਨ ਕੇ,ਹਿੰਦੂ ਧਰਮ ਬਚਾ ਕੇ, ਇਕ ਉਹ ਮਹਾਨ ਕੰਮ ਕਰ ਕੇ ਦਿਖਾਇਆ ਹੈ, ਜਿਹੋ ਜਿਹਾ ਕਿ ਅਜੇ ਤਕ ਕਿਸੇ ਹੋਰ ਦੇ ਹਿੱਸੇ ਨਹੀਂ ਆ ਸਕਿਆ।

## ਗੁਰਤਾ ਗੱਦੀ ਰਸਮ ਕਰਨੀ

ਗੁਰੂ ਤੇਗ ਬਹਾਦਰ ਜੀ ਨੇ ਸ਼ਹੀਦ ਹੋਣ ਤੋਂ ਪਹਿਲਾਂ ਪੰਜ ਪੈਸੇ ਤੇ ਨਾਰੀਅਲ ਭੇਜ ਕੇ ਹੁਕਮ ਭੇਜਿਆ ਸੀ ਕਿ ਸਾਡੇ ਮਗਰੋਂ ਗੁਰਤਾ ਦੇ ਸਾਰੇ ਫਰਜ਼ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਨਿਭਾਉਣਗੇ, ਸੋ ਸ਼ਹੀਦ ਗੁਰੂ ਜੀ ਨਮਿਤ ਰਖੇ ਪਾਠ ਦੇ ਭੋਗ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾ ਗੱਦੀ ਤੇ ਬੈਠਣ ਦੀ ਰਸਮ ਕਰ ਦਿਤੀ ਗਈ। ਬਾਬਾ ਬੁੱਢਾ ਜੀ ਦੀ ਅੰਸ ਵਿਚੋਂ, ਭਾਈ ਗੁਰਦਿਤਾ ਜੀ ਦੇ ਸਪੁਤਰ ਸਾਹਿਬ ਰਾਮ ਕੰਵਰ ਨੇ ਸ੍ਰੀ ਗੁਰੂ ਜੀ ਨੂੰ ਗੁਰਤਾ ਦੇਣ ਦੇ ਫਰਜ਼ ਨਿਭਾਏ। ਭਾਈ ਗੁਰਦਿਤਾ ਜੀ, ਗੁਰੂ ਤੇਗ ਬਹਾਦਰ ਜੀ ਦੇ ਨਾਲ ਦਿਲੀ ਗਏ ਸਨ ਤੇ ਗੁਰੂ ਜੀ ਨੇ ਇਨ੍ਹਾਂ ਦੀ ਇੱਛਿਆ ਅਨੁਸਾਰ ਬੰਦੀਖਾਨੇ ਵਿਚੋਂ ਛੁਡਾ ਦਿਤਾ ਸੀ, ਪਰ ਗੁਰਦਿਤਾ ਜੀ ਨੇ ਬਾਹਰ ਨਿਕਲ ਕੇ ਕੁਝ ਦੂਰ ਜਮਨਾ ਦੇ ਕਿਨਾਰੇ ਪੁਜ ਕੇ ਸਰੀਰ ਤਿਆਗ ਦਿਤਾ ਸੀ। ਇਸ ਲਈ

ਉਨ੍ਹਾਂ ਦੀ ਥਾਂ ਇਹ ਕੰਮ ਉਨ੍ਹਾਂ ਦੇ ਨਿਕੇ ਜਿਹੇ ਸਪੁਤਰ ਰਾਮ ਕੰਵਰ ਜੀ ਨੇ ਕੀਤਾ ਤੇ ਮਰਯਾਦਾ ਪੂਰਬਕ ਗੁਰਤਾ ਦਾ ਤਿਲਕ ਲਾ ਕੇ, ਗੁਰਤਾ ਦੀ ਰਸਮ ਅਦਾ ਕੀਤੀ।

ਇਨ੍ਹਾਂ ਦਿਨਾਂ ਵਿਚ ਹੀ ਲਖੀ ਸ਼ਾਹ ਲੁਬਾਣਾ, ਜਿਸ ਨੇ ਗੁਰੂ ਜੀ ਦੇ ਪਵਿਤਰ ਧੜ ਸਸਕਾਰ ਕੀਤਾ ਸੀ, ਉਹ ਵੀ ਸ੍ਰੀ ਅਨੰਦਪੁਰ ਸਾਹਿਬ ਪੁਜਾ ਤੇ ਧੜ ਦਾ ਸਸਕਾਰ ਕਰਨ ਦੀ ਸਾਰੀ ਵਿਥਿਆ ਸੁਣਾਈ। ਉਸ ਨੇ ਦਸਿਆ ਕਿ ਗੁਰੂ ਜੀ ਦੇ ਪਵਿਤਰ ਧੜ ਦਾ ਸਸਕਾਰ ਕਰਨ ਲਈ ਔਰੰਗਜ਼ੇਬ ਨੇ ਢੰਡੋਰਾ ਫਿਰਵਾਇਆ ਸੀ, ਪਰ ਦਿਲੀ ਵਿਚ ਅਨੇਕਾਂ ਗੁਰੂ ਕੇ ਸਿਖਾਂ ਦੇ ਹੁੰਦਿਆਂ ਕਿਸੇ ਨੇ ਦਲੇਰੀ ਨਾ ਕੀਤੀ, ਸਭ ਔਰੰਗਜ਼ੇਬ ਦੇ ਡਰ ਤੋਂ ਸਿਖ ਹੋਣੋ ਹੀ ਮਕਰ ਗਏ।

ਕਹਿੰਦੇ ਹਨ ਕਿ ਨਿਕੇ ਜਿਹੇ ਮੁਖੜੇ ਤੇ ਹੀ ਉਸ ਸਮੇਂ ਇਤਨਾ ਜਲਾਲ ਤੇ ਤੇਜ ਪੈਦਾ ਹੋਇਆ ਤੇ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਕੁਝ ਭੈ ਭੀਤ ਤੇ ਡੋਲ ਰਹੇ ਮਨਾਂ ਨੂੰ ਵੀ ਧੀਰਜ ਆ ਗਈ।ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, ਇਹ ਸੁਣ ਕੇ ਤਾਂ ਜਾਪਦਾ ਹੈ ਕਿ ਗੁਰੂ ਕੇ ਸਿਖ ਵੀ, ਹੋ ਸਕਦਾ ਹੈ ਕਿ ਫਿਰ ਉਸੇ ਟੋਏ ਵਿਚ ਹੀ ਡਿੱਗ ਪੈਣ, ਪਰ ਐਸਾ ਨਹੀਂ ਹੋਣ ਦਿਤਾ ਜਾਵੇਗਾ। ਹੁਣ ਗੁਰੂ ਕੇ ਸਿਖਾਂ ਨੂੰ ਕੋਈ ਖਾਸ ਰੂਪ ਤੇ ਰੰਗ ਦੇਣਾ ਪਵੇਗਾ, ਉਨ੍ਹਾਂ ਦੀ ਸ਼ਕਲ ਹੋਰਨਾ ਤੋਂ ਭਿੰਨ ਤੇ ਐਸੀ ਦਿੱਖ ਪੈਦਾ ਕਰਾਂਗੇ ਜੋ ਸਿਖੀ ਦੇ ਰੰਗ ਰੂਪ ਲਈ ਕੁਰਬਾਨ ਹੋਣਗੇ, ਪਰ ਲੁਕਣਗੇ ਨਹੀਂ, ਮੁਕਰਣਗੇ ਨਹੀਂ, ਐਸੇ ਨਿਰਭੈ ਗੁਰੂ ਕੇ ਸਿਖਾਂ ਨੂੰ ਬਣਾ ਦਿਤਾ ਜਾਵੇਗਾ।

ਸੋ ਇਹੋ ਜਿਹੇ ਬਿਖੜੇ ਹਾਲਾਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੌਂ ਸਾਲ ਦੀ ਛੋਟੀ ਜਿਹੀ ਉਮਰ ਵਿਚ ਗੁਰੂ ਨਾਨਕ ਦੀ ਗੁਰਤਾ ਗੱਦੀ ਦੇ ਵਾਰਸ ਬਣੇ। ਇਸ ਸਮੇਂ ਬਾਦਸ਼ਾਹੀ ਵੀ ਗੁਰੂ ਘਰ ਦੇ ਵਿਰੁਧ ਸੀ ਤੇ ਗੁਰੂ ਘਰ ਦੇ ਵਿਰੋਧੀ ਰਾਮਰਾਇ ਤੇ ਧੀਰ ਮੱਲ ਵੀ ਘਟ ਵਿਰੋਧੀ ਨਹੀਂ ਸਨ, ਜਿਨ੍ਹਾਂ ਨੇ ਲੋਭ ਲਾਲਚ ਦੇ ਦੇ ਕੇ ਗੁਰੂ ਘਰ ਦੇ ਸਭ ਕਾਰਦਾਰਾਂ (ਮਸੰਦਾਂ) ਨੂੰ ਵਿਗਾੜ ਦਿਤਾ ਹੋਇਆ ਸੀ। ਇਸ ਦੇ ਨਾਲ ਹੀ ਸਮਾਜਕ ਬੁਰਿਆਈਆਂ ਨੇ ਵੀ ਆਮ ਜੀਵਨ ਨੂੰ ਦੁਭਰ(ਔਖਾ) ਬਣਾਇਆ ਹੋਇਆ ਸੀ, ਅਣਖ ਤੇ ਆਨ ਨਾਮ ਮਾਤਰ ਤਾਂ ਹੈ ਸੀ, ਪਰ ਅਸਲ ਵਿਚ ਹੈ ਕੋਈ ਨਹੀਂ ਸੀ। ਪਰ ਪ੍ਰਭੂ ਪੁਤਰ ਨੇ ਇਨ੍ਹਾਂ ਸਭ ਕਮਜ਼ੋਰੀਆਂ ਤੇ ਔਕੜਾਂ ਦੇ ਹੁੰਦਿਆਂ ਹੋਇਆਂ ਵੀ ਉਹ ਕੰਮ ਕਰਨੇ ਸਨ ਤੇ ਉਹ ਰੂਹ ਫੂਕਣੀ ਸੀ ਕਿ ਚਿੜੀਆਂ ਨੂੰ ਬਾਜਾਂ ਦੇ ਮੁਕਾਬਲੇ ਲਈ ਖੜਾ ਕਰ ਕੇ ਦਿਖਾਉਣਾ ਸੀ।

## ਕਲਗੀਧਰ ਜੀ ਨੂੰ ਅਦੁੱਤੀ ਪ੍ਰੇਮ-ਭੇਟਾਵਾ

ਸੰਮਤ 1736 ਦੀ ਵੈਸਾਖੀ ਆ ਰਹੀ ਸੀ। ਗੁਰੂ ਅਮਰ ਦਾਸ ਸਾਹਿਬ ਜੀ ਦੇ ਸਮੇਂ ਤੋਂ ਵੈਸਾਖੀ ਸਮੇਂ ਮੇਲਾ ਕਰਨ ਦਾ ਰਿਵਾਜ ਚਲਾਇਆ ਗਿਆ ਸੀ, ਜੋ ਉਨ੍ਹਾਂ ਦੇ ਸਮੇਂ ਤੋਂ ਹੀ ਪ੍ਰਚੱਲਤ ਸੀ। ਗਜ਼ਨੀ ਬਲਖ, ਬੁਖਾਰਾ ਤੇ ਕਾਬਲ ਦੀ ਸੰਗਤ ਇਸ ਮੇਲੇ ਤੇ ਇਸ ਸਾਲ ਪੁਜੀ। ਗਜ਼ਨੀ ਤੇ ਕਾਬਲ ਦੇ ਸਿਖਾਂ ਨੇ ਬੜੀਆ ਸੁੰਦਰ ਸੁਗਾਤਾਂ ਗੁਰੂ ਜੀ ਨੂੰ ਭੇਟਾ ਦੇਣ ਲਈ ਲਿਆਂਦੀਆ। ਗਲੀਚੇ ਤੇ ਹੋਰ ਇਸ ਤਰ੍ਹਾ ਦੀਆਂ ਅਨੇਕ ਭਾਂਤ ਦੀਆਂ ਵਸਤਾਂ ਦੇ ਗੁਰੂ ਜੀ ਦੇ ਅਗੇ ਢੇਰ ਲਗ ਗਏ, ਪਰ ਸਭ ਤੋਂ ਸੁੰਦਰ ਤੇ ਕੀਮਤੀ ਵਸਤੂ, ਜੋ ਇਸ ਸਮੇਂ ਗੁਰੂ ਜੀ ਦੀ ਭੇਟਾ ਹੋਈ, ਉਹ ਪਸ਼ਮੀਨੇ ਦੀ ਚਾਂਦਨੀ ਤੇ ਸ਼ਾਮਿਆਨਾ ਸੀ। ਇਸ ਸ਼ਾਮਿਆਨੇ ਨੂੰ ਖੜਾ ਕਰਨ ਲਈ ਚੋਬਾ (ਬਾਂਸ) ਚਾਂਦੀ ਦੇ ਬਣਾਏ ਗਏ ਸਨ। ਵਿਚਲੇ ਮੰਡਪ ਦਾ ਕਲਸ ਸੋਨੇ ਦਾ ਤੇ ਝਾਲਰਾਂ ਸੁਚੇ ਮੋਤੀਆਂ ਦੀਆਂ ਸਨ, ਜੋ ਚਾਰੇ ਪਾਸੇ ਝਿਲਮਿਲ-ਝਿਲਮਿਲ ਲਿਸ਼ਕਾਰੇ ਮਾਰਦੀਆਂ ਤੇ ਉਸਦੀ ਸੁੰਦਰ ਚਿਤਰਕਾਰੀ ਨੂੰ ਦਿਨ ਵੇਲੇ ਹੀ ਪਰਗਟ ਕਰਦੀਆਂ। ਇਹ ਸਭ ਤੋਂ ਸੁੰਦਰ ਸੁਗਾਤ ਸੀ, ਜੌ ਕਾਬਲ ਦੇ ਇਕ ਧਨਾਢ ਵਪਾਰੀ ਸਿਖ ਦੁਨੀ ਚੰਦ ਨੇ ਭੇਟਾ ਕੀਤੀ ਸੀ ਤੇ ਜਿਸ ਦੀ ਪੁਤਰ ਦੀ ਕਾਮਨਾ ਗੁਰੂ ਘਰੋਂ ਪੂਰੀ ਹੋਈ। ਸੁੰਦਰ ਮੋਤੀਆਂ ਵਾਲੀ ਕਲਗੀ ਤੇ ਜਿਗਾ ਸਜਾਉਣ ਵਾਲੇ ਬਾਂਕੇ ਸਤਿਗੁਰੂ ਜਦ ਇਸ ਸ਼ਾਮਿਆਨੇ ਦੇ ਥੱਲੇ ਆਪਣੇ ਸਿੰਘਾਸਨ ਉਤੇ ਬੈਠਦੇ ਤਾਂ ਇਉਂ ਪ੍ਰਤੀਤ ਹੁੰਦਾ ਕਿ ਇੰਦਰਪੁਰੀ ਇਸ ਧਰਤੀ ਤੇ ਹੀ ਉਤਰ ਆਈ ਹੈ।

ਅਗਲੇ ਸਾਲ ਹੀ ਇਕ ਹੋਰ ਅਸਚਰਜ ਘਟਨਾ ਹੋਈ। ਆਸਾਮ ਦਾ ਰਾਜਾ ਰਤਨ ਰਾਇ ਗੁਰੂ ਜੀ ਦੇ ਦਰਸ਼ਨਾਂ ਲਈ ਪੁਜਾ। ਰਤਨ ਰਾਇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਵਰ ਨਾਲ ਜਨਮਿਆ ਸੀ ਤੇ ਇਸ ਦੇ ਮੱਥੇ ਉਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਮੋਹਰ ਦਾ ਨਿਸ਼ਾਨ ਸੀ, ਜੋ ਗੁਰੂ ਜੀ ਨੇ ਇਸ ਦੇ ਪਿਤਾ ਰਾਜਾ ਰਾਮ ਰਾਇ ਦੇ ਮੱਥੇ ਤੇ ਲਾ ਕੇ ਕਿਹਾ ਸੀ-'ਤੇਰੇ ਘਰ ਇਸ ਨਿਸ਼ਾਨ ਵਾਲਾ ਪੁਤਰ ਪੈਦਾ ਹੋਵੇਗਾ।' ਬੇ-ਔਲਾਦ ਨੂੰ ਚਿਰਾਂ ਮਗਰੋਂ ਪੁਤਰ ਦੀ ਦਾਤ ਪ੍ਰਾਪਤ ਹੋਈ, ਪਰ ਦੋ ਕੁ ਸਾਲ ਮਗਰੋਂ ਰਾਮ ਰਾਇ ਮਰ ਗਿਆ ਤੇ ਉਸ ਦੀ ਥਾਂ ਉਸਦਾ ਪੁਤਰ ਰਤਨ ਰਾਇ ਰਾਜਾ ਬਣਿਆ।

ਇਸ ਨੇ ਹੋਸ਼ ਵਿਚ ਸੰਭਾਲਦੇ ਹੀ, ਜਦੋਂ ਸ਼ੀਸ਼ੇ ਵਿਚੋਂ ਆਪਣੇ ਮੱਥੇ ਤੇ ਇਸ ਨਿਸ਼ਾਨ ਨੂੰ ਵੇਖ ਕੇ ਮਾਂ ਨੂੰ ਪੁਛਿਆ ਕਿ ਇਹ ਕੀ ਹੈ? ਤਾਂ ਮਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਆਉਣ ਤੇ ਉਨ੍ਹਾਂ ਦੀ ਬਖਸ਼ਸ਼ ਤੇ ਵਰ ਨਾਲ ਉਸ ਦੇ ਜਨਮ ਹੋਣ ਦੀ ਸਾਖੀ ਉਸ ਨੂੰ ਪ੍ਰੇਮ ਨਾਲ ਸੁਣਾਈ। ਰਤਨ ਰਾਇ ਨੇ ਕਿਹਾ-'ਮੈਂ ਵੀ ਉਹਨਾ ਦੇ ਦਰਸ਼ਨ ਕਰਾਂਗਾ। ਉਹ ਕਿਥੇ ਹਨ?'

'ਪਰ ਉਹ ਆਪ ਤਾਂ ਇਸ ਸਮੇਂ ਹੈ ਨਹੀਂ, ਹਾਂ ਉਨ੍ਹਾਂ ਦਾ ਸਾਹਿਬਜ਼ਾਦਾ ਉਨ੍ਹਾਂ ਦੀ ਥਾਂ ਪੰਜਾਬ ਵਿਚ ਗੁਰੂ ਹੈ।' ਇਹ ਕਹਿ ਕੇ ਮਾਂ ਨੇ ਪਟਨੇ ਵਿਚ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਦੇ ਜਨਮ ਹੋਣ ਦੀ ਸਾਰੀ ਕਥਾ ਸੁਣਾਈ ਤੇ ਦਸਿਆ ਕਿ ਸਾਹਿਬਜ਼ਾਦਾ ਜੀ ਤੇਰੇ ਕੋਲੋਂ ਦੋ ਤਿੰਨ ਸਾਲ ਹੀ ਵਡੇ ਹਨ। ਇਹ ਗਲ ਸੁਣ ਕੇ ਰਤਨ ਰਾਏ ਨੂੰ ਹੋਰ ਵੀ ਖਿਚ ਪੈਦਾ ਹੋ ਗਈ ਤੇ ਉਸ ਨੇ ਦਰਸ਼ਨ ਕਰਨ ਲਈ ਅਨੰਦਪੁਰ ਜਾਣ ਲਈ ਮਾਤਾ ਨੂੰ ਮਨਾ ਲਿਆ। ਸੰਮਤ 1737 ਵਿਚ ਜਦ ਉਹ ਬਾਰਾਂ ਕੁ ਸਾਲਾਂ ਦੀ ਉਮਰ ਦਾ ਸੀ ਉਹ ਵਡੇ ਵਜ਼ੀਰ ਨੂੰ ਨਾਲ ਲੈ ਕੇ, ਕੁਝ ਫੌਜ ਤੇ ਮਾਤਾ ਨੂੰ ਨਾਲ ਲੈ ਕੇ ਅਨੰਦਪੁਰ ਪੁਜਾ। ਇਸ ਨੇ ਗੁਰੂ ਜੀ ਨੂੰ ਭੇਟਾ ਦੇਣ ਲਈ ਬੜੀਆਂ ਅਦੁਤੀ ਵਸਤੂਆਂ ਨਾਲ ਲਿਆਂਦੀਆਂ। ਰਤਨ ਰਾਏ ਨੇ ਇਕ ਸਫੈਦ ਹਾਥੀ, ਜਿਸ ਦੇ ਸੁੰਢ ਤੋਂ ਸ਼ੁਰੂ ਹੋ ਕੇ ਪੂਛਲ ਦੇ ਅਖੀਰ ਤਕ ਕਾਲੀ ਧਾਰੀ ਸੀ। ਫਿਰ ਇਸ ਨੂੰ ਕਈ ਖੇਡਾਂ ਕਰਨੀਆਂ ਸਿਖਾਈਆਂ ਸਨ ਤੇ ਇਸ ਦਾ ਨਾਮ ਵੀ ਪਰਸ਼ਾਦੀ ਹਾਥੀ ਰੱਖਿਆ ਹੋਇਆ ਸੀ। ਇਸ ਨੂੰ ਤੋਰਨ ਫੇਰਨ ਲਈ ਮਹਾਵਤ ਦੀ ਲੋੜ ਨਹੀਂ ਸੀ ਤੇ ਇਹ ਇਸ਼ਾਰੇ ਨਾਲ ਹੀ ਸਭ ਹੁਕਮ ਮੰਨਦਾ ਸੀ। ਇਸ ਦੇ ਸਾਹਮਣੇ ਤੀਰ ਚਲਾਓ ਤਾਂ ਜਿਥੇ ਤੀਰ ਡਿਗੇ, ਇਹ ਦੌੜ ਕੇ ਉਥੋਂ ਚੁਕ ਲਿਆਉਂਦਾ ਸੀ, ਜੋ ਚੀਜ਼ ਫੜਾਓ ਸੁੰਢ ਨਾਲ ਫੜਕੇ, ਜਿਥੇ ਕਹੋ, ਰਖ ਦਿੰਦਾ ਸੀ। ਇਸ ਤਰ੍ਹਾਂ ਹੋਰ ਵੀ ਕਈ ਖੇਡਾਂ ਕਰਦਾ ਸੀ, ਜਿਸ ਨੂੰ ਵੇਖ ਕੇ ਵੇਖਣ ਵਾਲਿਆਂ ਦੇ ਮਨ ਚੁਰਾਏ ਜਾਂਦੇ ਸਨ। ਰਤਨ ਰਾਇ ਇਕ ਪੰਜ-ਕਲਾ ਸ਼ਸਤਰ ਲਿਆਇਆ ਸੀ, ਜਿਸ ਦਾ ਬਟਨ ਦੱਬਣ ਨਾਲ ਬਰਛੀ, ਗੁਰਜ, ਤਲਵਾਰ, ਪਸਤੌਲ ਤੇ ਨੇਜ਼ਾ ਬਣ ਜਾਂਦਾ ਸੀ। ਇਕ ਚੰਦਨ ਦੀ ਚੌਂਕੀ ਲਿਆਂਦੀ, ਜਿਸ ਤੇ ਚਾਰ ਬੜੀਆਂ ਸੁੰਦਰ ਪੁਤਲੀਆਂ ਬਣਾਈਆਂ ਹੋਈਆਂ ਸਨ। ਇਕ ਮੋਤੀਆਂ ਦੀ ਮਾਲਾ, ਇਕ ਜਿਗ੍ਹਾ ਕਲਗੀ ਤੇ ਹੋਰ ਵੀ ਕਈ ਭੇਟਾਂ ਲਿਆਇਆ ਸੀ। ਰਤਨ ਰਾਏ ਗੁਰੂ ਜੀ ਕੋਲ ਪੰਜ ਮਹੀਨੇ ਰਿਹਾ

ਤੇ ਗੁਰੂ ਜੀ ਦੇ ਕੌਤਕਾਂ ਨੂੰ ਵੇਖ ਵੇਖ ਕੇ ਚਕ੍ਰਿਤ ਤੇ ਪ੍ਰਸੰਨ ਹੁੰਦਾ ਰਿਹਾ। ਗੁਰੂ ਜੀ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਉਸ ਨੂੰ ਸਿਖੀ ਤੇ ਪੂਰਨ ਪਿਆਰ ਬਖਸ਼ਿਆ।

**ਔਰੰਗਜ਼ੇਬ ਤੋਂ ਡਰੇ ਹੋਏ ਗੁਰੂ ਜੀ ਦੀ ਸ਼ਰਨ ਵਿਚ**

ਔਰੰਗਜ਼ੇਬ ਨੇ ਜਿਥੇ ਬੁੱਤ-ਸ਼ਿਕਨੀ ਵਿਚ ਸਭ ਤੋਂ ਵਧ ਕੰਮ ਕੀਤਾ, ਉਥੇ ਰਾਗ ਵਿਦਿਆ ਨੂੰ ਵੀ ਖਤਮ ਕਰਨ ਲਈ ਤੁਲ ਗਿਆ ਸੀ। ਅਕਬਰ, ਜਹਾਂਗੀਰ ਤੇ ਸ਼ਾਹ ਜਹਾਨ ਦੇ ਸਮੇਂ ਵਿਚ ਭਾਵੇਂ ਉਹ ਵੀ ਸ਼ਰ੍ਹਾ ਤੇ ਮੁਸਲਮਾਨੀ ਮੱਤ ਅਨੁਸਾਰ ਰਾਗ ਦੇ ਵਿਰੋਧੀ ਸਨ, ਪਰ ਇਸ ਦੇ ਬਾਵਜੂਦ ਵੀ ਉਹ ਇਸ ਮਹਾਨ ਆਰਟ ਦੇ ਵਿਰੋਧੀ ਨਾ ਬਣੇ, ਸਗੋਂ ਇਸ ਦਾ ਰਸ ਮਾਣਦੇ ਰਹੇ। ਪਰ ਔਰੰਗਜ਼ੇਬ ਦੇ ਸਮੇਂ ਰਾਗੀਆਂ ਤੇ ਰਾਗ ਦੇ ਮਾਹਰਾਂ ਨੂੰ ਇਨਾਮ ਦੀ ਥਾਂ ਮਾਰੇ ਜਾਣ ਦਾ ਖਤਰਾ ਪੈਦਾ ਹੋ ਗਿਆ ਸੀ। ਇਸ ਦੇ ਨਾਲ ਹੀ ਉਹ ਵਿਦਵਾਨ ਤੇ ਆਲਮ ਲੋਕਾਂ ਨੂੰ ਹਰ ਹਾਲਤ ਵਿਚ ਮੁਸਲਮਾਨ ਬਣਾਉਣ ਤੇ ਤੁਲ ਗਿਆ ਸੀ ਸੋ ਗੁਰੂ ਜੀ ਦੇ ਦਰਬਾਰ ਵਿਚ ਬਵੰਜਾ ਕਵੀ ਤੇ ਹੋਰ ਵਡੇ ਵਡੇ ਰਾਗਕਾਰਾਂ ਦਾ ਪਹੁੰਚ ਜਾਣਾ ਕੁਦਰਤੀ ਸੀ।

**ਗੁਰੂ ਜੀ ਦਾ ਦੂਸਰਾ ਵਿਆਹ**

ਸੰਮਤ 1741 ਦੀ ਵਿਸਾਖੀ ਦਾ ਮੇਲਾ ਆ ਗਿਆ। ਅਨੰਦਪੁਰ ਸਾਹਿਬ ਵਿਚ ਦੂਰ ਦੂਰ ਤਕ ਕੈਂਪ ਲਗ ਗਏ ਤੇ ਥਾਂ ਥਾਂ ਸੰਗਤਾਂ ਲਈ ਲੰਗਰ ਤੇ ਰਿਹਾਇਸ਼ ਦੇ ਪ੍ਰਬੰਧ ਕੀਤੇ ਹੋਏ ਸਨ। ਗੁਰੂ ਜੀ ਨੇ ਇਸ ਪ੍ਰਬੰਧ ਲਈ ਖਾਸ ਤੇ ਮੁਖੀ ਸਿਖਾਂ ਦੀ ਡਿਊਟੀ ਲਾਈ ਹੋਈ ਸੀ। ਇਸ ਸਮੇਂ ਇਕ ਖਤਰੀ ਸਿਖ ਰਾਮ ਸ਼ਰਨ ਕੁਮਹਾਵ ਜੋ ਪਿਛੋਂ ਲਾਹੌਰ ਦਾ ਵਾਸੀ, ਪਰ ਇਸ ਸਮੇਂ ਬਜਵਾੜੇ ਤੋਂ ਆਇਆ ਸੀ। ਉਸ ਨੇ ਭਰੇ ਦੀਵਾਨ ਵਿਚ ਆਪਣੀ ਸਪੁਤਰੀ, ਮਾਤਾ ਸੁੰਦਰੀ ਜੀ ਦਾ ਸਗਨ ਦਸਮੇਸ਼ ਜੀ ਦੀ ਝੋਲੀ ਵਿਚ ਪਾ ਦਿਤਾ। ਬੜੀਆਂ ਖੁਸ਼ੀਆਂ ਹੋਈਆਂ। ਸੱਤ ਵਿਸਾਖ ਨੂੰ ਬੜੀ ਧੂਮ ਧਾਮ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਚ ਹੀ ਵਿਆਹ ਹੋਇਆ। ਮਾਤਾ ਸੁੰਦਰੀ ਜੀ ਦੀ ਕੁਖ ਤੋਂ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਹੋਇਆ ਸੀ। ਮਾਤਾ ਸੁੰਦਰੀ ਜੀ ਗੁਰੂ ਜੀ ਤੋਂ ਮਗਰੋਂ ਤਕ ਸਿਖਾਂ ਦੇ ਪੂਜ ਬਣੇ ਰਹੇ। ਭਾਈ ਮਨੀ ਸਿੰਘ ਜੀ ਨੂੰ ਇਨ੍ਹਾਂ ਨੇ ਹੀ ਬੰਦਾ ਬਹਾਦਰ ਦੇ ਸਮੇਂ ਦਿਲੀ ਤੋਂ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦਾ ਗ੍ਰੰਥੀ ਥਾਪ ਕੇ ਭੇਜਿਆ ਸੀ।

**ਪਾਉਂਟੇ ਦਾ ਕਿਲ੍ਹਾ ਤਿਆਰ ਹੋਣਾ**

ਐਤਕਾਂ ਵਿਸਾਖੀ (ਸੰਮਤ 1742) ਅਨੰਦਪੁਰ ਵਿਚ ਹੀ ਮਨਾਈ ਗਈ, ਪਰ ਇਸ ਦੇ ਝਟ ਹੀ ਪਿਛੋਂ ਤੁਰ ਪਏ। ਸਭ ਥਾਈਂ ਸੰਗਤਾਂ ਨੂੰ ਖਬਰ ਦੇ ਦਿਤੀ ਗਈ ਕਿ ਗੁਰੂ ਜੀ ਨਾਹਨ ਜਾ ਰਹੇ ਹਨ। ਸੋ ਗੁਰੂ ਜੀ ਵਿਸਾਖ ਦੇ ਮਹੀਨੇ ਪਰਵਾਰ ਤੇ ਪੰਜ ਸੌ ਸਿਖ ਸੂਰਮਿਆਂ ਸਮੇਤ ਕੀਰਤਪੁਰ, ਰੋਪੜ ਤੋਂ ਹੁੰਦੇ ਹੋਏ ਨਾਹਨ ਜਾ ਪੁਜੇ। ਰਾਜਾ ਮੇਦਨੀ ਪ੍ਰਕਾਸ਼ ਨੇ ਗੁਰੂ ਜੀ ਦਾ ਸਵਾਗਤ ਕੀਤਾ ਤੇ ਆਪਣੇ ਮਹੱਲਾਂ ਵਿਚ ਗੁਰੂ ਜੀ ਨੂੰ ਉਤਾਰਾ ਦਿਤਾ। 1●-15 ਦਿਨ ਗੁਰੂ ਜੀ ਰਾਜੇ ਦੇ ਪ੍ਰਾਹੁਣੇ ਰਹੇ, ਪਰ ਗੁਰੂ ਜੀ ਨੇ ਕਿਹਾ, 'ਅਸੀਂ ਤਾਂ ਆਪਣੇ ਹੀ ਕਿਸੇ ਟਿਕਾਣੇ ਤੇ ਰਹਾਂਗੇ।'

'ਜਿਥੇ ਚਾਹੋ, ਟਿਕੋ। ਮੈਨੂੰ ਜਿਵੇਂ ਹੁਕਮ ਕਰੋ, ਮੈਂ ਤਿਆਰ ਹਾਂ।' ਰਾਜੇ ਨੇ ਕਿਹਾ।

ਮੇਦਨੀ ਪ੍ਰਕਾਸ਼ ਨੇ ਕਈ ਥਾਂ ਵਿਖਾਏ ਤੇ ਫੇਰ ਜਮਨਾ ਦੇ ਕਿਨਾਰੇ ਲੈ ਗਿਆ। ਗੁਰੂ ਜੀ ਨੂੰ ਦਰਿਆ ਦੇ ਕਿਨਾਰੇ ਦਾ ਇਲਾਕਾ ਪਸੰਦ ਆਇਆ। ਸਿਖਾਂ ਤੇ ਰਾਜੇ ਦੀ ਫੌਜ ਨੇ ਮਿਲਕੇ ਰਾਤ ਦਿਨ ਲਗਾਕੇ, ਕੁਝ ਦਿਨਾਂ ਵਿਚ ਹੀ ਪਾਉਂਟੇ ਦਾ ਕਿਲ੍ਹਾ ਤਿਆਰ ਕਰ ਦਿਤਾ। ਗੁਰੂ ਜੀ ਨੇ ਏਥੇ ਬੜੇ ਪ੍ਰਸੰਨ ਚਿਤ ਹੋ ਕੇ ਵਿਸ਼ਰਾਮ ਕੀਤਾ। ਥਾਂ ਦੀ ਇਕਾਂਤ ਤੇ ਫੇਰ ਦਰਿਆ ਦਾ ਕਿਨਾਰਾ, ਸਚਮੁਚ ਹੀ ਗੁਰੂ ਜੀ ਨੇ ਬੜੀ ਸੁੰਦਰ ਜਗ੍ਹਾ ਪਸੰਦ ਕੀਤੀ। ਕੁਝ ਦਿਨਾ ਵਿਚ ਹੀ- 'ਜਿਥੇ ਜਾਇ ਬਹੇ ਮੇਰਾ ਸਤਿਗੁਰੂ, ਸੋ ਥਾਨ ਸੁਹਾਵਾ।।' ਵਾਲੀ ਗੱਲ ਹੋ ਗਈ। ਝਟ ਹੀ ਅਨੰਦਪੁਰ ਵਰਗੀਆ ਪਾਉਂਟੇ ਵਿਚ ਰੌਣਕਾਂ ਹੋ ਗਈਆਂ ਤੇ ਗੁਰੂ ਜੀ ਦਾ ਜੱਸ ਸਭ ਪਾਸੇ ਪਹਾੜਾਂ ਵਿਚ ਫੈਲਣ ਲੱਗਾ।

**ਭੰਗਾਣੀ ਦਾ ਜੰਗ**

ਰਾਤੋ ਰਾਤ ਹੀ ਪੰਮਾ, ਭੀਮ ਚੰਦ ਦਾ ਵਜ਼ੀਰ, (ਜੋ ਅਨੰਦਪੁਰ ਵੀ ਭੀਮ ਚੰਦ ਵਲੋਂ ਹੀ ਗਿਆ ਤੇ ਗੁਰੂ ਜੀ ਨੂੰ ਵਧ ਘਟ ਬੋਲਣ ਤੋਂ ਉਥੇ ਧੱਕੇ ਖਾ ਕੇ ਤੇ ਬੇਇਜ਼ਤੀ ਕਰਾ ਕੇ ਆਇਆ ਸੀ) ਗੁਰੂ ਸਾਹਿਬ ਕੋਲ ਨੌਕਰੀ ਕਰ ਰਹੇ ਪਠਾਣਾਂ ਨੂੰ ਜਦ ਲੈ ਆਇਆ ਤਾਂ ਉਹਨਾ ਨੂੰ ਦੇਖ ਕੇ, ਰਾਜਿਆਂ ਨੂੰ ਚਾਅ ਚੜ੍ਹ ਗਏ ਕਿ ਬੱਸ ਹੁਣ ਤਾਂ ਸਾਡੀ ਫਤਹ ਨੂੰ, ਕੋਈ ਰੋਕ ਨਹੀਂ ਸਕਦਾ।

ਪੰਜ ਸੱਤ ਸੌ ਜਾਂ ਹਜ਼ਾਰ ਸਿਖਾਂ ਨੂੰ ਤਾਂ ਇਹ ਪਠਾਨ ਹੀ ਬਥੇਰੇ ਹਨ, ਪਰ ਜਦ ਸਾਡੀ 25-30 ਹਜ਼ਾਰ ਫੌਜ ਦਾ ਹੱਲਾ ਹੋਇਆ ਤਾਂ ਗੁਰੂ ਨੂੰ ਤਾਂ ਅਸਾਂ ਜੀਉਂਦੇ ਹੀ ਫੜ ਲੈਣਾ ਹੈ ਤੇ ਸਾਡੀ ਫਤਹ ਹੋ ਜਾਵੇਗੀ। ਬਾਈਧਾਰ ਦੇ ਰਾਜਿਆਂ ਦਾ ਇਕੱਠ ਸੀ। ਭੀਮ ਚੰਦ ਕਹਿਲੂਰੀਆ, ਤੇ ਫਤਹ ਸ਼ਾਹ ਇਹਨਾ ਦੇ ਮੁਖੀ ਸਨ। ਗੁਪਾਲ ਚੰਦ ਗੁਲੇਰੀਆ, ਕ੍ਰਿਪਾਲ ਚੰਦ ਕਟੋਚ ਕਾਂਗੜਾ, ਬੀਰ ਸੈਨ ਮੰਡੀ, ਕੇਸਰੀ ਸਿੰਘ ਜਸਵਾਲੀਆ (ਭੀਮ ਚੰਦ ਦਾ ਸਾਲਾ), ਦਿਆਲ ਚੰਦ ਕਾਠਗੜ੍ਹੀਆ, ਹਰੀ ਚੰਦ ਹੰਡੂਰੀਆ, ਕਰਮ ਚੰਦ ਭੰਬੋਰੀਆ, ਉਮੈਦ ਸਿੰਘ ਜਸਵਾਂਦਾ, ਅਨੰਤ ਸਿੰਘ ਪ੍ਰਿਥੀ ਪੁਰੀਆ, ਝਗੜ ਚੰਦ ਮਨਸੀਆ, ਭਾਊ ਸਿੰਘ ਸੀਬੀਆ ਧਰਮ ਪਾਲ ਕੁਟਲੇੜੀਆ, ਦਯਾ ਸਿੰਘ ਨੂਰ ਪੁਰੀਆ, ਭਾਗ ਸਿੰਘ ਤਿਲੋਕ ਪੁਰ, ਟੇਕ ਸਿੰਘ ਕਸ਼ਤਵਾੜ, ਗੁਰ ਭਜ ਇੰਦੌਰ, ਜੈ ਚੰਦ ਬੀਝੇ ਵਾਲਾ, ਠੀਡੀ ਸਿੰਘ ਸੰਘਰੀਆ, ਸੰਸਾਰ ਚੰਦ ਨੰਦੌਨ, ਹਰੀ ਚੰਦ ਕੋਟੀਵਾਲਾ, ਲਛੂ ਚੰਦ ਕਸੌਲੀ ਤੇ ਭੂਤ ਸਿੰਘ ਨਾਮੀ ਰਾਜੇ ਲੜਾਈ ਲਈ ਤਿਆਰ ਹੋ ਕੇ ਤੁਰ ਪਏ। ਪਠਾਣ ਨਿਮਕ-ਹਰਾਮੀਆ ਨੇ ਵੀ ਰਾਜਿਆਂ ਨੂੰ ਦਸਿਆ ਕਿ ਸਿਖ ਭਾਵੇਂ ਹਜ਼ਾਰ ਦੋ ਹਜ਼ਾਰ ਵੀ ਹੋ ਜਾਣ, ਪਰ ਕੋਈ ਕਿਤੋਂ ਦਾ ਤੇ ਕੋਈ ਕਿਤੋਂ ਦਾ ਹੈ, ਕੋਈ ਕਿਸੇ ਜ਼ਾਤ ਦਾ, ਕੋਈ ਕਿਸੇ ਜ਼ਾਤ ਦਾ ਹੈ। ਬਹੁਤੇ ਨੀਵੀਆਂ ਜ਼ਾਤਾਂ ਵਾਲੇ ਲੁਹਾਰ ਤਰਖਾਣ ਹੀ ਹਨ, ਜਿਹਨਾ ਨੂੰ ਪਤਾ ਹੀ ਨਹੀਂ ਕਿ ਲੜੀਦਾ ਕਿਵੇਂ ਹੈ, ਅਜੇਹੇ ਸਿਖਾਂ ਨੇ ਸਾਡਾ ਕੀ ਮੁਕਾਬਲਾ ਕਰਨਾ ਹੈ। ਹਾਂ ਗੁਰੂ ਆਪ, ਉਸ ਦੇ ਭੂਆ ਦੇ ਪੁਤਰ ਤੇ ਦੋ ਚਾਰ ਸੌ ਸਿਖ ਜ਼ਰੂਰੀ ਜੰਗੀ ਹੁਨਰਾਂ ਨੂੰ ਜਾਣਦੇ ਹਨ, ਪਰ ਸਾਡੇ ਫ਼ੌਜਾਂ ਦੇ ਹੜ੍ਹ ਅਗੇ ਉਹਨਾਂ ਦਾ ਕੀ ਮੁੱਲ ਪੈਣਾ ਹੈ, ਉਹਨਾ ਸਾਡੇ ਦੋ ਹੱਲੇ ਵੀ ਨਹੀਂ ਝੱਲ ਸਕਣੇ। ਸੋ ਇਸ ਤਰ੍ਹਾਂ ਦੀਆਂ ਫੜ੍ਹਾਂ ਮਾਰਦੇ ਇਹ ਸਾਰੇ ਤੁਰ ਪਏ ਤੇ ਜਮਨਾ ਪਾਰ ਹੋ ਗਏ। ਉਨ੍ਹਾਂ ਦੇ ਨਗਾਰੇ ਤੇ ਜੰਗੀ ਵਾਜਿਆਂ ਦੀ ਆਵਾਜ਼ ਦੂਰੋਂ ਹੀ ਸੁਣਾਈ ਦੇ ਰਹੀ ਸੀ।

ਇਹ ਖਬਰ ਚਾਰੇ ਪਾਸੇ ਹਵਾ ਵਾਂਗ ਫੈਲ ਗਈ ਸੀ ਕਿ ਪਹਾੜੀਆਂ ਨੇ ਗੁਰੂ ਗੋਬਿੰਦ ਸਿੰਘ ਜੀ ਉਤੇ ਚੜ੍ਹਾਈ ਕਰ ਦਿਤੀ ਹੈ। ਇਸ ਸਮੇਂ ਮੇਦਨੀ ਪ੍ਰਕਾਸ਼ ਰਾਜੇ ਨੇ ਕਿਸੇ ਪਾਸੇ ਵੀ ਹਿੱਸਾ ਨਾ ਲਿਆ ਤੇ ਬਰਾਦਰੀ-ਪੁਣੇ ਦੇ ਦਬਾਅ ਕਾਰਨ ਉਹ ਲੁਕ ਜਿਹਾ ਗਿਆ। ਪਰ ਗੁਰੂ ਜੀ ਤੋਂ ਆਪਾ ਵਾਰਨ ਵਾਲੇ ਸਿਖਾਂ ਨੂੰ ਚਾਉ ਚੜ੍ਹ ਗਏ। ਦੂਜੇ ਦਿਨ ਸਵੇਰੇ ਹੀ ਗੁਰੂ ਜੀ ਨੇ ਖਾਸ

ਪਾਉਂਟੇ ਨੂੰ ਲੜਾਈ ਦਾ ਮੈਦਾਨ ਬਣਾਉਣ ਦੀ ਥਾਂ, ਸਿਆਣੇ ਜਰਨੈਲ ਵਾਂਗ ਆਪਣੇ ਸਿਖ ਸੂਰਮਿਆਂ ਨੂੰ ਪਹਾੜੀਆਂ ਦਾ ਰਾਹ ਰੋਕਣ ਲਈ ਅੱਠ ਨੌਂ ਮੀਲ ਪਾਉਂਟੇ ਤੋਂ ਦੂਰ, ਜਿਧਰੋਂ ਪਹਾੜੀਏ ਗੱਜਦੇ ਤੇ ਨਗਾਰੇ ਵਜਾਂਦੇ ਆ ਰਹੇ ਸਨ, ਅਗੇ ਜਾ ਕੇ ਰਾਹ ਰੋਕਣ ਦਾ ਹੁਕਮ ਦੇ ਦਿਤਾ। ਭੰਗਾਣੀ ਜੰਗ ਲਈ ਠੀਕ ਥਾਂ ਸੀ। ਇਕ ਪਾਸੇ ਤਾਂ ਉੱਚਾ ਪਹਾੜ ਸੀ ਤੇ ਦੂਜੇ ਪਾਸੇ ਦਰਿਆ ਸੀ, ਬੱਸ, ਆਹਮੋ-ਸਾਹਮਣਿਓਂ ਸੂਰਮਿਆਂ ਦੇ ਟੱਕਰਨ ਦੀ ਸੋਹਣੀ ਥਾਂ ਸੀ। ਇਕ ਪਾਸੇ ਸਿਦਕੀ, ਸੱਚੇ ਤੇ ਜ਼ੁਲਮ ਵਿਰੁਧ ਜੰਗ ਕਰਨ ਦੇ ਚਾਅ ਵਾਲੇ ਸਨ ਤੇ ਦੂਜੇ ਪਾਸੇ ਹੈਂਕੜ, ਬਹੁਤੀਆਂ ਰਾਜਗੀਰੀਆਂ ਦਾ ਗੁਮਾਨ ਸੀ। ਅਕਾਲ ਪੁਰਖ ਦੇ ਭੇਜੇ ਗੁਰੂ ਜੀ ਨੂੰ ਤਾਂ ਸਗੋਂ ਇਹੋ ਜਿਹੇ ਗੁਮਾਨੀਆਂ ਤੇ ਹੰਕਾਰੀਆਂ ਦੇ ਹੰਕਾਰ ਤੋੜਨ ਦਾ ਹੁਕਮ ਸੀ, ਫਿਰ ਉਹ ਕਿਵੇਂ ਡਰਦੇ? ਅਕਾਲ ਦੇ ਸਹਾਰੇ ਲੜਨ ਵਾਲੇ ਕਦੀ ਵੀ ਡਰੇ ਨਹੀਂ, ਨਾ ਡਰਨਗੇ। ਸੋ ਗੁਰੂ ਜੀ ਦੀ ਫੌਜ ਨੇ ਐਸੀ ਥਾਂ ਮੋਰਚੇ ਲਾਏ, ਜਿਧਰੋਂ ਵੈਰੀ ਹਰ ਪਾਸਿਓਂ ਵਧਦਾ ਮਾਰ ਥੱਲੇ ਆਉਂਦਾ ਸੀ। ਗੁਰੂ ਜੀ ਨੇ ਇਹ ਪ੍ਰਬੰਧ ਇਕ ਪ੍ਰਬੀਨ ਸੈਨਿਕ ਵਾਂਗ ਮੁਕੰਮਲ ਕਰ ਲਏ ਤਾਂ ਵੈਰੀ ਦਲ ਅਜੇ ਤਕ ਇਥੇ ਪਹੁੰਚਾ ਹੀ ਨਹੀਂ ਸੀ। ਮਹੀਨਾ ਵਿਸਾਖ ਦਾ ਸੀ ਤੇ ਸੰਮਤ 1746 ਸੀ। ਦੁਪਹਿਰ ਵੇਲੇ ਨਾਲ ਜਿਉਂ ਹੀ ਪਹਾੜੀ ਸੈਨਾ ਅਗੇ ਵਧੀ ਆ ਰਹੀ ਸੀ, ਸਿਖ ਸੂਰਬੀਰਾਂ ਨੇ ਪਹਿਲੇ ਹੱਲੇ ਵਿਚ ਹੀ ਓਹ ਹੱਥ ਵਿਖਾਏ ਕਿ ਪਹਾੜੀਆਂ ਦੇ ਦਿਲਾਂ ਵਿਚ ਜੋ ਖਿਆਲ ਸੀ ਕਿ ਸਿਖਾਂ ਨੂੰ ਪਹਿਲੇ ਹੱਲੇ ਵਿਚ ਹੀ ਭਜਾ ਦਿਆਂਗੇ, ਉਹ ਪਾਣੀ ਵਿਚ ਝੱਗ ਵਾਂਗ ਬੈਠ ਗਿਆ। ਇਸ ਸਮੇਂ ਪਹਾੜੀਆਂ ਨੇ ਪਠਾਣਾਂ ਨੂੰ ਕਿਹਾ-'ਓਏ ਤੁਸੀਂ ਤਾਂ ਕਹਿੰਦੇ ਸੀ ਕਿ ਗੁਰੂ ਜੀ ਦੀ ਫੌਜ ਵਿਚ ਕਮੀ ਕਮੀਣ, ਤੇ ਐਰਾ ਵਗੈਰਾ ਨੱਥੂ ਖੈਰਾ ਹੀ ਹਨ, ਪਰ ਇਹਨਾ ਨੇ ਤਾਂ ਪੇਂਦਿਆਂ ਹੀ ਸਾਡੇ ਸੈਂਕੜੇ ਸਿਪਾਹੀ ਮਾਰ ਦਿਤੇ ਹਨ।' ਸੋ ਹੁਣ ਅਗੇ ਹੋਵੋ, ਇਹਨਾਂ ਸਿਖਾਂ ਨੂੰ ਭਜਾ ਕੇ ਜਾਂ ਮਾਰ ਕੇ, ਗੁਰੂ ਦੇ ਡੇਰੇ ਨੂੰ ਜਾ ਲੁਟੋ। ਜੋ ਲੁਟ ਲਵੋ, ਬੱਸ ਤੁਹਾਡਾ। ਸਾਡਾ ਵਾਸਤਾ ਤਾਂ ਗੁਰੂ ਨੂੰ ਹਰਾਉਣਾ ਹੀ ਹੈ, ਹੋਰ ਕੁਝ ਵੀ ਨਹੀਂ।

ਸਾਰੀ ਗਲ-ਬਾਤ ਸੁਣਕੇ ਹੰਕਾਰੀ ਪਠਾਣ ਅੱਲੀ ਅੱਲੀ ਕਰਦੇ ਅਗੇ ਵਧੇ ਤਾਂ ਏਧਰੋਂ ਗੁਰੂ ਜੀ ਦੇ ਸ਼ਰਧਾਲੂ ਸਿਖ ਡੰਗਰ ਚਾਰਨ ਵਾਲੇ ਮਾਹੀ ਲਾਲ ਚੰਦ, ਜਿਸ ਨੇ ਡੰਗਰ ਚਾਰਨ ਤੋਂ

ਬਿਨਾਂ ਕਦੇ ਕਿਸੇ ਜੰਗ ਵਿਚ ਹਿਸਾ ਨਹੀਂ ਸੀ ਲਿਆ। ਇਸੇ ਨਾਂ ਦਾ ਹੀ ਇਕ ਹਲਵਾਈ ਸੀ, ਜਿਸ ਨੂੰ ਤੱਕੜੀ ਤੋਲਣੀ ਤਾਂ ਆਉਂਦੀ ਸੀ, ਪਰ ਸ਼ਸਤਰ ਕਦੇ ਹੱਥ ਵਿਚ ਫੜ ਕੇ ਨਹੀਂ ਸੀ ਵੇਖਿਆ, ਗੁਰੂ ਜੀ ਦੀ ਭੂਆ ਦੇ ਪੰਜੇ ਬੀਰ ਪੁਤਰ, ਦੀਵਾਨ ਨੰਦ ਚੰਦ, ਦਯਾ ਰਾਮ ਪ੍ਰੋਹਤ ਤੇ ਉਦਾਸੀ ਮਹੰਤ ਕ੍ਰਿਪਾਲ ਦਾਸ ਆਦਿ ਨੇ ਤੇ ਹੋਰ ਐਸੇ ਹੀ ਸਿਖਾਂ ਨੇ ਉਹ ਸ਼ਸਤਰ ਵਾਹੇ ਤੇ ਪਠਾਣਾਂ ਨੂੰ ਵੰਗਾਰ ਵੰਗਾਰ ਆਖ ਕੇ ਲੜ ਰਹੇ ਸਨ-ਓਏ ਨਿਮਕ ਹਰਾਮੋ, ਤਨਖਾਹਾਂ ਗੁਰੂ ਘਰੋਂ ਖਾਂਦੇ ਰਹੇ ਹੋ, ਪਰ ਲੜਨ ਵੇਲੇ ਦੁਸ਼ਮਨਾਂ ਨਾਲ ਜਾ ਰਲੇ ਹੋ, ਯਾਦ ਰਖੋ, ਪਾਪੀਓ! ਤੁਹਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਤੀਰ ਛੱਡਣਗੇ ਨਹੀਂ। ਸਚਮੁਚ ਹੀ ਗੁਰੂ ਜੀ ਵੀ ਇਕ ਜੰਡ ਦੇ ਉਹਲੇ ਪਰ ਉਚੀ ਥਾਂ ਬੈਠ ਕੇ ਅਗੇ ਵਧਦੇ ਆਉਂਦੇ ਹਰ ਦੁਸ਼ਮਣ ਨੂੰ ਤੀਰਾਂ ਨਾਲ ਪਰੋਈ ਜਾਂਦੇ ਸਨ।

**ਪੀਰ ਬੁਧੂ ਸ਼ਾਹ ਜੀ ਦਾ ਜੰਗ ਵਿਚ ਪੁਜਣਾ**

ਉਧਰੋਂ ਪੀਰ ਬੁਧੂ ਸ਼ਾਹ ਜੀ ਨੂੰ ਜਿਉਂ ਹੀ ਖਬਰ ਮਿਲੀ ਕਿ ਉਸ ਦੇ ਨੌਕਰ ਰਖਾਏ ਪਠਾਣ ਸਮੇਂ ਸਿਰ ਆ ਕੇ ਸਿਰਫ ਧੋਖਾ ਹੀ ਨਹੀਂ ਦੇ ਗਏ ਸਗੋਂ ਬਹਾਨੇ ਬਣਾ ਬਣਾ ਕੇ, ਰੋਕਦਿਆਂ ਰੋਕਦਿਆਂ ਤੁਰ ਗਏ ਹਨ ਤੇ ਫਿਰ ਨਿਮਕ ਹਰਾਮ, ਪਹਾੜੀਆਂ ਨਾਲ ਜਾ ਮਿਲੇ ਸਨ। ਪੀਰ ਬੁੱਧੂ ਸ਼ਾਹ ਜੀ ਨੂੰ ਇਸ ਗੱਲ ਦੀ ਬਹੁਤ ਹੀ ਸ਼ਰਮ ਤੇ ਲੱਜਾ ਆਈ। ਪੀਰ ਜੀ ਨੇ ਇਸ ਸਮੇਂ ਬਹੁਤ ਫੁਰਤੀ ਕੀਤੀ ਤੇ ਝਟ ਪਟ ਆਪਣੇ ਸੱਤ ਸੌ ਮੁਰੀਦਾਂ ਤੇ ਚਾਰੇ ਪੁਤਰਾਂ ਨੂੰ ਨਾਲ ਲੈ ਕੇ ਸ਼ਸਤਰ ਲੈ ਪਠਾਣਾਂ ਦੀ ਇਸ ਗਦਾਰੀ ਦਾ ਦਾਗ ਧੋਣ ਲਈ ਤੁਰ ਪਏ। ਉਹ ਲੜਾਈ ਦੇ ਦੂਜੇ ਦਿਨ ਸਵੇਰੇ ਹੀ ਪਹਾੜੀ ਫੌਜਾਂ ਦੇ ਨੇੜੇ ਪੁਜ ਗਏ। ਪਹਾੜੀ ਫੌਜਾਂ ਕਈ ਮੀਲਾਂ ਵਿਚ ਤਿਆਰ ਹੋ ਹੋ, ਲੜਨ ਲਈ ਅਗੇ ਵਧ ਰਹੀਆਂ ਸਨ ਤੇ ਗੁਲੇਰੀਆ ਰਾਜਾ ਗੁਪਾਲ ਚੰਦ ਇਸ ਪ੍ਰਬੰਧ ਦਾ ਇਨਚਾਰਜ ਸੀ। ਪੀਰ ਜੀ ਨੇ ਆਉਂਦੇ ਹੀ ਗੁਰੂ ਜੀ ਦੇ ਕੋਲ ਪੁਜਣ ਤੇ ਇਤਲਾਹ ਦੇਣ ਦੀ ਬਜਾਏ ਮੀਲ ਪਿਛੇ ਹੀ ਪਹਾੜੀ ਸੈਨਾ ਤੇ ਅਚਾਨਕ ਹਮਲੇ ਤੇ ਹੱਥੋ-ਹੱਥ ਦੀ ਲੜਾਈ ਨੇ ਹਲਾ-ਹੂਲ ਮਚਾ ਦਿਤੀ। ਇਸ ਰੋਲੇ ਦੀ ਆਵਾਜ਼ ਨੂੰ ਸੁਣ ਕੇ, ਅੰਤਰਯਾਮੀ ਸਤਿਗੁਰੂ ਜੀ ਨੇ ਮੁਸਕਰਾ ਕੇ ਪੁਛਿਆ, 'ਇਹ ਪਹਾੜੀਆਂ ਨੂੰ ਕੌਣ ਪੈ ਗਇਆ?'

ਕਿਸੇ ਨੇ ਝਟ ਹੀ ਆਣ ਦਸਿਆ–'ਜੀ ਇਹ ਪੀਰ ਬੁੱਧੂ ਸ਼ਾਹ ਆਪਣੇ ਸੱਤ ਸੌ ਮੁਰੀਦਾਂ ਤੇ ਚਾਰੇ ਪੁਤਰਾਂ ਨੂੰ ਨਾਲ ਲੈ ਕੇ ਲੜ ਰਿਹਾ ਹੈ।'

ਇਸ ਸਮੇਂ ਕਾਲੇ ਖਾਂ ਪਠਾਣ, ਜਿਸ ਨੇ ਬਾਕੀ ਪਠਾਣਾਂ ਦਾ ਸਾਥਾ ਨਹੀਂ ਸੀ ਦਿਤਾ, ਸਗੋਂ ਉਨ੍ਹਾਂ ਨੂੰ ਵੀ ਉਹ ਗਦਾਰੀ ਕਰਨੋਂ ਰੋਕਦਾ ਰਿਹਾ ਸੀ, ਪਰ ਉਹ ਨਾ ਮੰਨੇ ਤੇ ਉਹ ਨਿਮਕ ਹਰਾਮ ਤੇ ਬੇਸ਼ਰਮ ਹੁਣ ਸਾਹਮਣੇ ਜੰਗ ਮੈਦਾਨ ਵਿਚ ਪਹਾੜੀਆਂ ਵਲੋਂ ਲੜ ਰਹੇ ਵੇਖ ਕੇ ਉਸ ਨੂੰ ਗੁਸਾ ਆ ਰਿਹਾ ਸੀ। ਉਹ ਗੁਰੂ ਜੀ ਕੋਲੋਂ ਇਹਨਾ ਨਾਲ ਲੜਨ ਦੀ ਆਗਿਆ ਮੰਗ ਰਿਹਾ ਸੀ, ਪਰ ਗੁਰੂ ਜੀ ਇਹ ਕਹਿ ਕੇ ਟਾਲੀ ਜਾ ਰਹੇ ਸਨ, ਕਿ ਅਸੀਂ ਆਪ ਹੀ ਲੜਾਂਗੇ ਤੁਹਾਨੂੰ ਪਠਾਣਾਂ ਪਠਾਣਾਂ ਨੂੰ ਨਹੀਂ ਲੜਾਉਣਾ, ਪਰ ਹੁਣ ਜਦ ਪੀਰ ਬੁਧੂ ਸ਼ਾਹ ਦੇ ਆਉਣ ਦੀ ਖਬਰ ਸੁਣੀ ਤਾਂ ਉਹਨਾ ਨੇ ਮਾਮਾ ਕ੍ਰਿਪਾਲਚੰਦ ਨੂੰ ਤੇ ਕਾਲੇ ਖਾਂ ਨੂੰ ਪੀਰ ਬੁਧੂ ਸ਼ਾਹ ਦੀ ਮਦਦ ਕਰਨ ਲਈ ਭੇਜ ਦਿਤਾ। ਕਿਉਂਕਿ ਗੁਲੇਰੀਏ ਗੁਪਾਲ ਚੰਦ ਨੇ ਪੀਰ ਜੀ ਤੇ ਹਮਲਾ ਕਰ ਕੇ ਉਹਨਾਂ ਸਾਰਿਆਂ ਨੂੰ ਹੀ ਘੇਰੇ ਵਿਚ ਲੈ ਲਿਆ ਸੀ, ਪਰ ਪੀਰ ਜੀ ਤੇ ਪੀਰ ਜੀ ਦੇ ਪੁਤਰ ਐਸੀ ਬਹਾਦਰੀ ਨਾਲ ਲੜ ਰਹੇ ਸਨ ਕਿ ਪਹਾੜੀਆਂ ਦੀਆਂ ਲੋਥਾਂ ਦੇ ਢੇਰ ਲਾਈ ਜਾ ਰਹੇ ਸਨ। ਮਾਮਾ ਕ੍ਰਿਪਾਲ ਚੰਦ ਤੇ ਕਾਲੇ ਖਾਂ ਦੇ ਆਪਣੇ ਸਾਥੀ ਪਠਾਣਾਂ ਨਾਲ ਪੁਜਣ ਤਕ ਪੀਰ ਜੀ ਦੇ ਦੋ ਪੁਤਰ ਤੇ ਕਈ ਮੁਰੀਦ ਸ਼ਹੀਦ ਹੋ ਚੁਕੇ ਸਨ, ਪਰ ਮਾਮਾ ਕ੍ਰਿਪਾਲ ਚੰਦ ਨੇ ਜਾਂਦੇ ਹੀ ਐਸੀ ਤੀਰਾਂ ਦੀ ਵਾਛੜ ਕੀਤੀ ਤੇ ਪੰਜ ਸੌ ਸਿਖਾਂ ਤੇ ਇਕ ਸੌ ਪਠਾਣਾਂ ਦਾ ਹਮਲਾ ਕਰਵਾਇਆ ਕਿ ਅਗੇ ਵਧ ਵਧ ਕੇ ਲਲਕਾਰੇ ਮਾਰਦੇ ਗੁਲੇਰੀਏ ਨੂੰ ਤੀਰ ਨਾਲ ਜ਼ਖਮੀ ਕਰ ਦਿਤਾ, ਉਸਦੇ ਪਿਛੇ ਹਟਦੇ ਹੀ ਪੀਰ ਜੀ ਦਾ ਪਲੜਾ ਭਾਰੀ ਹੋ ਗਿਆ ਸੀ, ਪਰ ਕ੍ਰਿਪਾਲ ਕਟੋਚੀਏ ਦੀ ਮਦਦ ਨਾਲ ਉਥੇ ਫਿਰ ਡਟਵੀਂ ਲੜਾਈ ਹੋਣ ਲੱਗ ਗਈ।

### ਭੰਗਾਣੀ ਵਿਚ ਗੁਰੂ ਜੀ ਦੀ ਵੱਡੀ ਫਤਹ ਹੋਣੀ

ਅਜ ਤੀਜਾ ਦਿਨ ਲੜਾਈ ਦਾ ਸੀ। ਡੇਢ ਦੋ ਸੌ ਪਠਾਣ ਤੇ ਹਜ਼ਾਰਾਂ ਪਹਾੜੀਏ ਮਾਰੇ ਜਾ ਚੁਕੇ ਸਨ, ਪਰ ਉਹ ਅਜੇ ਵੀ ਆਫਰੇ ਫਿਰਦੇ ਸਨ ਤੇ ਜਿੱਤ ਦੀਆਂ ਵਡੀਆਂ ਆਸਾਂ ਲਾਈ

ਫਿਰਦੇ ਸਨ। ਇਸ ਦਿਨ ਦੀ ਜੰਗ ਦਾ ਹਾਲ ਗੁਰੂ ਜੀ ਨੇ ਆਪ ਬਚਿਤਰ ਨਾਟਕ ਵਿਚ ਲਿਖਿਆ ਹੈ:-

**ਭੁਜੰਗ ਪ੍ਰਯਾਤ ਛੰਦ॥**

ਤਹਾਂ ਸਾਹ ਸ੍ਰੀ ਸਾਹ ਸੰਗ੍ਰਾਮ ਕੋਪੇ॥ ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ॥
ਹਠੀ ਜੀਤ ਮੱਲੰ ਸੁ ਗਾਜੀ ਗੁਲਾਬੰ॥ ਰਣੰ ਦੇਖੀਐ ਰੰਗ ਰੂਪੰ ਸਹਾਬੰ॥੪॥
ਹਠਿਯੋ ਮਾਹਰੀ ਚੰਦਯੰ ਗੰਗ ਰਾਮੰ॥ ਜਿਨੈ ਕਿਤਯੰ ਜਿਤੀਯੰ ਫੌਜ ਤਾਮੰ॥
ਕੁਪੇ ਲਾਲ ਚੰਦੰ ਕੀਏ ਲਾਲ ਰੂਪੰ॥ ਜਿਨੈ ਗੱਜੀਯੰ ਗਰਬ ਸਿੰਘੰ ਅਨੂਪੰ॥੫॥
ਕੁਪਿਯੋ ਮਾਹਰੂ ਕਾਹਰੂ ਰੂਪ ਧਾਰੇ॥ ਜਿਨੈ ਖਾਨ ਖਾਵੀਨਿਯੰ ਖੇਤ ਮਾਰੇ॥
ਕੁਪਿਓ ਦੇਵ ਤੇਸੰ ਦਯਾ ਰਾਮ ਜੁਧੰ॥ ਕੀਯੋ ਦ੍ਰੋਣ ਕੀ ਜਿਉ ਮਹਾ ਜੁੱਧ ਸੁਧੰ॥੬॥

(ਬਚਿਤ੍ਰ ਨਾਟਕ)

ਇਸ ਸਮੇਂ ਜਦੋਂ ਗੁਰੂ ਜੀ ਦੀ ਭੂਆ ਦੇ ਪੰਜ ਪੁਤਰ ਸੰਗੋ ਸ਼ਾਹ, ਅਜੀਤ ਮੱਲ, ਮੋਹਰੀ ਚੰਦ, ਗੁਲਾਬ ਤੇ ਗੰਗਾ ਰਾਮ-ਤੇਗ, ਬਰਛੀ ਤੇ ਤੀਰਾਂ ਨਾਲ ਧਰਤੀ ਤੇ ਪੈਰ ਜਮਾ ਕੇ ਲੜ ਰਹੇ ਸਨ, ਉਸ ਸਮੇਂ ਉਦਾਸੀ ਮਹੰਤ ਕ੍ਰਿਪਾਲ ਦਾਸ ਘੋੜੇ ਤੇ ਚੜ੍ਹਕੇ, ਹੱਥ ਵਿਚ ਅੱਠ ਸੇਰ ਦਾ ਭਾਰਾ ਸੋਟਾ (ਕੁਤਕ) ਲੈ ਕੇ ਅਗੇ ਵਧ ਕੇ ਲੜਨ ਲੱਗਾ। ਹਯਾਤ ਖਾਂ ਪਠਾਣ ਸਰਦਾਰ ਨੇ ਕ੍ਰਿਪਾਲ ਦਾਸ ਤੇ ਵਾਰ ਕੀਤਾ ਤਾਂ ਉਸ ਦਾ ਵਾਰ ਡੰਡੇ ਤੇ ਰੋਕ ਕੇ ਫੇਰ ਉਸੇ ਡੰਡੇ ਦਾ ਐਸਾ ਵਾਰ ਉਸ ਦੇ ਸਿਰ ਵਿਚ ਕੀਤਾ ਕਿ ਹਯਾਤ ਖਾਂ ਦਾ ਸਿਰ ਫੇਹ ਦਿਤਾ। ਗੁਰੂ ਜੀ ਲਿਖਦੇ ਹਨ :-

ਕ੍ਰਿਪਾਲ ਕੋਪੀਯੋ ਕੁਤਕੋ ਸੰਭਾਰੀ॥ ਹਠੀ ਖਾਨਹੱਯਾਤ ਕੇ ਸੀਸ ਝਾਰੀ॥
ਉਠੀ ਛਿੱਛ ਇਛੰ ਕਢਾ ਮੇਝਿ ਜੋਰੰ॥ ਮਨ ਮਾਖਨੰ ਮੱਟਕੀ ਕਾਨ੍ਹ ਫੋਰੰ॥੭॥
ਤਹਾ ਨੰਦ ਚੰਦੰ ਕੀਯੋ ਕੋਪੁ ਭਾਰੋ॥ ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ॥
ਤੁਟੀ ਤੇਗ ਤ੍ਰਿੱਖੀ ਕਢੇ ਜੱਮ ਦੰਢੰ॥ ਹਠੀ ਰਾਖਯੰ ਲੱਜ ਬੰਸੰ ਸਨੱਢੰ॥੮॥
ਤਹਾਂ ਮਤਾਲੇਯੰ ਕ੍ਰਿਪਾਲੰ ਕ੍ਰੁੱਧੰ॥ ਛਕਿਓ ਛੋਭ ਛੱਤ੍ਰੀ ਕਰਯੋ ਜੁੱਧ ਸੁੱਧੰ॥
ਸਹੇ ਦੇਹ ਆਪੰ ਮਹਾਂਬੀਰ ਬਾਣੰ॥ ਕਰੋ ਖਾਨ ਬਾਨੀਨ ਖਾਲੀ ਪਲਾਣੰ॥੯॥

ਹਠਿਯੋ ਸਾਹਬੰ ਚੰਦ ਖੇਤੰ ਖਤ੍ਰਿਯਾਣੰ॥ ਹਨੇ ਖਾਨ ਖੂਨੀ ਖੁਰਾਸਾਨ ਭਾਨੰ॥

ਤਹਾਂ ਬੀਰ ਬੰਕੇ ਭਲੀ ਭਾਂਤਿ ਮਾਰੇ॥ ਬਚੇ ਪ੍ਰਾਨ ਲੈ ਕੇ ਸਿਪਾਹੀ ਸਿਧਾਰੇ॥੧੦॥

(ਬਚਿਤ੍ਰ ਨਾਟਕ)

ਬਹੁਤੇ ਖਾਨ ਪਠਾਣ ਤੇ ਪਹਾੜੀ ਜਦ ਮਰੇ ਤਾਂ ਬਾਕੀ ਭੱਜਣ ਲਗੇ, ਪਰ ਇਸ ਸਮੇਂ ਰਾਜਾ ਗੋਪਾਲ ਤੇ ਹਰੀ ਚੰਦ ਮੈਦਾਨ ਨੂੰ ਥੰਮ੍ਹ ਖਲੋਤੇ। ਇਹਨਾ ਨੇ ਵਧ ਕੇ ਕਈ ਸਿਖ ਮਾਰੇ ਤਾਂ ਜੀਤ ਮੱਲ ਨੇ ਹਰੀ ਚੰਦ ਨੂੰ ਬਰਛੀ ਮਾਰੀ, ਪਰ ਉਸ ਦੇ ਤੀਰ ਨਾਲ ਜੀਤ ਮੱਲ ਸ਼ਹੀਦ ਹੋ ਗਿਆ। ਨਜਾਬਤ ਖਾਂ ਵੀ ਸੰਗੋ ਸ਼ਾਹ ਨਾਲ ਲੜਿਆ, ਪਰ ਦੋਵੇਂ ਸੂਰਮੇ ਇਕ ਦੂਜੇ ਨੂੰ ਮਾਰ ਕੇ ਸ਼ਹੀਦ ਹੋ ਗਏ। ਹਰੀ ਚੰਦ ਬੇਹੋਸ਼ ਪਿਆ ਸੀ, ਪਰ ਹੋਸ਼ ਆਉਂਦੇ ਹੀ ਉਹ ਫੇਰ ਰਣ ਵਿਚ ਆ ਗਿਆ। ਇਹ ਵੇਖ ਕੇ ਗੁਰੂ ਜੀ ਆਪ ਘੋੜ-ਸਵਾਰ ਹੋ ਕੇ ਅਗੇ ਵਧੇ। ਭੀਖਨ ਖਾਂ ਨੂੰ ਤੀਰ ਮਾਰ ਕੇ, ਜਾਂਦੇ ਹੀ ਘੋੜਿਓਂ ਥੱਲੇ ਸੁਟ ਦਿਤਾ, ਜੋ ਨਜਾਬਤ ਖਾਂ ਤੇ ਹਯਾਤ ਖਾਂ ਦੇ ਮਾਰੇ ਜਾਣ ਮਗਰੋਂ ਬੜੇ ਰੋਹ ਨਾਲ ਲੜ ਰਿਹਾ ਸੀ। ਫੇਰ ਗੁਰੂ ਜੀ ਹਰੀ ਚੰਦ ਵਲ ਹੋਏ, ਜੋ ਬੜੀ ਫੁਰਤੀ ਤੇ ਬਹਾਦਰੀ ਨਾਲ ਤੀਰ ਤੇ ਤੀਰ ਚਲਾ ਰਿਹਾ ਸੀ। ਉਸ ਦੇ ਤੀਰ ਗੁਰੂ ਜੀ ਨੂੰ ਜ਼ਖਮੀ ਕਰ ਗਏ ਤਾਂ ਗੁਰੂ ਜੀ ਨੇ ਉਸ ਦੇ ਤੀਜੇ ਵਾਰ ਮਗਰੋਂ, ਘੋੜੇ ਦੀ ਪੇਟੀ ਵਿਚ ਵੱਜੇ ਉਸੇ ਦੇ ਤੀਰ ਨੂੰ ਕੱਢ ਕੇ ਉਸ ਵਲ ਚਲਾਇਆ। ਉਹ ਬੱਸ ਪਹਿਲੇ ਨਿਸ਼ਾਨੇ ਹੀ ਢੁੰਡਿਆ ਗਿਆ। ਹਰੀ ਚੰਦ ਅਜੇ ਲੜ ਹੀ ਰਿਹਾ ਸੀ ਕਿ ਇਕ ਸਿਖ ਲੱਕੜ ਦੀ ਤੋਪ ਲੈ ਆਇਆ, ਗੁਰੂ ਜੀ ਦੇ ਹੁਕਮ ਨਾਲ ਉਸ ਵਿਚ ਪੱਥਰਾਂ ਦੇ ਕੰਕਰਾਂ ਨੂੰ ਬਾਰੂਦ ਪਾ ਕੇ ਚਲਾ ਦਿਤਾ ਗਿਆ। ਇਨ੍ਹਾ ਪੱਥਰਾਂ ਦੀਆਂ ਕੰਕਰਾਂ ਨੇ ਅਨੇਕਾਂ ਪਹਾੜੀ ਜ਼ਖਮੀ ਕੀਤੇ ਤੇ ਤੋਪ ਦੀ ਗੂੰਜ ਨੇ ਪਹਾੜ ਧਮਕਾ ਦਿਤੇ। ਪਰ ਹਰੀ ਚੰਦ ਦੀ ਮੌਤ ਨੇ ਪਹਾੜੀਆਂ ਨੂੰ ਡਰਾ ਕੇ ਉਨ੍ਹਾਂ ਦੀ ਬਹਾਦਰੀ ਖਤਮ ਕਰ ਦਿਤੀ। ਸਭ ਸਹਿਮ ਗਏ। ਹਰੀ ਚੰਦ ਦੇ ਨਾਲ ਦੋ ਰਾਜੇ ਵੀ ਮਾਰੇ ਗਏ, ਫਤਹ ਸ਼ਾਹ ਦਾ ਭਣੇਵਾਂ, ਰਾਜੇ ਹੰਡੂਰੀਏ ਦਾ ਪੁਤਰ, ਗੋਪਾਲ ਦਾਸ ਦਾ ਸਾਲਾ ਮਾਰੇ ਗਏ। ਪਹਾੜੀਆਂ ਨੂੰ ਭਾਜ ਪੈ ਗਈ। ਸਿਖ ਹੋਰ ਹਜ਼ਾਰਾਂ ਪਹਾੜੀਏ ਮਾਰ ਸਕਦੇ ਸਨ, ਪਰ ਗੁਰੂ ਜੀ ਨੇ ਭਜਦਿਆਂ ਦੇ ਪਿਛੇ ਜਾਣ ਤੋਂ ਸਿਖਾਂ ਨੂੰ ਰੋਕ ਦਿਤਾ। ਇਸ ਸਮੇਂ ਗੁਰੂ ਜੀ ਨੇ ਕਰਤਾਰ ਦੀ ਕਿਰਪਾ ਦਾ ਧੰਨਵਾਦ ਕੀਤਾ :-

ਰਣੰ ਤਿਆਗਿ ਭਾਗੇ॥ ਸਬੈ ਤ੍ਰਾਸ ਪਾਗੇ॥

ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ।।੩੪॥ (ਬਚਿਤ੍ਰ ਨਾਟਕ)

## ਪਾਉਂਟੇ ਤੋਂ ਅਨੰਦਪੁਰ ਵਾਪਸੀ

ਸ੍ਰੀ ਦਸਮੇਸ਼ ਜੀ ਨੇ ਬਚਿਤਰ ਨਾਟਕ (ਆਪਣੀ ਕਥਾ) ਵਿਚ ਦਸਿਆ ਹੈ :-

ਰਣੰ ਜੀਤਿ ਆਏ॥ ਜਯੰ ਗੀਤ ਗਾਏ॥ ਧਨੰ ਧਾਰ ਬਰਖੇ॥ ਸਬੈ ਸੂਰ ਹਰਖੇ।।੩੫॥

ਭਾਵ-ਜੰਗ ਜਿਤਣ ਮਗਰੋਂ ਖੁਸ਼ੀ ਦੇ ਸ਼ਾਦਿਆਨੇ ਵਜੇ, ਜੈ-ਜੈ ਦੇ ਗੀਤ ਗਾਏ ਤੇ ਧਨ ਦੀ ਐਸੀ ਬਰਖਾ ਹੋਈ, ਭਾਵ ਐਨੀ ਭੇਟ ਆਈ ਕਿ ਸਭ ਸੂਰਮਿਆਂ ਨੂੰ ਰਜ ਰਜ ਕੇ ਇਨਾਮ ਦਿਤਾ ਤੇ ਉਹ ਖੁਸ਼ੀ ਨਾਲ ਝੂਮ ਉਠੇ। ਪਰ ਇਸ ਮਗਰੋਂ, ਚਾਰ ਪੰਜ ਸਾਲ ਪਾਉਂਟੇ ਵਿਚ ਰਹਿ ਕੇ ਹੁਣ ਫਿਰ ਅਨੰਦਪੁਰ ਦੀ ਯਾਦ ਏਨੀ ਤੀਬਰ ਪੈਦਾ ਹੋਈ ਕਿ ਹੁਣ ਪਾਉਂਟੇ ਵਿਚ ਠਹਿਰਨਾ ਹੋਰ ਔਖਾ ਹੋ ਗਿਆ। ਗੁਰੂ ਜੀ ਨੇ ਬਚਿਤ੍ਰ ਨਾਟਕ ਵਿੱਚ ਆਪ ਹੀ ਦਸਿਆ ਹੈ :-

ਦੋਹਰਾ-ਜੁਧ ਜੀਤ ਆਏ ਜਬੈ, ਟਿਕੇ ਨ ਤਿਨ ਪੁਰ ਪਾਂਵ॥

ਕਾਹਲੂਰ ਮੈ ਬਾਂਧਿਯੋ, ਆਨ ਆਨੰਦਪੁਰ ਗਾਂਵ।।੩੬॥

ਨਾਹਨ ਦੇ ਰਾਜੇ ਨੂੰ ਭਾਈਚਾਰੇ ਨੇ ਡਰਾਇਆ ਸੀ, ਪਰ ਉਸ ਨੇ ਭਾਈਚਾਰੇ ਦਾ ਸਾਥ ਨਾ ਦਿਤਾ, ਪਰ ਗੁਰੂ ਜੀ ਦੀ ਵੀ ਲੜਾਈ ਵਿਚ ਕੋਈ ਖਾਸ ਮਦਦ ਨਹੀਂ ਸੀ ਕੀਤੀ। ਇਸ ਲਈ ਗੁਰੂ ਜੀ ਨੇ ਨਾਹਨ ਤੋਂ ਚਲਣ ਲਗੇ ਉਸ ਨੂੰ ਵੀ ਖਬਰ ਨਹੀਂ ਦਿਤੀ ਤੇ ਜੰਗ ਦੇ ਜਿਤਣ ਦੇ ਕੁਝ ਦਿਨਾਂ ਬਾਅਦ ਹੀ ਉਥੋਂ ਕੂਚ ਕਰ ਦਿਤਾ।

## ਭੀਮ ਚੰਦ ਨੇ ਗੁਰੂ ਜੀ ਦੀ ਸ਼ਰਨ ਆਉਣਾ

ਭੀਮ ਚੰਦ ਨੇ ਸੰਮਤ 1746 ਵਿਚ ਗੁਰੂ ਜੀ ਦੇ ਪਾਸ ਆਪਣਾ ਆਦਮੀ ਅਨੰਦਪੁਰ ਭੇਜ ਕੇ ਆਪਣੀ ਗਲਤੀ ਪਰਗਟ ਕੀਤੀ ਕਿ ਭੀਮ ਚੰਦ ਆਪ ਜੀ ਦੇ ਦਰਸ਼ਨ ਕਰ ਕੇ ਆਪ ਜੀ ਤੋਂ ਖਿਮਾਂ ਮੰਗਣੀ ਚਾਹੁੰਦਾ ਹੈ। ਗੁਰੂ ਨਾਨਕ ਦੀ ਗੱਦੀ ਦਾ ਅਸਾਂ ਸਤਿਕਾਰ ਕਰਨਾ ਸੀ, ਪਰ ਅਸਾਂ ਚੜ੍ਹਾਈ ਕਰਨ ਦੀ ਗਲਤੀ ਕਰ ਕੇ ਆਪਣੀ ਕੀਤੀ ਦਾ ਫਲ ਪਾ ਲਿਆ ਹੈ। ਇਸ ਦੇ ਉਤਰ ਵਿਚ ਗੁਰੂ ਜੀ ਨੇ ਸੁਨੇਹਾ ਪੇਜਿਆ-ਭੀਮ ਚੰਦ ! ਗੁਰੂ-ਘਰ ਤਾਂ ਸ਼ੀਸ਼ੇ ਦੀ ਨਿਆਈ ਸਾਫ਼ ਤੇ

ਨਿਰਵੈਰ ਹੈ ਇਸ ਘਰ ਨੂੰ ਕੋਈ ਜਿਹੀ ਜੇਹੀ (ਮੈਲੀ ਜਾਂ ਸ਼ੁਧ ਆਤਮਾ) ਨੀਅਤ ਨਾਲ ਦੇਖਦਾ ਹੈ, ਉਸ ਨੂੰ ਉਹੋ ਜਿਹਾ ਹੀ ਨਜ਼ਰ ਆਉਂਦਾ ਹੈ। ਸਾਡਾ ਵੈਰ ਕਿਸੇ ਨਾਲ ਨਹੀਂ, ਅਸੀਂ ਤਾਂ ਪ੍ਰਭੂ ਦੇ ਸਭ ਜੀਵਾਂ ਨਾਲ ਪਿਆਰ ਕਰਦੇ ਹਾਂ, ਏਥੇ ਕੋਈ ਵੀ ਆਵੇ, ਉਸ ਨੂੰ ਰੋਕ ਨਹੀਂ, ਗੁਰੂ ਨਾਨਕ ਦਾ ਦਰ ਸਭ ਲਈ ਖੁੱਲ੍ਹਾ ਹੈ ਤੇ ਬਖਸ਼ਿਸ਼ਾਂ ਪ੍ਰਾਪਤ ਕਰਨ ਵਾਲਿਆਂ ਲਈ ਗੁਰੂ ਨਾਨਕ ਦੇ ਭੰਡਾਰੇ ਖੁੱਲ੍ਹੇ ਹੋਏ ਹਨ।

## ਨਦਾਉਣ ਦਾ ਜੁੱਧ

ਪਹਾੜੀ ਰਾਜੇ ਸਾਲ ਦੇ ਸਾਲ, ਖਿਰਾਜ (ਬਾਦਸ਼ਾਹੀ ਕਰ) ਬਾਦਸ਼ਾਹ ਨੂੰ ਆਪ ਹੀ ਭੇਜ ਦਿੰਦੇ ਸਨ, ਪਰ ਹੁਣ ਇਹਨਾਂ ਸਾਰੇ ਹੀ ਰਾਜਿਆਂ ਨੇ ਚਾਰ ਪੰਜ ਸਾਲ ਤੋਂ ਕੁਝ ਵੀ ਨਹੀਂ ਸੀ ਭੇਜਿਆ, ਜੋ ਕੁਝ ਕੋਲ ਸੀ, ਉਹ ਜੰਗਾਂ ਦੇ ਖਰਚਾਂ ਨੇ ਖਤਮ ਕਰ ਦਿਤਾ ਸੀ, ਇਸ ਲਈ ਇਕ ਦਮ ਇਹ ਕਰ ਦੇਣਾ ਇਨ੍ਹਾਂ ਲਈ ਮੁਸ਼ਕਲ ਹੋ ਗਿਆ ਸੀ। ਦੋ ਤਿੰਨ ਸਾਲ ਤੋਂ ਇਹ ਭੇਜ-ਦਿਆਂਗੇ ਦਾ ਬਹਾਨਾ ਕਰੀ ਜਾ ਰਹੇ ਸਨ। ਅਖੀਰ ਔਰੰਗਜ਼ੇਬ ਵਲੋਂ ਸ਼ਾਹੀ ਫੌਜਦਾਰ ਮੀਆਂ ਖਾਂ ਨੂੰ ਇਸ ਕੰਮ ਲਈ ਦਿਲੀਓਂ ਪੰਜਾਬ ਭੇਜਿਆ। ਮੀਆਂ ਖਾਂ ਨੇ ਲਾਹੌਰ ਪੁਜ ਕੇ ਆਪਣੀ ਫੌਜ ਦੇ ਦੋ ਹਿੱਸੇ ਕੀਤੇ। ਇਕ ਹਿੱਸਾ ਫੋਜ ਲੈ ਕੇ ਉਹ ਆਪ ਜੰਮੂ ਵਲ ਚਲਾ ਗਿਆ ਤੇ ਬਾਕੀ ਦੀ ਫੌਜ ਨਾਲ ਉਸ ਨੇ ਆਪਣੇ ਭਤੀਜੇ ਅਲਫ ਖਾਂ ਨੂੰ ਭੇਜਿਆ ਕਿ ਕਹਿਲੂਰ ਤੇ ਉਸ ਦੇ ਰਸਤੇ ਵਿਚ ਜੋ ਰਿਆਸਤਾਂ ਹਨ, ਉਹਨਾਂ ਤੋਂ ਖਿਰਾਜ ਉਗਰਾਹ ਲਿਆਵੇ।

ਭੀਮ ਚੰਦ ਦਾ ਖਜ਼ਾਨਾ ਖਾਲੀ ਸੀ ਇਸ ਲਈ ਉਸਨੇ ਕੁਝ ਹੋਰ ਰਾਜਿਆਂ ਨਾਲ ਸਲਾਹ ਕਰਕੇ ਰਾਜ-ਕਰ ਨਾ ਦੇਣ ਦਾ ਮਤਾ ਪਕਾਇਆ ਤੇ ਜੰਗ ਲੜਨ ਦੀਆਂ ਤਿਆਰੀਆਂ ਕਰਨ ਲਗੇ। ਜਾਂ 'ਕਰ' ਦਿੰਦੇ ਜਾਂ 'ਜੰਗ' ਕਰਦੇ, ਦੌਂਹ ਗਲਾਂ ਵਿਚੋਂ ਇਕ ਨੂੰ ਕਰਨਾ ਹੀ ਪੈਣਾ ਸੀ ਤੇ ਪੈਸੇ ਦੀ ਤੰਗੀ ਨੂੰ ਮੁਖ ਰਖ ਕੇ ਭੀਮ ਚੰਦ ਦੇ ਸਾਥੀ ਹੋਰ ਵੀ ਕਈ ਰਾਜੇ ਬਣ ਗਏ। ਉਧਰੋਂ ਅਲਫ ਖਾਂ ਕਾਂਗੜੇ ਨੂੰ ਫਤਹ ਕਰ ਕੇ, ਮੰਡੀ ਤੋਂ ਹੁੰਦਾ ਹੋਇਆ, ਪਹਾੜੀ ਰਾਜਿਆਂ ਤੋਂ ਈਨ ਮਨਾਉਂਦਾ, ਨਦਉਣ ਪੁਜਾ, ਜੋ ਕਹਿਲੂਰ ਦੀ ਸਰਹੱਦ ਸੀ। ਇਥੋਂ ਇਸ ਨੇ ਭੀਮ ਚੰਦ ਨੂੰ ਕਰ ਦੇਣ ਜਾਂ ਲੜਨ ਲਈ ਸੁਨੇਹਾ ਭੇਜਿਆ। ਭੀਮ ਚੰਦ ਤਾਂ ਲੜਨ ਲਈ ਅਗੇ ਹੀ ਤਿਆਰ ਸੀ,

ਪਰ ਉਸ ਨੇ ਆਪਣੀ ਮਦਦ ਲਈ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਸੁਨੇਹਾ ਭੇਜ ਦਿਤਾ। ਬਿਝੜਵਾਲੀਏ ਦਿਆਲ ਚੰਦ ਦੀ ਭੀਮ ਚੰਦ ਨਾਲ ਲਗਦੀ ਸੀ, ਇਸ ਲਈ ਉਹ ਆਪਣੀ ਸੈਨਾ ਸਮੇਤ ਅਲਫ਼ ਖਾਂ ਦੇ ਨਾਲ ਨਦਾਉਣ ਜਾ ਪੂਜਾ। ਦਰਿਆ ਦੇ ਕਿਨਾਰੇ ਇਕ ਉਚੇ ਟਿਲੇ ਉਤੇ ਅਲਫ ਖਾਂ ਨੇ ਲੱਕੜਾਂ ਬੀੜ ਕੇ ਮੋਰਚੇ ਬੰਦੀ ਕੀਤੀ ਸੀ। ਭੀਮ ਚੰਦ ਤੇ ਉਸ ਦੇ ਸਾਥੀਆ ਨੇ ਆਉਂਦੇ ਹੀ ਹਮਲਾ ਕਰ ਦਿਤਾ, ਪਰ ਉਚੀ ਮੋਰਚੇ ਵਾਲੀ ਥਾਂ ਤੋਂ ਅਗੋਂ ਚੰਗੀ ਮਾਰ ਪਈ, ਨੁਕਸਾਨ ਕਰਾ ਕੇ ਪਿਛੇ ਹਟੇ। ਇਤਨੇ ਨੂੰ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੇ ਪੰਜ ਕੁ ਸੋ ਸਿਖਾਂ ਸਮੇਤ ਮੈਦਾਨ ਨੇੜੇ ਆ ਪੁਜੇ, ਪਰ ਰਾਜਿਆਂ ਨੂੰ ਲੜਦਿਆਂ ਵੇਖ ਕੇ ਉਹ ਪਿਛੇ ਹੀ ਠਹਿਰ ਗਏ। ਭੀਮ ਚੰਦ ਨੇ ਹਨੂੰਮਾਨ ਤੇ ਸ਼ਿਵ ਜੀ ਦੇ ਮੰਤਰ ਪੜ੍ਹੇ ਤੇ ਇਕ ਵਾਰੀ ਫੇਰ ਸਾਰਾ ਜ਼ੋਰ ਲਾ ਕੇ ਹਮਲਾ ਕਰ ਦਿਤਾ, ਭਾਵੇਂ ਐਤਕਾਂ ਚੰਗਾ ਲੜੇ, ਪਰ ਅਗੋਂ ਵੀ ਚੰਗੇ ਟਕਰੇ। ਘਸਮਾਨ ਮਚ ਗਿਆ, ਪਰ ਅਲਫ ਖਾਂ ਦਾ ਜ਼ੋਰ ਪੈ ਰਿਹਾ ਸੀ। ਅਲਫ਼ ਖਾਂ ਦਾ ਸਾਥੀ ਰਾਜਾ ਦਿਆਲ ਚੰਦ ਬਿੱਝੜਵਾਲ ਬੜਾ ਅੜਿਆ ਤੇ ਸੂਰਮਿਆਂ ਵਾਂਗ ਲੜਿਆ। ਉਹ ਉਚੀ ਥਾਂ ਬਣਾਈ ਮੋਰਚੇ ਬੰਦੀ ਵਿਚੋਂ ਬਾਹਰ ਆ ਕੇ ਲੜਿਆ ਤੇ ਭੀਮ ਚੰਦ ਤੇ ਉਸਦੇ ਸਾਥੀਆਂ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਗੁਰੂ ਜੀ ਤਾਂ ਅਗੇ ਹੀ ਚਾਹੁੰਦੇ ਸਨ ਕਿ ਇਤਨਾ ਵੈਰ ਕਰਨ ਵਾਲਿਆਂ ਦੀ ਮਦਦ ਕਰਨੀ ਵੀ ਇਸੇ ਲਈ ਹੀ ਪ੍ਰਵਾਨ ਕੀਤੀ ਸੀ ਕਿ ਸ਼ਾਇਦ ਇਹਨਾ ਲੋਕਾਂ ਦੇ ਮਨਾਂ ਵਿਚੋਂ ਗੁਲਾਮੀ ਦੇ ਪਏ ਸੰਗਲ ਟੁਟ ਜਾਣ ਤੇ ਇਹ ਅਜ਼ਾਦੀ ਦੇ ਜੀਵਨ ਲਈ ਕੁਰਬਾਨ ਹੋਣ ਨੂੰ ਤਰਜੀਹ ਦੇਣ ਲੱਗ ਪੈਣ, ਪਰ ਇਕ ਬਿੱਝੜ-ਵਾਲੀਏ ਦੀ ਬਹਾਦਰੀ ਕਰਕੇ, ਭੀਮ ਚੰਦ ਨੂੰ ਭਾਰਾ ਨੁਕਸਾਨ ਕਰਾ ਕੇ ਪਿਛੇ ਹਟਣਾ ਪਿਆ। ਗੁਰੂ ਜੀ ਨੇ ਬਚਿਤਰ ਨਾਟਕ ਵਿਚ ਵਿਰੋਧੀ ਸੂਰਬੀਰ ਦੀ ਵੀ ਸ਼ਲਾਘਾ ਕਰਦੇ ਲਿਖਿਆ ਹੈ:-

ਤਹਾ ਏਕ ਬਾਜਿਓ ਮਹਾਂ ਬੀਰ ਦਯਾਲੰ॥ ਰਖੀ ਲਾਜ ਜੌਨੇ ਸਬੈ ਬਿਝੜਵਾਲੰ॥੧੬॥

(ਬਚਿਤ੍ਰ ਨਾਟਕ)

ਭੀਰ ਚੰਦ ਨੇ ਪਿਛੇ ਜਾ ਕੇ ਗੁਰੂ ਜੀ ਦੀ ਮਿੰਨਤ ਕੀਤੀ। ਗੁਰੂ ਜੀ ਨੇ ਝਟ ਹੀ ਦੁਨਾਲੀ ਬੰਦੂਕ ਤੇ ਤੀਰਾਂ ਦੇ ਭੱਥੇ 'ਚੋਂ ਤੀਰ ਚਲਾਉਂਦੇ ਅਗੇ ਵਧੇ। ਬਿਝੜਵਾਲੀਆ ਗੁਰੂ ਜੀ ਤੋ

ਡਰਿਆ ਨਾ ਤੇ ਅੜ ਕੇ ਲੜਿਆ। ਉਹ ਗੁਰੂ ਜੀ ਤੇ ਤੀਰ ਚਲਾ ਰਿਹਾ ਸੀ, ਪਰ ਗੁਰੂ ਜੀ ਘੋੜੇ ਨੂੰ ਨਚਾਉਂਦੇ ਉਸ ਦੇ ਵਾਰਾਂ ਤੋਂ ਬਚਦੇ ਉਸ ਵਲ ਅਗੇ ਵਧਦੇ ਗਏ। ਗੁਰੂ ਜੀ ਨੇ ਦੁਨਾਲੀ ਦਾ ਨਿਸ਼ਾਨਾ ਬੰਨ੍ਹਿਆ ਤੇ ਚਲਾ ਦਿਤੀ। ਜੰਮ ਕੇ ਲੜ ਰਿਹਾ ਦਿਆਲ ਚੰਦ ਮੁਨਾਰੇ ਵਾਂਗ ਢੱਠਾ ਤੇ ਬਾਕੀ ਦੇ ਸਾਥੀ ਤੀਰਾਂ ਨੂੰ ਖਾਣ ਲਗੇ ਤਾਂ ਝਟ ਹੀ ਦੌੜ ਕੇ ਬਾਕੀ ਦੇ ਲੱਕੜ ਦੀ ਓਟ ਵਿਚ ਹੋ ਗਏ। ਦਿਆਲ ਚੰਦ ਤੇ ਹੋਰ ਅਨੇਕਾਂ ਸੂਰਮਿਆਂ ਦੇ ਮਰਨ ਨਾਲ ਅਲਫ ਖਾਂ ਦਾ ਦਿਲ ਕੰਬ ਗਿਆ। ਅਧੀ ਰਾਤ ਤਕ ਉਹ ਉਪਰੋਂ ਗੋਲੀਆਂ ਚਲਾਉਂਦੇ ਰਹੇ ਤੇ ਏਧਰੋਂ ਭੀਮ ਚੰਦ ਦੇ ਆਦਮੀ ਵੀ ਗੋਲੀਆਂ ਚਲਾਉਂਦੇ ਰਹੇ ਪਰ ਅਧੀ ਰਾਤ ਦੇ ਹਨੇਰੇ ਵਿਚ ਅਲਫ ਖਾਂ, ਸਭ ਜੰਗੀ ਸਾਮਾਨ ਤੇ ਹੋਰ ਸਭ ਕੁਝ ਛੱਡ ਕੇ ਨੱਠ ਉਠਾ।

ਭਜਿਓ ਅਲਫ ਖਾਨੰ ਨ ਖਾਨਾ ਸੰਭਾਰਿਓ॥ ਭਜੇ ਅਉਰ ਬੀਰੰ ਨ ਧੀਰੰ ਬਿਚਾਰਿਓ॥

(ਬਚਿਤ੍ਰ ਨਾਟਕ)

ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬਹਾਦਰੀ ਦੇਖੀ ਤੇ ਸਮਝਦਾ ਸੀ ਕਿ ਸਵੇਰੇ ਮੈਂ ਵੀ ਇਹਨਾ ਦੇ ਹੱਥੋਂ ਜ਼ਰੂਰ ਮਰ ਜਾਵਾਂਗਾ। ਸੋ ਰਾਤੋ ਰਾਤ ਨਿਕਲ ਕੇ ਉਸ ਨੇ ਕਈ ਮੀਲ ਦੂਰ ਜਾ ਕੇ ਦਿਨ ਚੜ੍ਹਾਇਆ। ਹਾਰ ਖਾ ਕੇ ਅਲਫ ਖਾਂ ਲਾਹੌਰ ਵਾਪਸ ਪੁਜਾ। ਭੀਮ ਚੰਦ ਤੇ ਗੁਰੂ ਜੀ ਫਤਹ ਦੇ ਨਗਾਰੇ ਵਜਾਉਂਦੇ ਵਾਪਸ ਮੁੜੇ। ਭਾਵੇਂ ਜੰਗ ਪਹਾੜੀ ਰਾਜਿਆਂ ਤੇ ਗੁਰੂ ਜੀ ਨੇ ਰਲ ਕੇ ਕੀਤੀ ਸੀ, ਪਰ ਸਾਰਿਆਂ ਨੇ ਇਸ ਜਿੱਤ ਨੂੰ ਗੁਰੂ ਜੀ ਦੀ ਹੀ ਜਿੱਤ ਸਮਝਿਆ। ਅਲਫ ਖਾਂ ਨੇ ਵੀ ਲਾਹੌਰ ਜਾ ਕੇ ਇਹੋ ਗਲ ਕਹੀ।

## ਗੁਲਾਮ ਹੁਸੈਨੀ ਦਾ ਹਮਲਾ ਤੇ ਗੁਲੇਰ ਦੀ ਜੰਗ

ਸੂਬਾ ਲਾਹੌਰ ਦਿਲਾਵਰ ਖਾਂ ਨੇ ਦੋ ਹਜ਼ਾਰ ਫੌਜ ਘੋੜ-ਸਵਾਰ ਗੁਲਾਮ ਹੁਸੈਨੀ ਨੂੰ ਦਿਤੇ ਤੇ ਜੰਗ ਕਰਨ ਲਈ ਭੇਜ ਦਿਤਾ। ਹੁਸੇਨੀ ਨੇ ਜਾਂਦੇ ਹੀ ਸਾੜ-ਫੂਕ ਦੀ ਖੇਡ ਨਾਲ ਪਹਾੜਾਂ ਵਿਚ ਤਰਥੱਲੀ ਮਚਾ ਦਿਤੀ। ਕ੍ਰਿਪਾਲ ਕਟੋਚੀਏ ਕਾਂਗੜੇ ਵਾਲੇ ਤੇ ਭੀਮ ਚੰਦ ਕਹਿਲੂਰੀਏ ਨੇ ਹੁਸੈਨੀ ਦੀ ਜ਼ਾਲਮਾਨਾ ਰੁਚੀ ਵੇਖੀ ਤੇ ਉਹ ਆਪ ਹੀ ਭੇਟਾਵਾਂ ਤੇ ਨਜ਼ਰਾਨੇ ਲੈ ਕੇ ਹੁਸੈਨੀ ਨੂੰ ਆ ਮਿਲੇ। ਉਹਨਾਂ ਪਿਛਲੀ ਜੰਗ ਦੀ ਮਾਫੀ ਮੰਗਦਿਆਂ ਕਿਹਾ, 'ਅਸੀਂ ਤਾਂ ਖਾਨਦਾਨੀ

ਬਾਦਸ਼ਾਹ ਦੇ ਜੀ-ਹਜ਼ੂਰੀਏ ਹਾਂ। ਇਹ ਗਲਤੀ ਸਾਥੋਂ ਅਨੰਦਪੁਰੀ ਗੁਰੂ ਨੇ ਕਰਵਾਈ ਹੈ, ਸਾਡਾ ਕੋਈ ਦੋਸ਼ ਨਹੀਂ।'

ਜਦੋਂ ਦੁਸ਼ਮਨ ਆਪੇ ਹੀ ਮਾਫੀਆਂ ਮੰਗੇ ਤਾਂ ਫਿਰ ਹੰਕਾਰੀ ਦੇ ਹੰਕਾਰ ਵਿਚ ਵਾਧਾ ਹੀ ਹੁੰਦਾ ਹੈ ਤੇ ਸਿਆਣੇ ਹੰਕਾਰੀ ਨੂੰ ਤਾਂ ਫੇਰ ਕੁਝ ਨਾ ਕੁਝ ਖਿਆਲ ਹੁੰਦਾ ਹੀ ਹੈ, ਪਰ ਏਸ ਮੂਰਖ ਹੁਸੈਨੀ ਦੀ ਇਸ ਚੜ੍ਹਤ ਨੇ ਮੱਤ ਹੀ ਮਾਰ ਛੱਡੀ ਸੀ। ਉਹ ਸਿੱਧਾ ਅਨੰਦਪੁਰ ਪੁਜਣਾ ਚਾਹੁੰਦਾ ਸੀ, ਪਰ ਉਸ ਦੀ ਮੂਰਖਤਾ ਨੇ ਉਸ ਨੂੰ ਰਸਤੇ ਵਿਚ ਹੀ ਰਖਣਾ ਸੀ ਤਾਂ ਅਨੰਦਪੁਰ ਕਿਵੇਂ ਪੁਜਦਾ? ਰਸਤੇ ਵਿਚ ਗੁਲੇਰੀਏ ਰਾਜੇ ਦੀ ਗੁਲੇਰ ਰਿਆਸਤ ਸੀ, ਉਹ ਵੀ ਹੁਸੇਨੀ ਦੀ ਸ਼ਰਨ ਪਿਆ 4●●● ਰੁਪਏ ਖਿਰਾਜ ਵਜੋਂ ਉਸ ਦੇ ਸਾਹਮਣੇ ਰਖ ਕੇ ਦੇਰੀ ਦੀ ਖਿਮਾਂ ਮੰਗੀ, ਪਰ ਗੁਲੇਰੀਏ ਦੀ ਕਟੋਚੀਏ ਨਾਲ ਕੁਝ ਅਨਬਣ ਸੀ, ਇਸ ਲਈ ਕਟੋਚੀਏ ਨੇ ਕਿਹਾ, 'ਖਾਨ ਸਾਹਿਬ! ਦਸ ਹਜ਼ਾਰ ਦੀ ਥਾਂ ਕੇਵਲ ਚਾਰ ਹਜ਼ਾਰ, ਸੂਬੇ ਨੇ ਇਹ ਗੱਲ ਮੰਨਣੀ ਨਹੀਂ ਜੇ।'

ਵਿਚਾਰੇ ਗੁਲੇਰੀਏ ਪਾਸ ਇਸ ਵੇਲੇ ਦਸ ਹਜ਼ਾਰ ਹੈ ਨਹੀਂ ਸੀ। ਦੂਜਾ ਹੁਸੈਨੀ ਨੇ ਆਕੜ ਤੇ ਹੰਕਾਰ ਨਾਲ ਐਸੇ ਸ਼ਬਦ ਗੁਲੇਰੀਏ ਨੂੰ ਕਹੇ ਕਿ ਗੁਲੇਰੀਏ ਦੀ ਉਸ ਨੇ ਪਾਣਪਤ ਲਾਹ ਦਿਤੀ ਨਾਲ ਹੀ ਗੁਲੇਰ ਨੂੰ ਫਤਹ ਕਰ ਕੇ ਉਸ ਨੂੰ ਕੇਦ ਕਰ ਲੈਣ ਦੀ ਧਮਕੀ ਦਿਤੀ। ਗੁਲੇਰੀਏ ਦੇ ਮਨ ਨੇ ਵੀ ਵੱਟ ਖਾਧਾ, ਉਸਨੇ ਜਿਹੜੇ ਚਾਰ ਹਜ਼ਾਰ ਹੁਸੈਨੀ ਦੇ ਅੱਗੇ ਲਿਆ ਕੇ ਰਖੇ ਸਨ, ਉਹ ਚੁਕਦੇ ਹੋਏ ਆਖਿਆ, 'ਹੱਛਾ ਖਾਨ ਸਾਹਿਬ! ਮੈਂ ਦਸ ਹਜ਼ਾਰ ਦਾ ਪ੍ਰਬੰਧ ਕਰਕੇ, ਪੂਰੇ ਰੁਪਏ ਹੀ ਦਿਆਂਗਾ। ਸੋ ਇਕ ਦੋ ਦਿਨ ਦੀ ਮੋਹਲਤ ਚਾਹੁੰਦਾ ਹਾਂ।' ਇਹ ਆਖ ਕੇ ਉਹ ਕਿਲ੍ਹੇ ਵਿਚ ਆ ਗਿਆ। ਉਸਨੇ ਉਸੇ ਵੇਲੇ ਗੁਰੂ ਜੀ ਨੂੰ ਮਦਦ ਲਈ ਕਿਹਾ। ਇਕ ਆਦਮੀ ਗੁਰੂ ਜੀ ਵਲ ਦੁੜਾ ਕੇ ਆਪ ਲੜਨ ਦੀਆਂ ਤਿਆਰੀਆਂ ਵਿਚ ਰੁਝ ਗਿਆ। ਹੁਸੈਨੀ ਨੇ ਇਹ ਗੱਲ ਵੇਖੀ ਤਾਂ ਉਸ ਨੇ ਕਿਲ੍ਹੇ ਨੂੰ ਘੇਰਾ ਪਾ ਲਿਆ। ਉਧਰੋਂ ਭਾਣੇ ਦੇ ਮਾਲਕ ਤੇ ਅੰਤਰਯਾਮੀ ਸਤਿਗੁਰੂ ਜੀ ਨੇ ਭਾਈ ਸੰਗਤੀਏ ਦੀ ਕਮਾਨ ਵਿਚ ਗੁਲੇਰੀਏ ਗੁਪਾਲ ਦੀ ਮਦਦ ਲਈ ਕੁਝ ਸਿਖ ਭੇਜ ਦਿਤੇ। ਇਸ ਕ੍ਰਿਪਾਲ ਕਟੋਚੀਏ ਨੇ ਸੁਲਾਹ ਦੀ ਚਾਲ ਚੱਲੀ। ਨਿਰਛਲ ਸੰਗਤੀਆ ਜੀ ਮੰਨ ਗਏ ਤੇ ਉਸ ਦੇ ਕਹਿਣ ਤੇ ਗੁਪਾਲ ਗੁਲੇਰੀਆ ਹੁਸੈਨੀ ਦੇ ਕੈਂਪ ਵਿਚ ਆਇਆ ਤਾਂ ਸੰਗਤੀਆ ਜੀ ਨੇ

ਗੁਪਾਲ ਨੂੰ ਕਾਬੂ ਕਰਨ ਦੀ ਚਾਲ ਵੇਖ ਕੇ ਝਟ ਹੀ ਕੈਂਪ ਤੋਂ ਬਾਹਰ ਲੈ ਆਂਦਾ। ਹੁਣ ਕ੍ਰਿਪਾਲ ਕਟੋਚੀਏ ਤੇ ਹੁਸੈਨੀ ਨੇ ਕਿਲ੍ਹੇ ਵਿਚ ਪਹੁੰਚਣ ਤੋਂ ਰੋਕਣ ਲਈ ਇਕ ਦਮ ਹਮਲਾ ਕਰ ਦਿਤਾ। ਉਧਰੋਂ ਗੁਪਾਲ ਤੇ ਭਾਈ ਸੰਗਤੀਆਂ ਵੀ ਤਿਆਰ ਸਨ, ਸੋ ਹੱਥੋ-ਹੱਥ ਦਾ ਘਮਸਾਨ ਮੱਚ ਗਿਆ। ਕਪਟੀ ਭੀਮ ਚੰਦ ਵੀ ਇਸ ਸਮੇਂ ਹੁਸੈਨੀ ਦੀ ਮਦਦ ਲਈ ਲੜਿਆ, ਪਰ ਗੁਰੂ ਕੇ ਸੂਰਮੇ ਤੇ ਗੁਪਾਲ ਇਸ ਸਮੇਂ ਏਨੈ ਜੋਸ਼ ਨਾਲ ਲੜੇ ਕਿ ਹੁਸੈਨੀ ਤੇ ਕਟੋਚੀਆ ਕਿਪਾਲ ਚੰਦ ਇਸ ਘਮਸਾਨ ਵਿਚ ਮਾਰੇ ਗਏ। ਭਾਈ ਸੰਗਤੀਆ ਤੇ ਸੱਤ ਸਿਖ ਹੋਰ ਸ਼ਹੀਦ ਹੋ ਗਏ। ਲੋਥ ਤੇ ਲੋਥ ਚੜ੍ਹ ਗਈ, ਹੁਸੈਨੀ ਦਾ ਨਾਇਬ ਸ਼ਮਸ਼ੇਰ ਖਾਂ ਤੇ ਮੁਖੀ ਦਲੇਰ ਖਾਂ ਮਾਰੇ ਗਏ। ਭਾਵੇਂ ਰਾਜੇ ਗੁਪਾਲ ਦੇ ਵੀ ਕਈ ਮੇਰੇ, ਪਰ ਕ੍ਰਿਪਾਲ ਕਟੋਚੀਏ ਤੇ ਹੁਸੈਨੀ ਦੀ ਮੌਤ ਨੇ ਦੁਸ਼ਮਨਾਂ ਨੂੰ ਭਾਂਜ ਪਾ ਦਿਤੀ। ਹੁਸੈਨੀ ਦਸ ਹਜ਼ਾਰ ਮੰਗਦਾ ਸੀ, ਪਰ ਹੁਣ ਸਾਰਾ ਸਾਜ਼ ਸਮਾਨ ਤੇ ਇਕੱਠਾ ਕੀਤਾ ਧਨ ਵੀ ਗੁਆ ਬੈਠਾ। ਹਜ਼ਾਰਾਂ ਮਾਰੇ ਗਏ ਤੇ ਜ਼ਖਮੀ ਹੋ ਗਏ, ਬਾਕੀਆ ਨੇ ਦੌੜ ਕੇ ਜਾਨ ਬਚਾਈ। ਸੋ ਇਸ ਜੰਗ ਵਿਚ ਗੁਰੂ ਜੀ ਮਦਦ ਦਾ ਹੀ ਨਾਮ ਚਮਕਿਆ। ਭੀਮ ਚੰਦ ਨੂੰ ਸਿਖ ਲਭਦੇ ਰਹੇ, ਉਹ ਬਚ ਕੇ ਦੌੜ ਗਿਆ। ਰਾਜੇ ਗੁਪਾਲ ਨੇ ਹੁਣ ਆਪ ਅਨੰਦਪੁਰ ਜਾ ਕੇ ਭਾਈ ਸੰਗਤੀਏ ਆਦਿ ਸਿਖਾਂ ਦੀ ਬਹਾਦਰੀ ਦਸੀ ਤੇ ਜੰਗ ਦਾ ਹਾਲ ਦਸ ਕੇ ਗੁਰੂ ਜੀ ਦੀ ਕਿਰਪਾ ਦਾ ਧੰਨਵਾਦ ਕੀਤਾ।

**ਗੁਰੂ ਜੀ ਦੇ ਵਿਦਿਅਕ ਪਰਚਾਰ ਦਾ ਸਿੱਖਾਂ ਉਤੇ ਅਸਰ**

ਗੁਰੂ ਸਾਹਿਬ ਜਦੋਂ ਅਨੰਦਪੁਰ ਤੋਂ ਪਾਉਂਟੇ ਗਏ ਸਨ ਤਾਂ ਉਸ ਸਮੇਂ ਤੋਂ ਹੀ ਉਘੇ ਵਿਦਵਾਨ ਤੇ ਬਾਦਸ਼ਾਹੀ ਕ੍ਰੋਪੀ ਤੋਂ ਬਚਣ ਵਾਲੇ ਲੋਕਾਂ ਦਾ ਗੁਰੂ ਜੀ ਪਾਸ ਆਉਣਾ ਸ਼ੁਰੂ ਹੋ ਗਿਆ ਸੀ। ਪਾਉਂਟੇ ਜਾ ਕੇ ਦਰਿਆ ਦੀ ਰਮਣੀਕਤਾ ਤੇ ਸਰਸਬਜ਼ ਕਿਨਾਰਿਆਂ ਦੀ ਕੁਦਰਤੀ ਸੁਹੱਪਣ ਨੂੰ ਸਾਹਿਤ ਵਾਲੇ ਪਾਸੇ ਗੁਰੂ ਜੀ ਦਾ ਉਚੇਚਾ ਧਿਆਨ ਦਿਵਾਇਆ। ਬਾਕਾਇਦਾ ਰੋਜ਼ਾਨਾ ਹੀ ਕਵੀ ਦਰਬਾਰ ਹੁੰਦੇ ਤੇ ਕਵੀ ਲੋਕ ਆਪਣੀਆਂ ਕਵਿਤਾਵਾਂ ਸੁਣਾਉਂਦੇ। ਕਵਿਤਾ ਦੇ ਹੁਨਰ ਦੇ ਮਾਹਰ ਗੁਰੂ ਜੀ ਹਰ ਗੁਣੀ ਦਾ ਪੂਰਾ ਮਾਣ ਕਰਕੇ ਖੁੱਲੇ ਇਨਾਮ ਤੇ ਸ਼ਾਬਾਸ਼ ਦਿੰਦੇ ਦਸਦੇ ਹਨ! ਕਿ ਗੁਰੂ ਜੀ ਦੇ ਦਰਬਾਰ ਵਿਚ ਇਸ ਸਮੇਂ ਤਕ 52 ਕਵੀ ਬਣ ਚੁਕੇ ਸਨ।

ਸ਼ਿੰਗਾਰ, ਕਰੁਣਾ, ਹਾਸ ਤੇ ਬੀਰ-ਰਸੀ ਆਦਿ ਸਭ ਪਰਕਾਰ ਦੀਆਂ ਕਵਿਤਾਵਾਂ, ਵਿਦਵਾਨ ਕਵੀ ਰਚ ਕੇ ਗੁਰੂ-ਦਰਬਾਰ ਵਿਚ ਪੇਸ਼ ਕਰਦੇ ਤੇ ਗੁਰੂ ਜੀ ਯਥਾ-ਯੋਗ ਸਲਾਹੁਤਾਂ ਵੀ ਕਰਦੇ ਤੇ ਇਨਾਮ ਵੀ ਦੇਂਦੇ। ਇਕ ਚੰਦਨ ਨਾਮ ਦਾ ਕਵੀ ਸ੍ਰੀ ਅਨੰਦਪੁਰ ਜਾ ਪੁਜਾ। ਉਸਨੇ ਇਕ ਸਵੱਯਾ ਬਣਾਇਆ ਹੋਇਆ ਸੀ, ਜੋ ਨਿਰੀਆਂ ਬੁਝਾਰਤਾਂ ਵਾਂਗ ਸੀ, ਇਸ ਲਈ ਉਸ ਦੇ ਅਰਥਾਂ ਨੂੰ ਤਾਂ ਚੰਗੀ ਤਰ੍ਹਾਂ ਉਹ ਆਪ ਤਾਂ ਜਾਣਦਾ ਸੀ, ਇਸ ਲਈ ਉਹ ਕਈ ਥਾਂਈਂ ਉਹ ਸਵੱਯਾ ਸੁਣਾ ਕੇ ਤੇ ਕਈਆਂ ਨੂੰ ਪਰਖ ਕੇ ਅਨੰਦਪੁਰ ਪੁਜਾ ਸੀ। ਉਸਨੇ ਆਉਂਦੇ ਹੀ ਮਾਣ ਨਾਲ ਕਿਹਾ, 'ਜੇ ਕੋਈ ਮੇਰੇ ਸਵੱਈਏ ਦਾ ਅਰਥ ਕਰੇ ਤਾਂ ਮੈਂ ਜਾਣਾ ਕਿ ਇਥੇ ਕੋਈ ਵਿਦਵਾਨ ਹੈ। ਮੇਰੇ ਸਵੱਈਏ ਦੇ ਅਰਥ ਤਾਂ ਵਡੇ ਵਡੇ ਵਿਦਵਾਨ ਨਹੀਂ ਕਰ ਸਕੇ। ਜੇ ਕੋਈ ਇਥੇ ਹੈ ਤਾਂ ਅਰਥ ਕਰਕੇ ਦਸੇ।'

ਭਰੇ ਦਰਬਾਰ ਵਿਚ ਉਸ ਨੇ ਇਹ ਗੱਲ ਕਹੀ, ਜੋ ਬੜੇ ਹੰਕਾਰ ਤੇ ਗਰੂਰ ਵਾਲੀ ਸੀ। ਗੁਰੂ ਜੀ ਦੇ ਕਹਿਣ ਤੇ ਉਸ ਨੇ ਸਵੱਈਆ ਸੁਣਾ ਦਿਤਾ। ਸਾਰੇ ਹੀ ਵਿਚਾਰਨ ਲਗ ਪਏ ਕਿ ਇਸ ਦੇ ਅਰਥ ਕੀ ਹਨ :-

'ਨਵ ਸਾਤ ਤਿਯੇ ਨਵ ਸਾਤ ਕਿਯੇ, ਨਵ ਸਾਤ ਪਿਯੇ, ਨਵ ਸਾਤ ਪੇ ਆਏ।
ਨਵ ਸਾਤ ਰਚੇ, ਨਵ ਸਾਤ ਬਦੇ, ਨਵ ਸਾਤ ਪਿਯਾ, ਪਹਿ ਦਾਯਕ ਪਾਏ।
ਜੀਤ ਕਲਾ ਨਵ ਸਾਤਨ ਕੀ, ਨਵ ਸਾਤਨ ਕੇ ਮੁਖ ਅੰਦਰ ਛਾਏ।
ਮਾਨਹੁ ਮੇਘ ਕੇ ਮੰਡਲ ਮੈਂ, ਕਵਿ ਚੰਦਣ ਚੰਦ ਕਲੇਵਰ ਛਾਏ। '

ਸਾਰਾ ਕਵੀ-ਮੰਡਲ ਸੋਚਣ ਲਗ ਪਿਆ, ਪਰ ਬੁਝਾਰਤਾਂ ਨੂੰ ਛੇਤੀ ਨਾਲ ਕੌਣ ਬੁਝ ਸਕਦਾ ਸੀ। ਸਾਹਮਣੇ ਭਾਈ ਧੰਨਾਂ ਸਿੰਘ ਗੁਰੂ ਕੇ ਘੋੜੇ ਦਾ ਘਾਹੀ ਤੇ ਸੇਵਕ ਸੀ। ਗੁਰੂ ਜੀ ਨੇ ਉਸ ਨੂੰ ਬੁਲਾ ਕੇ ਕਿਹਾ, 'ਭਾਈ ਧੰਨਾ ਸਿੰਘ! ਇਸ ਚੰਦਨ ਕਵੀ ਦੇ ਸਵੱਈਏ ਦੇ ਅਰਥ ਤੂੰ ਸੁਣਾ।'

ਧੰਨਾ ਸਿੰਘ ਨੇ ਸਿਰ ਨਿਵਾਇਆ ਤੇ ਕਿਹਾ-'ਸਤਿ ਬਚਨ!'

ਚੰਦਨ ਕਵੀ ਨੇ ਉਸ ਨੂੰ ਫਿਰ ਦੁਬਾਰਾ ਸਵੱਈਆ ਸੁਣਾ ਦਿਤਾ। ਭਾਈ ਧੰਨਾ ਸਿੰਘ ਨੇ ਝਟ ਹੀ ਅਰਥ ਦਸਣੇ ਸ਼ੁਰੂ ਕਰ ਦਿਤੇ, ਜਿਵੇਂ ਅਗੇ ਹੀ ਜਾਣਦਾ ਸੀ :-

'ਸੋਲ੍ਹਾਂ ਵਰ੍ਹੇ ਦੀ ਯੁਵਾ ਇਸਤਰੀ ਨੇ ਸੋਲ੍ਹਾਂ ਸ਼ਿੰਗਾਰ ਕਰ ਕੇ ਸੋਲ੍ਹਾਂ ਮਹੀਨਿਆਂ ਪਿਛੋਂ ਆਏ ਆਪਣੇ ਹਮ-ਉਮਰ ਸੋਲ੍ਹਾਂ ਵਰ੍ਹੇ ਦੇ ਪਤੀ ਨੂੰ ਨਾਲ ਲੈ ਕੇ, ਉਸ ਨੂੰ ਸੋਲ੍ਹਾਂ ਤਰ੍ਹਾਂ ਦੇ ਰਸ ਪਿਆ ਕੇ ਸੇਵਾ ਕੀਤੀ ਤੇ ਸੋਲ੍ਹਾਂ ਨਰਦਾਂ ਵਾਲੇ ਚੌਪੜ ਅਗੇ ਬਿਠਾ ਲਿਆ (ਭਾਵ ਦੋਵੇਂ ਚੌਪੜ ਖੇਡਣ ਲਗੇ) ਸੋਲ੍ਹਾਂ ਘਰਾਂ ਵਾਲੇ ਚੌਪੜ ਦੀ ਬਾਜ਼ੀ ਰਚ ਕੇ, ਸੋਲ੍ਹਾਂ ਨਰਦਾਂ ਨਾਲ ਜਿੱਤ ਹਾਰ ਦੀ ਬਾਜ਼ੀ ਲਾਈ, ਜੋ ਸੋਲ੍ਹਾਂ ਸਾਲੇ ਪਤੀ ਨੇ ਜਿੱਤ ਲਈ, ਭਾਵ ਉਸ ਦਾ ਸੋਲ੍ਹੀਆ ਦਾਉ ਪੈ ਗਿਆ ਤੇ ਉਸ ਨੇ ਸੋਲ੍ਹਾਂ ਸਾਲਾਂ ਦੀ ਇਸਤਰੀ ਤੋਂ ਰੁਪਿਆ ਜਿੱਤ ਕੇ ਪ੍ਰਾਪਤ ਕਰ ਲਿਆ। ਇਸ ਗੱਲ ਨੇ (ਭਾਵ ਪਤੀ ਦੀ ਜਿੱਤ ਨੇ) ਸੋਲ੍ਹਾਂ ਸਾਲਾਂ ਪਤਨੀ ਦੇ ਚੰਦਰਮਾ ਵਰਗੇ ਮੁਖ ਤੇ ਲੱਜਾ ਲੈ ਆਂਦੀ, ਉਸ ਨੇ ਸ਼ਰਮ ਨਾਲ ਆਪਣੀ ਪਤਲੀ ਜੇਹੀ ਚੁੰਨੀ ਨਾਲ ਆਪਣੇ ਸੁੰਦਰ ਮੁਖ ਨੂੰ ਕੱਜ ਲਿਆ। ਚੰਦਨ ਕਵੀ ਕਹਿੰਦਾ ਹੈ ਕਿ ਪਤਨੀ ਦਾ ਚੁੰਨੀ ਵਿਚ ਢੱਕਿਆ ਮੁਖ ਉਸ ਵੇਲੇ ਐਉਂ ਸੋਭ ਰਿਹਾ ਸੀ, ਜਿਵੇਂ ਚੰਦਰਮਾ, ਬੱਦਲਾਂ ਦੇ ਝੁੰਡ ਪਿਛੋਂ ਥੋੜ੍ਹੀ ਚਮਕ ਨਾਲ ਨਜ਼ਰ ਆਉਂਦਾ ਹੈ।'

ਭਾਈ ਧੰਨਾ ਸਿੰਘ ਦੇ ਸੁੰਦਰ ਤੇ ਰੋਚਕ ਅਰਥਾਂ ਨੇ ਚੰਦਨ ਕਵੀ ਦੀ ਉਂਗਲ ਮੂੰਹ ਵਿਚ ਪੁਆ ਦਿਤੀ। ਉਸ ਦਾ ਗੁਮਾਨ ਤੇ ਆਕੜ ਟੁਟ ਭੱਜ ਕੇ ਮਿੱਟੀ ਹੋ ਗਈ। ਉਸ ਨੇ ਮੂੰਹ ਨੀਵਾਂ ਪਾ ਲਿਆ ਤਾਂ ਸਤਿਗੁਰੂ ਜੀ ਨੇ ਕਿਹਾ-ਧੰਨਾ ਸਿੰਘ ਤੂੰ ਵੀ ਕੋਈ ਸਵੱਈਆ ਸੁਣਾ ਤੇ ਚੰਦਨ ਕਵੀ ਉਸ ਦੇ ਅਰਥ ਕਰੇ, ਤਾਂ ਧੰਨਾ ਸਿੰਘ ਜੀ ਨੇ ਦੋ ਸਵੱਈਏ ਬੋਲ ਦਿਤੇ :-

ਮੀਨ ਮਰੈ ਜਰ ਕੇ ਪਰਸੇ, ਕਬਹੂੰ ਨਾ ਮਰੈ ਪਰ ਪਾਵਕ ਪਾਏ।
ਹਾਥਿ ਮਰੈ ਮਦ ਕੇ ਪਰਸੇ, ਕਬਹੂੰ ਨਾ ਮਰੇ ਤਨ ਤਾਪ ਕੇ ਆਏ।
ਤੀਯ ਮਰੈ ਪਤਿ ਕੇ ਪਰਸੇ, ਕਬਹੂੰ ਨਾ ਮਰੈ ਪਰਦੇਸ ਸਿਧਾਏ।
ਗੂੜ੍ਹ ਮੈਂ ਬਾਤ ਕਹੀ ਦਿਜਰਾਜ, ਬਿਚਾਰ ਸਕੈ ਨ ਬਿਨਾ ਚਿਤ ਲਾਏ।
ਕੋਲ ਮਰੈ ਰਵਿ ਕੇ ਪਰਸੇ, ਕਬਹੂੰ ਨਾ ਮਰੇ ਸੀਸ ਕੀ ਛਬਿ ਆਏ।
ਮਿਤ੍ਰ ਮਰੈ ਮਿਤ ਕੋ ਮਿਲ ਕੈ, ਕਬਹੂੰ ਨਾ ਮਰੈ ਜਬ ਦੂਰ ਸਿਧਾਏ।

ਸਿੰਘ ਮਰੈ ਜਬ ਮਾਸ ਮਿਲੈ, ਕਬਹੂੰ ਨਾ ਮਰੈ ਜਬ ਹਾਥ ਨਾ ਆਏ।

ਗੂੜ ਮੈਂ ਬਾਤ ਕਹੀ ਦਿਜਰਾਜ, ਬਿਚਾਰ ਨਾ ਸਕੈ ਬਿਨਾ ਚਿਤ ਲਾਏ।

ਚੰਦਨ ਕਵੀ ਦੇ ਸਵੱਈਏ ਨਾਲੋਂ ਇਹ ਸਵੱਈਏ ਕਿਤੇ ਸੌਖੇ ਸਨ, ਕੇਵਲ 'ਕਬਹੂੰ ਨਾ' ਸ਼ਬਦ ਪਹਿਲੀ ਅਧੀ ਲਾਈਨ ਨਾਲ ਜੋੜਨ ਤੇ ਅਰਥ ਸਪਸ਼ਟ ਹੋ ਜਾਂਦੇ ਸਨ, ਪਰ ਚੰਦਨ ਕਵੀ ਉਤੇ ਧੰਨਾ ਸਿੰਘ ਦਾ ਐਸਾ ਛੱਪਾ ਪਿਆ ਕਿ ਉਸ ਨੂੰ ਇਹ ਸੌਖੀ ਜੇਹੀ ਗੱਲ ਵੀ ਸਮਝ ਨਾ ਪਵੇ। ਅਖੀਰ ਧੰਨਾ ਸਿੰਘ ਦੇ ਸਮਝਾਉਣ ਤੇ ਜਦ ਪਤਾ ਲਗਾ ਤਾਂ ਬੜਾ ਸ਼ਰਮਸਾਰ ਹੋ ਕੇ ਗੁਰੂ ਜੀ ਦੀ ਚਰਨੀ ਲਗਾ ਤੇ ਹਉਮੈ ਛੱਡੀ। ਏਸੇ ਤਰ੍ਹਾਂ ਹੀ ਹੰਸ ਰਾਜ ਕਵੀ ਦਾ ਮਾਨ ਗੁਰੂ ਜੀ ਨੇ ਤੋੜਿਆ।

**ਭਾਈ ਨੰਦ ਲਾਲ ਜੀ ਦਾ ਗੁਰੂ ਕੇ ਹਜ਼ੂਰ ਪੁਜਣਾ**

ਔਰੰਗਜ਼ੇਬ ਵਿਚ ਇਹ ਖਾਸ ਆਦਤ ਬਣ ਗਈ ਸੀ ਕਿ ਉਹ ਚੰਗੇ ਤੇ ਗੁਣੀ ਆਦਮੀਆਂ ਨੂੰ ਹੋਰ ਧਰਮਾਂ ਦਾ ਦੇਖ ਕੇ ਦੁਖੀ ਹੁੰਦਾ ਸੀ। ਉਹ ਕਹਿੰਦਾ ਸੀ, 'ਕੋਈ ਤਾਕਤਵਾਰ, ਕੱਦਾਵਰ, ਭਲਵਾਨ, ਅਰਬੀ ਫਾਰਸੀ ਦਾ ਵਿਦਵਾਨ ਤੇ ਹੁਸੀਨ ਬਾਕੀ ਨਹੀਂ ਰਹਿਣਾ ਚਾਹੀਦਾ।' ਭਾਈ ਨੰਦ ਲਾਲ ਜੀ ਉਸ ਸਮੇਂ ਦੇ ਮਹਾਨ ਵਿਦਵਾਨ ਤੇ ਗਣਿਤ ਵਿਦਿਆ ਦੇ ਮਾਹਿਰ ਸਨ, ਇਹਨਾ ਦੇ ਪਿਤਾ ਗਜ਼ਨੀ ਦੇ ਨਵਾਬ ਦੇ ਦੀਵਾਨ ਸਨ, ਜਿਥੇ ਆਪ ਜੀ ਦਾ ਜਨਮ 169● ਵਿਚ ਹੋਇਆ। ਪਰ ਪਿਤਾ ਦੇ ਸੁਵਰਗਵਾਸ ਹੋਣ ਮਗਰੋਂ, ਆਪ ਮੁਲਤਾਨ ਆ ਗਏ ਤੇ ਉਥੇ ਇਕ ਸਿਖ ਘਰ ਵਿਚ ਸ਼ਾਦੀ ਹੋਣ ਦੇ ਨਾਤੇ ਆਪ ਦੇ ਮਨ ਵਿਚ ਗੁਰੂ-ਘਰ ਨਾਲ ਪਿਆਰ ਪੈਦਾ ਹੋਇਆ। ਸੰਮਤ 1739 ਵਿਚ ਆਪ ਮੁਲਤਾਨ ਉਚੇਚੇ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਪੁਜੇ। ਇਸ ਸਮੇਂ ਗੁਰੂ ਜੀ ਦੇ ਦਰਸ਼ਨ ਕਰ ਕੇ ਦਿਲੋਂ ਮਨੋਂ ਗੁਰੂ ਜੀ ਦੇ ਬਣ ਗਏ। ਇਸ ਮਗਰੋਂ ਆਪ ਦਿਲੀ ਤੋਂ ਆਗਰੇ ਗਏ ਤੇ ਉਥੇ ਸ਼ਾਹਜ਼ਾਦਾ ਮੁਅੱਜ਼ਮ ਦੇ ਪੀਰ ਮੁਨਸ਼ੀ ਬਣ ਗਏ। ਇਹ ਕੋਈ ਸੰਮਤ 1751 ਦੀ ਗੱਲ ਹੈ ਕਿ ਕੁਰਾਨ ਦੀ ਕਿਸੇ ਆਇਤ ਦੇ ਅਰਥਾਂ ਦੀ ਗੱਲ ਚਲੀ ਤੇ ਵਡੇ ਵਡੇ ਅਰਬੀ ਫਾਰਸੀ ਦੇ ਵਿਦਵਾਨ ਕਾਜ਼ੀਆਂ ਮੁੱਲਾਂ ਦੇ ਕੀਤੇ ਅਰਥਾਂ ਨਾਲ ਔਰੰਗਜ਼ੇਬ ਦੇ ਮਨ ਦੀ ਤਸੱਲੀ ਨਾ ਹੋਈ। ਘਰ ਆ ਕੇ ਆਪਣੇ ਮੀਰ ਮੁਨਸ਼ੀ ਨੰਦ

ਲਾਲ ਨਾਲ ਮੁਅੱਜ਼ਮ ਨੇ ਕੁਰਾਨ ਦੀ ਆਇਤ ਦੀ ਗੱਲ ਕੀਤੀ ਤਾਂ ਨੰਦ ਲਾਲ ਜੀ ਨੇ ਜੋ ਅਰਥ ਕੀਤੇ, ਉਹੀ ਸ਼ਾਹਜ਼ਾਦੇ ਨੇ ਦੂਜੇ ਦਿਨ ਔਰੰਗਜੇਬ ਨੂੰ ਦਸੇ ਤਾਂ ਉਸ ਨੂੰ ਇਹ ਅਰਥ ਬਿਲਕੁਲ ਠੀਕ ਤੇ ਤਸੱਲੀ ਵਾਲੇ ਜਾਪੇ। ਉਸ ਨੇ ਪੁਛਿਆ–'ਮੁਅੱਜ਼ਮ, ਇਹ ਤੈਨੂੰ ਸੁਝੇ ਹਨ, ਜਾਂ ਕਿਸੇ ਹੋਰ ਨੇ ਦਸੇ ਹਨ?'

'ਨਹੀਂ, ਇਹ ਮੇਰੇ ਮੀਰ ਮੁਨਸ਼ੀ ਨੇ ਮੈਨੂੰ ਸਮਝਾਏ ਹਨ।'

'ਠੀਕ ਹੈ, ਉਹ ਤਾਂ ਕੋਈ ਚੰਗਾ ਆਲਮ ਹੋਣਾ ਹੈ, ਪਰ ਉਹ ਹੈ ਕੌਣ?'

'ਆਲੀ ਜਾਨ, ਉਹ ਤਾਂ ਹਿੰਦੂ ਹੈ।'

'ਹੈਂ ! ਏਨਾ ਆਲਮ ਤੇ ਵਿਦਵਾਨ ਹਿੰਦੂ ਹੈ। ਇਕ ਕਾਫਰ ਏਨਾਂ ਵਿਦਵਾਨ! ਮੁਅੱਜ਼ਮ, ਜਿੰਨੀ ਛੇਤੀ ਹੋ ਸਕੇ, ਉਸ ਨੂੰ ਇਸਲਾਮ ਵਿਚ ਲੈ ਆਓ। ਮੇਰੀ ਇੱਛਾ ਨੂੰ ਜਲਦੀ ਪੂਰਿਆਂ ਕੀਤਾ ਜਾਵੇ।'

ਮੁਅੱਜ਼ਮ ਪਿਤਾ ਦੇ ਕੁਰੱਖਤ ਸੁਭਾਅ ਤੋਂ ਜਾਣੂੰ ਸੀ ਤੇ ਉਸ ਦੇ ਉਲਟ ਕੋਈ ਗੱਲ ਕਰਨ ਦਾ ਉਸ ਵਿਚ ਸਾਹਸ ਨਹੀਂ ਸੀ। ਉਹ ਨੰਦ ਲਾਲ ਜੀ ਦੀ ਵਡੀ ਕਦਰ ਕਰਦਾ ਸੀ। ਨੰਦ ਲਾਲ ਜੀ ਦੇ ਨਾਲ ਹੀ ਇਕ ਗਯਾਸ ਦੀਨ ਦਰੋਗਾ ਵੀ ਸੀ, ਜੋ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਗੁਰੂ ਘਰ ਦਾ ਸ਼ਰਧਾਲੂ ਤੇ ਨੰਦ ਲਾਲ ਜੀ ਦੇ ਨਾਲ ਸ਼ਾਹਜ਼ਾਦੇ ਦਾ ਮੁਲਾਜ਼ਮ ਸੀ। ਉਸ ਦਾ ਨੰਦ ਲਾਲ ਜੀ ਨਾਲ ਗੁਰੂ ਕਾ ਸਿਖ ਹੋਣ ਕਰ ਕੇ ਬੜਾ ਪਿਆਰ ਸੀ, ਪਰ ਹੁਣ ਉਸ ਉਤੇ ਪਿਤਾ ਵਲੋਂ ਸਖਤੀ ਜਾਂ ਦੁਖ ਦੇਣ ਦੇ ਖਿਆਲ ਨੇ ਉਸ ਨੂੰ ਦੁਖੀ ਕਰ ਦਿਤਾ। ਔਰੰਗਜ਼ੇਬ ਨੇ ਮੁਅੱਜ਼ਮ ਨੂੰ ਸਾਫ ਸਾਫ ਕਹਿ ਦਿਤਾ ਸੀ ਕਿ ਆਪਣੇ ਮੁਨਸ਼ੀ ਨੂੰ ਜਿਵੇਂ ਵੀ ਹੋਵੇ, ਹੁਣ ਕਾਫ਼ਰ ਨਹੀਂ ਰਹਿਣ ਦੇਣਾ।

ਇਹ ਲਗ ਪਗ ਓਹੀ ਸਮਾਂ ਸੀ ਜਦ ਸ਼ਾਹਜ਼ਾਦਾ ਮੁਅੱਜ਼ਮ ਨੂੰ ਪਹਾੜੀਆਂ ਤੇ ਗੁਰੂ ਜੀ ਉਤੇ ਚੜ੍ਹਾਈ ਕਰਨ ਦਾ ਹੁਕਮ ਭੇਜਿਆ ਸੀ। ਸੋ ਨੰਦ ਲਾਲ ਨੇ ਇਸ ਸਮੇਂ ਹੀ ਮੁਅੱਜ਼ਮ ਨੂੰ ਕਿਹਾ ਸੀ ਕਿ ਇਕ ਹੀ ਥਾਂ ਹੈ, ਜਿਥੇ ਮੈਂ ਬਚ ਕੇ ਜਾ ਸਕਦਾ ਹਾਂ। ਸੋ ਉਦੋਂ ਤੋਂ ਹੀ ਦਰੋਗਾ ਗਯਾਸ ਦੀਨ ਤੇ ਨੰਦ ਨਾਲ ਗੁਰੂ ਕੇ ਹਜ਼ੂਰ ਪੁਜੇ। ਸ਼ਾਹਜ਼ਾਦੇ ਨੂੰ ਗੁਰੂ ਜੀ ਦਾ ਸ਼ਰਧਾਲੂ ਬਣਾ ਦੇਣਾ, ਇਹ ਭਾਈ ਨੰਦ ਲਾਲ ਤੇ ਦਰੋਗਾ ਗਯਾਸ ਦੀਨ ਦੁਹਾਂ ਦਾ ਹੀ ਕੰਮ ਸੀ।

ਨੰਦ ਲਾਲ ਜੀ ਨੇ ਅਨੰਦਪੁਰ ਪੁਜ ਕੇ ਉਹ ਸਿਖੀ ਦੀ ਸੇਵਾ ਕੀਤੀ ਤੇ ਉਹ ਸਾਹਿਤਕ ਰਚਨਾਵਾਂ ਉਸ ਸਮੇਂ ਚਲੰਤ ਭਾਸ਼ਾ ਫਾਰਸੀ ਵਿਚ ਕੀਤੀਆਂ ਕਿ ਗੁਰੂ ਜੀ ਦੀ ਕ੍ਰਿਪਾ ਨੇ ਨਦਰੀ-ਨਦਰ ਨਿਹਾਲ ਕਰ ਦਿਤਾ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਨੰਦ ਲਾਲ ਜੀ ਬਾਰੇ ਸਤਿਕਾਰ ਤੇ ਪਿਆਰ ਦੇ ਸ਼ਬਦ ਇਉਂ ਅੰਕਿਤ ਕੀਤੇ ਹਨ :-

'ਨੰਦ ਲਾਲ ਤੋ ਹਮਰੋ ਦਾਤਾ।। ਭਗਤ ਭਾਵ ਸੰਤਨ ਮਨ ਰਾਤਾ।।'

ਭਾਈ ਨੰਦ ਲਾਲ ਜੀ ਨੇ ਜਿਥੇ-ਜ਼ਿੰਦਗੀ-ਨਾਮਹ, ਤਸੀਫੋ ਸਨਾ, ਗੰਜ-ਨਾਮਹ, ਦੀਵਾਨ ਗੋਯਾ ਆਦਿ ਕਈ ਪੁਸਤਕਾਂ ਰਚੀਆਂ, ਓਥੇ ਚੰਗੇ ਪ੍ਰਬੰਧਕ ਤੇ ਆਏ ਗਏ ਗੁਰਸਿਖਾਂ ਨੂੰ ਲੰਗਰ ਛਕਾਣ ਦੀ ਮਹਾਨ ਸੇਵਾ ਕਰਦੇ ਸਨ। ਭਾਵੇਂ ਹੋਰ ਵੀ ਕਈ ਸਿਖਾਂ ਦੇ ਘਰਾਂ ਵਿਚ ਵੀ ਲੰਗਰਾਂ ਦੇ ਪ੍ਰਬੰਧ ਹੁੰਦੇ ਸਨ, ਪਰ ਜਦ ਸੱਚੇ ਲਾਂਗਰੀਆਂ ਦੀ ਕਲਗੀਧਰ ਜੀ ਨੇ ਪ੍ਰੀਖਿਆ ਕੀਤੀ ਤਾਂ ਭਾਈ ਨੰਦ ਲਾਲ ਜੀ ਹੀ ਸੱਚੇ ਲਾਂਗਰੀ ਤੇ ਕਿਸੇ ਸਮੇਂ ਵੀ ਕੋਈ ਆਵੇ, ਉਸ ਨੂੰ ਲੰਗਰ ਛਕਾਉਣ ਵਾਲੇ ਸੱਚੇ ਲਾਂਗਰੀ ਸਾਬਤ ਹੋਏ।

**ਸਾਹਿਬਜ਼ਾਦਿਆਂ ਦੇ ਜਨਮ, ਖੁਸ਼ੀਆਂ ਤੇ ਅਨੰਦਪੁਰ ਦੀਆਂ ਅਥਾਹ ਰੌਣਕਾਂ**

ਸਤਿਗੁਰੂ ਜੀ ਦੇ ਹੁਣ ਤਕ ਦੋ ਵਿਆਹ ਹੋ ਚੁਕੇ ਸਨ। ਸਭ ਤੋਂ ਪਹਿਲਾ ਵਿਆਹ ਮਾਤਾ ਜੀਤੋ ਜੀ ਨਾਲ 1731 ਸੰਮਤ ਵਿਚ ਹੋਇਆ ਸੀ ਤੇ ਦੂਸਰਾ ਵਿਆਹ ਇਸ ਦੇ ਦਸ ਸਾਲ ਬਾਦ ਸੰਮਤ 1741 ਵਿਚ ਮਾਤਾ ਸੁੰਦਰੀ ਜੀ ਨਾਲ ਹੋਇਆ ਸੀ। ਮਾਤਾ ਸੁੰਦਰੀ ਜੀ ਦੀ ਕੁਖੋਂ ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ 1743 ਵਿਚ ਵਿਸਾਖ ਦੀ ਸਤ ਤਾਰੀਖ ਨੂੰ ਸ੍ਰੀ ਪਾਉਂਟੇ ਸਾਬਿਹ (ਨਾਹਨ ਵਿਖੇ) ਹੋਇਆ ਸੀ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦਾ ਜਨਮ ਮਾਤਾ ਜੀਤ ਕੌਰ ਦੀ ਕੁਖੋਂ ਸੰਮਤ 1747 ਵਿਚ ਅਨੰਦਪੁਰ ਸਾਹਿਬ ਵਿਖੇ ਹੋਇਆ। ਬਾਬਾ ਜੋਰਾਵਰ ਸਿੰਘ ਜੀ ਦਾ ਜਨਮ 1753 ਵਿਚ ਮਾਤਾ ਜੀਤ ਕੌਰ ਦੀ ਕੁਖ ਤੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ ਸਾਹਿਬਜ਼ਾਦਿਆਂ ਦੇ ਜਨਮ ਤੇ ਬੜੀਆਂ ਖੁਸ਼ੀਆਂ ਤੇ ਪੁੰਨ ਦਾਨ ਕੀਤੇ ਗਏ। ਕਵੀ ਦਰਬਾਰ ਤੇ ਕੀਰਤਨ ਦਰਬਾਰ ਕੀਤੇ ਗਏ।

## ਪੰਜਾਂ ਪਿਆਰਿਆਂ ਦੀ ਚੋਣ

ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਾਰੀ ਉਮਰ ਦਾ ਵਡਾ ਹਿੱਸਾ, ਸਚ ਦੇ ਪਰਚਾਰ ਤੇ ਧਰਮ ਨੂੰ ਨਿਰੀਆਂ ਕਰਮ-ਕਾਂਡੀ ਰਸਮਾਂ ਦੇ ਬੰਧਨਾਂ ਵਿਚੋਂ ਅਜ਼ਾਦ ਕਰਾਉਣ ਤੇ ਹਕੂਮਤੀ ਧਰਮ ਦੇ ਜਬਰ ਵਿਰੁਧ ਆਵਾਜ਼ ਉਠਾ ਕੇ ਉਨ੍ਹਾਂ ਨੂੰ ਸਚੇ ਧਰਮ ਦਾ ਰਸਤਾ ਦਸਣ ਲਈ ਥਾਂ ਥਾਂ ਫਿਰ ਕੇ (ਚਾਰ ਉਦਾਸੀਆਂ) ਬਿਤਾਇਆ। ਉਮਰ ਦਾ ਆਖਰੀ ਹਿੱਸਾ ਕਰਤਾਰਪੁਰ ਵਿਚ ਆਪਣੇ ਪਰਚਾਰ ਨੂੰ ਅਮਲੀ ਤੌਰ ਤੇ ਪਰਗਟ ਕਰ ਦਿਖਾਇਆ ਪਰ ਅਜੇ ਇਹ ਪ੍ਰੋਗਰਾਮ ਪੂਰਾ ਨਹੀਂ ਸੀ ਹੋਇਆ, ਇਸ ਲਈ ਹੋਰ ਸਮੇਂ ਦੀ ਲੋੜ ਸੀ, ਇਸ ਲਈ ਇਸ ਪ੍ਰੋਗਰਾਮ ਦੇ ਚਲਾਉਣ ਲਈ ਉਹਨਾ ਆਪਣੇ ਜਾ-ਨਸ਼ੀਨ ਦੀ ਚੋਣ (ਪਰਖ) ਕੀਤੀ ਤਾਂ ਇਕ ਸਿਖ (ਭਾਈ ਲਹਿਣਾ ਜੀ) ਪਾਸ ਹੋਇਆ ਤੇ ਇਸੇ ਤਰ੍ਹਾਂ ਅਗੋਂ ਦੂਜੇ, ਤੀਜੇ ਗੁਰੂ ਬਣਦੇ ਆਏ ਤੇ ਗੁਰੂ ਨਾਨਕ ਦੇ ਚਲਾਏ ਸਚੇ ਧਰਮ ਨੂੰ ਪਰਚਾਰਦੇ ਆਏ ਤੇ ਢਾਈ ਸੌ ਸਾਲ ਤਕ ਇਹ ਪਰਚਾਰ ਜਾਰੀ ਰਿਹਾ, ਜਿਸ ਨੂੰ ਅਖਰੀਲੇ ਦਸਵੇਂ ਗੁਰੂ ਜੀ ਨੇ ਅਗੋਂ ਇਸ ਪਰਚਾਰ ਨੂੰ ਸੱਚੇ ਪ੍ਰਭੂ ਦੇ ਆਸਰੇ ਕਰ ਕੇ, ਇਸ ਨੂੰ ਜਮਹੂਰੀ ਲੀਹਾਂ ਤੇ ਕਰ ਕੇ, ਦੇਹਧਾਰੀ ਗੁਰੂ ਦੀ ਲੋੜ ਖਤਮ ਕਰਨਾ ਸੀ। ਸੋ ਇਹ ਇਕ ਧਰਮ ਦਾ ਵਡਾ ਮੰਦਰ (ਖਾਲਸਾ) ਤਿਆਰ ਹੋਣਾ ਸੀ, ਜਿਸ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰਖੀ ਸੀ ਤੇ ਫਿਰ ਦਸਮੇਸ਼ ਜੀ ਨੂੰ ਅਕਾਲ ਪੁਰਖ ਦਾ ਹੁਕਮ ਸੀ :-

> 'ਜਾਹਿ ਤਹਾਂ ਤੈ ਧਰਮ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ।।੨੯।।'
>
> 'ਹਮ ਏਹ ਕਾਜ ਜਗਤ ਸੋ ਆਏ। ਧਰਮ ਹੇਤ ਗੁਰਦੇਵ ਪਠਾਏ।'

(ਬਚਿਤ੍ਰ ਨਾਟਕ)

ਆਖਣ ਵਾਲੇ ਸਤਿਗੁਰੂ ਦਸਮੇਸ਼ ਜੀ ਨੇ ਆਪਣੇ ਬਚਨ ਨੂੰ ਵੀ ਪੂਰਾ ਕਰਨਾ ਸੀ। ਸੋ ਇਹੋ ਸੋਚਦੇ ਸੰਮਤ 1755 ਲੰਘ ਗਿਆ ਤੇ 1756 ਚੜ੍ਹ ਗਿਆ। ਵਿਸਾਖੀ ਤੋਂ ਇਕ ਦਿਨ ਪਹਿਲੇ ਹੀ ਗੁਰੂ ਜੀ ਨੇ ਤਖਤ ਸ੍ਰੀ ਕੇਸਗੜ੍ਹ ਵਾਲੀ ਥਾਂ ਤੇ ਇਕ ਵਡਾ ਪਸ਼ਮੀਨੇ ਦਾ ਸ਼ਾਮਿਆਨਾ ਤਣਵਾਇਆ ਤੇ ਆਪਣੇ ਸਿੰਘਾਸਨ ਦੇ ਪਿਛਲੇ ਪਾਸੇ ਇਕ ਛੋਟਾ ਜਿਹਾ ਤੰਬੂ ਲਗਵਾਇਆ, ਜਿਸ ਵਿਚ ਵਿਸਾਖੀ ਵਾਲੇ ਦਿਨ ਆਪ ਸਵੇਰ ਤੋਂ ਹੀ ਆ ਬੈਠੇ ਸਨ। ਬਾਹਰ ਸ਼ਾਮਿਆਨੇ ਹੇਠਾਂ ਦੀਵਾਨ ਸੱਜ ਗਿਆ ਤੇ ਰਾਗੀ ਸਵੇਰ ਤੋਂ ਹੀ ਸ੍ਰੀ ਆਸਾ ਜੀ ਦੀ ਵਾਰ ਦਾ

ਰਸ-ਭਿੰਨਾ ਕੀਰਤਨ ਕਰ ਰਹੇ ਸਨ। ਭੋਗ ਉਪਰੰਤ ਗੁਰੂ ਜੀ ਤੰਬੂ ਵਿਚੋਂ ਬਾਹਰ ਨਿਕਲੇ ਤੇ ਉਹ ਖਾਸ ਪ੍ਰੋਗਰਾਮ, ਜਿਸ ਦੇ ਲਈ ਸੁਨੇਹੇ ਮਿਲਣ ਤੇ ਸੰਗਤਾਂ ਹੁਮ-ਹੁਮਾ ਕੇ ਪੁਜੀਆਂ ਹੋਈਆਂ ਸਨ ਤੇ ਦੀਵਾਨ ਖਚਾ-ਖਚ ਦੂਰ ਤਕ ਸੰਗਤਾਂ ਨਾਲ ਭਰਪੂਰ ਸੀ। ਗੁਰੂ ਜੀ ਦੇ ਨੂਰਾਨੀ ਮੁਖੜੇ ਤੇ ਅਜ ਕੋਈ ਅਜਬ ਜਲਾਲ ਤੇ ਅੱਖਾਂ ਵਿਚ ਖਾਸ ਤੇਜੀ-ਭਰੀ ਆਭਾ ਲਟ-ਲਟ ਕਰ ਰਹੀ ਸੀ। ਗੁਰੂ ਜੀ ਦੇ ਹੱਥ ਵਿਚ ਲੰਮੀ ਕ੍ਰਿਪਾਨ ਸੀ ਤੇ ਉਹ ਸਟੇਜ ਤੇ ਆ ਖੜੇ ਹੋਏ ਤੇ ਗੁਰੂ ਜੀ ਵਲ ਚਕੋਰ ਦੀ ਨਿਆਈਂ ਸੰਗਤਾਂ ਨਜ਼ਰਾਂ ਟਿਕਾਈ ਦੇਖਣ ਲਗੀਆਂ। ਗੁਰੂ ਜੀ ਨੇ ਸ੍ਰੀ ਸਾਹਿਬ ਮਿਆਨ ਵਿਚੋਂ ਕੱਢੀ ਤੇ ਉਸ ਨੂੰ ਉਪਰ ਵਲ ਕਰਦੇ ਹੋਏ ਫੁਰਮਾਇਆ-'ਗੁਰਮੁਖੋ! ਅਜ ਅਸੀਂ ਤੁਹਾਨੂੰ ਅਕਾਲ ਪੁਰਖ ਦਾ ਹੁਕਮ ਸੁਣਾਉਣ ਲਗੇ ਹਾਂ, ਅਕਾਲ ਪੁਰਖ ਨੂੰ ਧਰਮ ਦੀ ਰਖਸ਼ਾ ਲਈ ਸਿਰਾਂ ਦੀ ਲੋੜ ਹੈ, ਕੁਰਬਾਨ ਹੋਣ ਵਾਲਿਆਂ ਦੀ ਲੋੜ ਹੈ, ਅਕਾਲ ਪੁਰਖ ਦੇ ਕੰਮ ਲਈ ਸਿਰ ਦੇਣ ਵਾਲਿਆਂ ਨੂੰ ਮਨ ਬਾਂਛਤ ਫਲ ਪ੍ਰਾਪਤ ਹੋਣਗੇ ਤੇ ਉਹਨਾ ਦਾ ਨਾਮ ਧਰਮ ਸੂਰਬੀਰਾਂ ਵਾਂਗ ਸਦਾ ਲਈ ਅਮਰ ਹੋ ਜਾਵੇਗਾ, ਇਸ ਲਈ ਆਓ, ਤਲਵਾਰ-ਭੇਟ ਹੋਣ ਵਾਸਤੇ ਕੋਈ ਨਿਤਰੋ।'



**ਗੁਰੂ ਸਾਹਿਬ ਜੀ ਸੰਗਤ ਤੋਂ ਸੀਸ ਦੀ ਮੰਗ ਕਰਦੇ ਹੋਏ**

ਪਰ ਗੁਰੂ ਜੀ ਦੇ ਇਸ ਬਚਨ ਨੇ ਸਭ ਨੂੰ ਸੋਚਾਂ ਵਿਚ ਪਾ ਦਿਤਾ। ਕਈਆਂ ਦੇ ਸਿਰ ਸੋਚਾਂ ਵਿਚ ਹੀ ਨੀਵੇਂ ਹੋ ਗਏ, ਕਈ ਉਡੀਕਣ ਲਗੇ ਕਿ ਗੁਰੂ ਜੀ ਦਾ ਧਿਆਨ ਸਾਡੇ ਵਲੋਂ ਹਟੇ ਤਾਂ ਖਿਸਕ ਹੀ ਚਲੀਏ ਅਜ ਖੈਰ ਨਹੀਂ। ਪਰ ਸਿਦਕੀ ਸਿਦਕ ਪਾਲਣ ਲਈ ਆਪਣੇ ਮਨ ਨਾਲ ਵਿਚਾਰਾਂ ਕਰਨ ਲਗ ਪਏ ਕਿ ਮਰਨਾ ਤਾਂ ਇਕ ਦਿਨ ਹੈ ਹੀ, ਫਿਰ ਗੁਰੂ ਕੀ ਤਲਵਾਰ ਨਾਲ ਮਰ ਕੇ ਮੁਕਤ ਕਿਉਂ ਨਾ ਹੋ ਜਾਈਏ। ਸਭ ਪਾਸੇ ਸਨਾਟਾ ਛਾ ਗਿਆ ਤੇ ਚੁਪ ਵਰਤ ਗਈ।

ਇਹ ਵੇਖ ਗੁਰੂ ਜੀ ਨੇ ਫਿਰ ਕਿਹਾ, 'ਗੁਰਸਿਖੋ! ਇਹ ਸਰੀਰ ਸਦਾ ਰਹਿਣ ਵਾਲੀ ਵਸਤੂ ਨਹੀਂ, ਨਾਸ ਹੋਣ ਵਾਲੀ ਹੈ ਪਰ ਅਕਾਲ ਪੁਰਖ ਦੇ ਹੁਕਮ ਵਿਚ ਸਿਰ ਦੇਣ ਵਾਲੇ ਨੇ ਨਾਸਤਾ ਤੋਂ ਬਚਣਾ ਹੈ ਤੇ ਸਦਾ ਲਈ ਅਕਾਲ ਪੁਰਖ ਦਾ ਸੰਗੀ ਬਣ ਜਾਣਾ ਹੈ, ਇਸ ਲਈ ਆਓ ਨਿਤਰੋ, ਇਹ ਸਮਾਂ ਰੋਜ਼ ਰੋਜ਼ ਨਹੀਂ ਮਿਲਣਾ ਅਜ ਹੀ ਹੈ।'

ਦੂਜੀ ਵੇਰ ਸੁਣ ਕੇ ਵੀ ਚੁਪ ਰਹੀ। ਗੁਰੂ ਜੀ ਨੇ ਤੀਜੀ ਵੇਰ ਇਹੋ ਗੱਲ ਦੁਹਰਾਈ ਤਾਂ ਦਯਾ ਰਾਮ ਖੱਤਰੀ ਲਾਹੌਰ ਵਾਲੇ ਉਠੇ ਤੇ ਪਹਿਲੀ ਦੂਜੀ ਆਵਾਜ਼ ਤੇ ਨਾ ਉਠਣ ਦੀ ਖਿਮਾਂ ਮੰਗ ਕੇ ਕਿਹਾ, 'ਹੇ ਸਤਿਗੁਰੂ ਜੀਓ! ਦਾਸ ਦਾ ਸਿਰ ਹਾਜ਼ਰ ਹੈ!'

ਗੁਰੂ ਜੀ ਭਾਈ ਦਯਾ ਰਾਮ ਨੂੰ ਤੰਬੂ ਵਿਚ ਲੈ ਗਏ ਤੇ ਫਿਰ ਸਭ ਨੇ ਤਲਵਾਰ ਚਲਣ ਦੀ ਆਵਾਜ਼ ਸੁਣੀ ਤੰਬੂ ਵਿਚੋਂ ਲਹੂ ਬਾਹਰ ਨਿਕਲਦਾ ਸਭ ਨੇ ਦੇਖਿਆ। ਪਰ ਉਸ ਵੇਲੇ ਤਾਂ ਸਭ ਨੂੰ ਹੈਰਾਨੀ ਤੇ ਪਰੇਸ਼ਾਨੀ ਨੇ ਘੇਰ ਲਿਆ, ਜਦ ਗੁਰੂ ਜੀ ਫਿਰ ਲਹੂ ਲਿਬੜੀ ਤਲਵਾਰ ਲੈ ਕੇ ਬਾਹਰ ਨਿਕਲੇ ਤੇ ਇਕ ਹੋਰ ਸਿਰ ਦੇਣ ਵਾਲੇ ਦੀ ਮੰਗ ਕਰ ਦਿਤੀ। ਹੁਣ ਤਾਂ ਖਲਬਲੀ ਮੱਚ ਗਈ, ਕਈ ਦੀਵਾਨ ਵਿਚੋਂ ਖਿਸਕੇ ਤੇ ਕਈ ਉਥੇ ਬੈਠੇ ਹੀ ਗਿਣਤੀਆਂ ਗਿਣਨ ਲਗੇ ਕਿ ਗੁਰੂ ਜੀ ਨੂੰ ਅਜ ਕੀ ਹੋ ਗਿਆ ਹੈ ਕਿ ਸਿਖਾਂ ਨੂੰ ਆਪੇ ਹੀ ਮਾਰਨ ਲਗ ਗਏ ਹਨ ਪਰ ਕੁਝ ਐਸੇ ਸਿਦਕੀ ਵੀ ਸਨ ਜੋ ਸਮਝ ਰਹੇ ਸਨ :-

'ਸਤਿਗੁਰੂ ਮੇਰਾ ਸਰਬ ਪ੍ਰਿਤਪਾਲੈ॥ ਸਤਿਗੁਰੂ ਮੇਰਾ ਮਾਰ ਜੀਵਾਲੈ॥'

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ 1142)

ਇਹ ਸਤਿਗੁਰੂ ਜੀ ਦਾ ਆਪਣਾ ਹੀ ਕੋਈ ਕੌਤਕ ਹੈ। ਸਤਿਗੁਰੂ ਜੀ ਸਿਖਾਂ ਦੀ ਪਰਖ ਕਰਦੇ ਹੀ ਆਏ ਹਨ, ਸਤਿਗੁਰੂ ਜੀ ਦੀ ਕਿਰਪਾ ਦੇ ਪਾਤਰ ਬਣਨ ਵਾਲੇ ਕਈ ਗੁਰਸਿਖ ਇਹਨਾ ਵਿਚਾਰਾਂ ਵਿਚ ਹੀ ਸਨ–'ਸਤਿਗੁਰੂ ਨਾਨਕ ਦੇਵ ਜੀ ਨੇ ਸਿਖਾਂ ਦੀ ਪਰਖ ਕੀਤੀ ਤਾਂ ਲਹਿਣਾ ਜੀ ਪਾਸ ਹੋਏ। ਮੁਰਦੇ ਨੂੰ ਖਾਣ ਲਗੇ ਤਾਂ ਉਥੇ ਕਲਾਧਾਰੀ ਸਤਿਗੁਰੂ ਜੀ ਨੇ ਮੁਰਦੇ ਨੂੰ ਕੜਾਹ ਪ੍ਰਸ਼ਾਦਿ ਵਿਚ ਬਦਲ ਦਿਤਾ ਸੀ।'

ਸਤਿਗੁਰੂ ਜੀ ਦੇ ਤੇਜ਼–ਭਰੇ ਨੇਤਰਾਂ ਸਾਹਮਣੇ ਇਸ ਵੇਲੇ ਕਿਸੇ ਸਿਖ ਦੀ ਅੱਖ ਉੱਚੀ ਨਹੀਂ ਸੀ ਹੁੰਦੀ ਸਤਿਗੁਰੂ ਜੀ ਦੇ ਬੋਲਾਂ ਵਿਚ ਜਿਵੇਂ ਜੋਸ਼ ਸੀ, ਇਵੇਂ ਹੀ ਉਹ ਜੋਸ਼ ਤੇ ਫੁਰਤੀ ਨਾਲ ਸਿਖ ਨੂੰ ਪਕੜ ਕੇ ਝਟ ਪਟ ਤੰਬੂ ਵਿਚ ਲੇ ਗਏ। ਅਗੇ ਵਾਂਗ ਹੀ ਤਲਵਾਰ ਚਲੀ ਤੇ ਧੜੰਮ ਕਰਕੇ ਡਿਗਣ ਦੀ ਆਵਾਜ਼ ਆਈ। ਹੌਰ ਲਹੂ ਤੰਬੂਓਂ ਬਾਹਰ ਨਿਕਲਦਾ ਸਿਖਾਂ ਨੇ ਵੇਖਿਆ। ਹੁਣ ਕੜਾਹ ਖਾਣੇ ਤੇ ਮੁਫ਼ਤ ਦਾ ਧਨ ਖਾਣ ਵਾਲੇ ਮਸੰਦਾਂ ਨੂੰ ਭਾਜੜ ਪੈ ਗਈ। ਕਈ ਇਹਨਾ ਵਿਚੋਂ ਦੌੜ ਕੇ ਮਾਤਾ ਜੀ ਪਾਸ ਗਏ ਤੇ ਕਿਹਾ–'ਮਾਤਾ ਜੀ ! ਹਨੇਰ ਹੋ ਗਿਆ। ਗੁਰੂ ਕੇ ਸਿਖਾਂ ਨਾਲ ਪਿਆਰ ਅਤੇ ਉਹਨਾ ਦੀ ਸ਼ਰਧਾ ਦਾ ਮੁੱਲ ਪਾਉਣ ਦੀ ਥਾਂ, ਅੱਜ ਤਲਵਾਰ ਨਾਲ ਸਿਖਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਪਤਾ ਨਹੀਂ, ਅੱਜ ਗੁਰੂ ਜੀ ਨੂੰ ਕੀ ਹੋ ਗਿਆ ਹੈ?' ਮਾਤਾ ਜੀ, ਜਾਓ, ਛੇਤੀ ਜਾਓ, ਆਪਣੇ ਪੁੱਤਰ ਨੂੰ ਸਮਝਾਓ।

ਪਰ ਏਧਰ ਦਸਮੇਸ਼ ਪਿਤਾ ਤੀਜੇ ਸਿਰ ਦੀ ਮੰਗ ਕਰਨ ਲਈ ਫਿਰ ਤੰਬੂ ਵਿਚੋਂ ਨੰਗੀ ਤੇ ਲਹੂ ਲਿਬੜੀ ਤਲਵਾਰ ਲੈ ਕੇ ਸਟੇਜ ਤੇ ਆ ਗਏ ਤੇ ਕਿਹਾ–'ਗੁਰਸਿਖੋ ! ਧਰਮ ਦੀ ਰਖਿਆ ਤੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟਣ ਲਈ ਇਹ ਸਾਡੀ ਭਗਵਤੀ ਦੇਵੀ (ਤਲਵਾਰ) ਖ਼ੂਨ ਮੰਗਦੀ ਹੈ, ਇਕ ਸਿਖ ਹੋਰ ਉਠੇ ਤੇ ਸਾਨੂੰ ਸਿਰ ਦੇਵੇ।' ਭਾਈ ਹਿੰਮਤ ਚੰਦ ਝੀਵਰ ਉਠਿਆ ਤੇ ਉਸਨੇ ਹੱਥ ਜੋੜ ਕੇ ਬੇਨਤੀ ਕੀਤੀ–'ਇਹ ਸਿਰ ਤਾਂ ਸਚੇ ਪਾਤਸ਼ਾਹ ਜੀ, ਜਦ ਦੀ ਸਿਖੀ ਧਾਰਨ ਕੀਤੀ ਹੈ, ਆਪ ਜੀ ਦੀ ਹੀ ਅਮਾਨਤ ਹੈ, ਸੋ ਇਹ ਹਾਜ਼ਰ ਹੈ। '

ਗੁਰੂ ਜੀ ਹਿੰਮਤ ਚੰਦ ਨੂੰ ਤੰਬੂ ਵਿਚ ਲੈ ਗਏ ਤੇ ਤਲਵਾਰ ਚਲਾਉਣ ਮਗਰੋਂ ਝਟ ਹੀ ਫਿਰ ਬਾਹਰ ਆ ਕੇ ਚੌਥੇ ਸਿਰ ਦੀ ਮੰਗ ਕੀਤੀ। ਇਸ ਸਮੇਂ ਤਕ ਡਰਪੋਕ ਤੇ ਕਾਇਰ ਦੀਵਾਨ

ਵਿਚੋਂ ਕਾਫੀ ਨੱਸ ਚੁੱਕੇ ਸਨ ਪਰ ਸਿਦਕੀ ਤੇ ਸਤਸੰਗ ਕਰਨ ਵਾਲੇ ਕਿਵੇਂ ਦੌੜ ਜਾਂਦੇ, ਉਹ ਤਾਂ ਸਰਬੱਗ ਸਤਿਗੁਰੁ ਜੀ ਦੇ ਕੌਤਕਾਂ ਦੀਆਂ ਸਾਖੀਆਂ ਸੁਣ ਚੁਕੇ ਤੇ ਮਨ ਗੁਰੂ ਜੀ ਦੇ ਅਰਪਣ ਕਰਨ ਵਾਲੇ ਸਨ। ਸੌ ਚੌਥੀ ਵਾਰੀ ਮੰਗ ਕਰਨ ਤੇ ਸਾਹਿਬ ਚੰਦ ਨਾਈ ਉਠੇ ਤੇ ਪੰਜਵੀਂ ਵੇਰ ਮੁਹਕਮ ਚੰਦ ਛੀਂਬਾ ਉਠੇ। ਪੰਜਵੇਂ ਸਿਖ ਨੂੰ ਲਿਜਾਣ ਮਗਰੋਂ ਗੁਰੂ ਜੀ ਕਿੰਨਾ ਹੀ ਚਿਰ ਬਾਹਰ ਨਾਂ ਨਿਕਲੇ। ਬਾਹਰ ਦੀਵਾਨ ਵਿਚ ਹੁਣ ਹਜ਼ਾਰਾਂ ਦੀ ਥਾਵੇਂ ਸੈਂਕੜੇ ਰਹਿ ਗਏ ਜੋ ਬੈਠੇ ਰਹੇ।

ਪਰ ਉਸ ਸਮੇਂ ਹੈਰਾਨੀ ਵਿਚੋਂ ਅਸਚਰਜਤਾ ਪੈਦਾ ਹੋ ਗਈ, ਜਦ ਗੁਰੂ ਜੀ ਕੁਝ ਚਿਰ ਮਗਰੋਂ ਸਿਰਾਂ ਦੀ ਭੇਟ ਦੇਣ ਵਾਲੇ ਸਿਖਾਂ ਨੂੰ ਜੀਵਨ ਕਰਕੇ ਨਵਾਂ ਅਗੰਮੀ ਜੀਵਨ ਦੇ ਕੇ, ਨਵੇਂ ਬਸਤਰ ਪੁਆ ਕੇ, ਸ਼ਸਤਰ ਸਜਵਾ ਕੇ, ਕੰਘਾ, ਕੜਾ ਤੇ ਕਿਰਪਾਨ ਪਹਿਨਵਾ ਕੇ, ਨਵੀਂ ਆਭਾ ਵਿਚ ਬਦਲ ਕੇ ਉਹਨਾਂ ਸਮੇਤ ਤੰਬੂਓਂ ਨਿਕਲ ਕੇ ਸਟੇਜ ਤੇ ਆ ਗਏ। ਦੀਵਾਨ ਵਿਚ ਬੈਠੇ ਸਿਖ ਹੁਣ ਮੂੰਹ ਵਿਚ ਉਂਗਲਾਂ ਪਾ ਪਾ ਸੋਚਣ ਲਗੇ ਕਿ ਇਹ ਕੀ ਗੱਲ ਹੋਈ ਅਸੀਂ ਨਿਭਾਗੇ ਕਿਉਂ ਰਹਿ ਗਏ? ਪਰ ਐਤਕੀਂ ਉਹਨਾ ਦੇ ਹੱਥ ਵਿਚ ਤੇਗ ਨਹੀਂ ਸੀ, ਸਗੋਂ ਤੇਗ ਮਿਆਨ ਵਿਚ ਸੀ। ਅਚੰਭਤ ਹੋਏ ਸਿਖਾਂ ਨੂੰ ਹੁਣ ਇਹ ਪੱਕਾ ਨਿਸਚਾ ਹੋ ਗਿਆ ਕਿ ਸਤਿਗੁਰੂ ਜੀ ਮਾਰ ਕੇ ਜੀਵਾਲ ਵੀ ਸਕਦੇ ਹਨ। ਗੁਰੂ ਜੀ ਨੇ ਸਿਰ ਦੇਣ ਵਾਲੇ ਪਿਆਰਿਆਂ ਨੂੰ ਚੌਂਕੀਆਂ ਤੇ ਬਿਠਾਇਆ ਤੇ ਉਹਨਾਂ ਦੇ ਨੇੜੇ ਖੜੇ ਹੋ ਕੇ ਦੀਵਾਨ ਵਿਚ ਬੈਠੇ ਸਿਖਾਂ ਵਲ ਵੇਖਦੇ ਹੋਏ ਕਿਹਾ – 'ਇਹ ਮੇਰੇ ਪੰਜ ਪਿਆਰੇ ਹਨ, ਜੋ ਜੀਵਨ-ਮੁਕਤੀ ਪਰਾਪਤ ਕਰ ਗਏ ਹਨ। ਇਹਨਾਂ ਨੇ ਸਿਰ ਦੇ ਕੇ ਨਿਰਭੈ ਤੇ ਨਿਡਰ ਜੀਵਨ ਪਰਾਪਤ ਕਰ ਲਿਆ ਹੈ। ਇਹਨਾਂ ਵਿਚ ਏਨੀ ਸ਼ਕਤੀ ਆ ਗਈ ਹੈ ਕਿ ਇਹ ਹੁਣ ਲੱਖਾਂ ਦਾ ਮੁਕਾਬਲਾ ਕਰਨਗੇ ਤੇ ਲੱਖਾਂ ਉਤੇ ਭਾਰੂ ਹੋਣਗੇ। ਇਹ ਮੇਰੇ ਪੰਜ ਪਿਆਰੇ ਹੀ ਪੰਥ ਦੀ ਵਾਗ-ਡੋਰ ਸੰਭਾਲਣਗੇ। ਅੱਜ ਇਹ ਕਿਤਨਾ ਸੁਭਾਗਾ ਦਿਨ ਹੈ ਤੇ ਕਿੰਨੀ ਗੁਰੂ ਨਾਨਕ ਦੇਵ ਜੀ ਦੀ ਤੇ ਅਕਾਲ ਪੁਰਖ ਨੇ ਕਿਰਪਾ ਕੀਤੀ ਹੈ। ਗੁਰੂ ਨਾਨਕ ਦੇਵ ਜੀ ਨੇ ਜਦੋਂ ਆਪਣੇ ਮਗਰੋਂ ਸਿਖੀ ਦੀ ਸੇਵਾ ਦੀ ਸੌਂਪਣਾ ਕਰਨ ਵਾਸਤੇ ਪਰਖ ਦੀ ਚੋਣ ਕੀਤੀ ਤਾਂ ਕੇਵਲ ਇਕ ਸਿਖ (ਭਾਈ ਲਹਿਣਾ ਜੀ) ਉਹਨਾਂ ਦੀ ਪਰਖ ਵਿਚ ਪੂਰੇ ਉਤਰੇ ਸਨ ਪਰ ਅਜ ਗੁਰਸਿਖੀ ਦੇ ਬਾਗ ਵਿਚ ਏਨੇ ਸਿਦਕੀ ਤੇ ਮਰਜੀਵੜੇ ਪੈਦਾ ਹੋ ਚੁਕੇ ਹਨ ਕਿ ਅਜ ਪਰਖ ਕਰਨ ਤੇ ਪੰਜ ਪਿਆਰੇ ਨਿਤਰ ਆਏ ਹਨ।'

ਇਸ ਮਗਰੋਂ ਗੁਰੂ ਜੀ ਨੇ ਡਰਦੇ ਨੱਸਣ ਵਾਲੇ ਸਿਖਾਂ ਨੂੰ ਸਮਝਾਇਆ ਤੇ ਹੌਂਸਲਾ ਦਿਤਾ ਕਿ ਫਿਕਰ ਨਾ ਕਰੋ, ਇਨ੍ਹਾਂ ਪੰਜਾਂ ਪਿਆਰਿਆਂ ਵਿਚ ਹੁਣ ਤੁਹਾਨੂੰ ਵੀ ਆਪਣੇ ਵਰਗੇ ਬਣਾ ਲੈਣ ਦੀ ਸ਼ਕਤੀ ਆ ਗਈ ਹੈ, ਇਹ ਸਭ ਕੁਝ ਦੇਖੋ ਤੇ ਹੌਂਸਲੇ ਵਿਚ ਆਵੋ।'

**ਮਾਤਾ ਸਾਹਿਬ ਦੇਵਾਂ**

ਜਿਹਲਮ ਦੀ ਸੰਗਤ ਗੁਰੂ ਜੀ ਦੇ ਦਰਸ਼ਨਾਂ ਲਈ ਆਈ। ਇਸ ਸੰਗਤ ਵਿਚ ਜਿਹਲਮ ਦੇ ਇਲਾਕੇ ਦਾ ਇਕ ਹਰਜੱਸ ਖਤਰੀ ਵੀ ਦਰਸ਼ਨਾਂ ਲਈ ਆਇਆ। ਇਸ ਦੀ ਇਕ ਲੜਕੀ ਸਾਹਿਬ ਦੇਵਾਂ ਸੀ, ਜਿਸ ਨੂੰ ਉਹ ਜਨਮਦੇ ਹੀ ਗੁਰੂ ਜੀ ਨਮਿਤ ਸੰਕਲਪ ਕਰ ਚੁਕਾ ਸੀ। ਉਸ ਨੇ ਇਸ ਇੱਛਾ ਨੂੰ ਆਪਣੇ ਇਲਾਕੇ ਵਿਚ ਪਰਗਟ ਕੀਤਾ ਹੋਇਆ ਸੀ, ਜਿਸ ਕਰ ਕੇ ਇਲਾਕੇ ਦੇ ਸਿਖ ਉਸ ਨੂੰ ਪੇਕੇ ਘਰ ਹੀ 'ਮਾਤਾ' ਸ਼ਬਦ ਨਾਲ ਬੁਲਾਉਣ ਤੇ ਸਤਿਕਾਰ ਕਰਨ ਲਗ ਪਏ ਸਨ। ਹੁਣ ਉਹ ਲੜਕੀ ਜਵਾਨ ਹੋ ਚੁਕੀ ਸੀ ਤੇ ਪਿਤਾ ਉਸ ਨੂੰ ਅਰਪਨ ਕਰਨ ਲਈ ਲੈ ਆਇਆ ਸੀ। ਇਸ ਕਾਰਨ ਹੀ ਉਸ ਇਲਾਕੇ ਦੇ ਸਿਖ ਉਚੇਚੇ ਤੌਰ ਤੇ ਅਨੰਦਪੁਰ ਪੁਜੇ ਸਨ।

ਹਰਜੱਸ ਨੇ ਗੁਰੂ ਜੀ ਨੂੰ ਜਦ ਉਹ ਦੀਵਾਨ ਵਿਚ ਆ ਕੇ ਸੁਸ਼ੋਭਤ ਹੋਏ ਤਾਂ ਬੇਨਤੀ ਕੀਤੀ-ਸਤਿਗੁਰੋ! ਮੈਂ ਆਪਣੀ ਕੰਨਿਆਂ ਸਾਹਿਬ ਦੇਵਾਂ ਆਪ ਜੀ ਦੇ ਅਰਪਨ ਕਰਨਾ ਚਾਹੁੰਦਾ ਹਾਂ ਤਾਂ ਗੁਰੂ ਸਾਹਿਬ ਨੇ ਉੱਤਰ ਦਿੱਤਾ 'ਹੁਣ ਇਹ ਗੱਲ ਹੋ ਨਹੀਂ ਸਕਣੀ, ਅਸੀਂ ਤਾਂ ਅਜ ਕਲ ਜਤਸਤ ਵਾਲੀ ਅਵਸਥਾ ਧਾਰਨ ਕੀਤੀ ਹੋਈ ਹੈ ਤੇ ਹੁਣ ਜੰਗਾਂ ਜੁੱਧਾਂ ਵਾਲੀ ਦਸ਼ਾ ਵਿਚ ਅਸਾਂ ਇਸੇ ਅਵਸਥਾ ਦੇ ਧਾਰਨੀ ਰਹਿਣਾ ਹੈ, ਸੋ ਹੁਣ ਅਸਾਂ ਵਿਆਹ ਕਾਜ ਕੋਈ ਨਹੀਂ ਕਰਨਾ, ਤੁਸੀਂ ਇਸ ਕੰਨਿਆਂ ਲਈ ਹੋਰ ਵਰ ਲੱਭ ਲਵੋ।' ਹਰਜੱਸ ਨੇ ਕਿਹਾ 'ਮੇਰੇ ਦਾਤਾਰ ਜੀ, ਇਹ ਨਹੀਂ ਹੋ ਸਕਦਾ। ਇਲਾਕੇ ਵਿਚ ਇਸ ਗੱਲ ਦੀ ਧੁੰਮ ਪਈ ਹੋਈ ਹੈ। ਲੋਕ ਇਸ ਨੂੰ 'ਮਾਤਾ' ਆਖ ਕੇ ਸਤਿਕਾਰ ਕਰਦੇ ਹਨ ਤੇ ਇਹ ਤਾਂ ਆਪ ਦੇ ਅਰਪਨ ਹੋ ਚੁਕੀ ਦਾਸੀ ਹੈ ਇਸ ਲਈ ਹੋਰ ਵਰ ਕੋਈ ਨਹੀਂ ਹੋ ਸਕਦਾ। ਗੁਰੂ ਜੀ 'ਨਹੀਂ ਭਾਈ ਗੁਰਸਿਖਾ, ਜ਼ਿਦ ਨਹੀਂ ਕਰਦੀ, ਵਿਆਹ ਕਾਜਾਂ ਵਾਲਾ ਹੁਣ ਸਮਾਂ ਲੰਘ ਚੁਕਾ ਹੈ।'

'ਪਰ ਸਤਿਗੁਰੂ ਜੀ ਇਹ ਤਾਂ ਆਪ ਦੀ ਦਾਸੀ ਹੈ, ਜਿਵੇਂ ਮਰਜ਼ੀ ਰਖੋ, ਪਤਨੀ ਬਣਾ ਲਓ ਜਾਂ ਦਾਸੀ ਬਣਾ ਕੇ ਘਰ ਦੀ ਟਹਿਲਣ-ਦਾਸੀ ਬਣਾ ਲਓ, ਇਹ ਤਾਂ ਹੁਣ ਤੁਹਾਡੇ ਜੋਗੀ ਹੈ, ਜਿਵੇਂ ਮਰਜ਼ੀ ਹੈ, ਕਰੋ। ਇਲਾਕੇ ਵਿਚ ਲੋਕ 'ਮਾਤਾ ਕਹਿ ਕੇ ਇਸ ਦਾ ਸਤਿਕਾਰ ਕਰਨ ਲੱਗ ਪਏ ਹਨ। ਕਈ ਤੁਹਾਡੀ ਦਾਸੀ ਜਾਣ ਕੇ ਇਸ ਨੂੰ ਭੇਟਾਵਾਂ ਭੇਟਾ ਕਰਨ ਲੱਗ ਪਏ ਸਨ। ਇਸ ਲਈ ਉਥੋਂ ਦੀਆਂ ਸੰਗਤਾਂ ਦੀ ਸਲਾਹ ਨਾਲ ਮੈਂ ਇਸ ਨੂੰ ਰੁਹਤਾਸ ਤੋਂ ਡੋਲੇ ਵਿਚ ਬਿਠਾ ਕੇ ਇਥੇ ਲਿਆਇਆ ਹਾਂ, ਸੋ ਇਹ ਕੰਨਿਆ ਹੁਣ ਨਾ ਕਿਤੇ ਹੋਰਥੇ ਵਿਆਹੁਣ ਜੋਗੀ ਹੈ ਤੇ ਨਾ ਹੀ ਵਾਪਸ ਲਿਜਾਉਣ ਜੋਗੀ। ਹੁਣ ਤਾਂ ਇਹ ਆਪ ਜੀ ਦੇ ਹੁਕਮ ਵਿਚ ਹੀ ਰਹੇਗੀ।'

ਗੁਰੂ ਜੀ ਨੇ ਮਾਤਾ ਸਾਹਿਬ ਦੇਵਾਂ ਜੀ ਨੂੰ ਉਸੇ ਵੇਲੇ ਮਹੱਲਾਂ ਵਿਚ ਭੇਜ ਦਿਤਾ ਤੇ ਤੀਜੇ ਦਿਨ ਮਗਰੋਂ ਬਾਕਾਇਦਾ ਲਾਵਾਂ-ਫੇਰੇ ਲੇ ਕੇ ਸਾਹਿਬ ਦੇਵਾਂ ਨੂੰ ਸਾਹਿਬ ਕੌਰ ਬਣਾ ਲਿਆ।

ਮਾਤਾ ਸੁੰਦਰੀ ਜੀ ਦੀ ਪਵਿਤਰ ਕੁਖੋਂ ਵਡੇ ਸਾਹਿਬਜ਼ਾਦਾ ਜੀ ਦਾ ਜਨਮ ਪਾਉਂਟੇ ਵਿਚ ਸੰਮਤ 1753 ਵਿਚ ਹੋਇਆ ਸੀ ਤੇ ਬਾਕੀ ਤਿੰਨੇ ਸਾਹਿਬਜ਼ਾਦੇ-ਜੋਰਾਵਾਰ ਸਿੰਘ ਜੁਝਾਰ ਸਿੰਘ ਤੇ ਹੁਣ ਇਸੇ ਸੰਮਤ 1756 ਵਿਚ ਸਭ ਤੋਂ ਛੋਟੇ ਸਾਹਿਬਜ਼ਾਦਾ ਫਤਹਿ ਸਿੰਘ ਜੀ ਦਾ ਜਨਮ ਮਾਤਾ ਜੀਤੋ ਜੀ ਦੀ ਪਵਿੱਤਰ ਕੁੱਖ ਤੋਂ ਹੋਇਆ ਸੀ ਪਰ ਇਸ ਮਗਰੋਂ ਗੁਰੂ ਜੀ ਦੇਵੀ ਲਈ ਹਵਨ ਆਦਿ ਦੇ ਪ੍ਰਪੰਚ ਨੂੰ ਪਰਗਟ ਕਰਨ ਤੇ ਖਾਲਸਾ ਸਾਜਣ ਆਦਿ ਦੇ ਗੰਭੀਰ ਕੰਮਾਂ ਵਿਚ ਲੱਗ ਕੇ ਗ੍ਰਿਹਸਤ ਵਲੋਂ ਬਿਲਕੁਲ ਹੀ ਤਿਆਗੀ ਤੇ ਜਤੀ-ਸਤੀਆਂ ਵਾਲਾ ਜੀਵਨ ਧਾਰਨ ਕਰ ਚੁਕੇ ਸਨ, ਪਰ ਮਾਤਾ ਸਾਹਿਬ ਦੇਵਾਂ ਜੀ ਨੇ ਵੀ ਤਿਆਗ ਵਾਲੀ ਕਸਰ ਨਾ ਰਖੀ ਤੇ ਇਤਨੇ ਪ੍ਰੇਮ ਨਾਲ ਗੁਰੂ ਜੀ ਦੀ, ਸਾਹਿਬਜ਼ਾਦਿਆਂ ਦੀ ਤੇ ਬਾਕੀ ਮਾਤਾਵਾਂ ਦੀ ਸੇਵਾ ਵਿਚ ਹਉਮੈ ਤੇ ਮਾਣ ਛੱਡ ਕੇ ਲੱਗ ਗਏ। ਗੁਰੂ ਜੀ ਨੇ ਸਚਾ ਪਰੇਮ ਦੇਖ ਕੇ, ਮਾਤਾ ਜੀ ਨੂੰ ਸਰਬ ਖਾਲਸੇ ਦੀ ਮਾਤਾ ਬਣਾ ਦਿਤਾ ਤੇ ਹਰ ਸਿੰਘ-'ਮੇਰਾ ਪਿਤਾ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ ਵਾਸੀ ਅਨੰਦਪੁਰ ਦਾ ਬੜੇ ਮਾਣ ਤੇ ਸਤਿਕਾਰ ਨਾਲ ਆਖਦਾ ਹੈ।'

ਸਤਿਲੁਜ ਦਰਿਆ ਦੇ ਵਗਦੇ ਨੀਰ ਵਿਚੋਂ ਜਲ ਮੰਗਵਾ ਕੇ ਸਰਬ ਲੋਹ ਦੇ ਬਾਟੇ ਵਿਚ ਪਾਇਆ ਗਿਆ। ਪੰਜ ਪਿਆਰੇ (ਸੀਸ ਭੇਟ ਦੇਣ ਵਾਲੇ) ਸਾਹਮਣੇ ਹੱਥ ਜੋੜੀ ਖੜੇ ਸਨ। ਸਾਰੀ

ਸੰਗਤ ਵੇਖ ਰਹੀ ਸੀ। ਇਸ ਪਾਣੀ ਨੂੰ ਗੁਰੂ ਜੀ ਚਿੜੀਆਂ ਤੋਂ ਬਾਜ ਤੇ ਗਿਦੜਾਂ ਤੋਂ ਸ਼ੇਰ ਬਣਾ ਦੇਣ ਵਾਲਾ ਅੰਮ੍ਰਿਤ (ਆਬੇ-ਹਯਾਤ) ਬਣਾ ਦੇਣਗੇ, ਇਸ ਗੱਲ ਦਾ ਕਿਸੇ ਨੂੰ ਵੀ ਪਤਾ ਨਹੀਂ ਸੀ, ਓਸੇ ਤਰ੍ਹਾਂ ਜਿਵੇਂ ਸੀਸ ਭੇਟ ਕਰਨ ਦੀ ਮੰਗ ਦਾ ਪਹਿਲੇ ਕਿਸੇ ਨੂੰ ਪਤਾ ਨਹੀਂ ਸੀ। ਅੰਮ੍ਰਿਤ ਤਿਆਰ ਕਰਨ ਲਗੇ, ਗੁਰੂ ਜੀ ਨੇ ਲਾਂਗਰੀ ਸਿਖ ਨੂੰ ਹੁਕਮ ਦਿਤਾ ਕੇ ਉਹ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰ ਲਿਆਵੋ। ਸੋ ਝਟ ਪਟ ਦੇਗੇ ਚੜ੍ਹੇ ਤੇ ਕਈ ਮਣ ਕੜਾਹ ਪ੍ਰਸ਼ਾਦ ਤਿਆਰ ਕਰ ਕੇ ਦੀਵਾਨ ਵਿਚ ਲੈ ਆਂਦਾ ਗਿਆ। ਗੁਰੂ ਜੀ ਸਿੰਘਾਸਨ ਤੋਂ ਉਠੇ ਤੇ ਬੀਰ-ਆਸਨ ਹੋ ਕੇ ਖੰਡੇ ਨੂੰ ਬਾਟੇ ਵਿਚ ਪਏ ਜਲ ਵਿਚ ਫੇਰਨ ਲੱਗ ਪਏ। ਜਪੁ ਜੀ ਸਾਹਿਬ ਦਾ ਪਾਠ ਕਰਨ ਲੱਗੇ। ਗੁਰੂ ਜੀ ਦੇ ਪਾਠ ਕਰਦੇ ਖੰਡਾ ਫੇਰੀ ਗਏ। ਜਪੁ ਜੀ ਤੋਂ ਬਾਦ ਜਾਪੁ ਸਾਹਿਬ, ਸਵੱਯੇ ਚੌਪਈ ਤੇ ਅਨੰਦ ਸਾਹਿਬ ਆਦਿ ਪੰਜਾਂ ਬਾਣੀਆਂ ਦਾ ਪਾਠ ਕਰ ਅੰਮ੍ਰਿਤ ਤਿਆਰ ਕੀਤਾ।

ਸੋ ਅੰਮ੍ਰਿਤ ਤਿਆਰ ਕਰਨ ਮਗਰੋਂ ਜਿਵੇਂ ਆਪ ਬੀਰ-ਆਸਨ ਬੈਠ ਕੇ ਪੰਜ ਬਾਣੀਆਂ ਪੜ੍ਹਦੇ ਪੜ੍ਹਦੇ ਅੰਮ੍ਰਿਤ ਤਿਆਰ ਕੀਤਾ ਸੀ। ਉਵੇਂ ਹੀ ਆਪਣੇ ਸੀਸ ਭੇਟ ਕਰਨ ਵਾਲੇ ਪੰਜਾਂ ਪਿਆਰਿਆਂ ਨੂੰ ਬੈਠਣ ਦਾ ਹੁਕਮ ਦਿਤਾ। ਅੰਮ੍ਰਿਤ ਦੇ ਬਾਟੇ ਵਿਚ ਇਕ ਇਕ ਚੁਲੀ ਸਭਨਾਂ ਦੇ ਮੂੰਹ ਵਿਚ ਪਾਈ ਤੇ ਕਿਹਾ-'ਬੋਲੋ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ', ਉਹਨਾਂ ਵੀ ਅਗੋਂ ਇਹੋ ਸ਼ਬਦ ਕਹੇ, 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਇਸੇ ਤਰ੍ਹਾਂ ਅੱਖਾਂ ਵਿਚ ਛੱਟੇ ਮਾਰੇ ਕਿਹਾ ਤੇ ਕਵਾਹਿਆ ਫਿਰ ਕੇਸਾਂ ਵਿਚ ਪਾ ਕੇ ਫਤਹ ਬੁਲਵਾਈ ਤੇ ਬੋਲੀ। ਫਿਰ ਮੂਲ ਮੰਤਰ ਦਾ ਪੰਜ ਪੰਜ ਵਾਰੀ ਉਚਾਰਨ ਕਰਵਾਇਆ ਤੇ ਕੀਤਾ। ਇਉਂ ਅੰਮ੍ਰਿਤ ਛਕਾਉਣ ਮਗਰੋਂ ਸਭਨਾਂ ਨੂੰ ਇਕੋ ਬਾਟੇ ਵਿਚ ਕੜਾਹ ਪ੍ਰਸ਼ਾਦ ਛਕਾ ਕੇ ਸਕੇ ਭਾਈ ਭਾਈ ਬਣਾ ਦਿਤੇ, ਨਵੇਂ ਧਰਮ ਦੇ ਧਾਰਨੀ ਬਣਾ ਦਿਤਾ, ਪਿਛਲੀ ਜਾਤ ਗੋਤ ਖਤਮ ਕਰਕੇ ਸਿੰਘ ਦਾ ਜਨਮ ਗੁਰੂ ਕੇ ਘਰ, ਪਿਤਾ ਸਾਹਿਬ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ ਜੀ ਨੂੰ ਬਣਾ ਦਿਤਾ। ਵਾਸੀ ਅਨੰਦਪੁਰ ਦਾ ਤੇ ਜਨਮ ਕੇਸਗੜ੍ਹ ਸਾਹਿਬ ਦਾ ਤੇ ਇਕ ਗੁਰੂ-ਪਿਤਾ ਦੇ ਸਭੇ ਹੀ ਪੁਤਰ ਬਣਾ ਦਿਤੇ ਗਏ। ਇਸ ਸਮੇਂ ਕੱਛ, ਕ੍ਰਿਪਾਨ, ਕੇਸ, ਕੰਘਾਂ ਤੇ ਹੱਥ ਵਿਚ ਕੜਾ ਪੰਜਾਂ ਪਿਆਰਿਆਂ ਦਾ ਸੀ, ਇਸੇ ਰਹਿਤ ਨੂੰ ਪੱਕਾ ਕਰ ਦਿਤਾ ਗਿਆ।

ਸਿਖ ਆਪਣੇ ਜੀਵਨ-ਨਿਰਬਾਹ ਲਈ ਖੇਤੀ ਕਰੇ, ਵਣਜ ਵਿਉਪਾਰ ਕਰੇ, ਫੌਜੀ ਬਣੇ ਤੇ ਵਿਦਵਾਨੀ ਗੁਜ਼ਾਰਨ ਕਰੇ ਪਰ ਗੁਲਾਮ ਨਾ ਬਣੇ, ਕਿਉਂਕਿ ਗੁਲਾਮ ਦਾ ਧਰਮ ਵੀ ਗੁਲਾਮ ਤੇ ਗੁਲਾਮ ਦੀ ਰਹਿਤ ਵੀ ਗੁਲਾਮ ਹੋ ਜਾਂਦੀ ਹੈ ਮੇਰਾ ਸਿਖ ਕਮਾ ਕੇ ਖਾਵੇ, ਭੀਖ ਨਾ ਮੰਗੇ, ਮੰਗਤਾ ਨਾ ਬਣੇ। ਗੁਰੂ ਜੀ ਨੇ ਸਿਖ ਨੂੰ ਪੱਕੀ ਕੀਤੀ ਕਿ -

'ਰਹਿਣੀ ਰਹੈ ਸੋਈ ਸਿੱਖ ਮੇਰਾ। ਸੋ ਸਾਹਿਬ ਮੈਂ ਉਸ ਕਾ ਚੇਰਾ।'

ਮੇਰਾ ਸਿਖ ਕੁੱਠਾ (ਮਾਸ) ਨਾ ਖਾਵੇ, ਤੰਬਾਕੂ ਨਾ ਵਰਤੇ, ਕੇਸਾਂ ਦੀ ਬੇਅਦਬੀ ਨਾ ਕਰੇ, ਪਰ-ਨਾਰੀ ਨਾ ਭੋਗੇ, ਇਹ ਬੱਜਰ ਕੁਰਹਿਤਾਂ ਹਨ, ਇਨ੍ਹਾਂ ਤੋਂ ਬਚੇ। ਆਪਸ ਵਿਚ ਜ਼ਾਤ-ਪਾਤ ਦਾ ਭੇਤ ਨਾ ਰਖੇ ਸਿੰਘ ਨਾਲ ਸਿੰਘ ਰੋਟੀ ਬੇਟੀ ਦਾ ਸੰਬੰਧ ਕਰੇ। ਮੜ੍ਹੀ ਮਸਾਨੀ ਨਾ ਮੰਨੇ ਇਕ ਅਕਾਲ ਤੇ ਨਿਸਚਾ ਰਖੇ। ਫਿਰ ਗੁਰੂ ਸਾਹਿਬ ਜੀ ਨੇ ਪੰਜਾਂ ਪਿਆਰਿਆਂ ਤੋਂ ਆਪ ਵੀ ਅੰਮਿਤ ਦੀ ਦਾਤ ਪ੍ਰਾਪਤ ਕੀਤੀ ਉਪਰੰਤ ਗੁਰੂ ਸਾਹਿਬ ਜੀ ਦੇ ਸਾਰੇ ਪਰਿਵਾਰ ਨੇ ਵੀ ਅੰਮ੍ਰਿਤ ਛਕਿਆ।



**ਗੁਰੂ ਸਾਹਿਬ ਜੀ ਪੰਜਾਂ ਪਿਆਰਿਆਂ ਤੋਂ ਅੰਮਿਤ ਦੀ ਦਾਤ ਪ੍ਰਾਪਤ ਕਰਦੇ ਹੋਏ**

ਇਸ ਮਗਰੋਂ ਗੁਰੂ ਜੀ ਨੇ ਹੁਕਮ ਦਿਤਾ ਕਿ ਇਹ ਅੰਮ੍ਰਿਤ ਦੀ ਦਾਤ ਸਭ ਲਈ ਖੁੱਲ੍ਹ ਗਈ ਹੈ, ਗੁਰੂ ਘਰ ਵਿਚ ਹੁਣ ਤੋਂ ਓਹੀ ਸਿਖ ਪ੍ਰਵਾਨ ਹੈ, ਜੋ ਅੰਮ੍ਰਿਤ ਛਕ ਕੇ ਸਿੰਘ ਸਜ ਜਾਵੇ। ਗੁਰੂ ਜੀ ਦਾ ਇਹ ਹੁਕਮ ਸੁਣ ਕੇ ਪਹਿਲੇ ਪੰਝੀ ਫੇਰ ਇਕ ਸੌ ਪੰਜ ਤੇ ਇਸ ਤੋਂ ਮਗਰੋਂ ਅੰਮ੍ਰਿਤ ਛਕਣ ਵਾਲਿਆਂ ਦੀਆਂ ਕਤਾਰਾਂ ਹੀ ਲੱਗ ਗਈਆਂ। ਗੁਰੂ ਜੀ ਸਭ ਅੰਮ੍ਰਿਤ ਛਕਣ ਵਾਲਿਆਂ ਨੂੰ ਅਪਾਰ ਖੁਸ਼ੀਆਂ ਵੰਡੀ ਜਾ ਰਹੇ ਸਨ, ਚੜ੍ਹਦੀ ਕਲਾ ਦੀ ਰੂਹ ਫੂਕੀ ਜਾ ਰਹੇ ਸਨ ਤੇ ਇਸ ਤਰ੍ਹਾਂ–'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਇਕ ਵੇਰੀ ਸਾਰਾ ਅਨੰਦਪੁਰ ਹੀ ਗੂੰਜ ਉਠਿਆ ਤੇ ਇਹ ਗੂੰਜ ਦੂਰ ਦੂਰ ਤਕ ਪਹਾੜਾ ਤਕ ਗੂੰਜਣ ਲੱਗ ਪਈ। ਕੋਈ ਜਥਾ ਆਉਂਦਾ ਨਾਅਰੇ ਲਾ ਰਿਹਾ ਸੀ ਤੇ ਕੋਈ ਜਾਂਦਾ। ਗੁਰੂ ਜੀ ਨੇ ਪੰਜ ਪੰਜ ਸਿਖਾਂ ਦੇ ਕਈ ਜਥੇ ਭੇਜ ਭੇਜ ਕੇ ਹੋਰ ਥਾਈਂ ਵੀ ਅੰਮ੍ਰਿਤ ਛਕਣ ਦੀ ਲਹਿਰ ਚਲਾ ਦਿਤੀ।

**ਹਿੰਦੂਅਨ ਕੀ ਹੋਲੀ ਔਰ ਖਾਲਸੇ ਕਾ ਹੋਲਾ ਹੈਂ**

ਹੋਲੀ ਦਾ ਤਿਉਹਾਰ ਬਹੁਤ ਪੁਰਾਣਾ ਤੇ ਪਵਿਤਰ ਹੈ ਪਰ ਹੁਣ ਇਹ ਨਿਰਾ ਹੀ ਹਾਸ–ਬਿਲਾਸ ਤੇ ਗੰਦ ਮੰਦ ਦੇ ਟੋਏ ਵਿਚ ਡਿਗ ਚੁਕਾ ਸੀ। ਇਕ ਦੂਜੇ ਤੇ ਗੰਦ, ਗੋਹਿਆ, ਮਿੱਟੀ ਘੱਟਾ ਪਾਉਣ ਦਾ ਰਿਵਾਜ ਬਣ ਚੁਕਾ ਸੀ, ਪੰਜ ਸੱਤ ਦਿਨ ਇਸ ਗੰਦ ਮੰਦ ਤੇ ਘੱਟੇ ਮਿੱਟੀ ਤੋਂ ਡਰਦੇ, ਸਭ ਕੰਮ ਠੱਪ ਹੋ ਜਾਂਦੇ ਤੇ ਲੋਕ ਵਿਹਲੇ ਬੱਸ ਭੂਤਨੇ ਬਨਣ ਤੇ ਸ਼ੈਤਾਨੀਆਂ ਕਰਨ ਵਿਚ ਹੀ ਲੱਗ ਜਾਂਦੇ ਸਨ। ਭਗਤ ਪ੍ਰਹਿਲਾਦ ਦੀ ਪ੍ਰਭੂ ਨੇ ਹਰਨਾਕਸ਼ ਦੀ ਭੈਣ ਹੌਲਕਾ ਤੋਂ ਰਖਸ਼ਾ ਕੀਤੀ, ਪ੍ਰਹਿਲਾਦ ਨੂੰ ਬਚਾਇਆ ਤੇ ਪਾਪਣ ਹੌਲਕਾ ਆਪ ਹੀ ਅੱਗ ਵਿਚ ਸੜ ਮੋਈ ਸੀ, ਇਹ ਤਿਉਹਾਰ ਤਾਂ ਇਸ ਖੁਸ਼ੀ ਭਰੀ ਘਟਨਾ ਦੀ ਯਾਦ ਦਾ, ਪ੍ਰਭੂ ਦੀ ਹੋਂਦ ਨੂੰ ਚੇਤੇ ਕਰਨ ਤੇ ਉਸ ਦੇ ਸਿਮਰਨ ਵਿਚ ਜੁੜਨ ਦਾ ਸੀ ਪਰ ਅਸਲ ਚੀਜ਼ ਲੋਕਾਂ ਨੂੰ ਭੁਲ ਚੁਕੀ ਸੀ ਤੇ ਨਿਰੀਆਂ ਖਰਮਸਤੀਆਂ ਹੀ ਖਰਮਸਤੀਆਂ ਰਹਿ ਗਈਆਂ ਸਨ। ਸਤਿਗੁਰ ਸਾਹਿਬਾਨ ਨੇ ਆਪਣੇ ਸਿਖਾਂ ਨੂੰ ਇਸ ਗੰਦਗੀ ਵਾਲੀ ਹੌਲੀ ਨੂੰ ਛੱਡ ਕੇ ਸੱਚੀ ਹੋਲੀ ਮਨਾਉਣ ਦਾ ਉਪਦੇਸ਼ ਦਿਤਾ।

ਸਿਖਾਂ ਦੀ ਹਰ ਹਰਕਤ ਤੇ ਹਰ ਕਾਰਜ ਵਿਚ 'ਨਾਮ' ਦੀ ਹੀ ਪ੍ਰਧਾਨਤਾ ਕਰ ਦਿਤੀ ਗਈ। ਜਿਥੇ ਕੀਰਤਨ ਹੋਵੇ ਉਹੀ ਮੇਲਾ ਹੈ, ਜਿਥੇ ਨਾਮ ਬਾਣੀ ਦਾ ਜਾਪ ਹੋਵੇ, ਉਹੀ ਸਤਿ

ਸੰਗਤ ਤੇ ਉਹੀ ਗੁਰੂ ਕਾ ਦੀਵਾਨ ਹੈ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਚੜ੍ਹਦੀਆਂ ਕਲਾਂ ਵਾਲਾ ਤੇ ਫੌਜੀ ਢੰਗ ਦਾ ਬਣਾਉਣ ਦਾ ਫੈਸਲਾ ਕਰ ਦਿਤਾ। ਗੁਰੂ ਜੀ ਨੇ ਹੋਲੀਆਂ ਦੇ ਖਾਤਮੇ, ਭਾਵ ਪੁੰਨਿਆਂ ਦੇ ਮਗਰੋਂ, ਏਕਮ ਵਾਲੇ ਦਿਨ ਹੋਲਾ (ਹੋਲੀ) ਮਹੱਲਾ ਮਨਾਉਣ ਦਾ ਐਲਾਨ ਕਰ ਦਿਤਾ। ਇਉਂ ਇਹ ਹਾਸ-ਰਸ ਦੇ ਤਿਉਹਾਰ ਨੂੰ ਗੁਰੂ ਜੀ ਨੇ ਬੀਰ-ਰਸੀ ਢੰਗ ਨਾਲ ਮਨਾਉਣਾਂ ਸ਼ੁਰੂ ਕਰ ਦਿਤਾ। ਮੀਲਾਂ ਵਿਚ ਘੋੜ-ਸਵਾਰਾਂ ਦੇ ਚੱਕਰ ਲੱਗਣੇ ਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਗੂੰਜ ਪਾ ਦੇਣੀ, ਇਹ ਇਕ ਪਰੰਪਰਾ ਹੀ ਚਲਾ ਦਿਤੀ।

**ਦੀਨਾ ਬੇਗ ਤੇ ਪੈਂਦੇ ਖਾਨ ਦੀ ਲੜਾਈ**

ਇਹ ਦੋਵੇਂ ਸਰਦਾਰ ਸਰਹੰਦ ਤੋਂ ਮਾਰੋ ਮਾਰ ਕਰਦੇ ਰੋਪੜ ਪੁਜੇ ਤਾਂ ਏਥੋਂ ਭੀਮ ਚੰਦ ਕਹਿਲੂਰੀਆ ਤੇ ਕਈ ਹੋਰ ਪਹਾੜੀ ਰਾਜੇ ਫੌਜਾਂ ਸਮੇਤ ਇਨ੍ਹਾਂ ਨਾਲ ਆ ਰਲੇ। ਪਠਾਣੀ ਤੇ ਮੁਗਲ ਫੌਜਾਂ ਦੀ ਤਾਕਤ ਨੂੰ ਉਹ ਏਨਾਂ ਮੰਨਦੇ ਸਨ ਕਿ ਹੁਣ ਉਨ੍ਹਾਂ ਨੂੰ ਆਪਣੀ ਫਤਹਿ ਤੇ ਗੁਰੂ ਜੀ ਦੀ ਹਾਰ ਦਾ ਪੂਰਾ ਯਕੀਨ ਹੋ ਗਿਆ ਸੀ। ਗੁਰੂ ਜੀ ਕੋਲ ਕੇਵਲ ਪੰਜ ਸੱਤ ਹਜ਼ਾਰ ਸਿੱਖ ਸਨ, ਪਰ ਏਧਰ 1● ਹਜ਼ਾਰ ਤਾਂ ਤੁਰਕ ਤੇ ਏਨੀ ਕੁ ਪਹਾੜੀ ਫੌਜ ਆ ਰਲੀ।

ਰੋਪੜ ਤੋਂ ਤੁਰਦੇ ਹੀ ਦੁਸ਼ਮਨ ਦੇ ਇਸ ਦਲ ਦੀ ਖਬਰ ਗੁਰੂ ਜੀ ਨੂੰ ਮਿਲ ਗਈ ਸੀ, ਪਰ ਅਕਾਲ ਪੁਰਖ ਦੇ ਪੁਤਰ ਨੂੰ ਕੋਈ ਭੈ ਕਿਵੇਂ ਹੁੰਦਾ? ਉਨ੍ਹਾਂ ਆਪਣੀ ਥਾਵੇਂ ਤਿਆਰੀ ਤਾਂ ਕੀਤੀ ਤੇ ਸਿੰਘਾਂ ਨੂੰ ਖਬਰਦਾਰ ਕਰ ਦਿਤਾ, ਪਰ ਇਹ ਸਭ ਕੁਝ ਚੜ੍ਹਦੀਆਂ ਕਲਾਂ ਤੇ ਧਰਮੀ ਬੀਰ ਬਹਾਦਰਾਂ ਵਾਲੇ ਨੇ ਹੌਂਸਲੇ ਨਾਲ ਕੀਤਾ। ਸਾਲ ਦੇ ਲਗ ਪਗ ਹੋ ਗਿਆ ਸੀ ਜਦ ਤੋਂ ਗੁਰੂ ਜੀ ਨੇ ਖਾਲਸਾ ਤੇ ਨਿਆਰੇ ਪੰਥ ਦੀ ਸਾਜਨਾ ਕੀਤੀ ਸੀ, ਇਹ ਰਾਜੇ ਸਿੰਘਾਂ ਵਿਚ ਅੰਮ੍ਰਿਤ ਦੀ ਸ਼ਕਤੀ ਦੀ ਤਾਕਤ ਨੂੰ ਪ੍ਰਤੱਖ ਵੇਖ ਰਹੇ ਸਨ, ਪਰ ਅੰਦਰੇ ਅੰਦਰ ਵਿਸ਼ ਘੋਲ ਰਹੇ ਸਨ ਤੇ ਆਪ ਲੜ ਕੇ ਉਨ੍ਹਾਂ ਦੀ ਕੁਝ ਪੇਸ਼ ਨਹੀਂ ਸੀ ਜ਼ਾਂਦੀ, ਇਸ ਲਈ ਉਨ੍ਹਾਂ ਸੂਬਾ ਸਰਹੰਦ ਰਾਹੀਂ ਬਾਦਸ਼ਾਹ ਕੋਲ ਗੁਰੂ ਜੀ ਵਿਰੁਧ ਅਰਜ਼ੀਆਂ ਭੇਜੀਆਂ ਤੇ ਮਨਜ਼ੂਰੀ ਮਿਲਣ ਤੇ ਸੂਬਾ ਸਰਹੰਦ ਵਲੋਂ ਇਹ ਫੌਜ ਉਚੇਚੇ ਤੌਰ ਤੇ ਅਨੰਦਪੁਰ ਤੇ ਹਮਲਾ ਕਰਨ ਲਈ ਭੇਜੀ ਗਈ।

ਸ਼ਾਹੀ ਫੌਜ ਜਦ ਬਿਲਕੁਲ ਅਨੰਦਪੁਰ ਦੇ ਨੇੜੇ ਪੁਜੀ ਤਾਂ ਗੁਰੂ ਦੀ ਨੇ ਰਣਜੀਤ ਨਗਾਰੇ ਤੇ ਚੋਟਾਂ ਲਵਾਈਆਂ ਤੇ ਸਭ ਸਿੰਘਾਂ ਵਿਚ ਦਾਰੂ ਸਿੱਕਾ ਵਰਤਾ ਕੇ ਆਉਂਦੇ ਦੁਸ਼ਮਨ ਤੇ ਹਮਲਾ ਕਰਨ ਦੀ ਪਹਿਲ ਕਰ ਦਿਤੀ। ਗੁਰੂ ਜੀ ਆਪ ਵੀ ਨੀਲੇ (ਘੋੜੇ) ਤੇ ਸਵਾਰ ਹੋਕੇ ਤੀਰਾਂ ਦੀ ਵਾਛੜ ਕਰਦੇ ਸਿੰਘਾਂ ਦੀ ਅਗਵਾਈ ਕਰਨ ਲਗੇ। ਅਕਾਲ ਅਕਾਲ ਗਜਾਉਂਦੇ ਸਿੰਘਾਂ ਨੇ ਨੇਜ਼ਿਆਂ, ਤਲਵਾਰਾਂ, ਤੀਰਾਂ ਤੇ ਬੰਦੂਕਾਂ ਨਾਲ ਬਿਜਲੀ ਵਰਗੀ ਫੁਰਤੀ ਨਾਲ ਹਮਲਾ ਕੀਤਾ ਤੇ ਇਕ ਦਮ ਤੁਰਕਾਨੀ ਫੌਜ ਨੂੰ ਹੱਥਾਂ ਪੈਰਾਂ ਦੀ ਪਾ ਦਿਤੀ। ਪੰਜ ਹਜ਼ਾਰ ਸਿੰਘਾਂ ਦੇ ਹਮਲੇ ਨੂੰ ਦਸ ਹਜ਼ਾਰ ਤੁਰਕਾਨੀ ਫੌਜ ਨੇ ਮਸਾਂ ਹੀ ਠੱਲਿਆਂ, ਪਰ ਏਨੇ ਵਿਚ ਹੀ ਲੋਥ ਤੇ ਲੋਥ ਚੜ੍ਹ ਗਈ ਸੀ ਤੇ ਖ਼ੂਨ ਦੀ ਨਦੀ ਵਗ ਪਈ। ਅਗਲੇ ਪਾਸੇ ਪੈਂਦੇ ਖਾਨ ਕਮਾਨ ਕਰ ਰਿਹਾ ਸੀ, ਬਹਾਦਰ ਸੀ, ਗਿਣਿਆ ਹੋਇਆ ਯੋਧਾ ਸੀ, ਉਸ ਤੋਂ ਸਹਾਰਿਆ ਨਾ ਗਿਆ ਤੇ ਉਹ ਗੁਰੂ ਜੀ ਨੂੰ ਲਲਕਾਰਦਾ ਤੇ ਵੰਗਾਰਦਾ ਅਗੇ ਵਧ ਆਇਆ। ਗੁਰੂ ਜੀ ਕਿਹੜਾ ਘਟ ਸਨ, ਝਟ ਅਗੇ ਵਧੇ ਤੇ ਪਹਿਲਾ ਵਾਰ ਕਰਨ ਲਈ ਕਿਹਾ। ਭਾਵੇਂ ਉਹ ਕਹਿੰਦਾ ਸੀ ਕਿ ਗੁਰੂ ਜੀ ਉਸ ਉਤੇ ਪਹਿਲਾਂ ਵਾਰ ਕਰਨ, ਪਰ ਧਰਮ-ਧੁਰੰਧਰ ਗੁਰੂ ਜੀ ਨਾ ਮੰਨੇ। ਪੈਂਦੇ ਖਾਨ ਨੇ ਤੀਰ ਕਮਾਨ ਸੰਭਾਲੀ। ਉਸ ਨੂੰ ਵੱਡਾ ਮਾਣ ਤੇ ਹੰਕਾਰ ਸੀ ਕਿ ਉਸਦਾ ਨਿਸ਼ਾਨਾ ਕਦੇ ਖਾਲੀ ਨਹੀਂ ਗਿਆ, ਪਰ ਗੁਰੂ ਜੀ ਵੀ ਤਾਂ ਘੋੜੇ ਨੂੰ ਨਚਾ ਤੇ ਟਪਾ ਰਹੇ ਸਨ। ਇਸ ਲਈ ਪੈਂਦੇ ਖਾਨ ਦਾ ਤੀਰ ਗੁਰੂ ਜੀ ਦੇ ਕੰਨ ਕੋਲੋਂ 'ਸ਼ਾਂ' ਕਰਦਾ ਲੰਘ ਗਿਆ ਤਾਂ ਗੁਰੂ ਜੀ ਨੇ ਕਿਹਾ ਬੱਸ! ਵਾਹ ਬਈ ਵਾਹ, ਸ਼ਾਬਾਸ਼ ਹੈ ਤੇਰੇ!'

ਪਠਾਣ ਭਾਵੇਂ ਸ਼ਰਮਿੰਦਾ ਤੇ ਹੈਰਾਨ ਸੀ ਕਿ ਕੀ ਗੱਲ ਹੈ, ਅਜ ਮੇਰੀ ਧਨੁਸ਼-ਵਿਦਿਆ ਕੰਮ ਨਹੀਂ ਆ ਰਹੀ, ਪਰ ਗੁਰੂ ਜੀ ਦੇ ਕਹਿਣ ਤੇ ਦੂਜਾ ਤੀਰ ਚਲਾ ਦਿਤਾ ਤਾਂ ਉਹ ਵੀ ਖਾਲੀ ਲੰਘ ਗਿਆ। ਤੀਰ ਚਲਾਉਣ ਤੋਂ ਪਹਿਲੇ ਉਸ ਦੇ ਸਾਥੀਆਂ ਦਾ ਪੱਕਾ ਖਿਆਲ ਸੀ ਕਿ ਪਠਾਣ ਗੁਰੂ ਜੀ ਨੂੰ ਛਡੇਗਾ ਨਹੀਂ, ਕਿਉਂਕਿ ਪਠਾਣ ਨੇ ਆਪ ਹੰਕਾਰ ਨਾਲ ਕਿਹਾ ਸੀ ਕਿ ਮੈਂ ਬਹਾਦਰ ਹਾਂ ਤੇ ਨਿਰਬਲ ਤੇ ਪਹਿਲੇ ਵਾਰ ਨਹੀਂ ਕਰਦਾ, ਪਰ ਉਸ ਦੇ ਵਾਰ ਖਾਲੀ ਜਾਂਦੇ ਵੇਖ ਉਸ ਦੇ ਸਾਥੀ ਅਸਚਰਜ ਹੋ ਗਏ। ਇਸ ਦੇ ਉਲਟ ਗੁਰੂ ਜੀ ਦੇ ਪਹਿਲੇ ਤੀਰ ਨਾਲ ਉਸ ਗੁਮਾਨੀ ਪਠਾਣ ਦੀ ਪੁੜਪੁੜੀ ਵਿੰਨੀ ਗਈ ਤੇ ਉਹ ਧੜੈਂਹ ਕਰਦਾ ਘੋੜਿਓਂ ਥੱਲੇ ਆ ਗਿਆ। ਜਿਸ

ਸਮੇਂ ਪਠਾਣ ਤੇ ਗੁਰੂ ਜੀ ਲੜਨ ਲਗੇ, ਉਸ ਸਮੇਂ ਬਾਕੀ ਫੌਜਾਂ ਇਹਨਾਂ ਦੇ ਦੁੰਦ-ਜੁੱਧ ਵੇਖਣ ਲਈ ਖਲੋ ਗਈਆਂ ਸਨ, ਪਰ ਪਠਾਣ ਦੇ ਮਰਦੇ ਹੀ ਤੁਰਕਾਨੀ ਸੈਨਾ ਇਕ ਦਮ ਹਮਲਾਅਵਰ ਹੋ ਗਈ। ਉਹ ਅਗੇ ਵਧ ਕੇ ਲੜ ਰਹੇ ਗੁਰੂ ਜੀ ਨੂੰ ਘੇਰਨਾ ਚਾਹੁੰਦੀ ਸੀ, ਪਰ ਗੁਰੂ ਜੀ ਦੇ ਸਿੰਘਾਂ ਨੇ ਵੀ ਦੇਰ ਨਾ ਲਾਈ, ਝਟ ਹੀ ਹਥੋਂ ਹਥ ਦਾ ਘਮਸਾਨ ਮਚ ਗਿਆ। ਦੀਨਾ ਬੇਗ ਭਾਵੇਂ ਇਸ ਸਮੇਂ ਬੜਾ ਲੜਿਆ, ਪਰ ਪਹਾੜੀਏ ਇਸ ਮਾਰ ਨੂੰ ਨਾ ਸਹਾਰ ਸਕੇ ਤੇ ਨੱਸ ਉਠੇ। ਦੀਨਾ ਬੇਗ ਜ਼ਖ਼ਮੀ ਹੋ ਗਿਆ ਤੇ ਉਸ ਨੇ ਵੀ ਭੱਜ ਜਾਣ ਵਿਚ ਹੀ ਆਪਣਾ ਬਚਾ ਸਮਝਿਆ। ਸੋ ਭਜਦਿਆਂ ਨੂੰ ਸਿੰਘਾਂ ਨੇ ਚੰਗੀ ਵਾਢ ਪਾਈ ਤੇ ਸਰਸਾ ਟੱਪ ਕੇ ਪਿਛੇ ਮੁੜੇ। ਹਜ਼ਾਰਾਂ ਪਠਾਣਾਂ ਤੇ ਮੁਗਲ ਫੌਜੀ ਮਾਰੇ ਗਏ ਤੇ ਜੋ ਦਾਰੂ ਸਿੱਕਾ ਲਿਆਏ ਸਨ, ਉਹ ਵੀ ਬਚਾ ਨਾ ਸਕੇ ਤੇ ਸਭ ਕੁਝ ਸਿੰਘਾਂ ਦੇ ਹੱਥ ਲੱਗ ਗਿਆ। ਤੁਰਕ ਮਾਰ ਖਾ ਕੇ, ਪਹਾੜੀਆਂ ਨੂੰ ਗਾਲ੍ਹਾਂ ਕੱਢ ਰਹੇ ਸਨ ਤੇ ਇਸ ਦੇ ਨਾਲ ਹੀ ਗੁਰੂ ਜੀ ਦੀ ਬਹਾਦਰੀ ਤੇ ਸਿੰਘਾਂ ਦੀ ਦਲੇਰੀ ਦਾ ਸਿੱਕਾ ਉਨ੍ਹਾਂ ਤੇ ਬੈਠ ਰਿਹਾ ਸੀ।

**ਰੰਘੜ ਜਮਤੁੱਲੇ ਦੀ ਮੌਤ**

ਇਸ ਹਾਰ ਨਾਲ ਪਹਾੜਾਂ ਵਿਚ ਗੁਰੂ ਜੀ ਕੀ ਧਾਂਕ ਬੈਠ ਗਈ ਤੇ ਸਿੰਘ ਦੂਰ ਦੂਰ ਤਕ ਮਾਰਾ-ਬਕਾਰਾ ਕਰਦੇ ਫਿਰਦੇ। ਓਧਰ ਗੁਰੂ ਜੀ ਨੇ ਸ਼ਸਤਰਾਂ ਦੇ ਕਈ ਕਾਰਖਾਨੇ ਖੋਹਲ ਦਿਤੇ ਤੇ ਇਲਾਕੇ ਦੇ ਕਾਰੀਗਰ ਲੁਹਾਰਾਂ ਆਦਿਕ ਨੂੰ ਦੂਣੀਆਂ ਤਲਬਾਂ ਦੇ ਕੇ ਚੰਗੇ ਤੇਜ਼ ਹਥਿਆਰ ਬਣਵਾਉਣੇ ਸ਼ੁਰੂ ਕਰ ਦਿਤੇ। ਉਚ ਜਾਤੀਆਂ ਦੇ ਸਤਾਏ ਹੋਏ ਲੋਕ, ਰਾਜਿਆਂ ਦੇ ਸਤਾਏ ਤੇ ਬਾਗੀ ਹੋਏ ਸਰਦਾਰ ਤੇ ਹੋਰ ਉਹ ਬਹਾਦਰ ਲੋਕ, ਜਿਨ੍ਹਾਂ ਨੂੰ ਬਾਹਰ ਸੁਰਖਿਅਤਾ ਨਜ਼ਰ ਨਹੀਂ ਸੀ ਆਉਂਦੀ, ਉਹ ਸਭ ਸ੍ਰੀ ਕਲਗੀਧਰ ਜੀ ਦੇ ਦਰਬਾਰ ਵਿਚ ਹਾਜ਼ਰ ਹੁੰਦੇ ਤੇ ਅੰਮ੍ਰਿਤ ਛਕ ਛਕ ਕੇ ਸਿੰਘ ਸਜਦੇ ਸਨ। ਅਖੀਰ ਭੀਮ ਚੰਦ ਨੇ ਸਭ ਬਾਈਧਾਰ ਦੇ ਰਾਜਿਆਂ ਨੂੰ ਸੁਨੇਹੇ ਭੇਜ ਕੇ ਬਿਲਾਸਪੁਰ ਵਿਚ ਵਡਾ ਇਕੱਠ ਕੀਤਾ ਤੇ ਇਸ ਮਾਮਲੇ ਤੇ ਵਿਚਾਰ ਕੀਤੀ। ਕਿਸੇ ਨੇ ਕੁਝ ਕਿਹਾ, ਕਿਸੇ ਨੇ ਕੁਝ, ਪਰ ਬਹੁਤਿਆਂ ਨੇ ਸਲਾਹ ਦਿਤੀ ਕਿ ਸਭ ਇਕੱਠੇ ਹੋ ਕੇ ਗੁਰੂ ਨਾਲ ਲੜੋ।

ਇਹਨਾਂ ਸਲਾਹਾਂ ਵਿਚ ਸਭ ਰਜ਼ਾਮੰਦ ਹੋ ਗਏ ਤੇ ਗੁਰੂ ਨਾਲ ਲੜਨ ਲਈ ਤਿਆਰ ਹੋਣ ਲਗੇ। ਵਧ ਤੋਂ ਵਧ ਹਥਿਆਰ ਤੇ ਹੋਰ ਸਾਮਾਨ ਇਕੱਠਾ ਕਰਨ ਲਗ ਪਏ। ਸਾਰੇ ਰਾਜੇ ਹੀ ਇਨ੍ਹਾਂ ਤਿਆਰੀਆਂ ਵਿਚ ਜੁਟ ਪਏ। ਦਿਨ ਮੁਕੱਰਰ ਤਕ ਸਭ ਰਾਜੇ ਤੇ ਉਹਨਾਂ ਦੇ ਫੌਜਦਾਰ ਫੌਜਾਂ ਲੈਕੇ ਆ ਗਏ ਤੇ ਕੋਈ 2● ਕੁ ਹਜ਼ਾਰ ਤਕ ਸਾਰੀ ਫੌਜ ਹੋ ਗਈ, ਪਰ ਗੁਰੂ ਕੇ ਸਿੰਘਾਂ ਦੀ ਗਿਣਤੀ ਕੇਵਲ ਸੱਤ ਹਜ਼ਾਰ ਦੇ ਲਗ ਪਗ ਹੀ ਸੀ। ਪਹਾੜੀ ਰਾਜਿਆਂ ਨੇ ਜਮਤੁੱਲੇ ਨਾਮੀ ਰੰਘੜ ਸਰਦਾਰ ਨੂੰ ਭੀ ਆਪਣੀ ਮਦਦ ਲਈ ਬੁਲਾ ਲਿਆ, ਜੋ ਹਜ਼ਾਰਾਂ ਹੀ ਆਪਣੇ ਸਾਥੀਆਂ ਤੇ ਰਿਸ਼ਤੇਦਾਰਾਂ ਸਮੇਤ ਉਨ੍ਹਾਂ ਨਾਲ ਆ ਰਲਿਆ। ਪੂਰੀ ਤਿਆਰੀ ਕਰ ਕੇ ਰਾਜਿਆਂ ਨੇ ਗੁਰੂ ਜੀ ਨੂੰ ਸੁਨੇਹਾ ਭੇਜਿਆ ਕਿ ਜੇ ਤਾਂ ਸਾਡੀ ਪਰਜਾ ਬਣ ਕੇ ਰਹਿਣਾ ਹੈ ਤਾਂ ਏਥੇ ਰਹੋ ਨਹੀਂ ਤਾਂ ਏਥੋਂ ਕੂਚ ਕਰ ਜਾਓ। ਗੁਰੂ ਜੀ ਨੇ ਜਵਾਬ ਦਿਤਾ, 'ਪਰਜਾ ਤਾਂ ਅਸੀਂ ਅਕਾਲ ਪੁਰਖ ਦੀ ਬਣ ਕੇ ਰਹਿਣਾ ਹੈ, ਬਾਕੀ ਹੋਰ ਸਾਨੂੰ ਕਿਸੇ ਦਾ ਡਰ ਨਹੀਂ।'

ਗੁਰੂ ਜੀ ਨੇ ਉਤਰ ਭੇਜਦੇ ਹੀ ਸਭ ਸਿੰਘਾਂ ਵਿਚ ਗੋਲਾ ਬਾਰੂਦ ਵਰਤਾ ਦਿਤਾ। ਸਭੇ ਪਿਆਰਿਆਂ ਤੇ ਭਾਈ ਦਯਾ ਸਿੰਘ ਦੀ ਕਮਾਨ ਹੇਠ ਲੋਹ ਗੜ੍ਹ ਦਾ ਕਿਲ੍ਹਾ ਸੰਭਾਲ ਦਿਤਾ ਤੇ ਫਤਹ ਗੜ੍ਹ ਕਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਸੌਂਪ ਦਿਤਾ। ਆਪ ਗੁਰੂ ਜੀ ਅਨੰਦਗੜ੍ਹ ਦੇ ਕਿਲ੍ਹੇ ਵਿਚ ਤਿਆਰ-ਬਰ ਤਿਆਰ ਹੋ ਬੈਠੇ। ਏਨੇ ਨੂੰ ਪਹਾੜੀ ਦਲ ਬਿਲਕੁਲ ਨੇੜੇ ਆਣ ਢੁੱਕਾ। ਦੁਸ਼ਮਨ ਨੂੰ ਨੇੜੇ ਆਏ ਦੇਖ ਕੇ ਭਾਈ ਉਦੇ ਸਿੰਘ ਤੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਨ ਵਿਚ ਚਾਰ ਹਜ਼ਾਰ ਸਿੰਘਾਂ ਨੇ ਕਿਲ੍ਹੇ ਵਿਚੋਂ ਨਿਕਲ ਕੇ ਅਗੇ ਵਧ ਕੇ ਪਹਾੜੀ ਫੌਜਾਂ ਤੇ ਹਮਲਾ ਕਰ ਦਿਤਾ ਤੇ ਘਮਸਾਨ ਦਾ ਜੰਗ ਸ਼ੁਰੂ ਹੋ ਗਿਆ। ਤੀਰਾਂ, ਗੋਲੀਆਂ ਦੀ ਵਰਖਾ ਹੋਣ ਲਗੀ। ਸਿੰਘ ਏਨੇ ਵਧੇ ਕਿ ਭਾਈ ਉਦੇ ਸਿੰਘ, ਆਲਮ ਸਿੰਘ, ਬਚਿੱਤਰ ਸਿੰਘ ਆਦਿ ਯੋਧਿਆਂ ਨੇ ਅਗਲੇ ਪਹਾੜੀ ਫੌਜਾਂ ਦੇ ਮੋਰਚਿਆਂ ਵਿਚ ਦਾਖਲ ਹੋ ਕੇ ਹਲਾ-ਹੂਲ ਮਚਾ ਦਿਤੀ। ਜਮਤੁੱਲਾ, ਜੋ ਰੰਘੜਾਂ ਦਾ ਸਰਦਾਰ ਸੀ, ਪਹਾੜੀ ਰਾਜਿਆਂ ਦਾ ਤੇਜ ਕੀਤਾ ਤੇ ਜੋਸ਼ ਵਿਚ ਲਿਆਂਦਾ ਇਸ ਸਮੇਂ ਅਗੇ ਵਧ ਕੇ ਡਾਢਾ ਭਿੜਿਆ। ਇਸ ਨੇ ਬੜੇ ਸਿੰਘਾਂ ਨੂੰ ਸ਼ਹੀਦ ਕੀਤਾ, ਜਮਤੁੱਲੇ ਨੂੰ ਵਧਦਾ ਵੇਖ ਕੇ ਪਹਾੜੀਏ ਵੀ ਸਾਰਾ ਜ਼ੋਰ ਲਾ ਕੇ ਅਗੇ ਵਧੇ ਤੇ ਇਸ ਸਮੇਂ ਇਕ

ਵਾਰ ਸਿੰਘਾਂ ਦੇ ਪੈਰ ਹਿਲ ਗਏ। ਇਹ ਵੇਖ ਕੇ ਝਟ ਹੀ ਲੋਹ ਗੜ੍ਹ ਵਲੋਂ ਭਾਈ ਉਦੇ ਸਿੰਘ ਤੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਬਹਾਦਰ ਸਿੰਘਾਂ ਸਮੇਤ ਦੂਜੇ ਪਾਸਿਓਂ ਹਟ ਕੇ ਇਸੇ ਮੋਰਚੇ ਵਲ ਧਾਈ ਕਰ ਕੇ ਆ ਪਏ। ਸੋ ਐਸੀ ਜਮ ਕੇ ਲੜਾਈ ਹੋਈ ਕਿ ਲਹੂ ਦੇ ਪਰਨਾਲੇ ਵਗ ਪਏ, ਲੋਥ ਤੇ ਲੋਥ ਚੜ੍ਹ ਗਈ। ਭਾਈ ਉਦੇ ਸਿੰਘ ਦੀ ਮਦਦ ਲਈ ਕਿਲ੍ਹੇ ਵਿਚੋਂ ਗੁਰੂ ਜੀ ਦੇ ਤੀਰ ਵੀ ਇਸ ਪਾਸੇ ਬੜੀ ਤੇਜ਼ੀ ਨਾਲ ਆ ਰਹੇ ਸਨ। ਬਹਾਦਰ ਭਾਈ ਉਦੇ ਸਿਘ ਤਾਂ ਤੀਰ ਚਲਾਉਂਦੇ ਜਮਤੁੱਲੇ ਦੇ ਨੇੜੇ ਜਾ ਪੁਜੇ ਤੇ ਉਸਦੇ ਮੋਟੇ ਤੇ ਪਲੇ ਹੋਏ ਸਰੀਰ ਨੂੰ ਤੀਰ ਮਾਰਕੇ ਵਿੰਨ੍ਹ ਦਿਤਾ ਤੇ ਉਸ ਨੂੰ ਰਣ-ਮੈਦਾਨ ਵਿਚ ਢੇਰੀ ਕਰ ਦਿਤਾ। ਰਾਤ ਲੰਘ ਗਈ, ਦਿਨ ਚੜ੍ਹੇ ਫਿਰ ਜੰਗ ਸ਼ੁਰੂ ਹੋ ਗਈ।

ਦੂਜੇ ਦਿਨ ਲੋਅ ਲਗਦੇ ਹੀ ਪਹਾੜੀ ਸੈਨਾ ਫਿਰ ਅਗੇ ਵਧੀ ਤੇ ਕਿਲ੍ਹਿਆਂ ਦੇ ਨੇੜੇ ਆਣ ਢੁਕੀ। ਗੁਰੂ ਜੀ ਨੇ ਰਾਤ ਸਮੇਂ ਕਿਲ੍ਹਿਆਂ ਦੀਆਂ ਬੁਰਜੀਆਂ ਉਤੇ ਤੋਪਾਂ ਤੇ ਰਹਿਕਲੇ ਫਿਟ ਕਰਵਾ ਦਿਤੇ ਸਨ ਤੇ ਹੁਣ ਜਦ ਪਹਾੜੀਏ ਅਗੇ ਵਧੇ ਆਉਂਦੇ, ਉਨ੍ਹਾਂ ਦੀ ਮਾਰ ਥੱਲੇ ਠੀਕ ਦੇਖੇ ਤਾਂ ਝਟ ਹੀ ਤੋਪਾਂ ਤੇ ਰਹਿਕਲਿਆਂ (ਛੋਟੀਆਂ ਤੋਪਾਂ) ਨੇ ਗੋਲੇ ਦਾਗਣੇ ਸ਼ੁਰੂ ਕਰ ਦਿਤੇ। ਜਿਹੜੇ ਤੋਪਾਂ ਦੀ ਮਾਰ ਤੋਂ ਅਗੇ ਵਧ ਆਏ ਸਨ, ਉਹ ਸਿੰਘਾਂ ਦੀਆਂ ਬੰਦੂਕਾ ਤੇ ਤੀਰਾਂ ਦਾ ਸ਼ਿਕਾਰ ਹੋਣ ਲਗੇ। ਘੰਟੇ ਅਧ ਘੰਟੇ ਵਿਚ ਹੀ ਪਹਾੜੀਏ ਹਜ਼ਾਰਾਂ ਸਿਪਾਹੀ ਮਰਵਾ ਕੇ ਪਿਛੇ ਹਟ ਗਏ ਕਿ ਗੁਰੂ ਕੋਲ ਤੋਪਾਂ ਕਿਥੋਂ ਆ ਗਈਆਂ। ਸਾਨੂੰ ਪਤਾ ਹੁੰਦਾ ਤਾਂ ਅਸੀਂ ਵੀ ਤੋਪਾਂ ਲੈ ਆਉਂਦੇ। ਪਹਾੜੀਏ ਜੋ ਚਾਹੁੰਦੇ ਸਨ, ਉਹ ਹੁੰਦਾ ਨਹੀਂ ਸੀ। ਸਗੋਂ ਉਨ੍ਹਾਂ ਦਾ ਨੁਕਸਾਨ ਵਧੇਰੇ ਹੋ ਰਿਹਾ ਸੀ, ਇਹੋ ਸੋਚਾਂ ਸਾਰੀ ਰਾਤ ਸੋਚਦੇ ਰਹੇ ਤੇ ਅਖੀਰ ਤੀਜੇ ਦਿਨ ਲਈ ਖਾਸ ਪ੍ਰੋਗਰਾਮ ਬਣਾ ਲਿਆ।

## ਦੁਨੀ ਚੰਦ ਦਾ ਨੱਸਣਾ ਤੇ ਭਾਈ ਬਚਿੱਤਰ ਸਿੰਘ ਦੀ ਬਹਾਦਰੀ

ਪਹਾੜੀ ਰਾਜਿਆਂ ਨੇ ਸਲਾਹ ਪਕਾਈ ਸੀ ਕਿ ਸਵੇਰੇ ਹੀ ਇਕ ਹਾਥੀ ਨੂੰ ਲੋਹੇ ਨਾਲ ਮੜ੍ਹ ਕੇ, ਸ਼ਰਾਬ ਪਿਲਾ ਕੇ, ਬਦਮਸਤ ਕਰ ਕੇ ਗੁਰੂ ਜੀ ਦੇ ਖਾਸ ਕਿਲ੍ਹੇ ਅਨੰਦਗੜ੍ਹ ਭੇਜ ਕੇ, ਉਸ ਤੋਂ ਟੱਕਰਾਂ ਮਰਵਾ ਕੇ ਕਿਲ੍ਹੇ ਦਾ ਦਰਵਾਜ਼ਾ ਤੁੜਵਾਇਆ ਜਾਵੇ। ਇਹ ਖਬਰ ਸਿੰਘ ਸੂਹੀਆਂ ਨੂੰ ਮਿਲੀ ਤੇ ਉਹਨਾ ਨੇ ਸਤਿਗੁਰੂ ਜੀ ਤਕ ਪੁਚਾ ਦਿਤੀ। ਸਤਿਗੁਰੂ ਜੀ ਨੇ ਖਬਰ ਸੁਣਦੇ ਹੀ

ਕਿਹਾ- ਕਿਉਂ ਚਿੰਤਾ ਕਰਦੇ ਹੋ, ਸਾਡੇ ਪਾਸ ਵੀ ਹਾਥੀ ਹੈ, ਅਸੀਂ ਉਸ ਨੂੰ ਮੁਕਾਬਲੇ ਤੇ ਭੇਜਾਂਗੇ। ਗੁਰੂ ਕਾ ਹਾਥੀ ਕੌਣ ਸੀ? ਇਹ ਉਨ੍ਹਾਂ ਦੇ ਸਾਹਮਣੇ ਹੀ ਖੜਾ ਦੁਨੀ ਚੰਦ ਮਸੰਦ ਸੀ, ਜੋ ਹਾਥੀ ਵਾਂਗ ਬਹੁਤ ਹੀ ਮੋਟਾ ਤਾਜ਼ਾ ਸੀ। ਮਸੰਦਾਂ ਨੂੰ ਸਜ਼ਾਵਾਂ ਦੇਣ ਸਮੇਂ ਇਸ ਨੂੰ ਗੁਰੂ ਜੀ ਨੇ ਬਖਸ਼ ਦਿਤਾ ਸੀ। ਇਹ ਪਰਮ-ਸਿਖ ਭਾਈ ਸਾਹਲੋ ਦਾ ਪੋਤਰਾ ਸੀ, ਜੋ ਗੁਰੂ ਰਾਮਦਾਸ, ਗੁਰੂ ਅਰਜਨ ਦੇਵ ਤੇ ਗੁਰੁ ਹਰਗੋਬਿੰਦ ਸਾਹਿਬ ਜੀ ਵੇਲੇ ਵੱਡਾ ਗੁਰਸਿਖ ਸੇਵਕ ਹੋ ਗੁਜਰਿਆ ਸੀ।

ਜਿਉਂ ਹੀ ਗੁਰੂ ਜੀ ਨੇ ਬਚਨ ਕਰ ਕੇ ਉਸ ਨੂੰ 'ਸਾਡਾ ਹਾਥੀ' ਕਿਹਾ, ਉਸ ਦੀ ਖਾਨਿਓਂ ਗਈ। ਗੁਰੂ ਜੀ ਮੈਨੂੰ ਮਰਵਾਉਣਾ ਚਾਹੁੰਦੇ ਹਨ, ਇਹ ਖਿਆਲ ਉਹ ਕਈਆਂ ਨਾਲ ਪਰਗਟਾਉਂਦਾ ਉਸੇ ਵੇਲੇ ਉਥੇ ਜਾ ਪੁਜਾ, ਜਿਥੇ ਉਸ ਦੇ ਨਾਲ ਆਏ ਸਿੰਘਾਂ ਦਾ ਡੇਰਾ ਸੀ। ਉਨ੍ਹਾਂ ਨੂੰ ਜਾਂਦੇ ਹੀ ਕਹਿਣ ਲਗਾ- 'ਮੈਂ ਗਲਤੀ ਕੀਤੀ, ਤੁਹਾਨੂੰ ਨਾਲ ਲੈ ਆਇਆ। ਏਥੋਂ ਕੋਈ ਵੀ ਬਚ ਕੇ ਨਹੀਂ ਜਾਏਗਾ। ਅਜ ਕਿਲ੍ਹੇ ਦਾ ਦਰਵਾਜ਼ਾ ਟੁਟਦੇ ਹੀ ਅਸੀਂ ਫੜੇ ਜਾਂ ਮਾਰੇ ਜਾਵਾਂਗੇ। ਇਸ ਲਈ ਦੇਰ ਨਾ ਕਰੋ, ਨਿਕਲ ਚਲੋ, ਜੇ ਬਚਣਾ ਹੈ।' ਸਤਿਕਾਰ ਵਾਲਾ ਮਸੰਦ ਸੀ, ਸਿੰਘ ਜੋ ਉਸ ਦੇ ਨਾਲ ਆਏ ਸਨ, ਉਹ ਉਸ ਦੇ ਅਸਰ ਹੇਠ ਸਨ, ਇਸ ਲਈ ਉਹ ਨਾਂਹ ਨਾ ਕਰ ਸਕੇ, ਪਰ ਕਹਿਣ ਲਗੇ, 'ਜਾਓਗੇ ਕਿਥੋਂ ਦਰਵਾਜ਼ਾ ਤਾਂ ਬੰਦ ਹੈ।' ਕੋਈ ਗੱਲ ਨਹੀਂ, ਕੰਧ ਟਪ ਚਲੋ, ਪਰ ਦਿਨ ਚੜ੍ਹਨ, ਚਾਨਣਾ ਹੋਣ ਤੋਂ ਪਹਿਲੇ ਪਹਿਲ ਨਿਕਲ ਚਲੋ।

ਇਹ ਖਬਰ ਰਾਤ ਸਮੇਂ ਹੀ ਸੂਹੀਆਂ ਨੇ ਪਹੁੰਚਾਈ ਸੀ ਤੇ ਉਸੇ ਰਾਤ ਹੀ, ਹਨੇਰੇ ਵਿਚ, ਦੁਨੀ ਚੰਦ ਨੇ ਕੰਧ ਟੱਪ ਕੇ ਨੱਸ ਜਾਣ ਦਾ ਫੈਸਲਾ ਕਰ ਲਿਆ, ਪਰ ਜਿਸ ਮੌਤ ਤੋਂ ਬਚਣ ਲਈ ਉਹ ਨੱਸਣ ਲਗਾ, ਉਹ ਉਸ ਨੂੰ ਉਸ ਦੇ ਘਰ ਉਡੀਕ ਰਹੀ ਸੀ। ਰੱਸਾ ਲਿਆਂਦਾ ਗਿਆ ਤੇ ਉਸ ਦੇ ਸਾਥੀ ਇਕ ਇਕ ਕਰ ਕੇ ਸੁਖੈਨ ਹੀ ਝਟਾ ਪਟ ਕਿਲ੍ਹੇ ਦੀ ਕੰਧ ਟਪ ਗਏ, ਪਰ ਕਾਇਰ ਬਣ ਕੇ ਮਰਨ ਵਾਲਾ ਦੂਨੀ ਚੰਦ ਦੀ ਏਥੇ ਹੀ ਬਦਸਗਨੀ ਹੋ ਗਈ। ਉਹ ਬਹੁਤ ਭਾਰੀ ਸੀ, ਹੋਰ ਤਾਂ ਰੱਸੇ ਨਾਲ ਲਮਕ ਕੇ ਤੇ ਨਿਕਲ ਗਏ, ਪਰ ਜਦ ਇਹ ਲਮਕਿਆ ਤਾਂ ਇਸ ਦੇ ਭਾਰ ਨਾਲ ਰੱਸਾ ਟੁਟ ਗਿਆ ਤੇ ਇਹ ਘੜੰਮ ਥੱਲੇ ਜਾ ਡਿੱਗਾ। ਡਿਗਦੇ ਹੀ ਬੇਮੁਖ ਦੀ ਲੱਤ ਟੁਟ ਗਈ ਤੇ 'ਹਾਏ ਹਾਏ' ਕਰਨ ਲਗਾ, ਪਰ ਹੁਣ ਕੀ ਬਣ ਸਕਦਾ ਸੀ। ਸਾਥੀਆਂ ਨੇ ਸਹਾਰਾਂ ਦੇ ਕੇ

ਅਨੰਦਪੁਰ ਦੀ ਹੱਦ ਵਿਚੋਂ ਭਾਰੇ ਸਰੀਰ ਵਾਲੇ ਦੁਨੀ ਚੰਦ ਨੂੰ ਮਸਾਂ ਹੀ ਲਿਆਂਦਾ, ਪਰ ਅਗੋਂ ਉਨ੍ਹਾਂ 'ਹਾਏ ਹਾਏ' ਕਰਦੇ ਦੁਨੀ ਚੰਦ ਨੂੰ ਮੰਜੀ ਤੇ ਪਾ ਕੇ ਅੰਮ੍ਰਿਤਸਰ ਚੁਕ ਲਿਆਂਦਾ। ਉਹ ਧੁਰ ਅੰਦਰ ਤੇ ਹਨੇਰੇ ਕਮਰੇ ਵਿਚ ਲੇਟ ਗਿਆ। ਉਹ ਹਰ ਸਮੇਂ ਅੰਦਰ ਹੀ ਰਹੇ ਤੇ ਸ਼ਰਮ ਦਾ ਮਾਰਿਆ ਕਿਸੇ ਦੇ ਮੱਥੇ ਨਾ ਲੱਗੇ। ਪਰ ਕਾਲ ਸੱਪ ਦਾ ਰੂਪ ਬਣਕੇ ਉਥੇ ਹੀ ਉਸ ਦੀ ਜਾਨ ਲੈਣ ਲਈ ਆ ਪੁਜਾ। ਉਸ ਦੀ ਦਰਦ ਨਾਲ ਜਾਨ ਨਿਕਲ ਰਹੀ ਸੀ। ਪਿਸ਼ਾਬ ਕਰਨ ਲਈ ਉਸ ਮੰਜੇ ਤੋਂ ਥੱਲੇ ਪੈਰ ਰੱਖਿਆ ਹੀ ਸੀ ਕਿ ਜ਼ਹਿਰੀ ਸੱਪ ਨੇ ਹਨੇਰੇ ਵਿਚ ਪੈਰ ਤੇ ਡੰਗ ਮਾਰਿਆ। ਡੰਗ ਵਜਦੇ ਹੀ 'ਹਾਏ, ਮੈਨੂੰ ਕੁਝ ਲੜ ਗਿਆ!' ਕਹਿੰਦਾ ਉਹ ਪੈਰ ਫੜ ਕੇ ਥੱਲੇ ਬਹਿ ਗਿਆ ਤੇ ਮਿੰਟਾਂ ਵਿਚ ਹੀ ਦਰਦ ਦੇ ਦੁਖ ਨਾਲ ਕਰਾਹ ਰਹੀ ਜਾਨ ਨੂੰ ਖਲਾਸੀ ਮਿਲ ਗਈ।

ਓਧਰ ਜਦੋਂ ਗੁਰੂ ਜੀ ਨੂੰ ਖਬਰ ਮਿਲੀ ਕਿ ਦੁਨੀ ਚੰਦ ਨੱਸ ਗਿਆ ਹੈ ਤਾਂ ਸਤਿਗੁਰੂ ਜੀ ਸੁਭਾਵਕ ਹੀ ਬਚਨ ਕੀਤਾ–'ਜਿਸ ਮੌਤ ਤੋਂ ਡਰਦਾ ਨੱਠਾ ਹੈ ਉਹ ਮੌਤ ਤਾਂ ਉਸ ਨੂੰ ਉਥੇ ਹੀ ਉਡੀਕ ਰਹੀ ਹੈ।' ਸੋ ਇਸ ਤਰ੍ਹਾਂ ਦੁਨੀ ਚੰਦ ਨੇ ਭਾਈ ਸਾਹਲੋ ਦੀ ਕੁਲ ਨੂੰ ਕਲੰਕ ਲਾ ਦਿਤਾ ਤੇ ਇਹ ਗੱਲ ਬੱਚੇ ਬੱਚੇ ਦੀ ਜ਼ਬਾਨ ਤੇ ਆ ਗਈ।

ਏਧਰ ਅਨੰਦਪੁਰ ਵਿਚ ਗੁਰੂ ਜੀ ਨੇ ਆਪਣੇ ਸੂਰਬੀਰ ਬਹਾਦਰ ਭਾਈ ਬਚਿਤਰ ਸਿੰਘ ਨੂੰ ਥਾਪੜਾ ਦਿਤਾ। ਨਾਗਣੀ ਬਰਛਾ (ਤਿਖੀ ਤੇ ਵਲਾਂ ਵਾਲੀ ਨੋਕ ਵਾਲਾ) ਭਾਈ ਬਚਿਤਰ ਸਿੰਘ ਨੂੰ ਦੇ ਕੇ ਮਸਤ ਹਾਥੀ ਦਾ ਮੁਕਾਬਲਾ ਕਰਨ ਲਈ ਭੇਜ ਦਿਤਾ। ਓਧਰੋਂ ਹਾਥੀ ਨੂੰ ਘੜਾ ਸ਼ਰਾਬ ਦਾ ਪਿਆ ਕੇ ਨਸ਼ੀਲਾ ਕਰ ਦਿਤਾ ਗਿਆ। ਉਸ ਦੇ ਉਪਰ ਤੇ ਆਸਾ ਪਾਸਾ ਸਾਰਾ ਹੀ ਲੋਹੇ ਨਾਲ ਤੇ ਲੋਹੇ ਦੇ ਜਾਲ (ਸੰਜੋਆਂ) ਨਾਲ ਮੜ੍ਹ ਦਿਤਾ ਗਿਆ ਤਾਂ ਕਿ ਤੀਰ ਤੇ ਬੰਦੂਕ ਦੀ ਗੋਲੀ ਤੋਂ ਬਚਦਾ ਇਹ ਕਿਲ੍ਹੇ ਦੇ ਦਰਵਾਜੇ ਅੱਪੜ ਜਾਏ। ਉਸ ਦੇ ਮੱਥੇ ਉਤੇ ਕਈ ਲੋਹੇ ਦੇ ਤਵੇ ਬੰਨ੍ਹੇ ਗਏ ਸਨ, ਜਿਨ੍ਹਾਂ ਦੀਆਂ ਟੱਕਰਾਂ ਮਾਰ ਮਾਰ ਕੇ ਹਾਥੀ ਲੱਕੜ ਦੇ ਦਰਵਾਜ਼ੇ ਨੂੰ ਤੋੜ ਦੇਵੇ। ਹਾਥੀ ਦੀ ਸੁੰਢ ਵਿਚ ਤਲਵਾਰ ਪਕੜਾ ਦਿਤੀ ਗਈ ਕਿ ਉਸ ਦੀ ਤਲਵਾਰ ਨੇੜੇ ਆਉਣ ਵਾਲੇ ਨੂੰ ਸੁਖੈਨ ਹੀ ਟੁਕੜੇ ਟੁਕੜੇ ਕਰ ਦੇਵੇ। ਇਉਂ ਹਾਥੀ ਨੂੰ ਪੂਰੀ ਤਰ੍ਹਾਂ ਜੰਗੀ ਬਣਾ ਕੇ ਕਿਲ੍ਹੇ ਵਲ ਤੋਰ ਦਿਤਾ ਗਿਆ। ਰਾਜਾ ਕੇਸਰੀ ਚੰਦ (ਭੀਮ ਚੰਦ ਦਾ ਸਾਲਾ) ਬੜੇ ਹੰਕਾਰ ਨਾਲ ਘੋੜੇ ਤੇ ਸਵਾਰ

ਹੋ, ਬਹੁਤ ਵੱਡੀ ਫੌਜ ਲੈ ਕੇ ਹਾਥੀ ਦੇ ਮਗਰ ਮਗਰ ਹੀ ਅਗੇ ਵਧਦਾ ਚਲਾ ਆਇਆ। ਕਿਲ੍ਹੇ ਦੇ ਬਾਹਰ, ਜਿਥੇ ਸਿੰਘਾਂ ਦੇ ਮੋਰਚੇ ਸਨ, ਹਾਥੀ ਜਦ ਵਧਦਾ ਵਧਦਾ ਇਨ੍ਹਾਂ ਮੋਰਚਿਆਂ ਦੇ ਬਿਲਕੁਲ ਹੀ ਉਪਰ ਆ ਚੜ੍ਹਿਆ ਤਾਂ ਏਧਰੋਂ ਝਟ ਹੀ ਭਾਈ ਬਚਿਤਰ ਸਿੰਘ ਜੀ ਗੁਰੂ ਜੀ ਦੀ ਆਗਿਆ ਤੇ ਆਸ਼ੀਰਵਾਦ ਪ੍ਰਾਪਤ ਕਰ ਕੇ ਹੱਥ ਵਿਚ ਨਾਗਣੀ ਬਰਛਾ ਸੰਭਾਲੀ ਝਟ ਹੀ ਕਿਲ੍ਹੇ ਦੇ ਦਰਵਾਜ਼ੇ ਨੂੰ ਖੋਲ੍ਹ ਕੇ ਬਾਹਰ ਨਿਕਲੇ। ਭਾਈ ਬਚਿਤਰ ਸਿੰਘ ਜੀ ਦੇ ਨਾਲ ਇਕ ਹਜ਼ਾਰ ਸਿੰਘ ਭਾਈ ਉਦੇ ਸਿੰਘ ਜੀ ਦੀ ਜਥੇਦਾਰੀ ਹੇਠ ਕੇਸਰੀ ਸਿੰਘ ਦਾ ਮੁਕਾਬਲਾ ਕਰਨ ਲਈ ਭੇਜਿਆ। ਕੇਸਰੀ ਚੰਦ ਨੇ ਅਜ ਹਾਥੀ ਦੇ ਮਗਰ ਤੁਰਨ ਸਮੇਂ ਸਹੁੰ ਖਾਧੀ ਸੀ ਕਿ ਜਾਂ ਗੁਰੂ ਨੂੰ ਮਾਰ ਕੇ ਫਤਹ ਪ੍ਰਾਪਤ ਕਰਾਂਗਾ ਜਾਂ ਮਰਾਂਗਾ।

ਸਤਿਗੁਰੂ ਜੀ ਨੇ ਇਕੋ ਹੀ ਥਾਪੜਾ ਦੇ ਕੇ ਉਹ ਸ਼ਕਤੀ ਤੇ ਬਲ ਦੇ ਦਿਤਾ ਸੀ ਕਿ ਲੋਹੇ ਨੂੰ ਵੀ ਤੋੜਨ ਤੇ ਕੱਟ ਦੇਣ ਵਾਲਾ ਸੀ। ਉਸ ਦਾ ਘੋੜਾ ਵੀ ਸਵਾਰ ਹੁੰਦੇ ਹੀ ਮਹਾਨ ਬਲ ਵਾਲਾ ਹੋ ਗਿਆ ਤੇ ਏਨੀਆ ਛਾਲਾਂ ਮਾਰ ਮਾਰ ਏਧਰ ਉਧਰ ਦੌੜਨ ਲੱਗਾ ਕਿ ਜਿਵੇਂ ਛਾਲ ਮਾਰ ਕੇ ਹਾਥੀ ਦੇ ਉਪਰ ਹੀ ਜਾ ਚੜ੍ਹੇਗਾ। ਸੋ ਕਿਲ੍ਹਿਓਂ ਨਿਕਲਦੇ ਹੀ ਸਿੰਘਾਂ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛਡੇ ਤੇ ਸਿਧੇ ਹਾਥੀ ਵਲ ਹੀ ਹੋ ਪਏ। ਹਾਥੀ ਅੰਨ੍ਹੇ ਹੋਏ ਸ਼ਰਾਬੀ ਵਾਂਗ ਗੋਲੀਆਂ ਤੀਰਾਂ ਨਾਲ ਟਕਰਾਉਂਦਾ ਅਗੇ ਵਧਦਾ ਆ ਰਿਹਾ ਸੀ ਤੇ ਸਿੰਘ ਚਾਹੁੰਦੇ ਸਨ ਕਿ ਇਸ ਨੂੰ ਕਿਲ੍ਹੇ ਤੋਂ ਦੂਰ ਹੀ ਰੋਕ ਦਿਤਾ ਜਾਏ। ਸੋ ਗੁਰੂ ਕਾ ਬੀਰ ਬਹਾਦਰ ਬਚਿਤਰ ਸਿੰਘ ਬਰਛੇ ਨੂੰ ਸੰਭਾਲਦਾ ਅਗੇ ਵਧਿਆ। ਹਾਥੀ ਦੇ ਮੱਥੇ ਤੇ ਮੋਟੇ ਮੋਟੇ ਸੱਤ ਤਵੇ ਬੰਨ੍ਹੇ ਹੋਏ ਸਨ ਪਰ ਗੁਰੂ ਜੀ ਦੇ ਬਖਸ਼ੇ ਬਰਛੇ ਨੂੰ ਜਾਂਦੇ ਹੀ ਹਾਥੀ ਦੇ ਮੱਥੇ ਵਿਚ ਐਸੇ ਜ਼ੋਰ ਨਾਲ ਮਾਰਿਆ ਕਿ ਸੱਤੇ ਤਵੀਆਂ ਨੂੰ ਵਿੰਨ੍ਹ ਕੇ ਬਰਛਾ ਹਾਥੀ ਦੇ ਮੱਥੇ ਵਿਚ ਜਾ ਖੁਭਿਆ। ਮਨੁੱਖ ਦੀ ਸ਼ਕਤੀ ਨਹੀਂ ਕਿ ਅੱਧੇ ਫੁਟ ਤੋਂ ਜ਼ਿਆਦਾ ਮੋਟੇ ਲੋਹੇ ਨੂੰ ਵਿੰਨ੍ਹ ਸਕੇ, ਪਰ ਗੁਰੂ ਜੀ ਦੇ ਹੱਥ ਦੇ ਬਖਸ਼ੇ ਬਰਛੇ ਨੇ ਲੋਹਾ ਵਿੰਨ੍ਹ ਕੇ ਅਗੇ ਹਾਥੀ ਦਾ ਮੱਥਾ ਵੀ ਵਿੰਨ੍ਹ ਦਿਤਾ। ਮੱਥੇ ਤਕ ਧਸੇ ਬਰਛੇ ਨੂੰ ਬਾਹਰ ਕੱਢਣਾ ਤਾਂ ਓਦੋਂ ਵੀ ਔਖਾ ਸੀ, ਪਰ ਜੋਸ਼ ਵਿਚ ਰੱਤੇ ਭਾਈ ਬਚਿਤਰ ਸਿੰਘ ਨੇ ਖੁਭਿਆ ਬਰਛਾ ਪੁਟ ਲਿਆ ਤੇ ਬਾਹਰ ਖਿਚ ਲਿਆ। ਹਾਥੀ ਦੇ ਮੱਥੇ ਵਿਚੋਂ ਲਹੂ ਵਗ ਤੁਰਿਆ। ਉਸ ਦੀ ਸ਼ਰਾਬ ਲੱਥ ਗਈ ਤੇ

ਹੁਣ ਉਹ ਪੀੜ ਨਾਲ ਵਿਆਕੁਲ ਹੋ ਕੇ ਚਿੰਘਾੜਿਆਂ ਤੇ ਉਥੋਂ ਪਿਛੇ ਮੁੜ ਪਿਆ। ਪਿਛੇ ਪਿਛੇ ਉਸ ਦੇ ਪਹਾੜੀ ਫੌਜਾਂ ਦਾ ਕਟਕ ਸੀ, ਇਹ ਹਾਥੀ ਹੁਣ ਉਨ੍ਹਾਂ ਨੂੰ ਹੀ ਤਲਵਾਰ ਨਾਲ ਕੱਟਣ ਤੇ ਪੈਰਾਂ ਨਾਲ ਦਲਨ ਮਲਨ ਲੱਗਾ। ਹਾਥੀ ਉਤੇ ਰਥਵਾਨ ਸੀ, ਉਸ ਨੂੰ ਵੀ ਸਿੰਘਾਂ ਮਾਰ ਕੇ ਥੱਲੇ ਸੁਟ ਦਿਤਾ। ਹੁਣ ਪਹਾੜੀਆਂ ਨੂੰ ਲੈਣੇ ਦੇ ਦੇਣੇ ਪੈ ਗਏ। ਕੇਸਰੀ ਚੰਦ ਦੇ ਮਰਦੇ ਹੀ ਪਹਾੜੀਆਂ ਦੇ ਹੌਂਸਲੇ ਟੁਟ ਗਏ ਸਨ ਤੇ ਇਸ ਲੜਾਈ ਵਿਚ ਉਨ੍ਹਾਂ ਦਾ ਵਡਾ ਜਾਨੀ ਨੁਕਸਾਨ ਹੋਇਆ।

**ਪਹਾੜੀਆਂ ਨੇ ਅਨੰਦਪੁਰ ਨੂੰ ਘੇਰਾ ਪਾਉਣਾ**

ਰੋਜ਼ ਦੀ ਕਟਾ-ਵੱਢ ਤੋਂ ਤੰਗ ਆਏ ਰਾਜੇ ਇਹ ਸਲਾਹਾਂ ਕਰਨ ਲੱਗੇ ਕਿ ਬਾਦਸ਼ਾਹੀ ਫੌਜ ਮੰਗਵਾ ਕੇ ਅਨੰਦਪੁਰ ਨੂੰ ਪੱਕਾ ਘੇਰ ਪਵਾ ਦੇਈਏ ਤਾਂ ਭੁਖੇ ਮਰਦੇ ਸਿਖ ਤੇ ਗੁਰੂ ਆਪੇ ਹੀ ਕਿਲ੍ਹਾ ਛੱਡ ਕੇ ਚਲੇ ਜਾਣਗੇ।  ਚਾਤਰ ਤੇ ਕਪਟੀ ਪੰਮੇ ਵਜ਼ੀਰ ਨੇ ਇਕ ਸਲਾਹ ਦੇਂਦਿਆਂ ਕਿਹਾ-ਜੇ ਮੇਰੀ ਸਲਾਹ ਮੰਨੋ ਤਾਂ ਇਸ ਦਾ ਹੱਲ ਜ਼ਰੂਰ ਨਿਕਲ ਆਵੇਗਾ। ਉਸ ਦੀ ਸਲਾਹ ਇਹ ਸੀ - 'ਗੁਰੂ ਧਰਮੀ ਹਨ, ਉਹ ਧਰਮ ਦਾ ਵਾਸਤਾ ਪਾਇਆਂ ਜ਼ਰੂਰ ਹੀ ਸਾਡੀ ਗੱਲ ਮੰਨ ਜਾਣਗੇ। ਅਸੀਂ ਇਕ ਆਟੇ ਦੀ ਗਊ ਬਣਾ ਕੇ ਕਿਲ੍ਹਾ ਲੋਹਗੜ੍ਹ ਦੇ ਅਗੇ, ਰਾਤ ਸਮੇਂ, ਪੋਚਾ ਫੇਰ ਕੇ ਰਖ ਆਈਏ। ਨਾਲ ਲਿਖ ਕੇ ਰਖ ਆਈਏ ਕਿ ਇਸ ਗਊ ਦੀ ਸਾਨੂੰ ਕਸਮ ਹੈ, ਜੇ ਅਸੀਂ ਮੁੜ ਤੁਹਾਡੇ ਨਾਲ ਲੜੀਏ, ਜੇ ਤੁਸੀਂ ਇਕ ਵਾਰ ਇਹ ਥਾਂ ਛਡ ਜਾਓ।'

ਪਰ ਅਖੀਰ ਧਰਮ-ਧੁਰੰਧਰ ਸਤਿਗੁਰੂ ਜੀ ਨੇ ਰਾਜਿਆਂ ਦੇ ਖੋਟ ਨੂੰ ਸਮਝਿਆ ਵੀ ਉਨ੍ਹਾਂ ਨੂੰ ਪਰਖਣਾ ਮਨਜ਼ੂਰ ਕਰ ਕਿਲ੍ਹਾ ਛੱਡਣ ਲਈ ਤਿਆਰ ਹੋ ਗਏ। ਕੁਝ ਜੰਗੀ ਸਿੰਘ ਅਨੰਦਪੁਰ ਦੇ ਕਿਲ੍ਹਿਆਂ ਦੀ ਸੰਭਾਲ ਲਈ ਉਥੇ ਛਡ ਦਿਤੇ। ਇਸ ਤਰ੍ਹਾਂ ਦੇ ਪ੍ਰਬੰਧ ਕਰ ਕੇ ਗੁਰੂ ਜੀ ਬਾਹਰ ਨਿਕਲ ਆਏ।

**ਨਿਰਮੋਹ ਗੜ੍ਹ ਦੀ ਜੰਗ**

ਭਾਵੇਂ ਪਹਾੜੀਆਂ ਨੇ ਆਟੇ ਦੀ ਗਊ ਬਣਾ ਕੇ ਸਹੁੰਆਂ ਖਾਧੀਆਂ ਤੇ ਕਿਲ੍ਹਾ ਛੱਡਣ ਮਗਰੋਂ ਗੁਰੂ ਜੀ ਨੂੰ ਖੁੱਲ੍ਹੇ ਡੁੱਲ੍ਹੇ ਫਿਰਨ ਤੁਰਨ ਦੀਆਂ ਗੱਲਾਂ ਤਾਂ ਕਰਦੇ ਸਨ, ਪਰ ਗੁਰੂ ਜੀ ਦੇ ਕਿਲ੍ਹੇ ਤੋਂ ਬਾਹਰ ਨਿਕਲਦੇ ਹੀ ਬੇਈਮਾਨ ਹੋ ਗਏ। 'ਨਿਰਮੋਹ' ਨਗਰ ਦੋ ਤਿੰਨ ਮੀਲ ਤੇ ਸੀ,

ਅੰਤਰਯਾਮੀ ਗੁਰੂ ਜੀ ਨੇ ਅਨੰਦਪੁਰੋਂ ਨਿਕਲ ਕੇ ਇਥੇ ਆ ਡੇਰਾ ਲਾਇਆ, ਪਰ ਅਜੇ ਡੇਰੇ ਲਾਉਣ ਤੇ ਟਿਕਣ ਦੇ ਸਾਮਾਨ ਹੀ ਹੋ ਰਹੇ ਸਨ ਕਿ ਪਹਾੜੀ ਫੌਜਾਂ ਗਊਆਂ ਦੀਆਂ ਸਹੁੰਆਂ ਤੇ ਇਕਰਾਰ ਭੁਲਾ ਕੇ ਹਨੇਰੀ ਦੀ ਤਰ੍ਹਾਂ ਗੁਰੂ ਜੀ ਵਲ ਵਧ ਤੁਰੀਆਂ। ਗੁਰੂ ਜੀ ਦੇ ਹੁਕਮ ਨਾਲ ਸਿੰਘ ਵੀ ਲੜਨ ਮਰਨ ਲਈ ਤਿਆਰ ਹੋ ਗਏ ਤੇ ਨਗਰ ਦੇ ਉਚੇ ਕੋਠਿਆਂ ਤੇ ਝਟ ਹੀ ਚੜ੍ਹ ਗਏ। ਸੋ ਤੀਰਾਂ ਤੇ ਬੰਦੂਕਾਂ ਦੀ ਜੰਗ ਹੋਣ ਲਗੀ। ਸਿੰਘਾਂ ਦੇ ਤੀਰ ਤੇ ਬੰਦੂਕਾਂ ਉਨ੍ਹਾਂ ਦੇ ਦਲ ਨੂੰ ਨੇੜੇ ਨਹੀਂ ਸੀ ਹੋਣ ਦਿੰਦੇ। ਪਹਾੜੀਆ ਨੇ ਸੂਬਾ ਸਰਹੰਦ ਤੋਂ ਤੋਪਚੀ ਮੰਗਵਾਏ ਹੋਏ ਸਨ ਤੇ ਵਡੀ ਤੋਪ ਵੀ। ਗੁਰੂ ਜੀ ਉਚੀ ਥਾਂ ਬੈਠੇ ਉਨ੍ਹਾਂ ਨੂੰ ਦੂਰੋਂ ਸਾਫ ਨਜ਼ਰ ਆ ਰਹੇ ਸਨ। ਉਨ੍ਹਾਂ ਨੇ ਸਲਾਹ ਕਰ ਗੁਰੂ ਜੀ ਵਲ ਮੂੰਹ ਕਰ ਕੇ ਤੋਪ ਬੀੜ ਦਿਤੀ ਤੇ ਤੋਪਚੀ ਨੇ ਨਿਸ਼ਾਨਾ ਲੈ ਕੇ ਤੋਪ ਦਾਗ ਦਿਤੀ। ਗੁਰੂ ਜੀ ਪਲੰਘ ਤੇ ਬੈਠੇ ਸਨ ਤੇ ਚੌਰ ਬਰਦਾਰ ਚੌਰ ਕਰ ਰਿਹਾ ਸੀ ਕਿ ਤੋਪ ਦੇ ਗੋਲੇ ਨਾਲ ਚੌਰ ਬਰਦਾਰ ਉੱਡ ਗਿਆ। ਇਹ ਵੇਖ ਕੇ ਫਰਤੀਲੇ ਗੁਰੂ ਜੀ ਨੇ ਅਗੇ ਪਿਛੇ ਹੋਣ ਜਾਂ ਡਰਨ ਦੀ ਬਜਾਏ, ਤੀਰ ਕਮਾਨ ਸੰਭਾਲਿਆ ਤੇ ਝਟ ਹੀ ਠੀਕ ਉਸ ਪਾਸੇ ਤੀਰ ਛਡ ਦਿਤਾ, ਜਿਧਰੋਂ ਗੋਲਾ ਆਇਆ ਸੀ। ਤੋਪਚੀ ਦੂਜਾ ਗੋਲਾ ਛਡਣ ਲਈ ਬਾਰੂਦ ਨੂੰ ਅਜੇ ਕੁਟ ਹੀ ਰਿਹਾ ਸੀ ਕਿ ਗੁਰੂ ਜੀ ਦੇ ਤੀਰ ਨੇ ਪਟਕਾ ਕੇ ਸੁਟ ਦਿਤਾ। ਉਸ ਦਾ ਭਰਾ ਵੀ ਤੋਪਚੀ ਹੀ ਸੀ, ਇਹ ਵੇਖ ਕੇ ਉਹ ਭੱਜ ਕੇ ਅਗੇ ਹੋਇਆ, ਪਰ ਉਹ ਅਜੇ ਆ ਕੇ ਤੋਪ ਦੇ ਨੇੜੇ ਖਲੋਤਾ ਹੀ ਸੀ ਕਿ ਗੁਰੂ ਜੀ ਦੇ ਦੂਜੇ ਤੀਰ ਦਾ ਉਹ ਵੀ ਨਿਸ਼ਾਨਾ ਬਣ ਗਿਆ ਤੇ ਤੋਪਚੀ ਬਿਨਾਂ ਤੋਪ ਹੀ ਨਿਕੰਮੀ ਹੋ ਗਈ।

**ਅਨੰਦਪੁਰ ਵਿਚ ਵਡਾ ਜੁੱਧ ਸ਼ੁਰੂ ਹੋਣਾ**

ਔਰੰਗਜ਼ੇਬ ਦੱਖਣ ਵਿਚ ਸੀ, ਓਥੋਂ ਫੁਰਮਾਨ ਜਾਰੀ ਹੋਏ ਤੇ ਸੰਮਤ 176● ਦੇ ਚੇਤ ਵਿਚ ਸ਼ਾਹੀ ਫੌਜਾਂ ਹੜ੍ਹ ਵਾਂਗ ਚੜ੍ਹ ਆਈਆਂ। 3●-35 ਹਜ਼ਾਰ ਦਿਲੀ ਵਲੋਂ ਤੁਰੀ ਤੇ ਇਹ ਖਬਰਾਂ ਸਭ ਪਾਸੇ ਫੈਲ ਗਈਆਂ। ਪਾਣੀਪਤ ਦੇ ਇਕ ਸਿਖ ਨੇ ਬਹੁਤ ਛੇਤੀ ਪੰਧ ਮਾਰ ਕੇ ਗੁਰੂ ਜੀ ਨੂੰ ਇਨ੍ਹਾਂ ਸ਼ਾਹੀ ਫੌਜਾਂ ਦੇ ਆਉਣ ਦੀ ਖਬਰ ਆ ਦਿਤੀ। ਉਸ ਸਮੇਂ ਗੁਰੂ ਜੀ ਨੇ ਵੀ ਸਭ ਸਿੰਘਾਂ ਨੂੰ ਖਬਰਦਾਰ ਕਰ ਦਿਤਾ। ਮੁਖੀ ਸਿੰਘਾਂ ਨੇ ਸਲਾਹ ਦਿੱਤੀ ਕਿ ਇਹਨਾਂ ਨੂੰ ਪਿੱਛੇ ਹੀ

ਰੋਕਣਾ ਚਾਹੀਦਾ ਹੈ। ਗੁਰੂ ਜੀ ਨੇ ਇਹ ਸਲਾਹ ਮੰਨ ਕੇ ਆਗਿਆ ਦਿਤੀ। ਸਿੰਘਾਂ ਨੇ ਤਿੰਨ ਚਾਰ ਮੀਲ ਤੇ ਜਾ ਮੋਰਚੇ ਪੁਟੇ, ਸੈਦ ਬੇਗ ਤੇ ਮੈਮੂ ਖਾਂ ਚਾਰ ਹਜ਼ਾਰ ਸਿੰਘਾਂ ਸਹਿਤ ਮੋਰਚਿਆਂ ਵਿਚ ਆ ਗਏ। ਸੈਦ ਬੇਗ ਮੁਸਲਮਾਨ ਸੀ, ਪਰ ਗੁਰੂ ਕੇ ਸਿੰਘਾਂ ਦੇ ਉਤਸ਼ਾਹ ਤੇ ਰੋਹ ਨੂੰ ਵੇਖ ਵੇਖ, ਉਸ ਨੂੰ ਵੀ ਚਾਉਂ ਚੜ੍ਹ ਗਿਆ ਸੀ ਕਿ ਮੈਂ ਗੁਰੂ ਜੀ ਦੀ ਤਰਫੋਂ ਲੜਦਾ ਸ਼ਹੀਦ ਹੋਵਾਂ, ਬਾਦਸ਼ਾਹੀ ਤਰਫੋਂ ਲੜਦਾ ਮਰ ਜਾਂਦਾ ਤਾਂ ਮੈਂ ਜ਼ਰੂਰ ਹੀ ਦੋਜ਼ਕਾਂ ਦਾ ਭਾਗੀ ਹੋਣਾ ਸੀ, ਸੋ ਉਸੇ ਦੀ ਸਕੀਮ ਅਨੁਸਾਰ ਸਿੰਘਾਂ ਨੇ ਮੋਰਚੇ ਬਣਾਏ। ਸਿੰਘਾਂ ਨੇ ਏਨੀ ਤੇਜ਼ੀ ਨਾਲ ਹਮਲਾ ਕੀਤਾ ਕਿ ਬੰਦੂਕਾਂ ਤੇ ਤੀਰਾਂ ਵਾਲੇ ਜੋ ਅਗੇ ਅਗੇ ਵਧੇ ਆ ਰਹੇ ਸਨ, ਪਹਿਲੇ ਹੱਲੇ ਹੀ ਸਾਂਭ ਲਏ। ਮੁਗਲ ਸੈਨਾਂ ਨੂੰ ਇਕ ਦਮ ਹੀ ਬਰੇਕ ਲੱਗ ਗਈ ਤੇ ਉਹ ਸੰਭਲ ਕੇ ਲੜਨ ਲੱਗੀ। ਇਨੇ ਚਿਰ ਨੂੰ ਗੁਰੂ ਜੀ ਤੀਰ ਚਲਾਉਂਦੇ ਸਿੰਘਾਂ ਵਿਚ ਰਲ ਗਏ। ਇਸ ਸਮੇਂ ਸੈਦ ਖਾਂ ਜਰਨੈਲ ਬਹੁਤ ਅਗੇ ਵਧ ਆਇਆ ਤੇ ਉਸ ਤੀਰ ਚਲਾ ਰਹੇ ਗੁਰੂ ਜੀ ਦੇ ਨੂਰਾਨੀ ਮੁਖੜੇ ਦੇ ਦਰਸ਼ਨ ਕੀਤੇ। ਗੁਰੂ ਜੀ ਦੀ ਫੁਰਤੀ ਤੇ ਤੀਰ ਅੰਦਾਜ਼ਾਂ ਦੇ ਕਰਤਬ ਨੂੰ ਦੇਖ ਹੈਰਾਨ ਤੇ ਪਰੇਸ਼ਾਨ ਹੋ ਗਿਆ। ਉਹ ਸੁਣਦਾ ਸੀ ਕਿ ਗੁਰੂ ਕਿਲ੍ਹੇ ਵਿਚ ਆਕੀ ਹੈ, ਪਰ ਇਥੇ ਤਾਂ ਗੁਰੂ ਖੁੱਲ੍ਹੇ ਮੈਦਾਨ ਵਿਚ ਲੜ ਰਿਹਾ ਹੈ। ਸੈਦ ਖਾਂ ਵੀ ਆਪਣੀ ਫੌਜ ਦੇ ਅਧ-ਵਿਚਾਲੇ ਸੀ, ਓਥੇ ਖੜੇ ਹੀ ਉਸ ਨੇ ਮਨ ਵਿਚ ਕਿਹਾ-'ਹੇ ਗੁਰੂ। ਜੇ ਤੂੰ ਸਚਮੁਚ ਹੀ ਖੁਦਾ ਦਾ ਰੂਪ ਹੈਂ ਤਾਂ ਇਥੇ ਮੇਰੇ ਪਾਸ ਆ ਕੇ ਮੈਨੂੰ ਦੀਦਾਰ ਦੇਹ, ਮੇਰੇ ਹੱਥਾਂ ਵਿਚ ਹੁਣ ਤੇਰੇ ਵਿਰੁਧ ਤੀਰ ਚਲਾਉਣ ਤੇ ਸ਼ਮਸ਼ੀਰ ਵਾਹੁਣ ਦੀ ਸ਼ਕਤੀ ਨਹੀਂ ਰਹੀ।'

ਗੁਰੂ ਜੀ ਆਪਣੇ ਨੀਲੇ ਨੂੰ ਛੇੜ, ਤੀਰ ਤੇ ਤੀਰ ਛਡਦੇ, ਸਿੰਘਾਂ ਨੂੰ ਟਪ, ਮੁਗਲਈ ਦਲ ਵਿਚ ਜਾ ਵੜੇ। ਤੀਰ ਇਨੇ ਜ਼ੋਰ ਨਾਲ ਚਲਾਉਂਦੇ ਹੋਏ ਵਧ ਰਹੇ ਸਨ ਕਿ ਨੇੜੇ ਹੋਣ ਕਰ ਕੇ ਇਕ ਤੀਰ ਦਸਾਂ ਦਸਾਂ, ਪੰਦਰਾਂ ਪੰਦਰਾਂ ਨੂੰ ਵਿੰਨ੍ਹਣ ਲਗਾ ਤੇ ਮਿੰਟਾਂ ਸਕਿੰਟਾਂ ਵਿਚ ਹੀ ਦੁਸ਼ਮਣ ਦੇ ਦਲ ਨੂੰ ਚੀਰਦੇ ਉਥੇ ਜਾ ਰੁਕੇ, ਜਿਥੇ ਸੈਦ ਖਾਂ ਗੁਰੂ ਜੀ ਬਾਰੇ ਹੀ ਸੋਚ ਰਿਹਾ ਸੀ।

'ਸੈਦ ਖਾਂ! ਆ ਵਾਰ ਕਰ, ਖਲੋ ਰਿਹਾ ਏਂ!' ਗੁਰੂ ਜੀ ਨੇ ਜਾਂਦੇ ਹੀ ਆਵਾਜ਼ ਦਿਤੀ।

'ਬੱਸ, ਹੁਣ ਤੁਸਾਂ ਵਾਰ ਕਰਨ ਜੋਗਾ ਨਹੀਂ ਰਹਿਣ ਦਿਤਾ, ਖੁਦਾ ਦੇ ਰੂਪ ਤੇ ਵਾਰ ਹੋ ਹੀ ਨਹੀਂ ਸਕਦਾ।'

'ਪਰ ਸੈਦ ਖਾਂ, ਇਹ ਗੱਲਾਂ ਕਰਨ ਦਾ ਸਮਾਂ ਨਹੀਂ, ਜੁੱਧ ਦਾ ਸਮਾਂ ਹੈ। ਤੂੰ ਲੜਨ ਲਈ ਆਇਆ ਹੈਂ।'

ਹੁਣ ਸੈਦ ਖਾਂ ਘੋੜੇ ਤੋਂ ਉਤਰਿਆ ਤੇ ਗੁਰੂ ਜੀ ਨੂੰ ਸਿਜਦਾ ਕਰ ਕੇ ਕਹਿਣ ਲੱਗਾ- 'ਬੱਸ ਤੁਹਾਡੇ ਦੀਦਾਰ ਨੇ ਸਭ ਕੁਝ ਕਰ ਦਿਤਾ ਹੈ। ਬੱਸ ਹੁਣ ਇਹੋ ਵਾਰ ਸਫਲਾ ਕਰੋ, ਜੋ ਤਸਾਂ ਮੇਰੇ ਤੇ ਕਰ ਦਿਤਾ ਹੈ। ਮੇਰੇ ਮਨ ਨੂੰ ਬਦਲ ਦਿਤਾ ਹੈ। ਮੇਰੇ ਮਨ ਵਿਚ ਖ਼ੁਦਾ ਦੀ ਭੁੱਲੀ ਹੋਈ ਯਾਦ ਤਾਜ਼ਾ ਕਰਾ ਦਿਤੀ ਹੈ, ਬੱਸ ਹੋਰ ਕਿਸੇ ਚੀਜ਼ ਦੀ ਚਾਹਨਾ ਨਹੀਂ।' ਗੁਰੂ ਜੀ ਉਸ ਦੀ ਅਧੀਨਗੀ ਤੇ ਨਿਮਰਤਾ ਉਤੇ ਅਤਿਅੰਤ ਪ੍ਰਸੰਨ ਹੋਏ। ਗੁਰੂ ਜੀ ਨੇ ਉਸ ਦੇ ਸਿਰ ਤੇ ਹੱਥ ਰਖ ਕੇ ਉਸ ਦੇ ਅੰਦਰੋਂ ਦ੍ਵੈਤ ਦੇ ਹਨੇਰੇਪਨ ਨੂੰ ਦੂਰ ਕੇ ਬ੍ਰਹਮ-ਗਿਆਨ ਦਾ ਉਸ ਵਿਚ ਪ੍ਰਕਾਸ਼ ਕਰ ਦਿਤਾ ਹੈ, ਜਿਸ ਪ੍ਰਕਾਸ਼ ਨੂੰ ਤਪੱਸਿਆ ਤੇ ਅਨੇਕ ਘਾਲਣਾ ਘਾਲ ਕੇ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਸ ਮਗਰੋਂ ਸੈਦ ਖਾਂ, ਜਿਧਰ ਮੂੰਹ ਸੀ, ਓਧਰ ਹੀ ਨਿਕਲ ਤੁਰਿਆ। ਕਿਸੇ ਵਲ ਵੇਖਿਆ ਨਹੀਂ, ਕਿਸੇ ਨਾਲ ਗੱਲ ਨਹੀਂ ਕੀਤੀ। ਠੀਕ ਇਸੇ ਸਮੇਂ ਸਤਿਗੁਰੂ ਜੀ ਨੇ ਵੀ ਆਪਣੇ ਘੋੜੇ ਦਾ ਮੂੰਹ ਪਿਛੇ, ਆਪਣੇ ਦਲ ਵਲ ਮੋੜ ਲਿਆ।

**ਸ਼ਾਹੀ ਫੌਜ ਨੇ ਅਨੰਦਪੁਰ ਨੂੰ ਘੇਰਾ ਪਾਉਣਾ**

ਜਦੋਂ ਦਾ ਔਰੰਗਜ਼ੇਬ ਨੇ ਅਨੰਦਪੁਰ ਨੂੰ ਫਤਹ ਕਰਨ ਲਈ ਹੁਕਮ ਭੇਜੇ ਸਨ, ਓਦੋਂ ਦਾ ਹੀ ਸਾਰੇ ਦੇਸ਼ ਵਿਚ ਰੌਲਾ ਪਿਆ ਹੋਇਆ ਸੀ। ਓਧਰ ਔਰੰਗਜ਼ੇਬ ਮਰਹੱਟਿਆਂ ਨਾਲ ਰੁਝਾ ਪਿਆ ਸੀ। ਇਧਰ ਲਾਹੌਰ ਦਾ ਸੂਬਾ ਦਿਲਾਵਰ ਖਾਂ, ਜ਼ਬਰਦਸਤ ਖਾਂ ਕਸ਼ਮੀਰ, ਵਜ਼ੀਦ ਖਾਂ ਸਰਹੰਦ ਆਪਣੇ ਸਭ ਮਾਤਾਹਿਤਾਂ ਨੂੰ ਬੁਲਾ ਲਿਆਏ ਸਨ। ਮਲੇਰੀਏ, ਨਵਾਬ, ਜਲੰਧਰ, ਕਸੂਰ ਤੇ ਹਿੰਮਤ ਤੇ ਉਸਮਾਨ ਖਾਂ, ਸਢੇਰੀਏ, ਬਿਜਵਾੜੀਏ ਤੇ ਸਭ ਮੁਸਲਮਾਨ ਸਰਦਾਰ ਜਾਗੀਰਦਾਰ ਲੱਖਾਂ ਦੀ ਗਿਣਤੀ ਵਿਚ ਲਸ਼ਕਰ ਆਣ ਜੁੜਿਆ ਸੀ। ਅਨੰਦਪੁਰ ਦੇ ਆਲੇ ਦੁਆਲੇ 1●-1● ਕੋਹ ਤਕ ਫੌਜਾਂ ਹੀ ਫੌਜਾਂ ਆਣ ਉਤਰੀਆਂ। ਸੋ ਇਸ ਤਰ੍ਹਾਂ ਦੁਸ਼ਮਣ ਦੀ ਗਿਣਤੀ ਵਧਦੀ ਵਧਦੀ ਕਈ ਲੱਖ ਹੋ ਗਈ। ਸਿੰਘ ਭਾਵੇਂ ਬਾਹਰੋਂ ਅੰਦਰ ਅਜੇ ਤਕ ਜਾਂਦੇ ਆਉਂਦੇ ਹੀ ਸਨ, ਪਰ ਇਨ੍ਹਾਂ ਦੀ ਗਿਣਤੀ ਇਸ ਸਮੇਂ ਦਸ ਹਜ਼ਾਰ ਤੋਂ ਵਧ ਨਹੀਂ ਸੀ। ਭਾਵ ਦੁਸ਼ਮਣ ਨੇ ਹੁਣ ਇਹ

ਪਾਲਸੀ ਫੜੀ ਕਿ ਲੜਨ ਨਾਲ ਸਾਡਾ ਹੀ ਵਧੇਰੇ ਨੁਕਸਾਨ ਹੈ, ਇਸ ਲਈ ਦੂਰ ਦੂਰ ਹਟ ਕੇ ਐਸਾ ਘੇਰਾ ਪਾਓ ਕਿ ਨਾ ਕੋਈ ਅੰਦਰੋਂ ਬਾਹਰ ਆ ਸਕੇ ਤੇ ਨਾ ਹੀ ਕੋਈ ਬਾਹਰ ਜਾ ਸਕੇ। ਇਸ ਹਾਲਤ ਨੂੰ ਵੇਖ ਵੇਖ ਕਈਆਂ ਦੇ ਦਿਲ ਡੋਲੇ, ਕਈਆਂ ਨੇ ਸਤਿਗੁਰੂ ਜੀ ਤਕ ਪਹੁੰਚ ਕੇ ਵੀ ਇਹ ਖਿਆਲ ਪਰਗਟ ਕਰ ਦਿਤੇ-'ਗੁਰੂ ਜੀ, ਸਾਨੂੰ ਲੜਨ ਦੀ ਬਜਾਏ ਇਥੋਂ ਨਿਕਲ ਜਾਣਾ ਚਾਹੀਦਾ ਹੈ। ਅਨੰਦਪੁਰ ਜ਼ਰੂਰ ਰਹਿਣਾ ਹੈ,' ਕਿਤੇ ਹੋਰਥੇ ਜਾ ਰਹੀਏ। ਪਰ ਗੁਰੂ ਜੀ ਨੇ ਸਭ ਸਿੰਘਾਂ ਨੂੰ ਇਕੱਠਿਆ ਕਰ ਕੇ ਫੁਰਮਾਇਆ-'ਐ ਮੇਰੇ ਪਿਆਰੇ ਸਿਘੋ! ਘਬਰਾਉਣਾ ਨਹੀਂ,' ਡਰਪੋਕਾਂ ਦੀਆਂ ਗੱਲਾਂ ਸੁਣ ਸੁਣ ਡਰਨਾ ਨਹੀਂ ਯਾਦ ਰਖੋ, ਜੋ ਪ੍ਰਭੂ ਦੀ ਭਾਵੀ ਹੈ ਉਹ ਡਰਨ ਜਾਂ ਨੱਸਣ ਨਾਲ ਵੀ ਮਿਟ ਨਹੀਂ ਸਕਦੀ ਹਾਂ, ਸੋ ਖਾਲਸਾ ਪੰਥ ਦਾ ਜਨਮ ਹੀ ਜਰਵਾਣਿਆਂ ਦੇ ਜਬਰ ਨੂੰ ਖਤਮ ਕਰਨ ਤੇ ਹਿੰਦ ਦੀ ਗੁਲਾਮੀ ਨੂੰ ਦੂਰ ਕਰਨ ਲਈ ਹੋਇਆ ਹੈ। ਸਾਡੇ ਲੱਖਾਂ ਅਗੇ ਇਹ ਗੁਰੂ ਕੇ ਕਿਲ੍ਹੇ ਤੇ ਮੁੱਠੀ ਭਰ ਸਿੰਘ ਕੀ ਚੀਜ਼ ਹਨ। ਇਹ ਸਲਾਹ ਪਕਾ ਕੇ ਜੇਠ ਦੇ ਮਹੀਨੇ ਵਿਚ ਉਨ੍ਹਾਂ ਨੇ ਫਿਰ ਵਡੀਆਂ ਤੋਪਾਂ, ਰਹਿਕਲੇ ਤੇ ਜੰਬੂਰੇ ਕਿਲ੍ਹਿਆਂ ਵਲ ਬੀੜ ਕੇ ਗੋਲੇ ਚਲਾਉਣੇ ਸ਼ੁਰੂ ਕਰ ਦਿਤੇ। ਅਗੋਂ ਗੁਰੂ ਜੀ ਨੇ ਵੀ ਕਿਲ੍ਹੇ ਦੀਆਂ ਬੁਰਜੀਆਂ ਤੇ ਫਿਟ ਕੀਤੀਆਂ ਤੋਪਾਂ ਨੂੰ ਦੁਸ਼ਮਣ ਵਲ ਚਲਾਉਣ ਦਾ ਹੁਕਮ ਦੇ ਕੇ ਕਿਹਾ 'ਲਓ ਬਈ ਤੋਪਚੀਓ, ਸਾਡਾ ਗੋਲਾ ਨਿਸ਼ਾਨੇ ਤੇ ਜਾਣਾ ਚਾਹੀਦਾ ਹੈ। ਬਾਹਰ ਤੋਪਚੀ ਵੀ ਭਾਵੇਂ ਸ਼ਿਸਤਾਂ ਬੰਨ੍ਹ ਬੰਨ੍ਹ ਗੋਲੇ ਸੁਟਦੇ ਸਨ, ਪਰ ਉਹ ਪਹਾੜਾਂ ਨੂੰ ਵਜਦੇ ਤੇ ਕਿਲ੍ਹੇ ਦੀ ਬਾਹੀ ਜਾਂ ਕੰਧ ਤਕ ਪੁਜਦੇ ਹੀ ਨਾ, ਪਰ ਅੰਦਰੋਂ ਗੋਲੇ ਚਲਣ ਤਾਂ ਉਨ੍ਹਾਂ ਦੇ ਝੂੰਡਾਂ ਦੇ ਝੁੰਡ ਉਡ ਜਾਣ, ਘੋੜੇ ਤੰਬੂ ਜਾਂ ਜਿਧਰ ਵੀ ਅੰਦਰੋਂ ਗੋਲੇ ਜਾਣ, ਉਹ ਮਾਰ ਕੀਤੇ ਬਿਨਾਂ ਖਾਲੀ ਨਾ ਜਾਣ ਤੇ ਕਿਲ੍ਹੇ ਵਾਲਿਆਂ ਦਾ ਕੁਝ ਵੀ ਨਾ ਵਿਗੜੇ।' ਤਿੰਨ ਮਹੀਨੇ ਖਪਦਿਆਂ ਹੋ ਗਏ ਹਨ ਤੇ ਇਸ ਤਰ੍ਹਾਂ ਲੜਾਈ ਮੁਕਣੀ ਨਹੀਂ। ਇਹ ਸੋਚ 1● ਹਜ਼ਾਰ ਚੋਣਵੇਂ ਜਵਾਨ ਲੈ ਕੇ, ਅਨੇਕਾਂ ਪਉੜੀਆਂ ਲੈ ਕੇ ਅਗੇ ਵਧੇ। ਸਿੰਘ ਵੀ ਬੇ-ਖਬਰ ਨਹੀਂ ਸਨ। ਜਦੋਂ ਉਨ੍ਹਾਂ ਵੇਖਿਆ ਕਿ ਮਾਰ ਥੱਲੇ ਆ ਗਏ ਹਨ ਤਾਂ ਇਕ ਦਮ ਹੀ ਚਾਰ ਪੰਜ ਹਜ਼ਾਰ ਬੰਦੂਕ ਦਾਗ ਦਿਤੀ, ਜਿਸ ਦੀ ਕੋਈ ਗੋਲੀ ਵੀ ਖਾਲੀ ਨਾ ਗਈ।

ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਦਯਾ ਸਿੰਘ ਜੀ ਬਾਕੀ ਪਿਆਰਿਆਂ ਸਮੇਤ ਤੇ ਹੋਰ ਨਾਮੀ ਗਰਾਮੀ ਸਿੰਘ ਏਨੇ ਜੋਸ਼ ਨਾਲ ਤੀਰ ਤੇ ਤਲਵਾਰ ਦੀ ਜੰਗ ਲੜ ਰਹੇ ਸਨ ਕਿ ਜਿਧਰੋਂ ਵੀ ਦੁਸ਼ਮਣ ਦੇ ਹੜ੍ਹ ਨੂੰ ਵਧਦਾ ਆਉਂਦਾ ਵੇਖਦੇ, ਬੱਸ ਉਸੇ ਪਾਸੇ ਹੀ, ਸ਼ੇਰ ਦੇ ਮਿਰਗਾਂ ਦੀਆਂ ਡਾਰਾਂ ਨੂੰ ਪੈਣ ਵਾਂਗ ਜਾ ਪੈਂਦੇ ਤੇ ਜਦੋਂ ਤਕ ਦੁਸ਼ਮਣ ਨੂੰ ਭਜਾ ਨਾ ਦਿੰਦੇ, ਪਿਛੇ ਨਾ ਹਟਦੇ। ਇਸ ਪਿਛੋਂ ਵਜ਼ੀਦ ਖਾਂ ਭੀ ਆਪਣੀਆਂ ਫੌਜਾਂ ਲੈ ਕੇ ਆ ਪੁਜਾ ਤੇ ਸਾਰਾ ਦਿਨ ਲੋਹੇ ਤੇ ਲੋਹਾ ਖੜਕਿਆ। ਮੀਲਾਂ ਵਿਚ ਧਰਤੀ ਲਾਲ ਹੋ ਗਈ, ਲੋਥਾਂ ਦੇ ਢੇਰ ਲੱਗ ਗਏ। ਅਖੀਰ ਫੈਸਲਾ ਹੋਇਆ ਕਿ ਇਉਂ ਲੜਨਾ ਨਾਹਕ ਆਪਣੀ ਸੈਨਾ ਨੂੰ ਮਰਵਾਉਣਾ ਹੈ, ਬੱਸ, ਇਹ ਕਰੋ ਕਿ ਘੇਰਾ ਪਾਓ, ਅਨੰਦਪੁਰ ਵਿਚੋਂ ਨਾ ਕੋਈ ਆਵੇ ਨਾ ਜਾਵੇ, ਇੰਨਾ ਸਖਤ ਘੇਰਾ ਕਰ ਦਿਓ। ਤੋਪ ਦੀ ਮਾਰ ਤੋਂ ਪਿਛਾਂਹ ਹਟ ਕੇ ਬੈਠ ਜਾਓ, ਦਾਣਾ-ਫੱਕਾ ਜੋ ਆਵੇ, ਰੋਕੀ ਜਾਓ।

### ਗੁਰੂ ਜੀ ਨੇ ਤੀਰ ਮਾਰਨਾ

ਇਕ ਦਿਨ ਗੁਰੂ ਜੀ ਨੇ ਦੂਰਬੀਨ ਲੈ ਕੇ ਬਾਹਰਲੇ ਘੇਰੇ ਨੂੰ ਵੇਖ ਰਹੇ ਸਨ ਤਾਂ ਉਨ੍ਹਾਂ ਵੇਖਿਆ ਕਿ ਦੋ ਮੀਲ ਦੂਰ, ਇਕ ਪਿੱਪਲ ਦੇ ਹੇਠਾਂ, ਸੂਬਾ ਵਜ਼ੀਦ ਖਾਂ ਤੇ ਜ਼ਬਰਦਸਤ ਖਾਂ ਸ਼ਤਰੰਜ (ਚੌਪੜ) ਖੇਡ ਰਹੇ ਸਨ। ਹੋਰ ਕਈ ਅਫਸਰ ਵੀ ਕੋਲ ਬੈਠੇ ਗੱਲਾਂ ਕਰ ਰਹੇ ਸਨ। ਗੁਰੂ ਸਾਹਿਬ, ਚੋਜੀ ਪਿਤਾ ਨੇ ਹੱਥ ਵਿਚ ਧਨੁੱਖ ਫੜੀ ਤੇ ਖਿੱਚ ਕੇ ਤੀਰ ਛੱਡ ਦਿਤਾ। ਤੀਰ ਜਾ ਕੇ ਸੂਬਿਆਂ ਦੇ ਮੰਜੇ ਦੇ ਪਾਵੇ ਨੂੰ ਵੱਜਾ। ਗੁਰੂ ਜੀ ਦੇ ਤੀਰ ਦੀ ਨੋਕ ਸੁਨਹਿਰੀ ਸੀ, ਜਿਸ ਨੂੰ ਵੇਖ ਕੇ ਝਟ ਹੀ ਉਹ ਸਮਝ ਗਏ ਕਿ ਇਹ ਤੀਰ ਤਾਂ ਗੁਰੂ ਗੋਬਿੰਦ ਸਿੰਘ ਨੇ ਮਾਰਿਆ ਹੈ। ਝਟ ਹੀ ਬੋਲੇ- 'ਦੇਖੋ ਭਾਈ! ਗੁਰੂ ਨੇ ਢਾਈ ਕੋਹ ਤੋਂ ਸਾਨੂੰ ਤੀਰ ਮਾਰਿਆ ਹੈ ਤੇ ਖੁਦਾ ਦਾ ਸ਼ੁਕਰ ਹੈ ਕਿ ਅਸੀਂ ਬਚ ਗਏ ਹਾਂ। ਤੀਰ ਮੰਜੇ ਦੇ ਪਾਵੇ ਵਿਚ ਧਸ ਗਿਆ ਹੈ। ਕਿੰਨੀ ਤਾਕਤ ਹੈ ਤੀਰ ਚਲਾਉਣ ਵਾਲੇ ਗੁਰੂ ਦੀ। ਇੰਨੀ ਤਾਕਤ ਮਨੁੱਖ ਵਿਚ ਨਹੀਂ, ਇਹ ਤਾਂ ਕਰਾਮਾਤ ਦਾ ਕੰਮ ਹੈ। ਜਿਹੜਾ ਪਾਵੇ ਨੂੰ ਤੀਰ ਮਾਰ ਸਕਦਾ ਹੈ, ਉਹ ਸਾਨੂੰ ਭੀ ਮਾਰ ਸਕਦਾ ਹੈ, ਇਸ ਲਈ ਉਠੋ ਦੇਰ ਨਾ ਕਰੋ, ਪਿਛੇ ਹਟ ਜਾਓ।'

ਦੋਵੇਂ ਸੂਬੇ ਉਠ ਬੈਠੇ, ਨਫ਼ਰ ਨੂੰ ਬੁਲਾਇਆ ਕਿ ਮੰਜਾ ਚੁਕ ਕੇ ਹੋਰ ਪਰੇ ਲੇ ਜਾਵੇ, ਪਰ ਇੰਨੇ ਨੂੰ ਗੁਰੂ ਜੀ ਦਾ ਦੂਜਾ ਤੀਰ ਬ੍ਰਿਛ ਦੇ ਡਾਹਣ ਨੂੰ ਵਜਦਾ ਵੇਖਿਆ। ਇਕ ਨੇ ਝਟ ਹੀ ਅਗੇ ਹੋ ਕੇ ਤੀਰ ਵੇਖਿਆ ਤੇ ਫੜ ਲਿਆ ਤਾਂ ਉਸ ਦੇ ਨਾਲ ਇਕ ਕਾਗਜ਼ ਵਲ੍ਹੇਟਿਆ ਹੋਇਆ ਸੀ, ਜਿਸ ਤੇ ਲਿਖਿਆ ਸੀ–'ਇਹ ਕਰਾਮਾਤ ਨਹੀਂ, ਹੁਨਰ ਹੈ। ਇਸ ਹੁਨਰ ਦੇ ਸਦਕੇ ਹੀ ਅਸੀਂ ਤੁਹਾਡਾ ਮੁਕਾਬਲਾ ਕਰ ਰਹੇ ਹਾਂ।'

'ਦੇਖੋ ਬਈ! ਏਨੀ ਦੂਰ ਬੈਠੇ ਸਾਡੀਆਂ ਗੱਲਾਂ ਨੂੰ ਜਾਣ ਲਿਆ ਹੈ ਤੇ ਕਹਿੰਦੇ ਹਨ ਕਿ ਇਹ ਕਰਾਮਾਤ ਨਹੀਂ'! ਖੁਦਾਈ ਬੰਦੇ ਦੇ ਮੰਨ ਵਿਚ ਜੋ ਵੀ ਖਿਆਲ ਆਉਣ, ਉਹ ਸੱਚੇ ਹੀ ਹੁੰਦੇ ਹਨ, ਝੂਠੇ ਆਉਂਦੇ ਨਹੀਂ।

ਦੋਵੇਂ, ਜ਼ਬਰਦਸਤ ਖਾਂ ਤੇ ਵਜ਼ੀਦ ਖਾਂ ਏਨਾ ਡਰੇ ਕਿ ਉਨ੍ਹਾਂ ਨੇ ਆਪਣਾ ਤੰਬੂ ਦਰਿਆ ਦੇ ਪਾਰ ਅੱਧਾ ਮੀਲ ਹੋਰ ਦੂਰ ਕਰ ਲਿਆ ਤੇ ਗੱਲਾਂ ਕਰ ਕਰ ਹੈਰਾਨ ਹੋ ਰਹੇ ਸਨ ਕਿ ਕੈਸੇ ਜ਼ਬਰਦਸਤ ਗੁਰੂ, ਖੁਦਾਈ ਬੰਦੇ ਨਾਲ ਇਨ੍ਹਾਂ ਪਹਾੜੀਆਂ ਨੇ ਵੈਰ ਪਾ ਲਿਆ ਹੈ। ਅਜਮੇਰ ਚੰਦ ਵੀ ਇਸ ਸਮੇਂ ਆਣ ਪੁਜਾ ਸੀ, ਉਹ ਕਹਿਣ ਲੱਗਾ–'ਕੀ ਦੱਸੀਏ, ਇਸ ਗੁਰੂ ਨੇ ਤਾਂ ਸਾਡੇ ਬਹਾਦਰ ਹੀ ਮਾਰ ਖਪਾਏ ਹਨ।'

'ਪਰ ਹੁਣ ਇਸ ਗੁਰੂ ਨੂੰ ਫਤਹਿ ਕਿਵੇਂ ਕਰੋਗੇ?' ਸੂਬਿਆਂ ਨੇ ਕਿਹਾ।

'ਅਸੀਂ ਤਾਂ ਆਪ ਬੜੇ ਤੰਗ ਆਏ ਹੋਏ ਹਾਂ, ਇਕ ਸ਼ਾਹੀ ਫੌਜਾਂ ਦਾ ਵਡਾ ਖਰਚਾ ਹੈ, ਦੂਜਾ ਸਿੰਘਾਂ ਸਾਨੂੰ ਲੁਟ ਪੁਟ ਕੇ ਉਜਾੜ ਛਡਿਆ ਹੈ, ਕੀ ਕਰੀਏ, ਕੁਝ ਸਮਝ ਨਹੀਂ ਆਉਂਦੀ।'

'ਕੋਈ ਚਾਲ ਚਲੋ!'

'ਕੀ ਚਾਲ?'

'ਸੁਨੇਹਾ ਭੇਜੋ, ਕਿਲ੍ਹਾ ਛਡ ਕੇ ਚਲਾ ਜਾਏ, ਅਸੀਂ ਕੁਝ ਨਹੀਂ ਕਹਾਂਗੇ।'

'ਪਰ ਉਸ ਨੇ ਹੁਣ ਇਤਬਾਰ ਨਹੀਂ ਕਰਨਾ। ਅਗੇ ਇਕ ਵਾਰ ਅਜਿਹਾ ਕਰ ਚੁਕੇ ਹਾਂ।'

'ਆਪਣੇ ਵਲੋਂ ਤੇ ਸਾਡੇ ਵਲੋਂ, ਦੋਹਾਂ ਵਲੋਂ ਸੁਨੇਹੇ ਭੇਜੋ।'

'ਠੀਕ ਹੈ, ਕੋਈ ਇਹੋ ਜਿਹਾ ਚਾਰਾ ਕਰਨਾ ਹੀ ਚਾਹੀਦਾ ਹੈ।'

**ਰਾਜਿਆਂ ਦੀ ਚਿੱਠੀ ਤੇ ਕਸਮਾਂ ਖਾਣੀਆਂ**

ਕਈ ਸਿੰਘ ਜੋ ਆਪਣੇ ਆਪ ਚਲੇ ਗਏ, ਉਨ੍ਹਾਂ ਨੂੰ ਤੁਰਕ ਵੀ ਨਾ ਰੋਕਦੇ ਤੇ ਅੰਦਰ ਦਾ ਭੇਦ ਪੁਛ ਕੇ ਛਡ ਦਿੰਦੇ ਸਨ। ਇਸ ਸਮੇਂ ਤਕ ਸਿਦਕੀ ਸਿੰਘ ਹੀ ਬਾਕੀ ਰਹਿ ਗਏ ਸਨ। ਪਰ ਇਨ੍ਹਾਂ ਵਿਚੋਂ ਵੀ ਕਈਆਂ ਨੇ ਮਾਤਾ ਗੁਜਰੀ ਜੀ ਨੂੰ ਕਿਹਾ-'ਮਾਤਾ ਜੀ! ਗੁਰੂ ਜੀ ਤਾਂ ਪਰਮ ਪੁਰਖ ਹਨ, ਉਨ੍ਹਾਂ ਦੀ ਗਤਿ ਨੂੰ ਕੋਈ ਜਾਣ ਨਹੀਂ ਸਕਦਾ, ਪਰ ਸਿੰਘ ਬਹੁਤੇ ਸ਼ਹੀਦ ਹੋ ਗਏ ਹਨ, ਕੁਝ ਰਾਤ-ਬਰਾਤੇ ਨਿਕਲ ਗਏ ਤੇ ਕੁਝ ਨਿਕਲਣ ਲਈ ਤਿਆਰ ਹਨ, ਪਰ ਗੁਰੂ ਜੀ ਸਾਹਮਣੇ ਕੋਈ ਗੱਲ ਸਾਥੋਂ ਹੋ ਨਹੀਂ ਸਕਦੀ।'

ਚੋਜੀ ਸਤਿਗੁਰੂ ਜੀ ਵੀ ਇਸ ਸਮੇਂ ਅਜੀਬ ਕੌਤਕ ਕਰ ਰਹੇ ਸਨ। ਜੋ ਸੋਨਾ ਤੇ ਸੋਨੇ ਦੇ ਗਹਿਣੇ ਕਪੜੇ, ਮੋਹਰਾਂ ਆਦਿ ਕੋਲ ਸਨ, ਉਹ ਸਭ ਖਜ਼ਾਨੇ ਵਿਚੋਂ ਕਢਵਾ ਕੇ ਸਤਿਲੁਜ ਵਿਚ ਸੁਟਵਾ ਰਹੇ ਸਨ। ਆਪ ਫੁਰਮਾ ਰਹੇ ਸਨ ਕਿ ਮੇਰਾ ਸਿੰਘ ਪੂਜਾ ਦਾ ਧਾਨ ਨਾ ਖਾਵੇ। ਅਖੀਰ ਪਹਾੜੀਆਂ ਨੇ ਤੇ ਮੁਗਲ ਸੂਬੇਦਾਰਾਂ ਨੇ ਸਹੁੰਆਂ ਤੇ ਕਸਮਾਂ ਖਾ ਕੇ ਸੁਨੇਹਾ ਭੇਜਿਆ ਕਿ ਜੇ ਤੁਸੀਂ ਇਕ ਵਾਰ ਕਿਲ੍ਹਾ ਖਾਲੀ ਕਰ ਦਿਓ ਤਾਂ ਸਾਡੀ ਵੀ ਰਹਿ ਆਵੇਗੀ ਤੇ ਅਸੀਂ ਤੁਹਾਨੂੰ ਰੋਕਾਂਗੇ ਨਹੀਂ, ਤੁਸੀਂ ਜਿਥੇ ਮਰਜ਼ੀ ਚਲੇ ਜਾਓ। ਪਰ ਗੁਰੂ ਜੀ ਨੇ ਨਾਂਹ ਕਰ ਦਿਤੀ ਤੇ ਕਿਹਾ ਕਿ ਤੁਸੀਂ ਝੂਠੀਆਂ ਸਹੁੰਆਂ ਖਾਂਦੇ ਹੋ। ਉਨ੍ਹਾਂ ਨੇ ਬਾਦਸ਼ਾਹ ਨੂੰ ਲਿਖਿਆ ਕਿ ਤੁਸੀਂ ਲਿਖ ਕੇ ਭੇਜੋ। ਬਾਦਸ਼ਾਹ ਵਲੋਂ ਲਿਖਿਆ ਕਸਮ ਦਾ ਕਾਗਜ਼ ਤੇ ਨਾਲ ਕੁਰਾਨ ਸ਼ਰੀਫ ਭੇਜੀ ਗਈ।

**ਗੁਰੂ ਜੀ ਦਾ ਅਨੰਦ ਪੁਰ ਛੱਡਣਾ**

ਗੁਰੂ ਜੀ ਨੇ 6 ਪੋਹ 1671 ਨੂੰ ਅਨੰਦਪੁਰ ਦੇ ਪਾਵਨ ਅਸਥਾਨਾਂ ਦੀ ਸੰਭਾਲ ਗੁਰਬਖਸ਼ ਉਦਾਸੀ ਨੂੰ ਸਭਾਲ ਦਿਤੀ ਤੇ ਆਪ ਅਧੀ ਰਾਤ ਨੂੰ ਬਾਹਰ ਨਿਕਲ ਕੇ ਤੁਰ ਪਏ। ਕਹਿੰਦੇ ਹਨ ਕਿ ਦੋ ਤਿੰਨ ਦਿਨ ਤੋਂ ਮੀਂਹ ਵਰਸ ਰਿਹਾ ਸੀ ਤੇ ਅਜ ਵੀ ਗੁਰੂ ਮੀਂਹ ਵਰਸਦੇ ਵਿਚ ਹੀ ਬਾਹਰ ਨਿਕਲੇ। ਗੁਰੂ ਜੀ ਅਜੇ ਕੀਰਤਪੁਰ ਕੋਲ ਪੁਜੇ ਨਹੀਂ ਸਨ ਕਿ ਦੁਸ਼ਮਣ ਨੇ ਕਸਮਾਂ ਤੇ ਸਹੁੰਆਂ ਨੂੰ ਤੋੜ ਕੇ ਗੁਰੂ ਜੀ ਨੂੰ ਘੇਰਨ ਤੇ ਪਕੜਨ ਲਈ ਫੌਜਾਂ ਨੂੰ ਹੁਕਮ ਦੇ ਦਿਤਾ। ਗੁਰੂ ਜੀ ਵੀ ਤਾੜ ਗਏ, ਤਾੜ ਕੀ ਗਏ, ਉਹ ਤਾਂ ਪਹਿਲੇ ਹੀ ਦੁਸ਼ਮਨ ਦੀਆਂ ਬਦਨੀਅਤ ਨੂੰ ਜਾਣਦੇ ਸਨ। ਸੋ

ਗੁਰੂ ਜੀ ਨੇ ਘੇਰੇ ਵਿਚ ਕੀ ਆਉਣਾ ਸੀ, ਉਹ ਅਗੇ ਰੋਪੜ ਵਲ ਵਧ ਤੁਰੇ, ਪਰ ਰਸਤੇ ਵਿਚ ਸਰਸਾ ਨਦੀ ਦੇ ਚੜ੍ਹਾਉ ਨੇ ਰਾਹ ਰੋਕ ਲਿਆ। ਠਾਠਾਂ ਮਾਰਦੀ ਨਦੀ ਤੇ ਆਖਰਾਂ ਦੀ ਠੰਡ, ਮੀਂਹ ਕਣੀ ਵਰਸ ਰਹੀ ਸੀ। ਸਾਹਿਬਜ਼ਾਦਾ ਅਜੀਤ ਸਿੰਘ ਜੀ ਇਸ ਸਮੇਂ ਦੋ ਢਾਈ ਸੌ ਸਿੰਘਾਂ ਨੂੰ ਨਾਲ ਲੈ ਕੇ ਕਸਮ-ਤੋੜ ਦੁਸ਼ਮਣਾਂ ਦੇ ਮਾਰ ਮਾਰ ਸਥਰ ਲਾਹ ਰਹੇ ਸਨ, ਪਰ ਗੁਰੂ ਜੀ ਨੇ ਭਾਈ ਉਦੇ ਸਿੰਘ ਨੂੰ ਹੁਕਮ ਦਿਤਾ ਕਿ ਸਾਹਿਬਜ਼ਾਏ ਨੂੰ ਸਾਡੇ ਵਲ ਭੇਜ ਦਿਓ ਤੇ ਤੁਸੀਂ ਦੁਸ਼ਮਾਣਾਂ ਦਾ ਰਾਹ ਰੋਕੋ।

ਸੋ ਦਿਨ ਦੇ ਚੜ੍ਹਾਉ ਤਕ ਭਾਈ ਉਦੇ ਸਿੰਘ ਜੀ ਨੇ ਦੁਸ਼ਮਣ ਨੂੰ ਉਥੇ ਰੋਕੀ ਰਖਿਆ, ਪਰ ਸ਼ਹੀਦ ਹੋਣ ਮਗਰੋਂ ਦੁਸ਼ਮਨ ਅਗੇ ਵਧਿਆ ਤਾਂ ਗੁਰੂ ਜੀ ਸਰਸਾ ਪਾਰ ਕਰ ਚੁਕੇ ਸਨ, ਪਰ ਸਰਸਾ ਨਦੀ ਨੇ ਸਾਰੇ ਹੀ ਪ੍ਰਵਾਰ ਨੂੰ ਨਖੇੜ ਦਿਤਾ ਸੀ। ਕਈ ਸਿੰਘ ਰੁੜ੍ਹ ਗਏ ਕਈ ਪਾਰ ਹੋ ਗਏ। ਵਰ੍ਹਿਆਂ ਭਰ ਦੀ ਮਿਹਨਤ, ਕਾਵਿ-ਗ੍ਰੰਥ ਤੇ ਹੋਰ ਬੇਅੰਤ ਸਾਮਾਨ ਰੁੜ੍ਹ ਗਿਆ। ਦੋਵੇਂ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ, ਗੁਰੂ ਜੀ ਨੂੰ ਨਾ ਮਿਲ ਸਕੇ ਤੇ ਗੰਗੂ ਰਸੋਈਏ ਨਾਲ ਚਲੇ ਗਏ। ਰੋਪੜ ਵਲ ਅਗੇ ਜਾ ਕੇ ਗੁਰੂ ਜੀ ਨੇ ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਨੂੰ ਭਾਈ ਮਨੀ ਸਿੰਘ ਜੀ ਦੇ ਨਾਲ ਦਿਲੀ ਵਲ ਭੇਜ ਦਿਤਾ। ਇਸ ਸਮੇਂ ਗੁਰੂ ਜੀ ਦੇ ਨਾਲ ਕੇਵਲ 45 ਕੁ ਸਿੰਘ ਸਨ। ਸਲਾਹ ਹੋਈ ਕਿ ਰੋਪੜੋਂ ਲੰਘ ਮਾਲਵੇ ਵਲ ਕੂਚ ਕਰਾਂਗੇ। ਇਸ ਲਈ ਰੋਪੜ ਵਲ ਚਾਲੇ ਪੈ ਗਏ।

### ਚਮਕੌਰ ਦੀ ਅਦੁਤੀ ਜੰਗ

ਚਮਕੌਰ ਪੁਜ ਕੇ ਗੁਰੂ ਜੀ ਨੇ ਪਿੰਡ ਵਲ ਨਜ਼ਰ ਦੁੜਾਈ ਤਾਂ ਪਿੰਡ ਦੇ ਇਕ ਪਾਸੇ ਉਚੀ ਹਵੇਲੀ ਵੇਖੀ। ਗੁਰੂ ਜੀ ਨੇ ਭਾਈ ਦਇਆ ਸਿੰਘ ਨੂੰ ਕਿਹਾ-'ਇਸ ਦੇ ਮਾਲਕ ਨੂੰ ਮਿਲ ਕੇ ਹਵੇਲੀ ਪ੍ਰਾਪਤ ਕਰਨ ਦਾ ਯਤਨ ਕਰੋ।' ਭਾਈ ਦਇਆ ਸਿੰਘ ਜੀ ਨੇ ਹਵੇਲੀ ਦੇ ਮਾਲਕ ਦਾ ਪਤਾ ਕੀਤਾ ਤੇ ਗੱਲ ਕੀਤੀ ਤਾਂ ਉਸ ਨੇ ਕਿਹਾ-ਬਾਦਸ਼ਾਹੀ ਬਾਗੀ ਨੂੰ ਥਾਂ ਦੇ ਕੇ ਅਸਾਂ ਮਰਨਾ ਹੈ। ਗੱਲ ਕੀ, ਉਹ ਨਾ ਮੰਨਿਆ। ਇਸ ਹਵੇਲੀ ਦੇ ਮਾਲਕ ਦੋ ਭਰਾ ਸਨ। ਇਕ ਭਰਾ ਨੇ ਕਬਜਾ ਕਰ ਕੇ ਦੂਜੇ ਨੂੰ ਬੇਦਖਲ ਕੀਤਾ ਹੋਇਆ ਸੀ ਤੇ ਉਹ ਬਹੁਤ ਗਰੀਬ ਸੀ। ਹੋਰ ਲੋਕ ਭੀ ਗੁਰੂ ਜੀ

ਦੇ ਦਰਸ਼ਨ ਲਈ ਪੁਜੇ ਹੋਏ ਸਨ ਤਾਂ ਬੇਦਖਲ ਭਰਾ ਗੁਰੂ ਜੀ ਨੂੰ ਆਪ ਹੀ ਆ ਮਿਲਿਆ ਤੇ ਕਹਿਣ ਲੱਗਾ–'ਮਹਾਰਾਜ! ਇਸ ਹਵੇਲੀ ਦਾ ਮਾਲਕ ਮੈਂ ਵੀ ਹਾਂ, ਪਰ ਮੇਰੇ ਭਰਾ ਨੇ ਮੈਨੂੰ ਮਾਰ ਕੁਟ ਕੇ ਕੱਢ ਦਿਤਾ ਹੋਇਆ ਹੈ ਤੇ ਜ਼ਮੀਨ ਦਾ ਵੀ ਕੁਝ ਨਹੀਂ ਦਿਤਾ'

ਗੁਰੂ ਜੀ ਨੇ ਕਿਹਾ–'ਤੂੰ ਹਵੇਲੀ ਦਾ ਕਬਜ਼ਾ ਸਾਨੂੰ ਦਿਵਾ ਸਕਦਾ ਹੈ?'

'ਹਾਂ, ਹਵੇਲੀ ਦੇ ਪਿਛਲੇ ਪਾਸੇ ਇਕ ਨਿਕਾ ਜਿਹਾ ਬੂਹਾ ਹੈ। ਉਸ ਦੀ ਚਾਬੀ ਮੇਰੇ ਪਾਸ ਹੈ, ਓਧਰੋਂ ਅੰਦਰ ਜਾ ਕੇ ਤੁਸੀਂ ਕਬਜਾ ਕਰ ਲਵੋ।'

ਗੁਰੂ ਜੀ ਨੇ ਸਭ ਪਾਸਿਓਂ ਵੇਖ ਤਕ ਕੇ, ਚੰਗੀ ਤਕੜਾਈ ਕਰ ਕੇ ਫਿਰ ਲੰਗਰ ਤਿਆਰ ਕਰਵਾਇਆ ਤੇ ਸਭ ਨੇ ਛਕਿਆ। ਜਿਸ ਵੇਲੇ ਗੁਰੂ ਜੀ ਲੰਗਰ ਤਿਆਰ ਕਰ ਰਹੇ ਸਨ, ਉਸ ਵੇਲੇ ਦੁਸ਼ਮਨ ਦਲ ਰੋਪੜ ਪੁਜਕੇ ਗੁਰੂ ਜੀ ਦੀ ਪੁਛ ਪੜਤਾਲ ਕਰ ਰਿਹਾ ਸੀ। ਪਰ ਅਜੇ ਲੰਗਰ ਪੂਰਾ ਛਕਿਆ ਵੀ ਨਹੀਂ ਸੀ ਗਿਆ ਕਿ ਦੁਸ਼ਮਨ ਪਤਾ ਲਗਦੇ ਹੀ ਚਮਕੌਰ ਵਲ ਦੌੜਕੇ ਵਧਿਆ। ਉਸੇ ਸਮੇਂ ਹੀ ਦਿਲੀ ਵਲੋਂ ਵੀ ਹੋਰ ਫੌਜ ਆ ਗਈ ਸੀ ਤੇ ਰਲਾ ਮਿਲਾ ਕੇ ਇਹ ਟਿੱਡੀਦਲ ਕੋਈ ਦਸ ਲੱਖ ਦਾ ਵਡਾ ਲਸ਼ਕਰ ਹੋ ਗਿਆ। ਪਰ ਗੁਰੂ ਜੀ ਕੋਲ ਕੇਵਲ 4● ਸਿੰਘ, ਦੋ ਸਾਹਿਬਜ਼ਾਦੇ ਤੇ 43ਵੇਂ ਆਪ ਸਨ। ਗੁਰੂ ਜੀ ਨੇ ਚਾਰੇ ਪਾਸੇ (ਇਕ ਇਕ ਬਾਹੀ ਤੇ) ਅਠ ਅਠ ਸਿੰਘ ਬਿਠਾ ਦਿਤੇ ਤੇ ਬਾਕੀ ਰੀਜ਼ਰਵ ਕਰ ਦਿਤੇ। ਆਪ ਗੁਰੂ ਜੀ ਉਪਰ ਚੁਬਾਰੇ ਤੇ ਚੜ੍ਹ ਗਏ ਤੇ ਤੀਰਾਂ ਦੀ ਭਰੀ ਹੋਈ ਖੁਰਜੀ ਕੋਲ ਰਖ ਲਈ। ਇੰਨੇ ਨੂੰ ਸ਼ਾਹੀ ਫੌਜ ਗੜ੍ਹੀ ਦੁਆਲੇ ਆਣ ਪਹੁੰਚੀ, ਪਰ ਸਿੰਘਾਂ ਦੀਆਂ ਗੋਲੀਆਂ ਤੇ ਤੀਰਾਂ ਨੇ ਅਗੇ ਅਗੇ ਵਧੇ ਆਉਂਦਿਆਂ ਨੂੰ ਪਿਛੇ ਰੁਕ ਜਾਣ ਦੀ ਚੇਤਾਵਨੀ ਦਿਤੀ। ਪਰ ਸੂਬਿਆਂ ਦੇ ਹੁਕਮ ਨਾਲ ਤੀਰ ਤੇ ਗੋਲੀਆਂ ਓਧਰੋਂ ਵੀ ਚੱਲਣ ਲਗੇ। ਉਪਰੋਂ ਚੁਬਾਰੇ 'ਚ ਗੁਰੂ ਜੀ ਦੇ ਤੀਰ ਵਰ੍ਹਨ ਲਗੇ ਤੇ ਧੜੈਂਹ ਧੜੈਂਹ ਕਰ ਕੇ ਦੁਸ਼ਮਣ ਡਿਗਣ ਲਗੇ, ਪਰ ਗੜ੍ਹੀ ਦੀ ਓਟ ਵਿਚ ਸਿੰਘ ਬੇਖ਼ਤਰ ਲੜ ਰਹੇ ਸਨ। ਗੁਰੂ ਜੀ ਆਖ ਰਹੇ ਸਨ–'ਸ਼ਾਬਾਸ਼ ਬਹਾਦਰੋ, ਇਨ੍ਹਾਂ ਝੂਠੀਆਂ ਕਸਮਾਂ ਤੇ ਸਹੁੰਆਂ ਖਾਣ ਵਾਲਿਆਂ ਨੂੰ ਹੁਣ ਬੇਦੀਨੇ ਕਰ ਕਰ ਮਾਰੋ ਤੇ ਦੋਜ਼ਖਾਂ ਵਿਚ ਪੁਚਾ ਦਿਓ। ਤੁਸਾਂ ਸਾਡਾ ਬਚਨ ਨਾ ਮੰਨਿਆ, ਜੇ ਹੋਰ

15 ਕੁ ਦਿਨ ਉਥੇ ਹੀ ਰੁਕਦੇ ਤਾਂ ਉਥੇ ਹੀ ਤੁਹਾਡੀ ਫਤਹਿ ਹੋ ਜਾਣੀ ਸੀ, ਪਰ ਹੁਣ ਸਿਰ ਆਈ ਨੂੰ ਬਹਾਂਦਰਾਂ ਵਾਂਗ ਸਹੋ ਤੇ ਸ਼ਹੀਦੀਆਂ ਪ੍ਰਾਪਤ ਕਰਨ ਦੇ ਸ਼ੌਂਕ ਨਾਲ ਲੜੋ।'

ਬਾਹਰ ਦੁਸ਼ਮਨ ਨੂੰ ਬਹੁਤੇ ਹੋਣ ਦਾ ਵਡਾ ਘੁਮੰਡ ਸੀ ਤੇ ਕਹਿੰਦੇ ਸੀ ਕਿ ਅਸੀਂ ਇਸ ਗੜ੍ਹੀ ਦੀ ਮੁਠ ਮੁਠ ਮਿੱਟੀ ਵੀ ਚੁਕਣੀ ਸ਼ੁਰੂ ਕਰ ਦਈਏ ਤਾਂ ਇਸ ਦਾ ਬਾਕੀ ਕੁਝ ਨਹੀਂ ਰਹਿ ਸਕਦਾ। 40 ਸਿੰਘਾਂ ਦੇ ਤੀਰ ਜਾਂ ਬੰਦੂਕਾਂ ਦੇ ਚਲਦਿਆਂ ਸੂਬਿਆਂ ਦੇ ਹੁਕਮ ਨਾਲ ਸਿਪਾਹੀ ਮਰਦੇ ਮਰਦੇ ਗੜ੍ਹੀ ਦੀਆਂ ਦੀਵਾਰਾਂ ਤਕ ਪਹੁੰਚ ਗਏ, ਪਰ ਸਿੰਘ ਅਗੋਂ ਤਲਵਾਰਾਂ ਤੇ ਨੇਜੇ ਫੜ ਤਿਆਰ ਹੋ ਗਏ ਤੇ ਕੰਧ ਤੋਂ ਉਚੇ ਹੁੰਦੇ ਹਰ ਸਿਰ ਨੂੰ ਕੱਟ ਦੇਣ ਵਿਚ ਢਿਲ ਨਹੀਂ ਸਨ ਲਾਉਂਦੇ। ਇੰਨੇ ਮਰੇ ਕਿ ਲਾਸ਼ਾਂ ਗੜ੍ਹੀ ਦੀ ਦੀਵਾਰ ਉਤੇ ਚੜ੍ਹਨ ਲਈ ਪੌੜੀਆਂ ਬਣ ਗਈਆਂ। ਪਰ ਗੁਰੂ ਜੀ, ਸਾਹਿਬਜ਼ਾਦਾ ਅਜੀਤ ਸਿੰਘ ਤੇ ਭਾਈ ਦਇਆ ਸਿੰਘ ਜੀ ਆਦਿ ਤੀਰ ਚਲਾਉਣ ਵਾਲੇ ਸਿੰਘਾਂ ਦੇ ਤੀਰ ਵਧੇ ਆਉਂਦੇ ਦੁਸ਼ਮਨ ਦੇ ਦੂਰ ਤਕ ਸਥਰ ਲਾਹੀ ਜਾ ਰਹੇ ਸਨ। ਗੁਰੂ ਜੀ ਉਪਰ ਵੇਖ ਰਹੇ ਸਨ, ਤੇ ਵਧੇ ਆਉਂਦੇ ਦੁਸ਼ਮਨ ਦੇ ਜਰਨੈਲਾਂ ਨੂੰ ਫੁੰਡੀ ਜਾ ਰਹੇ ਸਨ। ਘੰਟਾ ਦੋ ਘੰਟੇ ਦੀ ਲੜਾਈ ਵਿਚ ਹੀ ਗੜ੍ਹੀ ਅੰਦਰ ਤਾਂ ਕੇਵਲ ਇਕ ਦੋ ਸਿੰਘ ਹੀ ਸ਼ਹੀਦ ਹੋਏ, ਪਰ ਬਾਹਰ ਹਜ਼ਾਰਾਂ ਸਦਾ ਦੀ ਨੀਂਦੇ ਸੌਂ ਗਏ। ਵਜ਼ੀਦ ਖਾਂ ਤੇ ਜ਼ਬਰਦਸਤ ਖਾਂ ਹੈਰਾਨ ਹੋ ਰਹੇ ਸਨ ਕਿ ਅੰਦਰ ਕਿੰਨੀ ਕੁ ਫੌਜ ਹੈ। ਪਿੰਡ ਵਾਲਿਆਂ ਨੂੰ ਪੁਛਣ ਤੇ ਪਤਾ ਲਗਾ ਕਿ ਕੇਵਲ 40 ਕੁ ਸਿੰਘ ਗੁਰੂ ਜੀ ਦੇ ਨਾਲ ਅਸਾਂ ਵੇਖੇ ਸਨ, ਪਰ ਪਤਾ ਨਹੀਂ ਇੰਨੀ ਵਡੀ ਲੜਾਈ ਕਿਵੇਂ ਹੋ ਰਹੀ ਹੈ?

ਇਹ ਸੁਣ ਸੂਬਿਆਂ ਨੇ ਇਕ ਵਾਰ ਫਿਰ ਜ਼ੋਰ ਪਾਇਆ ਤੇ ਉਹ ਇਕ ਦਮ ਹੀ ਲਖ ਦੋ ਲਖ ਆਦਮੀ ਨੂੰ ਚਾਰੇ ਪਾਸਿਓਂ ਤੋਂ ਵਧਾਕੇ ਅਗੇ ਲੈ ਆਏ। ਕਹਿੰਦੇ ਹਨ ਕਿ ਇਸ ਸਮੇਂ ਗੁਰੂ ਜੀ ਇੰਨੇ ਜ਼ੋਰ ਨਾਲ ਤੀਰ ਚਲਾ ਰਹੇ ਸਨ ਕਿ ਉਨ੍ਹਾਂ ਦੇ ਤੀਰ ਮਿੰਟਾਂ ਵਿਚ ਹੀ ਉੱਥਲ ਪੁੱਥਲ ਕਰ ਰਹੇ ਸਨ। ਗੁਰੂ ਜੀ ਚੁਬਾਰੇ ਵਿਚ ਬੈਠੇ ਸਨ ਉਨ੍ਹਾਂ ਦੀ ਕਲਗੀ ਦੂਰੋਂ ਭਾਵੇਂ ਥੋੜੀ ਥੋੜੀ ਨਜ਼ਰ ਆਉਂਦੀ ਸੀ ਤੇ ਦੁਸ਼ਮਨ ਦੇ ਆਉਂਦੇ ਗੋਲੀਆਂ ਤੇ ਤੀਰ ਉਪਰੋਂ ਤੇ ਏਧਰ ਓਧਰ ਦੀ ਹੋ ਲੰਘ ਰਹੇ ਸਨ। ਇਸ ਸਮੇਂ ਮਲੇਰੀਏ ਭਰਾ ਖਵਾਜਾ ਖਿਜਰ ਖਾਂ, ਗੁਲਸ਼ੇਰ ਖਾਂ ਤੇ ਨਾਹਰ ਖਾਂ ਵੀ ਹੋਰ

ਜਰਨੈਲਾਂ ਦੇ ਨਾਲ ਆਪਣੀ ਪਠਾਣੀ ਸੈਨਾ ਨੂੰ ਨਾਲ ਲੈ ਕੇ ਅਗੇ ਵਧੇ ਆ ਰਹੇ ਸਨ। ਗੁਰੂ ਜੀ ਨੇ ਇਨ੍ਹਾਂ ਦਾ ਰੌਲਾ ਸੁਣਿਆ ਤਾਂ ਤਕ ਤਕ ਤੀਰ ਤੇ ਤੀਰ ਛਡਣ ਲਗੇ। ਇਹ ਗੁਰੂ ਜੀ ਨੂੰ ਖਾਸ ਤੌਰ ਤੇ ਲਲਕਾਰ ਰਹੇ ਸਨ। ਨਾਹਰ ਖਾਂ ਬਹੁਤਾ ਅਗੇ ਵਧ ਆਇਆ ਸੀ। ਗੁਰੂ ਜੀ ਨੇ ਇਸ ਵਲ ਤੀਰ ਛਡਿਆ, ਜਿਸ ਨੇ ਇਸ ਨੂੰ ਘੋੜੇ ਸਮੇਤ ਹੀ ਉੱਥਲ ਕੇ ਸੁਟ ਦਿਤਾ। ਭਰਾ ਨੂੰ ਮਰਿਆ ਵੇਖ ਦੂਜੇ ਦੋਵੇਂ ਭਰਾ (ਖਵਾਜਾ ਖਿਜਰ ਖਾਂ ਤੇ ਗੁਲਸ਼ੇਰ ਖਾਂ) ਬੜੇ ਰੋਹ ਵਿਚ ਆਏ ਤੇ ਤੀਰ ਗੋਲੀਆਂ ਚਲਾਉਂਦੇ ਅਗੇ ਵਧੇ। ਗੁਰੂ ਜੀ ਨੇ ਆਪ ਲਿਖਿਆ ਹੈ :-

ਹਰ ਆਂ ਕਸ਼ ਜ਼ਿ ਦੀਵਾਰ ਆਮਦ ਬਿਰੂੰ।। ਬਖ਼ੁਰਦਨ ਯਕੇ ਤੀਰ ਸ਼ੁਦ ਗਰਕਿ ਖ਼ੂੰ।।੨੭।।

(ਜ਼ਫਰਨਾਮਹ)

ਭਾਵ-ਪਿੰਡ ਦੇ ਕੋਠਿਆਂ ਦੀਆਂ ਦੀਵਾਰਾਂ ਤੋਂ ਅਗੇ ਲੰਘ ਜੋ ਵੀ ਸਾਡੇ ਸਾਹਮਣੇ ਆਉਂਦਾ ਦਿਸਿਆ, ਉਹ ਸਾਡੇ ਤੀਰ ਦਾ ਸ਼ਿਕਾਰ ਹੋ ਕੇ ਗਰਕ ਭਾਵ ਮਾਰਿਆ ਗਿਆ ਤੇ ਜਿਹੜੇ ਕੰਧਾਂ ਓਹਲੇ ਹੋ ਰੌਲਾ ਪਾਉਂਦੇ ਤੇ ਐਵੇਂ ਤੀਰ ਗੋਲੀਆਂ ਚਲਾਉਂਦੇ ਰਹੇ, ਉਹ ਬਚ ਰਹੇ, ਪਰ ਜਦ ਜਿਉਂ ਹੀ ਨਜ਼ਰ ਪਿਆ ਕਿ ਨਾਹਰ ਖਾਂ ਅਗੇ ਵਧਦਾ ਆ ਰਿਹਾ ਹੈ, ਉਸ ਦੇ ਤੀਰ ਸਾਡੇ ਵਲ ਸਿਧੇ ਆ ਰਹੇ ਹਨ ਤਾਂ ਅਸਾਂ ਉਸ ਵਲ ਇਕੋ ਤੀਰ ਭੇਜ ਕੇ ਵਿੰਨ੍ਹ ਦਿਤਾ, ਭਾਵ ਪਾਰ ਬੁਲਾ ਦਿਤਾ :-

ਚੁ ਦੀਦਮ ਕਿ ਨਾਹਰ ਬਿਯਾਮਦ ਬਜੰਗ।। ਚਸ਼ਦੀਹ ਯਕੇ ਤੀਰਿ ਮਨ ਬੇਦਰੰਗ।।੨੯।।

ਨਾਹਰ ਖਾਂ ਦੇ ਮਰਦੇ ਹੀ ਇਕ ਵਾਰ ਦੁਸ਼ਮਨ ਨੂੰ ਭਾਜੜ ਪੈ ਗਈ। ਗੁਰੂ ਜੀ ਦੇ ਤੀਰਾਂ ਤੋਂ ਬਚਣਾ ਸਭ ਨੂੰ ਮੁਸ਼ਕਲ ਭਾਸ ਰਿਹਾ ਸੀ। ਕੋਈ ਡਰਦਾ ਅਗੇ ਨਹੀਂ ਸੀ ਵਧਦਾ, ਪਰ ਭਰਾ ਦੇ ਮਰਨ ਦਾ ਸੱਲ ਦੋਹਾਂ ਭਰਾਵਾਂ ਨੂੰ ਖਾ ਰਿਹਾ ਸੀ, ਉਹ ਬਾਰ ਬਾਰ ਅਗੇ ਵਧਣ ਤੇ ਸਾਥੀਆਂ ਨੂੰ ਵਧਾਉਣਾ ਚਾਹੁੰਦੇ ਸਨ, ਪਰ ਗੁਰੂ ਜੀ ਦੇ ਤੀਰ ਆਉਂਦਿਆਂ ਨੂੰ ਹੇਠਾਂ ਉਤੇ ਕਰੀ ਜਾ ਰਹੇ ਸਨ। ਇਕ ਅਫਗਾਨ ਖਾਂ ਜਰਨੈਲ ਅਗੇ ਵਧਿਆ, ਉਹ ਭੀ ਮਾਰਿਆ ਗਿਆ। ਗੁਲਸ਼ੇਰ ਖਾਂ ਨੂੰ ਤੀਰ ਤਾਂ ਲੱਗਾ, ਪਰ ਉਹ ਜ਼ਖਮੀ ਹੋ ਕੇ ਦੌੜ ਗਿਆ ਤੇ ਖਵਾਜਾ ਖਿਜਰ ਨੇ ਕੰਧ ਉਹਲੇ ਹੋ ਕੇ ਜਾਨ ਬਚਾਈ। ਗੁਰੂ ਜੀ ਲਿਖਦੇ ਹਨ।

ਕਿ ਆਂ ਖ੍ਵਾਜਾ ਮਰਦੂਦ ਸਾਯਹ ਦਿਵਾਰ॥ ਨਯਾਮਦ ਬ ਮੈਦਾਂ ਬ ਮਰਦਾਨਹ ਵਾਰ॥੩੪॥

ਜੇ ਖਵਾਜਾ ਖਿਜਰ ਦੀਵਾਰ ਦੇ ਸਾਏ (ਓਹਲੇ ਪਿਛੇ) ਦੀ ਓਟ ਨਾ ਲੈਂਦਾ ਤਾਂ ਅਸੀਂ ਉਸ ਨੂੰ ਵੀ ਇਕ ਤੀਰ ਬਖਸ਼ (ਕੇ ਨਿਹਾਲ ਕਰ) ਦਿੰਦੇ।

ਪਰ ਇਸ ਦੁਪਹਿਰ ਤੋਂ ਲੱਢੇ ਵੇਲੇ ਤਕ ਡਾਢਾ ਭਿਅੰਕਰ ਜੰਗ ਹੋਇਆ। ਇੰਨੇ ਚਿਰ ਤਕ ਅੰਦਰੋਂ ਗੋਲੀ ਬਾਰੂਦ ਮੁਕ ਚੁਕਾ ਸੀ। ਗੁਰੂ ਜੀ ਨੇ ਕਿਹਾ – 'ਕੋਈ ਅੰਦਰ ਜੋ ਆ ਕੇ ਸਾਨੂੰ ਕਤਲ ਕਰੇ, ਅਸੀਂ ਬਾਹਰ ਨਿਕਲ ਕੇ ਕਿਉਂ ਨਾ ਸ਼ਹੀਦ ਹੋਈਏ। ਇਸ ਸਲਾਹ ਅਨੁਸਾਰ ਸਭ ਤੋਂ ਪਹਿਲਾਂ ਭਾਈ ਹਿੰਮਤ ਸਿੰਘ ਜੀ (ਪਿਆਰਾ) ਪੰਜਾ ਸਿੰਘਾਂ ਨੂੰ ਨਾਲ ਲੈ ਕੇ ਗੜ੍ਹੀਓਂ ਬਾਹਰ ਨਿਕਲੇ। ਗੜ੍ਹੀ ਦੁਆਲੇ ਲੋਥਾਂ ਹੀ ਲੋਥਾਂ ਸਨ ਸਿੰਘ ਲੋਥਾਂ ਨੂੰ ਉਲੰਘ, ਜੈਕਾਰੇ ਗਜਾਂਦੇ, ਤੀਰ ਚਲਾਉਂਦੇ ਵੈਰੀ ਦਲ ਵਲ ਚੱਲ ਪਏ। ਵਜ਼ੀਦ ਖਾਂ ਤੇ ਬਾਕੀ ਸੂਬੇ ਹਟਵੇਂ ਉਚੀ ਥਾਂ ਤੇ ਬੈਠੇ ਇਹ ਸਭ ਦੇਖ ਰਹੇ ਸਨ। ਕੁਝ ਚਿਰ ਉਹਨਾਂ ਨੇ ਬਹਾਦਰਾਂ ਨਾਲ ਬਹਾਦਰਾਂ ਵਾਂਗ ਲੜਨ ਦੀ ਨੀਤੀ ਅਪਣਾਈ ਤੇ ਉਹ ਤੇਗਾਂ ਤਲਵਾਰਾਂ ਨਾਲ ਹੀ ਲੜਨ ਲਗੇ। ਚੁਣੇ ਹੋਏ ਬਹਾਦਰ ਓਧਰੋਂ ਅਗੇ ਵਧੇ ਤੇ ਉਨ੍ਹਾ ਯਤਨ ਕੀਤਾ ਕਿ ਇਕੱਲੇ ਨਾਲ ਇਕੱਲਾ ਲੜ ਕੇ ਵੇਖਿਆ ਜਾਏ, ਪਰ ਗੁਰੂ ਕੇ ਸਿੰਘਾਂ ਨੇ ਉਨ੍ਹਾਂ ਦੇ ਕਈ ਆਪਣੇ ਜਿੰਨੇ ਨਿਬੇੜ ਦਿਤੇ ਫਿਰ ਲੜਦੇ ਲੜਦੇ ਉਹ ਦੁਸ਼ਮਨ ਦੇ ਵਿਚ ਵੜਦੇ ਜਾਣ। ਕਿਥੇ ਸਿੰਘ ਛੇ, ਪਰ ਉਨ੍ਹਾ ਅਗੇ ਅਨੇਕਾਂ ਇਕੱਲੇ ਨਾਲ ਇਕੱਲਾ ਲੜਨ ਵਾਲੇ ਆਏ, ਮਾਰੇ ਗਏ ਤਾਂ ਫਿਰ ਅਨੇਕਾਂ ਵੈਰੀ ਛੇਆਂ ਨੂੰ ਪੈ ਗਏ ਤੇ ਸਿੰਘ ਫਿਰ ਵੀ ਸੈਂਕੜਿਆਂ ਨੂੰ ਮਾਰ ਕੇ ਪੁਰਜਾ ਪੁਰਜਾ ਹੋ ਕੇ ਸ਼ਹੀਦ ਹੋਏ। ਸਿੰਘਾਂ ਦੀ ਬਹਾਦਰੀ ਤੇ ਦੁਸ਼ਮਨ ਵੀ ਅਸ਼–ਅਸ਼ ਕਰ ਉਠੇ।

ਇਸੇ ਤਰ੍ਹਾਂ ਹੀ ਵਾਰੀ ਵਾਰੀ ਤਿੰਨ ਪਿਆਰੇ ਤੇ ਪੰਦਰਾਂ ਸਿੰਘ ਬਾਹਰ ਜਾ ਕੇ, ਅਨੇਕਾਂ ਵੇਰੀਆਂ ਦੇ ਸਥਰ ਲਾਹ ਸ਼ਹੀਦ ਹੋ ਗਏ। ਤੁਰਕ ਸਿੰਘਾਂ ਦੀ ਲੜਾਈ ਤੇ ਬਹਾਦਰੀ ਵੇਖ ਦੰਗ ਰਹਿ ਗਏ ਤੇ ਉਨ੍ਹਾਂ ਦੀਆਂ ਉਂਗਲਾਂ ਮੂੰਹ ਵਿਚ ਪੈ ਗਈਆਂ, ਜਦੋਂ ਉਨ੍ਹਾਂ ਸਿੰਘਾਂ ਨੂੰ ਪਿਠਾਂ ਜੋੜੇ ਸੈਂਕੜੇ ਵੈਰੀਆਂ ਵਿਚ ਘਿਰੇ ਕਿੰਨੀ ਦੇਰ ਲੜਦੇ ਤੇ ਸ਼ਹੀਦ ਹੁੰਦੇ ਵੇਖਿਆ।



**ਗੁਰੂ ਸਾਹਿਬ ਜੀ ਚਮਕੌਰ ਦੀ ਕੱਚੀ ਗੜ੍ਹੀ ਵਿੱਚ ਦੋਨੋ ਸਾਹਿਬਜ਼ਾਦਿਆਂ ਨਾਲ ਸਾਹਿਬਜ਼ਾਦਿਆਂ ਦਾ ਸ਼ਹੀਦ ਹੋਣਾ**

ਤਿੰਨ ਪਿਆਰੇ ਤੇ ਬਾਕੀ ਸਿੰਘਾਂ ਨੂੰ ਸ਼ਹੀਦ ਹੋਇਆਂ ਵੇਖ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਪਿਤਾ ਜੀ ਤੋਂ ਬਾਕੀ ਸਿੰਘਾਂ ਵਾਂਗ ਬਾਹਰ ਨਿਕਲ ਕੇ ਜੰਗ ਕਰਨ ਦੀ ਆਗਿਆ ਮੰਗੀ। ਅਕਾਲ ਪੁਰਖ ਦੇ ਪੁਤਰ ਦਸਮੇਸ਼ ਜੀ ਨੇ ਪੁਤਰ ਦੀ ਪਿੱਠ ਠੋਕੀ ਤੇ ਕਿਹਾ, 'ਸ਼ਾਬਾਸ਼! ਪੁਤਰ, ਅਸੀਂ ਤਾਂ ਇਹੋ ਚਾਹੁੰਦੇ ਹਾਂ ਕਿ-

'ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈਂ ਤਬ ਜੂਝ ਮਰੌਂ॥੨੩੧॥'

(ਚੰਡੀ ਚਰਿਤ੍ਰ)

ਬਹਾਦਰਾਂ ਦਾ ਇਹੀ ਧਰਮ ਹੈ ਕਿ ਉਹ ਜਦ ਐਸਾ ਸਮਾਂ ਦੇਖਣ ਤਾਂ ਰਣ ਵਿਚ ਜੂਝ ਕੇ ਸ਼ਹੀਦੀਆਂ ਪਾਉਂਦੇ ਹਨ। ਪੁਤਰ! ਧਰਮ ਤੇ ਦੇਸ਼ ਦੀ ਰਾਖੀ ਲਈ, ਪਰ-ਉਪਕਾਰ ਲਈ ਸ਼ਹੀਦ ਹੋਣਾ, ਇਹੀ ਸੱਚੀ ਕੁਰਬਾਨੀ ਹੈ।

ਇਉਂ ਗੁਰੂ ਜੀ ਨੇ ਹੱਥੀਂ ਸਾਹਿਬਜ਼ਾਦੇ ਨੂੰ ਤਿਆਰ ਕੀਤਾ ਤੇ ਪੰਜ ਸਿੰਘ ਨਾਲ ਦੇ ਕੇ ਬਾਹਰ ਭੇਜ ਦਿਤਾ। ਸਾਹਿਬਜ਼ਾਦਾ ਜੀ ਤੀਰਾਂ ਦੇ ਭੱਥੇ ਸਮੇਤ ਸਿੰਘਾਂ ਨੂੰ ਨਾਲ ਲੈ ਜੈਕਾਰੇ ਛਡਦੇ ਬਾਹਰ ਨਿਕਲੇ। ਉਨ੍ਹਾਂ ਜਾਂਦੇ ਹੀ ਖਿਚ ਖਿਚ ਤੀਰ ਛਡੇ, ਪਰ ਤੀਰ ਮੁਕਣ ਤੇ ਤਲਵਾਰ ਲੈ ਕੇ ਵਧੇ। ਭਾਵੇਂ ਦੁਸ਼ਮਣਾਂ ਨੇ ਉਨ੍ਹਾਂ ਨੂੰ ਘੇਰ ਲਿਆ, ਪਰ ਸਾਹਿਬਜ਼ਾਦਾ ਜੀ ਤੇ ਸਾਰੇ ਹੀ ਸਿੰਘ ਚੰਗੇ ਪਲੱਥਬਾਜ਼ ਤੇ ਗਤਕੇ ਦੇ ਖਿਡਾਰੀ ਸਨ ਇਸ ਲਈ ਵੈਰੀਆਂ ਦੇ ਵਾਰ ਬਚਾ ਬਚਾ ਆਪਣੇ ਵਾਰ ਚਲਾਉਂਦੇ ਤੇ ਬੜੇ ਬੜੇ ਮਾਹਰਾਂ ਤੇ ਫੁਰਤੀਲਿਆਂ ਨੂੰ ਵੀ ਢਾਹੀ ਜਾਂਦੇ ਸਨ। ਕਹਿੰਦੇ ਹਨ ਕਿ ਦਸਾਂ ਦਸਾਂ ਤੇ ਵੀਹਾ ਵੀਹਾਂ ਨੂੰ ਮਾਰ ਸ਼ਹੀਦ ਹੋ ਚੁਕੇ ਸਨ, ਪਰ ਸਾਹਿਬਜ਼ਾਦਾ ਜੀ ਭਾਵੇਂ ਸਰੀਰ ਤੇ ਲੱਗੇ ਘਾਵਾਂ ਕਾਰਨ ਲਾਲ-ਗੁਲਾਲ ਹੋਏ ਹੋਏ ਸਨ ਪਰ ਆਪਣੀ ਤੇਗ ਤੇ ਬਰਛੀ ਨਾਲ ਵੈਰੀਆਂ ਨੂੰ ਅਜੇ ਵੀ ਪਰੋ ਪਰੋ ਸੁਟੀ ਜਾ ਰਹੇ ਸਨ। ਤਲਵਾਰ ਚਲਦੀ ਸੀ ਤੇ ਤਾਰ ਵਾਂਗ ਸਰੀਰਾਂ ਨੂੰ ਚੀਰ ਵਿਚੋਂ ਨਿਕਲਦੀ ਜਾ ਰਹੀ ਸੀ। ਪਰ ਜਦ ਨੇਜ਼ਾ ਟੁਟ ਗਿਆ, ਤਲਵਾਰ ਵੀ ਟੁਟ ਗਈ ਤਾਂ ਕਮਰ ਦੀ ਕਟਾਰ ਕੱਢ ਲਈ ਤੇ ਵੈਰੀ ਦੇ ਸ਼ਸਤਰ ਸਹਾਰ ਉਨ੍ਹਾਂ ਨੂੰ ਖੋਭੀ ਅਗੇ ਵਧੀ ਜਾ ਰਹੇ ਸਨ ਤੇ ਅੰਤ ਸਰੀਰ ਦੇ ਕਈ ਟੁਕੜੇ ਹੋ ਗਏ ਅਤੇ ਧਰਤੀ ਤੇ ਡਿੱਗ ਪਏ।

ਵੱਡੇ ਭਰਾ ਨੂੰ ਸ਼ਹੀਦ ਹੋਇਆ ਵੇਖ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਜੰਗ ਵਿਚ ਜਾਣ ਦੀ ਆਗਿਆ ਮੰਗੀ ਤੇ ਪਿਤਾ ਜੀ ਅਗੇ ਹੱਥ ਜੋੜ ਖਲੋਤੇ। ਸਤਿਗੁਰੂ ਜੀ ਨੇ ਤਾਂ ਆਪਣੇ ਇਕੋ ਸਾਹਮਣੇ ਰਖੇ ਨਿਸ਼ਾਨੇ ਅਨੁਸਾਰ ਸਰਬੰਸ ਨੂੰ ਹੀ ਧਰਮ ਖਾਤਰ ਕੁਰਬਾਨ ਕਰਨ ਦਾ ਮਨ ਬਣਾ ਰਖਿਆ ਸੀ, ਸੋ ਉਨ੍ਹਾਂ ਸਾਹਿਬਜ਼ਾਦੇ ਨੂੰ ਪਿਆਰ ਕੀਤਾ ਤੇ ਕਿਹਾ-ਪੁੱਤਰ! ਦੇਸ਼ ਤੇ ਧਰਮ ਦੇ ਵੈਰੀ ਨਾਲ ਲੜਨਾ ਹੀ ਖਸ਼ੱਤਰੀ ਦਾ ਸੱਚਾ ਧਰਮ ਹੈ ਇਹੋ ਹੀ ਸੱਚੀ ਸੂਰਮਤਾਈ ਹੈ। ਵੈਰੀ ਨੂੰ ਸਾਹਮਣੇ ਮੱਥੇ ਤੇ ਮਾਰਨਾ ਤੇ ਮਰਨਾ, ਪਿੱਠ ਨਾ ਦੇਣੀ, ਇਨ੍ਹਾਂ ਗੁਣਾਂ ਵਾਲੇ ਬਹਾਦਰਾਂ ਦਾ ਨਾਮ ਸੰਸਾਰ ਤੇ ਸਦਾ ਅਮਰ ਰਹਿੰਦਾ ਹੈ ਤੇ ਉਹ ਸਦਾ ਹੀ ਜੀਉਂਦੇ ਹਨ। ਸੋ ਬੇਟਾ ਜਾਓ, ਵੈਰੀ ਦਲ ਨਾਲ ਸਾਹਮਣੇ ਲੜਦੇ ਹੋਏ ਆਪਦੇ ਵੱਡੇ ਵੀਰ ਦਾ ਸਾਥ ਦਿਓ।'

ਇਹ ਆਖ ਗੁਰੂ ਜੀ ਨੇ ਸਾਹਿਬਜ਼ਾਦੇ ਨੂੰ ਸੋਹਣੀ ਨਿਕੀ ਜਿਹੀ ਕਲਗੀ ਤੇ ਜਿਗਾ ਸਜਾਈ, ਮੱਥਾ ਚੁੰਮਿਆ, ਤੇ ਗਲੇ ਲਾਇਆ ਤੇ ਫ਼ਿਰ ਥਾਪੀ ਦੇ ਕੇ ਪੰਜਾਂ ਸਿੰਘਾਂ ਨਾਲ ਗੜ੍ਹੀ ਤੋਂ

ਬਾਹਰ ਭੇਜ ਦਿਤਾ। ਭਾਈ ਆਲਮ ਸਿੰਘ ਗੁਰੂ ਕਾ ਬੀਰ ਜੋਧਾ ਸੀ, ਉਹ ਵੀ ਆਗਿਆ ਪਾ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੇ ਨਾਲ ਬਾਹਰ ਨਿਕਲ ਆਇਆ। ਸਾਹਿਬਜ਼ਾਦਿਆਂ ਦੇ ਸੋਹਣੇ ਤੇ ਸੁੰਦਰ ਸਰੂਪ ਨੂੰ ਵੇਖਣ ਨੂੰ ਵੈਰੀ ਦਾ ਮਨ ਵੀ ਚਾਹੁੰਦਾ ਸੀ। ਸੋ ਨਿਕੇ ਨਿਕੇ ਸ਼ਾਸ਼ਤਰਾਂ ਨਾਲ ਸਜੇ ਸਾਹਿਬਜ਼ਾਦੇ ਨੂੰ ਵਡੇ ਬਹਾਦਰਾਂ ਵਾਲੀ ਦਲੇਰੀ ਨਾਲ ਲੜਦਿਆਂ ਵੇਖ ਨਾਹਰ ਖਾਂ, ਤਾਹਰ ਖਾਂ, ਆਦਿ ਮੁਗਲ ਜਰਨੈਲ ਅਗੋਂ ਆ ਪਏ, ਪਰ ਸਿੰਘਾਂ ਨੇ ਜਾਂਦੇ ਹੀ ਜਿਧਰ ਪੈਣਾ ਸੀ, ਇਕੋ ਵਾਰ ਪੈਣਾ ਸ਼ੁਰੂ ਕਰ ਦਿਤਾ, ਪਿਠਾਂ ਨਾਲ ਪਿਠਾਂ ਜੋੜ ਕੇ ਇਕ ਵਾਰ ਤਾਂ ਇੰਨੀ ਜੁਗਤੀ ਤੇ ਬਹਾਦਰੀ ਨਾਲ ਲੜੇ ਕਿ ਜੋ ਵੀ ਸਾਹਮਣੇ ਆਇਆ ਸੋ ਝੜ ਗਿਆ। ਬਹਾਦਰੀ ਵੇਖਣ ਦੇ ਚਾਹਵਾਨ ਬਹਾਦਰੀ ਦਾ ਸ਼ਿਕਾਰ ਹੋ ਗਏ। 'ਇਹ ਨਿਕਾ ਜਿਹਾ ਹੈ, ਆਖ ਕੇ ਉਹ ਬੇਪਰਵਾਹ ਜਿਹੇ ਹੋ ਕੇ ਅਗੇ ਵਧਦੇ, ਪਰ ਓਦੋਂ ਹੀ ਪਤਾ ਲਗਦਾ, ਜਦੋਂ ਚਮਕਦੀ ਤਲਵਾਰ ਦੋ ਧੜ ਕਰ ਕੇ ਸੁਟ ਦਿੰਦੀ। ਇਹ ਵੇਖ ਇਨ੍ਹਾਂ ਛੋਆਂ ਸੱਤਾਂ ਨੂੰ ਹਜ਼ਾਰਾਂ ਹੀ ਦੁਸ਼ਮਨ ਆਣ ਪਏ, ਸੰਧਿਆ ਹੋਣ ਵਾਲੀ ਸੀ, ਥੱਕੇ ਤੇ ਅੱਕੇ ਹੋਏ ਸੀ, ਪਰ ਫਿਰ ਵੀ ਬਚਾ ਬਚਾ ਕੇ ਲੜਦੇ ਸੀ, ਪਰ ਅਗੋਂ ਜਾਨਾਂ ਤੇ ਖੇਡਣ ਦੇ ਚਾਹਵਾਨਾਂ ਦਾ ਮੁਕਾਬਲਾ ਸੀ, ਪਰ ਕਿਥੇ ਚਾਲੀ ਤੇ ਕਿਥੇ ਦਸ ਲਖ, ਕੀ ਮੁਕਾਬਲਾ ਸੀ।'

ਪਰ ਧੰਨ ਸ੍ਰੀ ਦਸਮੇਸ਼ ਜੀ ਦਾ ਜੇਰਾ ਤੇ ਬਹਾਦਰੀ! 3●–32 ਸਿੰਘਾਂ ਤੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਉਪ੍ਰੰਤ ਉਨ੍ਹਾਂ ਨੇ ਉਥੇ ਖੜੇ ਹੀ ਅਕਾਲ ਪੁਰਖ ਦਾ ਧੰਨਵਾਦ ਕੀਤਾ। ਹੇ ਪ੍ਰਭੂ! ਤੇਰੀ ਅਮਾਨਤ ਸੀ, ਜੋ ਅਜ ਅਦਾ ਹੋ ਗਈ। ਸ਼ੁਕਰ ਹੈ ਧਰਮ ਨਿਭ ਗਿਆ, ਸਿਰੋਂ ਫ਼ਰਜ ਉਤਰ ਗਿਆ ਹੈ।

### ਗੁਰੂ ਜੀ ਨੇ ਚਮਕੌਰ ਤੋਂ ਨਿਕਲਣਾ

ਸੰਧਿਆ ਦਾ ਹਨੇਰਾ ਹੋ ਰਿਹਾ ਸੀ। ਵੈਰੀ ਦਲ ਸਾਰਾ ਦਿਨ ਸਾਰਾ ਜ਼ੋਰ ਲਾਉਣ ਤੇ ਵੀ ਇਕ ਨਿਕੀ ਜਿਹੀ ਗੜ੍ਹੀ ਨੂੰ ਫਤਹ ਨਾ ਕਰ ਸਕਿਆ। ਪਰ ਹੁਣ ਉਹ ਇਸ ਆਸ ਤੇ ਕਿ ਸਵੇਰੇ ਗੁਰੂ ਜੀ ਨੂੰ ਜ਼ਰੂਰ ਹੀ ਫੜ ਲਵਾਂਗੇ ਜਾਂ ਮਾਰ ਦਿਆਂਗੇ, ਦੂਰ ਦੂਰ ਤਕ ਪਿਕਟਾਂ ਦੀਆਂ ਡਿਊਟੀਆਂ ਲਾ ਕੇ ਬੈਠਾਏ ਜਾ ਰਹੇ ਸਨ। ਇਧਰੋਂ ਸਤਿਗੁਰੂ ਜੀ ਤਾਂ ਗਹਿਰ-ਗੰਭੀਰ, ਭਾਵੀ ਦੇ

ਮਾਲਕ ਸਨ, ਪਰ ਮਨੁਖੀ ਧਰਮ, ਕਰਤਵ ਦੀ ਸਿਖਰ ਨੂੰ ਛੋਹ ਰਹੇ ਸਨ। ਸਿੰਘਾਂ ਵਿਚ ਸਲਾਹ ਹੋ ਕੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਉਹ ਜਿਵੇਂ ਵੀ ਹੋਵੇ, ਗੜ੍ਹੀ ਵਿਚੋਂ ਨਿਕਲ ਜਾਣ। ਉਨ੍ਹਾਂ ਕਿਹਾ-'ਹੇ ਧਰਮ-ਧੁਰੰਧਰ ਸਤਿਗੁਰੂ ਜੀਓ! ਆਪ ਇਥੋਂ ਸਹੀ ਸਲਾਮਤ ਨਿਕਲ ਜਾਓ ਤਾਂ ਹੀ ਪੰਥ ਦਾ ਭਲਾ ਹੈ। ਪੱਥ ਆਪ ਦਾ ਬੱਚਾ ਹੈ, ਆਪ ਪੱਥ ਦੇ ਪਿਤਾ ਹੋ। ਆਪ ਤਾਂ ਬਾਹਰ ਨਿਕਲ ਕੇ ਪੰਥ ਪੈਦਾ ਕਰ ਲਵੋਗੇ, ਪਰ ਪੰਥ ਤੁਹਾਡੇ ਵਰਗਾ ਗੁਰੂ ਪੈਦਾ ਨਹੀਂ ਕਰ ਸਕੇਗਾ, ਇਸ ਲਈ ਸਾਡੀ ਬੇਨਤੀ ਮੰਨੋ ਤੇ ਇਥੋਂ ਨਿਕਲ ਜਾਓ।'

ਗੁਰੂ ਜੀ ਨੇ ਮੁਸਕਰਾ ਕੇ ਕਿਹਾ-ਓ ਪਿਆਰਿਓ, ਸਾਨੂੰ ਅਕਾਲ ਪੁਰਖ ਦੀ ਟੇਕ ਹੈ, ਸਾਨੂੰ ਫੜਨ ਤੇ ਮਾਰਨ ਵਾਲਾ ਉਸ ਦੇ ਬਿਨਾ ਹੋਰ ਕੋਈ ਨਹੀਂ। ਪਰ ਤੁਸੀਂ ਤਾਂ ਮੈਨੂੰ ਕਾਇਰ ਬਣਕੇ ਜਾਨ ਬਚਾਉਣ ਲਈ ਕਹਿ ਰਹੇ ਹੋ, ਇਹ ਸਾਥੋਂ ਨਹੀਂ ਹੋ ਸਕੇਗਾ। ਗੁਰੂ ਜੀ ਨਾ ਮੰਨੇ। ਦੂਜੀ ਵਾਰ ਕਿਹਾ ਤਾਂ ਭੀ ਨਾ ਮੰਨੇ ਤਾਂ ਤੀਜੀ ਵਾਰ ਭਾਈ ਦਇਆ ਸਿੰਘ ਜੀ ਸਿੰਘਾਂ ਨਾਲ ਸਲਾਹ ਕਰਕੇ ਗੁਰੂ ਜੀ ਨੂੰ-'ਹੇ ਸਤਿਗੁਰੋ! ਤੁਹਾਡੇ ਉਪਦੇਸ਼ ਅਨੁਸਾਰ ਹੀ ਅਸੀਂ ਇਸ ਵੇਲੇ ਪੰਥ ਪੰਜਾਂ ਪਿਆਰਿਆਂ ਦੇ ਰੂਪ ਵਿਚ ਇਕੱਠਾ ਹੋ ਕੇ ਹੁਕਮ ਦਿੰਦਾ ਹੈ ਕਿ ਤੁਸੀਂ ਗੜ੍ਹੀ ਨੂੰ ਇਸੇ ਵੇਲੇ ਤਿਆਗ ਦਿਓ ਤੇ ਬਾਹਰ ਨਿਕਲ ਕੇ ਪੰਥ ਤੇ ਦੇਸ਼ ਦੀ ਸੇਵਾ ਕਰੋ।'

ਇਹ ਸੁਣ ਸਤਿਗੁਰੂ ਜੀ ਦਾ ਸਿਰ ਇਸ ਪੰਥ ਦੇ ਹੁਕਮ ਅਗੇ ਝੁਕ ਗਿਆ, ਪਰ ਕਹਿੰਦੇ ਹਨ ਕਿ ਉਸ ਸਮੇਂ ਗੁਰੂ ਜੀ ਦੇ ਚਿਹਰੇ ਦਾ ਤੇਜ ਇੰਨਾ ਸੀ ਕਿ ਕੋਈ ਸਿੰਘ ਉਨ੍ਹਾਂ ਸਾਹਮਣੇ ਅੱਖਾਂ ਨਹੀਂ ਸੀ ਖੋਲ੍ਹ ਸਕਦਾ। ਇਸ ਸਮੇਂ ਗੁਰੂ ਜੀ ਨੇ ਭਾਈ ਸੰਗਤ ਸਿੰਘ ਜੀ ਨੂੰ, ਜੋ ਗੁਰੂ ਜੀ ਦੇ ਹਮ-ਉਮਰ ਤੇ ਕੁਝ ਮਿਲਦੀ ਜੁਲਦੀ ਸ਼ਕਲ ਵਾਲੇ ਵੀ ਸਨ, ਉਨ੍ਹਾਂ ਦੇ ਸਿਰ ਤੇ ਜਿਗ੍ਹਾ ਤੇ ਕਲਗੀ ਰਖ ਦਿਤੀ ਤੇ ਕਿਹਾ-'ਪੰਜਾਂ ਵਿਚ ਮੈਂ ਹੀ ਵਰਤਦਾ ਹਾਂ, ਇਸ ਵਿਚ ਰਤਾ ਵੀ ਸੰਦੇਹ ਨਾ ਸਮਝੋ। ਬਾਕੀ, ਯਾਦ ਰਖੋ, ਵੈਰੀ ਦਾ ਮੁਕਾਬਲਾ ਕਰਨਾ ਹੈ, ਲੜਦਿਆਂ ਸ਼ਹੀਦ ਹੋਣਾ ਹੈ, ਪਰ ਹਥਿਆਰ ਨਹੀਂ ਸੁਟਣੇ, ਵੈਰੀ ਦੀ ਈਨ ਨਹੀਂ ਮੰਨਣੀ ਹੈ। ਇਨ੍ਹਾਂ ਗੱਲਾਂ ਦਾ ਇਕਰਾਰ ਕਰੋ, ਤਦ ਅਸੀਂ ਨਿਕਲ ਜਾਵਾਂਗੇ।'



**ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਭਾਈ ਸੰਗਤ ਸਿੰਘ ਜੀ ਦੇ ਸਿਰ ਤੇ ਜਿਗ੍ਹਾ ਤੇ ਕਲਗੀ ਸਜਾਉਂਦੇ ਹੋਏ**

ਸਿੰਘਾਂ ਨੇ ਸੀਸ ਨਿਵਾਏ ਤੇ ਪ੍ਰਣ ਲਿਆ। ਇਸ ਮਗਰੋਂ ਭਾਈ ਦਯਾ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਨੂੰ ਨਾਲ ਲੈ ਗੜ੍ਹੀ ਤੋਂ ਬਾਹਰ ਨਿਕਲ ਆਏ। ਜਿਥੇ ਗੁਰਦੁਆਰਾ ਤਾੜੀ ਸਾਹਿਬ ਹੈ, ਇਥੇ ਆ ਕੇ ਤਾੜੀ ਵਜਾਈ ਤੇ ਕਿਹਾ–'ਹਿੰਦ ਦਾ ਪੀਰ ਜਾ ਰਿਹਾ ਹੈ, ਫੜ ਲਵੋ ਜੇ ਫੜ ਸਕਦੇ ਹੋ।'

ਇਕ ਵਾਰੀ ਨਹੀਂ, ਤਿੰਨ ਵਾਰੀ ਇਉਂ ਕਹਿ ਕੇ ਗੁਰੂ ਜੀ ਤੁਰੇ। ਭਾਈ ਦਯਾ ਸਿੰਘ ਨੂੰ ਧ੍ਰੂ ਤਾਰੇ ਦੀ ਸੇਧ ਤੇ ਤੁਰੇ ਜਾਣ ਲਈ ਕਿਹਾ, ਕਿਉਂਕਿ ਇਡੇ ਵਡੇ ਲਸ਼ਕਰ ਵਿਚੋਂ ਨਿਕਲ ਕੇ ਵਿਛੜ ਜਾਣਾ ਜ਼ਰੂਰੀ ਸੀ। ਦੁਸ਼ਮਣਾਂ ਨੇ ਆਵਾਜ਼ ਸੁਣੀ ਤੇ ਤਿਆਰ ਹੋਣ ਲਗੇ ਸੀ ਕਿ ਗੁਰੂ ਜੀ ਦੇ ਤੀਰਾਂ ਨੇ ਬਲਦੀਆਂ ਮਸਾਲਾ ਨਿਸ਼ਾਨੇ ਕਰ ਬੁਝਾ ਦਿਤੀਆਂ ਤੇ ਬੁਝਾਉਂਦੇ ਹੀ ਗਏ। ਹਨੇਰੇ ਨੇ ਅਜੀਬ ਕੁਰਲਾਹਟ ਮਚਾਈ ਤੇ ਸੈਂਕੜੇ ਤੇ ਹਜ਼ਾਰਾਂ ਆਪੋ ਵਿਚ ਉੱਥਲ ਪੁੱਥਲ ਹੋ ਮਰ ਖਪ ਗਏ। 'ਮਾਰੋ, ਫੜੋ' ਦੇ ਰੌਲੇ ਵਿਚ ਕੁਝ ਵੀ ਸੁਣਾਈ ਨਹੀਂ ਸੀ ਦਿੰਦਾ। ਛੇਆਂ ਸੱਤਾਂ ਮੀਲਾਂ ਵਿਚ

ਦੁਸ਼ਮਣ ਹੀ ਦੁਸ਼ਮਣ ਸੀ, ਪਰ ਗੁਰੂ ਜੀ ਤੁਰੀ ਗਏ ਤੇ ਦਿਨ ਦੀ ਲੋਅ ਤਕ ਸਭ ਦੁਸ਼ਮਣ ਲੰਘ ਗਏ, ਪਰ ਧੱਕਮ-ਧੱਕੇ ਵਿਚ ਪੈਰੋਂ ਜੋੜਾ ਵੀ ਲੱਥ ਗਿਆ ਤੇ ਨੰਗੇ ਪੈਰੀਂ ਤੁਰੇ ਗਏ।

ਕੰਡਿਆਂ ਨਾਲ ਅੜ ਅੜ ਕੇ ਕਪੜੇ ਵੀ ਲੀਰੋ-ਲੀਰ ਹੋਏ ਪਏ ਸਨ, ਪਰ ਕਮਰ-ਕੱਸਾ ਉਸੇ ਤਰ੍ਹਾਂ ਸੀ ਤਲਵਾਰ ਦੀ ਮੁੱਠ ਹੱਥ ਵਿਚ ਹੀ ਸੀ, ਪਰ ਇਸ ਸਭ ਕੁਝ ਦੇ ਹੁੰਦੇ ਉਹ 'ਮਿਤਰ ਪਿਆਰੇ' ਦੇ ਸਨ। ਆਪ ਦੇ ਨੂਰਾਨੀ ਚਿਹਰੇ ਦੀ ਚਮਕ ਰਾਤ ਸਮੇਂ ਦੂਰੋਂ ਹੀ ਨਜ਼ਰ ਆਉਂਦੀ ਸੀ। ਭਾਈ ਦਯਾ ਸਿੰਘ, ਧਰਮ ਸਿੰਘ ਤੇ ਮਾਨ ਸਿੰਘ ਤਿੰਨੇ ਹੀ ਗੁਰੂ ਜੀ ਨਾਲ ਤੁਰੇ ਸਨ, ਪਰ ਉਹ ਸਹੀ ਸਲਾਮਤ ਸਨ। ਅੱਠ ਪੋਹ ਦੀ ਰਾਤ ਨੂੰ ਚਮਕੌਰ ਤੋਂ ਨਿਕਲੇ ਤੇ 1●-11 ਪੋਹ ਦੀ ਰਾਤ ਨੂੰ ਮਾਛੀਵਾੜੇ ਦੇ ਨੇੜੇ ਪੁਜੇ। ਸਿੰਘ ਗੁਰੂ ਜੀ ਨੂੰ ਲਭਦੇ ਫਿਰਦੇ ਸਨ ਕਿ ਉਨ੍ਹਾਂ ਆਪਣੇ ਪਿਆਰੇ ਸਤਿਗੁਰੂ ਨੂੰ ਸੁਤੇ ਵੇਖ ਲਿਆ। ਨੇੜੇ ਆ ਗਏ। ਆਵਾਜ਼ ਨਹੀਂ ਦਿਤੀ। ਭਾਈ ਦਯਾ ਸਿੰਘ ਜੀ ਮੁਖੀ ਸਨ, ਉਨ੍ਹਾਂ ਸਤਿਗੁਰੂ ਜੀ ਦੇ ਚਰਨਾਂ ਵਲ ਬੈਠ ਕੇ ਚਰਨਾਂ ਵਲ ਤੱਕਿਆ ਤਾਂ ਪੈਰਾਂ ਤੇ ਛਾਲੇ ਹੀ ਛਾਲੇ ਤੇ ਕਈਆਂ ਥਾਵਾਂ ਤੋਂ ਖ਼ੂਨ ਨਿਕਲਿਆ ਹੋਇਆ ਸੀ। 'ਪੈਰ ਦੁਖਦੇ ਹੋਣਗੇ', ਇਹ ਜਾਣਦਿਆਂ ਵੀ ਉਨ੍ਹਾਂ ਪੈਰਾਂ ਦੀਆਂ ਤਲੀਆਂ ਨੂੰ ਝਸ ਦਿਤਾ ਤਾਂ ਸਤਿਗੁਰੂ ਜੀ ਜਾਗ ਪਏ। ਉਨ੍ਹਾਂ ਦੇ ਹੱਥ ਤਲਵਾਰ ਦੀ ਮੁੱਠ ਤੇ ਹੀ ਸੀ ਤੇ ਆਪਣੇ ਵਲੋਂ ਉਹ ਖ਼ਬਰਦਾਰ ਸਨ, ਪਰ ਆਪਣੇ ਪਿਆਰੇ ਸਿੰਘਾਂ ਨੂੰ ਵੇਖਿਆ ਤਾਂ ਕਿਹਾ-'ਭਾਈ ਦਯਾ ਸਿੰਘ ਜੀ! ਆ ਗਏ ਹੋ।'

'ਹਾਂ, ਪਰ ਸਤਿਗੁਰੂ ਜੀਓ! ਤੁਸੀਂ ਇਥੇ ਰੜੈ ਮੈਦਾਨ ਵਿਚ ਪਏ ਹੋ, ਦੁਸ਼ਮਨ ਆ ਰਿਹਾ ਹੈ, ਕਿਸੇ ਟਿਕਾਣੇ ਚਲੋ।'

**ਗੁਰੂ ਜੀ ਮਾਛੀਵਾੜੇ ਵਿਚ**

ਗੁਰੂ ਜੀ ਇਸ ਸਮੇਂ ਮਾਛੀਵਾੜੇ ਤੋਂ ਬਾਹਰ ਗੁਲਾਬੇ ਮਸੰਦ ਦੇ ਖੂਹ ਤੇ ਬੈਠੇ ਸਨ। ਇਸ ਖੂਹ ਤੇ ਤੜਕੇ, ਮੂਹ-ਹਨੇਰੇ ਹੀ, ਇਥੋਂ ਦੇ ਹੀ ਵਸਨੀਕ ਨਬੀ ਖਾਂ ਤੇ ਗਨੀ ਖਾਂ ਸੁਚੇਤੇ ਜਾਂਦੇ ਆ ਨਿਕਲੇ। ਇਹ ਘੋੜਿਆਂ ਦੇ ਸੁਦਾਗਰ ਸਨ ਤੇ ਕਈ ਵਾਰ ਅਨੰਦਪੁਰ ਵਿਚ ਗੁਰੂ ਜੀ ਕੋਲ ਘੋੜੇ ਵੇਚੇ ਤੇ ਦਰਸ਼ਨ ਕੀਤੇ ਸਨ।

ਉਹ ਗੁਰੂ ਜੀ ਨਾਲ ਅਗੇ ਵਧ ਕੇ ਗੱਲਾਂ ਬਾਤਾਂ ਕਰ ਰਹੇ ਸਨ ਕਿ ਗੁਰੂ ਜੀ ਨੇ ਇਸ ਸਮੇਂ ਬੇ-ਪਰਵਾਹੀ ਦੀ ਹੱਦ ਕਰ ਵਿਖਾਈ। ਦੋਹਰੇ ਤੇ ਟੱਪੇ ਖ਼ੁਸ਼ੀ ਦੀ ਟੀਸੀ ਤੇ ਪੁਜੇ ਆਦਮੀ ਦੇ

ਮੂੰਹੋਂ ਨਿਕਲਦੇ ਹਨ। ਖੁਸ਼ੀ ਵਿਚ ਆ ਕੇ ਪਿਆਰੇ ਦੀ ਸਿਫਤ ਕਰੀਦੀ ਹੈ। ਸੋ ਗੁਰੂ ਜੀ ਨੇ ਇਸ ਸਮੇਂ ਦੋਹਰਾ ਉਚਾਰਿਆ–

"ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥ . . . . . ਯਾਰੜੇ ਦਾ ਸਾਨੂੰ ਸਥੱਰ ਚੰਗਾ, ਭੱਠ ਖੇੜਿਆਂ ਦਾ ਰਹਣਾ॥੧॥੧॥੬॥" (ਸ਼ਬਦ ਹਜਾਰੇ ਪਾ: ੧੦)

ਓਧਰ ਚਮਕੌਰ ਵਿਚ ਸਾਰੀ ਰਾਤ ਸਿੰਘ ਗੜ੍ਹੀ ਵਿਚੋਂ ਕੋਈ ਕੋਈ ਗੋਲੀ ਦਾਗ਼ ਦਿੰਦੇ ਰਹੇ ਤੇ ਰਾਤ ਇਸੇ ਤਰ੍ਹਾਂ ਹੀ ਲੰਘਾ ਦਿਤੀ। ਦਿਨ ਚੜ੍ਹਦੇ ਜਦ ਵੈਰੀਆਂ ਨੇ ਪੌੜੀਆਂ ਲਾ ਕੇ ਗੜ੍ਹੀ ਦੇ ਅੰਦਰ ਉਤਰਨਾ ਸ਼ੁਰੂ ਕਰ ਦਿਤਾ ਤਾਂ ਪੰਜੇ ਸਿੰਘ ਤਲਵਾਰਾਂ ਧੂਹ ਕੇ, ਜਦ ਤਕ ਜਾਨ ਵਿਚ ਜਾਨ ਰਹੀ, ਕਟਾ-ਵਢੀ ਕਰਦੇ ਰਹੇ ਤੇ ਅਖੀਰ ਸ਼ਹੀਦ ਹੋ ਗਏ। ਭਾਵੇਂ ਉਨ੍ਹਾਂ ਨੇ ਭਾਈ ਸੰਗਤ ਸਿੰਘ ਜੀ ਦੇ ਸੀਸ ਨੂੰ ਗੁਰੂ-ਸੀਸ ਸਮਝ ਕੇ ਵੱਢ ਲਿਆ ਤੇ ਗੁਰੂ ਮਾਰ ਲਿਆ, ਫਤਹ ਹੋ ਗਈ ਦੀਆਂ ਖੁਸ਼ੀਆਂ ਕਰਨ ਲੱਗੇ, ਪਰ ਗੁਰੂ ਜੀ ਦਾ ਸ਼ੱਕ ਅਜੇ ਸੀ ਕਿਉਂਕਿ ਰਾਤ ਦਾ ਰੌਲਾ ਤੇ ਕਟ-ਵਢ ਕੋਈ ਥੋੜੀ ਨਹੀਂ ਸੀ ਹੋਈ। ਸੂਬਾ ਸਰਹੰਦ ਤੇ ਜ਼ਬਰਦਸਤ ਖਾਂ ਵਾਪਸ ਮੁੜ ਗਏ, ਪਰ ਫੌਜਾਂ ਨੂੰ ਹੁਕਮ ਦੇ ਦਿਤਾ ਕਿ ਚੱਪਾ ਚੱਪਾ ਫੋਲੀ ਜਾਓ, ਕਿਤੇ ਗੁਰੂ ਨਿਕਲ ਨਾ ਜਾਏ। ਸੋ ਤੀਜੇ ਚੌਥੇ ਦਿਨ ਫੌਜਾਂ ਮਾਛੀਵਾੜੇ ਵਲ ਹੀ ਢੂੰਡ ਕਰਦੀਆਂ ਜਾ ਪੁਜੀਆਂ। ਉਧਰੋਂ ਨਾਲ ਦੇ ਗੁਆਂਢੀ ਮੌਲਵੀ ਨੂੰ ਵੀ ਸ਼ਕ ਜਿਹਾ ਪੈ ਗਿਆ ਸੀ ਨਾਲੇ ਸਿੰਘ ਗੁਝੇ ਰਹਿ ਵੀ ਕਿਵੇਂ ਸਕਦੇ ਸਨ, ਸੋ ਗੁਲਾਬੇ ਨੇ ਗੁਰੂ ਜੀ ਨੂੰ ਫੜੇ ਜਾਣੋਂ ਬਚਾਉਣ ਦੇ ਖਿਆਲ ਨਾਲ ਉਥੋਂ ਚਲੇ ਜਾਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਕਿਹਾ-'ਗੁਲਾਬਿਆ, ਘਬਰਾਉਣ ਤੇ ਚਿੰਤਾ ਵਾਲੀ ਤਾਂ ਗੱਲ ਹੀ ਕੋਈ ਨਹੀਂ, ਪਰ ਤੈਨੂੰ ਡਰ ਲੱਗ ਰਿਹਾ ਹੈ ਤਾਂ ਅਸੀਂ ਚਲੇ ਜਾਂਦੇ ਹਾਂ।' ਮਾਈ ਵਲੋਂ ਭੇਟਾ ਕੀਤੇ ਖੱਦਰ ਨੂੰ ਗੁਰੂ ਜੀ ਨੇ ਕਿਹਾ-'ਇਸ ਨੂੰ ਨੀਲਾ ਰੰਗਾ ਦੇਹ, ਗਨੀ ਖਾਂ ਤੇ ਨਬੀ ਖਾਂ ਨੂੰ ਸੱਦ ਦੇਹ।'

### ਗੁਰੂ ਜੀ ਨੇ 'ਉਚ ਦੇ ਪੀਰ' ਬਣ ਕੇ ਮਾਛੀਵਾੜਿਓਂ ਨਿਕਲਣਾ

ਉਹ ਖੱਦਰ ਦਾ ਥਾਨ ਨੀਲਾ ਰੰਗ ਕੇ ਗੁਰੂ ਜੀ ਪਾਸ ਲੈ ਆਇਆ। ਗੁਰੂ ਜੀ ਨੇ ਲਲਾਰੀ ਨੂੰ ਹੁਕਮਨਾਮਾ ਦਿਤਾ, ਜੋ ਅਜੇ ਤਕ ਉਸ ਦੀ ਬੰਸ ਕੋਲ ਹੈ। ਨਬੀ ਖਾਂ, ਗਨੀ ਖਾਂ ਤੇ ਸਭ ਸਿੰਘਾਂ ਨੂੰ ਨੀਲੇ ਬਸਤਰ ਪਹਿਨਾਏ ਗਏ। ਗੁਰੂ ਜੀ ਨੇ ਆਪ ਵੀ ਪਹਿਨ ਲਏ। ਹਜੂਰ ਤਸਥੀ

ਫੜ ਕੇ ਪਲੂੰਘ ਤੇ ਬੈਠ ਗਏ। ਭਾਈ ਧਰਮ ਸਿੰਘ, ਮਾਨ ਸਿੰਘ, ਨਬੀ ਖਾਂ ਤੇ ਗਨੀ ਖਾਂ ਨੇ ਪਲੰਘ ਚੁਕ ਲਿਆ। ਭਾਈ ਦਯਾ ਸਿੰਘ ਜੀ ਮੋਰ ਖੰਭਾਂ ਦੇ ਚੌਰ ਨੂੰ ਗੁਰੂ ਦੇ ਸਿਰ ਤੇ ਫੇਰਨ ਲੱਗ ਪਏ। ਇਉਂ ਗੁਰੂ ਜੀ ਮਾਛੀਵਾੜੇ ਤੋਂ ਉੱਚ ਦਾ ਪੀਰ ਬਣ ਕੇ ਨਿਕਲ ਤੁਰੇ। ਉੱਚ ਦਾ ਪਿੰਡ ਮੁਲਤਾਨ ਦੇ ਨੇੜੇ ਹੈ, ਜਿਥੋਂ ਦੇ ਪੀਰਾਂ ਦੀ ਮੁਸਲਮਾਨਾਂ ਵਿਚ ਚੰਗੀ ਮਾਨਤਾ ਹੈ ਤੇ ਸੋਢੀਆਂ ਬੇਦੀਆਂ ਵਾਂਗ ਉਨ੍ਹਾਂ ਦੀ ਪੀਰੀ-ਮੁਰੀਦੀ ਵੀ ਚਲਦੀ ਸੀ। ਪਲੰਘ ਦੇ ਅਗਲੇ ਪਾਸੇ ਗਨੀ ਖਾਂ ਤੇ ਨਬੀ ਖਾਂ ਲੱਗੇ ਤੇ ਉਹ ਅਗੋਂ ਰੋਕ ਕੇ ਪੁਛਣ ਵਾਲਿਆਂ ਨੂੰ ਕਹਿੰਦੇ ਕਿ ਉੱਚ ਦੇ ਪੀਰ ਮੁਰੀਦਾਂ ਦੀ ਮੰਗ ਅਨੁਸਾਰ ਦੌਰੇ ਤੇ ਜਾ ਰਹੇ ਹਨ। ਹੁਣ ਪੁਛਣ ਵਾਲੇ ਸਿਰ ਝੁਕਾ ਦਿੰਦੇ ਤੇ ਪਲੰਘ ਬਿਲਕੁਲ ਹੀ ਫੌਜੀ ਪਿਕਟਾਂ ਵਿਚਕਾਰ ਚਲਾ ਗਿਆ ਤਾਂ ਕੁਝ ਸਿਪਾਹੀਆਂ ਨੇ ਆਪਣੇ ਵਡੇ ਫੋਜਦਾਰ, ਦਲੇਰ ਖਾਂ ਨੂੰ ਖਬਰ ਦਿਤੀ ਕਿ- 'ਉੱਚ ਦੇ ਪੀਰ ਸਾਹਿਬ ਜਾ ਰਹੇ ਹਨ, ਕੀ ਹੁਕਮ ਹੈ?'

ਉਸ ਨੇ ਕਿਹਾ-'ਪੀਰ ਸਾਹਿਬ ਨੂੰ ਕਹੋ, ਮੈਨੂੰ ਦੀਦਾਰ ਦੇ ਕੇ ਜਾਣ।'

ਜਦ ਗੁਰੂ ਜੀ ਦਾ ਪਲੰਘ ਉਸ ਦੇ ਕੈਂਪ-ਤੰਬੂ ਕੋਲ ਪੁਜਾ ਤਾਂ ਦਲੇਰ ਖਾਂ ਨੇ ਬਾਹਰ ਨਿਕਲ ਕੇ ਦੂਰੋਂ ਹੀ ਸਲਾਮ ਕੀਤੀ, ਪਰ ਨਾਲ ਹੀ ਕਿਹਾ-'ਵੈਰੀ ਗਵਾਹੀਆਂ ਦਿਓ ਕਿ ਇਹ ਠੀਕ ਹੀ ਉਹੀ ਪੀਰਜ਼ਾਦੇ ਹਨ ਤੇ ਨਾਲੇ ਸਾਡੇ ਜ਼ਯਫਤ (ਖਾਣਾ) ਵੀ ਖਾਂਦੇ ਜਾਓ।' ਅਗੋਂ ਨਬੀ ਨੇ ਕਿਹਾ-ਪੀਰ ਜੀ ਤਾਂ ਰੋਜ਼ੇ ਪੁਰ ਹਨ ਤੇ ਬਾਕੀ ਅਸੀਂ ਮੁਰੀਦ ਖਾ ਲਵਾਂਗੇ।'

ਗਵਾਹੀ ਲਈ ਗੁਰੂ ਜੀ ਦੇ ਦਸੇ ਅਨੁਸਾਰ ਪੀਰ ਮੁਹੰਮਦ ਸਲੋਹ ਵਾਲਾ, ਜਿਸ ਤੋਂ ਗੁਰੂ ਜੀ ਨੇ ਫਾਰਸੀ ਪੜ੍ਹੀ ਸੀ, ਸੱਯਦ ਅਨਾਇਤ ਅਲੀ ਨੂਰਪੁਰੀਆ, ਸੱਯਦ ਹਸਨ ਅਲੀ ਸੱਦੇ ਗਏ ਇਨ੍ਹਾਂ ਗੁਰੂ ਜੀ ਨੂੰ ਵੇਖਦੇ ਹੀ ਪਛਾਣ ਲਿਆ ਤੇ ਝੁਕ ਕੇ ਸਿਜਦਾ ਕੀਤਾ। ਉਨ੍ਹਾਂ ਦਲੇਰ ਖਾਂ ਨੂੰ ਕਿਹਾ-'ਸ਼ੁਕਰ ਹੈ ਜੋ ਇਸ ਪੀਰਾਨ-ਪੀਰ ਨੇ ਤੁਹਾਨੂੰ ਕੋਈ ਬਦ ਦੁਆ ਨਹੀਂ ਦਿਤੀ। ਇਹ ਤਾਂ ਐਸੇ ਸੱਚੇ ਪੀਰ ਹਨ ਕਿ ਜੋ ਮੂੰਹੋਂ ਕਹਿ ਦੇਣ, ਉਹ ਮੁੜਦਾ ਨਹੀਂ, ਸੱਚ ਹੋ ਜਾਂਦਾ। ਤੁਸਾਂ ਅਜੇ ਤਕ ਕੋਈ ਗੱਲ ਤਾਂ ਨਹੀਂ ਕਹੀ?'

ਦਲੇਰ ਖਾਂ ਨੇ ਕਿਹਾ, ਨਹੀਂ!'

ਪਰ ਨਾਲ ਹੀ ਇਨ੍ਹਾਂ ਗਵਾਹੀਆਂ ਨੇ ਉਸ ਪੰਜ ਹਜ਼ਾਰੀ ਜਰਨੈਲ ਦੇ ਦਿਲ ਨੂੰ ਹਿਲਾ ਕੇ ਰਖ ਦਿਤਾ। ਉਹ ਮਨ ਹੀ ਮਨ ਵਿਚ ਸ਼ੁਕਰ ਮਨਾਂਉਣ ਲੱਗਾ ਕਿ ਉਸ ਦੇ ਮੂੰਹੋਂ ਪੀਰ ਜੀ ਦੀ ਸ਼ਾਨ ਦੇ ਵਿਰੁਧ ਕੋਈ ਗੱਲ ਨਹੀਂ ਨਿਕਲੀ।

ਇਕ ਦੋ ਪੜਾਅ ਕਰ ਕੇ ਗੁਰੂ ਜੀ ਕਟਾਣੀ ਪੁਜੇ ਤੇ ਇਥੋਂ ਗਨੀ ਖਾਂ ਤੇ ਨਬੀ ਖਾਂ ਨੂੰ ਹੁਕਮਨਾਮੇ ਦੇ ਕੇ ਪਰਤਾ ਦਿਤਾ। ਇਸ ਤੋਂ ਅਗੇ ਨੰਬਰਦਾਰੀ ਸਿਸਟਮ ਅਨੁਸਾਰ ਪਿੰਡੇ ਪਿੰਡ ਹੁੰਦੇ ਘੁਗਰਾਲੀ ਪੁਜੇ। ਇਥੋਂ ਦਾ ਨੱਥੂ ਮਿਸਤਰੀ ਮਸ਼ਹੂਰ ਸੀ, ਜੋ ਅਨੰਦਪੁਰ ਗੁਰੂ ਜੀ ਕੋਲ ਸ਼ਸਤਰ ਲਿਜਾਂਦਾ ਰਿਹਾ ਸੀ ਤੇ ਇਸ ਵੇਲੇ ਸਰਹੰਦ ਦੇ ਸਰਕਾਰੀ ਹਥਿਆਰਾਂ ਦੇ ਕਾਰਖਾਨੇ ਦਾ ਮਾਲਕ ਸੀ। ਸਿੰਘ ਉਸ ਨੂੰ ਗੁਰੂ ਜੀ ਕੋਲ ਬੁਲਾ ਲਿਆਏ। ਹੁਣ ਵੀ ਉਹ ਗੁਰੂ ਜੀ ਲਈ ਇਕ ਕਮਾਨ, ਕੁਝ ਤੀਰ ਤੇ ਦੋ ਤਲਵਾਰਾਂ ਲੈ ਆਇਆ। ਇਥੋਂ ਦੇ ਨੰਬਰਦਾਰ ਕੋਲੋਂ ਗੁਰੂ ਜੀ ਨੇ ਘੋੜੀ ਮੰਗੀ ਤਾਂ ਉਹ ਮੁਕਰ ਗਿਆ।

ਗੁਰੂ ਜੀ ਇਥੋਂ ਪਲੰਘ ਤੇ ਹੀ ਹੇਅਰਾਂ ਤਕ ਪੁਜੇ ਤੇ ਉਥੇ ਕ੍ਰਿਪਾਲ ਦਾਸ ਉਦਾਸੀ ਦੇ ਡੇਰੇ ਜਾ ਉਤਰੇ, ਪਰ ਉਹ ਡਰ ਗਿਆ। ਗੁਰੂ ਜੀ ਉਥੋਂ ਲੰਮੇ ਜੱਟ ਪੁਰੇ ਜਾ ਰਹੇ। ਅਗੋਂ ਇਸੇ ਤਰ੍ਹਾਂ ਪਲੰਘ ਤੇ ਹੀ ਆਲਮਗੀਰ (ਲੁਧਿਆਨੇ) ਤਕ ਪੁਜੇ। ਇਥੇ ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾ ਨਿਗਾਹੀਆ ਸਿੰਘ ਨੇ ਘੋੜਾ ਭੇਟਾ ਕੀਤਾ। ਗੁਰੂ ਜੀ ਨੇ ਪਲੰਘ ਛਡ ਦਿਤਾ ਤੇ ਘੋੜ ਅਸਵਾਰ ਹੋ ਗਏ। ਇਥੋਂ ਚਲ ਕੇ ਰਾਇ ਕੋਟ ਪਹੁੰਚੇ। ਰਾਇ ਕੱਲਾ ਮਿਲਿਆ।

**ਮਾਹੀ ਹਲਕਾਰੇ ਨੇ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲਿਆਉਣੀ**

ਗੁਰੂ ਜੀ ਦੇ ਕਹਿਣ ਅਨੁਸਾਰ ਸਰਹੰਦੋਂ ਛੋਟਿਆਂ ਸਾਹਿਬਜ਼ਾਦਿਆਂ ਦੀ ਖਬਰ ਮਾਹੀ ਹਲਕਾਰੇ ਤੋਂ ਮੰਗਵਾਈ ਗਈ। ਉਸ ਨੇ ਆ ਕੇ ਦਸਿਆ ਕਿ ਤੁਹਾਡੇ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਸਰਸਾ ਤੋਂ ਬਿਛੜਨ ਸਮੇਂ ਮਾਤਾ ਗੁਜਰੀ ਤੇ ਛੋਟੈ ਸਾਹਿਬਜ਼ਾਦਿਆਂ ਨੂੰ ਆਪਣੇ ਪਿੰਡ ਖੇੜੀ ਲੈ ਗਿਆ। ਉਸ ਨੇ ਮਾਤਾ ਜੀ ਦੇ ਕੀਮਤੀ ਪਦਾਰਥਾਂ ਨੂੰ ਚੁਰਾ ਲਿਆ ਤੇ ਆਪੇ ਹੀ 'ਚੋਰ,

ਚੋਰ’ ਦੀ ਦੁਹਾਈ ਪਾਈ। ਮਾਤਾ ਜੀ ਨੇ ਕਿਹਾ-‘ਵੇ ਗੰਗੂ ਰਾਮਾਂ! ਚੋਰ ਤਾਂ ਆਇਆ ਕੋਈ ਨਹੀਂ, ਮੈਂ ਤਾਂ ਜਾਗਦੀ ਸਾਂ, ਸਾਨੂੰ ਦੁਖੀਆਂ ਨੂੰ ਨੀਂਦ ਆਈ ਹੀ ਨਹੀਂ। ਇਸ ਤੇ ਉਸ ਦੁਸ਼ਟ ਨੇ ਮੁਰਿੰਡੇ ਦੇ ਹਾਕਮ ਨੂੰ ਖ਼ਬਰ ਦਿਤੀ ਤੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਪਕੜਵਾ ਦਿਤਾ। ਮੁਰਿੰਡੇ ਤੋਂ ਦਾਦੀ ਪੋਤਰੇ ਸਰਹੰਦ ਭੇਜੇ ਗਏ। ਉਥੇ ਸੂਬੇ ਵਜ਼ੀਦ ਖਾਂ ਨੇ ਵੱਡਾ ਜ਼ੁਲਮ ਕੀਤਾ ਹੈ। ਸਾਹਿਬਜ਼ਾਦਿਆਂ ਨੂੰ ਈਨ ਵਿਚ ਲਿਆਉਣ ਲਈ ਵੱਡੇ ਵੱਡੇ ਲਾਲਚ ਦਿਤੇ ਤੇ ਧਮਕੀਆਂ ਦਿਤੀਆਂ। ਜਦ ਸਾਬਿਜ਼ਾਦਿਆਂ ਕੋਈ ਗੱਲ ਨਾਂ ਮੰਨੀ ਤਾਂ ਉਸ ਨੇ ਸਾਹਿਬਜ਼ਾਦਿਆਂ ਨੂੰ ਮਾਰਨ ਦਾ ਹੁਕਮ ਦੇ ਦਿਤਾ। ਕੋਲੋਂ ਮਲੇਰ ਕੋਟੀਏ ਨਵਾਬ ਨੇ ਇਸ ਸਮੇਂ ਕਿਹਾ-‘ਖਾਨ ਸਾਹਿਬ ਇਨ੍ਹਾਂ ਸ਼ੀਰ-ਖੋਰੇ ਬੱਚਿਆਂ ਨੂੰ ਕਤਲ ਕਰਨਾ ਠੀਕ ਨਹੀਂ, ਇਨ੍ਹਾਂ ਨੇ ਤੁਹਾਡਾ ਕੀ ਵਿਗਾੜਿਆ ਹੈ। ਤੁਹਾਡਾ ਵੈਰ ਹੈ ਤਾਂ ਇਨ੍ਹਾਂ ਦੇ ਪਿਤਾ ਗੁਰੂ ਗੋਬਿੰਦ ਸਿੰਘ ਨਾਲ ਹੈ। ਜੇ ਮਾਰ ਸਕਦੇ ਹੋ ਤਾਂ ਉਸ ਨੂੰ ਮਾਰੋ। ਜੇ ਉਸ ਉਤੇ ਤੁਹਾਡੀ ਪੇਸ਼ ਨਹੀਂ ਗਈ ਤਾਂ ਇਨ੍ਹਾਂ ਨੂੰ ਮਾਰ ਕੇ ਵੱਡਾ ਗੁਨਾਹ ਨਾ ਕਰੋ।’

ਪਰ ਮਲੇਰੀਏ ਭਰਾਵਾਂ ਦੀ ਇਸ ਗੱਲ ਨੂੰ ਸੁਚਾ ਨੰਦ ਖੱਤਰੀ ਨੇ ਰੱਦ ਕਰਵਾ ਦਿਤਾ। ਉਸ ਨੇ ਕਿਹਾ-ਸੱਪਾਂ ਦੇ ਪੁਤਰ ਸੱਪ ਹੀ ਹੁੰਦੇ ਹਨ, ਇਹ ਵੀ ਵੱਡੇ ਹੋ ਕੇ ਪਿਉ ਵਾਂਗ ਹੀ ਬਣਨਗੇ, ਇਸ ਲਈ ਇਨ੍ਹਾਂ ਤੇ ਰਹਿਮ ਕਰਨਾ ਠੀਕ ਨਹੀਂ।’

ਇਹ ਸੁਣਕੇ ਉਹਨਾਂ ਫੁੱਲਾ ਵਰਗੇ ਕੋਮਲ ਤੇ ਸੁੰਦਰ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾਇਆ ਤੇ ਫਿਰ ਕਤਲ ਕਰ ਦਿਤਾ। ਪਰ ਅਫਰੀਨ ਉਹਨਾਂ ਬੱਚਿਆਂ ਦੇ, ਉਹ ਰਤਾ ਨਹੀਂ ਝੁਕੇ, ਰਤਾ ਨਹੀਂ ਡੋਲੇ। ਉਹ ਨਵਾਬ ਨੂੰ ਸਾਫ ਸਾਫ ਜਵਾਬ ਦਿੰਦੇ ਰਹੇ ਤੇ ਗੱਜ ਕੇ ਫਤਹਿ ਗਜਾਉਂਦੇ ਰਹੇ। ਸਾਰੀ ਕਚਹਿਰੀ ਦੇ ਲੋਕ ਉਨ੍ਹਾਂ ਦੀ ਦਲੇਰੀ ਤੇ ਸਾਹਸ ਤੇ ਅਸ਼ ਅਸ਼ ਕਰ ਉਠੇ, ਪਰ ਹਵਸ ਤੇ ਕੀਨੇ ਦੀ ਅੱਗ ਨੇ ਉਨ੍ਹਾਂ ਮਲੂਕ ਫੁੱਲਾਂ ਨੂੰ ਲੂਹ ਕੇ ਰਖ ਦਿਤਾ। ਭਾਵ ਨੀਹਾਂ ਵਿੱਚ ਚਿਣ ਕੇ ਅੰਤ ਕਤਲ ਕਰ ਕੇ ਸ਼ਹੀਦ ਕਰ ਦਿੱਤਾ ਗਿਆ।



ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਦੇ ਹੋਏ

ਮਾਤਾ ਜੀ ਨੂੰ ਖਬਰ ਜਾ ਪੁਜੀ ਤਾਂ ਉਹ ਵੀ ਉਥੇ ਹੀ ਜੋਤੀ-ਜੋਤ ਸਮਾ ਗਏ। ਪਹਿਰੇਦਾਰ ਨੇ ਦਸਿਆ ਮਾਤਾ ਜੀ ਪੋਤਰਿਆਂ ਨੂੰ ਧਰਮ ਨਾ ਛਡਣ ਦੀ ਪਰੇਰਨਾ, ਜਾਂਦੇ ਜਾਂਦੇ ਤਕ ਦਿੰਦੇ ਰਹਿੰਦੇ ਸਨ, ਕਹਿੰਦੇ ਸਨ-'ਤੁਸੀਂ ਸ਼ਹੀਦ ਦਾਦੇ ਦੇ ਪੋਤਰੇ ਹੋ, ਬਹਾਦਰ ਗੁਰੂ ਦੇ ਪੁਤਰ ਹੋ। ਦੇਖਣਾ ਧਰਮ ਨੂੰ ਲਾਜ ਨਾ ਲਾਉਣੀ।' ਮਾਤਾ ਜੀ ਠੰਢੇ ਬੁਰਜ ਵਿਚ ਬੈਠੇ ਚਾਰ ਦਿਨ ਇਹੋ ਹੀ ਪੋਤਰਿਆਂ ਨੂੰ ਸਿਖਿਆ ਦਿੰਦੇ ਰਹੇ ਸਨ।

ਮਾਹੀ ਹਲਕਾਰਾ ਇਹ ਗੱਲਾਂ ਸੁਣਾ ਰਿਹਾ ਸੀ ਤਾਂ ਗੁਰੂ ਜੀ ਸਿਰਾ ਨੀਵਾਂ ਧਿਆਨ ਕਰੀ ਤੀਰ ਦੀ ਨੋਕ ਨਾਲ ਇਕ ਕਾਹੀ ਦੇ ਬੂਟੇ ਨੂੰ ਖੋਦੀ ਜਾ ਰਹੇ ਸਨ, ਪਰ ਜਿਉਂ ਹੀ ਗੱਲ ਮੁਕੀ, ਕਾਹੀ ਦਾ ਬੂਟਾ ਪੁਟ ਕੇ ਸੁਟ ਦਿਤਾ ਤੇ ਕਿਹਾ-ਮੁਗਲਾਂ ਦੀ ਜੜ੍ਹ ਪੁਟੀ ਗਈ। ਸਰਹੰਦ ਗੁਰੂ-ਮਾਰੀ ਹੈ, ਮੇਰੇ ਸਿੰਘ ਇਹ ਦੀ ਇੱਟ ਨਾਲ ਇੱਟ ਵਜਾਉਣਗੇ ਤੇ ਦੁਸ਼ਟਾਂ ਨੂੰ ਸਜ਼ਾਵਾਂ ਦੇਣਗੇ। ਮਲੇਰੀਆਂ ਨੇ 'ਆਹ' ਦਾ ਨਾਹਰਾ ਮਾਰਿਆ ਹੈ, ਉਨ੍ਹਾਂ ਨੇ ਜੜ੍ਹ ਬਚਾ ਲਈ ਹੈ।

ਰਾਇ ਕੱਲਾ ਵੀ ਮੁਗਲ ਸੀ, ਉਸ ਨੇ ਇਹ ਸੁਣ ਕੇ ਹੱਥ ਜੋੜੇ ਤੇ ਕਿਹਾ-'ਮਹਾਰਾਜ! ਮੇਰਾ ਕੀ ਕਸੂਰ ਹੈ, ਮੈਨੂੰ ਤਾਂ ਉਨ੍ਹਾਂ ਜ਼ਾਲਮਾਂ ਨਾਲ ਨਾ ਮੇਲੋ ਮੈਂ ਤਾਂ ਤੁਹਾਡਾ ਸੇਵਕ ਹਾਂ।'

ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਤਲਵਾਰ ਬਖਸ਼ੀ ਤੇ ਕਿਹਾ-'ਜਦ ਤਕ ਇਸ ਦੀ ਇਜ਼ਤ ਤੇ ਸਤਿਕਾਰ ਕਰੋਗੇ, ਤੁਸੀਂ ਕਾਇਮ ਰਹੋਗੇ, ਖਾਨਦਾਨ ਕਾਇਮ ਰਹੇਗਾ, ਪਰ ਜਦ ਵੀ ਇਸ ਦਾ ਸਤਿਕਾਰ ਨਾ ਕੀਤਾ, ਓਦੋਂ ਖਤਮ ਹੋ ਜਾਓਗੇ।'

ਸਚਮੁਚ ਹੀ ਰਾਇ ਕੱਲੇ ਨੇ ਉਸ ਸ਼ਮਸ਼ੀਰ ਨੂੰ ਮਖ਼ਮਲੀ ਵਿਛਾਉਣੇ ਤੇ ਚੌਂਕੀ ਉਤੇ ਸਤਿਕਾਰ ਨਾਲ ਰਖ ਦਿਤਾ। ਇਸ ਮਗਰੋਂ ਇਸ ਦਾ ਪੁਤਰ ਵੀ ਇਸ ਦਾ ਸਤਿਕਾਰ ਕਰਦਾ ਰਿਹਾ, ਪਰ ਪੋਤਰੇ ਨੇ ਇਹ ਤਲਵਾਰ ਆਪਣੇ ਗਲੇ ਪਾ ਲਈ ਤੇ ਇਕ ਹਿਰਨ ਨੂੰ ਮਾਰਨ ਲੱਗਾ ਸੀ ਕਿ ਘੋੜੇ ਦੇ ਤਬਕਣ ਨਾਲ ਇਸ ਤਲਵਾਰ ਨਾਲ ਆਪਣੇ ਪੱਟ ਵੱਢਵਾ ਬੈਠਾ ਤੇ ਇਸੇ ਜ਼ਖਮ ਨਾਲ ਬੇਔਲਾਦਾ ਹੀ ਮਰ ਗਿਆ।

**ਗੁਰੂ ਜੀ ਦਾ ਦੀਨੇ ਪੁਜਣਾ**

ਗੁਰੂ ਜੀ ਇਥੋਂ ਮਾਲਵੇ ਦੀ ਧਰਤੀ ਵਲ ਚਲੇ ਗਏ। ਕਈ ਪੜਾਅ ਕਰਨ ਮਗਰੋਂ ਦੀਨੇ ਨਗਰ ਪੁਜੇ। ਗੁਰੂ ਜੀ ਘੇਰੇ ਵਿਚੋਂ ਨਿਕਲ ਗਏ, ਬਚ ਗਏ, ਇਹ ਖਬਰਾਂ ਹੁਣ ਲੋਕਾਂ ਤਕ ਪੁਜ ਚੁਕੀਆਂ ਸਨ। ਗੁਰੂ ਜੀ ਜਦ ਦੀਨੇ ਪੁਜੇ ਤੇ ਇਥੇ ਲਖਮੀਰ, ਸ਼ਮੀਰ ਤੇ ਤਖਤ ਮੱਲ ਤਿੰਨੇ ਭਰਾਵਾਂ ਨੇ ਗੁਰੂ ਜੀ ਦਾ ਉਤਾਰਾ ਆਪਣੇ ਚੁਬਾਰੇ ਵਿੱਚ ਕਰਵਾਇਆ।

**ਜ਼ਫ਼ਰ ਨਾਮਹ (ਫ਼ਤਹ ਨਾਮਹ) ਲਿਖਣਾ**

ਸਤਿਗੁਰੂ ਜੀ ਦੀਨੇ ਵਿਚ ਛੇ ਮਹੀਨੇ ਰਹੇ। ਬਾਦਸ਼ਾਹੀ ਫੌਜ, ਜੋ ਦਿਲੀ ਵਲੋਂ ਆਈ ਸੀ, ਉਹ 1●-15 ਦਿਨ ਦੀ ਢੂੰਡ ਭਾਲ ਮਗਰੋਂ ਦਿਲੀ ਮੁੜ ਗਈ ਸੀ ਤੇ ਬਾਕੀ ਸੂਬੇ ਵੀ ਹੌਲੀ ਹੌਲੀ ਫੌਜਾਂ ਸਮੇਤ ਆਪੋ ਆਪਣੇ ਇਲਾਕਿਆਂ ਵਲ ਤੁਰ ਗਏ ਪਰ ਸੂਬਾ ਸਰਹੰਦ ਵਜ਼ੀਦ ਖਾਂ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਕੇ ਮਹਾਨ ਪਾਪ ਕਰ ਚੁਕਾ ਸੀ।

ਦੀਨੇ ਵਿਚ ਸਿੰਘਾਂ ਨੇ ਕਿਹਾ ਸੀ-'ਸਤਿਗੁਰੋ। ਨੀਲੇ ਬਸਤਰ ਹੁਣ ਲਾਹੋ ਤੇ ਚਿੱਟੇ ਪਹਿਨੋਂ।' ਤਾਂ ਸਤਿਗੁਰੂ ਜੀ ਨੇ ਕਿਹਾ-'ਅਜੇ ਇਨ੍ਹਾਂ ਬਸਤਰਾਂ ਦੇ ਉਤਾਰਨ ਦਾ ਸਮਾਂ ਨਹੀਂ, ਵੈਰੀ ਸਾਡਾ ਪਿਛਾ ਕਰ ਰਿਹਾ ਹੈ ਤੇ ਅਸਾਂ ਉਸ ਨਾਲ ਟੱਕਰ ਲੈਣੀ ਹੈ।'

ਸਿੰਘਾਂ ਕਿਹਾ–'ਮਹਾਰਾਜ! ਵੱਡਾ ਦੁਸ਼ਟ ਤਾਂ ਔਰੰਗਜ਼ੇਬ ਹੈ, ਜਿਸ ਦੇ ਹੁਕਮ ਨਾਲ ਇਹ ਸਭ ਕੁਝ ਹੋਇਆ ਹੈ। ਉਸ ਨੂੰ ਵੀ ਤਾਂ ਮਾਰਨਾ ਚਾਹੀਏ।'

ਗੁਰੂ ਜੀ ਨੇ ਕਿਹਾ–'ਤਲਵਾਰ ਨਾਲ ਮਾਰਨਾ ਚਾਹੀਏ ਜਾਂ ਕਲਮ ਨਾਲ?'

ਸਿੰਘਾਂ ਕਿਹਾ–'ਜੇ ਕਲਮ ਨਾਲ ਮਰੇ ਤਾਂ ਤਲਵਾਰ ਨਾਲ ਵੱਡਾ ਯਤਨ ਕਰਨ ਦੀ ਕੀ ਲੋੜ ਹੈ।'

ਸਿੰਘਾਂ ਦੀ ਇਹ ਗੱਲ ਸੁਣ ਕੇ ਗੁਰੂ ਜੀ ਨੇ ਔਰੰਗਜ਼ੇਬ ਵਲ ਜ਼ਫ਼ਰ ਨਾਮਹ (ਫ਼ਤਹਨਾਮਾ) ਲਿਖ ਭੇਜਿਆ, ਜੋ [1]ਭਾਈ ਦਯਾ ਸਿੰਘ ਜੀ ਦੱਖਣ ਵਿਚ ਔਰੰਗਜ਼ੇਬ ਕੋਲ ਲੈ ਗਏ ਸਨ। ਪਰ ਇਧਰ ਸੂਬਾ ਸਰਹੰਦ ਦਾ ਮਨ ਆਪਣੇ ਪਾਪਾਂ ਕਾਰਨ ਆਪੇ ਹੀ ਡਰ ਰਿਹਾ ਸੀ ਤੇ ਉਹ ਚਾਹੁੰਦਾ ਸੀ ਕਿ ਕਿਵੇਂ ਗੁਰੂ ਗੋਬਿੰਦ ਸਿੰਘ ਨੂੰ ਖਤਮ ਕਰ ਦਿਆਂ ਤਾਂ ਇਸ ਖਤਰੇ ਤੋਂ ਮੇਰੀ ਖਲਾਸੀ ਹੋ ਸਕਦੀ ਹੈ। ਸੋ ਉਹ ਦਿਨੇ ਰਾਤ ਇਨ੍ਹਾਂ ਸੋਚਾਂ ਨੂੰ ਸੋਚਦਾ ਰਹਿੰਦਾ ਸੀ।

ਇਧਰ ਗੁਰੂ ਜੀ ਨੇ ਜ਼ਫ਼ਰ ਨਾਮਹ ਲਿਖਣਾ ਸ਼ੁਰੂ ਕੀਤਾ, ਜਿਸ ਨੂੰ 12 ਹਕਾਇਤਾਂ ਵਿਚ ਮੁਕੰਮਲ ਕੀਤਾ। ਹਕਾਇਤ ਨਾਮੇ ਦੇ ਆਰੰਭ ਵਿਚ ਗੁਰੂ ਜੀ ਨੇ ਪਰਮੇਸ਼ਰ ਦੀ ਸਿਫਤ ਕੀਤੀ ਹੈ। ਫਿਰ ਗੁਰੂ ਜੀ ਨੇ ਲਿਖਿਆ–

ਗਰਿਸਨਹ ਚਿ ਕਾਰੇ ਕੁਨਦ ਚਿਹਲ ਨਰ। ਕਿ ਦਹ ਲੱਖ ਬਰਾਯਦ ਬਰੋ ਬੇਖ਼ਬਰ॥੧੯॥

ਭਾਵ–ਭਲਾ ਚਾਲੀ ਭੁਖਣ–ਭਾਣੇ ਆਦਮੀ ਐਸੀ ਹਾਲਤ ਵਿਚ ਕੀ ਕਰ ਸਕਦੇ ਸਨ ਜਦ ਕਿ ਦਸ ਲਖ ਦਾ ਟਿੱਡੀ ਦਲ ਉਨ੍ਹਾਂ ਤੇ ਬੇਖਬਰ ਹੀ ਚੜ੍ਹ ਆਏ। ਪਰ ਫਿਰ ਵੀ ਅਸੀਂ ਤੈਨੂੰ

---

[1] ਦੀਨੇ ਪਿੰਡ ਵਿਚ ਹੀ ਗੁਰੂ ਜੀ ਠਹਿਰੇ ਹੋਏ ਸਨ ਕਿ ਬਾਦਸ਼ਾਹ ਨੂੰ ਦੱਖਣ ਵਿਚ ਇਹ ਖਬਰਾਂ ਮਿਲੀਆਂ। ਦੱਖਣ ਵਿਚ ਉਸ ਨੂੰ ਕਾਮਯਾਬੀ ਨਹੀਂ ਸੀ ਹੋ ਰਹੀ। ਗੁਰੂ ਜੀ ਨੂੰ ਦੀਨੇ ਵਿਚ ਹੀ ਬਾਦਸ਼ਾਹ ਵਲੋਂ ਮਰਾਸਲਾ (ਪੱਤਰ) ਪੁਜਾ ਕਿ ਤੁਸੀਂ ਮੈਨੂੰ ਦੱਖਣ ਵਿਚ ਆ ਕੇ ਮਿਲੋ। ਓਧਰੋ ਉਸ ਨੇ ਸੂਬਾ ਸਰਹੰਦ ਨੂੰ ਵੀ ਲਿਖਿਆ ਸੀ ਕਿ ਗੁਰੂ ਗੋਬਿੰਦ ਸਿੰਘ ਦਾ ਪਿਛਾ ਨਾ ਕਰੇ ਤੇ ਉਨ੍ਹਾਂ ਨੂੰ ਤੰਗ ਨਾ ਕਰੇ।
ਹੁਣ ਸੂਬਾ ਸਰਹੰਦ ਨੇ ਪਾਪੀ ਮਨ ਨੂੰ ਬਹੁਤ ਡਰ ਲੱਗਾ ਕਿ ਬਾਦਸ਼ਾਹ ਨੂੰ ਮਿਲ ਕੇ ਗੁਰੂ ਜੀ ਨੇ ਸਭ ਕੁਝ ਦਸ ਦਿਤਾ ਤਾਂ ਬਾਦਸ਼ਾਹ ਪਤਾ ਨਹੀਂ ਮੇਰੇ ਨਾਲ ਕੀ ਸਲੂਕ ਰਹੇ। ਉਹ ਗੁਰੂ ਜੀ ਨੂੰ ਬਾਦਸ਼ਾਹ ਦੇ ਨੇੜੇ ਹੋਣ ਤੋਂ ਰੋਕਨਾ ਤੇ ਖਤਮ ਕਰਨਾ ਚਾਹੁੰਦਾ ਸੀ। ਉਹ ਸੁਣ ਰਿਹਾ ਸੀ ਕਿ ਗੁਰੂ ਜੀ ਦੀਨੇ ਠਹਿਰੇ ਹੋਏ ਹਨ।

ਦਸਦੇ ਹਾਂ ਕਿ ਇਸ ਗੱਲ ਦਾ ਮਾਣ ਨਾ ਕਰ ਕਿ ਤੂੰ ਸਾਡੀ ਸ਼ਕਤੀ ਨੂੰ ਨਸ਼ਟ ਕਰ ਸਕਿਆ ਹੈਂ। ਪਰ ਅਸੀਂ ਤੈਨੂੰ ਦਸਦੇ ਹਾਂ ਕਿ ਤੂੰ ਅਸਾਨੂੰ ਨਹੀਂ ਹਰਾਇਆ, ਸਗੋਂ ਅਸੀਂ ਤੈਨੂੰ ਹਰਾਇਆ ਹੈ। ਤੂੰ ਕੁਰਾਨ ਦੀਆਂ ਕਸਮਾਂ ਖਾ ਕੇ ਮੁਕਰ ਗਿਓਂ, ਤੇਰੇ ਅਹਿਲਕਾਰ ਸੂਬੇਦਾਰ ਮੁਕਰੇ ਤੇ ਤੁਸੀਂ ਬਦੀਨੇ ਹੋ ਗਏ ਹੋ। ਅਸੀਂ ਧਰਮ ਤੇ ਪੱਕੇ ਰਹੇ ਹਾਂ ਤੇ ਤੂੰ ਅਸਾਨੂੰ ਜਿੱਤਣ ਲਈ ਧੋਖੇ ਕੀਤੇ, ਝੂਠ ਬੋਲਿਆ, ਪਰ ਫਿਰ ਵੀ ਅਸਾਂ ਹੀ ਤੇਰੇ ਤੇ ਜਿੱਤ ਪ੍ਰਾਪਤ ਕੀਤੀ ਹੈ। ਹੇ ਸ਼ਹਿਨਸ਼ਾਹ ਔਰੰਗਜ਼ੇਬ! ਤੂੰ ਇਸ ਯੁਗ ਵਿਚ ਭਾਵੇਂ ਦਾਰਾ ਸਮਾਨ ਹੈਂ, ਪਰ ਦੀਨ (ਧਰਮ) ਤੋਂ ਬਹੁਤ ਦੂਰ ਹੈਂ

ਸ਼ਹਿਨਸ਼ਾਹਿ ਔਰੰਗਜ਼ੇਬ ਆਲਮੀਂ॥ ਕਿ ਦਾਰਾਇ-ਦੌਰ ਅਸਤੁ, ਦੂਰ ਅਸਤ ਦੀ॥੮੪॥

ਹੇ ਔਰੰਗਜ਼ੇਬ! ਤੂੰ ਮਾਣ ਨਾ ਕਰ ਕਿ ਤੂੰ ਮੇਰੇ ਚਾਰੇ ਬੱਚੇ ਮਾਰ ਦਿਤੇ ਹਨ, ਪਰ ਮੇਰਾ ਬੱਚਾ, ਫੂੰਕਾਰਦਾ ਹੋਇਆ ਨਾਗ ਅਜੇ ਸਲਾਮਤ ਹੈ। ਤੂੰ ਸਮਝਦਾ ਹੋਵੇਗਾ ਕਿ ਬੜਾ ਬਹਾਦਰ ਹੈਂ-

ਚਿ ਮਰਦੀ ਕਿ ਅਖ਼ਗਰ ਖਮੋਸ਼ਾਂ ਕੁਨੀ। ਕਿ ਆਤਸ਼ ਦਮਾਂ ਰਾ ਫ਼ਰੋਜ਼ਾ ਕੁਨੀ॥੭੯॥

ਠੀਕ ਹੈ ਕਿ ਤੂੰ ਅੱਗ ਦੇ ਕੁਝ ਚੰਘਿਆੜੇ ਤਾਂ ਬੁਝਾ ਲਏ ਹਨ, ਪਰ ਅੰਬਰਾਂ ਨੂੰ ਛੂਹਣ ਵਾਲੇ ਭਾਂਬੜ ਤਾਂ ਅਜੇ ਬਲ ਰਹੇ ਹਨ, ਜੋ ਤੇਰੇ ਇਨ੍ਹਾਂ ਜ਼ੁਲਮੀ ਕਰਿੰਦਿਆਂ ਨੂੰ ਸਾੜ ਕੇ ਰਖ ਦੇਣਗੇ ਤੇ ਬੁਝ ਨਹੀਂ ਸਕਣਗੇ।

ਸੋ ਇਸ ਤਰ੍ਹਾਂ ਸਚ ਦਾ ਤੀਰ, ਗੁਰੂ ਜੀ ਨੇ ਔਰੰਗਜ਼ੇਬ ਵਲ ਚਲਾ ਦਿਤਾ। ਭਾਈ ਦਯਾ ਸਿੰਘ ਜੀ ਲੈ ਕੇ ਚਲੇ ਗਏ। ਉਹ ਨੀਲੇ ਬਸਤਰ ਜੋ ਮਾਛੀਵਾੜੇ ਤੋਂ ਪਹਿਨੇ ਸਨ, ਉਹ ਅਜੇ ਨਾ ਭਾਈ ਦਯਾ ਸਿੰਘ ਜੀ ਨੇ ਉਤਾਰੇ ਸਨ ਤੇ ਨਾ ਗੁਰੂ ਜੀ ਨੇ। ਸੋ ਭਾਈ ਦਯਾ ਸਿੰਘ ਜੀ ਨੇ ਪੰਜਾਬੋਂ ਨਿਕਲ ਫਿਰ ਆਰਾਮ ਨਾਲ ਸਫਰ ਕਰਨਾ ਸ਼ੁਰੂ ਕਰ ਦਿਤਾ ਤੇ ਤੁਰੇ ਗਏ। ਓਧਰ ਇਹ ਖਬਰ ਸੂਬਾ ਸਰਹੰਦ ਨੂੰ ਵੀ ਜਾ ਪੁਜੀ।

## ਸੂਬਾ ਸਰਹੰਦ ਦੀ ਚੜ੍ਹਾਈ ਤੇ ਗੁਰੂ ਜੀ ਦੀ ਦੀਨੇ ਤੋਂ ਰਵਾਨਗੀ

ਗੁਰੂ ਜੀ ਅਜੇ ਦੀਨੇ ਵਿਚ ਸਨ ਕਿ ਸੂਬਾ ਸਰਹੰਦ ਵਜ਼ੀਦ ਖਾਂ ਨੇ ਲਖਮੀਰ ਤੇ ਸ਼ਮੀਰ, ਜੋ ਸਰਕਾਰੀ ਚੌਧਰੀ ਸਨ, ਵਲ ਸੁਨੇਹਾ ਭੇਜਿਆ ਕਿ ਬਾਦਸ਼ਾਹੀ ਦੇ ਬਾਗੀ ਨੂੰ ਮੇਰੇ ਹਵਾਲੇ ਕਰ

ਦਿਓ, ਜੇ ਖੈਰ ਚਾਹੁੰਦੇ ਹੋ। ਪਰ ਉਨ੍ਹਾਂ ਜਵਾਬ ਦਿਤਾ ਕਿ ਇਹ ਸਾਡੇ ਗੁਰੂ ਹਨ ਤੇ ਅਸੀਂ ਇਹਨਾਂ ਦੀ ਖਾਤਰ ਲੜਾਂਗੇ, ਮਰਾਂਗੇ, ਪਰ ਗੁਰੂ ਜੀ ਨੂੰ ਤੇਰੇ ਹੱਥ ਨਹੀਂ ਆਉਣ ਦਿਆਂਗੇ। ਸੂਬੇ ਨੂੰ ਡਰ ਸੀ ਕਿ ਇਹ ਸਿਖ ਇਲਾਕੇ ਵਿਚ ਪਹੁੰਚ ਗਏ ਹਨ, ਇਸ ਲਈ ਇਹਨਾਂ ਦੀ ਤਾਕਤ ਵਧ ਜਾਏਗੀ, ਸੋ ਇਹਨਾਂ ਨੂੰ ਹੁਣੇ ਫੜਨਾ ਚਾਹੀਦਾ ਹੈ। ਇਸ ਲਈ ਉਹ ਗੁਰੂ ਜੀ ਵਿਰੁਧ ਤਿਆਰੀਆਂ ਕਰਨ ਲੱਗ ਪਿਆ। ਜਦ ਗੁਰੂ ਜੀ ਨੂੰ ਪਤਾ ਲੱਗਾ ਤਾਂ ਉਹ ਦੀਨੇ ਤੋਂ ਝਟ ਹੀ ਤੁਰ ਪਏ। ਆਪ ਗਾਹੜੇ ਜੰਗਲ ਵਿਚ ਜਾ ਕੇ ਦੁਸ਼ਮਨ ਦਾ ਮੁਕਾਬਲਾ ਕਰਨਾ ਚਾਹੁੰਦੇ ਸਨ।

**ਢਿਲਵਾਂ ਵਿਚ ਨੀਲੇ ਬਸਤਰ ਉਤਾਰਨੇ ਤੇ ਮੁਕਤਸਰ ਦੀ ਜੰਗ**

ਅਜੇ ਤਕ ਗੁਰੂ ਜੀ ਦੇ ਬਸਤਰ ਨੀਲੇ ਹੀ ਸਨ ਕੌਲ ਦੇ ਕਹੇ ਤੇ ਗੁਰੂ ਜੀ ਉਸ ਦੇ ਘਰ ਗਏ ਤੇ ਇਸ਼ਨਾਨ ਮਗਰੋਂ ਉਨ੍ਹਾਂ ਦੇ ਭੇਟਾ ਕੀਤੇ ਚਿੱਟੇ ਬਸਤਰ ਪਹਿਨ ਲਏ, ਨੀਲੇ ਇਥੇ ਲਾਹ ਦਿਤੇ। ਉਨ੍ਹਾਂ ਕਿਹਾ-'ਮਹਾਰਾਜ!' ਪਾਣੀ ਦੀ ਘਾਟ ਕਰ ਕੇ ਤੁਰਕ ਇਧਰ ਨਹੀਂ ਆਵੇਗਾ। ਗੁਰੂ ਜੀ ਨੇ ਇਹ ਗੱਲ ਮੰਨ ਕੇ ਨੀਲੇ ਲਾਹ ਦਿਤੇ ਤੇ ਸਫੈਦ ਪਹਿਨ ਲਏ। ਫਿਰ ਨੀਲੇ ਕੱਪੜੇ ਲੀਰ ਲੀਰ ਕਰ ਕੇ ਫੂਕਣ ਲੱਗ ਪਏ, ਪਰ ਇਹ ਲੀਰ ਭਾਈ ਮਾਨ ਸਿੰਘ ਜੀ ਨੇ ਚੁਕ ਕੇ ਪੱਗ ਵਿਚ ਟੰਗ ਲਈ। ਗੁਰੂ ਜੀ ਨੇ ਕਿਹਾ-'ਇਹ ਸੁਹਣੀ ਲੱਗਦੀ ਹੈ, ਟੰਗੀ ਰਖੋ।' ਕਹਿੰਦੇ ਹਨ ਭਾਈ ਮਾਨ ਸਿੰਘ ਜੀ ਦੀ ਇਸੇ ਗੱਲ ਤੋਂ ਨੀਲੇ ਤੁਰਲਿਆਂ ਵਾਲੇ ਨਿਹੰਗ ਸਿੰਘਾਂ ਦਾ ਪੰਥ ਤੁਰ ਪਿਆ, ਜੋ ਗੁਰੂ ਜੀ ਦੀ ਲਾਡਲੀ ਫੌਜ ਦੇ ਨਾਮ ਨਾਲ ਸਤਿਕਾਰੇ ਜਾਣ ਲੱਗ ਪਏ।

**ਬੇਦਾਵਾ-ਟੁੱਟੀ ਗੰਢਣੀ-ਚਾਲੇ ਮੁਕਤੇ**

ਸੂਬਾ ਸਰਹੰਦ ਫੌਜਾਂ ਲਈ ਆ ਰਿਹਾ ਹੈ। ਗੁਰੂ ਜੀ ਨੇ ਜੰਗ ਲਈ ਕਿਸੇ ਟਿਕਾਣੇ ਦੀ ਪੁਛ ਕੀਤੀ ਤਾਂ ਕਪੂਰ ਨੇ ਹੀ ਦਸਿਆ ਕਿ- 'ਇਥੋਂ ਨੇੜੇ ਹੀ ਖਿਦਰਾਣ ਦੀ ਢਾਬ ਹੈ, ਉਹ ਰੋਕ ਲਵੋ, ਹੋਰ ਉਸ ਦੇ ਦਸ ਦਸ, ਬਾਰਾਂ ਬਾਰਾਂ ਮੀਲ ਕਿਤੇ ਪਾਣੀ ਨਹੀਂ, ਦੁਸ਼ਮਨ ਦੀ ਉਥੇ ਕੋਈ ਪੇਸ਼ ਨਹੀਂ ਜਾਵੇਗੀ।'

ਸੋ ਗੁਰੂ ਜੀ ਇਥੋਂ ਜੈਤੋ, ਸੁਨੀਅਰ ਤੇ ਫਿਰ ਰਾਮੋਆਣੇ ਪੁਜੇ। ਇਥੋਂ ਦੇ ਚੌਧਰੀ ਜੁਗਰਾਜ ਨੇ ਇਕਰਾਰ ਕੀਤਾ, ਮੈਂ ਗੁਰੂ ਜੀ ਦਾ ਪਿਛਾ ਕਰ ਰਹੀ ਫੌਜ ਨੂੰ ਗੁਰੂ ਜੀ ਬਾਰੇ ਨਹੀਂ ਦਸਾਂਗਾ ਕਿ

ਉਹ ਕਿਧਰ ਗਏ ਹਨ, ਪਰ ਬੇਈਮਾਨ ਨੇ ਦਸ ਦਿਤਾ। ਇਸ ਦਾ ਫਲ ਇਹ ਮਿਲਿਆ ਕਿ ਉਸ ਦਿਨ ਉਹ ਆਫਰ ਕੇ ਮਰ ਗਿਆ ਤੇ ਉਸ ਦੀ ਔਲਾਦ ਅਜੇ ਤਕ ਅਫਰੇਵੇਂ ਦੇ ਰੋਗ ਨਾਲ ਹੀ ਮਰਦੀ ਹੈ।

ਰਾਮੋਆਣੇ ਤੋਂ ਗੁਰੂਜੀ ਕੁਝ ਹੀ ਅਗੇ ਗਏ ਸਨ ਕਿ ਅਗੋਂ ਦੋ ਘੋੜਸਵਾਰ ਸਿੰਘ ਮਿਲੇ ਜਿਨ੍ਹਾਂ ਕਿਹਾ–'ਮਹਾਰਾਜ! ਜ਼ਰਾ ਰੁਕੋ। ਪਿਛੇ ਮਾਝੇ ਦੀ ਸੰਗਤ ਆ ਰਹੀ ਹੈ, ਉਹ ਤੁਹਾਨੂੰ ਮਿਲਣਾ ਚਾਹੁੰਦੀ ਹੈ।'

ਗੁਰੂ ਜੀ ਰੁਕ ਗਏ। ਅੰਤਰਯਾਮੀ ਸਤਿਗੁਰੂ ਜੀ ਤੋਂ ਕੀ ਭੁੱਲਾ ਸੀ। ਇਨ੍ਹਾਂ ਮਿਲਣ ਆਏ ਸਿਖਾਂ ਵਿਚ ਬਹੁਤੇ ਉਹ ਸਨ ਜੋ ਅਨੰਦਪੁਰ ਦੇ ਘੇਰੇ ਸਮੇਂ ਔਖੇ ਤੇ ਤੰਗ ਹੋ ਅੰਤਲ ਦਿਨਾਂ ਵਿਚ ਬੇਦਾਵਾ ਲਿਖ ਕੇ ਚਲੇ ਗਏ ਸਨ। ਪਰ ਅਨੰਦਪੁਰ ਛਡਣ ਮਗਰੋਂ ਜਦ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਤੇ ਗੁਰੂ ਜੀ ਤੇ ਅਤਿ ਦੁਖਦਾਈ ਦਿਨਾਂ ਦੇ ਆਉਣ ਦੀ ਖਬਰ ਆਮ ਲੋਕਾਂ ਨੂੰ ਲੱਗੀ ਤਾਂ ਹੁਣ ਸਾਰੇ ਲੋਕ ਬੇਦਾਵਾਂ ਦੇ ਕੇ ਆਉਣ ਵਾਲੇ ਲੋਕਾਂ ਨੂੰ ਫਿਟਕਾਰਾਂ ਪਾਉਣ ਲੱਗੇ ਕਿ ਤੁਸੀਂ ਔਖੇ ਵੇਲੇ ਗੁਰੂ ਜੀ ਨੂੰ ਛੱਡ ਆਏ, ਇਸੇ ਲਈ ਗੁਰੂ ਜੀ ਨੂੰ ਇੰਨੇ ਦੁਖਾਂ ਦਾ ਸ਼ਿਕਾਰ ਹੋਣਾ ਪਿਆ ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਹੋਈ।

ਲੋਕਾਂ ਦੇ ਤਾਹਨੇ ਤੇ ਮੇਹਣਿਆਂ ਨੇ ਇਹਨਾ ਲੋਕਾਂ ਦਾ ਜੀਵਨ ਤੰਗ ਕਰ ਦਿਤਾ। ਸੋ ਓਹੋ ਸਿੰਘ ਤੇ ਉਨ੍ਹਾਂ ਨਾਲ ਕੁਝ ਹੋਰ ਰਲੇ ਉਹ ਆ ਰਹੇ ਸਨ। ਇਹ ਤਾਂ ਕੁਦਰਤੀ ਮੌਕਾ ਬਣ ਗਿਆ ਕਿ ਓਧਰੋਂ ਸੂਬਾ ਸਰਹੰਦ ਦਸ ਹਜ਼ਾਰ ਫੌਜ ਲੈ ਕੇ ਗੁਰੂ ਜੀ ਵਿਰੁਧ ਚੜ੍ਹ ਆਇਆ। ਭਾਵੇਂ ਹੁਣ ਤਕ ਔਰੰਗਜ਼ੇਬ ਨੇ ਗੁਰੂ ਜੀ ਦਾ ਜ਼ਫਰ ਨਾਮਹ ਪੜ੍ਹ ਕੇ ਪਛਤਾਵਾ ਕੀਤਾ ਸੀ। ਉਸ ਨੇ ਮਹਿਸੂਸ ਕਰ ਲਿਆ ਸੀ ਕਿ ਗੁਰੂ ਜੀ ਨਾਲ ਵਧੀਕੀ ਹੋਈ ਹੈ। ਉਸ ਨੇ ਭਾਈ ਦਯਾ ਸਿੰਘ ਤੇ ਧਰਮ ਸਿੰਘ ਨੂੰ ਬਿਨਾ ਰੋਕ ਟੋਕ ਜਾਣ ਦਾ ਹੁਕਮ ਦੇ ਦਿਤਾ। ਨਾਲ ਹੀ ਉਸ ਨੇ ਸੂਬੇਦਾਰਾਂ ਤੇ ਹੋਰ ਅਹਿਲਕਾਰਾਂ ਨੂੰ ਹੁਕਮ ਜਾਰੀ ਕਰ ਦਿਤੇ ਕਿ ਉਹ ਗੁਰੂ ਜੀ ਨਾਲ ਨਾ ਕੋਈ ਝਗੜਾ ਕਰਨ, ਨਾ ਲੜਾਈ। ਉਹਨੇ ਇਹ ਹੁਕਮ ਸਾਫ ਤੌਰ ਤੇ ਜਾਰੀ ਕਰ ਦਿਤੇ ਕਿ ਗੁਰੂ ਜੀ ਨੂੰ ਕੋਈ ਰੋਕ ਨਾ ਪਾਈ ਜਾਵੇ ਤੇ ਉਹ ਜਿਥੇ ਚਾਹੁਣ ਉਥੇ ਉਨ੍ਹਾਂ ਨੂੰ ਫਿਰਨ ਤੁਰਨ ਦਿਤਾ ਜਾਵੇ। ਭਾਵੇਂ ਸੂਬਾ ਸਰਹੰਦ ਨੂੰ ਇਹ ਹੁਕਮ ਮਿਲ ਚੁਕਾ ਸੀ, ਪਰ ਉਸਨੂੰ ਤਾਂ ਸਗੋਂ ਤੌਖਲਾ ਤੇ ਚਿੰਤਾ ਲੱਗ ਗਈ

ਕਿਤੇ ਗੁਰੂ ਜੀ ਨਾਲ ਬਾਦਸ਼ਾਹ ਦਾ ਰਵੱਈਆ ਹਮਦਰਦੀ ਵਾਲਾ ਹੋ ਗਿਆ ਤਾਂ ਉਹ ਮੇਰੇ ਵਿਰੁਧ ਹੀ ਨਾ ਹੋ ਜਾਵੇ। ਇਸੇ ਕਰਕੇ ਉਹ ਗੁਰੂ ਜੀ ਵਿਰੁਧ ਲੜ ਕੇ ਉਨ੍ਹਾਂ ਨੂੰ ਫੜਨਾ ਤੇ ਮਾਰਨਾ ਚਾਹੁੰਦਾ ਸੀ।

ਸੋ ਠੀਕ ਇਸੇ ਸਮੇਂ, ਜਦ ਵਜ਼ੀਦ ਖਾਂ ਦੀ ਫੌਜ ਕੁਝ ਮੀਲਾਂ ਤੇ ਸੀ, ਇਹ ਸਿੰਘ, ਸੰਗਤ ਦੇ ਰੂਪ ਵਿਚ ਗੁਰੂ ਜੀ ਨੂੰ ਆ ਮਿਲੇ, ਪਰ ਵਜ਼ੀਦ ਖਾਂ ਦੀ ਫੌਜ ਦੀ ਖਬਰ ਵੀ ਉਨ੍ਹਾਂ ਨੂੰ ਮਿਲ ਗਈ ਸੀ। ਉਹ ਆਏ ਤਾਂ ਸਨ ਪਿਛਲੀ ਭੁੱਲ ਬਖਸ਼ਾਉਣ, ਪਰ ਅਗੋਂ ਕਰਤਾਰ ਨੇ ਫਿਰ ਉਨ੍ਹਾਂ ਨੂੰ ਪਰੀਖਿਆ ਵਿਚ ਪਾ ਦਿਤਾ। ਕਹਿੰਦੇ ਹਨ ਕਿ ਇਨ੍ਹਾਂ ਵਿਚ ਕਈ ਸਰਕਾਰੀ ਚੌਧਰੀ ਵੀ ਸਨ।

ਇਨ੍ਹਾਂ ਨੇ ਕੁਝ ਚਲਾਕੀਆਂ ਵਾਲੀਆਂ ਗੱਲਾਂ ਕੀਤੀਆਂ ਤੇ ਆਪਣੇ ਵਲੋਂ ਸਮਝਾਉਣ ਦਾ ਯਤਨ ਕੀਤਾ ਕਿ ਗੁਰੂ ਜੀ ਬਾਦਸ਼ਾਹ ਨਾਲ ਝਗੜਾ ਕਰਨਾ ਛਡ ਦੇਣ ਤੇ ਕੇਵਲ ਧਰਮ ਦੀ ਅਗਵਾਈ ਕਰਨ, ਰਾਜਨੀਤੀ ਵਿਚ ਦਖਲ ਨਾ ਦੇਣ। ਗੁਰੂ ਜੀ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਕਹਿਣ ਲੱਗੇ-'ਭਾਈ ਸਿਖੋ! ਅਸਾਂ ਨਵੀਂ ਗੱਲ ਕੋਈ ਨਹੀਂ ਕੀਤੀ। ਜਿਵੇਂ ਗੁਰੂ ਨਾਨਕ ਪਾਤਸ਼ਾਹ ਦਾ ਸੱਚਾ ਮਾਰਗ ਦਰਸਾਇਆ ਹੈ, ਉਸੇ ਤੇ ਹੀ ਚੱਲ ਰਹੇ ਹਾਂ, ਜ਼ੁਲਮ ਵਿਰੁਧ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਉਠਾਈ ਸੀ ਤੇ ਅਸਾਂ ਵੀ ਉਠਾਈ ਹੈ। ਉਨ੍ਹਾਂ ਇਹ ਆਵਾਜ਼ ਸ਼ਾਂਤਮਈ ਢੰਗ ਨਾਲ ਉਠਾਈ ਸੀ, ਪਰ ਅਸਾਂ ਇਸ ਆਵਾਜ਼ ਨੂੰ ਸਾਰੇ ਸਿੱਖਾਂ ਦੀ ਆਵਾਜ਼ ਬਣਾ ਦਿਤਾ ਹੈ, ਜੇ ਤੁਸੀਂ ਇਸ ਆਵਾਜ਼ ਵਿਚ ਸ਼ਾਮਲ ਨਹੀਂ ਹੋਣਾ ਤਾਂ ਪਿਛੇ ਹਟ ਜਾਓ, ਸਿਖੀ ਤਿਆਗ ਦਿਓ।'

ਇਹ ਗੱਲਾਂ ਸੁਣਨ ਵਾਲੇ ਚੌਧਰੀ ਤਾਂ ਉਸੇ ਵੇਲੇ ਖਿਸਕ ਗਏ ਤੇ ਬਾਕੀ ਭਾਈ ਮਹਾਂ ਸਿੰਘ ਰਟੌਲ ਸਮੇਤ ਚਾਲੀ ਸਿੰਘ ਤੇ ਝਬਾਲ ਦੀ ਮਾਈ ਭਾਗੋ ਹੀ ਰਹਿ ਗਏ। ਗੁਰੂ ਜੀ ਅਗੇ ਲੰਘ ਗਏ ਤੇ ਉਹ ਖਿਦਰਾਣੇ ਦੀ ਢਾਬ ਤੇ ਜਾ ਪੁਜੇ। ਭਾਈ ਮਹਾਂ ਸਿੰਘ ਜੀ ਸਾਥੀਆਂ ਸਮੇਤ ਮਗਰ ਮਗਰ ਤਾਂ ਗਏ ਪਰ ਪਿਛੇ ਰਹਿ ਗਏ। ਇੰਨੇ ਚਿਰ ਨੂੰ ਸੂਬਾ ਸਰਹੰਦ ਫੌਜ ਸਮੇਤ ਚੌਧਰੀ ਕਪੂਰੇ ਕੋਲ ਪੁਜਾ, ਉਸ ਨੂੰ ਨਾਲ ਲੈ ਕੇ ਅਗੇ ਵਧ ਆਇਆ। ਰਾਮੋਆਣੇ ਦੇ ਚੋਧਰੀ ਜੁਗਰਾਜ ਤੋਂ ਉਸ ਨੂੰ ਸੂਹ ਲੱਗ ਗਈ ਤੇ ਉਹ ਸਿਧਾ ਢਾਬ ਵਲ ਗਿਆ। ਅਗੇ ਚਾਲੀ ਸਿੰਘ ਦੁਸ਼ਮਨ ਨਾਲ ਲੜਕੇ ਜਾਨਾਂ ਦੇਣ ਤੇ ਟੁਟੀ ਗੰਢਣ ਦੀ ਸਲਾਹ ਬਣਾਈ ਬੈਠੇ ਸਨ। ਆਉਂਦੇ ਦੁਸ਼ਮਨਾਂ

ਨੂੰ ਝਾੜੀਆਂ ਤੇ ਪਈਆਂ ਚਾਦਰਾਂ ਤੇ ਕਛਹਿਰੇ ਐਉਂ ਜਾਪਣ ਲੱਗੇ, ਜਿਵੇਂ ਉਹ ਤੰਬੂ ਹਨ। ਦੁਸ਼ਮਨ ਉਸ ਪਾਸੇ ਅਗੇ ਵਧਿਆ ਤਾਂ ਅਗੋਂ ਸਿੰਘਾਂ ਗੋਲੀਆਂ ਛਡ ਦਿਤੀਆਂ ਤੇ ਅਗੇ ਵਧੇ ਆਉਂਦੇ ਪਹਿਲੀ ਸੱਟੇ ਡਿਗ ਪਏ।

ਫਿਰ ਕੀ ਸੀ? ਤਾੜ ਤਾੜ ਹੋਣ ਲੱਗੀ। ਦੁਸ਼ਮਨ ਦੇ ਗੋਲੀ ਤੀਰ ਥੱਲੇ ਬੈਠੇ ਸਿੰਘਾਂ ਦੇ ਉਪਰ ਦੀ ਲੰਘਦੇ ਤੇ ਸਿੰਘਾਂ ਦੀ ਗੋਲੀ ਲੱਗੇ ਤੋਂ ਬਿਨਾਂ ਨਾ ਜਾਂਦੀ। ਜਿੰਨਾਂ ਚਿਰ ਤੀਰ ਬੰਦੂਕਾਂ ਸਨ, ਸਿੰਘ ਬੈਠੇ ਚਲਾਉਂਦੇ ਰਹੇ। ਗੁਰੂ ਜੀ ਦੂਰ ਟਿੱਬੀ ਤੇ ਖੜੇ ਸਨ, ਉਹ ਉਥੋਂ ਹੀ ਤੀਰ ਚਲਾ ਦੁਸ਼ਮਨ ਨੂੰ ਫੁੰਡੀ ਜਾ ਰਹੇ ਸਨ।

'ਢਾਬ ਦੂਰ ਹੈ, ਪਾਣੀ ਹੋਰ ਕਿਤੇ ਹੈ ਨਹੀਂ।' ਚੌਧਰੀ ਕਪੂਰੇ ਨੇ ਵਜ਼ੀਦ ਖਾਂ ਨੂੰ ਕਿਹਾ।

ਦੁਪਹਿਰ ਢਲੇ ਜੰਗ ਸ਼ੁਰੂ ਹੋਈ ਸੀ ਤੇ ਘੰਟੇ ਦੋ ਘੰਟੇ ਦੀ ਜੰਗ ਵਿਚ ਪਾਣੀ ਦੀ ਤੇਹ ਸਭ ਨੂੰ ਸਤਾਉਣ ਲੱਗੀ।

'ਪਾਣੀ ਜਿਧਰੋਂ ਆਏ ਹੋ ਓਧਰੋਂ ਹੀ ਮਿਲੇਗਾ, ਅਗੇ ਤਾਂ ਪਾਣੀ ਬਹੁਤਾ ਹੀ ਦੂਰ ਹੈ।' ਕਪੂਰ ਨੇ ਫਿਰ ਸਾਫ ਕਹਿ ਦਿਤਾ।

ਇੰਨੇ ਨੂੰ ਸਿੰਘਾਂ ਦੇ ਗੋਲੀਆਂ ਤੀਰ ਮੁਕ ਗਏ ਤੇ ਉਹ ਤਲਵਾਰਾਂ ਧੂਹ ਵੈਰੀ ਤੇ ਜਾ ਪਏ। ਤਿਹਾਏ ਵੈਰੀਆਂ ਨੂੰ ਭਾਜੜ ਪੈਣੀ ਹੀ ਸੀ, ਪਰ ਸਿੰਘਾਂ ਨੇ ਸਾਰਾ ਜ਼ੋਰ ਲਾ ਦਿਤਾ ਤੇ ਹਰ ਸਿੰਘ ਦੋ ਦੋ, ਚਾਰ ਨੂੰ ਮਾਰ ਥੱਲੇ ਡਿਗਦਾ ਗਿਆ। ਵੈਰੀ ਪਿਛਾਂਹ ਹਟਦਾ ਹਟਦਾ ਲੜੀ ਗਿਆ, ਪਰ ਸਿੰਘ ਸ਼ਹੀਦ ਹੋ ਕੇ ਡਿਗ ਪਏ ਤਾਂ ਲੜਾਈ ਮੁਕ ਗਈ। ਕਪੂਰੇ ਦੀ ਸਲਾਹ ਮੰਨ ਕੇ ਵਜ਼ੀਦ ਖਾਂ ਰਾਤ ਦੇ ਹਨੇਰੇ ਤੋਂ ਪਹਿਲਾਂ ਰਾਮੋਆਣੇ ਪਹੁੰਚਣਾ ਚਾਹੁੰਦਾ ਸੀ। ਲੜਾਈ ਦੇ ਖਤਮ ਹੋਣ ਤੇ ਸਤਿਗੁਰੂ ਜੀ ਮੈਦਾਨੇ-ਜੰਗ ਵਿਚ ਪੁਜੇ। ਵੈਰੀ ਤਾਂ ਹਜ਼ਾਰ ਤੋਂ ਉਤੇ ਮਰਿਆ ਪਿਆ ਸੀ, ਪਰ ਸਿੰਘ ਚਾਲੀ ਸਨ। ਗੁਰੂ ਜੀ ਸ਼ਹੀਦ ਸਿੰਘਾਂ ਨੂੰ ਲਭ ਲਭ ਇਕ ਥਾਂ ਇਕੱਠੇ ਕਰਨ ਲੱਗੇ। ਹਰ ਸ਼ਹੀਦ ਹੋਏ ਸਿੰਘ ਦਾ ਮੂਹ ਪੂੰਝਣ ਤੇ ਕਹਿਣ-'ਇਹ ਮੇਰਾ ਪੰਜ ਹਜ਼ਾਰੀ, ਇਹ ਮੇਰਾ ਦਸ ਹਜ਼ਾਰੀ।'

ਮਾਈ ਭਾਗੋ ਵੀ ਫੱਟੜ ਸੀ, ਪਰ ਉਹ ਦੂਰ ਪਈ ਸੀ। ਉਹ ਬਰਛੇ ਨਾਲ ਲੜਦੀ ਵੈਰੀ ਦੇ ਪਿਛੇ ਵਧੀ ਸੀ, ਪਰ ਕੁਝ ਦੂਰ ਜਾ ਕੇ ਡਿੱਗ ਪਈ ਸੀ। ਸਿੰਘਾਂ ਵਿਚੋਂ ਕੇਵਲ ਭਾਈ ਮਹਾਂ

ਸਿੰਘ ਸੀ ਜਿਸ ਦੇ ਕੁਝ ਸਵਾਸ ਸਨ। ਆਪਣੇ ਪੱਟਾਂ ਤੇ ਰਖ ਕੇ ਗੁਰੂ ਜੀ ਨੇ ਉਸ ਦੇ ਮੂੰਹ ਨੂੰ ਪੂੰਝਿਆ, ਮੂੰਹ ਵਿਚ ਪਾਣੀ ਪਾਇਆ ਤਾਂ ਉਸ ਦੇ ਨੇਤਰ ਖੁਲ੍ਹ ਗਏ। 'ਵਾਹ! ਧੰਨ ਸਿਖੀ।' ਗੁਰੂ ਜੀ ਬੋਲੇ। ਫਿਰ ਕਿਹਾ–'ਭਾਈ ਮਹਾਂ ਸਿੰਘਾ, ਕੁਝ ਮੰਗ ਲੈ। ਮੁਕਤੀ, ਭੁਗਤੀ ਜਾਂ ਪ੍ਰਿਥਵੀ ਦਾ ਰਾਜ, ਸਵਰਗਾਂ ਦੇ ਸੁਖ, ਜੋ ਚਾਹੇਂ, ਇਸ ਸਮੇਂ ਤੈਨੂੰ ਮਿਲ ਜਾਏਗਾ।'

ਭਾਈ ਮਹਾਂ ਸਿੰਘ ਦੇ ਹੱਥ ਜੁੜੇ ਮੱਧਮ ਜਿਹੀ ਆਵਾਜ਼ ਨਿਕਲੀ–'ਸਤਿਗੁਰ, ਬਖਸ਼ ਲਵੋ। ਟੁੱਟੀ ਗੰਢ ਲਵੋ, ਬੇਦਾਵਾ ਪਾੜ ਦਿਓ। ਜੇ ਤੁਠੇ ਹੋ ਤਾਂ ਇਹ ਦਾਤ ਦਿਓ।'

ਗੁਰੂ ਜੀ ਬੋਝੇ ਵਿਚੋਂ ਉਹ ਸਾਂਭਿਆ ਹੋਇਆ ਕਾਗਜ਼ ਕੱਢਿਆ ਤੇ ਭਾਈ ਮਹਾਂ ਸਿੰਘ ਦੇ ਸਾਹਮਣੇ ਪਾੜ ਸੁਟਿਆ। ਸਿਖ ਦੀ ਇਸੇ ਅਭਿਲਾਖਾ ਕਾਰਨ ਸਵਾਸ ਅੜੇ ਸਨ, ਅਭਿਲਾਖਾ ਪੂਰਨ ਹੁੰਦੇ ਹੀ ਉਸ ਦੇ ਪ੍ਰਾਣ ਉਡਾਰੀ ਮਾਰ ਗਏ। ਗੁਰੂ ਜੀ ਨੇ ਸਭ ਦਾ ਸਸਕਾਰ ਕਰ ਕੇ ਉਹਨਾਂ ਨੂੰ 'ਮੁਕਤ ਹੋਣ ਦਾ ਖਿਤਾਬ ਦਿਤਾ। ਢਾਬ ਨੂੰ ਕਿਹਾ–'ਇਹ ਢਾਬ ਮੁਕਤਸਰ ਹੈ। ਜੋ ਇਨਾ ਸਿੰਘਾਂ ਦੀ ਯਾਦ ਵਿਚ ਇਥੇ ਇਸ਼ਨਾਨ ਕਰੇਗਾ, ਉਹ ਮੁਕਤ ਹੋਏਗਾ। ਅਭਿਲਾਖਾ ਪੂਰਨ ਹੋਏਗੀ।'



**ਗੁਰੂ ਸਾਹਿਬ ਜੀ ਭਾਈ ਮਹਾਂ ਸਿੰਘ ਜੀ ਦੇ ਸਾਹਮਣੇ ਬੇਦਾਵਾ ਪਾੜਦੇ ਹੋਏ**

**ਤਲਵੰਡੀ (ਮੰਡੀ ਸਾਬੋਕੀ) ਪੁਜਣਾ**

ਇਹ ਭਾਈ ਡੱਲੇ ਦਾ ਇਲਾਕਾ ਸੀ। ਤਕੜਾ ਜਗੀਰਦਾਰ ਤੇ ਚੋਖੀ ਭੌਂ ਦਾ ਮਾਲਕ ਸੀ। ਆਲੇ ਦੁਆਲੇ ਉਸੇ ਦਾ ਹੁਕਮ ਚਲਦਾ ਸੀ। ਉਸਨੇ ਜਦ ਗੁਰੂ ਜੀ ਦੇ ਆਉਣ ਦੀ ਖਬਰ ਸੁਣੀ ਤਾਂ ਉਹ ਆਪਣੇ ਪੰਜ ਸੌ ਹਥਿਆਰ-ਬੰਦ ਜਵਾਨਾਂ ਨੂੰ ਨਾਲ ਲੈ ਕੇ ਗੁਰੂ ਜੀ ਦੇ ਦਰਸ਼ਨ ਕਰਨ ਆਇਆ। ਇਕ ਘੋੜਾ ਤੇ ਇਕ ਸੌ ਇਕ ਰੁਪਈਆ ਭੇਟਾ ਕੀਤਾ। ਜਿਉਂ ਜਿਉਂ ਗੁਰੂ ਜੀ ਦੇ ਮਾਲਵੇ ਦੇਸ ਵਲ ਜਾਣ ਦੀਆਂ ਖਬਰਾਂ ਸਭ ਪਾਸੇ ਗਈਆਂ, ਤਿਵੇਂ ਤਿਵੇਂ ਹੀ ਦਰਸ਼ਨ ਅਭਿਲਾਖੀ ਗੁਰੂ ਜੀ ਵਲ ਤੁਰੇ ਆ ਰਹੇ ਸਨ। ਇਥੇ ਆ ਕੇ ਗੁਰੂ ਜੀ ਨੇ ਦਮਦਮਾ ਸਾਹਿਬ ਨਾ ਰਖਿਆ। ਜਿਉਂ ਗੁਰੂ ਜੀ ਮਾਛੀਵਾੜਿਓਂ ਤੁਰੇ ਸਨ, ਕਿਸੇ ਥਾਂ ਨੂੰ ਵੀ ਉਹ ਖਤਰੇ ਤੋਂ ਖਾਲੀ ਨਹੀਂ ਸਨ ਸਮਝਦੇ। ਸੋ ਗੁਰੂ ਜੀ ਨੇ ਓਦੋਂ ਦਾ ਕਮਰ-ਕੱਸਾ ਨਹੀਂ ਸੀ ਖੋਹਲਿਆ, ਪਰ ਇਹ ਖਤਰੇ ਰਹਿਤ ਥਾਂ ਸੀ। ਮਾਲਵੇ-ਰਟਨ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਇਥੇ ਪੁਜੇ ਸਨ। ਸੋ ਇਹ ਦੋਵੇਂ ਅਸਥਾਨ ਨਾਲ ਨਾਲ ਹੀ ਹਨ। ਗੁਰੂ ਜੀ ਬਾਹਰ ਸ਼ਿਕਾਰ ਖੇਡਣ ਜਾਂਦੇ ਤੇ ਰਸਤੇ ਵਿਚ ਮਾਲਵੇ ਦੀ ਧਰਤੀ ਨੂੰ ਥਾਂ ਥਾਂ ਵਰਦਾਨ ਦਿੰਦੇ ਜਾਂਦੇ-ਇਸ ਧਰਤੀ ਵਿਚ ਬਾਗ-ਬਹਾਰਾਂ ਹੋਣਗੀਆਂ, ਅੰਬ ਤੇ ਹੋਰ ਫਲ ਪੈਦਾ ਹੋਣਗੇ, ਨਹਿਰਾਂ ਚਲਣਗੀਆਂ ਤੇ ਜਿਸ ਕਣਕ ਦਾ ਇਥੇ ਨਾਮ ਨਹੀਂ, ਉਹ ਕਣਕ ਦੇ ਭੰਡਾਰਾਂ ਵਾਲੀ ਧਰਤੀ ਬਣੇਗੀ।

**ਭਾਈ ਡੱਲੇ ਦੇ ਭਰਮ ਨੂੰ ਨਵਿਰਤ ਕਰਨਾ**

ਇਸ ਸਮੇਂ, ਜਦ ਗੁਰੂ ਜੀ ਬਾਹਰ ਬੈਠੇ ਸਨ ਤਾਂ ਗੱਲਾਂ ਚਲ ਪਈਆਂ। ਗੁਰੂ ਜੀ ਦੇ ਦੁਖਾਂ ਤੇ ਕਲੇਸ਼ਾਂ ਨਾਲ ਹਮਦਰਦੀ ਪਰਗਟ ਕੀਤੀ ਜਾ ਰਹੀ ਸੀ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਅਫਸੋਸ ਕੀਤਾ ਜਾ ਰਿਹਾ ਸੀ ਤਾਂ ਇਸ ਸਮੇਂ ਭਾਈ ਡੱਲੇ ਦੇ ਮਨ ਵਿਚ ਆਇਆ ਕਿ ਸ਼ਾਇਦ ਗੁਰੂ ਜੀ ਨੂੰ ਸਿਖਾਂ ਦੀ ਘਾਟ ਕਰ ਕੇ ਇਹ ਸਭ ਮੁਸੀਬਤਾਂ ਆਈਆਂ ਹਨ।

ਉਸ ਨੇ ਗੁਰੂ ਜੀ ਨੂੰ ਕਿਹਾ – 'ਸੱਚੇ ਪਾਤਸ਼ਾਹ! ਬੜੇ ਅਫਸੋਸ ਦੀ ਗੱਲ ਏ ਕਿ ਤੁਸਾਂ ਮੈਨੂੰ ਜੰਗ ਦੇ ਸਮੇਂ ਯਾਦ ਨਹੀਂ ਕੀਤਾ। ਜੇ ਕਿਤੇ ਮੈਨੂੰ ਖਬਰ ਦਿੰਦੇ ਤਾਂ ਮੈਂ ਆਪਣੇ ਜਵਾਨਾਂ ਨੂੰ

ਨਾਲ ਲੈ ਕੇ ਆਪ ਦੀ ਸਹਾਇਤਾ ਲਈ ਪਹੁੰਚ ਜਾਂਦਾ ਤਾਂ ਤੁਰਕਾਂ ਦੀ ਕੀ ਤਾਕਤ ਸੀ। ਮੇਰੇ ਜਵਾਨ ਸਭ ਘੇਰੇ-ਘਾਰੇ ਤੋੜ ਦਿੰਦੇ ਤੇ ਤੁਹਾਨੂੰ ਦੁਖੀ ਨਾ ਹੋਣ ਦਿੰਦੇ।

ਗਹਿਰ-ਗੰਭੀਰ ਸਤਿਗੁਰੂ ਜੀ ਬੋਲੇ-ਭਾਈ ਡੱਲਾ ਜੀ, ਇਹ ਤਾਂ ਜੋ ਕੁਝ ਹੋਇਆ ਹੈ, ਸਭ ਅਕਾਲ ਪੁਰਖ ਦੇ ਭਾਣੇ ਵਿਚ ਹੋਇਆ ਹੈ। ਭਾਵੀ ਹੀ ਐਸੀ ਸੀ।' ਪਰ ਗੁਰੂ ਜੀ ਦੇ ਇਹਨਾਂ ਸ਼ਬਦਾਂ ਨੂੰ ਸੁਣ ਕੇ ਵੀ ਡੱਲਾ ਨਾ ਸਮਝਿਆ ਤੇ ਉਸ ਨੇ ਆਪਣੀ ਗੱਲ ਨੂੰ ਕਈ ਵਾਰ ਦੁਹਰਾਇਆ। ਸਤਿਗੁਰੂ ਜੀ ਪੂਰੇ ਵੈਦ ਸਨ। ਡੱਲੇ ਦੇ ਹਉਮੈ ਦੇ ਰੋਗ ਨੂੰ ਝਟ ਹੀ ਜਾਣ ਗਏ ਤੇ ਉਹ ਸੋਚਣ ਲੱਗ ਪਏ ਸਨ ਕਿ ਸਿਖ ਦੇ ਭਰਮ ਦਾ ਰੋਗ ਜ਼ਰੂਰ ਹੀ ਦੂਰ ਕਰ ਦੇਣਾ ਚਾਹੀਦਾ ਹੈ। ਇਸੇ ਸਮੇਂ ਹੀ ਇਕ ਕਾਰੀਗਰ ਸਿਖ ਗੁਰੂ ਜੀ ਦੀ ਸੇਵਾ ਵਿਚ ਦੋਨਾਲੀ ਬੰਦੂਕ ਭੇਟਾ ਕਰਨ ਲਈ ਪੁਜਾ। ਇਸ ਨੇ ਬੰਦੂਕ ਦੀ ਬੜੀ ਸਿਫਤ ਕੀਤੀ। ਵਾਹ! ਚੋਜੀ ਸਤਿਗੁਰੂ ਉਨ੍ਹਾਂ ਝਟ ਹੀ ਡੱਲੇ ਦੇ ਬਹਾਦਰਾਂ ਦੀ ਪਰਖ ਕਰਨ ਦਾ ਫੈਸਲਾ ਕਰ ਲਿਆ। ਡੱਲਾ ਆਪਣੇ ਚੋੜੀਆਂ ਛਾਤੀਆਂ ਵਾਲੇ ਬਹਾਦਰਾਂ ਦੀ ਬੜੀ ਸਿਰਫ ਕਰਦਾ ਸੀ, ਪਰ ਸਿਦਕ ਤੇ ਗੁਰੂ ਭਰੋਸੇ ਉਤੇ ਮਰ-ਮਿਟਣ ਵਾਲਿਆਂ ਦੀ ਪ੍ਰੇਮ ਕਥਾ ਦਾ ਉਸਨੂੰ ਗਿਆਨ ਨਈਂ ਸੀ। ਇਸੇ ਗਿਆਨ ਨੇ ਉਸ ਦੇ ਭਰਮ ਨੂੰ ਦੂਰ ਕਰਨਾ ਸੀ। ਸਤਿਗੁਰੂ ਜੀ ਨੇ ਬੰਦੂਕ ਹਥ ਵਿਚ ਫੜ ਲਈ ਤੇ ਕਿਹਾ-'ਭਾਈ ਡੱਲਿਆ, ਕੋਈ ਆਪਣਾ ਬਹਾਦਰ ਲਿਆ, ਅਸੀਂ ਇਸ ਦੁਨਾਲੀ ਦਾ ਨਿਸ਼ਾਨਾ ਕਰਕੇ ਦੇਖੀਏ ਕਿ ਠੀਕ ਵਜਦਾ ਹੈ ਕਿ ਨਹੀਂ।'

ਹੈਂ, ਇਹ ਕੀ ਗੱਲ? ਅਜਾਈਂ ਮੌਤੇ ਕੌਣ ਮਰੇਗਾ? ਗੁਰੂ ਜੀ ਦੀ ਗੱਲ ਸੁਣਦੇ ਹੀ ਉਸ ਦੇ ਹਿਰਦੇ ਨੂੰ ਹਲੂਣਾ ਵਜਾ, ਪਰ ਫਿਰ ਵੀ ਉਹ ਕੁਝ ਕਹੇ ਬਗੈਰ ਆਪਣੇ ਬਹਾਦਰਾਂ ਵਲ ਵੇਖਣ ਲੱਗਾ। ਜਿਹੜੀ ਗੱਲ ਉਸ ਦੇ ਮਨ ਨੇ ਸੋਚੀ ਸੀ, ਉਹ ਗੱਲ ਸਭ ਨੇ ਕਹੀ-ਜੀ, 'ਐਵੇਂ" ਕੌਣ ਮਰੇ? ਭਾਈ ਡੱਲੇ ਨੇ ਫਿਰ ਦੁਹਰਾਇਆ, ਪਰ ਉਹ ਹੁਣ ਚੁਪ ਸੀ ਤੇ ਨਾਲ ਹੀ ਹੁਣ ਉਸ ਦੀ ਹਉਮੈ ਨੂੰ ਵੀ ਕੁਝ ਧੱਕਾ ਲੱਗਾ-'ਸੁਣਦੇ ਸਾਂ, ਗੁਰੂ ਬੜਾ ਹਠੀ ਹੈ, ਲੜਾਕਾ ਹੈ, ਜਿਹੜੇ ਪਾਸੇ ਪਵੇ ਮੁੜਦਾ ਨਹੀਂ, ਮੈਂ ਕਾਹਨੂੰ ਛੇੜਨਾ ਸੀ?' ਉਹ ਦਿਲ ਹੀ ਦਿਲ ਵਿਚ ਪਛਤਾਉਣ ਲੱਗਾ, ਪਰ ਅਜੇ ਇਸ ਕੌਤਕ ਦਾ ਅੰਤ ਬਾਕੀ ਸੀ, ਜੋ ਸਭ ਤੋਂ ਸੁਆਦਲਾ ਤੇ ਸਿਖਿਆ-ਦਾਇਕ ਸੀ।

ਦੂਰ ਗੁਰੂ ਜੀ ਦੇ ਕੈਂਪ ਦਾ ਪਹਿਰਾ ਦੇਣ ਵਾਲੇ ਪਿਉ ਪੁਤਰ ਖੜੇ ਸਨ। ਇਕ ਪੱਗ ਬੰਨ੍ਹ ਹਟਿਆ ਸੀ ਤੇ ਦੂਜਾ ਬੰਨ੍ਹਣ ਦੀਆਂ ਤਿਆਰੀਆਂ ਕਰ ਰਿਹਾ ਸੀ। ਗੁਰੂ ਜੀ ਨੇ ਸੇਵਕ ਨੂੰ ਕਿਹਾ-ਉਨ੍ਹਾਂ ਦੋਹਾਂ ਨੂੰ ਜਾ ਕੇ ਸੁਨੇਹਾ ਦਿਓ ਕਿ ਗੁਰੂ ਜੀ ਨੇ ਬੰਦੂਕ ਦਾ ਨਿਸ਼ਾਨਾ ਦੇਖਣਾ ਹੈ, ਕੋਈ ਆਵੇ।' ਸੇਵਕ ਨੇ ਜਾ ਕਿਹਾ ਤਾਂ ਪਿਉ ਪੁਤਰ ਦੋਵੇਂ ਹੀ ਉਠ ਦੌੜੇ। ਪੁੱਤਰ ਕਹੇ ਮੈਂ ਨਿਸ਼ਾਨਾ ਬਣਨਾ ਹੈ, ਪਿਉ ਕਹੇ ਮੈਂ। ਦੋਵੇਂ ਆ ਕੇ ਇਕ ਦੂਜੇ ਦੇ ਪਿਛੋਂ ਅਗੇ ਆ ਆ ਕੇ ਨਿਸ਼ਾਨਾ ਬਣਨ ਲਈ ਝਗੜਨ ਲੱਗੇ। ਡੱਲੇ ਦੇ ਇਹ ਵੇਖ ਭੌਰ ਉਡ ਗਏ ਕਿ ਇਹ ਕੀ ਬਲਾ ਹਨ, ਮਰਨ ਲਈ ਏਨੇ ਕਾਹਲੇ ਹਨ। ਗੁਰੂ ਜੀ ਨੇ ਕਿਹਾ-'ਭਾਈ ਝਗੜੋ ਨਾ, ਦੋਵੇਂ ਹੀ, ਜਿਵੇਂ ਹੋ, ਖੜੇ ਹੋ ਜਾਓ, ਅਸੀਂ ਦੋਹਾਂ ਨੂੰ ਹੀ ਨਿਸ਼ਾਨਾ-ਬਨਾਉਂਦੇ ਹਾਂ।' ਇਹ ਸੁਣ ਡੱਲਾ ਹੋਰ ਵਿਸਮਤ ਹੋਇਆ ਤੇ ਸਿਖਾਂ ਨੂੰ ਇਕ ਦਮ ਚੁਪ ਹੋ, ਨਿਸ਼ਾਨਾ ਬਣਨ ਲਈ ਖੜੇ ਦੇਖ ਦੰਗ ਹੋ ਗਿਆ। ਗੁਰੂ ਜੀ ਨੇ ਗੋਲੀ ਦੋਹਾਂ ਦੇ ਉਪਰ ਦੀ ਲੰਘਾ ਦਿਤੀ।

ਇਸ ਮਗਰੋਂ ਗੁਰੂ ਜੀ ਨੇ ਕਿਹਾ-'ਡੱਲਿਆ! ਸਾਨੂੰ ਤਾਂ ਇਹੋ ਜਿਹੋ ਸਿਦਕੀ ਸਿਖਾਂ ਦੀ ਲੋੜ ਹੈ, ਜੋ ਮਰਨੋਂ ਨਾ ਝਕਦੇ, ਨਾ ਡਰਦੇ ਹਨ। ਸਿਦਕੋਂ ਬਿਨਾਂ ਚੌੜੀਆਂ ਛਾਤੀਆਂ ਵਾਲਿਆਂ ਨੇ ਓਥੋਂ ਕੀ ਕਰਨਾ ਸੀ, ਇਹੋ ਜਿਹੇ ਸਿਦਕੀ ਸਿੰਘਾਂ ਦੇ ਸਦਕੇ ਹੀ ਅਸੀਂ ਏਥੇ ਆਣ ਪੁਜੇ ਹਾਂ।' ਹੁਣ ਡੱਲੇ ਨੂੰ ਸਮਝ ਆਈ ਤੇ ਉਸ ਦਾ ਭਰਮ ਦੂਰ ਹੋ ਗਿਆ। ਉਸ ਨੇ ਹੱਥ ਜੋੜੇ ਤੇ ਖਿਮਾਂ ਮੰਗੀ।

**ਭਾਈ ਮਨੀ ਸਿੰਘ ਤੇ ਮਾਤਾਵਾਂ ਦਿਲੀਓਂ ਆ ਗਏ**

ਸਰਸਾ ਤੋਂ ਵਿਛੜਨ ਸਮੇਂ ਗੁਰੂ ਜੀ ਨੇ ਮਾਤਾ ਸੁੰਦਰੀ ਜੀ ਤੇ ਸਾਹਿਬ ਕੌਰ ਜੀ ਨੂੰ ਭਾਈ ਮਨੀ ਸਿੰਘ ਜੀ ਦੇ ਨਾਲ ਦਿਲੀ ਵਲ ਭੇਜ ਦਿਤਾ ਸੀ। ਕਈ ਮਹੀਨੇ ਬੀਤ ਗਏ ਸਨ। ਗੁਰੂ ਜੀ ਚਮਕੌਰ, ਮਾਛੀਵਾੜਾ ਲੰਘ, ਦੀਨੇ ਆ ਕੇ ਕੁਝ ਮਹੀਨੇ ਠਹਿਰੇ। ਫੇਰ ਮੁਕਤਸਰ ਜਾ ਜੰਗ ਕਰਕੇ ਭਾਈ ਡੱਲੇ ਪਾਸ ਪੁਜੇ। ਜਦ ਗੁਰੂ ਜੀ ਦੀ ਫਤਹਿ ਤੇ ਗੁਰੂ ਜੀ ਦੇ ਤਲਵੰਡੀ ਠਹਿਰਨ ਦੀ ਖਬਰ ਮਿਲੀ ਤਾਂ ਭਾਈ ਮਨੀ ਸਿੰਘ ਨੇ ਝਟ ਹੀ ਦੋ ਰੱਥ ਤਿਆਰ ਕਰਵਾ ਕੇ ਮਾਤਾਵਾਂ ਨੂੰ ਵਿਚ ਬਿਠਾ, ਤਲਵੰਡੀ ਵਲ ਚਾਲੇ ਪਾ ਦਿਤੇ। ਨੇੜੇ ਪੁਜ ਮਾਤਾਵਾਂ ਡੋਲਿਓਂ ਥੱਲੇ ਉਤਰ ਆਈਆਂ। ਅਗੇ

ਖੁਲ੍ਹੀ ਥਾਂ ਗੁਰੂ ਜੀ ਸਿੰਘਾਸਨ ਤੇ ਬਿਰਾਜਮਾਨ ਸਨ। ਮਾਤਾਵਾਂ ਨੇ ਦੂਰੋਂ ਹੀ ਦਰਸ਼ਨ ਕੀਤੇ ਤੇ ਵਾਹੋ ਦਾਹੀ ਪੁਜ ਗੁਰੂ ਚਰਨਾਂ ਨਾਲ ਲਿਪਟ ਗਈਆਂ। ਪਤੀ-ਮਿਲਾਪ ਦੀ ਖ਼ੁਸ਼ੀ ਸੀ, ਪਰ ਨਾਲ ਹੀ ਸਾਹਿਬਜ਼ਾਦਿਆਂ ਦੇ ਵਿਯੋਗ ਦਾ ਦੁਖ ਸੀ। ਅਖੀਰ ਸਤਿਗੁਰਾਂ ਨੇ ਧੀਰਜ ਦਿਤੀ, ਚਰਨਾਂ ਤੇ ਪਈਆਂ ਮਾਤਾਵਾਂ ਨੂੰ ਉਪਰ ਉਠਾਇਆ।

ਜਦ ਕੁਝ ਵੀ ਨਜ਼ਰ ਨਾ ਪਿਆ ਤਾਂ ਪੁਛਿਆ-'ਮਾਤਾ ਜੀ ਕਿਥੇ ਹਨ? ਸਾਹਿਬਜ਼ਾਦੇ ਕਿਧਰ ਗਏ ਨੇ?' ਆਵਾਜ਼ ਵਿਚ ਮਮਤਾ ਨਾਲੋਂ ਦਰਦ ਵਧੇਰੇ ਸੀ। ਗੁਰੂ ਜੀ ਵੀ ਨਾ ਬੋਲੇ। ਸਭ ਪਾਸੇ ਚੁਪ ਸੀ, ਪਰ ਅੱਖਾਂ ਸਭ ਦੀਆਂ ਸੱਜਲ ਸਨ। ਮਾਤਾਵਾਂ ਨੇ ਫਿਰ ਕਿਹਾ-'ਦੱਸੋ ਸਾਡੇ ਪਿਆਰੇ ਸਾਹਿਬਜ਼ਾਦੇ ਤੇ ਮਾਤਾ ਜੀ ਕਿਥੇ ਹਨ?'

'ਓਹ ਸਾਹਿਬਜ਼ਾਦੇ ਅਮਰ ਹੋ ਗਏ ਹਨ, ਤੁਹਾਡੀ ਕੁਖ ਸਫਲੀ ਕਰ ਗਏ ਹਨ, ਮਾਤਾ ਜੀ ਨੂੰ ਵੀ ਨਾਲ ਲੈ ਗਏ ਹਨ।'

'ਹੈਂ! ਇਹ ਕੀ ਹੋ ਗਿਆ!!' ਮਾਤਾਵਾਂ ਨੇ ਇਕ ਵਾਰ ਐਸਾ ਰੁਦਨ ਕੀਤਾ ਕਿ ਕਰੁਣਾ-ਰਸ ਹਾਵੀ ਹੋ ਗਿਆ, ਪਰ ਬੀਰ ਧੁਰੰਧਰ ਸਤਿਗੁਰੂ ਜੀ ਬੋਲੇ-'ਰੁਦਨ ਨਾ ਕਰੋ ਤੇ ਖੁਲ੍ਹੀ ਨਿਗਾਹ ਨਾਲ ਤੱਕੋ, ਜੇ ਉਹ ਚਾਰੇ ਪੁਤਰ ਨਹੀਂ ਤਾਂ ਇਹ ਹਜ਼ਾਰਾਂ ਜੋ ਦਿਸ ਰਹੇ ਹਨ, ਇਹ ਵੀ ਤਾਂ ਸਾਡੇ ਪੁਤਰ ਹੀ ਹਨ। ਅੰਮ੍ਰਿਤ ਛਕਾਣ ਮਗਰੋਂ ਇਹ ਸਭੇ ਸਾਡੇ ਪੁਤਰ ਬਣੇ ਹਨ-

ਇਨ ਪੁਤਰ ਕੇ ਸੀਸ ਪਰ, ਵਾਰ ਦੀਏ ਸੁਤ ਚਾਰ। ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।

## ਗੁਰੂ ਜੀ ਦੀ ਦੱਖਣ ਜਾਣ ਦੀ ਤਿਆਰੀ ਤੇ ਤਲਵੰਡੀਓਂ ਕੂਚ

ਤਲਵੰਡੀ ਤੋਂ ਤੁਰਨ ਸਮੇਂ ਮਹਿਲਾਂ (ਮਾਤਾ ਸੁੰਦਰੀ ਤੇ ਸਾਹਿਬ ਕੌਰ) ਨੂੰ ਦਿਲੀ ਜਾਣ ਦਾ ਹੁਕਮ ਦਿਤਾ। ਭਾਈ ਮਨੀ ਸਿੰਘ ਜੀ ਨੂੰ ਸੰਗ-ਸਾਥ ਰਹਿਣ ਦਾ ਹੁਕਮ ਦਿਤਾ। ਮਾਤਾਵਾਂ ਕੀ ਕਰ ਸਕਦੀਆਂ ਸਨ, ਹੁਕਮ ਮੰਨ ਕੇ ਹੰਝੂ ਕੇਰਦੀਆਂ ਵਿਦਾ ਹੋ ਗਈਆਂ। ਪਰ ਓਧਰ ਕਈ ਸਿਖ ਗੁਰੂ ਜੀ ਨੂੰ ਦੱਖਣ ਜਾਂਦੇ ਵੇਖ ਰਾਤੋ ਰਾਤ ਹੀ ਪਤਰਾ ਵਾਚ ਗਏ। ਭਾਈ ਡੱਲਾ ਸਿੰਘ ਇਕ ਦੋ ਪੜਾਅ ਨਾਲ ਗਿਆ, ਪਰ ਇਹ ਵੀ ਚੁਪ ਕੀਤਾ ਹੀ ਮੁੜ ਆਇਆ। ਗੁਰੂ ਜੀ ਨੇ ਕੱਤਕ ਸੁਦੀ ਪੰਚਮੀ, ਸੰਮਤ 1763 ਨੂੰ 1● ਕੁ ਮਹੀਨੇ ਤਲਵੰਡੀ ਵਾਸ ਕਰ ਕੇ ਓਥੋਂ ਚਾਲੇ ਪਾ ਦਿਤੇ।

**ਔਰੰਗਜ਼ੇਬ ਦੀ ਮੌਤ ਅਤੇ ਬਹਾਦਰ ਸ਼ਾਹ ਦਾ ਗੁਰੂ ਜੀ ਦੀ ਮਦਦ ਨਾਲ ਬਾਦਸ਼ਾਹ ਬਣਨਾ**

ਗੁਰੂ ਜੀ ਤਲਵੰਡੀ ਤੋਂ ਚਲਕੇ ਰੋਜ਼ ਹੀ 7-8 ਮੀਲ ਦਾ ਸਫਰ ਤੇ ਪੜਾਅ ਕਰਦੇ ਪੁਸ਼ਕਰ ਰਾਜ ਤੀਰਥ ਤੇ ਪਹੁੰਚੇ। ਫਿਰ ਨਰੈਣ ਪਿੰਡ ਕਾਦੂ-ਦਵਾਰੇ ਪੁਜੇ। ਕਾਦੂ-ਦਵਾਰੇ ਦੇ ਮਹੰਤਾਂ ਨਾਲ ਗਲ ਬਾਤ ਮਗਰੋਂ, ਚਲਦੇ ਚਲਦੇ ਸਰਸਾ ਪੁਜੇ। ਇਥੇ ਇਕ ਇਸਤ੍ਰੀ ਦੀ ਪੁਕਾਰ ਸੁਣ ਗੁਰੂ ਜੀ ਨੇ ਉਸ ਦੀ ਸਹਾਇਤਾ ਕੀਤੀ ਤੇ ਰਾਜਸਥਾਨ ਵਲ ਚਲ ਪਏ। ਅਜੇ ਬਾਘੌਰ ਹੀ ਪੁਜੇ ਸਨ ਤਾਂ ਖਬਰ ਮਿਲੀ ਕਿ ਔਰੰਗਜ਼ੇਬ ਮਰ ਗਿਆ ਹੈ। ਸ਼ਾਹਜ਼ਾਦਾ ਆਜ਼ਮ, ਜੋ ਔਰੰਗਜ਼ੇਬ ਦੇ ਕੋਲ ਦੱਖਣ ਵਿਚ ਸੀ, ਉਸ ਨੇ 22 ਲਖ ਵਡੀ ਫੌਜ ਨੂੰ ਅਧੀਨ ਕਰ ਕੇ ਆਪਣੇ ਆਪ ਨੂੰ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ। ਇਕ ਭਰਾ ਬੰਗਾਲ ਦਾ ਗਵਰਨਰ ਸੀ। ਉਸ ਨੂੰ ਸ਼ਾਹਜ਼ਾਦਾ ਆਜ਼ਮ ਨੇ ਮਿਲਣੇ ਦੇ ਬਹਾਨੇ ਬੁਲਾ ਕੇ ਕਤਲ ਕਰ ਦਿਤਾ। ਉਹ ਦੱਖਣ ਤੋਂ ਵਡੀ ਫੌਜ ਸਮੇਤ ਆਗਰੇ ਵਲ ਤੁਰ ਪਿਆ। ਬਹਾਦਰ ਸ਼ਾਹ ਉਸ ਸਮੇਂ ਰੁਹਤਾਸ ਵਿਚ (ਜਿਹਲਮ) ਸੀ। ਵੱਡੇ ਹੋਣ ਦੇ ਨਾਤੇ ਬਾਦਸ਼ਾਹ ਉਸਨੇ ਬਣਨਾ ਸੀ, ਪਰ ਓਸ ਕੋਲ 1● ਲਖ ਫੌਜ ਸੀ। ਭਾਈ ਨੰਦ ਲਾਲ ਅਨੰਦਪੁਰ ਛਡਣ ਮਗਰੋਂ ਫਿਰ ਇਸ ਕੋਲ ਚਲਾ ਗਿਆ ਸੀ। ਇਹ ਵੀ ਝਟ ਪਟ ਆਗਰੇ ਪਹੁੰਚ ਕੇ ਕਿਲ੍ਹੇ ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਬਹਾਦਰ ਸ਼ਾਹ ਨੂੰ ਪਤਾ ਲੱਗਾ ਸੀ ਕਿ ਬਹੁਤੇ ਅਮੀਰ ਵਜ਼ੀਰ ਉਸ ਦੇ ਭਰਾ ਨੇ ਗੰਢ ਲਏ ਹਨ, ਇਸ ਲਈ ਭਾਈ ਨੰਦ ਲਾਲ ਜੀ ਦੀ ਸਲਾਹ ਨਾਲ ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਲਈ ਤੇ ਭਾਈ ਨੰਦ ਲਾਲ ਜੀ ਉਚੇਚੇ ਤੌਰ ਤੇ ਗੁਰੂ ਜੀ ਕੋਲ ਬਾਘੌਰ ਪੁਜੇ। ਗੁਰੂ ਜੀ ਨੇ ਭਾਈ ਧਰਮ ਸਿੰਘ ਜੀ ਦੀ ਜਥੇਦਾਰੀ ਹੇਠ ਕੁਝ ਸਿੰਘ ਬਹਾਦਰ ਸ਼ਾਹ ਦੀ ਮਦਦ ਲਈ ਭੇਜੇ। ਜਾਜੂ ਦੇ ਮੁਕਾਮ ਤੇ ਦੋਹਾਂ ਦਲਾਂ ਦਾ ਮੁਕਾਬਲਾ ਹੋ ਗਿਆ। ਕਹਿੰਦੇ ਹਨ ਗੁਰੂ ਜੀ ਦੇ ਤੀਰ ਨਾਲ ਸ਼ਾਹਜ਼ਦਾ ਆਜ਼ਮ, ਜਿਸ ਨੂੰ ਫਤਹਿ ਦੀ ਵੱਡੀ ਆਸ ਸੀ, ਮਾਰਿਆ ਗਿਆ। ਬਹਾਦਰ ਸ਼ਾਹ ਦੀ ਫਤਹਿ ਹੋ ਗਈ। ਸਾਰੇ ਅਮੀਰ ਵਜ਼ੀਰ ਹੁਣ ਇਕ ਦਮ ਹੀ ਬਹਾਦਰ ਸ਼ਾਹ ਨੂੰ ਨਜ਼ਰਾਨੇ ਦੇ ਕੇ ਮਿਲ ਪਏ। ਉਹ ਭਾਵੇਂ ਇਸੇ ਸਮੇਂ ਗੁਰੂ ਜੀ ਦਾ ਧੰਨਵਾਦ ਕਰਨ ਲਈ ਉਨ੍ਹਾਂ ਨੂੰ ਮਿਲਣਾ ਚਾਹੁੰਦਾ ਸੀ, ਪਰ ਰਾਜ-ਕਾਜ ਦੇ ਵੱਡੇ ਸਿਲਸਿਲੇ ਦਾ ਮਾਮਲਾ ਸੀ। ਇਸ ਲਈ ਉਸ ਨੇ ਭਾਈ ਧਰਮ ਸਿੰਘ ਜੀ ਹੱਥ ਗੁਰੂ ਜੀ

ਨੂੰ ਬੇਨਤੀ ਕਰ ਘੱਲੀ ਕਿ ਉਸ ਨੂੰ ਆਗਰੇ ਆ ਕੇ ਮਿਲਣ। ਕਹਿੰਦੇ ਹਨ ਕਿ ਭਾਈ ਨੰਦ ਲਾਲ ਜੀ ਵੀ ਇਸ ਸੁਨੇਹੇ ਲਈ ਗੁਰੂ ਜੀ ਕੋਲ ਪੁਜੇ। ਬਘੌਰ ਦਾ ਰਾਜਾ ਵੀ ਗੁਰੂ ਜੀ ਦਾ ਸੇਵਕ ਬਣ ਚੁਕਾ ਸੀ ਤੇ ਉਸਨੂੰ ਗੁਰੂ ਜੀ ਦੇ ਵਿਛੜਨ ਤੇ ਦੁਖ ਹੋਇਆ। ਪਰ ਗੁਰੂ ਜੀ ਦੇ ਉਪਦੇਸ਼ ਨਾਲ ਸ਼ਾਂਤੀ ਪ੍ਰਾਪਤ ਕੀਤੀ। ਗੁਰੂ ਜੀ ਓਥੋਂ ਆਗਰੇ ਪੁਜੇ ਤੇ ਸ਼ਹਿਰ ਤੋਂ ਬਾਹਰ ਇਕ ਖੁੱਲ੍ਹੀ ਥਾਂ ਤੇ ਡੇਰਾ ਕਰ ਦਿਤਾ।

**ਗੁਰੂ ਜੀ ਦੀ ਬਹਾਦਰ ਸ਼ਾਹ ਨਾਲ ਮੁਲਾਕਾਤ**

ਬਹਾਦਰ ਸ਼ਾਹ ਨੂੰ ਗੁਰੂ ਜੀ ਦੇ ਆਗਰੇ ਪੁਜਣ ਦਾ ਪਤਾ ਲੱਗਾ ਤਾਂ ਉਸ ਨੇ ਗੁਰੂ ਜੀ ਤੇ ਗੁਰੂ ਕੇ ਸਿੰਘਾਂ ਵਾਸਤੇ ਸਰਕਾਰੀ ਰਾਸ਼ਨ ਭੇਜ ਦਿਤਾ। ਦੂਸਰੇ ਦਿਨ ਸਵੇਰੇ ਹੀ ਬਹਾਦਰ ਸ਼ਾਹ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਸੋਨੇ ਦੀਆਂ ਮੋਹਰਾਂ ਦੀ ਥੈਲੀ ਦਰਸ਼ਨ ਭੇਟ ਕੀਤੀ। ਖਿਲਅਤ ਤੇ ਹੋਰ ਪੁਸ਼ਾਕੇ ਵੀ ਭੇਟ ਕੀਤੇ। ਦੋਹਾਂ ਪਾਸਿਆਂ ਤੋਂ ਸੁਖ ਸਾਂਦ ਦੀਆਂ ਗੱਲਾਂ ਬਾਤਾਂ ਹੋਈਆਂ। ਇਸ ਤੋਂ ਅਗਲੇਰੇ ਦਿਨ ਦਰਿਆ ਕਿਨਾਰੇ ਗੁਰੂ ਜੀ ਫਿਰ ਬਹਾਦਰ ਸ਼ਾਹ ਨੂੰ ਮਿਲੇ। ਬਹਾਦਰ ਸ਼ਾਹ ਨੇ ਜਗੀਰ ਦੇਣ ਤੋਂ ਹੋਰ ਸੁਖ ਆਰਾਮ ਜਾਂ ਨਵਾਬੀ ਤਕ ਦੇਣ ਦੀ ਗੱਲ ਛੇੜੀ, ਜਿਨ੍ਹਾਂ ਨੂੰ ਗੁਰੂ ਜੀ ਨੇ ਅਪ੍ਰਵਾਨ ਕੀਤਾ ਤੇ ਕਿਹਾ–'ਇਹ ਗੱਲਾਂ ਮਨੁਖ ਨੂੰ ਜ਼ਾਲਮ ਤੇ ਐਸ਼-ਪ੍ਰਸਤ ਬਣਾ ਦਿੰਦੀਆਂ ਹਨ, ਸਾਨੂੰ ਇਹਨਾ ਦੀ ਲੋੜ ਨਹੀਂ।'

**ਗੁਰੂ ਜੀ ਦਾ ਦਿਲੀਓਂ ਆਗਰੇ ਪੁਜਣਾ**

ਦਿਲੀ ਤੋਂ ਤੁਰਨ ਸਮੇਂ ਜਿਥੇ ਹੋਰ ਸਿਖ ਸੰਗਤਾਂ ਵਿਛੋੜੇ ਤੇ ਦੁਖ ਨਾਲ ਵਿਆਕੁਲ ਹੋਈਆਂ, ਓਥੇ ਮਾਤਾ ਸਾਹਿਬ ਕੌਰ ਦੇ ਪ੍ਰੇਮ ਦੀ ਅੱਤ ਹੋ ਗਈ। ਉਸ ਦਾ ਮਨ ਗੁਰੂ ਜੀ ਦੇ ਦਰਸ਼ਨ ਬਿਨਾਂ ਸ਼ਾਂਤ ਨਹੀਂ ਸੀ ਤੇ ਮਾਤਾ ਸੁੰਦਰੀ ਜੀ ਨੇ ਵੀ ਕੋਲੋਂ ਕਹਿ ਦਿਤਾ–'ਇਨ੍ਹਾਂ ਦੀ ਉਦਾਸੀ ਨੂੰ ਅਜ ਤਕ ਮੈਂ ਦੂਰ ਨਹੀਂ ਕਰ ਸਕੀ।' ਮਾਤਾ ਸਾਹਿਬ ਕੌਰ ਦੀ ਇਹ ਹਾਲਤ ਵੇਖ ਗੁਰੂ ਜੀ ਨੇ ਕਿਹਾ–'ਚੰਗਾ, ਫੇਰ ਚਲੋ! ਅਸੀਂ ਤਾਂ ਕਿਹਾ ਸੀ ਕਿ ਪਰਦੇਸ ਦੇ ਸਫਰਾਂ ਦੇ ਦੁਖ ਨਾ ਝਾਗੋ, ਪਰ ਜੇ ਨਹੀਂ ਮੁੜਦਾ ਤਾਂ ਤੁਹਾਡੀ ਮਰਜ਼ੀ।'

'ਹੇ ਪਤੀ ਗੁਰਦੇਵ! ਮੈਨੂੰ ਤੁਹਾਡੇ ਦਰਸ਼ਨਾਂ ਤੋਂ ਬਿਨਾਂ ਸਭ ਸੁਖਾਂ ਵਿਚ ਦੁਖ ਹੀ ਹੁੰਦਾ ਹੈ। ਤੁਹਾਡੇ ਦਰਸ਼ਨਾਂ ਨੇ ਤਾਂ ਮੇਰੇ ਦੁਖ ਮੇਟ ਦਿਤੇ ਹਨ, ਇਸ ਲਈ ਮਿਟ ਚੁਕੇ ਦੁਖਾਂ ਨੂੰ ਮੁੜ ਕਿਵੇਂ ਸਹਾਰਾਂ। ਮੈਂ ਵੀ ਸੇਵਾ ਤੇ ਦਰਸ਼ਨ ਕਰਾਂਗੀ। ਜੋ ਮਿਲੇਗਾ, ਉਸ ਨੂੰ ਅੰਮ੍ਰਿਤ ਸਮਝਾਂਗੀ। ਜਿਵੇਂ ਰਖੋ, ਓਸੇ ਨੂੰ ਸੁਖ ਸਮਝਾਂਗੀ, ਪਰ ਮੈਂ ਦਰਸ਼ਨਾਂ ਤੋਂ ਦੂਰ ਨਹੀਂ ਰਹਿ ਸਕਦੀ।' ਇਉਂ ਗੁਰੂ ਜੀ ਦਿਲੀਓਂ ਤੁਰ ਕੇ ਹੌਲੀ ਹੌਲੀ ਆਗਰੇ ਜਾ ਪੁਜੇ ਤੇ ਬਾਹਰ ਖੁਲੇ ਥਾਂ ਇਕ ਬਾਗ ਵਿਚ ਡੇਰਾ ਕਰ ਦਿਤਾ। ਗੁਰੂ ਜੀ ਦਮਦਮੇ ਤੋਂ ਕਤਕ 1763 ਵਿਚ ਚਲੇ ਸਨ ਤੇ ਹੁਣ 1764 ਚੜ੍ਹ ਗਿਆ ਸੀ। ਚੇਤਰ ਦਾ ਮਹੀਨਾ ਲੰਘ ਗਿਆ ਸੀ। ਬਰਖਾ ਰੁਤ ਸ਼ੁਰੂ ਹੋ ਜਾਣ ਕਰਕੇ ਗੁਰੂ ਜੀ ਤਿੰਨ ਸਾਢੇ ਤਿੰਨ ਮਹੀਨੇ ਆਗਰੇ ਹੀ ਰਹੇ।

ਬਹਾਦਰਸ਼ਾਹ ਦੇ ਦਰਬਾਰ ਵਿੱਚ ਗੁਰੂ ਜੀ ਨੂੰ ਇਕ ਕਾਜ਼ੀ ਨੇ ਕਿਹਾ–'ਤੁਸੀਂ ਗੁਰੂ ਨਾਨਕ ਦੀ ਗੱਦੀ ਦੇ ਮਾਲਕ ਹੋ, ਗੁਰੂ ਨਾਨਕ ਨੇ ਤਾਂ ਅਨੇਕਾਂ ਕਰਾਮਾਤਾਂ ਵਿਖਾਈਆਂ। ਪਰ ਤੁਸੀਂ ਵੀ ਕੋਈ ਕਰਾਮਾਤ ਦਿਖਾਓ ਤਾਂ ਦੇਖ ਕੇ ਤੁਹਾਨੂੰ ਵੀ ਮੰਨੀਏ।'

ਗੁਰੂ ਜੀ ਨੇ ਕਿਹਾ–'ਕਰਾਮਾਤ ਹੀ ਤਾਂ ਹੈ, ਜੋ ਅਸਾਂ ਬਹਾਦਰ ਸ਼ਾਹ ਨੂੰ ਰਾਜ ਦਿਵਾ ਦਿਤਾ ਹੈ।' ਪਰ ਇਸ ਗੱਲ ਨੂੰ ਉਹ ਨਾ ਮੰਨਿਆ ਤਾਂ ਗੁਰੂ ਜੀ ਨੇ ਕਿਹਾ–'ਆਹ ਦੇਖ ਮੋਹਰਾਂ (ਕੱਢ ਕੇ) ਇਹ ਵੀ ਤਾਂ ਕਰਾਮਾਤ ਹੈ।'

ਉਹ ਅਗੋਂ ਬੋਲਿਆ–'ਇਹ ਕਾਹਦੀ ਹੈ, ਇਹ ਕਰਾਮਾਤ ਤਾਂ ਹਰ ਧਨੀ ਕੋਲ ਹੈ।'

ਗੁਰੂ ਜੀ ਨੇ ਤਲਵਾਰ ਮਿਆਨ ਵਿਚੋਂ ਖਿਚ ਲਈ ਤੇ ਕਿਹਾ–'ਲੈ ਫਿਰ ਇਹ ਕਰਾਮਾਤ ਹੈ, ਜਿਸ ਦੇ ਬਲ ਨਾਲ ਅਸੀਂ ਕਈ ਤੇਰੇ ਵਰਗੇ ਝਟਕਾ ਦਿਤੇ ਹਨ, ਜੇ ਤੂੰ ਜ਼ਰੂਰ ਦੇਖਣੀ ਹੈ ਤਾਂ ਤੇਰਾ ਝਟਕਾ ਕਰ ਕੇ ਦਿਖਾ ਦਿੰਦੇ ਹਾਂ।'

ਗੁਰੂ ਜੀ ਦੇ ਚਿਹਰੇ ਦਾ ਜਲਾਲ ਵਧ ਗਿਆ ਸੀ ਤੇ ਨੰਗੀ ਤਲਵਾਰ ਕਾਜ਼ੀ ਦੇ ਨੇੜੇ ਘੁੰਮ ਰਹੀ ਸੀ। ਬਾਦਸ਼ਾਹ ਦੇ ਸਭ ਦਰਬਾਰੀਆਂ ਦੇ ਰੰਗ ਉਡ ਗਏ, ਪਰ ਕਾਜ਼ੀ ਨੂੰ ਤਾਂ ਸਾਹਮਣੇ ਮੌਤ ਵੇਖ ਦੰਦਣ ਹੀ ਪੈ ਗਈ ਤੇ ਹੱਥ ਜੋੜ ਕੇ ਹੁਣ ਪਿਛਾਂਹ ਹਟ ਗਿਆ। ਇਉਂ ਗੁਰੂ ਜੀ ਆਗਰੇ ਵਿਚ ਰਹਿ ਕੇ ਕੌਤਕ ਕਰਦੇ ਰਹੇ ਤੇ ਗੁਰੂ–ਜੋਤ ਦੀ ਨਿਰਭੈਤਾ ਤੇ ਸੂਰਮਤਾਈ ਦੀ ਧਾਂਕ ਪਾਉਂਦੇ ਰਹੇ।

## ਗੁਰੂ ਜੀ ਦਾ ਦੱਖਣ ਵਲ ਜਾਣਾ

ਬਹਾਦਰ ਸ਼ਾਹ ਦੇ ਕਹੇ ਗੁਰੂ ਜੀ ਆਗਰੇ ਗਏ ਤੇ ਉਥੇ ਠਹਿਰੇ ਸਨ, ਪਰ ਹੁਣ ਬਰਖਾ ਦੀ ਰੁਤ ਦੇ ਹਟਦੇ ਹੀ ਉਸ ਬੇਨਤੀ ਕੀਤੀ–'ਆਪ ਹੁਣ ਕ੍ਰਿਪਾ ਕਰ ਕੇ ਮੇਰੇ ਨਾਲ ਹੀ ਦੱਖਣ ਚਲੋ। ਓਥੇ ਕਈ ਕੰਮ ਹਨ, ਤੁਹਾਡੀ ਕਿਰਪਾ ਨਾਲ ਉਹ ਵੀ ਹੋ ਜਾਣਗੇ।'

ਗੁਰੂ ਜੀ ਨੇ ਬਹਾਦਰ ਸ਼ਾਹ ਦੇ ਕਿਹੜੇ ਕੰਮ ਕਰਨੇ ਸਨ, ਇਹ ਤਾਂ ਇਕ ਬਹਾਨਾ ਹੀ ਸੀ। ਗੁਰੂ ਜੀ ਆਪਣੇ ਪਰਮ-ਪਿਆਰੇ ਸਿਖ ਭਾਈ ਨੰਦ ਲਾਲ ਦੇ ਪਰੇਰੇ ਉਹ ਅਟਕੇ ਤੇ ਬਹਾਦਰ ਸ਼ਾਹ ਦੀ ਮਦਦ ਕੀਤੀ। ਗੁਰੂ ਜੀ ਚਾਹੁੰਦੇ ਸਨ ਕਿ ਬਹਾਦਰ ਸ਼ਾਹ ਹੀ ਇਨ੍ਹਾਂ ਝੂਠੇ ਤੇ ਜ਼ਾਲਮ ਅਹਿਲਕਾਰਾਂ ਨੂੰ ਦੰਡ ਦੇ ਦੇਵੇ ਤਾਂ ਫਿਰ ਸਾਨੂੰ ਕਿਸੇ ਉਦਮ ਦੀ ਲੋੜ ਨਹੀਂ ਪਵੇਗੀ, ਪਰ ਬਹਾਦਰ ਸ਼ਾਹ ਨੇ ਜਦ ਇਸ ਕੰਮ ਵਲੋਂ ਅਸਮਰਥਾ ਪਰਗਟ ਕੀਤੀ ਤਾਂ ਗੁਰੂ ਜੀ ਨੇ ਫਿਰ ਨਿਝੱਕ ਹੋ ਕੇ ਇਹ ਭਵਿਖ ਬਾਣੀ ਕਹਿ ਵੀ ਦਿਤੀ ਕਿ 'ਸਾਡੇ ਸਿੰਘਾਂ ਨੇ ਸਭ ਕੁਝ ਆਪ ਹੀ ਕਰ ਲੈਣਾ ਹੈ। ਸਭ ਦੁਸ਼ਟਾਂ ਤੇ ਜ਼ਾਲਮਾਂ ਦੀ ਸੋਧ ਕਰ ਦੇਣੀ ਹੈ।'

## ਦਸਮੇਸ਼ ਜੀ ਦਾ ਨਾਦੇੜ (ਦੱਖਣ) ਪੁਜਣਾ

ਸੰਮਤ 1763 ਦੀ ਕੱਤਕ ਸੁਦੀ ਪੰਚਮੀ ਨੂੰ ਦਮਦਮੇ ਸਾਹਿਬ ਤੋਂ ਦੱਖਣ ਵਲ ਰਵਾਨਾ ਹੋਏ ਸੀ ਤੇ ਹਾੜ 1764 ਵਿਚ ਅਖੀਰ ਗੁਦਾਵਰੀ ਨਦੀ ਦੇ ਕੰਢੇ ਆਣ ਡੇਰਾ ਲਾਇਆ, ਜਿਥੇ ਕਿ ਅਜ ਕਲਸਚਖੰਡ ਸ੍ਰੀ ਹਜ਼ੂਰ ਸਾਹਿਬ ਹੈ। 10-15 ਦਿਨ ਤਾਂ ਗੁਰੂ ਜੀ ਮੌਜ ਨਾਲ ਇਧਰ ਓਧਰ ਸ਼ਿਕਾਰ ਖੇਡਦੇ ਤੇ ਸੈਰ ਕਰਦੇ ਰਹੇ, ਪਰ ਫਿਰ ਮਾਧੋ ਦਾਸ ਦਾ ਚੇਤਾ ਆ ਗਿਆ, ਜਿਸ ਦਾ ਡੇਰਾ ਇਥੋਂ ਕੇਵਲ ਅੱਧ ਕੁ ਮੀਲ ਤੇ ਹੀ ਇਸੇ ਗੁਦਾਵਰੀ ਦੇ ਕਿਨਾਰੇ ਹੀ ਸੀ। ਗੁਰੂ ਜੀ ਨੇ 20-25 ਸਿੰਘ ਨਾਲ ਲੈ ਲਏ ਤੇ ਮਾਧੋ ਦਾਸ ਦੇ ਡੇਰੇ ਵਿਚ ਜਾ ਪੁਜੇ। ਅਗੇ ਮਾਧੋ ਦਾਸ ਡੇਰੇ ਵਿਚ ਨਹੀਂ ਸੀ। ਗੁਰੂ ਜੀ ਅਛੋਪਲੇ ਹੀ ਘੋੜਿਓਂ ਉਤਰ ਕੇ ਉਸ ਦੇ ਕਮਰੇ ਵਿਚ ਚਲੇ ਗਏ, ਜਿਥੇ ਉਸ ਦਾ ਸਜਿਆ ਫਬਿਆ ਪਲੰਘ ਵਿਛਿਆ ਸੀ। ਉਸ ਦੇ ਡੇਰੇ ਵਿਚ ਦੋ ਬਕਰੇ ਬੱਝੇ ਹੋਏ ਸਨ। ਗੁਰੂ ਜੀ ਦਾ ਇਸ਼ਾਰਾ ਪਾ ਕੇ ਸਿੰਘਾਂ ਨੇ ਉਹ ਝਟਕਾ ਦਿਤੇ। ਦੋ ਚਾਰ ਮਾਧੋ ਦਾਸ ਦੇ ਚੇਲੇ ਡੇਰੇ ਵਿਚ ਸਨ, ਉਹ ਸ਼ਸਤਰਧਾਰੀ ਸਿੰਘਾਂ ਤੇ ਗੁਰੂ ਜੀ ਦੇ ਤੇਜ ਪਰਤਾਪ ਤੋਂ ਡਰ ਕੇ ਉਠ ਨਸੇ। ਉਨ੍ਹਾਂ ਦੌੜ

ਕੇ ਮਾਧੋ ਦਾਸ ਨੂੰ ਖਬਰ ਦਿਤੀ-'ਤੁਹਾਡੇ ਡੇਰੇ ਵਿਚ ਪਤਾ ਨਹੀਂ ਕੌਣ ਆ ਗਿਆ ਹੈ। ਆਪਣੇ ਆਪ ਹੀ ਤੁਹਾਡੇ ਪਲੰਘ ਤੇ, ਜਾ ਬੈਠਾ ਹੈ ਤੇ ਉਸ ਦੇ ਸਾਥੀਆਂ ਨੇ ਤੁਹਾਡੇ ਬਕਰੇ ਮਾਰ ਦਿਤੇ ਹਨ।'

'ਹੈਂ, ਕੌਣ ਹੈ। ਉਸ ਨੂੰ ਮੇਰਾ ਪਤਾ ਨਹੀਂ ਹੋਣਾ।'

'ਕੀ ਪਤਾ ਉਸ ਨੇ ਤਾਂ ਹਦ ਹੀ ਕਰ ਦਿਤੀ ਹੈ। ਅਸੀਂ ਬੈਠੇ ਸਾਂ, ਸਾਨੂੰ ਪੁਛੇ ਬਗੈਰ ਹੀ ਅੰਦਰ ਵੜ ਬੈਠੇ ਹਨ।'

ਮਾਧੋ ਦਾਸ ਨੂੰ ਗੁਸਾ ਆ ਗਿਆ। ਉਸ ਨੇ ਆਪਣੇ ਵਸ ਕੀਤੇ ਬੀਰਾਂ ਨੂੰ ਹੁਕਮ ਕੀਤਾ-'ਜਾਓ, ਮੇਰੇ ਪਲੰਘ ਤੇ ਬੈਠਣ ਵਾਲੇ ਨੂੰ ਉਲਟਾ ਕੇ ਸੁਟ ਦਿਓ। ਜਿਨ੍ਹਾਂ ਨੇ ਬਕਰੇ ਮਾਰੇ ਹਨ, ਉਨ੍ਹਾਂ ਨੂੰ ਜਾਂਦੇ ਹੀ ਖਤਮ ਕਰ ਦਿਓ।'

ਬੀਰਾਂ ਦੇ ਇਕ ਦਮ ਆਉਣ ਨਾਲ ਮਾਧੋ ਦਾਸ ਦੀ ਹਵੇਲੀ ਵਿਚ ਹਨੇਰੀ ਜਿਹੀ ਆ ਗਈ। ਗੁਰੂ ਜੀ ਵੀ ਜਾਣਦੇ ਸਨ ਤੇ ਸਭ ਸਿੰਘਾਂ ਨੇ ਵੀ ਸਮਝਿਆ ਕਿ ਇਹ ਮਾਧੋ ਦਾਸ ਦੀ ਹੀ ਸ਼ਕਤੀ ਹੈ। ਗੁਰੂ ਜੀ ਨੇ ਆਪਣੇ ਹੱਥ ਦਾ ਤੀਰ ਭਾਈ ਦਯਾ ਸਿੰਘ ਜੀ ਨੂੰ ਦਿਤਾ ਤੇ ਕਿਹਾ-'ਇਸ ਨਾਲ ਸਿੰਘਾਂ ਦੇ ਉਦਾਲੇ ਲਕੀਰ ਪਾ ਦਿਓ ਤੇ ਸਭ ਸਿੰਘਾਂ ਨੂੰ ਉਸ ਦੇ ਵਿਚ ਕਰ ਦਿਓ।'

ਓਹੀ ਗੱਲ ਹੋਈ। ਮਾਧੋ ਦਾਸ ਦੇ ਚਾਰ ਬੀਰ ਸਨ। ਤਿੰਨ ਸਿੰਘਾਂ ਵਲ ਹੋਏ ਤੇ ਸਿੰਘਾਂ ਨੂੰ ਭੈਦਾਇਕ ਸ਼ਕਲਾਂ ਦਿਖਾ ਕੇ ਡਰਾਉਣ ਲੱਗੇ, ਪਰ ਉਹ ਲਕੀਰ ਤੋਂ ਅਗੇ ਨਾ ਹੋ ਸਕੇ। ਓਧਰ ਇਕ ਬੀਰ ਗੁਰੂ ਜੀ ਦੇ ਪਲੰਘ ਵਲ ਗਿਆ ਤੇ ਉਸ ਨੇ ਪਲੰਘ ਨੂੰ ਇਕ ਦਮ ਜ਼ੋਰ ਨਾਲ ਉਲਟਾਉਣਾ ਚਾਹਿਆ, ਪਰ ਪਲੰਘ ਉਸ ਤੋਂ ਹਿਲਿਆ ਹੀ ਨਾ। ਉਸ ਨੇ ਦੂਸਰੇ ਨੂੰ ਬੁਲਾਇਆ ਤਾਂ ਦੋਹਾਂ ਕੋਲੋਂ ਵੀ ਨਾ ਹਿਲਿਆ। ਇਸ ਤੇ ਚਾਰੇ ਬੀਰ ਬਾਹਰੋਂ ਹਟ ਅੰਦਰ ਗੁਰੂ ਜੀ ਦੇ ਪਲੰਘ ਉਦਾਲੇ ਹੋ ਗਏ। ਕਹਿੰਦੇ ਹਨ ਕਿ ਚਹੁੰਆਂ ਨੇ ਜ਼ਰਾ ਕੁ ਪਾਵਾ ਹਿਲਾਇਆ ਤਾਂ ਗੁਰੂ ਜੀ ਨੇ ਜਦ ਆਪਣਾ ਤੀਰ ਪਾਵੇ ਨੂੰ ਛੁਹਾਇਆ ਤਾਂ ਉਹ ਸਾਰਾ ਜ਼ੋਰ ਲਾਉਣ ਤੇ ਵੀ ਮੁੜ ਨਾ ਹਿਲਿਆ।

ਬੀਰ ਮੁੜ ਗਏ ਤੇ ਮਾਧੋ ਦਾਸ ਨੂੰ ਪਤਾ ਲਗ ਗਿਆ ਕਿ ਅਜ ਕੋਈ ਕਾਮਲ ਸਾਧੂ ਆ ਗਿਆ ਹੈ। ਇਸ ਗੱਲ ਨੇ ਉਸ ਦੀ ਹੋਸ਼ ਟਿਕਾਣੇ ਲੈ ਆਂਦੀ, ਉਸ ਦੇ ਹਉਮੈ ਦੇ ਚੜ੍ਹੇ ਹੋਏ ਗੁਸੇ

ਦੇ ਗੁਬਾਰ ਇਕ ਦਮ ਸ਼ਾਂਤ ਹੋ ਗਏ। ਉਸ ਦੇ ਬੰਦਿਆਂ ਨੇ ਦਸਿਆ ਸੀ –'ਪਲੰਘ ਤੇ ਲੇਟਣ ਵਾਲਾ ਸ਼ਸਤਰਧਾਰੀ ਹੈ। ਉਸ ਦੇ ਨਾਲ ਸਾਥੀ ਵੀ ਸਾਰੇ ਸ਼ਸਤਰ ਧਾਰੀ ਹਨ। ਉਹ ਸੋਚਦਾ ਆਉਂਦਾ ਸੀ ਕਿ ਇਹ ਕੌਣ ਹੋਣਗੇ, ਮੇਰਾ ਮੁਕਾਬਲਾ ਕਰਨਾ ਕਿਸੇ ਮਾਮੂਲੀ ਪੀਰ ਫਕੀਰ ਦਾ ਕੰਮ ਨਹੀਂ। ਏਥੇ ਵਡੀਆਂ ਵਡੀਆ ਸਿਧੀਆਂ ਵਾਲੇ ਮੈਨੂੰ ਮੱਥੇ ਟੇਕ ਕੇ ਗਏ। ਜੋ ਆਇਆ, ਉਹ ਮੇਰੇ ਨਾਮ ਦੀ ਦੁਹਾਈ ਦੇਂਦਾ ਹੀ ਵਾਪਸ ਮੁੜਿਆ, ਪਰ ਇਹ ਐਸਾ ਤੇਜੱਸ੍ਵੀ ਪੁਰਸ਼ ਕੌਣ ਆ ਗਿਆ।'

**ਮਾਧੋ ਦਾਸ ਨੇ ਗੁਰੂ ਜੀ ਦੇ ਦਰਸ਼ਨ ਕਰਨੇ**

ਮਾਧੋ ਦਾਸ ਡੇਰੇ ਤਕ ਆਉਂਦਾ ਸੋਚਦਾ ਹੀ ਆਇਆ ਕਿ ਇਹ ਕੌਣ ਹੋਣਗੇ। ਇਕ ਵਾਰੀ ਉਸ ਨੂੰ ਕਿਸੇ ਨੇ ਦਸਿਆ ਸੀ ਕਿ ਗੁਰੂ ਨਾਨਕ ਦੇ ਗੱਦੀ ਦੇ ਮਾਲਕ ਨੇ ਬਾਦਸ਼ਾਹੀ ਫੌਜ ਨਾਲ ਲੜਾਈ ਛੇੜੀ ਹੋਈ ਹੈ। ਏਧਰ ਦੱਖਣ ਵਿਚ ਮਰਹੱਟਿਆਂ ਦੀ ਲੜਾਈ ਦੀ ਤਾਂ ਉਸ ਨੂੰ ਖਬਰ ਹੀ ਸੀ। ਪਰ ਡੇਰੇ ਅੰਦਰ ਪੈਰ ਧਰਨ ਤੋਂ ਪਹਿਲਾਂ ਹੀ ਉਸ ਨੂੰ ਕਿਸੇ ਦਸਿਆ–'ਇਹ ਪੰਜਾਬ ਤੋਂ ਆਏ ਹਨ।' ਇਹ ਸੁਣਦਿਆਂ ਉਸ ਦੇ ਮਨ ਅੰਦਰ ਇਹ ਗੱਲ ਕਰੰਟ ਵਾਂਗ ਵੱਜੀ ਕਿ ਕਿਧਰੇ ਇਹ ਓਹੀ ਗੁਰੂ ਤਾਂ ਨਹੀਂ। ਔਰੰਗਜ਼ੇਬ ਦੇ ਮਰਨ ਤੇ ਬਹਾਦਰ ਸ਼ਾਹ ਦੇ ਬਾਦਸ਼ਾਹੀ ਸਾਂਭਣ ਦੀ ਖਬਰ ਵੀ ਸੁਣ ਚੁਕਾ ਸੀ। ਅੰਦਰ ਗਿਆ ਤਾਂ ਅਗੋਂ ਚੋਜੀ ਸਤਿਗੁਰੂ ਪਲੰਘ ਤੇ ਬੈਠੇ ਨਜ਼ਰ ਆਏ। ਮੋਢੇ ਤੇ ਕਮਾਨ ਤੇ ਪਿਛੇ ਤੀਰਾਂ ਦਾ ਭੱਥਾ ਵੇਖ ਕੇ ਉਸ ਨੂੰ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਜੀ ਦੇ ਬਹਾਦਰਾਨਾ ਸਰੂਪ ਚੇਤੇ ਆਏ ਤੇ ਫਿਰ ਓਹੀ ਸਰੂਪ ਗੁਰੂ ਜੀ ਦੇ ਆਸੇ ਪਾਸੇ ਤੇ ਉਹਨਾਂ ਵਿਚ ਹੀ ਲੋਪ ਹੁੰਦੇ ਵੇਖ ਕੇ ਸਮਝ ਗਿਆ ਕਿ ਬਸ ਭਗਵਾਨ ਦੇ ਰੂਪ ਦੇ ਹੀ ਦਰਸ਼ਨ ਹੋ ਰਹੇ ਹਨ। ਗੁਰੂ ਜੀ ਦੇ ਚਮਕਦੇ ਤੇਜ ਤੇ ਜਲਾਲ ਦਾ ਐਸਾ ਅਸਰ ਹੋਇਆ ਕਿ ਉਸ ਦੇ ਹੱਥ ਜੁੜ ਗਏ। 'ਖਿਮਾਂ ਬਖਸੋ, ਮੈਂ ਤੁਹਾਡਾ ਬੰਦਾ ਹਾਂ।'

ਗੁਰੂ ਜੀ ਮੁਸਕਰਾਏ ਤੇ ਕਿਹਾ–'ਮਾਧੋ ਦਾਸ ! ਕਿਥੋਂ ਤੁਰਿਆ ਸੈਂ?' ਜਿਸ ਚੀਜ਼ ਦੀ ਖਾਤਰ ਘਰ–ਬਾਰ ਛਡਿਆ ਸੀ, ਉਸ ਨੂੰ ਤਾਂ ਤੂੰ ਭੁਲਾ ਹੀ ਦਿਤਾ ਹੈ, ਕੀ ਇਹੀ ਦਸ਼ਾ ਤੇਰੇ ਲਈ ਠੀਕ ਹੈ, ਜਿਥੇ ਤੂੰ ਖੜਾ ਹੈਂ?



**ਗੁਰੂ ਸਾਹਿਬ ਜੀ ਮਾਧੋ ਦਾਸ ਨੂੰ ਉਪਦੇਸ਼ ਦਿੰਦੇ ਹੋਏ**

ਮਾਧੋ ਦਾਸ ਦੇ ਹੱਥ ਜੁੜੇ ਹੋਏ ਸਨ। ਉਸ ਦਾ ਪਿਛਲਾ ਜੀਵਨ, ਗੁਰੂ ਜੀ ਦੀ ਗਲ ਸੁਣ ਕੇ ਇਕ ਫਿਲਮ ਵਾਂਗ ਅਖਾਂ ਅਗੋਂ ਲੰਘ ਗਿਆ। ਉਹ ਚੰਗਾ ਤੀਰ-ਅੰਦਾਜ਼ ਸੀ, ਘੋੜ ਸਵਾਰ ਤੇ ਤਕੜਾ ਹੱਥ-ਪਲੱਥੇ ਦਾ ਮਾਹਰ ਸੀ, ਪਰ ਜਿਵੇਂ ਹੀ ਹਰਨੀ ਦੇ ਮਰਨ ਤੇ ਉਸਦੇ ਮਨ ਵਿਚ ਵੈਰਾਗ ਉਪਜਿਆ, ਵੈਰਾਗ ਨੇ ਸ਼ਾਂਤੀ ਦੀ ਭਾਲ ਵਿਚ ਘਰੋਂ ਕਢਿਆ। ਪਰ ਇਕ ਜੰਤਰੀ-ਮੰਤਰੀ ਸਾਧੂ ਦਾ ਚੇਲਾ ਬਣ ਕੇ, ਜੰਤਰੀ-ਮੰਤਰੀ ਬਣ ਕੇ ਬਸ ਕਾਮਯਾਬੀ ਦੀ ਹਉਮੈ ਵਿਚ ਕੈਦ ਹੋ ਕੇ ਕਈਆਂ ਸਾਲਾਂ ਤੋਂ ਗੁਦਾਵਰੀ ਦੇ ਕਿਨਾਰੇ ਹੀ ਠਹਿਰਿਆ ਹੋਇਆ ਸੀ।

ਗੁਰੂ ਜੀ ਨੇ ਕਿਹਾ-'ਮਾਧੋ ਦਾਸ! ਤੂੰ ਹਉਮੈ ਤੇ ਹੰਕਾਰ ਦੀ ਨੀਂਦ ਵਿਚ ਸੁਤਾ ਪਿਆ ਹੈਂ ਕਿ ਬਸ ਮੇਰੇ ਮੁਕਾਬਲੇ ਦਾ ਕੋਈ ਹੈ ਹੀ ਨਹੀਂ, ਪਰ ਅਸੀਂ ਤੇਨੂੰ ਜਗਾਉਣ ਆਹੇ ਹਾਂ। ਦੇਖ ਤੇਰੇ ਦੇਸ ਦੀ ਧਰਤੀ ਤੇ ਕੀ ਕੀ ਉਪੱਦਰ ਹੋ ਰਹੇ ਹਨ। ਤੇਰੇ ਦੇਸ਼ ਦੀ ਅਣਖ ਨੂੰ ਗੈਰ ਮਿਧ ਮਧੋਲ ਰਹੇ ਹਨ। ਮਨ ਮਾਨੀਆ ਕਰ ਰਹੇ ਹਨ। ਤੇਰੇ ਦੇਸ਼ ਦੀਆਂ ਧੀਆਂ ਭੈਣਾਂ ਦੀ ਇਜ਼ਤ ਲੁਟੀ ਜਾ ਰਹੀ ਹੈ, ਮਾਸੂਮ ਤੇ ਬੇਦੋਸ਼ੇ ਲੋਕਾਂ ਨਾਲ ਜ਼ੁਲਮ ਤੇ ਅਨਿਆਇ ਹੋ ਰਿਹਾ ਹੈ। ਇਸ ਲਈ ਦੱਸ,

ਤੇਰੀ ਇਸ ਵਡਿਆਈ ਦਾ ਤੇਰੇ ਦੇਸ਼ ਵਾਸੀਆਂ ਨੂੰ ਕੀ ਫਾਇਦਾ ਹੈ। ਜ਼ਰਾ ਇਸ ਪਾਸੇ ਅੱਖਾਂ ਖੋਲ੍ਹ ਕੇ ਤਕ ਤੇ ਸਹੀ।'

ਗੁਰੂ ਜੀ ਦੇ ਇਹਨਾ ਸ਼ਬਦਾ ਨਾਲ ਮਾਧੋ ਦਾਸ ਦਾ ਹਿਰਦਾ ਝੰਜੋੜਿਆ ਗਿਆ। ਉਸ ਦੇ ਹੱਥ ਤਾਂ ਪਹਿਲਾਂ ਹੀ ਜੁੜੇ ਹੋਏ ਸਨ, ਪਰ ਜਦ ਹਉਮੈਂ ਦੀ ਕੰਧ ਵੀ ਢਹਿ-ਢੇਰੀ ਹੋ ਕੇ ਡਿਗ ਪਈ ਤਾਂ ਮੂੰਹੋਂ ਆਪ ਮੁਹਾਰੇ ਇਨ੍ਹਾਂ ਹੀ ਨਿਕਲਿਆ-ਬਸ ਮੈਂ ਹੁਣ ਤੁਹਾਡਾ ਹੀ ਬੰਦਾ (ਗੁਲਾਮ) ਹਾਂ। ਜਿਵੇਂ ਹੁਕਮ ਕਰੋ, ਤਿਵੇਂ ਹੀ ਕਰਨ ਲਈ ਤਿਆਰ ਹਾਂ।

ਉਹ ਬਾਰ ਬਾਰ ਗੁਰੂ ਜੀ ਨੂੰ ਇਹੋ ਹੀ ਕਹਿਣ ਲਗਾ-'ਮੈਨੂੰ ਦਸੋ, ਮੈਂ ਕੀ ਸੇਵਾ ਕਰਾਂ, ਕਿਹੜੇ ਜ਼ਾਲਮਾਂ ਨਾਲ ਜਾ ਕੇ ਲੜਾਂ, ਹੁਣ ਤੁਸਾਂ ਮੈਨੂੰ ਆਪਣਾ ਬਣਾ ਲਿਆ ਹੈ ਤੇ ਹੁਣ ਮੈਂ ਤੁਹਾਡਾ ਬੰਦਾ (ਗੁਲਾਮ) ਹਾਂ, ਹੁਕਮ ਕਰੋ ਕੀ ਕਰਾਂ?'

ਗੁਰੂ ਜੀ ਉਸਦੀ ਨਿਮਰਤਾ ਵੇਖ ਕੇ ਬੜੇ ਪ੍ਰਸੰਨ ਹੋਏ। ਉਸ ਨੂੰ ਕਿਹਾ-'ਅੰਮ੍ਰਿਤ ਛਕ ਲੈ।' ਉਸ ਨੇ ਅੰਮ੍ਰਿਤ ਛਕ ਲਿਆ ਤੇ ਨਾਮ ਗੁਰਬਖਸ਼ ਸਿੰਘ ਰਖਿਆ, ਪਰ ਮਾਧੋ ਦਾਸ ਬੰਦਾ ਸਿੰਘ ਦੇ ਨਾਮ ਨਾਲ ਹੀ ਪ੍ਰਸਿੱਧ ਹੋਇਆ।

**ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਵਲ**

ਗੁਰੂ ਜੀ ਨੇ ਬੰਦਾ ਸਿੰਘ ਬਹਾਦਰ ਨੂੰ ਜਦ ਜ਼ਾਲਮਾਂ ਦੇ ਜ਼ੁਲਮਾਂ ਦੀਆਂ ਵਾਰਦਾਤਾਂ ਸੁਣਾਈਆਂ ਤਾਂ ਉਸ ਨੂੰ ਸੁਣ ਕੇ ਰੋਹ ਚੜ੍ਹਨ ਲੱਗਾ। ਅੰਮ੍ਰਿਤ ਛਕਾਉਣ ਮਗਰੋਂ ਕਈ ਦਿਨ ਗੁਰੂ ਜੀ ਨੇ ਬੰਦਾ ਸਿੰਘ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਜਾਣਾ ਤਾਂ ਰਸਤੇ ਵਿਚ ਸ਼ਸਤਰ-ਵਿਦਿਆ ਦਾ ਅਭਿਆਸ ਕਰਾਉਂਦੇ ਜਾਣਾ। ਬਾਬਾ ਬੰਦਾ ਸਿੰਘ (ਮਾਧੋ ਦਾਸ) ਜਿਸ ਨੇ 15-2● ਸਾਲ ਤੋਂ ਅਹਿੰਸਾ-ਪਰਮੋ ਧਰਮ ਧਾਰਨ ਕੀਤੀ ਹੋਈ ਸੀ, ਹੁਣ ਸਿੰਘਾਂ ਦੇ ਨਾਲ ਹੀ ਸ਼ਸਤਰ ਵਿਦਿਆ ਦਾ ਅਭਿਆਸ ਕਰਨ ਲੱਗਾ ਤਾ ਕੁਝ ਦਿਨਾਂ ਵਿਚ ਹੀ ਉਸ ਦੀ ਸ਼ਸਤਰ-ਵਿਦਿਆ ਵਿਚ ਨਿਪੁੰਨਤਾ ਹੋ ਗਈ, ਤੀਰ-ਅੰਦਾਜ਼ੀ ਤੇ ਨਿਸ਼ਾਨੇ ਬਾਜ਼ੀ ਵਿਚ ਹਰ ਸਿੰਘ ਤੋਂ ਅਗੇ ਵਧ ਗਿਆ। ਇਹ ਵੇਖ ਕੇ ਗੁਰੂ ਜੀ ਨੇ ਉਸ ਨੂੰ ਕਿਹਾ ਪੰਜਾਬ ਜਾ ਕੇ ਮਾਸੂਮ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਵਾਲੇ, ਸਹੁੰਆਂ ਤੇ ਕਸਮਾਂ ਤੋੜ ਕੇ ਲਖਾਂ ਦੀ ਗਿਣਤੀ ਵਿਚ ਹਮਲਾ ਕਰ ਕੇ ਧਰਮ ਨੂੰ

ਮਲੀਆਮੇਟ ਕਰ ਦੇਣ ਦੀ ਇੱਛਾ ਨਾਲ ਵਧ ਤੋਂ ਵਧ ਜੁਲਮ ਕਰਨ ਵਾਲੇ ਜ਼ਾਲਮਾਂ ਨੂੰ ਸਜਾ ਦੇਵੇ। ਸਾਡਾ ਸਰਬ ਖਾਲਸਾ ਤੁਹਾਡਾ ਸਾਥ ਦੇਵੇਗਾ, ਪਰ ਇਹ ਯਾਦ ਰਖਣਾ ਕਿ ਹਰ ਗੱਲ ਸਾਡੇ ਖਾਲਸੇ ਦੀ ਰਜ਼ਾਮੰਦੀ ਨਾਲ ਕਰਨੀ ਹੋਵੇਗੀ ਤੇ ਪੰਜਾਂ ਪਿਆਰਿਆਂ ਦਾ ਫੈਸਲਾ ਮੰਨਣਾ ਹੋਵੇਗਾ। ਜਦ ਤਕ ਤੁਸੀਂ ਸਾਡੇ ਦੱਸੇ ਅਨੁਸਾਰ ਚਲੋਗੇ, ਖਾਲਸੇ ਨਾਲ ਵਿਗਾੜੋਂਗੇ ਨਹੀਂ, ਜਤੀ ਸਤੀ ਰਹਿ ਕੇ ਸਾਡੇ ਹੁਕਮ ਅਨੁਸਾਰ ਚਲੋਗੇ, ਤੁਹਾਡੀ ਫਤਹਿ ਹੀ ਫਤਹਿ ਹੋਵੇਗੀ। ਅੜੇ ਸਮੇਂ ਪੰਜਾਂ ਸਿੰਘਾਂ ਕੋਲੋਂ ਅਰਦਾਸ ਕਰਾਉਣੀ, ਉਸੇ ਵੇਲੇ ਅੜਿਆ ਕਾਰਜ ਸਿਧ ਹੋਵੇਗਾ।'

ਬੰਦਾ ਸਿੰਘ ਨੇ ਸਿਰ ਨਿਵਾਇਆ ਤੇ ਕਿਹਾ–'ਤੁਸੀਂ ਸਹਾਇਤਾ ਕੀਤੀ ਤਾਂ ਇਹ ਸਭ ਕੰਮ ਹੋ ਜਾਣਗੇ।'

ਗੁਰੂ ਜੀ ਨੇ ਇਸ ਸਮੇਂ ਬੰਦਾ ਸਿੰਘ ਨੂੰ ਆਪਣੇ ਪੰਜ ਤੀਰ ਬਖਸ਼ੇ ਤੇ ਕਿਹਾ–'ਭੀੜ ਵੇਲੇ ਇਨ੍ਹਾਂ ਵਿਚੋਂ ਇਕ ਤੀਰ ਚਲਾ ਦੇਣਾ, ਇਹ ਇਕੋ ਹੀ ਹੇਠਲੀ ਉਤੇ ਲਿਆਕੇ ਤੁਹਾਡੀ ਫਤਹਿ ਕਰਾ ਦੇਵੇਗਾ। ਇਹ ਸਾਡੇ ਤੀਰ ਤੁਸਾਂ ਮਹਾਂਬੀਰ ਸਮਝਣੇ।'

ਗੁਰੂ ਜੀ ਨੇ ਮੁਖੀ ਸਿੰਘ ਪੰਜ ਪਿਆਰਿਆਂ ਦੇ ਤੌਰ ਤੇ ਅਤੇ ਵੀਹ ਸਿੰਘ ਹੋਰ ਉਸ ਦੀ ਸਹਾਇਤਾ ਲਈ ਉਸ ਦੇ ਸੰਗ ਕਰ ਦਿਤੇ। ਇਕ ਨਿਸ਼ਾਨ ਸਾਹਿਬ ਤੇ ਇਕ ਨਗਾਰਾ ਦਿਤਾ ਤੇ ਫੁਰਮਾਇਆ–'ਜਦ ਤਕ ਇਕ–ਮੁਠ ਰਹੋਗੇ, ਫਤਹਿ ਤੁਹਾਡੇ ਅਗੇ ਅਗੇ ਰਹੇਗੀ ਤੇ ਅੰਤ ਅਨਿਆਈ ਹਾਕਮ ਖਤਮ ਹੋ ਜਾਣਗੇ ਤੇ ਰਾਜ ਖਾਲਸੇ ਦਾ ਹੋਵੇਗਾ।'

ਇਹ ਸੰਮਤ 1764 ਤੇ ਗਰਮੀਆਂ, ਸਾਉਣ–ਭਾਦੋਂ ਦੇ ਦਿਨ ਸਨ। ਬੰਦਾ ਸਿੰਘ ਬਹਾਦਰ ਦੱਖਣ ਤੋਂ ਕਈ ਸ਼ਹਿਰ ਲੰਘ ਕੇ ਇੰਦੌਰ (ਮਾਲਵੇ) ਆਣ ਪੁਜਾ।

ਓਧਰ ਬੰਦਾ ਸਿੰਘ ਦੇ ਤੁਰਨ ਦੀਆ ਖਬਰਾਂ ਫੈਲ ਗਈਆਂ। ਉਸ ਨੇ ਪੰਜਾਬ ਪੁਜ ਕੇ ਧੂਮ ਮਚਾ ਦਿਤੀ। ਬਹਾਦਰ ਸ਼ਾਹ ਨੂੰ ਤੌਖਲਾ ਪੈ ਗਿਆ। ਉਸ ਨੇ ਪਹਿਲਾਂ ਨੰਦ ਲਾਲ ਨੂੰ ਗੁਰੂ ਜੀ ਕੋਲ ਭੇਜਿਆ ਤੇ ਫਿਰ ਆਪ ਵੀ ਉਨ੍ਹਾਂ ਪਾਸ ਪੁਜਾ। ਪਰ ਜੋ ਕੁਝ ਹੋਣਾ ਸੀ, ਉਹ ਹੋ ਚੁਕਾ ਸੀ। ਗੁਰੂ ਜੀ ਉਤੇ ਪਠਾਣਾਂ ਨੇ ਹਮਲਾ ਕੀਤਾ ਤੇ ਸਿੰਘਾਂ ਦੇ ਹੱਥੋਂ ਉਹ ਮਾਰੇ ਗਏ। ਉਪਰੋਂ ਬਹਾਦਰ

ਸ਼ਾਹ ਨੇ ਹਮਦਰਦੀ ਦਿਖਾਈ ਤੇ ਗੁਰੂ ਜੀ ਦੇ ਜ਼ਖਮਾਂ ਨੂੰ ਸੀਊਣ ਲਈ ਆਪਣੇ ਜੱਰਾਹ ਭੇਜੇ, ਪਰ ਗੁਰੂ ਜੀ ਨੇ ਇਨਕਾਰ ਕਰ ਦਿਤਾ।

**ਗੁਰੂ ਜੀ ਦਾ ਪ੍ਲੋਕ-ਗਮਨ ਕਰਨ ਲਈ ਤਿਆਰ ਹੋਣਾ**

ਦੀਵਾਲੀ ਦੇ ਮੇਲੇ ਤੇ ਗੁਰੂ ਜੀ ਨੇ ਵਡੇ ਵਡੇ ਧਨੁੱਖ, ਤਲਵਾਰਾਂ ਤੇ ਬੰਦੂਕਾਂ ਇਕ ਤਖਤਪੋਸ਼ ਤੇ ਰਖਵਾ ਕੇ ਆਪਣੇ ਸਿੰਘਾਸਨ ਦੇ ਨਾਲ ਹੀ ਰਖਾ ਦਿਤੇ। ਦੀਵਾਨ ਵਿਚ ਗੁਰੂ ਜੀ ਦੇ ਦਰਸ਼ਨ ਕਰਨ ਲਈ ਸ਼ਹਿਰ ਦੇ ਲੋਕ ਕੜਾਹ ਪ੍ਰਸ਼ਾਦ ਤੇ ਹੋਰ ਭੇਟਾਵਾਂ ਲੈ ਕੇ ਆਏ। ਕਈ ਅਮੀਰ ਵਜ਼ੀਰ ਵੀ ਇਸ ਮੌਕੇ ਤੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਪੁਜੇ। ਇਨ੍ਹਾਂ ਅਮੀਰਾਂ ਵਜ਼ੀਰਾਂ ਵਿਚ ਕਈ ਹਸਦੀ (ਈਰਖਾਲੂ) ਲੋਕ ਵੀ ਸਨ, ਜਿਨ੍ਹਾਂ ਨੂੰ ਗੁਰੂ ਜੀ ਦੇ ਜ਼ਖ਼ਮੀ ਹੋਣ ਦਾ ਪਤਾ ਸੀ, ਪਰ ਹੁਣ ਫਿਰ ਓਸੇ ਤਰ੍ਹਾਂ ਅਰੋਗ ਤੇ ਆਨ ਸ਼ਾਨ ਵੇਖ ਕੇ ਹੈਰਾਨੀ ਤੇ ਈਰਖਾ ਵੀ ਹੋਈ ਕਿ ਵੇਖੋ, ਇਹ ਗੁਰੂ ਬਚਦਾ ਹੀ ਜਾਂਦਾ ਹੈ। ਲਖਾਂ ਫੌਜਾਂ ਇਸ ਨੂੰ ਨਾ ਰੋਕ ਸਕੀਆਂ, ਨਾ ਫੜ ਸਕੀਆਂ। ਇਹ ਇਕੱਲਾ ਹੀ ਉਨ੍ਹਾਂ ਦੇ ਘੇਰੇ ਵਿਚੋਂ ਨਿਕਲ ਗਿਆ। ਹੁਣ ਕਿਸੇ ਨੇ ਦਾਅ ਲਾ ਕੇ ਵਾਰ ਕੀਤਾ ਹੈ ਤਾਂ ਉਸ ਨੂੰ ਦੂਜਾ ਵਾਰ ਕਰਨ ਦਾ ਮੌਕਾ ਨਹੀਂ ਦਿਤਾ। ਏਨੀ ਫੁਰਤੀ ਕਿ ਉਸ ਦਾ ਸਿਰ ਲਾਹ ਕੇ ਰਖ ਦਿਤਾ। ਸੋ ਇਹੋ ਜਿਹੇ ਲੋਕਾਂ ਵਿਚੋਂ ਇਕ ਗੁਰੂ ਜੀ ਦੇ ਸ਼ਸਤਰਾਂ ਨੂੰ ਵੇਖ ਕੇ ਕਹਿਣ ਲਗਾ-'ਏਨੀਆਂ ਵਡੀਆਂ ਕਮਾਨਾਂ ਚਲਾਉਣ ਵਾਲਾ ਅਜ ਕਲ ਕੋਈ ਨਹੀਂ ਹੋ ਸਕਦਾ।'

ਦੂਜੇ ਨੇ ਉਸਦੀ ਗਲ ਸੁਣ ਕੇ ਕਿਹਾ-'ਇਹੋ ਜਿਹੇ ਵਡੇ ਵਡੇ ਹਥਿਆਰ ਵਿਖਾਵੇ ਦੇ ਹੁੰਦੇ ਹਨ, ਚਲਾਉਂਦਾ ਕੋਈ ਨਹੀਂ।'

ਉਨ੍ਹਾਂ ਅਮੀਰਾਂ ਵਜ਼ੀਰਾਂ ਨੇ ਆਪਸ ਵਿਚ ਇਹ ਗੱਲਾਂ ਕੀਤੀਆਂ, ਪਰ ਇਕ ਅਗੇ ਵਧ ਕੇ ਗੁਰੂ ਜੀ ਨੂੰ ਕਹਿਣ ਲੱਗਾ-'ਮਹਾਰਾਜ ਅਰਜ਼ ਹੈ, ਇਹ ਕਮਾਨਾਂ ਜੋ ਰਖੀਆਂ ਹਨ, ਸਾਨੂੰ ਚੜ੍ਹਾ ਕੇ ਦਿਖਾਓ ਤਾਂ ਸਾਡੀ ਤਸੱਲੀ ਹੁੰਦੀ ਹੈ।'

ਹੁਣ ਜੇ ਕੋਈ ਕਹੇ ਕਿ ਗੁਰੂ ਜੀ ਉਨ੍ਹਾਂ ਦੀਆਂ ਗੱਲਾਂ ਵਿਚ ਆ ਗਏ ਤਾਂ ਇਹ ਉਨ੍ਹਾਂ ਦੀ ਭੁਲ ਹੈ। ਗੁਰੂ ਜੀ ਨੇ ਤਾਂ ਪਹਿਲੇ ਹੀ ਵਾਹਿਗੁਰੂ ਜੀ ਦੇ ਹੁਕਮ ਅਨੁਸਾਰ ਆਪਣਾ ਸਮਾਂ ਨੇੜੇ

ਆਇਆ ਜਾਣ ਕੇ ਮਾਤਾ ਸਾਹਿਬ ਕੌਰ ਤੇ ਭਾਈ ਮਨੀ ਸਿੰਘ ਜੀ ਨੂੰ ਜ਼ਰੂਰੀ ਗੱਲਾਂ ਸਮਝਾ ਕੇ ਪੰਜਾਬ ਵਲ ਭੇਜ ਦਿਤਾ।

ਸੋ ਇਹ ਜੋਤੀ ਜੋਤ ਸਮਾਉਣ ਦਾ ਬਹਾਨਾ ਬਣਨਾ ਸੀ ਤਾਂ ਗੁਰੂ ਜੀ ਕਿਵੇਂ ਇਹ ਕੰਮ ਨਾ ਕਰਦੇ? ਸੋ ਗੁਰੂ ਜੀ ਨੇ ਉਸੇ ਵੇਲੇ ਉਠ ਕੇ, ਜਿਹੜੀ ਸਭ ਤੋਂ ਸਖਤ ਧਨੁੱਖ ਸੀ, ਉਹ ਚੁਕੀ ਤੇ ਜਦ ਉਹ ਜ਼ੋਰ ਨਾਲ ਖਿਚੀ ਤਾਂ ਉਸ ਦੀ ਦਰੜ ਦਰੜ ਦੀ ਅਵਾਜ਼ ਸਭ ਨੇ ਸੁਣੀ ਤੇ ਉਸ ਵਿਚੋਂ ਨਿਕਲਿਆ ਤੀਰ ਖਬਰੇ ਕਿੰਨੇ ਮੀਲਾਂ ਤੇ ਜਾ ਡਿਗਾ, ਪਰ ਜ਼ੋਰ ਲਗਣ ਨਾਲ ਗੁਰੂ ਜੀ ਦੇ ਅੱਲ੍ਹੇ ਜ਼ਖ਼ਮਾਂ ਦੇ ਤੋਪੇ ਟੁਟ ਗਏ ਤੇ ਖ਼ੂਨ ਨਿਕਲ ਕੇ ਗੁਰੂ ਜੀ ਦੇ ਬਸਤਰ ਲਾਲੋਲਾਲ ਹੋ ਗਏ। ਉਨ੍ਹਾਂ ਅਮੀਰਾਂ ਵਜੀਰਾਂ ਦੇ ਰੰਗ ਉਡ ਗਏ। ਸੰਘ ਹੱਕੇ-ਬੱਕੇ ਰਹਿ ਗਏ। ਝਟਾ ਪਟ ਗੁਰੂ ਜੀ ਦੇ ਜ਼ਖ਼ਮਾਂ ਨੂੰ ਬੱਧਾ ਪਰ ਗੁਰੂ ਜੀ ਨੇ ਹੁਣ ਸਾਫ ਤੌਰ ਤੇ ਪਰਗਟ ਕਰ ਦਿਤਾ-'ਲਓ ਬਈ! ਸਾਡੀ ਹੁਣ ਸਚਖੰਡ ਦੀ ਤਿਆਰੀ ਹੈ। ਹੁਣ ਸਾਡੇ ਜ਼ਖ਼ਮਾਂ ਨੂੰ ਸੀਊਣ ਤੇ ਮਲਮ-ਪੱਟੀ ਕਰਨ ਦਾ ਯਤਨ ਨਾ ਕਰੋ।'

ਇਹ ਸੁਣ ਕੇ ਸਿੰਘਾਂ ਦੀਆਂ ਭੁੱਬਾਂ ਨਿਕਲ ਗਈਆਂ-'ਮਹਾਰਾਜ! ਇਥੇ ਪਰਦੇਸ ਵਿਚ ਇਹ ਕੀ ਭਾਣਾ ਵਰਤਾਉਣ ਲੱਗੇ ਹੋ?'

ਗੁਰੂ ਜੀ ਨੇ ਕਿਹਾ-'ਸਿੰਘੋ! ਸੰਸਾ ਨਾ ਕਰੋ ਗਮ ਨਾ ਕਰੋ ਤੇ ਬੇਫਿਕਰ ਹੋਵੋ, ਗੁਰੂ (ਮੈਂ) ਸਦਾ ਹੀ ਤੁਹਾਡੇ ਅੰਗ ਸੰਗ ਹੈ, ਇਹ ਅਸਥੂਲ ਦੇਹ ਤਾਂ ਕਿਸੇ ਦੀ ਵੀ ਨਹੀਂ ਰਹੀ। ਵਡੇ ਵਡੇ ਅਵਤਾਰ ਪੀਰ, ਪੈਗੰਬਰ, ਸਭ ਨੂੰ ਇਸ ਸੰਸਾਰ ਤੋਂ ਜਾਣਾ ਪਿਆ ਹੈ ਤੇ ਸਾਡੇ ਚਲੇ ਜਾਣ ਦਾ ਅਫਸੋਸ ਕਿਉਂ ਕਰਦੇ ਹੋ? ਗੁਰੂ ਦਾ ਸ਼ਬਦ ਅਨਿੱਤ ਹੈ ਉਹ ਤੁਹਾਡੇ ਅੰਗ ਸੰਗ ਹੈ ਤੇ ਸਦਾ ਹੀ ਗੁਰੂ ਤੁਹਾਡਾ ਸਹਾਇਕ ਰਹੇਗਾ। ਅਸੀਂ ਅਗੇ ਵੀ ਕਿਹਾ ਹੈ ਤੇ ਹੁਣ ਪਰਲੋਕ ਜਾਣ ਸਮੇਂ ਤੁਹਾਨੂੰ ਫਿਰ ਕਹਿੰਦੇ ਹਾਂ ਕਿ ਜਦ ਖਾਲਸਾ ਨਿਆਰਾ ਰਹੇਗਾ, ਇਕ ਪ੍ਰਭੂ ਤੇ ਗੁਰੂ ਤੋਂ ਬਿਨਾਂ ਹੋਰ ਕਿਸੇ ਦੀ ਓਟ ਤੇ ਆਸਰਾ ਨਹੀਂ ਲਵੇਗਾ ਤਦ ਤਕ ਖਾਲਸੇ ਨੂੰ ਕੋਈ ਦਬਾਉਣ ਤੇ ਜਿੱਤਣ ਵਾਲਾ ਨਹੀਂ ਹੈ।'

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਦੇਣੀ

ਸਿਖਾਂ ਦੇ ਵੈਰਾਗ ਨੂੰ ਧੀਰਜ ਨਹੀਂ ਸੀ ਆਉਂਦੀ। ਉਹ ਦੇਸ ਛਡ ਕੇ ਗੁਰੂ-ਪਿਆਰ ਬਦਲ ਪਰਦੇਸ ਵਿਚ ਆਏ ਸਨ ਪਰ ਪਰਦੇਸ ਵਿਚ ਪੁਜ ਕੇ ਗੁਰੂ ਦਾ ਵਿਛੋੜਾ ਦੇ ਜਾਣਾ ਇਸ ਪੀੜਾ ਦੇ ਸੱਲ ਨੂੰ ਤਾਂ ਉਹੀ ਗੁਰਸਿਖ ਪ੍ਰੀਤਵਾਨ ਹੀ ਜਾਣਦੇ ਸਨ, ਜੋ ਗੁਰੂ ਜੀ ਦੇ ਨਾਲ ਗਏ ਸਨ। ਅਸੀਂ ਤੁਸੀਂ ਕੀ ਜਾਣ ਸਕਦੇ ਹਾਂ। ਜਿਨ੍ਹਾਂ ਨੇ ਪ੍ਰਵਾਰ ਛਡੇ, ਧੀਆਂ ਪੁਤਰ ਤੇ ਘਰ ਬਾਰ ਦੇ ਸੁਖ ਛਡ ਕੇ ਗੁਰੂ ਜੀ ਦੇ ਨਾਲ ਰਹਿਣ ਨੂੰ ਤਰਜੀਹ ਦਿਤੀ, ਉਨ੍ਹਾਂ ਦੇ ਪਿਆਰ ਦਾ ਅੰਦਾਜਾ ਅਸੀਂ ਕੀ ਲਗਾ ਸਕਦੇ ਹਾਂ।

ਪਿਆਰਿਆਂ ਵਿਚੋਂ ਕੇਵਲ ਇਕ ਭਾਈ ਦਯਾ ਸਿੰਘ ਜੀ ਨਾਲ ਹੀ ਸਨ, ਪਰ ਇਸ ਸਮੇਂ ਜਿੰਨੇ ਵੀ ਨਾਲ ਸਨ, ਉਹ ਸਾਰੇ ਹੀ ਉਨ੍ਹਾਂ ਵਰਗੇ ਪਰੀਤਵਾਨ ਸਨ ਤੇ ਗੁਰੂ ਜੀ ਤੋਂ ਜਾਨ ਨਿਛਾਵਰ ਕਰ ਦੇਣੀ, ਇਸ ਗਲ ਨੂੰ ਉਹ ਤੁਛ ਸਮਝਣ ਵਾਲੇ ਸਨ। ਸੋ ਸਿੰਘਾਂ ਨੂੰ ਜਦ ਇਹ ਪਰਤੀਤ ਹੋ ਗਿਆ ਕਿ ਗੁਰੂ ਜੀ ਨੇ ਹੁਣ ਮੁੜ ਕੇ ਜ਼ਖ਼ਮਾਂ ਨੂੰ ਤੋਪੇ ਲਵਾਉਣ ਤੋਂ ਨਾਂਹ ਕਰ ਦਿਤੀ ਹੈ ਸਚ ਮੁਚ ਹੀ ਸਚਖੰਡ ਚਲੇ ਜਾਦਗੇ ਤਾਂ ਸਿੰਘਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ-

'ਮਹਾਰਾਜ! ਇਸ ਪਰਦੇਸ ਵਿਚ ਹੁਣ ਸਾਡਾ ਕੌਣ ਹੈ? ਅਗੇ ਤਾਂ ਜਿਸ ਗੁਰੂ ਨੇ ਵੀ ਸਚਖੰਡ ਜਾਣਾ ਹੁੰਦਾ ਸੀ, ਉਹ ਪਹਿਲਾਂ ਹੀ ਆਪਣੀ ਥਾਂ ਉਤੇ ਕਿਸੇ ਨੂੰ ਨੀਯਤ ਕਰ ਦਿੰਦੇ ਹਨ, ਪਰ ਹੁਣ ਤੁਸਾਂ ਪੰਥ ਨੂੰ ਕਿਸ ਦੇ ਲੜ ਲਾਇਆ ਹੈ? ਬਿਨਾਂ ਕਿਸੇ ਦੇ ਲੜ ਲਾਏ ਜੋ ਤੁਸੀਂ ਚਲੇ ਗਏ ਤਾਂ ਪੰਥ ਤਿਤਰ ਬਿਤਰ ਹੋ ਕੇ ਖਤਮ ਹੋ ਜਾਏਗਾ। ਕਿਰਪਾ ਕਰੋ, ਇਸ ਦਾ ਵਾਰਿਸ ਕਿਸੇ ਨੂੰ ਥਾਪ ਦਿਓ। ਕਿਸ ਨੂੰ ਥਾਪੋਂਗੇ? ਸਾਹਿਬਜ਼ਾਦੇ ਸ਼ਹੀਦ ਹੋ ਗਏ।'

ਭਾਈ ਦਯਾ ਸਿੰਘ ਜੀ ਨੇ ਇਸ ਵੇਲੇ ਹੰਝੂ ਕੇਰਦੇ ਹੋਏ ਕਿਹਾ ਕਿ ਤੁਸੀਂ ਸਾਨੂੰ (ਮੈਨੂੰ) ਨਾ ਬਚਾਓਂਦੇ ਤਾਂ ਕੀ ਸੀ, ਇਕ ਸਾਹਿਬਜ਼ਾਦੇ ਨੂੰ ਬਚਾ ਕੇ ਲੈ ਆਉਂਦੇ ਤਾਂ ਲਿਆ ਸਕਦੇ ਸੀ ਪਰ ਹੇ ਬੇਪਰਵਾਹ ਸਤਿਗੁਰੋ! ਹੁਣ ਇਸ ਗੱਲ ਦਾ ਫਿਕਰ ਕਰੋ ਤੇ ਆਪਣ ਸਚਖੰਡ ਜਾਣ ਤੋਂ ਪਹਿਲਾਂ ਸਾਨੂੰ ਕਿਸੇ ਦੇ ਲੜ ਲਾਓ, ਫਿਰ ਸਚਖੰਡ ਜਾਣਾ। ਤੁਸੀਂ ਸਮਰੱਥ ਗੁਰੂ ਹੋ, ਤੁਸੀਂ ਜੋ

ਚਾਹੋ ਕਰ ਸਕਦੇ ਹੋ। ਪ੍ਰਭੂ ਦੇ ਖਾਸ ਹੁਕਮ ਨਾਲ ਆਏ ਹੋ ਤੇ ਹੁਣ ਜਾਣ ਲਗੇ ਇਸ ਗਲ ਦਾ ਪਰਬੰਧ ਕਰਦੇ ਜਾਓ।

ਸਿੰਘਾਂ ਦੀ ਚਿੰਤਾ ਵੇਖ ਕੇ ਗੁਰੂ ਜੀ ਨੇ ਕਿਹਾ – 'ਸਿੰਘੋ! ਅਸੀਂ ਤੁਹਾਨੂੰ ਇਕ ਐਸੇ ਗੁਰੂ ਦੇ ਲੜ ਲਾ ਰਹੇ ਹਾਂ, ਜਿਸ ਦੇ ਮਗਰੋਂ ਫਿਰ ਤੁਹਾਨੂੰ ਹੋਰ ਕਿਸੇ ਗੁਰੂ ਦੀ ਲੋੜ ਨਹੀਂ ਰਹੇਗੀ। ਹੁਣ ਅਸੀਂ ਤੁਹਾਨੂੰ ਕਾਇਆ ਬਦਲਣ ਵਾਲੇ ਗੁਰੂ ਦੇ ਲੜ ਨਹੀਂ ਲਾਉਣਾ, ਸਗੋਂ ਸਦਾ ਇਕ-ਰਸ ਰਹਿਣ ਤੇ ਸਦੀਵ ਰਹਿਣ ਵਾਲੇ 'ਸ਼ਬਦ-ਗੁਰੂ' ਦੇ ਲੜ ਲਾਉਣਾ ਹੈ, ਜੋ ਸਦਾ ਹੀ ਤੁਹਾਡੀ ਅਗਵਾਈ ਕਰੇ ਤੇ ਮਨੋ-ਕਾਮਨਾ ਵੀ ਸਭ ਦੀਆਂ ਪੂਰਨ ਕਰੇਗਾ। ਸਿੰਘੋ! ਸ਼ਬਦ ਗੁਰੂ ਕੀ ਟਕਸਾਲ ਹੈ ਤੇ ਗੁਰਬਾਣੀ ਗਿਆਨ ਦਾ ਭੰਡਾਰ ਹੈ। ਇਸੇ ਸ਼ਬਦ ਦੀ ਦਾਤ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ ਸੀ ਤੇ ਅਗੋਂ ਇਹੀ ਦਾਤ ਅਗੇ ਤੋਂ ਅਗੇ ਚਲਦੀ ਆਈ ਸੀ ਜਿਸ ਨੂੰ ਅਸਾਂ ਦਮਦਮੇ ਸਾਹਿਬ ਬੈਠ ਕੇ ਮੁਕੰਮਲ ਕਰ ਦਿਤਾ ਹੈ। ਹੁਣ ਗੁਰਤਾ 'ਧੁਰ ਕੀ ਬਾਣੀ' ਦੇ ਹਵਾਲੇ ਹੈ।'

ਇਹ ਆਖ ਕੇ ਗੁਰੂ ਜੀ ਨੇ ਆਦਿ ਗੁਰੂ ਗਰੰਥ ਸਾਹਿਬ ਜੀ ਦਾ ਪਰਕਾਸ਼ ਕਰਵਾਇਆ। ਪੰਜ ਪੈਸੇ ਤੇ ਨਾਰੀਏਲ ਸ਼ਬਦ-ਗੁਰੂ ਦੇ ਅਗੇ ਰਖ ਕੇ ਫਿਰ ਆਪ ਉਠ ਕੇ ਚਾਰ ਪਰਕਰਮਾ ਕਰ ਕੇ ਫਿਰ ਮੱਥਾ ਟੇਕ ਦਿਤਾ ਤੇ ਕਿਹਾ-'ਅਜ ਤੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਸਰਬ ਖਾਲਸੇ ਦੇ ਗੁਰੂ ਹੋਏ। ਧਰਮ, ਅਰਥ, ਦਾਮ ਤੇ ਮੋਖ, ਚਾਰੇ ਪਦਾਰਥਾਂ ਦੀ ਦਾਤੀ, ਇਹ ਗੁਰਬਾਣੀ ਸਰਬ ਸ਼ਕਤੀਮਾਨ ਹੈ।'

ਇਸ ਹੁਕਮ ਨੂੰ ਮੰਨ ਕੇ ਸਰਬ ਸਿਖਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਫਿਰ ਇਸ ਤਰ੍ਹਾਂ ਕਿਹਾ, ਜਿਸ ਨੂੰ ਭਾਈ ਚੌਪਾ ਸਿੰਘ ਜੀ ਨੇ ਇੰਜ ਬਿਆਨ ਕੀਤਾ ਹੈ-

ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ।
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਕੋ ਮਾਨਿਓ, ਪ੍ਰਗਟ ਗੁਰਾ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸਬਦ ਮੈ ਲੇਹ॥



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਮ ਪਿਤਾ ਗੁਰਤਾ ਗੱਦੀ ਦਿੰਦੇ ਹੋਏ

## ਗੁਰੂ ਦਸਮੇਸ਼ ਜੀ ਸਚਖੰਡ ਚਲੇ ਗਏ

ਇਸ ਕਾਰਜ ਉਪਰੰਤ ਗੁਰੂ ਜੀ ਨੇ ਕਿਹਾ–'ਹੁਣ ਸਾਡੀ ਸਚਖੰਡ ਦੀ ਤਿਆਰੀ ਹੈ, ਇਸ ਲਈ ਚੰਦਨ ਦੀ ਚਿਖਾ ਤਿਆਰ ਕਰ ਕੇ ਉਸ ਦੇ ਉਦਾਲੇ ਤੰਬੂ ਤਾਣ ਦਿਓ। ਚਿਖਾ ਦੇ ਨੇੜੇ ਕਿਸੇ ਨਹੀਂ ਜਾਣਾ। ਅਸੀਂ ਆਪ ਇਕੱਲੇ ਹੀ ਜਾਵਾਂਗੇ ਤੇ ਆਪੇ ਹੀ ਚਿਖਾ ਨੂੰ ਜਲਾਵਾਂਗੇ।'

ਸਾਰੇ ਹੀ ਸਿਘ, ਭਾਈ ਦਯਾ ਸਿੰਘ ਜੀ ਸਮੇਤ ਗੁਰੂ ਜੀ ਦੇ ਹੁਕਮ ਅਨੁਸਾਰ ਸਭ ਕੁਝ ਕਰਨ ਲੱਗ ਪਏ, ਪਰ ਸਿੰਘਾਂ ਦੇ ਨੇਤਰਾਂ ਵਿਚੋਂ ਨੀਰ ਚਲ ਰਿਹਾ ਸੀ। ਗੁਰੂ ਵਿਛੋੜੇ ਦਾ ਦੁਖ ਸਭ ਨੂੰ ਬੇਹਬਲ ਕਰੀ ਜਾ ਰਿਹਾ ਸੀ। ਸਿਖਾਂ ਦੇ ਦੁਖ ਨੂੰ ਨਾ ਜਰ ਸਕਣ ਵਾਲੇ ਸਤਿਗੁਰੂ ਜੀ ਨੇ ਸਿਖਾਂ ਨੂੰ ਧੀਰਜ ਦੇਣ ਲਈ ਫੁਰਮਾਇਆ–

ਮੇਰੇ ਪਿਆਰੇ ਸਿੰਘੋ! ਸ਼ੋਕ ਨਾ ਕਰੋ, ਚਿੰਤਾਤੁਰ ਨਾ ਹੋਵੋ। ਅਗੇ ਵੀ ਤਾਂ ਗੁਰੂ ਸਾਹਿਬਾਨ ਸਚਖੰਡ ਪਿਆਨੇ ਕਰਦੇ ਹੀ ਰਹੇ ਹਨ। ਸਭ ਗੁਰੂ ਸਾਹਿਬਾਨ ਦੇ ਜੋਤੀ ਜੋਤ ਸਮਾਉਣ ਸਮੇਂ ਕੀਰਤਨ ਤੇ ਗੁਰਬਾਣੀ ਦੇ ਪਾਠ ਹੁੰਦੇ ਰਹੇ ਹਨ, ਹੁਣ ਵੀ ਤੁਸੀਂ ਸਭੇ ਪਾਠ ਕਰੋ, ਮਨ ਨੂੰ ਬਾਣੀ ਨਾਲ ਜੋੜੋ। ਦੇਖੋ, ਅਕਾਲ ਪੁਰਖ ਦੀ ਨੇਤ ਅਜ ਤਕ ਕਿਸੇ ਤੋਂ ਟਲੀ ਨਹੀਂ। ਅਵਤਾਰ ਤੇ ਮਹਾਂ

ਪੁਰਸ਼ ਅਕਾਲ ਨਾਲ ਇਕ ਮਿਕ ਹੁੰਦੇ, ਉਨ੍ਹਾਂ ਨੂੰ ਆਉਣ ਜਾਣ ਦਾ ਕੋਈ ਦੁਖ ਕਲੇਸ਼ ਨਹੀ ਹੁੰਦਾ, ਇਸ ਲਈ ਤੁਸੀਂ ਸਾਡੇ ਜਾਣ ਤੇ ਇਤਨਾ ਸ਼ੋਕ ਕਿਉਂ ਕਰ ਰਹੇ ਹੋ? ਕਾਲ ਬਲੀ ਹੈ, ਉਮਰ ਭੋਗ ਕੇ ਅੰਤ ਨੂੰ ਸਭ ਨੇ ਕਾਲ ਵੱਸ ਹੋਣਾ ਹੈ। ਪ੍ਰਭੂ ਜੀ ਨੇ ਸਾਨੂੰ ਸੁੰਦਰ ਸਰੀਰ ਦਿਤਾ ਸੀ ਕਿ ਇਸ ਵਿਚ ਰਹਿ ਕੇ ਅਸੀਂ ਸੰਸਾਰ ਦੇ ਕਾਰਜ ਕਰੀਏ। ਸੋ ਅਸਾਂ ਕਾਰਜ ਜਿਹੜੇ ਕਰਨੇ ਸਨ, ਸੋ ਕਰ ਲਏ ਹਨ। ਇਸ ਫ਼ਾਨੀ ਸਰੀਰ ਨੂੰ ਛਡ ਕੇ ਅਸੀਂ ਹੁਣ ਆਪਣੀ ਪਰਮ-ਜੋਤ ਵਿਚ ਮਿਲਣ ਲਈ ਜਾ ਰਹੇ ਹਾਂ, ਇਸ ਲਈ ਤੁਸੀਂ ਖੁਸ਼ ਹੋਵੋ, ਖੁਸ਼ੀਆਂ ਮਨਾਵੋ, ਜਗ ਕਰੋ, ਏਨਾ ਜਗ ਕਰੋ ਕਿ ਸਭ ਦੁਨੀਆਂ ਨੂੰ ਰਜਾ ਦਿਓ, ਕਿਸੇ ਨੂੰ ਖਾਲੀ ਨਾ ਮੁੜਨ ਦਿਓ। ਇਸ ਛਿਨ ਭੰਗਰ ਸਰੀਰ ਦਾ ਖਿਆਲ ਛਡ ਕੇ ਹੁਣ ਪਰਮ-ਜੋਤੀ ਵਲ ਖਿਆਲ ਕਰੋ। ਜਿਥੇ ਵੀ ਮੇਰੇ ਪਿਆਰੇ ਪੰਜ ਸਿੰਘ ਅਰਦਾਸ ਕਰਨਗੇ, ਮੈਂ ਉਹਨਾਂ ਦੇ ਅੰਗ ਸੰਗ ਹੋ ਕੇ ਉਹਨਾਂ ਦੇ ਸਭ ਕਾਰਜ ਸੰਵਾਰਾਂਗਾ, ਇਸ ਵਿਚ ਰਤਾ ਵੀ ਸੰਦੇਹ ਨਾ ਜਾਣੋ।

ਸੋ ਇਉਂ ਗੁਰੂ ਜੀ ਨੇ ਸਭ ਨੂੰ ਧੀਰਜ ਦਿਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਕੱਤਕ ਸੁਦੀ ਦੂਜ ਨੂੰ ਦਿਤੀ ਤੇ ਅਗੋਂ ਪੰਥ ਦੇ ਸਭ ਕਾਰਜ ਪੰਜਾਂ ਪਿਆਰਿਆਂ ਨੂੰ ਸੌਂਪ ਦਿਤੇ। ਉਹਨਾ ਨੂੰ ਹੁਕਮ ਦਿਤਾ-'ਜੋ ਵੀ ਕਾਰਜ ਕਰੋ ਗੁਰਬਾਣੀ ਦਾ ਵਾਕ ਲਵੋ ਤੇ ਉਸੇ ਨੂੰ ਗੁਰੂ ਕਾ ਹੁਕਮ ਸਮਝੋ। ਬਾਣੀ 1● ਗੁਰੂ ਸਾਹਿਬਾਨ ਦੀ ਆਤਮਾ ਹੈ। ਜਿਸ ਨੇ ਸਾਡੇ ਨਾਲ ਗਲ ਬਾਤ ਕਰਨੀ ਹੋਵੇ, ਉਹ ਗੁਰਬਾਣੀ ਦਾ ਪਾਠ ਕਰੇ।'

ਗੁਰੂ ਜੀ ਦੇ ਹੁਕਮ ਅਨੁਸਾਰ ਤੀਜ ਵਾਲੇ ਦਿਨ ਵੱਡਾ ਜਗ ਹੋਇਆ। ਜਿਉਂ ਜਿਉਂ ਗੁਰੂ ਜੀ ਦੇ ਸਚਖੰਡ ਜਾਣ ਦੀ ਖਬਰ ਫੈਲੀ, ਲੋਕ ਅੰਤਮ ਦਰਸ਼ਨਾਂ ਲਈ ਬੜੀ ਕਾਹਲੀ ਨਾਲ ਆਉਣ ਲਗੇ। ਸੌ ਜੱਗ ਵਾਲੇ ਦਿਨ ਏਡਾ ਵੱਡਾ ਇਕੱਠ ਹੋ ਗਿਆ ਕਿ ਮੇਲਾ ਹੀ ਲੱਗ ਗਿਆ। ਚੌਥ ਵਾਲੇ ਦਿਨ ਗੁਰੂ ਜੀ ਨੇ ਚਿਤਾ ਚਿਣਵਾਈ ਤੇ ਵਗਦੇ ਹੰਝੂਆਂ ਨਾਲ ਸਭ ਸਿੰਘਾਂ ਨੇ ਬਣਾਈ। ਚਿਤਾ ਦੇ ਦੁਆਲੇ ਤੰਬੂ ਲੁਆ ਦਿਤਾ ਗਿਆ। ਚੌਥ ਵਾਲੇ ਦਿਨ ਗੁਰੂ ਜੀ ਇਕੱਲੇ ਹੀ ਤੰਬੂ ਵਿਚ ਚਲੇ ਗਏ ਤੇ ਬਾਹਰ ਸਭ ਨੂੰ ਹੁਕਮ ਦਿਤਾ ਕਿ ਕੀਰਤਨ ਕਰਨ ਗੁਰਬਾਣੀ ਦਾ ਪਾਠ ਕਰਨ। ਸਾਰੀ ਰਾਤ ਹੀ ਪਾਠ ਹੁੰਦੇ ਰਹੇ। ਸਵੇਰੇ ਪੰਚਮੀ ਨੂੰ ਫਿਰ ਕੀਰਤਨ ਸ਼ੁਰੂ ਹੋ ਗਿਆ

ਤੇ ਸਾਰਾ ਦਿਨ ਕੀਰਤਨ ਹੁੰਦਾ ਰਿਹਾ। ਤੰਬੂ ਦੇ ਅੰਦਰ ਕੋਈ ਨਹੀਂ ਸੀ ਜਾ ਸਕਦਾ। ਗੁਰੂ ਜੀ ਦੇ ਹੁਕਮ ਨਾਲ ਇਕ ਸਿੰਘ ਤੰਬੂ ਦੇ ਬੂਹੇ ਅਗੇ ਪਹਿਰਾ ਦੇ ਰਿਹਾ ਸੋ ਰਾਤ 5 ਤੋਂ 6 ਦੇ ਵਿਚਕਾਰ ਸੰਮਤ 1765 ਬਿਕ੍ਰਮੀ ਨੂੰ ਗੁਰੂ ਜੀ ਸਚਖੰਡ ਚਲੇ ਗਏ। ਸਵੇਰੇ ਦੇਖਿਆ ਗਿਆ ਤਾ ਚਿਤਾ ਬਲੀ ਪਈ ਸੀ ਤੇ ਗੁਰੂ ਜੀ ਦਾ ਖਾਸ ਘੋੜਾ ਵੀ ਤਬੇਲੇ ਵਿਚ ਨਹੀਂ ਸੀ। ਗੁਰੂ ਜੀ ਦੇ ਹੁਕਮ ਨਾਲ ਇਸ ਘੋੜੇ ਨੂੰ ਪਹਿਲੇ ਤਿਆਰ ਕਰ ਦਿਤਾ ਗਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਬਿਹਾਰ (ਤਖਤ ਪਟਨੇ ਸਾਹਿਬ) ਵਿਚ ਹੋਇਆ। ਫਿਰ ਖਾਲਸਾ, ਤਖਤ ਸ੍ਰੀ ਕੇਸਗੜ੍ਹ ਤੇ ਪ੍ਰਗਟ ਕੀਤਾ ਤੇ ਜੋਤੀ ਜੋਤ ਦੱਖਣ (ਨਾਦੇੜ) ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੇ ਇਹ ਤਿੰਨੇ ਅਸਥਾਨ ਤਖਤ ਹਨ ਤੇ ਚੌਥਾ ਤਖਤ ਇਨ੍ਹਾਂ ਦੇ ਦਾਦੇ, ਦਲ-ਭੰਜਨ ਗੁਰੂ ਸੂਰਮੇ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ ਹੈ। ਪਹਿਲਾਂ ਇਹ ਚਾਰੇ ਤਖਤ ਸਨ, ਪਰ ਹੁਣ ਪੰਜਵਾਂ ਤਖਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋਕੀ) ਬਣਾ ਦਿਤਾ ਗਿਆ ਹੈ।

### 1.4 ਗੁਰੂ ਜੀ ਦੀ ਸ਼ਖਸ਼ੀਅਤ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਚਪਨ ਤੋਂ ਹੀ ਧੰਨ-ਦੌਲਤ, ਜ਼ਮੀਨ, ਸਾਜੋ-ਸਾਮਾਨ ਆਦਿ ਨਾਲ ਕੋਈ ਰੁੱਚੀ ਤੇ ਮੋਹ ਪਿਆਰ ਨਹੀਂ ਸੀ ਇਸਦੀ ਉਦਾਹਰਣ ਸਾਨੂੰ ਪਟਨਾ ਵਿੱਚ ਗੰਗਾ ਨਦੀ ਦੇ ਤੱਟ ਤੇ ਮਿਲਦੀ ਹੈ। ਜਦੋਂ ਬਾਲ ਅਵਸਥਾ ਵਿੱਚ ਗੁਰੂ ਸਾਹਿਬ ਆਪਣੇ ਨਾਲ ਦੇ ਬੱਚਿਆਂ ਨਾਲ ਗੰਗਾ ਦੇ ਤੱਟ ਉੱਤੇ ਖੇਡਣ ਜਾਂਦੇ ਸਨ ਤਾਂ ਇੱਕ ਦਿਨ ਅਦੁੱਤੀ ਘਟਨਾ ਘੱਟੀ। ਆਪ ਜੀ ਨੇ ਆਪਣੇ ਹੱਥਾਂ ਵਿੱਚ ਜੋ ਸੋਨੇ ਦੇ ਬੜੇ ਕੀਮਤੀ ਕੰਗਣ (ਕੜੇ) ਪਾਏ ਹੋਏ ਸਨ, ਉਹਨਾਂ ਚੋਂ ਇਕ ਗੰਗਾ ਤਟ ਤੇ ਗੁਆਚ ਗਿਆ। ਮਾਤਾ ਜੀ ਅਤੇ ਆਪ ਦੇ ਮਾਮਾ ਕ੍ਰਿਪਾਲ ਚੰਦ ਜੀ ਨੇ ਬਾਰ-ਬਾਰ ਪੁੱਛਿਆ ਕਿ ਲਾਲ ਜੀ। ਕੜਾ ਕਿੱਥੇ ਹੈ? ਤਾਂ ਆਪਜੀ ਨੇ ਦੂਸਰਾ ਕੜਾ ਵੀ ਉਤਾਰ ਕੇ ਗੰਗਾ ਵਿੱਚ ਸੁੱਟ ਦਿੱਤਾ ਤੇ ਕਿਹਾ ਉਥੇ ਹੈ।

ਇਸ ਤਰ੍ਹਾਂ ਬਚਪਨ ਵਿਚ ਹੀ ਆਪ ਜੀ ਦੀਆਂ ਬੈਰਾਗੀ ਅਤੇ ਤਿਆਗੀ [1]ਬਿਰਤੀਆਂ ਉਜਾਗਰ ਹੋਈਆਂ। ਦੁਖਿਤ ਹੋ ਕੇ ਰਾਜਾ ਅਸ਼ੋਕ ਨੇ ਜਿਸ ਗੰਗਾ ਦੇ ਤੱਟ ਤੇ ਤਲਵਾਰ ਸੁੱਟੀ

---

[1] ਸੋਚ

ਸੀ, ਉਸੇ ਤੱਟ ਤੋਂ ਗੁਰੂ ਗੋਬਿੰਦ ਸਿੰਘ ਜੀ ਨੇ ਤਲਵਾਰ ਚੁੱਕੀ। ਸਾਡਾ ਦੇਸ਼ ਦੋ ਹਜ਼ਾਰ ਸਾਲ ਤੱਕ ਗੁਲਾਮੀ ਦੀ ਲਪੇਟ ਵਿੱਚ ਰਿਹਾ। ਇਥੇ ਜੋ ਵੀ ਆਇਆ ਉਸਨੇ ਦੇਸ਼ ਨੂੰ ਗੁਲਾਮ ਬਣਾ ਕੇ ਰੱਖਿਆ। ਮਨੁੱਖ ਨੇ ਅਹਿੰਸਾ [1]ਪਰਮੋ-ਧਰਮ ਹੈ, ਇਸ ਵਿਚਾਰਧਾਰਾ ਨੂੰ ਮੰਨ ਕੇ ਇਨ੍ਹਾਂ ਕਾਇਰ ਬਣ ਗਿਆ ਕਿ ਸਦੀਆਂ ਦੀ ਗੁਲਾਮੀ ਦੀ ਲਪੇਟ ਵਿੱਚ ਇਹ ਦੇਸ਼ ਜਕੜਿਆ ਗਿਆ।

ਗੁਰੂ ਗੋਬਿੰਦ ਸਿੰਘ ਜੀ ਕਹਿਣ ਲੱਗੇ ਕਿ ਅਹਿੰਸਾ ਵੀ ਸੂਰਵੀਰ ਨੂੰ ਹੀ ਸ਼ੋਭਾ ਦਿੰਦੀ ਹੈ, ਕਾਇਰ ਨੂੰ ਨਹੀਂ। ਅਹਿੰਸਾ ਧਰਮ ਦਾ ਇੱਕ ਨਿੱਕਾ ਜਿਹਾ ਅੰਗ ਜ਼ਰੂਰ ਹੈ, ਪਰ ਸੰਪੂਰਨ ਧਰਮ ਨਹੀਂ ਹੈ। ਇਸ ਲਈ ਸਾਡੇ ਦੇਸ਼ ਦੇ ਪੁਰਾਣੇ ਯੋਧੇ ਵੀ ਸ਼ਸਤਰਧਾਰੀ ਸਨ। ਜਿਵੇਂ ਸ੍ਰੀ ਰਾਮ ਚੰਦ੍ਰ ਜੀ ਧਨੁੱਸ਼ ਬਾਣ ਧਾਰਨ ਕਰਦੇ ਸਨ। ਅਰਜੁਨ ਦੇ ਹੱਥ ਵਿਚ ਧਨੁੱਸ਼-ਬਾਣ ਸੀ। ਪਰਸ਼ਰਾਮ ਦੇ ਕੋਲ [2]ਪਰਸ਼ਾ ਸੀ। ਸ਼ਿਵਜੀ ਦੇ ਕੋਲ ਤਰਸ਼ੂਲ ਸੀ। ਇਸ ਤਰ੍ਹਾਂ ਦੇ ਜਿਤਨੇ ਅਵਤਾਰੀ ਪੁਰਸ ਸਨ, ਕੋਈ ਨਾ ਕੋਈ ਸ਼ਸਤਰ ਆਪਣੇ ਕੋਲ ਰੱਖਦੇ ਸਨ। ਇਹ ਇਸ ਗੱਲ ਦੇ ਪ੍ਰਤੀਕ ਹਨ ਕਿ ਹਿਫ਼ਾਜ਼ਤ ਬਾਹਰੋਂ ਵੀ ਕਰਨੀ ਹੈ ਅਤੇ ਹਿਫਾਜ਼ਤ ਅੰਦਰੋਂ ਵੀ ਕਰਨੀ ਹੈ। ਅੰਦਰ ਦੇ ਵੈਰੀ ਕੋਈ ਹੋਰ ਹਨ ਅਤੇ ਬਾਹਰ ਦੇ ਵੈਰੀ ਕੋਈ ਹੋਰ ਹਨ, ਪਰ ਸੰਘਰਸ਼ ਦੋਨਾਂ ਨਾਲ ਕਰਨਾ ਪਵੇਗਾ। ਆਪਣੀ ਆਤਮਾ ਨੂੰ ਵੀ ਬਚਾਉਣਾ ਹੈ ਅਤੇ ਆਪਣੇ ਸਰੀਰ ਨੂੰ ਵੀ ਬਚਾਉਣਾ ਹੈ। ਆਪਣੇ ਮਨ ਨੂੰ ਵੀ ਬਚਾਉਣਾ ਹੈ ਅਤੇ ਆਪਣੀ ਧਨ-ਸੰਪਦਾ ਨੂੰ ਵੀ ਬਚਾਉਣਾ ਹੈ। ਆਪਣੇ ਦੇਸ਼ ਨੂੰ ਵੀ ਬਚਾਉਣਾ ਹੈ ਅਤੇ ਆਪਣੇ ਦੇਸ਼ ਦੀ ਸੰਸਕ੍ਰਿਤੀ ਨੂੰ ਵੀ ਬਚਾਉਣਾ ਹੈ।

ਸੰਨ 1699 ਨੂੰ ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਜੀ ਨੇ ਪੰਜ ਸਿਰਾਂ ਦੀ ਭੇਟ ਲੈ ਕੇ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਕਰਕੇ ਖਾਲਸਾ ਪੰਥ ਦੀ ਸਿਰਜਣਾ ਕੀਤੀ। ਖ਼ਾਲਸੇ ਨੂੰ ਗੁਰੂ ਸਾਹਿਬ ਨੇ ਸੰਤ-ਸਿਪਾਹੀ ਬਣਾਇਆ ਤੇ ਕਿਹਾ ਕਿ ਤੁਸੀ ਬਹਾਰ (ਰੁੱਤ) ਦੀ ਤਰ੍ਹਾਂ ਹੋਣਾ ਹੈ। ਨਾ ਇੰਨਾ ਗਰਮ ਕਿ ਜਣੇ-ਖਣੇ ਦੀ ਪੱਗ ਲਾਹੋ। ਨਾ ਇੰਨੇ ਠੰਢੇ ਹੋਣਾ ਕਿ ਜਣਾ-ਖਣਾ

---

1 ਸ੍ਰੇਸ਼ਟ

2 ਪਰਸ਼ਾ-ਇੱਕ ਸ਼ਸਤਰ, ਜੋ ਗੰਡਾਸੇ ਦੀ ਤਰ੍ਹਾਂ ਹੁੰਦਾ ਹੈ।

ਤੁਹਾਡੀ ਪੱਗ ਲਾਹ ਛੱਡੇ। ਇਸ ਲਈ ਗੁਰੂ ਸਾਹਿਬ ਨੇ ਆਪਣੇ ਖਾਲਸੇ ਨੂੰ ਸ਼ਸਤਰਧਾਰੀ ਬਣਾਇਆ।

ਅੱਜ ਤੱਕ ਦੁਨੀਆਂ ਭਰ ਦੇ ਆਲਮ ਕਹਿੰਦੇ ਆਏ ਹਨ ਕਿ ਲੜਾਈ ਦਾ ਕਾਰਨ [1]ਜ਼ਰ, ਜ਼ਮੀਨ ਅਤੇ [2]ਜ਼ੋਰੂ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਦਾ ਵਰਕਾ ਪੜ੍ਹੀਏ ਤਾਂ ਆਪ ਜੀ ਦੀਆਂ ਜੰਗਾਂ ਦਾ ਕਾਰਨ ਨਾ ਜ਼ਰ ਹੈ, ਨਾ ਜ਼ਮੀਨ ਹੈ ਤੇ ਨਾ ਜ਼ੋਰੂ ਹੈ। ਦੁਨੀਆਂ ਦੇ ਇਹ ਪਹਿਲੇ ਮਹਾਂਪੁਰਸ਼ ਹਨ ਜਿਨ੍ਹਾਂ ਨੇ ਦੁਨੀਆਂ ਦੇ ਆਲਮਾਂ ਦੀ ਇਸ ਗੱਲ ਨੂੰ ਝੂਠ ਸਾਬਤ ਕਰ ਦਿੱਤਾ ਹੈ ਕਿ ਸਿਰਫ਼ ਜ਼ਰ ਦੀ, ਜ਼ੋਰੂ ਦੀ ਅਤੇ ਜ਼ਮੀਨ ਦੀ ਖਾਤਿਰ ਹੀ ਜੰਗ ਨਹੀਂ ਹੁੰਦੀ ਸਗੋਂ ਮਜ਼ਲੂਮਾਂ ਦੀ ਰੱਖਿਆ ਲਈ, ਦੀਨਾਂ ਦੀ ਰੱਖਿਆ ਲਈ, ਦੇਸ਼ ਦੀ ਰੱਖਿਆ ਲਈ ਵੀ ਤਲਵਾਰ ਚੁਕਣੀ ਪੈਂਦੀ ਹੈ। ਵੈਰ-ਵਿਰੋਧੀ ਹਿਰਦੇ ਨਾਲ ਲੜਨਾ ਹੋਰ ਗੱਲ ਹੈ ਅਤੇ ਨਿਰਵੈਰ ਜਜ਼ਬੇ ਨਾਲ ਲੜਨਾ ਹੋਰ ਗੱਲ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਵੇਂ ਹੱਥ ਵਿਚ ਤਲਵਾਰ ਚੁੱਕ ਲਈ ਹੈ, ਪਰ ਅੰਦਰ ਹਿਰਦਾ ਨਿਰਵੈਰ ਹੈ। ਨਿਰਵੈਰ ਹੋਣਾ ਇਕ ਬਹੁਤ ਵੱਡਾ ਸਬੂਤ ਮੈਦਾਨ-ਏ-ਜੰਗ ਵਿੱਚ, ਸਿੰਘ-ਸੂਰਮੇ ਜਿਨ੍ਹਾਂ ਨੂੰ ਮਾਰ-ਮਾਰ ਕੇ ਗਿਰਾਅ ਦਿੰਦੇ ਹਨ, ਭਾਈ ਘਨ੍ਹਈਆ ਜੀ ਉਹਨਾਂ ਨੂੰ ਵੀ ਪਾਣੀ ਪਿਲਾ ਕੇ ਖੜਾ ਕਰ ਦਿੰਦੇ ਹਨ। ਭਾਈ ਘਨ੍ਹਈਆ ਵੀ ਗੁਰੂ ਸਾਹਿਬ ਦਾ ਇੱਕ ਪਿਆਰਾ ਸਿੱਖ ਹੈ। ਜਦੋਂ ਭਾਈ ਘਨ੍ਹਈਆਂ ਜੀ ਦੀ ਸ਼ਿਕਾਇਤ ਸਿੰਘਾਂ ਦੁਆਰਾ ਗੁਰੂ ਸਾਹਿਬ ਕੋਲ ਆਈ ਤਾਂ ਭਾਈ ਘਨ੍ਹਈਆ ਜੀ ਦਾ ਨਿਰਵੈਰ ਭਾਵ ਦਾ ਉਤਰ ਸੁਣ ਕੇ ਗੁਰੂ ਸਾਹਿਬ ਨੇ ਭਾਹੀ ਘਨ੍ਹਈਆ ਜੀ ਨੂੰ ਆਪਣੀ ਗਲਵਕੜੀ ਵਿੱਚ ਲੈ ਲਿਆ ਤੇ ਖੁਸ਼ ਹੋ ਕੇ ਆਪਣੇ ਕੋਲੋਂ ਮਲ੍ਹਮ ਦੀ ਡੱਬੀ ਵੀ ਦਿਤੀ ਤੇ ਕਿਹਾ, "ਲੈ ਭਾਈ ਘਨ੍ਹਈਆ, ਜਖਮਾਂ ਉੱਤੇ ਮਲ੍ਹਮਪੱਟੀ ਵੀ ਕਰ ਦਿਆ ਕਰ।" ਇਸ ਤਰਾਂ ਦੀ ਕ੍ਰਿਆ ਕੋਈ ਪੂਰਣ ਤੌਰ ਤੇ ਨਿਰਵੈਰ ਹੀ ਕਰ ਸਕਦਾ ਹੈ।

---

1 ਦੋਲਤ

2 ਇਸਤ੍ਰੀ

ਇੱਕ ਆਲਮ ਦਾ ਕਹਿਣਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਅਨੇਕਾਂ ਰੂਪ ਹਨ। ਜਦੋਂ ਮੈਂ ਦੇਖਦਾ ਹਾਂ ਕਿ ਉਹ ਮੈਦਾਨੇ-ਏ-ਜੰਗ ਵਿੱਚ ਲੜ ਰਹੇ ਹਨ ਤਾਂ ਇਕ ਸੱਚੇ ਸਿਪਾਹੀ ਪ੍ਰਤੀਤ ਹੁੰਦੇ ਹਨ, ਮਹਾਨ ਸੂਰਬੀਰ, ਯੋਧੇ ਪ੍ਰਤੀਤ ਹੁੰਦੇ ਹਨ, ਪਰ ਜਦੋਂ ਪਉਂਟਾ ਸਾਹਿਬ ਵਿੱਚ ਹੱਥ ਵਿੱਚ ਕਲਮ ਲੈ ਕੇ ਕੁਝ ਲਿਖਦੇ ਹਨ ਤਾਂ ਕਲਮ ਵਿਚੋਂ ਨਗਮੇਂ ਨਿਕਲ ਰਹੇ ਹਨ, ਕਵਿਤਾ ਨਿਕਲ ਰਹੀ ਹੈ ਤਾਂ ਆਪ ਇਕ ਮਹਾਨ ਕਵੀ ਪ੍ਰਤੀਤ ਹੁੰਦੇ ਹਨ। ਜਦੋਂ ਉਹਨਾਂ ਨੂੰ ਸੋਨੇ ਦੇ ਸਿੰਘਾਸਣ ਉੱਤੇ ਬੈਠਾ ਦੇਖੀਦਾ ਹੈ, ਸਿਰ ਤੇ ਚੌਰ ਹੋ ਰਹੀ ਹੈ, ਨਜ਼ਰਾਨੇ ਭੇਟ ਹੋ ਰਹੇ ਹਨ, ਲੋਕੀ ਸਿਜਦਾ ਪਏ ਕਰਦੇ ਹਨ ਤਾਂ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਕੋਈ ਬਹੁਤ ਵੱਡਾ ਸ਼ਹਿਨਸ਼ਾਹ ਸਿੰਘਾਸਣ ਉੱਤੇ ਬੈਠਾ ਹੈ ਪਰ ਜਦੋਂ ਪੰਜਾਂ ਪਿਆਰਿਆਂ ਦੇ ਅੱਗੇ ਹੱਥ ਜੋੜ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪ ਬੈਠੇ ਹਨ ਤੇ ਅੰਮ੍ਰਿਤ ਦੀ ਦਾਤ ਮੰਗਦੇ ਹਨ ਤਾਂ ਉਦੋਂ ਸੇਵਕ, ਚੇਲਾ ਪ੍ਰਤੀਤ ਹੁੰਦੇ ਹਨ। ਇਸੇ ਲਈ ਭਾਈ ਗੁਰਦਾਸ ਜੀ ਨੇ ਲਿਖਿਆ ਹੈ :

"ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੂ ਚੇਲਾ।"[1]

ਅੱਜ ਤੱਕ ਜਿਨੇ ਵੀ ਦਰਵੇਸ਼ ਹੋਏ ਹਨ, ਉਹ ਬਾਦਸ਼ਾਹ ਨਹੀਂ ਹੋਏ। ਜੋ ਬਾਦਸ਼ਾਹ ਹੋਏ ਹਨ, ਉਹ ਦਰਵੇਸ਼ ਨਹੀਂ ਹੋਏ। ਜਦੋਂ ਕਿਸੇ ਬਾਦਸ਼ਾਹ ਨੂੰ ਦਰਵੇਸ਼ ਬਣਨ ਦਾ ਸ਼ੌਂਕ ਜਾਗਿਆ, ਉਸ ਨੇ ਬਾਦਸ਼ਾਹਤ ਨੂੰ ਲੱਤ ਮਾਰੀ ਹੈ। ਦੁਨੀਆਂ ਦੇ ਵਿੱਚ ਇਕ ਅਜਿਹੇ ਮੁਕੰਮਲ ਮਹਾਂਪੁਰਸ਼ ਆਏ ਜਿਨ੍ਹਾਂ ਨੇ ਦਰਵੇਸ਼ੀ ਦੀ ਖਾਤਿਰ ਬਾਦਸ਼ਾਹਤ ਨਹੀਂ ਛੱਡੀ ਅਤੇ ਜਿਸ ਨੇ ਬਾਦਸ਼ਾਹਤ ਦੀ ਖਾਤਿਰ ਦਰਵੇਸ਼ੀ ਨਹੀਂ ਛੱਡੀ। ਇਸ ਲਈ ਭਾਈ ਸਾਹਿਬ ਭਾਈ ਨੰਦ ਲਾਲ ਸਿੰਘ ਜੀ ਨੂੰ ਕਹਿਣਾ ਪਿਆ :

"ਹਕ ਹਕ ਅੰਦੇਸ਼ ਗੁਰੂ ਗੋਬਿੰਦ ਸਿੰਘ॥
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ॥"[2]

---

[1] ਵਾਰਾਂ ਭਾਈ ਗੁਰਦਾਸ ਜੀ (ਦੂਜੇ ਭਾਈ ਗੁਰਦਾਸ ਜੀ)।

[2] ਬੰਦਗੀ ਨਾਮਾ ਉਰਫ਼ ਜ਼ਿੰਦਗੀ ਨਾਮਾ, ਭਾਈ ਨੰਦ ਲਾਲ ਜੀ।

ਅੱਜ ਤੋਂ 100 ਸਾਲ ਪਹਿਲਾਂ ਗੁਜਰਾਤ ਦੇ ਸੀਲ ਫਾਲੀਆ ਦੇ ਇਲਾਕੇ ਵਿੱਚ ਇੱਕ ਮੁਸਲਿਮ ਸ਼ਾਇਰ ਹੋਇਆ ਜਿਸਦਾ ਨਾਮ 'ਅੱਲਾ ਯਾਰ ਖਾਂ' ਹੈ। ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਉਪਰ ਬਹੁਤ ਨਜ਼ਮਾਂ ਲਿਖੀਆਂ ਤੇ ਇਸਦੀਆਂ ਦੋ ਕਿਤਾਬਾਂ ਹਨ 'ਗੰਜਿ ਸ਼ਹੀਦਾਂ' ਅਤੇ 'ਸ਼ਹੀਦਾਨੇ ਵਫ਼ਾ' ਇਹਨਾਂ ਵਿੱਚ ਉਹ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਰੇ ਜੋ ਪਹਿਲੀ ਨਜ਼ਮ ਲਿਖਦਾ ਹੈ, ਉਹ ਇਸ ਤਰ੍ਹਾਂ ਹੈ :

"ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋਂ ਯਕੀਂ ਹੈ,
ਕਹਿ ਦੋ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।"[1]

**ਅਰਥਾਤ** : ਦੁਨੀਆਂ ਦੇ ਵਿਦਵਾਨ ਆਲਮ, ਕਲਮ ਦੇ ਧਨੀ, ਦਿਮਾਗ ਦੇ ਧਨੀ ਜੇ ਕਿਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਨਸਾਫ ਦੀ ਦ੍ਰਿਸ਼ਟੀ ਨਾਲ ਦੇਖਣ ਇਹ ਫਕੀਰ ਕਹਿੰਦਾ ਹੈ, ਪਰ ਨਹੀਂ, ਕਲਗੀਧਰ ਨੂੰ ਇਨਸਾਫ ਦੀ ਦ੍ਰਿਸ਼ਟੀ ਨਾਲ ਨਹੀਂ ਦੇਖਿਆ ਗਿਆ। ਨਾ ਆਪਣਿਆਂ ਨੇ ਦੇਖਿਆ, ਨਾ ਬੇਗਾਨਿਆਂ ਨੇ ਦੇਖਿਆ। ਇਹੀ ਕਾਰਨ ਹੈ ਕਿ ਦੇਸ਼ ਦੀ ਆਜ਼ਾਦੀ ਨੂੰ ਦੇਸ਼ ਦੀ ਸੰਸਕ੍ਰਿਤੀ ਨੂੰ ਬਚਾਉਣ ਵਾਲਾ, ਦੇਸ਼ ਦੇ ਧਰਮ ਨੂੰ ਬਚਾਉਣ ਵਾਲਾ ਜਿਹੜਾ ਵਾਹਿਦ ਇਕ ਫ਼ਰਦ ਹੈ, ਉਹ ਹੈ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਪਰੰਤੂ ਉਹਨਾਂ ਦਾ ਜ਼ਿਕਰ ਤੱਕ ਨਹੀਂ ਹੁੰਦਾ। ਇਹ ਠੀਕ ਕਹਿ ਰਿਹਾ ਹੈ ਅੱਲਾ ਯਾਰ ਖਾਂ ਕਿ ਇਨਸਾਫ਼ ਨਹੀਂ ਹੋਇਆ ਤੇ ਦੂਸਰੀ ਪੰਗਤੀ ਵਿੱਚ ਕਹਿੰਦਾ ਹੈ ਕਿ ਗੁਰੂ ਸਾਹਿਬ ਦਾ ਤਾਂ ਕੋਈ ਸਾਨੀ ਹੀ ਨਹੀਂ ਹੈ। ਫਿਰ ਇਹ ਤਰਕ ਹੋਈ ਕਿ ਕਿਤੇ ਡਰਦਾ ਮਾਰਾ ਤੂੰ, ਜਾਂ ਅਜਿਹਾ ਲੋਭ ਕਰਕੇ ਤਾਂ ਨਹੀਂ ਕਹਿ ਰਿਹਾ, ਇਸ ਲਈ ਅੱਲਾਯਾਰ ਖਾਂ ਦੂਜੀ ਨਜ਼ਮ ਵਿੱਚ ਕਹਿੰਦਾ ਹੈ :

"ਕਰਤਾਰ ਕੀ ਸੁਗੰਧ ਹੈ, ਨਾਨਕ ਕੀ ਕਸਮ ਹੈ,
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ, ਵੋ ਕਮ ਹੈ।
ਹਰ ਚੰਦ ਮੇਰੇ ਹਾਥ ਮੇਂ ਪੁਰਜ਼ੋਰ ਕਲਮ ਹੈ,

[1] ਗੰਜਿ ਸ਼ਹੀਦਾਂ, ਅੱਲਾਯਾਰ ਖਾਂ।

ਸਤਿਗੁਰ ਕੇ ਲਿਖੂੰ ਵਸਬ, ਕਹਾਂ ਤਾਬਿ ਰਕਮ ਹੈ।"[1]

**ਭਾਵ** : ਮੇਰੇ ਹੱਥ ਵਿੱਚ ਜਿਹੜੀ ਕਲਮ ਹੈ ਸਾਹਿਤਕਾਰ ਦੀ ਕਲਮ ਹੈ, ਸ਼ਾਇਰ ਦੀ ਕਲਮ ਹੈ ਜਿਸਦੇ ਵਿਚੋਂ ਰੱਬੀ ਨਗਮੇਂ ਨਿਕਲਦੇ ਹਨ। ਇਹ ਹਿਸਾਬ ਕਿਤਾਬ ਲਿਖਣ ਵਾਲੀ ਕਲਮ ਨਹੀਂ ਹੈ। ਸਬ ਕਹਿੰਦੇ ਹਨ ਸਿਫ਼ਤਾਂ ਨੂੰ। ਮੈਂ ਸਿਫਤਾਂ ਲਿਖਾਂ, ਇਸ ਕਲਮ ਵਿਚ ਇਹ ਤਾਕਤ ਨਹੀਂ। ਅੱਗੇ ਕਹਿੰਦਾ ਹੈ :

[2]ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਿਰ ਕੋ ਦੇਖੇ !

ਸਾਹਿਲ ਕੋ, ਯਾ ਮੰਝਧਾਰ ਕੋ, ਯਾ ਲਹਿਰ ਕੋ ਦੇਖੇ !

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜੀਵਨ ਸਾਗਰ ਦੀ ਤਰ੍ਹਾਂ ਹੈ। ਗਹਿਰਾਈ ਵਿੱਚ ਬੜੀ ਸ਼ਾਂਤੀ ਹੈ, ਉਪਰ ਲਹਿਰਾਂ ਦਾ ਉਛਾਲ ਹੈ। ਇਹ ਭੱਜ ਦੋੜ ਸਿਰਫ਼ ਉਪਰ ਹੀ ਉਪਰ ਹੈ।

ਪੰਥ ਦੀ ਮਹਾਨ ਸ਼ਖਸ਼ੀਅਤ 'ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ : ਚੂੜਾਮਣੀ' ਜਿਹਨਾਂ ਨੇ ਦੱਸ ਗੁਰੂ ਸਾਹਿਬਾਨ ਦਾ ਵਿਸਥਾਰ ਪੂਰਬਕ ਇਤਿਹਾਸ ਕਾਵਿ ਰੂਪ ਵਿੱਚ, 12 ਰਾਸਾਂ ਵਿੱਚ ਬਹੁਤ ਹੀ ਮੁਸ਼ੱਦਤ ਨਾਲ ਖੋਜ ਕਰਕੇ, ਇੱਕਠਾ ਕਰਕੇ ਇੱਕ ਮਹਾਨ ਵੱਡਾ ਗ੍ਰੰਥ ਤਿਆਰ ਕੀਤਾ, ਜੋ ਅੱਜ 'ਗੁਰ ਪ੍ਰਤਾਪ ਸੂਰਜ ਗ੍ਰੰਥ' ਨਾਂ ਨਾਲ ਪ੍ਰਸਿੱਧ ਹੈ। ਇਸ ਗ੍ਰੰਥ ਵਿੱਚ ਕਵੀ ਜੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੀਵਨ ਦੇ ਸੰਦਰਵ ਵਿੱਚ ਅੰਤ ਵਿੱਚ ਲਿਖਿਆ ਹੈ ਕਿ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨਾ ਹੁੰਦੇ ਤਾਂ ਇਸ ਮੁਲਕ ਦਾ ਨਕਸ਼ਾ ਕੁੱਝ ਹੋਰ ਹੀ ਹੋਣਾ ਸੀ।

[3]"ਛਾਇਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ,

ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।

---

1 ਗੰਜਿ ਸ਼ਹੀਦਾ, ਅੱਲਾ ਯਾਰ ਖਾਂ

2 ਗੰਜਿ ਸ਼ਹੀਦਾਂ, ਅੱਲਾ ਯਾਰ ਖਾਂ

3 ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ ਬਾਰ੍ਹਵੀਂ, ਕਵੀ ਭਾਈ ਸੰਤੋਖ ਸਿੰਘ ਜੀ।

ਪਾਪ ਹੀ ਪਰਪੱਕ ਜਾਤੇ ਧਰਮ ਧਸਕ ਜਾਤੇ,

ਬਰਨ ਗਰਕ ਜਾਤੇ ਸਹਿਤ ਬਿਧਾਨ ਕੀ।

ਦੇਵੀ ਦੇਵ ਦੇਹੁਰੇ ਸੰਤੋਖ ਸਿੰਘਾਂ ਦੂਰ ਹੋਤੇ,

ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।

ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਵਨ ਸੂਰ,

ਮੂਰਤਿ ਨ ਹੋਤੀ ਜਉਪੈ ਕਰੁਣਾ ਨਿਧਾਨ ਕੀ।"

# ਦੂਸਰਾ ਅਧਿਆਇ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਸ੍ਵਰੂਪ

## 2.1 ਪ੍ਰਾਚੀਨ ਸ੍ਵਰੂਪ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਰਚਨਾਕਾਲ ਦੀ ਜੇ ਗਲ ਕਰੀਏ ਤਾਂ ਸਾਨੂੰ ਕਈ ਵਿਦਵਾਨਾਂ ਦੇ ਆਪਣੇ ਆਪਣੇ ਵਿਚਾਰ ਮਿਲਦੇ ਹਨ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ ਦੀ ਜੋ ਸੰਪੂਰਣਤਾ ਕਰਵਾਈ ਉਹ ਖਾਲਸੇ ਦੇ ਗੁਰਦੇਵ ਮਾਤਾ, ਮਾਤਾ ਸੁੰਦਰ ਕੌਰ ਜੀ ਨੇ ਭਾਈ ਮਨੀ ਸਿੰਘ ਜੀ ਤੋਂ ਕਰਵਾਈ। ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਸਮ੍ਹੇਂ ਤੋਂ ਹੀ ਗੁਰਮਤਿ ਵਿਦਿਆ ਵੱਲ ਰੁਚਿਤ ਸਨ। ਗੁਰੂ ਦਰਬਾਰ ਵਿੱਚ ਮੌਜੂਦ ਹੋਣ ਕਰਕੇ ਉਹਨਾਂ ਦਾ ਗੁਰੂ-ਘਰ ਦੇ ਸਮੂਹ ਨਿਕਟੀਵਰਤੀ ਵਿਦਵਾਨਾਂ ਨਾਲ ਵੀ ਮੇਲ-ਜੋਲ ਸੀ।

ਅਨੰਦਪੁਰ ਸਾਹਿਬ ਵਿਖੇ ਸਰਸਾ ਨਦੀ ਤੇ ਵਿਛੋੜੇ ਸਮ੍ਹੇਂ ਯੁੱਧ ਕਾਰਨ ਗੁਰੂ ਗੋਬਿੰਦ ਸਿੰਘ ਜੀ ਦਾ ਸਮੂਹ ਸਾਹਿਤਕ ਖਜ਼ਾਨਾ ਜਾਂ ਤਾਂ ਨਸ਼ਟ ਹੋ ਗਿਆ ਜਾ ਸੁਰੱਖਿਅਤ ਨਾ ਰਹਿ ਸਕਿਆ। ਜਾਂ ਸਰਸਾ ਨਦੀ ਦੀ ਭੇਟ ਚੜ੍ਹ ਗਿਆ। ਮਾਤਾ ਸੁੰਦਰੀ ਜੀ ਨੂੰ ਵੀ ਇਸ ਗਲ ਦਾ ਪੂਰਨ ਅਹਿਸਾਸ ਸੀ ਕਿ ਵਿਦਿਅਕ ਖਜ਼ਾਨਾ ਕੌਮ ਦੀ ਚੜ੍ਹਦੀ ਕਲਾ ਲਈ ਸ਼ਾਹ ਰਗ ਦੀ ਤਰ੍ਹਾਂ ਹੁੰਦਾ ਹੈ। ਇਹ ਖਜ਼ਾਨਾ ਅਧਿਆਤਮਿਕ ਮੁਰਦਿਆਂ ਨੂੰ ਵੀ ਜੀਵਿਤ ਕਰਨ ਦੇ ਸਮਰੱਥ ਹੁੰਦਾ ਹੈ ਪਰ ਸਮਾਂ ਐਸਾ ਸੀ ਕਿ ਅਜਿਹੇ ਕੰਮ ਨੂੰ ਹੱਥ ਪਾਉਣਾ ਸੌਖਾ ਕਾਰਜ ਨਹੀਂ ਸੀ। ਉਸ ਸਮੇਂ ਇਕ ਪਾਸੇ ਸਿੱਖਾਂ ਦਾ ਸਮੇਂ ਦੀ ਹਕੂਮਤ ਨਾਲ ਅਜਿਹਾ ਵਿਗਾੜ ਪੈ ਗਿਆ ਸੀ, ਕਿ ਉਹ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਤੇ ਲੱਗੇ ਹੋਏ ਸਨ ਅਤੇ ਦੂਜੇ ਪਾਸੇ ਜਿਥੇ ਵੀ ਸਿੱਖਾਂ ਨਾਲ ਕੋਈ ਹਮਦਰਦੀ ਦੀ ਭਾਵਨਾ ਰੱਖਦਾ ਸੀ, ਉਸ ਨੂੰ ਬਗੈਰ ਕਿਸੇ ਦਲੀਲ-ਅਪੀਲ ਤੋਂ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ, ਅਜਿਹੇ ਸਮੇਂ ਇਹ ਕਿਵੇਂ ਸੰਭਵ ਹੋ ਸਕਦਾ ਸੀ ਕਿ ਕੋਈ ਸਿੱਖੀ ਵਿੱਚ ਜੋਸ਼ ਭਰਨ ਵਾਲੇ ਸਾਹਿਤ ਦੀ ਗਲ ਕਰ ਸਕਦਾ। ਪਰ ਮਾਤਾ ਸੁੰਦਰੀ ਜੀ ਚਾਹੁੰਦੇ ਸਨ ਕਿ ਗੁਰੂ ਦਰਬਾਰ ਵਿੱਚ ਨਿਕਟਵਰਤੀ ਰਹੇ ਵਿਦਵਾਨਾਂ ਅਤੇ ਕਵੀਆਂ ਤੋਂ ਉਹਨਾਂ ਦੇ ਜਿਉਂਦੇ-

ਜੀਅ ਉਨ੍ਹਾਂ ਦੇ ਆਪਣੇ ਹੱਥੀਂ ਰਚਨਾਵਾਂ ਸ਼ੁੱਧ ਰੂਪ ਵਿੱਚ ਸੰਭਾਲ ਲਈਆਂ ਜਾਣ। ਭਾਈ ਮਨੀ ਸਿੰਘ ਜੀ ਗੁਰਮਤਿ ਦੇ ਵਿਆਖਿਆਕਾਰ, ਗੁਰੂ ਸਾਹਿਬ ਦੀਆਂ ਰਚਨਾਵਾਂ ਤੋਂ ਜਾਣੂ ਅਤੇ ਗੁਰੂ-ਘਰ ਦੇ ਸਭ ਤੋਂ ਵਧੇਰੇ ਨਿਕਟ-ਵਰਤੀਆਂ ਵਿੱਚੋਂ ਸਨ। ਭਾਵੇਂ ਕਿ ਇਹ ਬਹੁਤ ਔਖਾ ਕਾਰਜ ਸੀ, ਪਰ ਫਿਰ ਵੀ ਮਾਤਾ ਜੀ ਨੇ ਭਾਈ ਸਾਹਿਬ ਨੂੰ ਪ੍ਰੇਰਨਾ ਕੀਤੀ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆ ਸਮੂਹ ਰਚਨਾਵਾਂ ਇੱਕਤਰ ਕਰ ਕੇ ਸੰਭਾਲ ਲੈਣ। ਭਾਈ ਸਾਹਿਬ ਨੇ ਇਹ ਕਾਰਜ ਪੂਰੀ ਲਗਨ ਅਤੇ ਮਿਹਨਤ ਨਾਲ ਕੀਤਾ। ਕੇਸਰ ਸਿੰਘ ਛਿੱਬਰ ਦੱਸਦੇ ਹਨ :

> ਸੰਮਤ ਸਤਾਰਾਂ ਸੈ ਬਿਆਸੀ ਜਬ ਗਏ।
> ਤਬ ਭਾਈ ਮਨੀ ਸਿੰਘ ਜੀ ਦੂਜੇ ਅੰਮ੍ਰਿਤਸਰ ਆਵਤ ਭਵੇ।
> ਦੂਜਾ ਅੰਮ੍ਰਿਤਸਰ ਜੀ ਚੋਲੇ ਬਾਗ ਵਿਚਿ ਹੈ ਬਣਿਆ।
> ਭਾਈ ਮਨੀ ਸਿੰਘ ਜੀ ਮੁਸੱਦੀ ਸਿਖ ਸਿਖਾਂ ਵਿਚ ਗਣਿਆ।
> ਸੋ ਸਿਖ ਬਹੁਤ ਹੀ ਮਾਇਆ ਲੈ ਕੇ ਹੈਸੀ ਆਇਆ।
> ਸਿਖਾਂ ਨੂੰ ਦੇ ਖਰਚ ਰੁਪਏ ਬਾਣੀ ਢੂੰਢਾਇਆ।
> ਖਾਸ ਦਸਖਤੀ ਪੱਤ੍ਰੇ ਲਿਖ ਹਥਿ ਆਏ।
> ਉਨ੍ਹਾਂ ਪੱਤ੍ਰਿਆਂ ਦੇ ਬਰੋਬਰ ਨਾਲ ਸਭ ਬਾਣੀ ਹੋਰ ਲਈ ਲਿਖਾਇ।[1]

ਭਾਈ ਮਨੀ ਸਿੰਘ ਜੀ ਨੇ ਸਿਖਾਂ ਦੀ ਸਹਾਇਤਾ ਨਾਲ ਦਸ਼ਮੇਸ਼ ਪਿਤਾ ਜੀ ਦੀ ਬਾਣੀ ਨੂੰ ਇੱਕਤਰ ਕਰਨ ਦਾ ਕਾਰਜ ਅਰੰਭਿਆ, ਜਿਸ ਵਿੱਚ ਉਹਨਾਂ ਨੂੰ ਵੱਡੀ ਸਫਲਤਾ ਵੀ ਹੱਥ ਲੱਗੀ। [2]ਪਿਆਰਾ ਸਿੰਘ ਪਦਮ ਦੱਸਦੇ ਹਨ ਕਿ ਉਹਨਾਂ ਨੇ ਉਸ ਬੀੜ ਦੇ ਦਰਸ਼ਨ ਕੀਤੇ ਹਨ ਜਿਹੜੀ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਤੋਂ ਲਿਖਵਾਈ ਸੀ। ਉਹ ਇਸ ਬੀੜ ਨੂੰ 'ਅਨੰਦਪੁਰੀ ਬੀੜ' ਮੰਨਦੇ ਹੋਏ ਕਹਿੰਦੇ ਹਨ, "ਇਹ ਸਭ ਤੋਂ ਪ੍ਰਾਚੀਨ ਬੀੜ ਗਿਆਨੀ ਸੁਰਿੰਦਰ ਸਿੰਘ ਕੰਵਲ ਤਰਨਤਾਰਨ ਪਾਸ ਮੈਂ 2● ਅਪ੍ਰੈਲ 1972 ਨੂੰ ਵੇਖੀ ਸੀ ਜਿਸ ਦਾ ਬਹੁਤਾ ਹਿੱਸਾ

---

1 ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਅਧਿਆਇ 10.382-83

2 ਪ੍ਰੋ. ਪਿਆਰਾ ਸਿੰਘ ਪਦਮ, 'ਦਸ਼ਮ ਗ੍ਰੰਥ ਦਰਸ਼ਨ' ਦੇ ਰਚਾਇਤਾ।

ਅਨੰਦਪੁਰ ਵਿਖੇ 1752-53 ਬਿਕ੍ਰਮੀ ਵਿਚ ਦਸ਼ਮੇਸ਼ ਜੀ ਦੇ ਹਜ਼ੂਰੀ ਲਿਖਾਰੀਆਂ ਵਲੋਂ ਤਿਆਰ ਸੈਂਚੀਆਂ ਤੇ ਆਧਾਰਿਤ ਹੈ। ਇਹ ਲਿਖਾਰੀ ਸਨ ਭਾਈ ਦਰਬਾਰੀ, ਦਰਬਾਰੀ ਸਿੰਘ ਛੋਟਾ, ਹਰਿਦਾਸ, ਨਿਹਾਲਾ ਤੇ ਬਾਲਾ ਆਦਿ। ਇਹ ਨਾ ਹਰ ਰਚਨਾ ਦੇ ਮੁੱਢ ਵਿੱਚ ਹਾਸ਼ੀਏ ਤੋਂ ਬਾਹਰ ਕੋਨੇ ਤੇ ਦਿੱਤੇ ਹੋਏ ਹਨ। ਮਾਤਾ ਸੁੰਦਰੀ ਜੀ ਦੇ ਹੁਕਮ ਅਨੁਸਾਰ ਭਾਈ ਮਨੀ ਸਿੰਘ ਜੀ ਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਨੂੰ ਇੱਕਤਰ ਕਰਨ ਵਿੱਚ ਲੱਗ-ਭੱਗ ਵੀਹ ਸਾਲ ਦਾ ਸਮਾਂ ਲੱਗਿਆ ਦੱਸਿਆ ਜਾਂਦਾ ਹੈ।"

J.S. Grewal & S.S. Bal ਨੇ ਆਪਣੀ ਪੁਸਤਕ Guru Gobind Singh : A Biographical Study, ਅੰਕ 239 ਵਿੱਚ ਲਿਖਿਆ ਹੈ -

[1]Sundri instructed Bhai Mani Singh in 1714 to collect and compile the works of the Late Guru in one volume. The Bhai took twenty years to collect the scattered compositions before putting them together in the form of the Dasam Granth in 1734.

ਦਸਮ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਤਾਂ ਹੋਰ ਵੀ ਕਈ ਲਿਖਾਰੀਆਂ ਨੇ ਲਿਖੀਆਂ ਹਨ ਜਿਵੇਂ ਕਿ ਪਟਨਾ ਸਾਹਿਬ ਦੇ ਗ੍ਰੰਥੀ ਭਾਈ ਸੁੱਖਾ ਸਿੰਘ ਦੇ ਸਪੁੱਤਰ ਭਾਈ ਚੜ੍ਹਤ ਸਿੰਘ ਨੇ ਲਿਖੀ ਹੈ। ਇਸ ਤੋਂ ਉਪਰੰਤ ਦੋ ਹੋਰ ਬੀੜਾ ਲਿਖੀਆਂ ਗਈਆਂ ਜੋ ਕਿ ਇੱਕ ਸੰਗਰੂਰ ਅਤੇ ਦੂਜੀ ਪਟਨਾ ਸਾਹਿਬ ਵਿਖੇ ਸ਼ੁਸ਼ੋਭਿਤ ਹੈ। ਸ੍ਰੀ ਗੁਰੂ ਦਸਮ ਗ੍ਰੰਥ ਦੀਆਂ ਬੀੜਾ ਤਾਂ ਹੋਰ ਵੀ ਲਿਖਾਰੀਆਂ ਨੇ ਲਿਖੀਆਂ ਹਨ ਪਰ ਭਾਈ ਮਨੀ ਸਿੰਘ ਜੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮਕਾਲੀ ਸਨ ਇਸ ਵਾਸਤੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਗੁਰੂ ਜੀ ਦੀਆਂ ਸਾਰੀਆਂ ਬਾਣੀਆਂ ਬਾਰੇ ਜਾਣਕਾਰੀ ਸੀ। ਭਾਈ ਮਨੀ ਸਿੰਘ ਜੀ ਦੇ ਜੀਵਨ ਕਾਲ ਵਿੱਚ ਇਸ ਗ੍ਰੰਥ ਦੀ ਕੋਈ ਵਿਰੋਧਤਾ ਨਹੀਂ ਹੋਈ ਕਿਉਂਕਿ ਹੋਰ ਵੀ ਕਈ ਸਿੰਘ ਗੁਰੂ ਜੀ ਦੇ ਸਮਕਾਲੀ ਰਹਿ ਚੁੱਕੇ ਸਨ। ਉਨ੍ਹਾਂ ਨੂੰ ਵੀ ਭਲੀ ਭਾਂਤ ਇਸ ਗ੍ਰੰਥ ਵਿੱਚ ਦਰਜ ਬਾਣੀਆਂ ਬਾਰੇ ਪੂਰੀ ਪੂਰੀ

1 Guru Gobind Singh! A Biographical Study, J.S. Grewal & S.S. Bal

ਜਾਣਕਾਰੀ ਸੀ ਕਿ ਇਹ ਠੀਕ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦੀਆਂ ਹੀ ਬਾਣੀਆਂ ਹਨ।

ਭਾਈ ਮਨੀ ਸਿੰਘ ਜੀ ਨੇ ਇਹ ਸੱਭ ਤੋਂ ਪਹਿਲੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ ਪ੍ਰੋ. ਪਿਆਰਾ ਸਿੰਘ ਪਦਮ ਮੁਤਾਬਿਕ ਸੰਮਤ 177● ਈ. ਨੂੰ ਤਿਆਰ ਹੋਈ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਉਪਰੰਤ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਉਪਰ ਕੁੱਝ ਕੁ ਦੁਸ਼ਟ ਤੇ ਸਿੱਖ ਪੰਥ ਦੇ ਨਿੰਦਕਾਂ ਵਲੋਂ ਵਾਦਵਿਵਾਦ ਪੈਦਾ ਹੋਇਆ। ਕਈਆਂ ਦਾ ਮੱਤ ਸੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਰੱਬੀ ਬਾਣੀਆਂ ਤੁਲ ਉਚਾਰਨ ਕੀਤੀਆਂ ਬਾਣੀਆ ਇੱਕ ਪੋਥੀ ਵਿਚ ਰਹਿਣ ਅਤੇ ਚੌਬੀਸ ਅਵਤਾਰ ਆਦਿ ਤੇ ਚਰਿਤ੍ਰ ਪਖਿਆਨ ਦੂਜੀ ਪੋਥੀ ਵਿੱਚ ਰਹਿਣ। ਕਈਆਂ ਦਾ ਮੱਤ ਸੀ ਕਿ ਇਹ ਗ੍ਰੰਥ ਜਿਉਂ ਦਾ ਤਿਉਂ ਹੀ ਰਹੇ ਇਸ ਨੂੰ ਭਾਗਾਂ ਵਿੱਚ ਨਾ ਵੰਡਿਆ ਜਾਵੇ।

ਜਦੋਂ ਕੋਈ ਮਸਲਾ ਹਲ ਨਾ ਹੋਇਆ ਤਾਂ ਮੁਖੀ ਸਿੰਘਾਂ ਨੇ ਸ੍ਰੀ ਦਮਦਮਾਂ ਸਾਹਿਬ ਵਿਖੇ ਸਿੰਘਾਂ ਦਾ ਇਕ ਭਾਰੀ ਇੱਕਠ ਬੁਲਾਇਆ ਜਿਸ ਵਿੱਚ ਇਸ ਗ੍ਰੰਥ ਤੇ ਬਹੁਤ ਵਿਚਾਰ ਹੋਈ ਪਰ ਕਿਸੇ ਸਿੱਟੇ ਤੇ ਨਾ ਪੁਜਿਆ ਗਿਆ। ਦੇਵ ਨੇਤ ਨਾਲ ਭਾਈ ਮਹਿਤਾਬ ਸਿੰਘ ਜੀ ਬੀਕਾਨੇਰ ਤੋਂ ਅੰਮ੍ਰਿਤਸਰ ਮੱਸੇ ਰੰਘੜ ਦਾ ਸਿਰ ਵੱਢਣ ਵਾਸਤੇ ਜਾਂਦੇ ਹੋਏ ਸ੍ਰੀ ਦਮਦਮਾ ਸਾਹਿਬ ਪੁੱਜੇ। ਪੰਥ ਨੇ ਇਸ ਗ੍ਰੰਥ ਬਾਰੇ ਭਾਈ ਮਹਿਤਾਬ ਸਿੰਘ ਜੀ ਦੀ ਵੀ ਸਲਾਹ ਲਈ। ਭਾਈ ਮਹਿਤਾਬ ਸਿੰਘ ਜੀ ਨੇ ਕਿਹਾ ਕਿ ਜੇ ਅਸੀਂ ਮੱਸੇ ਰੰਘੜ ਦਾ ਸਿਰ ਵੱਢ ਕੇ ਲੈ ਆਏ ਤਾਂ ਇਹ ਗ੍ਰੰਥ ਜਿਉਂ ਦਾ ਤਿਉਂ ਰਹੇ ਅਤੇ ਜੇ ਅਸੀ ਉੱਥੇ ਸ਼ਹੀਦ ਹੋ ਗਏ ਤਾਂ ਮਗਰੋਂ ਇਸ ਗ੍ਰੰਥ ਦੀਆਂ ਅਲੱਗ-ਅਲੱਗ ਪੋਥੀਆਂ ਬਣਾ ਲੈਣੀਆਂ। ਸੋ ਭਾਈ ਮਹਿਤਾਬ ਸਿੰਘ ਜੀ ਤੇ ਭਾਈ ਸੁੱਖਾ ਸਿੰਘ ਜੀ ਮੱਸੇ ਰੰਘੜ ਦਾ ਸਿਰ ਵੱਢ ਕੇ ਨੇਜ਼ੇ ਉੱਤੇ ਟੰਗ ਕੇ [1]ਜੈਕਾਰੇ ਗਜਾਂਉਂਦੇ ਹੋਏ ਦਮਦਮਾ ਸਾਹਿਬ ਪਹੁੰਚੇ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਬਾਰੇ ਵਿਚਾਰ ਇੱਥੇ ਹੀ ਬੰਦ ਹੋ ਗਈ ਤੇ ਇਹ ਗ੍ਰੰਥ ਜਿਉਂ ਦਾ ਤਿਉਂ ਹੀ ਰਿਹਾ। ਇਸ ਗ੍ਰੰਥ ਬਾਰੇ ਬਹੁਤ ਸੋਹਣੀ ਜਾਣਕਾਰੀ ਪ੍ਰੋ. ਪਿਆਰਾ ਸਿੰਘ ਪਦਮ ਜੀ ਨੇ

---

[1] ਜਿੱਤ ਦਾ ਨਾਅਰਾ।

ਆਪਣੀ ਪੁਸਤਕ 'ਦਸਮ ਗ੍ਰੰਥ ਦਰਸ਼ਨ' ਵਿੱਚ ਦਿੱਤੀ ਤੇ ਹੋਰ ਵੀ ਜੋ ਪੁਰਾਤਨ ਬੀੜਾਂ ਹਨ ਉਹਨਾ ਬਾਰੇ ਵੀ ਜਾਣਕਾਰੀ ਦਿੱਤੀ।

**ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਭੇਦ**

ਗਿਆਨੀ ਗਿਆਨ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਜੀ ਦੀਆ ਬੀੜਾਂ ਦੇ ਭੇਦ ਬਾਰੇ ਆਪਣੇ ਗ੍ਰੰਥ 'ਪੰਥ ਪ੍ਰਕਾਸ਼' ਜਿਸ ਨੂੰ ਅੱਜ 'ਨਵੀਨ ਪੰਥ ਪ੍ਰਕਾਸ਼' ਵੀ ਕਹਿੰਦੇ ਹਨ। ਉਸ ਵਿੱਚ ਲਿਖਦੇ ਹਨ :

"[1]ਇਕ ਦਿਨ ਆਗਿਆ ਪੰਥ ਕੀ, ਮਨੀ ਸਿੰਘ ਜੀ ਪਾਇ।
ਬਾਣੀ ਦਸਮੇ ਗੁਰੂ ਕੀ ਸੰਗ੍ਰਹਿ ਕਰ ਧਰਿ ਭਾਇ।20।
ਏਕ ਜਿਲਦ ਮੇਂ ਦੀਨੀ ਕਰ ਹੈ। ਤਿਸਕਾ ਭੋਗ ਹਕਾਯਤ ਪਰ ਹੈ।
ਦੂਸਰ ਬੀੜ ਦਮਦਮੇ ਭਈ, ਦੀਪ ਸਿੰਘ ਸ਼ਹੀਦ ਰਚਈ।
ਸੰਮਤ ਅਠਾਰਾਂ, ਸੈ ਚਾਰ। ਮਧ ਕਰਯੋ ਉਨ ਯਹ ਉਪਕਾਰ।
ਭੋਗ ਸਫੋਟਕ ਕਬਿੱਤਨ ਪਰ ਹੈ, ਯਹੇ ਪਛਾਨ ਸਯਾਨੇ ਰਰ ਹੈ।
ਸੁਖਾ ਸਿੰਘ ਗ੍ਰੰਥੀ ਔਰ, ਰਚੀ ਬੀੜ ਪਟਨੇਂ ਮੇਂ ਗੌਰ।
ਅਠਾਰਾਂ ਸੈ ਬੱਤੀ ਮਾਹੇ, ਰਖਿਓ ਸੁਖਮਨਾ ਛਕੇ ਵਾ ਹੈ।
ਅੰਕਪਲੀ ਲੌ ਅਨਿਕ ਪ੍ਰਸੰਗ, ਰਾਖੇ ਓਨ ਆਪਨੇ ਢੰਗ।
ਭੋਗ ਛੱਕਯੋਂ ਪਰ ਪਾਯੌਂ ਤਾਂਹਿ। ਤੀਨ ਬੀੜ ਹੋਈ ਬਿਧਿ ਯਾਂਹ।
ਪੁਨਾਂ ਚੜ੍ਹਤ ਸਿੰਘ ਤਾਕੇ ਪੂਤ, ਅੱਖਰ ਦਸਮ ਗੁਰੂ ਸਮ ਸੂਤ।
ਕਰ ਕੈ ਪਾਂਚ ਪੱਤਰੇ ਔਰ, ਗੁਰ ਤਰਫੋਂ ਲਿਖ ਪਾਏ ਗੌਰ।
ਔਰ ਗ੍ਰੰਥ ਇਕ ਵੈਸਾ ਕੀਓ, ਸੋ ਬਾਵੇ ਹਾਕਮ ਸਿੰਘ ਲੀਓ।
ਸੋ ਗੁਰਦੁਆਰੇ ਮੋਤੀ ਬਾਗ, ਹੈ ਅਬ ਹਮਨੇ ਪਿਖਯੋ ਬਿਲਾਗ।21।"

[1] ਪੰਥ ਪ੍ਰਕਾਸ਼, 36ਵਾਂ ਨਿਵਾਸ, ਗਿਆਨੀ ਗਿਆਨ ਸਿੰਘ, ਪੰਨਾ-287

ਪ੍ਰੋ. ਪਿਆਰਾ ਸਿੰਘ ਪਦਮ ਨੇ ਆਪਣੀ ਪੁਸਤਕ 'ਦਸਮ ਗ੍ਰੰਥ ਦਰਸ਼ਨ' ਵਿੱਚ ਲਿਖਿਆ ਹੈ:

> "[1]ਹੁਣ 'ਦਸਮ ਗ੍ਰੰਥ' ਦੀਆਂ ਇਤਿਹਾਸਿਕ ਅਹਿਮੀਅਤ ਵਾਲੀਆਂ ਪ੍ਰਾਚੀਨ ਬੀੜਾ ਇਹ ਪ੍ਰਾਪਤ ਹਨ।"

| ਲੜੀ ਨੰ: | ਬੀੜਾਂ ਦੇ ਨਾਮ | ਕੁਲ ਪੱਤਰੇ |
|---|---|---|
| 1. | ਭਾਈ ਮਨੀ ਸਿੰਘ ਵਾਲੀ ਬੀੜ (ਆਦਿ ਗ੍ਰੰਥ ਸਮੇਤ) (੯ ਖਾਸ ਪੱਤਰੇ ਲਗੇ ਹੋਏ) | ੧੦੮੬ |
| 2. | ਅਕਾਲ ਤਖਤ ਅੰਮ੍ਰਿਤਸਰ (ਮਿਸਲ ਪਟਨਾ ਜੀ ਦੀ ਨਕਲ) | ੬੨੬ |
| 3. | ਦੀਵਾਨ ਖਾਨਾ ਸੰਗਰੂਰ (੬੦੧ ਤੋਂ ੧੧੬੬ ਪੱਤਰੇ ਤਕ) | ੫੬੬ |
| 4. | ਗੁਰਦੁਆਰਾ ਮੋਤੀ ਬਾਗ, ਪਟਿਆਲਾ (ਸੱਤ ਖਾਸ ਪੱਤਰੇ ਲੱਗੇ ਹੋਏ) | ੫੦੧ |
| 5. | ਤੋਸ਼ਖਾਨਾ ਤਖਤ ਪਟਨਾ ਸਾਹਿਬ (ਕਈ ਖਾਸ ਪੱਤਰੇ ਲਗੇ ਹੋਏ) | ੭੧੩ |
| 6. | ਪਟਨੇ ਦੇ ਗ੍ਰੰਥੀ ਭਾਈ ਸੁੱਖਾ ਸਿੰਘ ਵਾਲੀ ਖਾਸ ਬੀੜ, ਪਟਨਾ | – |
| 7. | ਬਾਬਾ ਦੀਪ ਸਿੰਘ ਵਾਲੀ ਬੀੜ, ਦਮਦਮਾ ਸਾਹਿਬ | ੯੭੧ |

## 2.2 ਹਸਤਲਿਖਿਤ ਬੀੜਾ

ਉਪਰੋਕਤ ਜੋ ਪੁਰਾਤਨ ਸੱਤ ਬੀੜਾ ਹਨ ਇਹ ਸੱਭ ਹਸਤਲਿਖਿਤ ਬੀੜਾ ਹਨ। ਸਭ ਤੋਂ ਪਹਿਲੀ ਬੀੜ :–

**ਭਾਈ ਮਨੀ ਸਿੰਘ ਜੀ ਵਾਲੀ ਬੀੜ** (**ਆਦਿ ਗ੍ਰੰਥ ਸਮੇਤ**) (੮ **ਖਾਸ ਪੱਤਰੇ ਲਗੇ ਹੋਏ**)

ਭਾਈ ਮਨੀ ਸਿੰਘ ਜੀ ਦੀ ਨਿਗਰਾਨੀ ਹੇਠ ਜੋ ਬੀੜ ਤਿਆਰ ਹੋਈ, ਉਹ ਬੀੜ ਅੱਜ ਕੱਲ ਸੁਰਗਵਾਸੀ ਰਾਜਾ ਗੁਲਾਬ ਸਿੰਘ ਸੇਠੀ, ਹਨੂਮਾਨ ਰੋਡ, ਨਵੀਂ ਦਿਲੀ ਦੇ ਪਰਿਵਾਰ ਪਾਸ

[1] ਦਸਮ ਗ੍ਰੰਥ ਦਰਸ਼ਨ, ਪ੍ਰੋ. ਪਿਆਰਾ ਸਿੰਘ ਪਦਮ, ਪੰਨਾ 16

ਸੁਰੱਖਿਅਤ ਹੈ। ਕੁਲ ਪੱਤਰੇ ੧੦੮੬ ਤੇ ਦਸਮ ਗ੍ਰੰਥ ਵਾਲਾ ਭਾਗ ੫੩੭ ਤੋਂ ੧੦2੮ ਪੱਤਰੇ ਤੱਕ ਹੈ, ਨੌ ਖਾਸ ਪੱਤਰੇ ਹਨ। ਇਸ ਵਿੱਚ ਚੂੰਕਿ ਆਦਿ ਗ੍ਰੰਥ ਦੀ ਬਾਣੀ ਨੂੰ ਰਾਗਾਂ ਦੀ ਥਾਂ ਗੁਰੂ ਵਿਅਕਤੀ ਅਨੁਸਾਰ ਵੰਡ ਕੇ ਦਿਤਾ ਗਿਆ ਹੈ ਤੇ 'ਮਹਲਾ' ਦੀ ਥਾਂ 'ਪਾਤਸ਼ਾਹੀ' ਸ਼ਬਦ ਵਰਤਿਆ ਹੈ, ਇਸ ਕਰਕੇ ਪਹਿਲੇ ਆਦਿ ਗ੍ਰੰਥ ਵਾਲੀ ਆ ਜਾਂਦੀ ਹੈ, ਫਿਰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ, ਜਿਸ ਨੂੰ 'ਦਸਵੇਂ ਪਾਤਸ਼ਾਹ ਕਾ ਗ੍ਰੰਥ' ਕਿਹਾ ਗਿਆ ਹੈ। ਇਸ ਤੋਂ ਪਿਛੋਂ ਭਗਤਾਂ ਤੇ ਭੱਟਾਂ ਦੀ ਰਚਨਾ ਹੈ। ਅੰਤ ਜ਼ਫਰਨਾਮਾ ਹੈ। ਇਸ 'ਦਸਮ ਗ੍ਰੰਥ ਸਾਹਿਬ' ਜੀ ਵਿੱਚ ਹੇਠ ਲਿਖੇ ਅਨੁਸਾਰ ਛੋਟੇ ਵੱਡੇ ਗ੍ਰੰਥ ਇਸ ਤਰਤੀਬ ਨਾਲ ਸ਼ਾਮਲ ਹਨ:

| | | |
|---|---|---|
| **੧.** | **ਜਾਪੁ** | **ਪੱਤਰਾ ੫੪੬** |
| ੨. | ਬਚਿਤ੍ਰ ਨਾਟਕ (ਚੰਡੀ ਚਰਿਤ੍ਰ ਦੋਵੇਂ, ਚੌਬੀਸ ਅਵਤਾਰ ਬ੍ਰਹਮਾਵਤਾਰ, ਰੁਦ੍ਰ ਅਵਤਾਰ, ੩੨ ਸਵਈਏ ਤੇ ੮ ਸ਼ਬਦ ਰਾਗਾਂ ਕੇ।) | ਪੱਤਰਾ ੫੪੮ ਤੋਂ |
| ੩. | ਸ਼ਸਤ੍ਰਨਾਮਮਾਲਾ | ਪੱਤਰਾ ੭੮੬ |
| ੪. | ਗਿਆਨ ਪ੍ਰਬੋਧ | ਪੱਤਰਾ ੮੨੧ |
| ੫. | ਅਕਾਲ ਉਸਤਤਿ | ਪੱਤਰਾ ੮੩੦ |
| ੬. | ਵਾਰ ਦੁਰਗਾ ਕੀ | ਪੱਤਰਾ ੮੩੮ |
| ੭. | ਚਰਿਤ੍ਰੋਪਖਯਾਨ | ਪੱਤਰਾ ੮੪੬-੧੦੨੮ ਤਕ |
| ੮. | ਸੱਦ | |

'ਚਰਿਤ੍ਰੋਪਖਯਾਨ' ਤੋਂ ਪਿਛੋਂ ਭਗਤ ਬਾਣੀ ਤੇ ਭੱਟਾਂ ਦੀ ਰਚਨਾ ਆ ਜਾਂਦੀ ਹੈ। ਅੰਤ ਫਾਰਸੀ ਜ਼ਫਰਨਾਮਾ ਤੇ 'ਲੱਖੀ ਜੰਗਲ' ਵਾਲੀ ਸੱਦ ਹੈ।

'ਅਸਫੋਟਕ ਕਬਿੱਤ' ਤੇ ਖਾਲਸਾ ਮਹਿਮਾ ਵਾਲੇ ਛੰਦ ਇਸ ਵਿਚ ਨਹੀਂ ਆਏ ਬੀੜ ਦੇ ੧੦੮੬ ਪੱਤਰੇ ਤੇ ਲਿਖਾਰੀ ਦਾ ਨੋਟ ਹੈ :

'ਖੜਗ ਪਾਣਿ ! ਤੈ ਕ੍ਰਿਪਾ ਤੇ, ਪੋਥੀ ਰਚੀ ਬਿਚਾਰ

ਭੂਲ ਹੋਇ ਜਹਿ ਤਹਿ ਸੁਕਵਿ, ਪੜੀਅਹੁ ਸਭੇ ਸੁਧਾਰ।

ਪੋਥੀਯਾ ਕੀ ਉਤਾਰ ਕੀਏ, ਜੁਮਲਾ ਸੰਚਏ ਕੋ

ਜਮਾ ਕੀਏ ਬਡੀ ਮੈਹ(ਨ) ਤ ਸੋ ਲੀਖੇ ਹੈ

ਸੰਮਤ ੧੭੭੦ ਮੇਂ ਤਯਾਰ ਹੁਣੇ ਹੈ।'

ਭਾਵੇਂ ਇਹ ਸੰਮਤ ਵਾਲੀਆਂ ਸਤਰਾਂ ਹੋਰ ਹੱਥ ਦੀਆਂ ਜਾਪਦੀਆਂ ਹਨ ਪਰ ਫਿਰ ਵੀ ਬੀੜ ਦੀ ਪ੍ਰਮਾਣੀਕਤਾ ਕਿਸੇ ਸ਼ੰਕਾ ਦੀ ਮੁਥਾਜ ਨਹੀਂ। ਇਹ ਬੀੜ ਸਭ ਤੋਂ ਵਧ ਭਰੋਸੇ ਯੋਗ ਤੇ ਮੁਸਤਨਿਦ ਹੈ ਜੋ ਕਿ ਮਾਤਾ ਸੁੰਦਰ ਕੌਰ ਜੀ ਦੀ ਨਿਗਰਾਨੀ ਹੇਠ ਭਾਈ ਮਨੀ ਸਿੰਘ ਜੀ ਜਿਹੇ ਵਿਦਵਾਨ ਦੀ ਘਾਲ ਸਦਕਾ, ਭਾਈ ਸ਼ੀਹਾਂ ਸਿੰਘ ਆਦਿ ਲਿਖਾਰੀਆਂ ਤਿਆਰ ਕੀਤੀ।

੫੩੭ ਪੱਤਰੇ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਤਤਕਰਾ ਸ਼ੁਰੂ ਹੁੰਦਾ ਹੈ ਜੋ ੫੪੫ ਤੱਕ ਚਲਦਾ ਹੈ। ਮੁਢ ਵਿੱਚ ਲਿਖਿਆ ਹੈ :

'ਤਤਕਰਾ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਕਾ

ਸ੍ਰੀ ਮੁਖਾਰਬਿੰਦ ਬਾਕ ਪਾਤਸ਼ਾਹੀ  ਦਸਵੀ ੧੦।'

ਫਿਰ ਜੋ ੮, ੯ ਖਾਸ ਦਸਖਤੀ ਪੱਤਰੇ ਲੱਭੇ ਸਨ, ਉਹ ਵੀ ਥਾਂ ਥਾਂ ਬੀੜ ਦੇ ਵਿੱਚ ਹੀ ਸ਼ਾਮਿਲ ਕਰ ਦਿੱਤੇ ਗਏ ਹਨ ਤੇ ਨਾਲ ਉਹਨਾ ਦਾ ਪਾਠ ਦੇ ਦਿਤਾ ਹੈ ਤਾਂ ਕਿ ਗੁਰੂ ਸਾਹਿਬ ਦੀ ਸ਼ਿਕਸਤਾ ਲਿਖਤ ਪੜ੍ਹਨ ਵਿੱਚ ਦਿੱਕਤ ਨ ਆਵੇ।

੬੧੫ ਪਤਿ ਤੇ ਉਹ ਦਸਖਤੀ ਪੱਤਰਾ ਸ਼ਾਮਲ ਹੈ ਜਿਸ ਵਿੱਚ ਗੁਰੂ ਸਾਹਿਬ ਨੇ ਆਪਣੀ ਛੰਦ-ਰਚਨਾ ਦਾ ਜੋੜ ਦਸਦਿਆਂ ਲਿਖਿਆ ਹੈਂ :

'ਅਠਤਾਲੀ ਸੈ ਕਹਾ ਬਨਾਈ। ਦੋਹਾ, ਛੰਦ ਚਉਪਈ ਆਈ

ਸਵਾਲਛ ਛੰਦਾਗੇ ਹੋਈ। ਜਾ ਮਹਿ ਏਕ ਘਾਟ ਨਈਂ ਕੋਈ।।੩੮੨੫।।

੨੧੭ ਦੇਬ ਪਾਠ।।੮੭੫।। ਜੁਧ ਪ੍ਰਬੰਧ ।।੧੧੮੬।। ਦਸਮ।।

੩੪੦।। ਰਾਸਮੰਡਲ ਕਾ।।੧੩੪ ਗੋਪ ਬ੍ਰਿਹ।।੨੦੩੮।।ਅਬਕਾ।।

੪੮੦੦।। ਅਫਜੂ ਕਾ ਅਫਜੂ।।

ਸਮਾਲਾ ਵ ।।ਵਾਰ।। ਚਰਿਤ੍ਰ।। ਤਿਹੁ ਪੋਥੀਆਂ ਬਿਨਾਂ।।"

ਇਸ ਨੋਟ ਤੋਂ ਇਕ ਗੱਲ ਹੋਰ ਸਾਬਤ ਹੁੰਦੀ ਹੈ ਕਿ ਗੁਰੂ ਸਾਹਿਬ ਜੀ ਆਪਣੀਆਂ ਤਿੰਨ ਰਚਨਾਵਾਂ ਸ਼ਸਤ੍ਰ ਨਾਮ ਮਾਲਾ, ਚੰਡੀ ਦੀ ਵਾਰ ਤੇ ਚਰਿਤ੍ਰੋਪਖਯਾਨ ਦੀ ਛੰਦ-ਗਿਣਤੀ ਨੂੰ ਇਸ ਵਿਚ ਸ਼ਾਮਿਲ ਨਹੀਂ ਕਰਦੇ। ਇਸਦਾ ਦੂਜਾ ਭਾਵ ਇਹ ਵੀ ਹੈ ਕਿ ਇਹ ਤਿੰਨੋਂ ਰਚਨਾਵਾਂ ਵੀ ਗੁਰੂ ਸਾਹਿਬ ਦੀ ਕਲਮ ਦਾ ਸਿੱਟਾ ਹਨ।

2. **ਅਕਾਲ ਤਖਤ ਅੰਮ੍ਰਿਤਸਰ (ਮਿਸਲ ਪਟਨਾ ਜੀ ਦੀ ਨਕਲ, ਪੱਤਰਾ ੬੨੬**

ਜਦੋਂ ਭਾਈ ਮਨੀ ਸਿੰਘ ਜੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰ ਰਹੇ ਸਨ, ਉਸ ਸਮੇਂ ਜਾਂ ਉਸ ਤੋਂ ਕੁਝ ਸਮਾਂ ਪਿਛੋਂ ਪਟਨੇ ਸਾਹਿਬ ਵੀ ਕੁਝ ਵਿਦਵਾਨ ਸਿਖਾਂ ਦੁਆਰਾ ਬੀੜ ਤਿਆਰ ਕੀਤੀ ਜੋ ਮਿਸਲ ਪਟਨਾ ਜੀ ਕਰਕੇ ਪ੍ਰਸਿੱਧ ਹੈ। ਇਹ ਬੀੜ ਤਾਂ ਪ੍ਰਾਪਤ ਨਹੀਂ ਪਰ ਇਸ ਦਾ ਇਕ ਉਤਾਰਾ ੧੯੨੨ ਬਿਕ੍ਰਮੀ ਦਾ ਸ੍ਰੀ ਅਕਾਲ ਤਖਤ ਅੰਮ੍ਰਿਤਸਰ ਸਾਹਿਬ ਦੇ ਤੋਸ਼ੇਖਾਨੇ ਵਿੱਚ ਸੁਰੱਖਿਅਤ ਹੈ। ਜਿਸ ਦੇ ਕੁਲ ੬੨੬ ਪੱਤਰੇ ਹਨ। ਇਸ ਬੀੜ ਦੇ ਪੰਜਵੇਂ ਪੱਤਰੇ ਤੇ ਲਿਖਿਆ ਹੈ :

> "੧ਓ ਸ੍ਰੀ ਭਗਵਤੀ ਜੀ ਸਤ॥
> ਸੰਮਤ ਅਠਾਰਾਂ ਸੈ ਇਕੀ ਮੰਘ੍ਰ ਦਿਨੇ ਛਿਅ॥੧੯੨੧॥
> ਆਇਤਵਾਰ॥ ਸ੍ਰੀ ਗ੍ਰਿੰਥ ਜੀ ਲਿਖਨੇ ਲਗੇ॥ ਪਟਣੇ ਜੀ ਦੀ ਮਿਸਲ॥
> ਪਾਤਸ਼ਾਹੀ॥੧੦॥ ਸ੍ਰੀ ਮੁਖ ਵਾਕਯ॥"

ਇਸੀ ਬੀੜ ਦੇ ਅੰਤਲੇ ਪੱਤਰੇ ੬੧੬ ਪੱਤਰੇ ਤੇ ਫਿਰ ਇਹ ਸ਼ਬਦ ਹਨ :-

> "੧ਓ ਸ੍ਰੀ ਭਗਵਤੀ ਪ੍ਰਸਾਦਿ॥
> ਸੰਮਤ ਅਠਾਰਾਂ ਸੈ ਬਾਈ ਅਸੂ ਦਿਨੇ ਪੰਦ੍ਰਾਂ॥੧੯੨੨॥
> ਸ੍ਰੀ ਗ੍ਰਿੰਥ ਜੀ ਸੰਪੂਰਨ ਲਿਖ ਪਹੁਤੇ ਸੋਧ ਪੜ੍ਹਿਨਾ।
> ਬਹੁਤਿਆਂ ਉਪਰੋਂ ਲਿਖਿਆ, ਛੇਤੀ ਨਾਲਿ।"

ਇਸ ਤੋਂ ਇਹ ਪਤਾ ਚੱਲਦਾ ਹੈ ਕਿ ਮਿਸਲ ਪਟਨਾ ਜੀ ਤੋਂ ਇਲਾਵਾ ਲਿਖਾਰੀ ਨੇ ਹੋਰ ਬੀੜਾਂ ਦਾ ਆਸਰਾ ਵੀ ਲਿਆ ਸੀ। ਤੇ ਛੇਤੀ ਨਾਲ ਇਕ ਸਾਲ ਦੇ ਅੰਦਰ ਹੀ ਸੰਮਤ ੧੯੨੨ ਬਿਕ੍ਰਮੀ ਨੂੰ ਇਹ ਬੀੜ ਤਿਆਰ ਕੀਤੀ ਸੀ। ਅਸੂ ਕੀ ਵਦੀ ਪੰਦ੍ਰਾਂ ਨੂੰ।

ਇਸ ਮਿਸਲ ਪਟਨਾ ਜੀ ਦੀ ਬੀੜ ਦਾ ਤਤਕਰਾਂ ਇਉਂ ਹੈ :

| | | ਪੱਤਰੇ |
|---|---|---|
| ੧. | ਜਾਪੁ | ੧੭ |
| ੨. | ਸ਼ਸਤ੍ਰ ਨਾਮ ਮਾਲਾ | ੨੨ |
| ੩. | ਉਸਤਤਿ ਸ੍ਰੀ ਅਕਾਲ ਜੀ ਕੀ | ੬੦ |
| ੪. | ਸ੍ਰੀ ਬਚਿਤ੍ਰ ਨਾਟਕ | ੭੧ |
| ੫. | ਗਿਆਨ ਪ੍ਰਬੋਧ | ੩੨੯ |
| ੬. | ਵਾਰ ਦੁਰਗਾ ਕੀ | ੩੪੦ |
| ੭. | ਚਰਿਤ੍ਰ ਪਖਯਾਨ ਗ੍ਰੰਥ | ੩੪੪ |
| ੮. | ਫੋਕਟ ਕਬਿਤ ਸਵੈਯੇ | ੫੮੩ |
| ੯. | ਸ਼ਬਦ ਰਾਗਾਂ ਕੇ | ੫੯੮ |
| ੧੦ | ਜੰਗ ਨਾਮਾ | ੬੦੧ |

(ਗੁਰਮੁਖੀ ਤੇ ਫਾਰਸੀ ਦੋਹਾਂ ਲਿਪੀਆਂ ਵਿੱਚ ਹੈ।)

**3. ਦੀਵਾਨ ਖਾਨਾ ਸੰਗਰੂਰ (੬੦੧ ਤੋਂ ੧੧੬੬ ਪੱਤਰੇ ਤੱਕ) ਕੁੱਲ ਪੱਤਰੇ ੫੬੬**

ਦੀਵਾਨ ਖਾਨਾ ਸੰਗਰੂਰ ਵਿੱਚ ਇਕ ਬਹੁਤ ਸੁੰਦਰ ਬੀੜ ਪਈ ਹੈ ਜੋ ਮਹਾਰਾਜਾ ਸਰੂਪ ਸਿੰਘ ਨੂੰ ਗਦਰ ਸਮੇਂ ਦਿੱਲੀ ਤੋਂ ਪ੍ਰਾਪਤ ਹੋਈ ਸੀ। ਇਹ ੬੦੨ ਪਤਿ ਤੋਂ ਆਰੰਭ ਹੁੰਦੀ ਹੈ। ਇਸ ਤੋਂ ਪਤਾ ਚਲਦਾ ਹੈ ਕਿ ਭਾਈ ਮਨੀ ਸਿੰਘ ਵਾਲੀ ਬੀੜ ਵਾਂਙ ਇਸ ਦਾ ਪੂਰਬਾਰਧ ਆਦਿ ਗ੍ਰੰਥ ਸੀ ਤੇ ਉਤਰਾਰਧ ਦਸਮਗ੍ਰੰਥ ਸੀ। ਫਿਰ ਇਸ ਨੂੰ ਵੱਖ ਵੱਖ ਕਰ ਦਿੱਤਾ ਗਿਆ। ਆਦਿ ਗ੍ਰੰਥ ਸਾਹਿਬ ਜੀ ਵਾਲਾ ਭਾਗ ਜੀਂਦ ਦੇ ਗੁਰਦੁਆਰੇ ਵਿੱਚ ਕਿਸੇ ਸਮੇਂ ਸੀ ਤੇ ਇਹ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਾਲਾ ਭਾਗ ਹੁਣ ਤੱਕ ਦੀਵਾਨਖਾਨੇ ਸੰਗਰੂਰ ਵਿੱਚ ਸੁਰੱਖਿਅਤ ਹੈ। ਬਹੁਤ ਹੀ ਸੁੰਦਰ ਲਿਖਤ ਵਾਲੀ ਇਹ ਬੀੜ ਹੈ ਤੇ ਇਸਦੇ ਹਰ ਪੱਤਰੇ ਨੂੰ ਵਖੋ-ਵਖੋ ਕਿਸਮ ਦੀ ਵੇਲ ਨਾਲ ਸਜਾਇਆ ਗਿਆ ਹੈ। ਵੇਲਾ ਦੀ ਇਤਨੀ ਵੰਨਗੀ ਚਿਤ੍ਰਕਾਰੀ ਦੇ ਕਲਾ ਕਮਾਲ ਦੀ ਸਾਖੀ ਭਰਦੀ ਹੈ।

**ਦੀਵਾਨ ਖਾਨਾ ਸੰਗਰੂਰ (੬੦੧ ਤੋਂ ੧੧੬੬ ਪੱਤਰੇ ਤੱਕ) ਬੀੜ ਦਾ ਤਤਕਰਾ ਇਉਂ ਹੈ:-**

| | **ਬਾਣੀਆਂ** | **ਪਤਿ** |
|---|---|---|
| ੧. | ਜਾਪੁ | ੬੦੨ |
| ੨. | ਸ਼ਸਤ੍ਰ ਨਾਮ ਮਾਲਾ ਪੁਰਾਨ | ੬੦੭ |
| ੩. | ਉਤਾਰਾ ਖਾਸੇ ਦਸਖਤ ਅਕਾਲ ਪੁਰਖ ਕੀ ਉਸਤਿਤ | ੬੪੨ |
| ੪. | ਬਿਚਿਤ੍ਰ ਨਾਟਕ ਗ੍ਰਿੰਥ | ੬੫੫ |
| ੫. | ਗਿਆਨ ਪ੍ਰਬੋਧ ਗ੍ਰਿੰਥ | ੮੯੬ |
| ੬. | ਚੰਡੀ ਚਰਿਤ੍ਰ | ੬੬੮ |
| ੭. | ਬ੍ਰਹਿਮਾ ਕੇ ਅਵਤਾਰ | ੮੭੦ |
| ੮. | ਰੁਦ੍ਰ ਕੇ ਅਵਤਾਰ | ੮੮੧ |
| ੯. | ਪਖਯਾਨ ਚਰਿਤ੍ਰ | ੯੧੦ |
| ੧੦. | ਸੰਸਾਹਰ ਸੁਖਮਨਾ | ੧੧੧੭ |
| ੧੧. | ਵਾਰ ਮਾਲ ਕਉਸ ਕੀ | ੧੧੨੨ |
| ੧੨. | ਵਾਰ ਭਗਉਤੀ ਕੀ | ੧੧੨੩ |
| ੧੩. | ਸਬਦ ਸ੍ਰੀ ਮੁਖ ਵਾਕ | ੧੧੨੪ |
| ੧੪. | ਜੰਗਨਾਮਾ | ੧੧੨੬ |

ਕੁਲ ਪਤਿ ੧੧੬੬ ਹਨ। ਪਰ ਆਦਿ ਗ੍ਰੰਥ ਵਾਲੇ ਛਡਕੇ ੫੬੬ ਪੱਤਰੇ ਹੀ ਰਹਿ ਜਾਂਦੇ ਹਨ।

ਇਸ ਬੀੜ ਵਿੱਚ ਜੋ ਸੰਸਾਹਰ ਸੁਖਮਨਾ, ਵਾਰ ਭਗਉਤੀ ਕੀ ਤੇ ਵਾਰ ਮਾਲ ਕਉਂਸ ਕੀ ਹੈ, ਉਹ ਸਿਵਾਇ ਭ: ਸੁਖਾ ਸਿੰਘ ਵਾਲੀ ਬੀੜ ਦੇ, ਹੋਰਥੇ ਨਹੀਂ ਮਿਲਦੀ ਤੇ ਨਾ ਹੀ ਪਿਛਲੇ ਲਿਖਾਰੀਆਂ ਨੇ ਇਨਾਂ ਨੂੰ ਸ਼ਾਮਲ ਕੀਤਾ ਹੈ। ਤਤਕਰੇ ਦੇ ਵਿਸਤਾਰ ਵਿੱਚ ਲਿਖਿਆ ਹੈ:

'ਅਥ ਰਾਮਅਉਤਾਰ ਕੇ ਉਪਰੰਤ ਏ ਪਉੜੀ ਦਸਖਤ ਖਾਸ ਸੇ ਲਿਖੀ ਪਤਿ ੭੧੮-ਅਥ ਬਰਨੌ ਕਿਸਨਾ ਅਵਤਾਰੁ।' ਪਟਨੇ ਵਾਲੀ ਬੀੜ ਤੇ ਵੀ ਇਸੇ ਕਿਸਮ ਦਾ ਨੋਟ ਮਿਲਦਾ ਹੈ।

4. **ਗੁਰਦੁਆਰਾ ਮੋਤੀ ਬਾਗ, ਪਟਿਆਲਾ** (ਸੱਤ ਖਾਸ ਪੱਤਰੇ ਲਗੇ ਹੋਏ), ੫੦੧

ਇਸ ਬੀੜ ਦੀ ਜੋ ਤਰਤੀਬ ਹੈ ਉਹ ਇਸ ਪ੍ਰਕਾਰ ਦੀ ਹੈ :

ਤਤਕਰਾ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਜੀ ਕਾ, ਸ੍ਰੀ ਮੁਖਾਰਬਿੰਦ ਬਾਕ ਪਾਤਸ਼ਾਹੀ ਦਸਵੀਂ ॥੧੦॥

| | **ਬਾਣੀਆਂ** | **ਪਤਿ** |
|---|---|---|
| ੧. | ਜਾਪੁ | ੧ |
| ੨. | ਬਚਿਤ੍ਰ ਨਾਟਕ | ੪ |
| ੩. | ਚੰਡੀ ਚਰਿਤ੍ਰ ਉਕਤਿ ਬਿਲਾਸ | ੧੪ |
| ੪. | ਚੰਡੀ ਚਰਿਤ੍ਰ ਤ੍ਰਾਬੀ ਮਹਾਤਮ | ੧੨ |
| ੫. | ਬਿਸਨ ਅਉਤਾਰ ਚਉਬੀਸ | ੨੭ |
| ੬. | ਬ੍ਰਹਿਮਾ ਅਵਤਾਰ | ੧੭੦ |
| ੭. | ਰੁਦ੍ਰ ਅਵਤਾਰ | ੧੮੧ |
| ੮. | ਸ਼ਸਤ੍ਰ ਨਾਮ ਮਾਲਾ | ੨੧੪ |
| ੯. | ਉਸਤਤਿ ਅਕਾਲ ਜੀ ਕੀ | ੨੪੪ |
| ੧੦. | ਗਿਆਨ ਪ੍ਰਬੋਧ | ੨੫੩ |
| ੧੧. | ਵਾਰ ਦੁਰਗਾ ਕੀ | ੨੬੨ |
| ੧੨. | ਚਰਿਤ੍ਰ ਪਖਿਯਾਨ ਕੀ ਕਥਾ | ੨੬੫ |
| ੧੩. | ਅਸਫੋਟਕ ਕਬਿਤ | ੪੬੬ |
| ੧੪. | ਅਸਫੋਟਕ ਸਵੈਯੇ | ੪੬੯ |
| ੧੫. | ਬਿਸਨ ਪਦੇ | ੪੭੨ |
| ੧੬. | ਮਾਝ | ੪੭੨ |
| ੧੭. | ਜ਼ਫਰਨਾਮਾ (ਗੁਰਮੁਖੀ ਤੇ ਫਾਰਸੀ) | ੪੭੭ |

ਇਸ ਬੀੜ ਵਿੱਚ ੭ ਖਾਸ ਦਸਖਤੀ ਪੱਤਰੇ ਹਨ। ਇਕ ੧੯੧ ਪੱਤਰਾ ਤੇ ਅਗੇ ੬ ਪੱਤਰੇ ਹੋਰ–੧੯੮, ੧੯੯, ੨੦੦, ੨੦੧, ੨੦੨ ਤੇ ੨੦੩ ।

ਇਹ ਤਿੰਨ ਚਾਰ ਵਿਸ਼ੇਸ਼ ਬੀੜਾਂ ਦੇ ਤਤਕਰੇ ਦਾ ਬਿਉਰਾ ਇਸ ਲਈ ਦਿਤਾ ਹੈ ਤਾਂ ਕਿ ਪਾਠਕਾਂ ਨੂੰ ਪਤਾ ਲਗ ਜਾਵੇ ਕਿ ਕਿਸ ਤਰ੍ਹਾਂ ਵਿਦਵਾਨ ਸਿੱਖ ਲਿਖਾਰੀਆਂ ਆਪਣੇ ਆਪਣੇ ਜਤਨਾਂ ਰਾਂਹੀ ਇਹ ਕੰਮ ਕੀਤਾ। ਸੋ ਇਸ ਵਿੱਚ ਥੋੜਾ ਤਰਤੀਬ ਦਾ ਭੇਦ ਹੋਣਾ ਜ਼ਰੂਰੀ ਸੀ। ਮਗਰ ਪਿਛੋਂ ਦੇ ਲਿਖਾਰੀਆਂ ਵਧੇਰੇ ਭਾਈ ਮਨੀ ਸਿੰਘ ਵਾਲੀ ਤਰਤੀਬ ਨੂੰ ਹੀ ਅਪਣਾਇਆਂ ਤੇ ਇਹੋ ਪ੍ਰਚਲਤ ਹੋਈ। ਇਸੇ ਤਰ੍ਹਾਂ ਸਿੱਖ ਵਿਦਵਾਨਾਂ ਨੇ ਬਾਅਦ ਵਿੱਚ ਵੀ ਅਨੇਕਾਂ ਬੀੜਾਂ ਲਿਖਣ ਦੀ ਸੇਵਾ ਕੀਤੀ।

ਜਿਥੋਂ ਤਕ ਦਸਮ ਗ੍ਰੰਥ ਨਾਂ ਦਾ ਸਬੰਧ ਹੈ, ਇਸ ਵਿੱਚ ਵੀ ਕਾਫੀ ਤਬਦੀਲੀ ਹੁੰਦੀ ਆਈ ਹੈ। ਭਾਵੇਂ ਪਹਿਲੇ ਨਾਮ ਦੇਣ ਦਾ ਰਿਵਾਜ਼ ਘੱਟ ਸੀ ਪਰ ਤਤਕਰੇ ਵਿੱਚ ਗ੍ਰੰਥ ਦਾ ਜ਼ਿਕਰ ਆ ਜਾਂਦਾ ਸੀ। 'ਦਸਮ ਗ੍ਰੰਥ' ਸਾਹਿਬ ਨਾਮ ਬਹੁਤਾ ਪਰਾਣਾ ਨਹੀਂ। ਪਹਿਲੇ ਇਸਨੂੰ ਕਈ ਤਰ੍ਹਾਂ ਲਿਖਿਆ ਜਾਂਦਾ ਰਿਹਾ ਹੈ।

(੧) ਭਾਈ ਮਨੀ ਸਿੰਘ ਜੀ ਵਾਲੀ ਬੀੜ ਵਿੱਚ ਸਾਰੇ ਨੂੰ 'ਬਚਿਤ੍ਰ ਨਾਟਕ ਗ੍ਰੰਥ' ਹੀ ਆਖਿਆ ਹੈ :–

'ਤਤਕਰਾ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਜੀ ਕਾ ਮੁਖਾਰਬਿੰਦ ਪਾਤਸ਼ਾਹੀ ੧੦'

(੨) ਮਿਸਲ ਪਟਨੇ ਦੀ ਨਕਲ ਬੀੜ, ਜੋ ਅਕਾਲ ਤਖਤ ਸਾਹਿਬ ਤੇ ਹੈ ਉਸਤੇ ਇਸ ਤਰ੍ਹਾਂ ਅੰਕਿਤ ਹੈ :–

'ਸੂਚੀ ਪੋਥੀ ਕਾ ਤਤਕਰਾ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਜੀ ਕਾ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ॥ ਲਿਖਯਤੇ॥'

(੩) ਇਕ ਹੋਰ ਪ੍ਰਾਚੀਨ ਬੀੜ ਤੇ ਇਉਂ ਦਰਜ ਹੈ :–

'ਤਤਕਰਾ ਲਿਖਿਆ ਗ੍ਰੰਥ ਜੀ ਕਾ ਪਾਤਸ਼ਾਹੀ ੧੦। '

(੪) ਸੰਗਰੂਰ ਵਾਲੀ ਬੀੜ ਤੇ ਇਸ ਤਰ੍ਹਾ ਦਰਜ ਹੈ :–

'ਤਤਕਰਾ ਗ੍ਰਿੰਥ ਕਾ ਸ੍ਰੀ ਮੁਖਬਾਕ ਪਾਤਸ਼ਾਹੀ ੧੦'

(੫) ਪੱਥਰ ਦੇ ਛਾਪੇ ਵਾਲੀ ੧੨੧੪ ਸਫੇ ਵਾਲੀ ਬੀੜ ਤੇ ਇਉਂ ਦਰਜ ਹੇ :-

'ਤਤਕਰਾ ਸ੍ਰੀ ਗੁਰੂ ਕਾ ਦਸਮ ਪਾਤਸ਼ਾਹੀ ਕਾ ਲਿਖਿਆ ਸੂਚੀ ਪਤ ਕਾ।'

(੬) ਇਕ ਹੋਰ ਪੱਥਰ ਦੇ ਛਾਪੇ ਦੀ ਬੀੜ ਗਯਾਨ ਪ੍ਰੈਸ ਗੁਜਰਾਂਵਾਲੇ ਦੀ ਛਪੀ ੧੧੫੮ ਸਫੇ ਦੀ ਹੈ, ਉਸ ਤੇ ਹੈ-

'ਸ੍ਰੀ ਗ੍ਰੰਥ ਸਾਹਿਬ ਦਸਵੇਂ ਪਾਤਿ ਸਾਹਿਬ ਜੀ ਕਾ।'

(੭) ੧੩੮੯ ਸਫੇ ਵਾਲੀ ਟਾਇਪ ਦੀ ਬੀੜ ਜੋ ਮੁਫੀਦ ਆਮ ਪ੍ਰੈਸ ਲਾਹੌਰ ਦੀ ਛਪੀ ਹੋਈ ਹੈ, ਇਸ ਤੇ ਸਿਰਲੇਖ ਹੈ :

'ਸ੍ਰੀ ਗੁਰੂ ਗ੍ਰੰਥ ਸਿਾਹਿਬ ਜੀ ਦਸਮ ਪਾਤਸਾਹੀ।'

(੮) ਐਂਗਲੋ ਸੰਸਕ੍ਰਿਤ ਪ੍ਰੈਸ ਅਨਾਰਕਲੀ ਲਾਹੌਰ ਦੀ ਛਪੀ ੧੨੮੬ ਪੰਨੇ ਦੀ ਬੀੜ ਤੇ ਇਉਂ ਹੈ :

'ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਸਮ ਪਾਤਸ਼ਾਹੀ ਜੀ ਕਾ ਲਿਖਯਤੇ।'

(੯) ਗੁਰੂ ਖਾਲਸਾ ਪ੍ਰੈਸ ਅੰਮ੍ਰਿਤਸਰ ਦੀ ਛਪੀ ੧੨੮੧ ਪੰਨੇ ਵਾਲੀ ਬੀੜ ਤੇ ਇਸ ਤਰ੍ਹਾਂ ਦਰਜ ਹੈ:-

'ਸ੍ਰੀ ਦਸਮ ਗ੍ਰੰਥ ਸਾਹਿਬ ਜੀ।'

(੧੦) ਪੰਡਿਤ ਸੁਖਲਾਲ ਉਪਦੇਸਕ ਭਾਰਤ ਧਰਮ ਮਹਾਂ ਮੰਡਲ ਬਨਾਰਸ ਵਾਲਿਆਂ ਦੇ ਉਦਮ ਨਾਲ, ਰਾਜਪੂਤ ਪ੍ਰਿੰਟਗ ਵਰਕਸ ਲਾਹੌਰ ਵਿੱਚ ਇਕ ਉਰਦੂ ਨਾਲ, ਰਾਜਪੂਤ ਪ੍ਰਿੰਟਗ ਵਰਕਸ ਲਾਹੌਰ ਵਿੱਚ ਇਕ ਉਰਦੂ ਅੱਖਰਾਂ ਅੰਦਰ ੮੯੨ ਸਫੇ ਦੀ ਬੀੜ ਛਪੀ ਸੀ, ਉਸਤੇ ਵੀ ਸ੍ਰੀ 'ਦਸਮ ਗ੍ਰੰਥ ਸਾਹਿਬ' ਨਾਮ ਦਿਤਾ ਗਿਆ ਹੈ।

ਇਸ ਵੇਰਵੇ ਤੋਂ ਪਰਗਟ ਹੈ ਕਿ 'ਦਸਮਗ੍ਰੰਥ' ਨਾਮ ਵੀਹਵੀਂ ਸਦੀ ਦੇ ਮੁੱਢ ਵਿੱਚ ਪ੍ਰਚਲਤ ਹੋਇਆ ਜਿਸ ਦਾ ਭਾਵ ਸੀ, ਦਸਮ ਪਾਤਸ਼ਾਹੀ ਦਾ ਰਚਿਆ ਹੋਇਆ ਗ੍ਰੰਥ। ਜਿਸ ਤਰ੍ਹਾਂ ਪਹਿਲਾਂ ਵੀ ਕਿਹਾ ਗਿਆ ਹੈ ਕਿ ਲਗਭਗ ਸਾਰੀ ਰਚਨਾਵਲੀ ਬਹੁਤੀਆਂ ਬੀੜਾਂ ਵਿੱਚ ਬਰਾਬਰ ਹੀ ਹੈ।

## 2.3 ਵਰਤਮਾਨ ਸ੍ਵਰੂਪ

ਸਿੱਖ ਪੰਥ ਦੇ ਮਹਾਨ ਵਿਦਵਾਨਾਂ ਨੇ ਪੁਰਾਤਨ ਬੀੜਾ ਨੂੰ ਵਾਚਦੇ ਹੋਏ ਇੱਕ ਬੀੜ ਤਿਆਰ ਕੀਤੀ ਜੋ ਲੜੀਵਾਰ ਹੈ। ਇਸ ਸ੍ਵਰੂਪ ਦੇ ਇਸ ਬੀੜ ਦੇ ਸੱਭ ਤੋਂ ਪਹਿਲੇ ਪੱਤਰੇ ਤੇ ਲਿਖਿਆ ਹੈ ਕਿ 'ਇਹ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੁਧਾਈ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਦੇੜ ਵਲੋਂ ਪੰਜ ਪਿਆਰੇ ਸਾਹਿਬਾਨ ਦੀ ਸਰਪਰਸਤੀ ਹੇਠ ਵਿਦਵਾਨਾਂ ਨੇ ਹੱਥ ਲਿਖਤ ੮੦ ਸਰੂਪਾ ਅਤੇ ਲਾਹੌਰ ਛਾਪੇ ਵਾਲੇ ਸਰੂਪ ਦੇ ਅਧਾਰ ਤੇ ਕੀਤੀ।' ਜੋ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ (ਮਹਾਰਾਸ਼ਟਰ) ਵਿਖੇ ਸੰਮਤ ਨਾਨਕ ਸ਼ਾਹੀ ੫੩੩ ਨੂੰ ਪ੍ਰਕਾਸ਼ਕ ਹੋਈ।

ਇਹ ਜੋ ਅੱਜ ਪ੍ਰਚਲਿਤ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ ਹੈ ਉਸਦਾ ਤਤਕਰਾ ਇਸ ਪ੍ਰਕਾਰ ਹੈ :-


੧

ੴ ਸਤਿਗੁਰਪ੍ਰਸਾਦਿ ॥

ਤਤਕਰਾਸ੍ਰੀਦਸਮਗ੍ਰੰਥਸਾਹਿਬਜੀ

| | |
|---|---|
| ਜਾਪੁ ॥ | ੧ |
| ਉਤਾਰਖਾਸੇਦਸਖਤਕਾ ॥ ਪਾਤਸਾਹੀ ੧੦ ॥ | ੧੧ |
| ਅਥਬਚਿਤ੍ਰਨਾਟਕਗਿਰੰਥਲਿਖ੍ਯਤੇ ॥ | ੩੯ |
| ਅਥਚੰਡੀਚਰਿਤ੍ਰਉਕਤਿਬਿਲਾਸ ॥ | ੭੩ |
| ਅਥਚੰਡੀਚਰਿਤ੍ਰਲਿਖ੍ਯਤੇ ॥ | ੯੯ |
| ਵਾਰਸ੍ਰੀਭਗਉਤੀਜੀਕੀ ॥ ਪਾਤਸਾਹੀ ੧੦ ॥ | ੧੧੯ |
| ਅਥਗਿਆਨਪਰਬੋਧਗ੍ਰੰਥਲਿਖ੍ਯਤੇ ॥ | ੧੨੭ |
| ਅਥਚੌਬੀਸਅਉਤਾਰ ॥ | ੧੫੫ |
| ਅਥਬੀਸਵਾਂਰਾਮਅਵਤਾਰਕਥਨੰ ॥ | ੧੮੯ |
| ਅਥਕ੍ਰਿਸਨਾਅਵਤਾਰਇੱਕੀਸਮੋਅਵਤਾਰਕਥਨੰ ॥ | ੨੫੭ |
| ਬਾਰਹਮਾਹਾ ॥ | ੩੭੧ |
| ਅਥਖੜਗਸਿੰਘਜੁੱਧਕਥਨੰ ॥ | ੪੩੫ |
| ਅਥਨਰਅਉਤਾਰਕਥਨੰ ॥ | ੫੬੯ |
| ਅਥਨਿਹਕਲੰਕੀਚੌਬੀਸਵੌਅਵਤਾਰਕਥਨੰ ॥ | ੫੭੧ |
| ਅਥਬ੍ਰਹਮਾਅਵਤਾਰਕਥਨੰ ॥ | ੬੧੧ |
| ਅਥਰੁਦ੍ਰਅਵਤਾਰਕਥਨੰ ॥ | ੬੩੭ |
| ਅਥਪਾਰਸਨਾਥਰੁਦ੍ਰਅਵਤਾਰਕਥਨੰ ॥ | ੬੭੩ |
| ਰਾਮਕਲੀਪਾਤਸਾਹੀ ੧੦ ॥ | ੭੧੩ |
| ਸ੍ਰੀਮੁਖਬਾਕਸ੍ਵੈਯਾ ॥ ਪਾਤਸਾਹੀ ੧੦ ॥ | ੭੧੭ |
| ਸ੍ਵੈਯਾਪਾਤਸਾਹੀ ੧੦ ॥ | ੭੨੨ |
| ਅਥਸ੍ਰੀਸਸਤ੍ਰਨਾਮਮਾਲਾਪੁਰਾਣਲਿਖ੍ਯਤੇ ॥ | ੭੨੩ |
| ਅਥਪਖ੍ਯਾਨਚਰਿਤ੍ਰਲਿਖ੍ਯਤੇ ॥ | ੮੧੧ |
| ਜ਼ਫ਼ਰਨਾਮਹਸ੍ਰੀਮੁਖਵਾਕਪਾਤਿਸਾਹੀ ੧੦ ॥ | ੧੩੮੯ |

ਇਸੇ ਤਰ੍ਹਾਂ ਇਸ ਸਵਰੂਪ ਤੋਂ ਬਾਅਦ ਵੀ ਅਨੇਕਾਂ ਸਵਰੂਪਾਂ ਦੀ ਪ੍ਰਿੰਟਿੰਗ ਹੋਈ ਜੋ ਪਦ-ਛਿਦ ਵੀ ਹਨ ਤੇ ਛੋਟੇ ਵੱਡੇ ਆਕਾਰ ਦੇ ਵੀ ਹਨ। ਇਸੇ ਸਵਰੂਪ ਤੋਂ ਸੰਖਿਆ ਬਾਬਤ ਦੋ ਭਾਗਾਂ ਵਿੱਚ ਵੀ ਸੰਪੂਰਣ ਕੀਤਾ ਗਿਆ। ਅਨੇਕਾਂ ਵਿਦਵਾਨਾਂ ਨੇ ਇਸ ਪਵਿੱਤ੍ਰ ਗ੍ਰੰਥ ਦਾ ਟੀਕਾ ਵੀ ਕੀਤਾ ਉਹਨਾਂ ਵਿੱਚੋਂ ਗਿਆਨੀ ਪੰਡਤ ਨਰੈਣ ਸਿੰਘ ਜੀ ਦਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਸੰਪੂਰਣ ਟੀਕਾ ਅੱਠ ਭਾਗਾਂ ਵਾਲਾ ਵਧੇਰੇ ਪ੍ਰਚਲਿਤ ਹੋਇਆ।

## ਤੀਸਰਾ ਅਧਿਆਇ

## ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਬਾਣੀਆਂ ਅਤੇ ਉਹਨਾਂ ਦਾ ਵਿਸ਼ਾ ਵਸਤੂ

### 3.1 ਜਾਪੁ ਸਾਹਿਬ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਆਰੰਭਤਾ ਇਸ ਪਾਵਨ ਪਵਿੱਤਰ ਬਾਣੀ ਤੋਂ ਹੁੰਦੀ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਇਹ ਇਕ ਪ੍ਰਮੁੱਖ ਰਚਨਾ ਹੈ ਜਿਹੜੀ ਕਿ ਸਿੱਖ ਧਰਮ ਦੇ ਨਿਤਨੇਮ ਅਤੇ ਅੰਮ੍ਰਿਤ ਛਕਾਉਣ ਦੀਆਂ ਬਾਣੀਆਂ ਵਿੱਚ ਸ਼ਾਮਿਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਜਪੁ' ਜੀ ਸਾਹਿਬ ਜੀ ਦੀ ਬਾਣੀ ਨੂੰ ਜੋ ਸਥਾਨ ਦਿੱਤਾ ਗਿਆ ਹੈ, ਉਹੀ ਦਰਜਾ ਇਸ ਬਾਣੀ ਨੂੰ ਸ੍ਰੀ ਦਸਮ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਹੈ। ਇਹ ਬਾਣੀ ਸਿੱਖ ਜਗਤ ਵਿੱਚ ਬਹੁਤ ਪ੍ਰਚੱਲਤ ਹੈ। ਅੰਮ੍ਰਿਤ ਛਕਾਉਣ ਸਮੇਂ ਇਹ ਬਾਣੀ ਪੜ੍ਹੀ ਜਾਂਦੀ ਹੈ ਜਿਸ ਤੋਂ ਅਨੁਮਾਨ ਲੱਗਦਾ ਹੈ ਕਿ ਇਹ ਬਾਣੀ ਖਾਲਸੇ ਦੀ ਸਿਰਜਨਾ ਤੋਂ ਬਹੁਤ ਸਮ੍ਹਾਂ ਪਹਿਲਾਂ ਸ੍ਰੀ ਪਾਉਂਟਾ ਸਾਹਿਬ ਦੀ ਧਰਤੀ ਤੇ ਜਮਨਾ ਨਦੀ ਦੇ ਕੰਢੇ ਤੇ ਰਚੀ ਗਈ ਸੀ।

ਇਸ ਰਚਨਾ ਦੇ ਵਿੱਚ 'ਛਪੈ ਛੰਦ।। ਤ੍ਵਪ੍ਰਸਾਦਿ/ਭੁਜੰਗ ਪ੍ਰਯਾਤ ਛੰਦ/ਚਾਚਰੀ ਛੰਦ।। ਤ੍ਵਪ੍ਰਸਾਦਿ/ ਤੇਰਾ ਜੋਰ।। ਚਾਚਰੀ ਛੰਦ/ ਚਰਪਟ ਛੰਦ।। ਤ੍ਵਪ੍ਰਸਾਦਿ/ ਰੂਆਲ ਛੰਦ।। ਤ੍ਵਪ੍ਰਸਾਦਿ/ ਮਧੁਭਾਰ ਛੰਦ।। ਤ੍ਵਪ੍ਰਸਾਦਿ/ਭਗਵਤੀ ਛੰਦ।। ਤ੍ਵਪ੍ਰਸਾਦਿ ਕਥਤੇ/ ਰਸਾਵਲ ਛੰਦ।। ਤ੍ਵਪ੍ਰਸਾਦਿ/ ਭਗਵਤੀ ਛੰਦ।। ਤ੍ਵਪ੍ਰਸਾਦਿ/ ਮਧੁਭਾਰ ਛੰਦ।। ਤ੍ਵਪ੍ਰਸਾਦਿ/ ਹਰਿਬੋਲਮਨਾ ਛੰਦ।। ਤ੍ਵਪ੍ਰਸਾਦਿ/ ਏਕ ਅਛਰੀ ਛੰਦ/ ਦੇ ਅੰਤਰਗਤ ਕੁੱਲ 199 ਛੰਦ ਹਨ।'

ਇਸ ਰਚਨਾ ਦੇ ਪਹਿਲੇ ਛੰਦ ਵਿੱਚ ਅਕਾਲ ਪੁਰਖ ਦਾ ਜੋ ਸ੍ਵਰੂਪ ਪੇਸ਼ ਕੀਤਾ ਗਿਆ ਹੈ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਏ ਪਰਮਾਤਮਾ ਦੇ ਸ੍ਵਰੂਪ ਨਾਲ ਪੂਰਾ ਮੇਲ ਖਾਂਦਾ ਹੈ। ਜਿਵੇਂ ਇਸ ਬਾਣੀ ਦੇ ਪ੍ਰਾਰੰਭ ਵਿੱਚ ਪਹਿਲੇ 'ਛਪੈ ਛੰਦ' ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ:-

[1]"ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।।
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ।।

1 ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੰਨਾ 1

ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ॥
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ॥
ਤ੍ਰਿਭਵਣ ਮਹੀਪ ਸੁਰ ਨਰਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥੧॥"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਹ ਰਚਨਾ ਅਕਾਲ ਪੁਰਖ ਦੀ ਉਸਤਤਿ ਕਰਦੇ ਹੋਏ ਉਸ ਦੇ ਗੁਣਾਂ ਦਾ ਵਿਖਿਆਨ ਕਰਦੀ ਹੈ। ਵੱਖ-ਵੱਖ ਧਰਮਾਂ ਵਿੱਚ ਪਰਮਾਤਮਾ ਦੇ ਵੱਖ-ਵੱਖ ਨਾਵਾਂ ਦਾ ਜ਼ਿਕਰ ਆਉਂਦਾ ਹੈ, ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਉਸ ਸਮੇਂ ਵਿੱਚ ਪ੍ਰਮੁੱਖ ਤੌਰ 'ਤੇ ਵਰਤੇ ਗਏ ਪਰਮਾਤਮਾ ਦੇ ਸਮੂਹ ਨਾਵਾਂ ਨੂੰ ਜਾਪੁ ਸਾਹਿਬ ਵਿੱਚ ਸ਼ਾਮਿਲ ਕੀਤਾ ਹੈ। ਇਸੇ ਕਰਕੇ ਇਸ ਬਾਣੀ ਦਾ ਨਾਮ 'ਜਾਪੁ' ਸਾਹਿਬ ਹੈ ਜੋ ਕਿ ਇਸ ਬਾਣੀ ਨੂੰ ਪੜ੍ਹਨ ਨਾਲ ਪ੍ਰਮਾਤਮਾ ਦੇ ਅਨੇਕਾਂ ਨਾਮਾਂ ਦਾ ਜਾਪੁ ਹੁੰਦਾ ਹੈ।

ਇਸ ਬਾਣੀ ਦੇ ਅੰਤਲੇ ਛੰਦ ਤੋਂ ਪਹਿਲਾਂ ਸਤਿਗੁਰੂ ਜੀ ਇਕ ਵਚਿੱਤਰ ਛੰਦ ਦੀ ਰਚਨਾ ਕਰਦੇ ਹਨ ਜੋ ਕਿਸੇ ਭਾਸ਼ਾ ਦੇ ਸਾਹਿਤ ਵਿੱਚ ਬਹੁਤ ਔਖਾ ਮਿਲਦਾ ਹੈ ਭਾਵ 'ਏਕ ਅਛਰੀ ਛੰਦ' ਜੋ ਇਕ-ਇੱਕ ਅੱਖਰ ਦੇ ਨਾਲ ਛੰਦ ਬਣਿਆ ਹੈ। ਜਿਵੇਂ "ਏਕ ਅਛਰੀ ਛੰਦ"

[1]ਅਜੈ॥ ਅਲੈ॥ ਅਭੈ॥ ਅਬੈ॥189॥
ਅਭੂ॥ਅਜੂ॥ ਅਨਾਸ॥ ਅਕਾਸ॥19●॥

ਅੰਤ ਵਿਚ ਫੁਰਮਾਉਂਦੇ ਹਨ :

[2]"ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ॥
ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ॥

---

1 ਹੇ ਪ੍ਰਭੂ! ਤੂੰ ਅਜਿਤ ਹੈ, ਅਵਿਨਾਸ਼ੀ ਹੈ, ਨਿਰਭੌ ਹੈ ਤੇ ਕਾਲ ਦੇ ਪ੍ਰਭਾਵ ਤੋਂ ਪਰੇ ਹੈ। ਤੂੰ ਅਭੂ ਹੈ, ਅਜਨਮਾ ਹੈ, ਅਜੂਨੀ ਹੈ, ਨਾਸ਼-ਰਹਿਤ ਤੇ ਸੋਗ ਰਹਿਤ ਹੈ।

2 ਹੇ ਪ੍ਰਭੂ ਤੂ, ਚੋਹਾਂ ਚੱਕਾਂ ਵਿੱਚ ਵਰਤ ਰਿਹਾ, ਚੌਹਾਂ ਚੱਕਾਂ ਨੂੰ ਭੋਗਦਾ ਹੈ। ਆਪਣੇ ਆਪ ਤੋਂ ਪ੍ਰਕਾਸ਼ਵਾਨ ਸੋਭਦਾ ਹੈ, ਜੋ ਹਮੇਸ਼ਾ ਹੀ ਸਭ ਨਾਲ ਜੁੜ ਰਿਹਾ ਹੈ ਤੇ ਸਭ ਉਸ ਨਾਲ ਜੁੜਨ ਨੂੰ ਲੋਚਦੇ ਹਨ। ਉਹ ਪ੍ਰਮਾਤਮਾ ਜੋ ਬੁਰੇ ਵੇਲੇ ਨੂੰ ਨਾਸ ਕਰਨ ਵਾਲਾ ਹੈ ਤੇ ਦਿਆਲੂ ਸਰੂਪ ਹੈ। ਨਾਸ ਨਾ ਹੋਣ ਵਾਲੀ ਸੰਪਦਾ (ਆਪਣਾ ਨਾਮ) ਬਖਸ਼ਦਾ ਹੈ।

ਦੂਕਾਲੰ ਪ੍ਰਣਾਸੀ ਦਿਆਲੰ ਸਰੂਪੇ॥

ਸਦਾ ਅੰਗ ਸੰਗੇ ਅਭੰਗੰ ਬਿਭੂਤੇ॥" (੧੯੯)

## 3.2 ਅਕਾਲ ਉਸਤਤਿ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਤਤਕਰੇ ਅਨੁਸਾਰ ਇਹ ਬਾਣੀ ਜਾਪੁ ਸਾਹਿਬ ਤੋਂ ਬਾਅਦ ਦੂਜੀ ਬਾਣੀ ਹੈ। ਇਸ ਬਾਣੀ ਦੇ ਆਰੰਭ ਵਿੱਚ ਗੁਰੂ ਸਾਹਿਬ ਲਿਖਦੇ ਹਨ-ਉਤਾਰ ਖਾਸੇ ਦਸਖਤ ਕਾ॥ ਪਾਤਸ਼ਾਹੀ ੧੦॥ ਭਾਵ ਦਸਵੀਂ ਪਾਤਸ਼ਾਹੀ ਜੀ ਦੇ ਆਪਣੇ ਹੱਥਾਂ ਦੀ ਲਿਖਤ ਦਾ ਉਤਾਰਾ ਹੈ। ਇਹ ਬਾਣੀ 'ਤ੍ਵਪ੍ਰਸਾਦਿ ਚਉਪਈ' ਤੋਂ ਅਰੰਭ ਹੁੰਦੀ ਹੈ ਪਰ ਮੂਲ ਪਾਠ ਤੋਂ ਪਹਿਲਾਂ ਗੁਰੂ ਸਾਹਿਬ ਅਕਾਲ ਪੁਰਖ ਦਾ ਓਟ-ਆਸਰਾ ਲੈਂਦੇ ਹੋਏ ਕਥਨ ਕਰਦੇ ਹਨ:-

"[1]ਅਕਾਲ ਪੁਰਖ ਕੀ ਰਛਾ ਹਮਨੈ॥

ਸਰਬ ਲੋਹ ਦੀ ਰਛਿਆ ਹਮਨੈ॥

ਸਰਬ ਕਾਲ ਜੀ ਦੀ ਰਛਿਆ ਹਮਨੈ॥

ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ॥"

ਇਸ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਜੀ ਕੇਵਲ ਅਕਾਲ ਪੁਰਖ ਨੂੰ ਹੀ ਆਪਣਾ ਇਸ਼ਟ ਮੰਨ ਕੇ ਉਸ ਦੀ ਹੀ ਬੰਦਗੀ ਕਰਨ ਤੇ ਜ਼ੋਰ ਦਿੰਦੇ ਹਨ। ਉਸੇ ਉੱਪਰ ਆਪਣੀ ਰੱਖਿਆ ਦਾ ਪੂਰਨ ਭਰੋਸਾ ਪ੍ਰਗਟ ਕਰਦੇ ਹਨ। ਇਸ ਬਾਣੀ ਵਿੱਚ ਜਿਥੇ ਅਕਾਲ ਪੁਰਖ ਦੀ ਉਸਤਤਿ ਕੀਤੀ ਗਈ ਹੈ, ਉਥੇ ਬਾਹਰੀ ਭੇਖਾਂ ਅਤੇ ਕਰਮ-ਕਾਂਡਾਂ ਤੋਂ ਦੂਰ ਰਹਿ ਕੇ ਮਨੁੱਖ ਨੂੰ ਪ੍ਰਭੂ-ਪ੍ਰੇਮ ਵੱਲ ਪ੍ਰੇਰਿਤ ਕਰਦੇ ਹੋਏ ਕਹਿੰਦੇ ਹਨ :-

"[2]ਕਹਾਂ ਭਯੋ ਜੋ ਦੋਊ ਲੋਚਨ ਮੂੰਦ ਕੈ, ਬੈਠਿ ਰਹਿਓ ਬਕ ਧਿਆਨ ਲਗਾਇਓ॥

ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨ, ਲੋਕ ਗਇਓ ਪਰਲੋਕ ਗਵਾਇਓ॥

ਬਾਸੁ ਕੀਓ ਬਿਖਿਆਨ ਸੋ ਬੈਠ ਕੈ ਐਸੇ ਹੀ ਐਸੇ ਸੁ ਬੈਸ ਬਿਤਾਇਓ॥

---

1 ਸ੍ਰੀ ਦਸ਼ਮ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੰਨਾ-11, ਬਾਣੀ ਅਕਾਲ ਉਸਤਤਿ।

2 ਸ੍ਰੀ ਦਸ਼ਮ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੰਨਾ-13, ਬਾਣੀ ਅਕਾਲ ਉਸਤਤਿ।

ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਇਓ॥੯॥੨੯॥"

ਇਸੇ ਬਾਣੀ ਵਿੱਚ ਹੀ ਗੁਰੂ ਸਾਹਿਬ ਨੇ ਵੱਖ-ਵੱਖ ਵਿਸ਼ਵਾਸਾਂ ਅਤੇ ਅਕੀਦਿਆਂ ਦੇ ਧਾਰਨੀ ਮਨੁੱਖਾਂ ਨੂੰ "ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ, ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥" ਦਾ ਨਾਂ ਦਿੱਤਾ ਹੈ। ਜਿਹੜੇ ਬਾਹਰੀ ਤੌਰ ਤੇ ਕੋਈ ਹਿੰਦੂ ਹੈ, ਕੋਈ ਮੁਸਲਮਾਨ, ਕੋਈ ਸ਼ੀਆ ਤੇ ਕੋਈ ਸੁੰਨੀ ਹੈ ਪਰ ਇਹ ਵੱਖ ਵੱਖ ਹੁੰਦੇ ਹੋਏ ਵੀ ਇੱਕ ਪ੍ਰਭੂ ਦੀ ਅੰਸ਼ ਹਨ। ਇਸ ਕਰਕੇ ਇਸ ਬਾਣੀ ਵਿੱਚ ਗੁਰੂ ਸਾਹਿਬ ਜੀ ਸਮਝਾਉਂਦੇ ਹਨ ਕਿ ਕਿਸੇ ਵੀ ਮਨੁੱਖ ਨਾਲ ਭੇਦ-ਭਾਵ ਨਹੀਂ ਕਰਨਾ ਚਾਹੀਦਾ। ਇਹ ਰਚਨਾ ਇਹ ਬਾਣੀ ਮੂਲ ਰੂਪ ਵਿੱਚ ਪ੍ਰੇਮ ਅਤੇ ਭਾਈਚਾਰੇ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਅਕਾਲ ਪੁਰਖ ਨੂੰ ਇਸ਼ਟ ਮੰਨ ਕੇ ਉਸੇ ਦੀ ਭਗਤੀ ਤੇ ਜ਼ੋਰ ਦਿੰਦੀ ਹੈ। ਇਸ ਬਾਣੀ ਵਿੱਚ ਦਰਜ ਵੱਖ ਵੱਖ ਛੰਦਾ ਵਿੱਚ -

"ਤ੍ਵਪ੍ਰਸਾਦਿ॥ ਚਉਪਈ/ ਤ੍ਵਪ੍ਰਸਾਦਿ॥ ਕਬਿਤ/ ਤ੍ਵਪ੍ਰਸਾਦਿ॥ ਸ੍ਵਯੇ/ ਤ੍ਵਪ੍ਰਸਾਦਿ॥ ਤੋਮਰ ਛੰਦ/ ਤ੍ਵਪ੍ਰਸਾਦਿ॥ ਲਘੁ ਨਿਰਾਜ ਛੰਦ/ ਤ੍ਵਪ੍ਰਸਾਦਿ॥ ਕਬਿੱਤ/ ਤ੍ਵਪ੍ਰਸਾਦਿ॥ ਭੁਜੰਗ ਪ੍ਰਯਾਤ ਛੰਦ/ ਤ੍ਵਪ੍ਰਸਾਦਿ॥ ਪਾਧੜੀ ਛੰਦ/ ਤ੍ਵਪ੍ਰਸਾਦਿ॥ ਤੋਟਕ ਛੰਦ/ ਤ੍ਵਪ੍ਰਸਾਦਿ॥ ਨਰਾਜ ਛੰਦ/ ਤ੍ਵਪ੍ਰਸਾਦਿ॥ ਰੁਆਮਲ ਛੰਦ/ ਤ੍ਵਪ੍ਰਸਾਦਿ॥ ਦੋਹਰਾ/ ਤ੍ਵਪ੍ਰਸਾਦਿ॥ ਦੀਰਘ ਤ੍ਰਿਭੰਗੀ ਛੰਦ॥"

ਇਹਨਾਂ ਸਾਰੇ ਛੰਦਾਂ ਦੇ ਅੰਤਰਗਤ ਇਸ ਬਾਣੀ ਵਿੱਚ ਕੁੱਲ 271 ਬੰਦ ਹਨ ਅਤੇ ਆਖਰੀ ਬੰਦ ਅੱਧਾ ਹੈ। ਇਹ ਆਖਰੀ ਬੰਦ ਇਸ ਲਈ ਅੱਧਾ ਹੈ ਕਿਉਂ ਕਿ ਜਿਵੇਂ ਗੁਰੂ ਸਾਹਿਬ ਨੇ ਇਸੇ ਬਾਣੀ ਵਿੱਚ ੨੬੬ਵੇਂ ਬੰਦ ਵਿੱਚ ਫੁਰਮਾਯਾ ਹੈ ਕਿ "ਕੀਰਤਿ ਤਿਹਾਰੀ ਕੋ ਨ ਪਾਰ ਪਾਈਅਤੁ ਹੈ॥੧੪॥੨੬੬॥" ਇਸੇ ਭਾਵ ਨੂੰ ਸੂਚਨ ਕਰਨ ਵਾਸਤੇ, ਗੁਰੂ ਸਾਹਿਬ ਜੀ ਨੇ ਆਖਰੀ ਛੰਦ ਦੀ ਪੂਰਨਤਾ ਨਹੀਂ ਕੀਤੀ, ਛੰਦ ਅਪੂਰਣਤਾ ਜ਼ਾਹਰ ਕਰਦਾ ਹੈ ਕਿ ਜੋ ਅਕਾਲ ਪੁਰਖ ਦੀ ਉਸਤਤਿ ਦਾ ਪਾਠ ਅਗੇ ਹੋਰ ਚੱਲਦਾ ਹੈ। ਇਸ ਬਾਣੀ ਦਾ ਪਾਠ ਤਾਂ ਇਥੇ ਸਮਾਪਤ ਹੈ, ਪਰ ਉਸ ਅਕਾਲ ਪੁਰਖ ਦੀ ਉਸਤਤਿ ਦੀ ਸਮਾਪਤੀ ਨਹੀਂ ਹੈ, ਇਸੇ ਭਾਵ ਕਰਕੇ ਹੀ ਗੁਰੂ

ਮਹਾਰਾਜ ਜੀ ਨੇ ਇਹ ਭੇਦ ਰੱਖਿਆ ਹੈ, ਅਤੇ ਇਸ ਬਾਣੀ ਦੇ ਪਾਠ ਦੀ ਪੂਰਨਤਾ ਪ੍ਰਗਟ ਕਰਨ ਵਾਸਤੇ ਸਪਸ਼ਟ ਲਿਖ ਦਿਤਾ ਹੈ :

"ਉਸਤਤਿ ਸੰਪੂਰਨੰ।।"

ਇਸ ਬਾਣੀ ਦੇ ਅਰੰਭ ਵਿੱਚ 'ਅਕਾਲ ਪੁਰਖ ਕੀ ਰੱਛਾ ਹਮਨੈ' ਦਾ ਆਦਿ ਪਦ 'ਅਕਾਲ' ਅਤੇ ਅੰਤ 'ਉਸਤਤਿ ਸੰਪੂਰਨੰ' ਦਾ ਆਦਿ ਪਦ 'ਉਸਤਤਿ' ਨੂੰ ਗ੍ਰਹਿਣ ਕਰ ਕੇ ਉਪਕਰਮ ਤੇ ਉਪ ਸੰਹਾਰ ਦੀ ਰੀਤੀ ਨਾਲ, ਇਸ ਬਾਣੀ ਦਾ ਨਾਮ ਮਹਾਂ ਪੁਰਸ਼ਾਂ, ਵਿਦਵਾਨਾਂ ਨੇ 'ਅਕਾਲ ਉਸਤਤਿ' ਰੱਖ ਦਿੱਤਾ ਹੈ, ਭਾਵੇਂ ਸਤਿਗੁਰੁ ਜੀ ਨੇ ਇਸ ਬਾਣੀ ਦਾ ਸਿਰਲੇਖ 'ਅਕਾਲ ਉਸਤਤਿ' ਨਹੀਂ ਭੀ ਲਿਖਿਆ, ਪਰ ਅੱਜ ਇਸਨੂੰ ਸਿੱਖ ਧਰਮ ਵਿੱਚ 'ਅਕਾਲ ਉਸਤਤਿ' ਨਾਮ ਕਰਕੇ ਹੀ ਜਾਣਿਆ ਜਾਂਦਾ ਹੈ। ਜਿਸ ਤਰ੍ਹਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 'ਜਪੁ' ਜੀ ਸਾਹਿਬ ਦੀ ਬਾਣੀ ਹੈ ਉਸੇ ਦੀ ਨਿਆਈ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ 'ਜਾਪੁ' ਸਾਹਿਬ ਦੀ ਬਾਣੀ। ਇਸੇ ਤਰ੍ਹਾਂ ਆਦਿ ਗ੍ਰੰਥ ਸਾਹਿਬ ਜੀ ਵਿੱਚ 'ਸੁਖਮਨੀ ਸਾਹਿਬ' ਜੀ ਦੀ ਬਾਣੀ ਹੈ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਇਹ 'ਅਕਾਲ ਉਸਤਤਿ' ਦੀ ਬਾਣੀ ਹੈ।

### 3.3 ਬਚਿੱਤਰ ਨਾਟਕ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਇੱਕ ਵੱਡੇ ਹਿੱਸੇ ਨੂੰ ਪਹਿਲਾਂ ਬਚਿਤ੍ਰ ਨਾਟਕ ਕਿਹਾ ਜਾਂਦਾ ਸੀ ਜਿਸ ਵਿੱਚ ਚੰਡੀ ਚਰਿਤ੍ਰ, ਚਉਬੀਸ ਅਵਤਾਰ, ਬ੍ਰਹਮਾ, ਰੁਦ੍ਰ ਅਵਤਾਰ ਆਦਿ ਦੀਆਂ ਗਾਥਾਵਾਂ ਸ਼ਾਮਿਲ ਸਨ। ਪਰ ਹੁਣ ਇਸ ਦਸਮ ਗ੍ਰੰਥ ਸਾਹਿਬ ਜੀ ਵਿੱਚ ਬਚਿੱਤ੍ਰ ਨਾਟਕ ਸਿਰਲੇਖ ਅਧੀਨ ਜਿਸ ਰਚਨਾ ਦਾ ਵਰਣਨ ਕੀਤਾ ਗਿਆ ਹੈ, ਉਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਆਪਣੀ ਕਥਾ ਮੰਨੀ ਜਾਂਦੀ ਹੈ। ਜਿਸ ਵਿੱਚ ਗੁਰੂ ਸਾਹਿਬ ਆਪਣਾ ਜੀਵਨ ਉਦੇਸ਼ ਪ੍ਰਗਟ ਕਰਦੇ ਹੋਏ ਫੁਰਮਾਉਂਦੇ ਹਨ :-

"ਹਮ ਇਹ ਕਾਜ ਜਗਤ ਮੋ ਆਏ।।
ਧਰਮ ਹੇਤ ਗੁਰਦੇਵ ਪਠਾਏ।।
ਜਹਾਂ ਤਹਾਂ ਤੁਮ ਧਰਮ ਬਿਥਾਰੋ।।

ਦੁਸ਼ਟ ਦੋਖੀਅਨਿ ਪਕਰਿ ਪਛਾਰੋ॥੪੨॥

ਯਾਹੀ ਕਾਜ ਧਰਾ ਹਮ ਜਨਮੰ॥

ਸਮਝ ਲੇਹੁ ਸਾਧੂ ਸਭ ਮਨਮੰ॥

ਧਰਮ ਚਲਾਵਨ ਸੰਤ ਉਬਾਰਨ॥

ਦੁਸਟ ਸਭਨ ਕੋ ਮੂਲ ਉਪਾਰਨ॥੪੩॥"

ਇਸ ਬਾਣੀ ਵਿੱਚ ਗੁਰੂ ਸਾਹਿਬ ਨੇ ਜਿਥੇ ਰਾਜਕੁਮਾਰਾਂ ਵਿੱਚ ਆਈ ਹਉਮੈ ਨੂੰ ਉਨ੍ਹਾਂ ਦੇ ਵਿਨਾਸ਼ ਦਾ ਕਾਰਨ ਦੱਸਿਆ ਹੈ, ਉਥੇ ਨਾਲ ਹੀ ਭੰਗਾਣੀ, ਹੁਸੈਨੀ ਆਦਿ ਯੁੱਧਾਂ ਦਾ ਵਰਣਨ ਵੀ ਕੀਤਾ ਗਿਆ ਹੈ। ਸ਼ਹਿਜ਼ਾਦੇ ਮੁਅੱਜ਼ਮ ਦੇ ਪੰਜਾਬ ਆਉਣ ਬਾਰੇ ਵੀ ਚਰਚਾ ਕੀਤੀ ਗਈ ਹੈ। ਇਸ ਬਾਣੀ ਵਿੱਚ ਪ੍ਰਮੁੱਖ ਤੌਰ ਤੇ ਸੰਤ-ਸਪਾਹੀ ਦੇ ਗੁਣਾਂ ਨੂੰ ਉਜਾਗਰ ਕੀਤਾ ਗਿਆ ਹੈ ਜੋ ਕਿ ਹਉਮੈ ਰਹਿਤ ਹੋ ਕੇ ਜਬਰ ਅਤੇ ਜ਼ੁਲਮ ਦਾ ਟਾਕਰਾ ਕਰਦਾ ਹੋਇਆ ਸਮਾਜ ਵਿੱਚ ਧਰਮ ਅਤੇ ਸਦਾਚਾਰ ਦੀ ਚੇਤਨਾ ਪੈਦਾ ਕਰਦਾ ਹੈ।

ਇਸ ਬਾਣੀ ਦੇ ਵਿੱਚ ਕੁੱਲ 14 ਅਧਿਆਏ ਹਨ :-

੧. ਅਧਿਆਏ ਪਹਿਲਾਂ 'ਕਾਲ ਜੀ ਕੀ ਉਸਤਤਿ'।

ਦੋਹਰਾ, ਤ੍ਰਿਭੰਗੀ ਛੰਦ॥ ਸ੍ਰੀ ਕਾਲ ਜੀ ਕੀ ਉਸਤਤਿ, ਭੁਜੰਗ ਪ੍ਰਯਾਤ ਛੰਦ, ਰਸਾਵਲ ਛੰਦ, ਰਸਾਵਲ ਛੰਦ॥ ਤ੍ਵਪ੍ਰਸਾਦਿ, ਨਰਾਜ ਛੰਦ, ਸਵੈਯਾ, ਆਦਿ ਦੇ ਅੰਤਰਗਤ ਪ੍ਰਿਥਮ ਅਧਿਆਏ ਵਿੱਚ ਕੁੱਲ ੧੦੧ ਬੰਧ ਹਨ।

੨. ਅਧਿਆਏ ਦੂਸਰਾ 'ਸੁਭ ਬੰਸ ਬਰਨਨੰ'।

ਚੌਪਈ, ਦੋਹਰਾ, ਦੇ ਅੰਤਰਗਤ ਦੁਤੀਆ ਅਧਿਆਏ ਵਿੱਚ ਕੁੱਲ 36 ਬੰਧ ਹਨ।

੩. ਅਧਿਆਏ ਤੀਸਰਾ 'ਲਵੀ ਕੁਸ਼ੀ ਜੁੱਧ ਬਰਨਨੰ'।

ਭੁਜੰਗ ਪ੍ਰਯਾਤ ਛੰਦ, ਰਸਾਵਲ ਛੰਦ, ਨਰਾਜ ਛੰਦ, ਛਪੈ ਛੰਦ, ਚੌਪਈ, ਆਦਿ ਦੇ ਅੰਤਰਗਤ ਤ੍ਰਿਤੀਆ ਅਧਿਆਏ ਦੇ ਵਿੱਚ ਕੁੱਲ 52 ਬੰਧ ਹਨ।

੪. ਅਧਿਆਏ ਚੌਥਾ 'ਬੇਦ ਪਾਠ ਭੇਟ ਰਾਜ'।

ਭੁਜੰਗ ਪ੍ਰਯਾਤ ਛੰਦ, ਰਸਾਵਲ ਛੰਦ, ਅੜਿਲ, ਦੋਹਰਾ, ਚੌਪਈ, ਦੇ ਅੰਤਰਗਤ ਚਤੁਰਥ ਅਧਿਆਏ ਵਿੱਚ ਕੁੱਲ 10 ਬੰਧ ਹਨ।

੫. ਅਧਿਆਏ ਪੰਜਵਾਂ 'ਪਾਤਸ਼ਾਹੀ ਬਰਣਨੰ'।

ਨਰਾਜ ਛੰਦ, ਦੋਹਰਾ, ਚੌਪਈ ਦੇ ਅੰਤਰਗਤ ਪੰਚਮੋ ਅਧਿਆਏ ਵਿੱਚ ਕੁੱਲ 16 ਬੰਧ ਹਨ।

੬. ਅਧਿਆਏ ਛੇਵਾਂ 'ਮਮ ਆਗਿਆ ਕਾਲ ਜਗ ਪ੍ਰਵੇਸ ਕਾਰਨ'।

ਚੌਪਈ, ਅਕਾਲ ਪੁਰਖ ਬਾਚ॥ ਚੌਪਈ, ਕਬਿ ਬਾਚ॥ ਦੋਹਰਾ, ਨਰਾਜ ਛੰਦ, ਰਸਾਵਲ ਛੰਦ, ਦੇ ਅੰਤਰਗਤ ਖਸਟਮੋ ਅਧਿਆਏ ਵਿੱਚ ਕੁੱਲ 64 ਬੰਧ ਹਨ।

੭. ਅਧਿਆਏ ਸੱਤਵਾਂ 'ਕਬਿ ਜਨਮ ਕਥਨੰ'।

ਅਥਿ ਕਬਿ ਜਨਮ ਕਥਨੰ॥ ਚੌਪਈ ਦੇ ਅੰਤਰਗਤ ਸਪਤਮੋ ਅਧਿਆਏ ਵਿੱਚ ਕੁੱਲ 3 ਬੰਧ ਹਨ।

੮. ਅਧਿਆਏ ਅੱਠਵਾਂ 'ਭੰਗਾਣੀ ਜੁੱਧ ਬਰਨਨੰ'।

ਅਥ ਰਾਜ ਸਾਜ ਕਥਨੰ॥ ਚੌਪਈ, ਭੁਜੰਗ ਪ੍ਰਯਾਤ ਛੰਦ, ਰਸਾਵਲ ਛੰਦ, ਦੋਹਰਾ, ਭੁਜੰਗ ਛੰਦ, ਚੌਪਈ ਦੇ ਅੰਤਰਗਤ ਅਸਟਮੋ ਅਧਿਆਏ ਵਿੱਚ ਕੁੱਲ 38 ਬੰਧ ਹਨ।

੯. ਅਧਿਆਏ ਨੌਵਾਂ 'ਨਦੋਨ ਜੁੱਧ ਬਰਨਨੰ'।

ਅਥ ਨਦਉਣ ਕਾ ਜੁੱਧ ਬਰਨਨੰ॥ ਚੌਪਈ, ਭੁਜੰਗ ਛੰਦ, ਮਧੁਭਾਰ ਛੰਦ, ਰਸਾਵਲ ਛੰਦ, ਦੋਹਰਾ, ਚੌਪਈ ਦੇ ਅੰਤਰਗਤ ਨੌਮੋ ਅਧਿਆਏ ਵਿੱਚ ਕੁੱਲ ੨੪ ਬੰਧ ਹਨ।

੧੦. ਅਧਿਆਏ ਦੱਸਵਾਂ 'ਖਾਨਜਾਦੇ ਕੋ ਤ੍ਰਾਸਿਤ ਉਠ ਜੈਬੇ ਬਰਨਨੰ'।

ਚੌਪਈ, ਭੁਜੰਗ ਪ੍ਰਯਾਤ ਛੰਦ, ਨਰਾਜ ਛੰਦ, ਦੋਹਰਾ ਦੇ ਅੰਤਰਗਤ ਦਸਮੋ ਅਧਿਆਏ ਵਿੱਚ ਕੁੱਲ ੧੦ ਬੰਧ ਹਨ।

੧੧. ਅਧਿਆਏ ਗਿਆਰਵਾਂ 'ਹੁਸੈਨੀ ਬਧ ਕ੍ਰਿਪਾਲ ਹਿੰਮਤ ਸੰਗਤੀਆ ਬਧ ਬਰਨਨੰ'।

ਭੁਜੰਗ ਪ੍ਰਯਾਤ ਛੰਦ, ਦੋਹਰਾ, ਚੌਪਈ, ਮਧੁਭਾਰ ਛੰਦ, ਤ੍ਰਿਭੰਗੀ ਛੰਦ, ਭੁਜੰਗ ਛੰਦ, ਰਸਾਵਲ ਛੰਦ, ਪਾਧੜੀ ਛੰਦ, ਨਰਾਜ ਛੰਦ ਦੇ ਅੰਤਰਗਤ ਗਿਆਰਮੋ ਅਧਿਆਏ ਵਿੱਚ ਕੁੱਲ 69 ਬੰਧ ਹਨ।

੧੨. ਅਧਿਆਏ ਬਾਹਰਵਾਂ 'ਜੁਝਾਰ ਸਿੰਹ ਜੁਧ ਬਰਨਨੰ'।

ਚੌਪਈ, ਰਸਾਵਲ ਛੰਦ, ਦੋਹਰਾ ਦੇ ਅੰਤਰਗਤ ਦ੍ਵਾਦਸਮੋ ਅਧਿਆਏ ਵਿੱਚ ਕੁੱਲ ੧੨ ਬੰਧ ਹਨ।

੧੩. ਅਧਿਆਏ ਤੇਹਰਵਾਂ 'ਸ਼ਾਹਜ਼ਾਦੇਵ ਅਹਦੀ ਆਗਮਨ ਬਰਨਨੰ'।

ਸਹਜਾਦੇ ਕੋ ਆਗਮਨ ਮਦ੍ਰ ਦੇਸ।। ਚੌਪਈ, ਦੋਹਰਾ, ਚੌਪਈ, ਚਾਰਣੀ।। ਦੋਹਰਾ ਦੇ ਅੰਤਰਗਤ ਤ੍ਰੌਦਸਮੋ ਅਧਿਆਏ ਵਿੱਚ ਕੁੱਲ 25 ਬੰਧ ਹਨ।

੧੪. ਅਧਿਆਏ ਚੌਧਵਾਂ 'ਸਰਬ ਕਾਲ ਕੀ ਬੇਨਤੀ ਬਰਨਨੰ'।

ਚੌਪਈ ਦੇ ਅੰਤਰਗਤ ਚੌਦਸਮੋ ਅਧਿਆਇ ਵਿੱਚ ਕੁੱਲ ੧੧ ਬੰਧ ਹਨ।

ਇਸ ਤਰ੍ਹਾਂ ਇਹ 'ਬਚਿਤ੍ਰ ਨਾਟਕ' ਬਾਣੀ ਚੌਧਾਂ ਅਧਿਆਇਆਂ ਵਿੱਚ ਸੰਪੂਰਨ ਹੁੰਦੀ ਹੈ। ਇਹਨਾਂ ੧੪ ਅਧਿਆਇਆਂ ਦੇ ਸਾਰੇ ਬੰਧਾ ਨੂੰ ਮਿਲਾ ਕੇ ਕੁੱਲ ੪੭੧ ਬੰਧ ਬਣਦੇ ਹਨ। ੧੪ ਅਧਿਆਏ-੪੭੧ ਬੰਧ ਹਨ।

### 3.4 ਚੰਡੀ ਚਰਿਤ੍ਰ ਉਕਤਿ ਬਿਲਾਸ

ਇਹ ਰਚਨਾ ਮਾਰਕੰਡੇ ਪੁਰਾਣ ਦਾ ਹਿੱਸਾ ਹੈ। ਇਸ ਪੁਰਾਣ ਵਿੱਚ ਇਹ ਰਚਨਾ 'ਦੁਰਗਾ ਸਪਤਸ਼ਤੀ' ਦੇ ਨਾਂ ਨਾਲ ਜਾਣੀ ਜਾਂਦੀ ਹੈ ਜਿਸ ਦੇ ਲਗਭਗ ੭00 ਸਲੋਕ ਹਨ। ਪਰ ਜੋ ਇਹ ਬਾਣੀ ਹੈ ਇਸਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਢੰਗ ਨਾਲ ਪੇਸ਼ ਕੀਤਾ ਹੈ।

ਗੁਰੂ ਸਾਹਿਬ ਦਾ ਉਦੇਸ਼ ਆਮ ਭਾਰਤੀ ਜਨਤਾ ਨੂੰ ਧਰਮ ਯੁੱਧ ਲਈ ਤਿਆਰ ਕਰਨਾ ਸੀ। ਲੋਕਾਂ ਦੇ ਮਨ ਵਿੱਚ ਪ੍ਰਚੱਲਤ ਕਥਾ-ਕਹਾਣੀਆਂ ਰਾਂਹੀ ਨਿਰਭੈਤਾ ਦੇ ਗੁਣ ਉਜਾਗਰ ਕਰਨ ਲਈ ਗੁਰੂ ਜੀ ਨੇ ਇਸ ਬਾਣੀ ਦੀ ਰਚਨਾ ਕੀਤੀ ਸੀ। ਇਸ ਰਚਨਾ ਦੇ ਮੰਗਲਾਚਰਣ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਜੀ ਚੰਡੀ ਦੇ ਉਪਾਸ਼ਕ ਨਹੀਂ ਸਨ ਬਲਕਿ ਗੁਰੂ ਸਾਹਿਬ ਚੰਡੀ ਨੂੰ

ਵੀ ਅਕਾਲ ਪੁਰਖ ਤੋਂ ਪੈਦਾ ਹੋਈ ਮੰਨਦੇ ਹਨ। ਗੁਰੂ ਮਹਾਰਾਜ ਕਹਿੰਦੇ ਹਨ ਕਿ ਚੰਡੀ ਉਤੇ ਵੀ ਅਕਾਲ ਪੁਰਖ ਦੀ ਕ੍ਰਿਪਾ ਹੈ।

ਇਸ ਬਾਣੀ ਦੇ ਵਿੱਚ ਅੱਠ ਅਧਿਆਏ ਹਨ। ਅਤੇ ਅੱਠਾਂ ਅਧਿਆਇਆਂ ਨੂੰ ਮਿਲਾ ਕੇ ਕੁੱਲ ੨੩੩ ਬੰਦ ਹਨ।

੧. ਅਧਿਆਏ ਪਹਿਲਾਂ 'ਮਧੁ ਕੈਟਬ ਬਧਹਿ'।

ਸਵੈਯਾ, ਦੋਹਰਾ, ਤੋਟਕ ਛੰਦ॥ ਮੁਨੀਸ਼ਰੋਵਾਚ, ਸੋਰਠਾ ਦੇ ਅੰਤਰਗਤ ਪ੍ਰਥਮ ਅਧਿਆਏ ਵਿੱਚ ਕੁੱਲ ੧੨ ਬੰਦ ਹਨ।

੨. ਅਧਿਆਏ ਦੂਸਰਾ 'ਮਹਖਾਸੁਰ ਬਧਹਿ'।

ਪਰਹਾ, ਸਵੈਯਾ, ਦੋਹਰਾ, ਰੇਖਤਾ, ਕਬਿੱਤ ਦੇ ਅੰਤਰਗਤ ਦੁਤੀਆ ਅਧਿਆਏ ਵਿੱਚ ਕੁਲ 40 ਬੰਦ ਹਨ।

੩. ਅਧਿਆਏ ਤੀਸਰਾ 'ਧੂਮ੍ਰਨੈਣ ਬਧਹਿ'।

ਦੋਹਰਾ, ਸਵੈਯਾ, ਸੋਰਠ, ਕਬਿੱਤ, ਦੇ ਅੰਤਰਗਤ ਤ੍ਰਿਤਯ ਅਧਿਆਏ ਵਿੱਚ ਕੁਲ 48 ਬੰਦ ਹਨ।

੪. ਅਧਿਆਏ ਚੌਥਾ 'ਚੰਡਮੁੰਡ ਬਧਿਹ'।

ਸਵੈਯਾ, ਦੋਹਰਾ, ਦੇ ਅੰਤਰਗਤ ਚਤ੍ਰਥ ਅਧਿਆਏ ਵਿੱਚ ਕੁਲ ੧੬ ਬੰਧ ਹਨ।

੫. ਅਧਿਆਏ ਪੰਜਵਾਂ 'ਰਕਤਬੀਜ ਬਧਹਿ'।

ਸੋਰਠ, ਦੋਹਰਾ, ਸਵੈਯਾ, ਸੋਰਠਾ, ਦੇ ਅੰਤਰਗਤ ਪੰਚਮੋ ਅਧਿਆਏ ਵਿੱਚ ਕੁੱਲ 56 ਬੰਧ ਹਨ।

੬. ਅਧਿਆਏ ਛੇਵਾਂ 'ਨਿਸੁੰਭ ਬਧਹਿ'।

ਸਵੈਯਾ, ਦੋਹਰਾ, ਕਬਿਤੁ ਦੇ ਅੰਤਰਗਤ ਖਸ਼ਟਮੋਂ ਅਧਿਆਏ ਵਿੱਚ ਕੁੱਲ 30 ਬੰਧ ਹਨ।

੭. ਅਧਿਆਏ ਸੱਤਵਾਂ 'ਸੁੰਭ ਬਧਹਿ।'

ਦੋਹਰਾ, ਸਵੈਯਾ, ਕਬਿੱਤੁ ਦੇ ਅੰਤਰਗਤ ਸਪਤਮੋ ਅਧਿਆਏ ਵਿੱਚ ਕੁੱਲ ੨੨ ਬੰਧ ਹਨ।

੮. ਅਧਿਆਏ ਅੱਠਵਾਂ 'ਦੇਵ ਸੁਰੇਸ ਸਹਿਤ ਜੈਕਾਰ ਸਬਦੁ ਕਰਾ'

ਸਵੈਯਾ, ਕਬਿੱਤ, ਦੋਹਰਾ ਦੇ ਅੰਤਰਗਤ ਅਸਟਮੋ ਅਧਿਆਏ ਵਿੱਚ ਕੁੱਲ ੯ ਬੰਧ ਹਨ।

ਇਸ ਬਾਣੀ ਵਿੱਚ ਗੁਰੂ ਸਾਹਿਬ ਨੇ ਜੋ ਚੰਡੀ ਦਾ ਦੈਂਤਾਂ ਨਾਲ ਯੁੱਧ ਹੋਇਆ ਹੈ ਉਸ ਨੂੰ ਬਿਆਨ ਕੀਤਾ ਹੈ। ਇਸ ਵਿੱਚ ਚੰਡੀ ਨੇ ਮੱਧੁ ਕੈਟਬ, ਮਹਿਖਾਸੁਰ, ਧੂਮਰਨੈਣ, ਚੰਡ ਮੁੰਡ, ਰਕਤਬੀਜ, ਨਿਸੁੰਭ, ਸੁੰਭ ਦੈਂਤਾਂ ਦਾ ਸੰਘਾਰ ਕੀਤਾ ਹੈ ਅਤੇ ਅੰਤਲੇ ਅਧਿਆਏ ਵਿੱਚ ਜੋ ਦੇਵਤਿਆਂ ਨੇ ਇੰਦਰ ਸਹਿਤ ਜਗਮਾਤ ਦੁਰਗਾ ਦੀ ਜੈ ਜੈ ਕਾਰ ਕੀਤੀ ਹੈ ਉਸ ਵਿੱਚ ਗੁਰੂ ਸਾਹਿਬ ਇਹ ਸਪਸ਼ਟ ਕਰਦੇ ਹੋਏ ਕਹਿੰਦੇ ਹਨ ਕਿ ਮੇਰੇ ਮਨ ਵਿੱਚ ਹੋਰ ਕੋਈ ਕਾਮਨਾ ਨਹੀਂ ਹੈ, ਮੈਂ ਕੇਵਲ ਮੁਰਦਾ ਹੋ ਚੁਕੇ ਭਾਰਤਵਾਸੀਆਂ ਵਿੱਚ ਧਰਮ-ਜੁੱਧ ਦਾ ਚਾਅ ਤੇ ਬੀਰ ਰਸ ਪੈਦਾ ਕਰਨ ਲਈ ਇਸ ਬਾਣੀ ਦੀ ਰਚਨਾ ਕੀਤੀ ਹੈ।

[1]'ਦੋਹਰਾ॥ ਗ੍ਰੰਥ ਸਤਿਸਯ ਕੋ ਕਰਿਓ ਜਾ ਸਮ ਅਵਰ ਨ ਕੋਇ॥
ਜਿਹ ਨਮਿੱਤ ਕਵਿ ਨੇ ਕਹਿਓ ਸੁ ਦੇਹ ਚੰਡਕਾ ਸੋਇ॥੨੩੩॥'

## 3.5 ਚੰਡੀ ਚਰਿਤ੍ਰ ਲਿਖਯਤੇ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਇੱਕੋ ਵਿਸ਼ੇ ਤੇ ਇਹ ਦੂਸਰੀ ਰਚਨਾ ਹੈ। ਇਸ ਬਾਣੀ ਵਿੱਚ ਵੀ ਦੁਰਗਾ ਦੇ ਰਾਖਸ਼ਾਂ ਨਾਲ ਯੁੱਧ ਦਾ ਵਰਣਨ ਕੀਤਾ ਗਿਆ ਹੈ। ਇਸ ਬਾਣੀ ਨੂੰ 'ਚੰਡੀ ਚਰਿਤ੍ਰ ਦੂਸਰਾ' ਵੀ ਕਹਿੰਦੇ ਹਨ। ਇਸ ਬਾਣੀ ਵਿੱਚ ਸਵੈਮਾਨ, ਦੇਸ ਅਤੇ ਧਰਮ ਦੀ ਰੱਖਿਆ ਲਈ ਵਚਨਬੱਧ ਹੋਣ ਦੀ ਪ੍ਰੇਰਨਾ ਕੀਤੀ ਗਈ ਹੈ। ਇਸ ਬਾਣੀ ਦੇ ਵੀ ਅੱਠ ਅਧਿਆਏ ਹਨ।

**੧. ਪਹਿਲਾ ਅਧਿਆਏ 'ਮਹਿਖਾਸੁਰ ਬਧਹ'**

ਨਰਾਜ ਛੰਦ, ਰਸਾਵਲ ਛੰਦ, ਭੁਜੰਗ ਪ੍ਰਯਾਤ ਛੰਦ, ਤੋਟਕ ਛੰਦ, ਮਧੁਭਾਰ ਛੰਦ, ਰੁਆਮਲ ਛੰਦ, ਦੋਹਰਾ। ਇਹਨਾ ਛੰਦਾ ਦੇ ਅੰਤਰਗਤ ਪ੍ਰਥਮ ਅਧਿਆਇ ਦੇ ਕੁਲ 38 ਛੰਦ ਹਨ।

---

1 ਸ੍ਰੀ ਦਸ਼ਮ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੰਨਾ 98, ਬਾਣੀ ਚੰਡੀ ਚਰਿਤ੍ਰ ਉਕਤਿ ਬਿਲਾਸ।

### ੨. ਦੂਸਰਾ ਅਧਿਆਏ 'ਧੂਮ੍ਰ ਨੈਨ ਬਧਹ'

ਕੁਲਕ ਛੰਦ, ਦੋਹਰਾ, ਚੌਪਈ, ਨਰਾਜ ਛੰਦ, ਰਸਾਵਲ ਛੰਦ, ਭੁਜੰਗ ਪ੍ਰਯਾਤ ਛੰਦ, ਇਹਨਾ ਬੰਦਾ ਦੇ ਅੰਤਰਗਤ ਦੁਤੀਅ ਅਧਿਆਇ ਵਿਚ ਕੁਲ 26 ਛੰਦ ਹਨ।

### ੩. ਤੀਸਰਾ ਅਧਿਆਏ 'ਚੰਡ ਮੁੰਡ ਬਧਹ'

ਦੋਹਰਾ, ਚੌਪਈ, ਰੁਆਲ ਛੰਦ ਦੇ ਅੰਤਰਗਤ ਤ੍ਰਿਤੀਯੋ ਅਧਿਆਇ ਵਿੱਚ ਕੁਲ ੧੩ ਛੰਦ ਹਨ।

### ੪. ਚੌਥਾ ਅਧਿਆਏ 'ਰਕਤਬੀਰਜ ਬਧਹ'

ਸੋਰਠਾ, ਚੌਪਈ, ਭੁਜੰਗ ਪ੍ਰਯਾਤ ਛੰਦ, ਰਸਾਵਲ ਛੰਦ, ਬਿਜੇ ਛੰਦ, ਮਨੋਹਰ ਛੰਦ, ਸੰਗੀਤ ਭੁਜੰਗ ਪ੍ਰਯਾਤ ਛੰਦ, ਨਰਾਜ ਛੰਦ। ਇਹਨਾ ਸਾਰੇ ਛੰਦਾਂ ਦੇ ਅਧੀਨ ਚਤੁਰਥ ਅਧਿਆਇ ਵਿੱਚ ਕੁੱਲ ੪੫ ਛੰਦ ਹਨ।

### ੫. ਅਧਿਆਏ ਪੰਜਵਾਂ 'ਨਿਸੁੰਭ ਬਧਹ'

ਦੋਹਰਾ, ਭੁਜੰਗ ਪ੍ਰਯਾਤ ਛੰਦ, ਰਸਾਵਲ ਛੰਦ, ਬੇਲੀ ਬਿੰਦ੍ਰਮ ਛੰਦ, ਨਿਰਾਜ ਛੰਦ, ਮਧੁਭਾਰ ਛੰਦ, ਬਿਰਧ ਨਿਰਾਜ ਛੰਦ ਦੇ ਅੰਤਰਗਤ ਪੰਚਮੋ ਅਧਿਆਇ ਵਿੱਚ ਕੁੱਲ ੩੪ ਛੰਦ ਹਨ।

### ੬. ਅਧਿਆਏ ਛੇਵਾਂ 'ਸੁੰਭ ਬਧਹ'

ਭੁਜੰਗ ਪ੍ਰਯਾਤ ਛੰਦ, ਨਰਾਜ ਛੰਦ, ਸੰਗੀਤ ਮਧੁਭਾਰ ਛੰਦ, ਸੰਗੀਤ ਨਰਾਜ ਛੰਦ, ਰਸਾਵਲ ਛੰਦ, ਦੋਹਰਾ, ਚੌਪਈ, ਮਧੁਭਾਰ ਛੰਦ, ਬੇਲੀ ਬਿੰਦ੍ਰਮ ਛੰਦ, ਇਹਨਾ ਸਮੂਹ ਛੰਦਾਂ ਦੇ ਅੰਤਰਗਤ ਖਸਟਮੋ ਅਧਿਆਇ ਵਿੱਚ ਕੁੱਲ ੬੩ ਛੰਦ ਹਨ।

### ੭. ਅਧਿਆਏ ਸੱਤਵਾਂ 'ਦੇਵੀ ਜੂ ਕੀ ਉਸਤਤ'

ਬੇਲੀ ਬਿੰਦ੍ਰਮ ਛੰਦ, ਦੇਵੀ ਜੂ ਕੀ ਉਸਤਤ।। ਭੁਜੰਗ ਪ੍ਰਯਾਤ ਛੰਦ, ਚੌਪਈ ਦੇ ਅੰਤਰਗਤ ਸਪਤਮੋ ਅਧਿਆਇ ਵਿੱਚ ਕੁੱਲ ੩੭ ਛੰਦ ਹਨ।

**੮.	ਅਧਿਆਏ ਅੱਠਵਾਂ 'ਚੰਡੀ ਚਰਿਤ੍ਰ ਉਸਤਤ ਬਰਨਨੰ'**

ਭੁਜੰਗ ਪ੍ਰਯਾਤ ਛੰਦ ਅਤੇ ਦੋਹਰਾ ਦੇ ਅੰਤਰਗਤ ਅਸਟਮੋ ਅਧਿਆਇ ਵਿੱਚ ਕੁੱਲ ੬ ਛੰਦ ਹਨ।

ਇਹਨਾਂ ਅੱਠਾਂ ਅਧਿਆਇਆ ਦੇ ਕੁੱਲ 262 ਛੰਦ ਹਨ।

### 3.6 ਚੰਡੀ ਦੀ ਵਾਰ

ਇਸ ਬਾਣੀ ਨੂੰ 'ਵਾਰ ਦੁਰਗਾ ਕੀ' ਵੀ ਕਿਹਾ ਜਾਂਦਾ ਹੈ। ਇਸ ਬਾਣੀ ਦੀਆਂ ਕੁੱਲ 55 ਪਉੜੀਆਂ ਹਨ। ਇਹ ਰਚਨਾ ਦੁਰਗਾ ਅਤੇ ਰਾਖਸ਼ਾਂ ਵਿਚਕਾਰ ਯੁੱਧ ਤੇ ਆਧਾਰਿਤ ਹੈ। ਇਸ ਬਾਣੀ ਦੇ ਅਰੰਭ ਵਿੱਚ ਪਹਿਲਾਂ ਅਕਾਲ ਪੁਰਖ 'ਵਾਹਿਗੁਰੂ' ਜੀ ਦਾ ਮੰਗਲ ਹੈ, ਫਿਰ 'ਸ੍ਰੀ ਭਗਉਤੀ ਜੀ ਸਹਾਇ।।' ਅਕਾਲ ਪੁਰਖ ਦੀ ਸ਼ਕਤੀ ਦਾ ਫਿਰ 'ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦' ਜੋ ਦੁਰਗਾ ਨੇ ਯੁੱਧ ਕੀਤੇ ਹਨ, ਉਸ ਦੀ ਕ੍ਰਿਪਾਨ ਜਿਸ ਨੂੰ ਭਗਉਤੀ ਵੀ ਕਹਿੰਦੇ ਹਨ ਉਸਦਾ ਮੰਗਲ ਹੈ ਅੱਗੇ ਫਿਰ ਵਾਰ ਸ਼ੁਰੂ ਹੁੰਦੀ ਹੇ। ਇਸ ਬਾਣੀ ਦੀ ਜੋ ਪਹਿਲੀ ਪਉੜੀ ਹੈ ਜਿਸ ਵਿੱਚ ਗੁਰੂ ਸਾਹਿਬ ਨੇ ਇਸ ਵਾਰ ਨੂੰ ਪ੍ਰਾਰੰਭ ਕਰਨ ਤੋਂ ਪਹਿਲਾਂ ਆਪਣੇ ਤੋਂ ਪਹਿਲਾਂ ਜੋ ਨੌਂ ਸ੍ਵਰੂਪ ਹਨ। ਉਹਨਾਂ ਦੇ ਨਾਂ ਲੈ ਕੇ ਉਹਨਾਂ ਦਾ ਮੰਗਲ ਕੀਤਾ ਹੈ। ਤੇ ਅੰਤਲੀ ਤੁੱਕ ਵਿੱਚ ਕਿਹਾ ਹੈ ਕਿ ਜੋ ਇਹਨਾ ਗੁਰੂ ਸਾਹਿਬਾਨ ਦੇ ਨਾਂ ਦਾ ਜਾਪ ਜਪੇਗਾ ਉਸ ਦੀ ਗੁਰੂ ਸਾਹਿਬ ਹਰ ਥਾਂ ਸਹਾਇਤਾ ਕਰਨਗੇ।

[1]"ਪਉੜੀ।। ਪ੍ਰਿਥਮ ਭਗਉਤੀ ਸਿਮਰਕੈ ਗੁਰ ਨਾਨਕ ਲਈਂ ਧਿਆਇ।।
ਫਿਰ ਅੰਗਦ ਗੁਰ ਤੇ ਅਮਰਦਾਸ ਰਾਮਦਾਸੈ ਹੋਈਂ ਸਹਾਇ।।
ਅਰਜਨ ਹਰਿਗੋਬਿੰਦ ਨੋ ਸਿਮਰੌਂ ਸ੍ਰੀ ਹਰਿਰਾਏ।।
ਸ੍ਰੀ ਹਰਿਕ੍ਰਿਸਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ।।
ਤੇਗ ਬਹਾਦਰ ਸਿਮਰਿਐ ਘਰ ਨਉਨਿਧਿ ਆਵੈ ਧਾਇ।।

---

1	ਸ੍ਰੀ ਦਸਮ ਗ੍ਰੰਥਾ ਸਾਹਿਬ ਜੀ, ਚੰਡੀ ਦੀ ਵਾਰ, ਪਉੜੀ 1, ਪੰਨਾ 119

ਸਭ ਥਾਈਂ ਹੋਇ ਸਹਾਇ॥੧॥'

ਇਸ ਪਉੜੀ ਦੀ ਬਹੁਤ ਵੱਡੀ ਮਹਾਨਤਾ ਹੈ, ਇਹ ਪਉੜੀ ਬਹੁਤ ਪ੍ਰਚਲਤ ਹੈ। ਹਰ ਸਿੱਖ ਇਸ ਪਹਿਲੀ ਪਉੜੀ ਨੂੰ ਜਾਣਦਾ ਹੈ ਕਿਉਂ ਕਿ ਇਸ ਪਉੜੀ ਤੋਂ ਹੀ ਸਿੱਖ ਧਰਮ ਦੀ ਅਰਦਾਸ ਬਣੀ ਹੈ। ਇਸ ਲਈ ਇਹ ਪਉੜੀ ਹਰ ਸਮਾਗਮ, ਹਰ ਗੁਰਦੁਆਰੇ ਹਰ ਸਿੱਖ ਧਾਰਮਿਕ ਅਸਥਾਨ ਤੇ ਅਰਦਾਸ ਰੂਪ ਵਿੱਚ ਤੇ ਕੀਰਤਨ ਰੂਪ ਵਿੱਚ ਪੜ੍ਹੀ ਸੁਣੀ ਤੇ ਗਾਈ ਜਾਂਦੀ ਹੈ।

ਇਸ ਬਾਣੀ 'ਚੰਡੀ ਦੀ ਵਾਰ' ਵਿੱਚ ਫਿਰ ਚੰਡੀ ਦੇ ਯੁੱਧ ਦਾ ਵਰਣਨ ਸ਼ੁਰੂ ਹੁੰਦਾ ਹੈ, ਜਦੋਂ ਸੱਤਯੁਗ ਬੀਤ ਗਿਆ ਤੇ ਤ੍ਰੇਤਾ ਯੁੱਗ ਆਇਆ ਉਸ ਵਿੱਚ ਇੰਦਰ ਦੇਵਤਾ ਰਾਖਸ਼ਾਂ ਤੋਂ ਹਾਰ ਖਾ ਕੇ ਦੁਰਗਾ ਕੋਲ ਸਹਾਇਤਾ ਲਈ ਆਉਂਦਾ ਹੈ। ਦੁਰਗਾ ਉਸ ਨੂੰ ਸਹਾਇਤਾ ਲਈ ਵਚਨ ਦਿੰਦੀ ਹੈ ਅਤੇ ਸ਼ੇਰ ਦੀ ਸਵਾਰੀ ਕਰਕੇ ਰਾਖਸ਼ਾਂ ਨੂੰ ਮਾਰ ਦਿੰਦੀ ਹੈ ਉਹਨਾਂ ਦਾ ਸੰਘਾਰ ਕਰ ਦਿੰਦੀ ਹੈ। ਇੰਦਰ ਨੂੰ ਉਸਦਾ ਰਾਜ ਵਾਪਸ ਲੈ ਦਿੰਦੀ ਹੈ ਜੋ ਪਹਿਲਾਂ ਰਾਖਸ਼ਾਂ ਦੁਆਰਾ ਇੰਦਰ ਤੋਂ ਖੋਹ ਲਿਆ ਹੁੰਦਾ ਹੈ। ਦੁਰਗਾ ਦੇ ਸਨਮੁੱਖ ਲੜਨ ਵਾਲੇ ਯੋਧਿਆਂ ਵਿੱਚ ਮਹਿਖਾਸੁਰ, ਚੰਡ, ਮੁੰਡ, ਧੂਮ੍ਰਲੋਚਨ, ਸ਼੍ਰੋਣਤਬੀਜ (ਸ੍ਰਣਵਤਬੀਜ), ਸੁੰਭ ਤੇ ਨਿਸੁੰਭ ਆਦਿ ਸ਼ਾਮਿਲ ਹਨ। ਦੁਰਗਾ ਇੱਕਲੀ ਹੀ ਉਹਨਾਂ ਨਾਲ ਯੁੱਧ ਕਰ ਕੇ ਜਿੱਤ ਪ੍ਰਾਪਤ ਕਰਦੀ ਹੈ।

ਇਸ ਬਾਣੀ ਦਾ ਖਾਸ ਮਨੋਰਥ ਆਮ ਲੋਕਾਂ ਵਿੱਚ ਜੋਸ਼ ਅਤੇ ਉਤਸ਼ਾਹ ਪੈਦਾ ਕਰਨਾ ਹੈ ਤੇ ਕਾਇਰਤਾ ਨੂੰ ਦੂਰ ਕਰਕੇ ਬੀਰ ਰਸ ਪੈਦਾ ਕਰਨਾ ਹੈ। ਉਸ ਸਮੇਂ ਕਮਜ਼ੋਰ ਅਤੇ ਅਬਲਾ ਦੇ ਰੂਪ ਵਿੱਚ ਪੇਸ਼ ਕੀਤੀ ਜਾ ਰਹੀ ਇਸਤਰੀ ਨੂੰ ਵੱਡੇ-ਵੱਡੇ ਦੈਂਤਾਂ ਨਾਲ ਲੜਦੇ ਹੋਏ ਦਿਖਾਉਣਾ, ਨਿਰਬਲ ਹੋ ਚੁੱਕੀ ਭਾਰਤੀ ਕੌਮ ਨੂੰ ਉਤਸ਼ਾਹਿਤ ਅਤੇ ਬੀਰ ਬਣਾਉਣ ਦਾ ਵੀ ਯਤਨ ਹੈ। ਇਸ ਬਾਣੀ ਵਿੱਚ ਅਕਾਲ ਪੁਰਖ ਨੂੰ ਸ੍ਰਿਸ਼ਟੀ ਦਾ ਕਰਤਾ ਮੰਨ ਕੇ ਉਸ ਦੀ ਉਸਤਤਿ ਕੀਤੀ ਗਈ ਹੈ। ਅਕਾਲ ਪੁਰਖ ਨੇ ਹੀ ਦੇਵਤਿਆਂ ਅਤੇ ਦਾਨਵਾਂ ਦੀ ਸਿਰਜਨਾ ਕਰ ਕੇ ਉਹਨਾਂ ਅੰਦਰ ਬਲ ਪੈਦਾ ਕੀਤਾ ਹੈ, ਦੁਰਗਾ ਨੂੰ ਵੀ ਆਪ ਹੀ ਸਾਜ (ਬਣਾ) ਕੇ ਦੈਂਤਾ ਦਾ ਨਾਸ ਕਰਵਾਇਆ ਹੈ। ਤੇ ਰਾਮ ਚੰਦ੍ਰ ਜੀ ਨੇ ਵੀ ਉਸ ਅਕਾਲ ਪੁਰਖ ਤੋਂ ਹੀ ਬਲ ਪ੍ਰਾਪਤ ਕਰਕੇ ਅਹੰਕਾਰੀ ਰਾਵਣ ਦਾ

ਸੰਘਾਰ ਕੀਤਾ ਅਤੇ ਕ੍ਰਿਸ਼ਨ ਜੀ ਨੇ ਵੀ ਉਸ ਅਕਾਲ ਪੁਰਖ ਤੋਂ ਹੀ ਬਲ ਲੈ ਕੇ ਕੰਸ ਨੂੰ ਮਾਰਿਆ ਹੈ। ਪਰ ਕੋਈ ਵੀ ਉਸ ਅਕਾਲ ਪੁਰਖ ਦਾ ਅੰਤ ਨਹੀਂ ਪਾ ਸਕਿਆ ਨਾਂ ਹੀ ਪਾ ਸਕਦਾ ਹੈ।

[1]'ਪਉੜੀ॥ ਖੰਡਾ ਪ੍ਰਿਥਮੈ ਸਾਜਿਕੈ ਜਿਨ ਸਭ ਸੈਸਾਰੁ ਉਪਾਇਆ॥
ਬ੍ਰਹਮਾ ਬਿਸ਼ਨ ਮਹੇਸ਼ ਸਾਜਿ ਕੁਦਰਤਿ ਦਾ ਖੇਲੁ ਰਚਾਇ ਬਣਾਇਆ॥
ਸਿੰਧ ਪਰਬਤ ਮੇਦਨੀ ਬਿਨੁ ਥੰਮਾ ਗਗਨਿ ਰਹਾਇਆ॥
ਸਿਰਜੇ ਦਾਨੋ ਦੇਵਤੇ ਤਿੰਨ ਅੰਦਰਿ ਬਾਦੁ ਰਚਾਇਆ॥
ਤੈ ਹੀ ਦੁਰਗਾ ਸਾਜਿ ਕੈ ਦੈਂਤਾ ਦਾ ਨਾਸੁ ਕਰਾਇਆ॥
ਤੈਥੋ ਹੀ ਬਲੁ ਰਾਮ ਲੈ ਨਾਲ ਬਾਣਾ ਦਹਸਿਰੁ ਘਾਇਆ॥
ਤੈਥੋਂ ਹੀ ਬਲੁ ਕ੍ਰਿਸ਼ਨ ਲੈ ਕੰਸੁ ਕੇਸੀ ਪਕੜਿ ਗਿਰਾਇਆ॥
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ॥
ਕਿਨੀ ਤੇਰਾ ਅੰਤੁ ਨ ਪਾਇਆ॥੨॥'

## 3.7 ਗਿਆਨ ਪ੍ਰਬੋਧ

ਇਸ ਪਾਵਨ ਪਵਿੱਤਰ ਬਾਣੀ ਦਾ ਸਿਰਲੇਖ ਹੀ ਇਸ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ ਕਿ ਇਹ ਪਵਿੱਤਰ ਰਚਨਾ ਗਿਆਨ ਦਾ ਮਾਰਗ ਦਰਸਾਉਂਦੀ ਹੈ। ਇਹ ਬ੍ਰਜ ਭਾਸ਼ਾ ਵਿੱਚ ਗੁੰਦੀ ਇਸ ਬਾਣੀ ਵਿੱਚ ਮਿਲਦੇ ਵਿਸ਼ਿਆਂ ਦੇ ਆਧਾਰ ਤੇ ਇਸ ਨੂੰ ਦੋ ਭਾਗਾਂ ਵਿੱਚ ਵੰਡ ਕੇ ਦੇਖਿਆ ਜਾ ਸਕਦਾ ਹੈ। ਪਹਿਲੇ ਭਾਗ ਵਿੱਚ ੧੨੫ ਛੰਦ ਅਕਾਲ ਮਹਿਮਾ ਨਾਲ ਸੰਬੰਧਿਤ ਹਨ ਅਤੇ ਬਾਕੀ ਦੇ ੨੧੧ ਛੰਦ ਜਗਤ ਦੇ ਵਿਹਾਰਕ ਫਲਸਫੇ ਦਾ ਪ੍ਰਗਟਾਵਾ ਕਰਦੇ ਹਨ ਜਿਸ ਵਿੱਚ ਚਾਰ ਪਦਾਰਥਾਂ-ਧਰਮ, ਅਰਥ, ਕਾਮ ਅਤੇ ਮੋਕਸ਼-ਦਾ ਪ੍ਰਭਾਵ ਜੀਵਨ ਵਿੱਚ ਪ੍ਰਤੱਖ ਨਜ਼ਰ ਆਉਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਇਸ ਰਚੀ ਪਵਿੱਤ੍ਰ ਬਾਣੀ 'ਗਿਆਨ ਪ੍ਰਬੋਧ' ਦੇ ਆਰੰਭ ਵਿੱਚ ਪਹਿਲੇ ਨਿਰਗੁਨ ਤੇ ਸਰਗੁਨ ਪ੍ਰਭੂ ਦੀ ਉਸਤਤਿ ਕੀਤੀ ਹੈ। ਇਹੋ ਹੀ ਇਸ

1 ਸ੍ਰੀ ਦਸਮ ਗ੍ਰੰਥਾ ਸਾਹਿਬ ਜੀ, ਚੰਡੀ ਦੀ ਵਾਰ, ਪਉੜੀ 2, ਪੰਨਾ 119

ਬਾਣੀ ਦਾ ਵਸਤੂ ਨਿਰਦੇਸ਼ ਮੰਗਲ ਹੈ। ਫਿਰ ਸਤਿਗੁਰੂ ਜੀ ਨੇ ਪੁਰਾਤਨ ਗ੍ਰੰਥਾਂ ਵਿਚੋਂ ਮਹਾ ਭਾਰਤ ਆਦਿ ਦੀ ਕਥਾ ਦਾ ਵਰਣਨ ਕੀਤਾ ਹੈ। ਕੁਰਕਛੇਤਰ ਦਾ ਜੰਗ ਖਤਮ ਹੋ ਗਿਆ। ਪਾਂਡਵਾਂ ਦੀ ਜਿੱਤ ਹੋ ਗਈ ਜੰਗ ਤੋਂ ਬਾਅਦ ਜਦੋਂ ਧਰਮਪੁਤ ਯੁਧਿਸ਼ਟਰ ਨੇ ਇਸ ਜੰਗ ਵਿੱਚ ਹੋਈ ਤਬਾਹੀ ਦਾ ਧਿਆਨ ਕੀਤਾ ਤਾਂ ਉਸ ਦਾ ਮਨ ਰਾਜ ਕਾਜ ਵਲੋਂ ਉਪਰਾਮ ਹੋ ਗਿਆ। ਉਸ ਨੇ ਸੋਚਿਆ ਕਿ ਏਨੇ ਜੀਵ ਜੰਤੂਆਂ ਮਨੁੱਖਾਂ ਆਦਿ ਨੂੰ ਮਾਰਨ ਤੋਂ ਬਾਅਦ ਜਿਹੜਾ ਰਾਜ ਪ੍ਰਾਪਤ ਹੋਇਆ ਹੈ ਉਹ ਮੇਰੇ ਕਿਸ ਕੰਮ ਹੈ। ਯੁਧਿਸ਼ਟਰ ਦੇ ਛੋਟੇ ਭਰਾ ਯੁਧਿਸ਼ਟਰ ਨੂੰ ਭੀਸ਼ਮ ਪਿਤਾਮਾ ਕੋਲ ਲੈ ਗਏ ਜੋ ਉਸ ਸਮੇਂ ਤੀਰਾਂ ਦੀ ਸੇਜਾ ਤੇ ਲੇਟਿਆ ਹੋਇਆ ਸੀ।

ਭੀਸ਼ਮ ਪਿਤਾਮਾ ਦੇ ਉਪਦੇਸ਼ ਨੂੰ ਸੁਣਕੇ ਯੁਧਿਸ਼ਟਰ ਦਾ ਮਨ ਸ਼ਾਂਤ ਹੋ ਗਿਆ ਤੇ ਉਸਨੇ ਦਾਨ ਧਰਮ ਨੂੰ ਮੁਖ ਰਖਦਿਆਂ ਹੋਇਆਂ ਰਾਜ ਕਾਜ ਦਾ ਕੰਮ ਸੰਭਾਲਿਆ। ਯੁਧਿਸ਼ਟਰ ਨੇ ਪਹਿਲਾਂ ਅਸਵਮੇਧ ਯੱਗ ਤੇ ਫਿਰ ਰਾਜਸੂ ਯੱਗ ਕੀਤਾ। ਅੰਤ ਨੂੰ ਅਰਜਨ ਦੇ ਪੋਤਰੇ ਪਰੀਖਸ਼ਤ ਨੂੰ ਰਾਜ ਤਿਲਕ ਦੇ ਕੇ ਪੰਜੇ ਪਾਂਡਵ ਭਰਾ ਸਣੇ ਦਰੋਪਦੀ, ਹਿਮਾਲਾ ਪਰਬਤ ਨੂੰ ਚਲੇ ਗਏ।

ਇਸ ਤਰ੍ਹਾਂ ਫਿਰ ਪਰੀਖਸ਼ਤ ਤੋਂ ਬਾਅਦ ਉਹਨਾਂ ਦੀ ਪੀੜ੍ਹੀ ਦਰ ਪੀੜ੍ਹੀ ਨੇ ਰਾਜ ਕੀਤਾ ਉਸਦਾ ਵਿਰਤਾਂਤ ਗੁਰੂ ਸਾਹਿਬ ਨੇ ਲਿਖਿਆ ਹੈ ਇਸ ਬਾਣੀ ਦੇ ਕੁੱਲ ਅੱਠ ਅਧਿਆਏ ਹਨ।

**੧. ਅਧਿਆਏ ਪਹਿਲਾਂ 'ਸ੍ਰੀ ਅਕਾਲ ਉਸਤਤਿ'**

ਭੁਜੰਗ ਪ੍ਰਯਾਤ ਛੰਦ।ਤ੍ਵਪ੍ਰਸਾਦਿ, ਨਰਾਜ ਛੰਦ, ਤ੍ਰਿਭੰਗੀ ਛੰਦ।। ਤ੍ਵਪ੍ਰਸਾਦਿ, ਤ੍ਰਿਭੰਗੀ ਛੰਦ, ਤ੍ਵਪ੍ਰਸਾਦਿ, ਛਪੈ ਛੰਦ, ਕਬਿੱਤ।। ਤ੍ਵਪ੍ਰਸਾਦਿ, ਬਹਿਰ ਤਵੀਲ ਛੰਦ ਪਸਚਮੀ, ਅਰਧ ਨਰਾਜ ਛੰਦ, ਬ੍ਰਿਧ ਨਰਾਜ ਛੰਦ, ਰਸਾਵਲ ਛੰਦ ਦੇ ਅੰਤਰਗਤ ਪ੍ਰੱਥਮ ਅਧਿਆਇ ਵਿੱਚ ਕੁੱਲ ੧੨੫ ਛੰਦ ਹਨ।

**੨. ਅਧਿਆਏ ਦੂਸਰਾ 'ਜੀਵਾਤਮਾ ਕਾ ਪਰਮਾਤਮਾ ਕੋ ਪ੍ਰਸ਼ਨ'**

ਪਾਧੜੀ ਛੰਦ।। ਤ੍ਵਪ੍ਰਸਾਦਿ, ਪਰਮਾਤਮਾ ਬਾਚ, ਦੇ ਅੰਤਰਗਤ ਦੁਤੀਆ ਅਧਿਆਇ ਵਿੱਚ ਕੁਲ 16 ਛੰਦ ਹਨ।

੩.	**ਅਧਿਆਏ ਤੀਸਰਾ 'ਰਾਜਾ ਯੁਧਿਸ਼ਟ੍ਰ ਕੋ ਰਾਜ ਬਰਨਨੰ'**

ਰੂਆਲ ਛੰਦ ਦੇ ਅੰਤਰਗਤ ਤ੍ਰਿਤੀਯ ਅਧਿਆਇ ਵਿੱਚ ਕੁੱਲ 15 ਛੰਦ ਹਨ।

੪.	**ਅਧਿਆਏ ਚੌਥਾ 'ਰਾਜਾ ਪ੍ਰੀਛਤ ਕੋ ਰਾਜ ਕਥਨੰ'**

ਰੂਆਲ ਛੰਦ ਦੇ ਅੰਤਰਗਤ ਚਤੁਰਥ ਅਧਿਆਇ ਵਿੱਚ ਕੁੱਲ 8 ਛੰਦ ਹਨ।

੫.	**ਅਧਿਆਏ ਪੰਜਵਾਂ 'ਰਾਜਾ ਜਨਮੇਜਾ ਰਾਜ ਬਰਨਨੰ'**

ਰੂਆਲ ਛੰਦ, ਭੁਜੰਗ ਪ੍ਰਯਾਤ ਛੰਦ, ਚੌਪਈ ਦੇ ਅੰਤਰਗਤ ਪੰਚਮੋ ਅਧਿਆਇ ਵਿੱਚ ਕੁੱਲ ੭੩ ਛੰਦ ਹਨ।

੬.	**ਅਧਿਆਏ ਛੇਵਾਂ 'ਰਾਜਾ ਅਜੈ ਸਿੰਘ ਰਾਜ ਬਰਨਨੰ'**

ਚੌਪਈ, ਦੋਹਰਾ, ਭੁਜੰਗ ਪ੍ਰਯਾਤ ਛੰਦ, ਦਿਜੋ ਬਾਜ, ਰਾਜਾ ਬਾਚ, ਤੋਟਕ ਛੰਦ ਦੇ ਅੰਤਰਗਤ ਖਸਟਮੋ ਅਧਿਆਇ ਵਿੱਚ ੭੪ ਛੰਦ ਹਨ।

੭.	**ਅਧਿਆਏ ਸੱਤਵਾਂ 'ਰਾਜਾ ਜੱਗ ਕਾ ਰਾਜ ਬਰਨਨੰ'**

ਤੋਮਰ ਛੰਦ॥ ਤ੍ਵਪ੍ਰਸਾਦਿ, ਦੇ ਅੰਤਰਗਤ ਸਪਤਮੋ ਅਧਿਆਇ ਵਿੱਚ ਕੁੱਲ ੮ ਛੰਦ ਹਨ।

੮.	**ਅਧਿਆਏ ਅੱਠਵਾਂ 'ਰਾਜਾ ਮੁਨੀ ਰਾਜ ਬਰਨਨੰ'**

ਤੋਮਰ ਛੰਦ॥ ਤ੍ਵਪ੍ਰਸਾਦਿ, ਰੂਆਲ ਛੰਦ॥ ਤ੍ਵਪ੍ਰਸਾਦਿ ਦੇ ਅੰਤਰਗਤ ਅਸ਼ਟਮੋ ਅਧਿਆਇ ਵਿੱਚ ਕੁੱਲ ੧੭ ਛੰਦ ਹਨ।

ਇਹਨਾਂ ਅੱਠਾਂ ਅਧਿਆਇਆਂ ਵਿੱਚ 'ਗਿਆਨ ਪ੍ਰਬੋਧ' ਬਾਣੀ ਦੇ ਕੁੱਲ ੩੩੬ ਛੰਦ ਹਨ। ਇਸ ਬਾਣੀ ਵਿੱਚ ਪਹਿਲੇ ਅਧਿਆਏ ਵਿੱਚ ਅਕਾਲ ਪੁਰਖ ਦੀ ਉਸਤਤਿ ਤੋਂ ਬਾਅਦ ਫਿਰ ਪਾਂਡਵਾਂ ਦੇ ਰਾਜ ਸਾਜ ਦੀ ਕਥਾ ਉਹਨਾਂ ਦੇ ਵੰਸ਼ ਦੀ ਕਥਾ ਚਲਦੀ ਹੈ ਜਿਵੇਂ ਯੁਧਿਸ਼ਟਰ ਨੇ ਪੰਜ ਸੌ ਸਾਲ ਧਰਮ ਪੂਰਬਕ ਰਾਜ ਕੀਤਾ ਤੇ ਆਪਣੀ ਪਰਜਾ ਦੀ ਪੁੱਤਰਾਂ ਸਮਾਨ ਪਾਲਣਾ ਕੀਤੀ। ਇਸ ਕਰਕੇ ਅੱਜ ਤੱਕ ਉਸਦੇ ਨਾਂ ਦਾ ਜਸ ਹੋ ਰਿਹਾ ਹੈ।

ਇਸ ਤੋਂ ਅੱਗੇ ਪਰੀਖਿਤ ਦੇ ਰਾਜ ਦੇ ਸਮਾਚਾਰ ਵਰਣਨ ਕੀਤੇ ਗਏ ਹਨ। ਪਰੀਖਿਤ ਰਾਜਾ ਸ੍ਰਿੰਗੀ ਰਿਸ਼ੀ ਦੇ ਸਰਾਪ ਕਰਕੇ ਤੱਛਕ ਨਾਗ ਦੇ ਡੱਸਣ ਕਰਕੇ ਮਰ ਗਿਆ। ਸੱਠ ਸਾਲ ਦੋ ਮਹੀਨੇ, ਚਾਰ ਦਿਨ ਰਾਜ ਕਰਕੇ ਪਰੀਖਿਤ ਇਸ ਸੰਸਾਰ ਤੋਂ ਵਿਦਾ ਹੋ ਗਿਆ।

ਪਰੀਖਿਤ ਦੇ ਮਗਰੋਂ ਉਸ ਦਾ ਪੁੱਤਰ ਜਨਮੇਜਾ ਰਾਜਾ ਬਣਿਆ। ਇਸ ਨੇ ਸੱਪਾਂ ਕੋਲੋ ਆਪਣੇ ਪਿਤਾ ਦਾ ਬਦਲਾ ਲੈਣ ਲਈ ਸਰਪ ਮੇਧ ਯੱਗ ਕੀਤਾ ਤੇ ਬੇਅੰਤ ਸੱਪਾਂ ਨੂੰ ਭਸਮ ਕਰ ਦਿੱਤਾ। ਆਸਤੀਕ ਮੁਨੀ ਨੇ ਜਨਮੇਜੇ ਨੂੰ ਸੱਪਾਂ ਨੂੰ ਭਸਮ ਕਰਨ ਤੋਂ ਹਟਾਇਆ। ਬ੍ਰਾਹਮਣਾਂ ਦੀ ਹਤਿਆ ਕਰਨ ਕਰਕੇ ਰਾਜਾ ਜਨਮੇਜਾ ਕੋਹੜਾ ਹੋ ਗਿਆ। ਫਿਰ ਬਿਆਸ ਮੁਨੀ ਜੀ ਤੋਂ ਮਹਾ ਭਾਰਤ ਦੀ ਕਥਾ ਸੁਣਨ ਕਰਕੇ ਇਸ ਦਾ ਕੋਹੜ ਦੂਰ ਹੋ ਗਿਆ। ਇਹ ਰਾਜਾ ਚੁਰਾਸੀ ਸਾਲ, ਸੱਤ ਮਹੀਨੇ ਤੇ ਚਵੀ ਦਿਨ ਰਾਜ ਕਰਕੇ ਚਲਾਣਾ ਕਰ ਗਿਆ।

ਰਾਜਾ ਜਨਮੇਜਾ ਤੋਂ ਪਿਛੋਂ ਉਸ ਦਾ ਪੁੱਤਰ ਅਜੈ ਸਿੰਘ ਰਾਜਾ ਬਣਿਆ। ਇਹ ਬੜਾ ਬਹਾਦਰ ਤੇ ਧਰਮ ਨੀਤੀ ਅਨੁਸਾਰ ਚਲਣ ਵਾਲਾ ਰਾਜਾ ਸੀ। ਇਸ ਦੇ ਚਲਾਣਾ ਕਰ ਜਾਣ ਤੋਂ ਬਾਅਦ ਰਾਜਾ ਜੱਗ ਗੱਦੀ ਤੇ ਬੈਠਾ। ਇਸ ਨੇ ਕਾਮ ਰੂਪ ਤੀਰਥ ਦੇ ਪ੍ਰਾਗਜੋਤੀ ਨਾਂ ਦੇ ਸੇਸ਼ਟ ਬ੍ਰਾਹਮਣ ਨੂੰ ਸੱਦ ਕੇ ਬੜਾ ਭਾਰੀ ਯੱਗ ਕਰਵਾਇਆ। ਅਠਾਸੀ ਸਾਲ ਦੋ ਮਹੀਨੇ ਰਾਜ ਕਰਕੇ ਇਹ ਵੀ ਸੰਸਾਰ ਤੋਂ ਕੂਚ ਕਰ ਗਿਆ।

ਇਸ ਤੋਂ ਮਗਰੋਂ ਰਾਜਾ ਮੁਨੀ ਤਖਤ ਤੇ ਬੈਠਾ। ਇਸ ਨੇ ਚੰਗਾ ਧਰਮ ਦਾ ਰਾਜ ਕੀਤਾ ਤੇ ਪਰਜਾ ਦੇ ਦੋਖੀਆਂ ਨੂੰ ਨਾਸ ਕੀਤਾ। ਇਸ ਨੇ ਮਿਤ੍ਰ ਨਾਂ ਦੇ ਬ੍ਰਾਹਮਣ ਨੂੰ ਸੱਦਕੇ ਯੱਗ ਕਰਨ ਬਾਰੇ ਉਸ ਤੋਂ ਪੁਛਿਆ। ਬ੍ਰਾਹਮਣ ਨੇ ਕਿਹਾ ਹੇ ਰਾਜਨ! ਤੁਸੀ ਯੱਗ ਜ਼ਰੂਰ ਕਰੋ। ਚੰਡੀ ਦੇਵੀ ਨੇ ਯੱਗ ਕਰਕੇ ਰਾਖਸ਼ਾਂ ਤੇ ਫਤਿਹ ਪਾਈ ਸੀ। ਤੁਸੀ ਵੀ ਯੱਗ ਕਰਕੇ ਦੁਸ਼ਟਾਂ ਦਾ ਨਾਸ ਕਰੋ ਤੇ ਸੰਤਾਂ ਭਗਤਾਂ ਦੀ ਰੱਖਿਆ ਕਰੋ। ਸਤਿਗੁਰੂ ਜੀ ਨੇ ਇਥੋਂ ਤੱਕ ਕਥਾ ਲਿਖਕੇ ਗਿਆਨ ਪ੍ਰਬੋਧ ਗ੍ਰੰਥ ਦੀ ਸਮਾਪਤੀ ਕਰ ਦਿੱਤੀ ਹੈ।

### 3.8 ਚੌਬੀਸ ਅਵਤਾਰ

ਸਨਾਤਨ ਮੱਤ ਅਨੁਸਾਰ ਹਿੰਦੂ ਧਰਮ ਵਿੱਚ ਤਿੰਨ ਪ੍ਰਮੁੱਖ ਦੇਵਤੇ ਮੰਨੇ ਗਏ ਹਨ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼। ਹਿੰਦੂ ਪਰੰਪਰਾ ਵਿੱਚ ਇਹ ਮੰਨਿਆ ਗਿਆ ਹੈ ਕਿ ਜਗਤ ਵਿੱਚ ਜਦੋਂ ਧਰਮ ਦਾ ਪਤਨ ਹੋ ਜਾਂਦਾ ਹੈ ਤਾਂ ਇਸ ਨੂੰ ਪੁਨਰ ਸੁਰਜੀਤ ਕਰਨ ਲਈ ਪਰਮਾਤਮਾ ਅਵਤਾਰ ਧਾਰਨ ਕਰਦਾ ਹੈ। ਇਹ ਤਿੰਨੇ ਦੇਵਤੇ ਸਮੇਂ ਸਮੇਂ ਇਸ ਧਰਤੀ ਤੇ ਆਏ ਅਤੇ ਆਪਣਾ ਕਾਰਜ ਸੰਪੂਰਨ ਕਰ ਕੇ ਵਾਪਸ ਚਲੇ ਗਏ। ਇਹਨਾਂ ਤਿੰਨੇ ਦੇਵਤਿਆਂ ਨੇ ਪ੍ਰਭੂ ਦੇ ਆਦੇਸ਼ ਅਨੁਸਾਰ ਕਈ ਵਾਰ ਅਵਤਾਰ ਧਾਰਨ ਵੀ ਕੀਤੇ ਹਨ।

ਇਸ ਰਚਨਾ ਵਿੱਚ ਵਿਸ਼ਨੂੰ ਜੀ ਦੇ ਚੌਵੀ ਅਵਤਾਰਾਂ ਦਾ ਵਰਣਨ ਕੀਤਾ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਕਰਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਹਨਾਂ ਅਵਤਾਰਾਂ ਦੀ ਕਥਾ ਅਰੰਭ ਕਰਦੇ ਹੋਏ ਫੁਰਮਾਉਂਦੇ ਹਨ :-

[1]"ਚੌਪਈ॥ ਅਬ ਚਉਬੀਸ ਉਚਰੋਂ ਅਵਤਾਰਾ॥ ਜਿਹ ਬਿਧ ਤਿਨ ਕਾ ਲਖਾ ਅਖਾਰਾ॥

ਸੁਨੀਅਹੁ ਸੰਤ ਸਭੈ ਚਿਤ ਲਾਈ॥ ਬਰਨਤ ਸਯਾਮ ਜਥਾ ਮਤ ਭਾਈ॥੧॥"

ਭਾਵੇਂ ਕਿ ਇਹ ਅਵਤਾਰ ਦੁਨੀਆ ਤੇ ਆਏ, ਉਹਨਾ ਨੇ ਉਹ ਸਮੂਹ ਕਾਰਜ ਕੀਤੇ ਜਿਹੜੇ ਇਕ ਸਾਧਾਰਨ ਮਨੁੱਖ ਨਹੀਂ ਕਰ ਸਕਦਾ ਪਰ ਫਿਰ ਵੀ ਇਹ ਅਵਤਾਰ ਪ੍ਰਭੂ ਦਾ ਭੇਦ ਪਾਉਣ ਵਿੱਚ ਅਸਮਰੱਥ ਸਾਬਤ ਹੋਏ। ਇਸ ਲਈ ਗੁਰੂ ਸਾਹਿਬ ਲਿਖਦੇ ਹਨ :

[2]"ਜੋ ਚਉਬੀਸ ਅਵਤਾਰ ਕਹਾਏ॥

ਤਿਨ ਭੀ ਤੁਮ ਪ੍ਰਭ ਤਨਕ ਨ ਪਾਏ॥"

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਕਰਤਾ ਗੁਰੂ ਸਾਹਿਬ ਇਹ ਸਪੱਸ਼ਟ ਕਰਦੇ ਹਨ ਕਿ ਪ੍ਰਭੂ ਨੇ ਆਪ ਅਵਤਾਰ ਧਾਰਨ ਨਹੀਂ ਕੀਤੇ, ਬਲਕਿ ਇਹ ਅਵਤਾਰ ਪ੍ਰਭੂ ਦੇ ਪੈਦਾ ਕੀਤੇ ਹੋਏ ਹਨ

---

1 ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਗੁਰੂ ਗੋਬਿੰਦ ਸਿੰਘ ਜੀ, ਚੌਬੀਸ ਅਵਤਾਰ, ਪੰਨਾ -115

2 ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਗੁਰੂ ਗੋਬਿੰਦ ਸਿੰਘ ਜੀ, ਚੌਬੀਸ ਅਵਤਾਰ, ਪੰਨਾ -115

ਅਤੇ [1]"ਪਿਤਾ ਕਾ ਜਨਮੁ ਕਿ ਜਾਨੈ ਪੂਤੁ" ਵਾਲੇ ਮਹਾਂਵਾਕ ਅਨੁਸਾਰ ਇਹ ਅਵਤਾਰ ਕਦੇ ਵੀ ਪ੍ਰਭੂ ਨੂੰ ਜਾਣ ਨਹੀਂ ਸਕਦੇ ਭਾਂਵ ਪ੍ਰਭੂ ਦਾ ਅੰਤ ਨਹੀ ਲੈ ਸਕਦੇ ਕਿਉਂ ਕਿ ਪ੍ਰਭੂ ਬੇਅੰਤ ਹੈ ਉਸਦਾ ਕੋਈ ਅੰਤ ਨਹੀਂ ਹੈ।

ਇਸ ਰਚਨਾ ਨੂੰ ਰਚਣ ਦੀ ਗੁਰੂ ਸਾਹਿਬ ਜੀ ਦੀ ਇਹ ਇੱਛਾ ਸੀ ਕਿ ਆਮ ਲੋਕ ਇਹਨਾਂ ਅਵਤਾਰਾਂ ਦੀ ਕਥਾ ਤੋਂ ਜਾਣੂ ਹੋ ਕੇ ਕੇਵਲ ਉਹਨਾਂ ਦੁਆਰਾ ਕੀਤੇ ਸ਼ੁਭ ਕਾਰਜਾਂ ਵੱਲ ਰੁਚਿਤ ਹੋ ਜਾਣ ਅਤੇ ਉਹਨਾਂ ਦੇ ਮਨਾਂ ਵਿੱਚ ਧਰਮ ਯੁੱਧ ਲਈ ਜੋਸ਼ ਅਤੇ ਉਤਸ਼ਾਹ ਪੈਦਾ ਹੋ ਜਾਵੇ।

ਇਸ ਪਵਿੱਤ੍ਰ ਰਚਨਾ 'ਅਥ ਸ੍ਰੀ ਬਿਸ਼ਨ ਅਉਤਾਰ ਚਉਬੀਸ ਲਿਖਯਤੇ' ਵਿੱਚ ਜੋ ਚੌਬੀ ਅਵਤਾਰਾਂ ਦਾ ਜ਼ਿਕਰ ਆਇਆ ਹੈ, ਉਹ ਇਸ ਪ੍ਰਕਾਰ ਹਨ :

ਮੱਛ, ਕੱਛ, ਨਰ, ਨਰਾਇਣ, ਮੋਹਿਨੀ, ਬੈਰਾਹ, ਨਰਸਿੰਘ, ਬਾਵਨ, ਪਰਸਰਾਮ, ਬ੍ਰਹਮਾ, ਰੁਦ੍ਰਾਵਤਾਰ, ਜਲੰਧਰ, ਬਿਸ਼ਨ, ਬਿਸ਼ਨ, ਅਰਹੰਤ ਦੇਵ, ਮਨ ਰਾਜਾ, ਧਨੰਤਰ, ਸੂਰਜ, ਚੰਦ੍ਰ, ਸ੍ਰੀ ਰਾਮ, ਸ੍ਰੀ ਕ੍ਰਿਸ਼ਨ, ਨਰ, ਬੁੱਧ ਅਤੇ ਨਿਹਕਲੰਕੀ। ਇਹਨਾਂ ਵਿੱਚੋਂ ਕ੍ਰਿਸ਼ਨ ਅਵਤਾਰ ਸਭ ਤੋਂ ਲੰਮਾ ਹੈ ਅਤੇ ਨਿਹਕਲੰਕ ਨੂੰ ਭਵਿੱਖ ਵਿੱਚ ਕਲਯੁਗ ਦੇ ਅੰਤ ਵਿੱਚ ਆਉਣ ਵਾਲਾ ਅਵਤਾਰ ਮੰਨਿਆ ਗਿਆ ਹੈ।

ਇਸ ਰਚਨਾ ਵਿੱਚ ਸੱਭ ਤੋਂ ਪਹਿਲਾਂ ਗੁਰੂ ਸਾਹਿਬ ਨੇ ਅਕਾਲ ਪੁਰਖ ਦੀ ਉਸਤਤਿ ਕੀਤੀ ਹੈ ਫਿਰ ਅਵਤਾਰਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੈ।

੧. ਅਕਾਲ ਉਸਤਤਿ ਪਹਿਲੇ ਪ੍ਰਬੰਧ ਵਿੱਚ ਚੌਪਈ ਦੇ ਅੰਤਰਗਤ ਕੁੱਲ 38 ਬੰਧ ਹਨ।

੨. ਪਹਿਲਾ ਅਵਤਾਰ 'ਮੱਛ' ਵਿੱਚ ਚੌਪਈ, ਭੁਜੰਗ ਪ੍ਰਯਾਤ ਛੰਦ, ਰਸਾਵਲ ਛੰਦ, ਭੁਜੰਗ ਛੰਦ, ਦੇ ਅੰਤਰਗਤ 'ਪ੍ਰਥਮ ਮੱਛ ਅਉਤਾਰ ਸੰਖਾਸੁਰ ਬੱਧਹ ਕਥਨੰ।। ਸਤੁ ਸ਼ੁਭਮ ਸਤੁ।। ਸਿਰਲੇਖ ਹੇਠ ਕੁਲ ੧੬ ਛੰਦ ਹਨ।'

1 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਸੁਖਮਨੀ ਸਾਹਿਬ, ਅਸ਼ਪਦੀ 16, ਪੰਨਾ 284

੩. ਦੂਸਰਾ ਅਵਤਾਰ 'ਕੱਛੂ' ਵਿੱਚ ਭੁਜੰਗ ਪ੍ਰਯਾਤ ਛੰਦ ਦੇ ਅੰਤਰਗਤ 'ਦੁਤੀਆ ਕੱਛ ਅਉਤਾਰ ਸੰਪੂਰਨੂੰ।। ਸਤੁ ਸੁਭਮਸਤੁ।। ਸਿਰਲੇਖ ਹੇਠ ਕੁੱਲ ੫ ਛੰਦ ਹਨ।'

੪. ਤੀਸਰਾ ਤੇ ਚੌਥਾ ਅਵਤਾਰ 'ਨਰ', 'ਨਰਾਇਣ' ਵਿੱਚ ਤੋਟਕ ਛੰਦ, ਦੋਹਰਾ, ਚੌਪਈ, ਭੁਜੰਗ ਛੰਦ ਅਤੇ ਭੁਜੰਗ ਪ੍ਰਯਾਤ ਛੰਦ ਦੇ ਅੰਤਰਗਤ ਤ੍ਰਿੱਤੀਯ ਨਰ ਅਤੇ ਨਾਰਾਇਣ ਚਤੁਰਥ ਅਵਤਾਰ ਸੰਪੂਰਨੰ।। ਸਤੁ ਸ਼ਭਮ ਸਤੁ।। ਸਿਰਲੇਖ ਹੇਠ ਕੁੱਲ ੨0 ਛੰਦ ਹਨ।

੫. ਪੰਜਵਾਂ ਅਵਤਾਰ 'ਮਹਾ ਮੋਹਨੀ' ਵਿੱਚ ਭੁਜੰਗ ਛੰਦ, ਭੁਜੰਗ ਪ੍ਰਯਾਤ ਛੰਦ, ਚੋਪਈ, ਦੋਹਰਾ, ਭੁਜੰਗ ਦੇ ਅੰਤਰਗਤ 'ਮਹਾ ਮੋਹਨੀ ਪੰਚਮ ਅਵਤਾਰ ਸੰਪੂਰਨੰ।। ਸਤੁ ਸ਼ੁਭਮ ਸਤੁ।।' ਸਿਰਲੇਖ ਹੇਠ ਕੁੱਲ ੮ ਛੰਦ ਹਨ।

੬. ਛੇਵਾਂ ਅਵਤਾਰ 'ਬੈਰਾਹ' ਵਿੱਚ ਭੁਜੰਗ ਪ੍ਰਯਾਤ ਛੰਦ ਅਤੇ ਭੁਜੰਗ, ਦੇ ਅੰਤਰਗਤ 'ਖਸ਼ਟਮੰ ਅਵਤਾਰ ਬੈਰਾਹ ਸਮਾਪਤੰ।। ਸਤੁ ਸ਼ੁਭਮ ਸਤੁ।।' ਸਿਰਲੇਖ ਹੇਠ ਕੁੱਲ ੬ ਛੰਦ ਹਨ।

੭. ਸੱਤਵਾ ਅਵਤਾਰ 'ਨਰਸਿੰਘ' ਵਿੱਚ ਪਾਧਰੀ ਛੰਦ, ਤੋਟਕ ਛੰਦ, ਬੇਲੀ ਬਿੰਦ੍ਰਮ ਛੰਦ, ਤੋਮਰ ਛੰਦ, ਦੋਧਕ ਛੰਦ, ਤੋਟਕ ਛੰਦ, ਭੁਜੰਗ ਪ੍ਰਯਾਤ ਛੰਦ, ਭੁਜੰਗ, ਦੋਹਰਾ, ਚੌਪਈ, ਭੁਜੰਗ ਛੰਦ, ਪਾਧਰੀ ਛੰਦ ਦੇ ਅੰਤਰਗਤ 'ਨਰਸਿੰਘ ਸਪਤਮੋ ਅਵਤਾਰ ਸਮਾਪਤੰ।। ਸਤੁ ਸ਼ੁਭਮ ਸਤੁ।।' ਸਿਰਲੇਖ ਹੇਠ ਕੁੱਲ ੪੨ ਛੰਦ ਹਨ।

੮. ਅੱਠਵਾਂ ਅਵਤਾਰ 'ਬਾਵਨ' ਵਿੱਚ ਭੁਜੰਗ ਪ੍ਰਯਾਤ ਛੰਦ, ਭੁਜੰਗ ਛੰਦ, ਭੁਜੰਗ, ਨਰਾਜ ਛੰਦ, ਚੌਪਈ, ਦੋਹਰਾ, ਤੋਮਰ ਛੰਦ, ਤੋਮਰ, ਦੇ ਅੰਤਰਗਤ 'ਬਾਵਨ ਅਵਤਾਰ ਅਸ਼ਟਮੋ ਕਥਨੰ ਬਲਿ ਛਲਨ ਸਮਾਪਤਮ।। ਸਤੁ ਸ਼ੁਭਮ ਸਤੁ', ਸਿਰਲੇਖ ਹੇਠ ਕੁੱਲ ੨੭ ਛੰਦ ਹਨ।

੯. ਨੌਵਾਂ ਅਵਤਾਰ 'ਪਰਸਰਾਮ' ਵਿੱਚ ਚੌਪਈ, ਭੁਜੰਗ ਪ੍ਰਯਾਤ ਛੰਦ, ਭੁਜੰਗ, ਨਰਾਜ ਛੰਦ, ਰਸਾਵਲ ਛੰਦ, ਭੁਜੰਗ ਪ੍ਰਯਾਤ ਛੰਦ, ਦੇ ਅੰਤਰਗਤ 'ਨਵਮੋ ਅਵਤਾਰ ਪਰਸਰਾਮ ਸਮਾਪਤਮ।।' ਸਤੁ ਸ਼ੁਭਮ ਸਤੁ।। ਸਿਰਲੇਖ ਹੇਠ ਕੁੱਲ ੩੫ ਛੰਦ ਹਨ।

੧੦. ਦਸਵਾਂ ਅਵਤਾਰ 'ਬ੍ਰਹਮਾ' ਵਿੱਚ ਚੌਪਈ ਅਤੇ ਦੋਹਰਾ ਅਤੇ ਅਤੰਰਗਤ 'ਦਸਮੋ ਅਵਤਾਰ ਬ੍ਰਹਮਾ ਕਥਨੰ ਸਮਾਪਤਮ।।' ਸਤੁ ਸ਼ੁਭਮ ਸਤੁ।। ਸਿਰਲੇਖ ਹੇਠ ਕੁੱਲ ੭ ਛੰਦ ਹਨ।

੧੧. ਗਿਆਰ੍ਹਵਾਂ ਅਵਤਾਰ 'ਸ਼ਿਵ' ਵਿੱਚ ਤੋਟਕ ਛੰਦ, ਪਾਧਰੀ ਛੰਦ, ਰੂਆਮਲ ਛੰਦ, ਨਰਾਤ ਛੰਦ, ਰਸਾਵਲ ਛੰਦ, ਚੌਪਈ, ਅੜਿੱਲ, ਦੋਹਰਾ, ਬ੍ਰਿਧ ਨਰਾਜ ਛੰਦ, ਭੁਜੰਗ ਪ੍ਰਯਾਤ ਛੰਦ ਦੇ ਅੰਤਰਗਤ 'ਗਿਆਰਮੋ ਅਉਤਾਰ ਰੁਦ੍ਰ ਸਮਾਪਤਮ।। ਸਤੁ ਸ਼ੁਭਮ ਸਤੁ।।' ਸਿਰਲੇਖ ਹੇਠ ਕੁੱਲ ੮੯ ਛੰਦ ਹਨ।

੧੨. ਬਾਰ੍ਹਵਾਂ ਅਵਤਾਰ 'ਜਲੰਧਰ' ਵਿੱਚ ਚੌਪਈ, ਦੋਹਰਾ।। ਜਲੰਧਰ ਬਾਚ, ਨਾਰਦ ਬਾਚ, ਤੋਟਕ ਛੰਦ, ਭੁਜੰਗ ਪ੍ਰਯਾਤ ਛੰਦ, ਦੇ ਅੰਤਰਗਤ 'ਜਲੰਧਰ ਅਵਤਾਰ ਬਾਰ੍ਹਵਾਂ ਸਪਾਪਤ।। ਸਤੁ ਸ਼ੁਭਮ ਸਤੁ।।' ਸਿਰਲੇਖ ਹੇਠ ਕੁੱਲ 28 ਛੰਦ ਹਨ।

੧੩. ਤੇਰ੍ਹਵਾਂ ਅਵਤਾਰ 'ਵਿਸ਼ਨੂੰ' ਵਿੱਚ ਚੌਪਈ ਅਤੇ ਦੋਹਰਾ ਦੇ ਅੰਤਰਗਤ 'ਤੇਰ੍ਹਵਾਂ ਬਿਸ਼ਨੂ ਅਵਤਾਰ ਸਮਾਪਤਮ।। ਸਤੁ ਸ਼ੁਭਮ ਸਤੁ।।' ਸਿਰਲੇਖ ਹੇਠ ਕੁੱਲ ੫ ਛੰਦ ਹਨ।

੧੪. ਚੌਦ੍ਹਵਾਂ ਅਵਤਾਰ 'ਵਿਸ਼ਨੂੰ' ਵਿੱਚ ਦੋਹਰਾ ਅਤੇ ਚੌਪਈ ਦੇ ਅੰਤਰਗਤ 'ਚਤ੍ਰ ਦਸਵੇਂ ਵਿਸ਼ਨੂੰ ਅਵਤਾਰ ਸਮਾਪਤੰ।। ਸਤੁ ਸ਼ੁਭਮ ਸਤੁ।।' ਸਿਰਲੇਖ ਹੇਠ ਕੁਲ ੭ ਬੰਧ ਹਨ।

੧੫. ਪੰਦਰ੍ਹਵਾਂ ਅਵਤਾਰ 'ਅਰਹੰਤ ਦੇਵ' ਵਿੱਚ ਚੌਪਈ ਅਤੇ ਦੋਹਰਾ ਦੇ ਅੰਤਰਗਤ 'ਪੰਦਰਵੋਂ ਅਰਹੰਤ ਦੇਵ ਅਵਤਾਰ ਸਮਾਪਤਮ।। ਸਤੁ ਸ਼ੁਭਮ ਸਤੁ।।' ਸਿਰਲੇਖ ਹੇਠ ਕੁਲ ੨0 ਬੰਦ ਹਨ।

੧੬. ਸੋਲ੍ਹਵਾਂ ਅਵਤਾਰ 'ਰਾਜਾ ਮਨੁ' ਵਿੱਚ ਚੌਪਈ ਅਤੇ ਦੋਹਰਾ ਦੇ ਅੰਤਰਗਤ 'ਸੋਲ੍ਹਵੇਂ ਅਵਤਾਰ ਮਨੁ ਰਾਜਾ ਸਮਾਪਤਮ।। ਸਤੁ ਸ਼ੁਭਮ ਸਤੁ।।' ਸਿਰਲੇਖ ਹੇਠ ਕੁਲ ੮ ਬੰਧ ਹਨ।

੧੭. ਸਤਾਰ੍ਹਵਾਂ ਅਵਤਾਰ 'ਧਨੰਤਰ ਵੈਦ' ਵਿੱਚ ਚੌਪਈ ਅਤੇ ਦੋਹਰਾ ਦੇ ਅੰਤਰਗਤ 'ਸਤਾਰ੍ਹਵਾਂ ਅਵਤਾਰ ਧਨੰਤਰ ਬੈਦ ਸਮਾਪਤਮ।। ਸਤੁ ਸ਼ੁਭਮ ਸਤੁ।।' ਸਿਰਲੇਖ ਹੇਠ ਕੁੱਲ ੬ ਬੰਧ ਹਨ।

੧੮. ਅਠਾਰ੍ਹਵਾਂ ਅਵਤਾਰ 'ਸੂਰਜ' ਵਿੱਚ ਚੌਪਈ, ਨਰਾਜ ਛੰਦ, ਦੋਹਰਾ, ਅਰਧ ਨਰਾਦ ਛੰਦ, ਅੜਿੱਲ, ਅਨਭਵ ਛੰਦ, ਮਧੁਰ ਧੁਨ ਛੰਦ, ਬੇਲੀ ਬਿੰਦ੍ਰਮ ਛੰਦ, ਤੋਟਕ ਛੰਦ ਦੇ ਅੰਤਰਗਤ 'ਸੂਰਜ ਅਸ਼ਟ ਦਸਮੋ ਅਵਤਾਰ ਸਮਾਪਤਮ॥ ਸਤੁ ਸ਼ੁਭਮ ਸਤੁ॥' ਸਿਰਲੇਖ ਹੇਠ ਕੁੱਲ 27 ਛੰਦ ਹਨ।

੧੯. ਉਨ੍ਹੀਵਾਂ ਅਵਤਾਰ 'ਚੰਦ' ਵਿੱਚ ਦੋਧਕ ਛੰਦ ਅਤੇ ਤੋਮਰ ਛੰਦ ਦੇ ਅੰਤਰਗਤ 'ਸ੍ਰੀ ਉਨੀਸਵੋਂ ਅਵਤਾਰ ਚੰਦ ਸਮਾਪਤ॥ ਸਤੁ ਸੁਭਮ ਸਤੁ॥' ਸਿਰਲੇਖ ਹੇਠ ਕੁੱਲ ੧੫ ਛੰਦ ਹਨ।

੨੦. ਵੀਹਵਾਂ ਅਵਤਾਰ 'ਸ੍ਰੀ ਰਾਮ'

[1]"ਅਥ ਬੀਸਵਾਂ ਰਾਮ ਅਵਤਾਰ ਕਥਨੰ॥' ਵਿੱਚ ਸ੍ਰੀ ਰਾਮ ਚੰਦ੍ਰ ਜੀ ਦੇ ਜੀਵਨ ਬਾਰੇ ਬਾਲ ਅਵਸਥਾ ਤੋਂ ਲੈ ਕੇ ਅੰਤ ਤੱਕ ਦਾ ਵਰਣਨ ਕੀਤਾ ਹੈ। ਰਮਾਇਣ ਜੁੱਧ ਕਥਨ ਵੀ ਹੈ। ਇਸ ਰਚਨਾ ਦੇ ਕੁੱਲ ੨੯ ਅਧਿਆਏ ਹਨ।

ਜਦੋਂ ਦੈਤਾਂ ਨੇ ਧਰਤੀ ਤੇ ਤਿੰਨਾਂ ਲੋਕਾਂ ਵਿੱਚ ਆਪਣੀ ਜਿੱਤ ਦਾ ਡੰਕਾ ਵਜਾਇਆ ਤਾਂ ਫਿਰ ਪਾਪ ਨੂੰ ਖਤਮ ਕਰਨ ਲਈ ਬਿਸ਼ਨੂੰ ਜੀ ਨੇ ਵੀਹਵਾਂ ਅਵਤਾਰ ਰਾਮ ਜੀ ਦੇ ਰੂਪ ਵਿੱਚ ਧਾਰਣ ਕੀਤਾ। ਇਸ ਰਚਨਾ ਦੇ ਆਰੰਭ ਵਿੱਚ ਗੁਰੂ ਸਾਹਿਬ ਲਿਖਦੇ ਹਨ :

[2]"ਚੌਪਈ॥ ਅਬ ਮੈ ਕਹੋ ਰਾਮ ਅਵਤਾਰਾ॥ ਜੈਸ ਜਗਤ ਮੋ ਕਰਾ ਪਸਾਰਾ॥ ਬਹੁਤੁ ਕਾਲ ਬੀਤਤ ਭਯੋ ਜਬੈ॥ ਅਸੁਰਨ ਬੰਸ ਪ੍ਰਗਟ ਭਯੋ ਤਬੈ॥੧॥"

੧. ਅਧਿਆਏ ਪਹਿਲਾ 'ਸਬਾਹੂ ਮਰੀਚ ਬੱਧਹ, ਜਗਯਸੰਪੂਰਨ ਕਰਨੰ' ਵਿੱਚ ਚੌਪਈ, ਤੋਟਕ ਛੰਦ, ਸਰਵਣ ਬਾਚਿ, ਪਾਧੜੀ ਛੰਦ, ਨਰਾਜ ਛੰਦ, ਰੂਆਮਲ ਛੰਦ, ਰਸਾਵਲ ਛੰਦ ਦੇ ਅੰਤਰਗਤ ਪ੍ਰਥਮ ਧਿਆਇ ਵਿੱਚ ਕੁੱਲ ੯੫ ਛੰਦ ਹਨ।

---

1 ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਗੁਰੂ ਗੋਬਿੰਦ ਸਿੰਘ ਜੀ, ਰਾਮਾਵਤਾਰ, ਪੰਨਾ 189

2 -ਉਹੀ-

੨. ਅਧਿਆਏ ਦੂਸਰਾ 'ਅਥ ਸੀਤਾ ਸੁਅੰਬਰ ਸ੍ਰੀ ਰਾਮ ਜੁੱਧ ਜਯਤ' ਵਿੱਚ ਰਸਾਵਲ ਛੰਦ, ਭੁਜੰਗ ਪ੍ਰਯਾਤ ਛੰਦ, ਭਾਖਾ ਪਿੰਗਲ ਦੀ॥ ਸੁੰਦਰੀ ਛੰਦ, ਮਧੁਰ ਧੁਨ ਛੰਦ, ਚਰਪਟ ਛੀਗਾ ਕੇ ਆਦ ਕ੍ਰਿਤ ਛੰਦ, ਪਰਸਰਾਮ ਬਾਚ॥ ਸ੍ਵੈਯਾ, ਕਬਿ ਬਾਚ, ਦੇ ਅੰਤਰਗਤ ਦੁਤੀਆ ਧਿਆਇ ਵਿੱਚ ਕੁੱਲ ੫੮ ਛੰਦ ਹਨ।

੩. ਅਧਿਆਏ ਤੀਸਰਾ 'ਅਥ ਅਉਧ ਪ੍ਰਵੇਸ਼ ਕਥਨੰ' ਵਿੱਚ ਸ੍ਵੈਯਾ, ਚੌਪਈ, ਕਬਿੱਤ, ਅਸੂ ਬਰਨਨੰ, ਦੋਧਕ ਛੰਦ, ਸਾਰਸੁਤੀ ਛੰਦ, ਨਗ ਸਰੂਪੀ ਛੰਦ, ਨਗ ਸਰੂਪੀ ਅੱਧਾ ਛੰਦ, ਉਗਾਧ ਛੰਦ, ਉਗਾਥਾ ਛੰਦ, ਦੋਹਰਾ, ਸੋਰਠਾ, ਰਾਮ ਬਾਚ ਸੀਤਾ ਪ੍ਰਤਿ॥ ਮਨੋਹਰ ਛੰਦ ਦੇ ਅੰਤਰਗਤ ਤ੍ਰਿਤੀਅ ਧਿਆਇ ਵਿੱਚ ਕੁੱਲ ੧0੯ ਛੰਦ ਹਨ।

੪. ਅਧਿਆਏ ਚੌਥਾ 'ਅਥ ਬਨਬਾਸ ਕਥਨੰ', ਵਿੱਚ ਸੀਤਾ ਅਨਮਾਨ ਬਾਚ॥ ਬਿਜੈ ਛੰਦ, ਮਾਤਾ ਬਾਚ॥ ਕਬਿੱਤ, ਅਪੂਰਬ ਛੰਦ, ਕੁਸਮ ਬਚਿਤ੍ਰ ਛੰਦ, ਰਾਮ ਬਾਚ ਭਰਥ ਸੋਂ॥ ਕੰਠ ਅਭੂਖਨ ਛੰਦ, ਝੂਲਾ ਛੰਦ, ਝੂਲਨ ਛੰਦ, ਕਬਿੱਤ, ਅਨੂਪ ਨਰਾਜ ਛੰਦ ਦੇ ਅੰਤਰਗਤ ਚਤਰਥ ਧਿਆਇ ਦੇ ਕੁੱਲ ੬0 ਛੰਦ ਹਨ।

੫. ਅਧਿਆਏ ਪੰਜਵਾਂ 'ਅਥ ਬਨਮੋ ਪ੍ਰਵੇਸ ਕਥਨੰ' ਵਿੱਚ ਦੋਹਰਾ, ਸੁਖਦਾ ਛੰਦ, ਸੁੰਦਰੀ ਛੰਦ, ਦੇ ਅੰਤਰਗਤ ਪੰਚਮੋ ਧਿਆਇ ਦੇ ਕੁੱਲ ੧੪ ਛੰਦ ਹਨ।

੬. ਅਧਿਆਏ ਛੇਵਾਂ 'ਅਥ ਖਰ ਦੂਖਨ ਦਈਤ ਜੁੱਧ ਕਥਨੰ' ਸੁੰਦਰੀ ਛੰਦ ਅਤੇ ਤਾਰਕਾ ਛੰਦ ਦੇ ਅੰਤਰਗਤ ਛੱਟਮੋ ਧਿਆਇ ਦੇ ਕੁੱਲ ੧੧ ਛੰਦ ਹਨ।

੭. ਅਧਿਆਏ ਸੱਤਵਾਂ 'ਅਥ ਸੀਤਾ ਹਰਨ ਕਥਨੰ' ਵਿੱਚ ਮਨੋਹਰ ਛੰਦ ਦੇ ਅੰਤਰਗਤ ਸਪਤਮੋ ਧਿਆਇ ਦੇ ਕੁੱਲ ੮ ਛੰਦ ਹਨ।

੮. ਅਧਿਆਏ ਅੱਠਵਾਂ 'ਅਥ ਸੀਤਾ ਖੋਜ ਕਥਨੰ' ਵਿੱਚ ਤੋਟਕ ਛੰਦ ਅਤੇ ਗੀਤਾ ਮਾਲਤੀ ਛੰਦ ਦੇ ਅੰਤਰਗਤ ਅਸ਼ਟਮੋ ਧਿਆਏ ਦੇ ਕੁੱਲ ੧੮ ਛੰਦ ਹਨ।

੯. ਅਧਿਆਏ ਨੌਵਾਂ 'ਅਥ ਹਨੂੰਮਾਨ ਸੋਧ ਕੇ ਪਠੈਬੋ', ਵਿੱਚ ਗੀਤਾ ਮਾਲਤੀ ਛੰਦ, ਛਪੱਯ ਛੰਦ, ਮਦੋਦਰੀ ਬਾਚ॥ ਉਟੰਙਣ ਛੰਦ, ਸੰਗੀਤ ਛਪੈ ਛੰਦ, ਦੇ ਅੰਤਰਗਤ ਨੌਮੋ ਧਿਆਇ ਦੇ ਕੁੱਲ ੨੮ ਛੰਦ ਹਨ।

੧੦. ਅਧਿਆਏ ਦਸਵਾਂ 'ਅਥ ਪ੍ਰਹਸਤ ਜੁੱਧ ਕਥਨੰ', ਵਿੱਚ ਸੰਗੀਤ ਛਪੈ ਛੰਦ, ਭੁਜੰਗ ਪ੍ਰਯਾਤ ਛੰਦ, ਦੋਹਰਾ, ਬਿਰਾਜ ਛੰਦ, ਰਸਾਵਲ ਛੰਦ ਦੇ ਅੰਤਰਗਤ ਦਸਮੋ ਧਿਆਇ ਦੇ ਕੁੱਲ 47 ਛੰਦ ਹਨ।

੧੧. ਅਧਿਆਏ ਗਿਆਰਵਾਂ 'ਅਥ ਤ੍ਰਿਮੁੰਡ ਜੁੱਧ ਕਥਨੰ' ਵਿੱਚ ਰਸਾਵਲ ਛੰਦ ਦੇ ਅੰਤਰਗਤ ਗਿਆਰਵੋਂ ਧਿਆਏ ਦੇ ਕੁੱਲ ੩ ਛੰਦ ਹਨ।

੧੨. ਅਧਿਆਏ ਬਾਰ੍ਹਵਾਂ 'ਅਥ ਮਹੋਦਰ ਮੰਤ੍ਰੀ ਜੁੱਧ ਕਥਨੰ' ਵਿੱਚ ਰਸਾਵਲ ਛੰਦ, ਮੋਹਣੀ ਛੰਦ, ਨਵ ਨਾਮਕ ਛੰਦ, ਤਿਲਕੜੀਆ ਛੰਦ ਦੇ ਅੰਤਰਗਤ ਧਿਆਇ ਬਾਰਵੋਂ ਦੇ ਕੁੱਲ ੨੩ ਛੰਦ ਹਨ।

੧੩. ਅਧਿਆਏ ਤੇਰ੍ਹਵਾਂ 'ਅਥ ਇੰਦ੍ਰਜੀਤ ਜੁੱਧ ਕਥਨੰ' ਵਿੱਚ ਸਿਰਖੰਡੀ ਛੰਦ ਅਤੇ ਪਾਧੜੀ ਛੰਦ ਦੇ ਅੰਤਰਗਤ ਤੇਰਵੋਂ ਧਿਆਇ ਦੇ ਕੁੱਲ ੧੬ ਛੰਦ ਹਨ।

੧੪. ਅਧਿਆਏ ਚੌਦ੍ਹਵਾਂ 'ਅਥ ਅਤਕਾਇ ਦਈਤ ਜੁੱਧ ਕਥਨੰ' ਵਿੱਚ ਸੰਗੀਤ ਪਧਿਸਟਕਾ ਛੰਦ, ਹੋਹਾ ਛੰਦ, ਛਪੈ ਛੰਦ, ਅਜਬਾ ਛੰਦ, ਪਾਧਰੀ ਛੰਦ, ਦੇ ਅੰਤਰਗਤ ਚੌਦਸਮੋ ਧਿਆਇ ਦੇ ਕੁਲ ੩੫ ਛੰਦ ਹਨ।

੧੫. ਅਧਿਆਏ ਪੰਦਰ੍ਹਵਾਂ 'ਅਥ ਮਕਰਾਛ, ਜੁੱਧ ਕਥਨੰ' ਵਿੱਚ ਪਾਧਰੀ ਛੰਦ ਅਤੇ ਅਜਬਾ ਛੰਦ ਦੇ ਅੰਤਰਗਤ ਪੰਚਦਸਮੋ ਧਿਆਇ ਦੇ ਕੁੱਲ ੯ ਛੰਦ ਹਨ।

੧੬. ਅਧਿਆਏ ਸੋਲ੍ਹਵਾਂ 'ਅਥ ਰਾਵਨ ਜੁੱਧ ਕਥਨੰ' ਵਿੱਚ ਹੋਹਾ ਛੰਦ, ਤ੍ਰਿਣਣਿਣ ਛੰਦ, ਤ੍ਰਿਗਤਾ ਛੰਦ, ਅਨਾਦ ਛੰਦ, ਬਹੜਾ ਛੰਦ, ਸੰਗੀਤ ਬਹੜਾ ਛੰਦ ਦੇ ਅੰਤਰਗਤ ਖਸ਼ਟਮਦਸਮੋ ਧਿਆਇ ਦੇ ਕੁੱਲ ੩੭ ਛੰਦ ਹਨ।

੧੭. ਅਧਿਆਏ ਸਤਾਰ੍ਹਵਾਂ 'ਅਥ ਰਾਵਨ ਜੁੱਧ ਕਥਨੰ' ਵਿੱਚ ਸੰਗੀਤ ਬਾਹੜਾ ਛੰਦ, ਅਰਧ ਨਰਾਜ ਛੰਦ, ਸੰਗੀਤ ਭੁਜੰਗ ਪ੍ਰਯਾਤ ਛੰਦ, ਤ੍ਰਿਭੰਗੀ ਛੰਦ, ਕਲਸ, ਚਬੋਲਾ ਛੰਦ, ਸ੍ਵੈਯਾ, ਚਬੋਲਾ ਸ੍ਵੈਯਾ, ਸ੍ਵੈਯਾ ਛੰਦ ਦੇ ਅੰਤਰਗਤ ਸਪਤ ਦਸਮੋ ਧਿਆਇ ਦੇ ਕੁੱਲ ੫੯ ਛੰਦ ਹਨ।

੧੮. ਅਧਿਆਏ ਅਠਾਰ੍ਹਵਾਂ 'ਅਥ ਮੰਦੋਦਰੀ ਸਮੋਧ ਬਭੀਸ਼ਨ ਕੋ ਲੰਕ ਰਾਜ ਦੀਬੋ ॥ ਸੀਤਾ ਮਿਲਬੋ ਕਥਨੰ॥' ਸ੍ਵੈਯਾ ਛੰਦ, ਅਲਕਾ ਛੰਦ, ਰਸਾਵਲ ਛੰਦ ਦੇ ਅੰਤਰਗਤ ਅਸ਼ਟਦਸਮੋ ਧਯਾਇ ਦੇ ਕੁੱਲ 30 ਛੰਦ ਹਨ।

19 ਅਧਿਆਏ ਉਨ੍ਹੀਵਾਂ 'ਰਾਮ ਤੇ ਸੀਤਾ ਅਯੁਧਿਆ ਆਗਮ' ਵਿੱਚ ਰਸਾਵਲ ਛੰਦ, ਮਕਰਾਛੰਦ ਦੇ ਅੰਤਰਗਤ ਨੌਂਦਸਮੋਂ ਧਿਆਇ ਦੇ ਕੁੱਲ 16 ਛੰਦ ਹਨ।

20 ਅਧਿਆਏ ਵੀਹਵਾਂ 'ਅਥ ਮਾਤਾ ਮਿਲਣੰ॥' ਰਸਾਵਲ ਛੰਦ, ਭੁਜੰਗ ਪ੍ਰਯਾਤ ਛੰਦ, ਅਨੰਤ ਤੁਕਾ ਭੁਜੰਗ ਪ੍ਰਯਾਤ ਛੰਦ, ਵਿੱਚ ਮ੍ਰਿਤਗਤ ਛੰਦ, ਅਨਕਾ ਛੰਦ, ਦੇ ਅੰਤਰਗਤ ਬੀਸਵਾਂ ਧਿਆਇ ਦੇ ਕੁੱਲ 48 ਛੰਦ ਹਨ।

21 ਅਧਿਆਏ ਇਕੀਵਾਂ 'ਅਥ ਸੀਤਾ ਕੋ ਬਨਬਾਸਦੀਬੋ॥' ਵਿੱਚ ਭੁਜੰਗ ਪ੍ਰਯਾਤ ਛੰਦ, ਚਾਚਰੀ ਛੰਦ, ਅਣਕਾ ਛੰਦ, ਅਪੂਰਬ ਛੰਦ, ਅੜੂਹਾ ਛੰਦ, ਭਰਥ ਬਾਚ ਲਵ ਸੋ॥ ਅਕੜਾ ਛੰਦ, ਬਹੋੜਾ ਛੰਦ, ਅਨੂਪਨਿਰਾਜ ਛੰਦ, ਤਿਲਕਾ ਛੰਦ, ਅਕਰਾ ਛੰਦ ਦੇ ਅੰਤਰਗਤ ਇਕੀਸਵਾਂ ਧਿਆਇ ਦੇ ਕੁੱਲ 91 ਛੰਦ ਹਨ।

22 ਅਧਿਆਏ ਬਾਈਵਾਂ 'ਸੀਤਾ ਨੇ ਸਭ ਜੀਵਾਏ ਕਥਨੰ॥ ਸੀਤਾ ਦੁਹੂ ਪੁਤ੍ਰਨ ਸਹਤ ਪੁਰੀ ਅਵਧ ਪ੍ਰਵੇਸ ਕਥਨੰ॥' ਵਿੱਚ ਚੌਪਈ, ਅਰੂਪਾ ਛੰਦ, ਸੀਤਾਬਾਚ ਮਨਮੈ॥ ਦੋਹਰਾ, ਚੌਪਈ ਛੰਦ, ਦੇ ਅੰਤਰਗਤ ਬਾਈਸਵੋਂ ਧਿਆਇ ਦੇ ਕੁੱਲ 31 ਛੰਦ ਹਨ।

ਇਸ ਤੋਂ ਅੱਗੇ 'ਅਥ ਤੀਨੋ ਭ੍ਰਾਤਾ ਤ੍ਰੀਅਨ ਸਹਿਤ ਮਰਬੋ ਕਥਨੰ॥' ਵਿੱਚ ਚੌਪਈ, ਦੋਹਰਾ ਦੇ ਅੰਤਰਗਤ ਕੁੱਲ 8 ਛੰਦ ਹਨ।

'ਅਥ ਸਗਰੀ ਪੁਰੀ ਸਹਤ ਸੁਰਗ ਗਏ॥' ਵਿੱਚ ਚੌਪਈ, ਦੋਹਰਾ ਅਤੇ ਸ੍ਵੈਯਾ ਦੇ ਅੰਤਰਗਤ ਕੁੱਲ 6 ਛੰਦ ਹਨ।

ਵੀਹਵਾਂ ਅਵਤਾਰ 'ਸ੍ਰੀ ਰਾਮ' ਜੀ ਦੇ 22 ਅਧਿਆਇਆਂ ਨੂੰ ਮਿਲਾ ਕੇ ਇਸ ਸੰਪੂਰਨ ਰਾਮਾਇਣ ਦੇ ਕੁੱਲ 864 ਛੰਦ ਹਨ।

ਅੰਤ ਵਿੱਚ ਗੁਰੂ ਸਾਹਿਬ ਜੀ ਇਸ ਬਾਣੀ ਦੀ ਰਚਨਾ ਦੀ ਤਿਥੀ ਅਤੇ ਆਪਣੇ ਆਪ ਨੂੰ ਉਸ ਪਰੀ ਪੂਰਨ ਪ੍ਰਮੇਸ਼ਵਰ 'ਵਾਹਿਗੁਰੂ' ਜੀ ਦਾ ਦਾਸ ਕਥਨ ਕਰਦੇ ਹਨ :

[1]"ਸੰਮਤ ਸੱਤ੍ਹ ਸਹਸ ਪਚਾਵਨ॥ ਹਾੜ ਵਦੀ ਪ੍ਰਿਥਮ ਸੁਖ ਦਾਵਨ॥

ਤ੍ਵ ਪ੍ਰਸਾਦਿ ਕਰਿ ਗ੍ਰੰਥ ਸੁਧਾਰਾ॥ ਭੂਲ ਪਰੀ ਲਹੁ ਲੇਹੁ ਸੁਧਾਰਾ॥੮੬੦॥

[2]"ਦੋਹਰਾ ॥ ਨੇਤ੍ਰ ਤੁੰਗ ਕੇ ਚਰਨ ਤਰ ਸਤੱਦ੍ਰਵ ਤੀਰ ਤਰੰਗ॥

ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ॥੮੬੧॥"

[3]"ਸਾਧ ਅਸਾਧ ਜਾਨੋ ਨਹੀਂ ਬਾਦ ਸੁਬਾਦ ਬਿਬਾਦ॥

ਗ੍ਰੰਥ ਸਕਲ ਪੂਰਨ ਕੀਯੋ ਭਗਵਤ ਕ੍ਰਿਪਾ ਪ੍ਰਸਾਦਿ॥੮੬੨॥"

## ਸ੍ਵੈਯਾ

[4]"ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ॥

ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ॥

ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਯੋ॥

ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਯੋ ਸਭ ਤੋਹਿ ਬਖਾਨਯੋ॥੮੬੩॥"

---

1 1755 ਬਿਕ੍ਰਮੀ ਸੰਮਤ 'ਚ ਸੁਖ ਦੇਣ ਵਾਲੀ ਹਾੜ ਵਦੀ ਏਕਮ ਥਿੱਤ ਨੂੰ ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਗ੍ਰੰਥ ਪੂਰਾ ਕੀਤਾ ਹੈ।'

2 ਨੈਣਾ ਦੇਵੀ ਦੇ ਪਹਾੜਾਂ ਦੇ ਪੈਰਾਂ ਹੇਠਾ ਸਤਲੁਜ ਨਦੀ ਦੇ ਕੰਢੇ ਉੱਤੇ ਅਨੰਦਪੁਰ ਸਾਹਿਬ ਵਿੱਚ ਸ੍ਰੀ ਮਦਭਾਗਵਤ ਵਿਚੋਂ ਸ੍ਰੀ ਰਾਮ ਚੰਦਰ ਜੀ ਦੀ ਕਥਾ ਦੇ ਪ੍ਰਸੰਗ ਨੂੰ ਪੂਰਾ ਕੀਤਾ ਹੈ।

3 ਭੁਰਾ ਭੱਲਾ, ਬਾਦ ਬਿਬਾਦ, ਗੁਣ-ਔਗੁਣ ਅਤੇ ਸ਼ੁੱਭ ਗੁਣਾਂ ਨੂੰ ਭੀ ਮੈਂ ਨਹੀਂ ਜਾਣਦਾ ਕੇਵਲ ਭਗਵਤ ਦੀ ਕ੍ਰਿਪਾ ਨਾਲ ਹੀ ਸਾਰਾ ਗ੍ਰੰਥ ਸੰਪੂਰਣ ਕੀਤਾ ਹੈ।

4 ਗੁਰੂ ਸਾਹਿਬ ਜੀ ਅਕਾਲ ਪੁਰਖ ਨੂੰ ਸੰਬੋਧਨ ਕਰਦੇ ਹੋਏ ਫੁਰਮਾਉਂਦੇ ਹਨ ਕਿ ਜਦ ਤੋਂ ਮੈਂ ਤੁਹਾਡੇ ਚਰਨ ਫੜੇ ਹਨ, ਤਦ ਤੋਂ ਮੈਂ ਹੋਰ ਕਿਸੇ ਨੂੰ ਆਪਣੀ ਅੱਖ ਹੇਠਾਂ ਨਹੀਂ ਲਿਆਦਾ ਅਰਥਾਤ ਤੁਹਾਡੀ ਕ੍ਰਿਪਾ ਚਾਹੁੰਦਾ ਹਾਂ, ਹੋਰ ਕਿਸੇ ਦੀ ਪਰਵਾਹ ਨਹੀਂ ਰਖਦਾ। ਰਾਮ, ਰਹੀਮ, ਪੁਰਾਨ, ਕੁਰਾਨ ਨੂੰ ਮੰਨਣ ਵਾਲੇ ਅਨੇਕਾਂ ਮੱਤ ਕਹੇ ਜਾਂਦੇ ਹਨ ਪਰ ਮੈਂ ਤੁਹਾਡੇ ਤੋਂ ਸਿਵਾਂ ਕਿਸੇ ਇਕ ਨੂੰ ਵੀ ਨਹੀਂ ਮੰਨਦਾ। ਸਿੰਮ੍ਰਤੀਆਂ, ਸ਼ਾਸਤ੍ਰ ਤੇ ਬੇਦ ਬਹੁਤ ਸਾਰੇ ਭੇਦਾਂ ਨੂੰ ਕਹਿੰਦੇ ਹਨ, ਪਰੰਤੂ ਅਸਾਂ ਇਕ ਭੀ ਨਹੀਂ ਜਾਣਿਆ। ਹੇ ਵਾਹਿਗੁਰੂ! ਅਸਾਂ ਤੇਰੀ ਕ੍ਰਿਪਾ ਨਾਲ ਹੀ ਗ੍ਰੰਥ ਬਣਾਇਆ ਹੈ। ਮੈਂ ਨਹੀਂ ਉਚਾਰਿਆ, ਸਭ ਤੂੰ ਹੀ ਕਥਨ ਕਰਾਇਆ ਹੈ।

**ਦੋਹਰਾ**

[1]"ਸਗਲ ਦੁਆਰ ਕਉ ਛਾਡਿ ਕੈ, ਗਹਯੋ ਤੁਹਾਰੋ ਦੁਆਰ।।

ਬਾਂਹਿ ਗਹੇ ਕੀ ਲਾਜ ਅਸ, ਗੋਬਿੰਦ ਦਾਸ ਤੁਹਾਰ।।864"

21 ਇਕੀਵਾਂ ਅਵਤਾਰ 'ਸ੍ਰੀ ਕ੍ਰਿਸ਼ਨ'

ਚੌਬੀਸ ਅਵਤਾਰਾਂ ਦੀ ਕਥਾਂ ਵਿੱਚੋਂ ਇਹ ਇਕੀਵਾਂ ਅਵਤਾਰ ਸਭ ਤੋਂ ਵੱਡਾ ਹੈ। ਇਸ ਦੇ ਵੱਖ-ਵੱਖ ਸਿਰਲੇਖਾਂ ਹੇਠ ਅਨੇਕਾਂ ਤਰ੍ਹਾਂ ਦੇ ਛੰਦ-ਬੰਧ ਹਨ। ਜੇਕਰ ਕੱਲੇ-ਕੱਲੇ ਸਿਰਲੇਖ ਦੀ ਚਰਚਾ ਕਰੀਏ ਤਾਂ ਇਹ 'ਲਘੂ-ਸ਼ੋਧ ਪ੍ਰਬੰਧ' ਬਹੁਤ ਵੱਡਾ ਹੋ ਜਾਵੇਗਾ। ਇਸ ਰਚਨਾ ਦੇ ਸਿਰਲੇਖ ਕੁੱਝ ਇਸ ਪ੍ਰਕਾਰ ਹਨ :

"ਦੇਵਕੀ ਦਾ ਜਨਮ, ਕੰਸ ਨੂੰ ਅਕਾਸ਼ਬਾਣੀ, ਦੇਵਕੀ ਵਾਸਦੇਵ ਕੈਦ, ਕ੍ਰਿਸ਼ਨ ਦਾ ਜਨਮ, ਮੂੰਹ ਚੋਂ ਤਿੰਨ ਲੋਕ ਵਿਖਾਉਣੇ, ਕਾਲੀ ਨਾਗ ਨੂੰ ਨੱਥਣਾ, ਬ੍ਰਿਜਵਾਸੀਆਂ ਨੂੰ ਸ੍ਵਰਗ ਵਿਖਾਉਣਾ, ਕ੍ਰਿਸ਼ਨ ਨੇ ਰਾਧਾ ਨੂੰ ਮਨਾਉਣਾ, ਕੁਬਜਾ ਦਾ ਕੁੱਬ ਦੂਰ, ਕੰਸ ਨੂੰ ਮਾਰਣਾ, ਮਾਤਾ-ਪਿਤਾ ਬੰਦੀ-ਮੁਕਤ, ਬਾਰਹਮਾਹਾ, ਜੁੱਧ ਪ੍ਰਬੰਧ ਜਰਾਸਿੰਧ ਯੁੱਧ, ਖੜਗ ਸਿੰਘ ਦਾ ਜੁੱਧ, ਜਰਾਸਿੰਧ ਨਾਲ ਜੰਗ, ਪ੍ਰਦੁਮਣ ਦਾ ਜਨਮ, ਸਤ੍ਰਾਜਿਤ ਦਾ ਸੂਰਜ ਤੋਂ ਮਨੀ ਲਿਆਉਣਾ ਤੇ ਜਾਮਵੰਤ ਨੂੰ ਮਾਰਨਾ, ਸੋਲ੍ਹਾਂ ਹਜ਼ਾਰ ਇਸਤਰੀਆਂ ਵਿਆਹੀਆਂ, ਜਰਾਸਿੰਧ ਨੂੰ ਮਾਰਨਾ, ਸੁਦਾਮੇ ਦੀ ਕਥਾ, ਸੁਭੱਦਰਾ ਦਾ ਵਿਆਹ, ਆਦਿ।"

---

1 ਸਾਰੇ ਦਰਾਂ ਨੂੰ ਛੱਡ ਕੇ, ਤੁਹਾਡਾ ਦਰ ਆਣ ਫੜਿਆ ਹੈ ਤੁਹਾਨੂੰ ਬਾਂਹ ਫੜੇ ਦੀ ਲਾਜ ਹੈ ਤੇ ਮੈਂ ਗੋਬਿੰਦ ਤੁਹਾਡਾ ਦਾਸ ਹਾਂ। ਇਹ ਰਚਨਾ ਸੰਮਤ 1755 ਬਿਕ੍ਰਮੀ ਵਿੱਚ ਪੂਰੀ ਕੀਤੀ ਹੈ ਅਤੇ ਅੰਮ੍ਰਿਤ ਪ੍ਰਚਾਰ ਸੰਮਤ 1756 ਬਿਕ੍ਰਮੀ ਵਿਸਾਖ ਤੋਂ ਆਰੰਭ ਹੁੰਦਾ ਹੈ। ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੇ ਨਾਮ ਨਾਲ ਸਿੰਘ ਪਦ ਨਹੀਂ ਜੋੜਿਆ।

ਇਸ ਪ੍ਰਕਾਰ ਦੇ ਅਨੇਕਾਂ ਸਿਰਲੇਖਾਂ ਹੇਠ ਇਹ ਰਚਨਾ ਕੀਤੀ ਗਈ ਹੈ। ਇਸ 'ਸ੍ਰੀ ਕ੍ਰਿਸ਼ਨਾਵਤਾਰ' ਦੇ ਕੁੱਲ ਛੰਦ-ਬੰਧ 2492 ਹਨ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਜਾਪੁ ਸਾਹਿਬ ਤੋਂ ਲੈ ਕੇ ਇਸ ਅਵਤਾਰ ਤੱਕ ਦੀ ਰਚਨਾ ਗੁਰੂ ਸਾਹਿਬ ਨੇ ਸੰਮਤ 1745 ਬਿਕ੍ਰਮੀ ਵਿੱਚ ਸਾਵਣ ਸੁਦੀ ਸੱਤਵੀਂ ਤਿਥ ਵਾਲੇ ਦਿਨ ਸ੍ਰੀ ਪਾਉਂਟਾ ਸਾਹਿਬ ਵਿੱਖੇ ਕੀਤੀ। ਜਿਥੇ ਕੋਲ ਹੀ ਜਮਨਾ ਵਗਦੀ ਹੈ। ਇਸ ਗੱਲ ਦਾ ਨਿਰਣਾ ਗੁਰੂ ਸਾਹਿਬ ਇਸ ਅਵਤਾਰ ਦੇ ਅੰਤ ਵਿੱਚ ਇੱਕ ਦੋਹਰੇ ਵਿੱਚ ਕਰਦੇ ਹਨ।

"ਦੋਹਰਾ॥ ਸੱਤ੍ਰਹ ਸੈ ਪੈਤਾਲ ਮਹਿ ਸਾਵਨ ਸੁਦਿ ਥਿਤਿ ਦੀਪ॥

ਨਗਰ ਪਾਂਵਟਾ ਸੁਭ ਕਰਨ ਜਮਨਾ ਬਹੈ ਸਮੀਪ॥ ੨੪੯0॥"[1]

[2]"ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ॥

ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁੱਧ ਕੇ ਚਾਇ॥੨੪੯੧॥"

[3]"ਸ੍ਵੈਯਾ॥ ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥

ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ॥

ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜੀਆਰੈ॥

---

1 ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਕ੍ਰਿਸ਼ਨਾਵਤਾਰ, ਪੰਨਾ 568

2 ਗੁਰੂ ਸਾਹਿਬ ਜੀ ਕ੍ਰਿਸ਼ਨਾਵਤਾਰ ਦੇ ਅੰਤ ਵਿੱਚ ਫੁਰਮਾਉਂਦੇ ਹਨ ਕਿ ਅਸੀ ਭਾਗਵਤ ਦੇ ਦਸਮ ਸਕੰਧ ਦੀ ਕਥਾ ਨੂੰ ਸੰਸਕ੍ਰਿਤ ਭਾਸ਼ਾ ਤੋਂ ਬ੍ਰਿਜ ਭਾਸ਼ਾ ਵਿੱਚ ਬਨਾਉਣਾ ਕੀਤਾ ਹੈ। ਹੇ ਪ੍ਰਭੂ! ਇਸਦਾ ਉਲਥਾ ਕਰਨ ਵਿੱਚ ਸਾਡੀ ਹੋਰ ਕੋਈ ਵਾਸ਼ਨਾ ਨਹੀਂ ਹੈ, ਕੇਵਲ ਧਰਮ ਜੁੱਧ ਦਾ ਚਾਉ ਲੋਕਾਂ ਵਿੱਚ ਪੈਦਾ ਕਰਨ ਲਈ ਇਹ ਸਾਰੇ ਪ੍ਰਸੰਗ ਪ੍ਰਗਟ ਕਰਕੇ ਸੁਣਾਏ ਹਨ।

3 ਗੁਰੂ ਸਾਹਿਬ ਜੀ ਸੰਸਾਰ ਵਿੱਚ ਉਨ੍ਹਾਂ ਦਾ ਜਿਉਣਾ ਧੰਨਤਾ ਦੇ ਯੋਗ ਗਿਣਦੇ ਹਨ ਜੋ ਮੂੰਹ ਤੋਂ ਹਰਿ ਨਾਮ ਨੂੰ ਜਪਦੇ ਹਨ ਤੇ ਚਿੱਤ ਵਿੱਚ ਜੁੱਧ ਕਰਨ ਦੀ ਵਿਚਾਰ ਕਰਦੇ ਹਨ। ਕਿਉਂ ਕਿ ਏਹ ਸਰੀਰ ਅਨਿੱਤ ਹੈ, ਨਿੱਤ ਨਹੀਂ ਰਹੇਗਾ, ਜੋ ਪੁਰਸ਼ ਜਸ ਰੂਪ ਬੇੜੇ ਤੇ ਚੜ੍ਹੇਗਾ ਉਹ ਸੰਸਾਰ ਸਮੁੰਦਰ ਤੋਂ ਤਰ ਜਾਵੇਗਾ। ਇਸ ਸਰੀਰ ਨੂੰ ਧੀਰਜ ਦਾ ਘਰ ਬਣਾ ਕੇ ਅਤੇ ਸੁਬੁੱਧੀ ਨੂੰ ਇਸ ਦੀਵੇ ਵਾਗੂੰ ਰੋਸ਼ਨ ਕਰ ਲਵੇ। ਗਿਆਨ ਦੀ ਬਹੁਕਰ ਨੂੰ ਮਨ ਰੂਪ ਹੱਥ ਵਿੱਚ ਲੈ ਕੇ ਕਾਇਰਤਾ ਰੂਪ ਕੂੜੇ ਨੂੰ ਹੂੰਝ ਕੇ ਬਾਹਰ ਸੁੱਟ ਦੇਵੇ।

ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਬਾਰ ਬੁਹਰੈ॥੨੪੯੨॥"

22 ਬਾਈਸਵਾਂ ਅਵਤਾਰ 'ਨਰ' ਵਿੱਚ ਚੌਪਈ ਦੇ ਅੰਤਰਗਤ 'ਨਰ ਅਵਤਾਰ ਸੰਪੂਰਣਮ ਸਤੁ॥' ਸਿਰਲੇਖ ਹੇਠ ਕੁੱਲ 7 ਬੰਧ ਹਨ।

23 ਤੇਈਸਵਾਂ ਅਵਤਾਰ 'ਬਉਧ' ਵਿੱਚ ਚੌਪਈ ਤੇ ਦੋਹਰਾ ਦੇ ਅੰਤਰਗਤ 'ਬਉਧ ਅਵਤਾਰ ਸਮਾਪਤਮ ਸਤੁ ਸੁਭਮ ਸਤੁ॥' ਸਿਰਲੇਖ ਹੇਠ ਕੁੱਲ 3 ਬੰਧ ਹਨ।

24 ਚੌਬੀਸਵਾ ਅਵਤਾਰ 'ਨਿਹਕਲੰਕੀ' ਵਿੱਚ ਚੌਪਈ, ਗੀਤਾ ਮਾਲਤੀ ਛੰਦ, ਬ੍ਰਿਧ ਨਿਰਾਜ ਕਹਾ ਤੁਮੋ ਛੰਦ, ਤਰ ਨਰਾਜ ਛੰਦ, ਕੁਮਾਰ ਲਲਤ ਛੰਦ, ਨਗ ਸਰੂਪੀ ਛੰਦ, ਰਮਾਣ ਛੰਦ, ਪ੍ਰਿਅ ਛੰਦ, ਗਾਹਾ ਛੰਦ ਦੂਜਾ, ਚਤੁਰ ਪਦੀ ਛੰਦ, ਏਲਾ ਛੰਦ, ਘੱਤਾ ਛੰਦ, ਨਵਪਦੀ ਛੰਦ, ਅੜਿੱਲ ਦੂਜਾ, ਕੁਲਕ ਛੰਦ, ਪਦਮਾਵਤੀ ਛੰਦ, ਮਧੁਭਾਰ ਛੰਦ, ਹਰਿ ਗੀਤਾ ਛੰਦ, ਤ੍ਰਿਭੰਗੀ ਛੰਦ, ਪਧਿਸਟਕਾ ਛੰਦ, ਮਾਰਹ ਛੰਦ, ਦੋਹਰਾ, ਹੰਸਾ ਛੰਦ, ਅਭੀਰ ਛੰਦ, ਕੁੰਡਰੀਆ ਛੰਦ, ਸੋਰਠਾ ਛੰਦ, ਸਿਰਖੰਡੀ ਛੰਦ, ਸਮਾਨਕਾ ਛੰਦ, ਭੜਥੂਆ ਛੰਦ, ਅਕਵਾ ਛੰਦ, ਕਿਪਾਨ ਕ੍ਰਿਤ ਛੰਦ, ਚਾਚਰੀ ਛੰਦ, ਭਗਉਤੀ ਛੰਦ,ਰਸਾਵਲ ਛੰਦ, ਤਾਰਕ ਛੰਦ, ਹਰਿ ਬੋਲਮਨਾ ਛੰਦ, ਸੰਗੀਤ ਭੁਜੰਗ ਪ੍ਰਯਾਤ ਛੰਦ, ਪੰਕਜ ਬਾਟਿਕਾ ਛੰਦ, ਸਵੈਯਾ ਛੰਦ, ਸੁਪ੍ਰਿਆ ਛੰਦ, ਬਿਸੇਖ ਛੰਦ, ਚੰਚਲਾ ਛੰਦ, ਪਾਧੜੀ ਛੰਦ, ਤੋਟਕ ਛੰਦ, ਛਪੈ ਛੰਦ, ਮਾਧੋ ਛੰਦ, ਤਿਲੋਕੀ ਛੰਦ, ਮੋਹਨ ਛੰਦ, ਸੁਖਕਾ ਬ੍ਰਿਦ ਛੰਦ, ਬਾਨ ਤੁਰੰਗਮ ਛੰਦ, ਦੇ ਅੰਤਰਗਤ 'ਇਤਿ ਸ੍ਰੀ ਬਚਿਤ੍ਰ ਨਾਟਕ ਕੇ ਗ੍ਰੰਥੇ ਚਤਰਬੀਸਵਾ ਅਵਤਾਰ ਬਰਨਨੰ ਸਮਾਪਤ॥੨੪॥' ਸਿਰਲੇਖ ਹੇਠ ਕੁੱਲ 588 ਛੰਦ ਹਨ।

ਵਿਦਵਾਨਾਂ ਸਿਖਾਂ ਦਾ ਕਥਨ ਹੈ ਕਿ ਗੁਰੂ ਸਾਹਿਬ ਜੀ ਨੇ ਇਹ ਸਨਾਤਨ ਦੀ ਜੋ ਵਿਸ਼ੇਸ਼ ਪ੍ਰਸੰਗ ਦੀ ਕਥਾ ਸੀ ਉਹ ਇਸ ਲਈ ਵੀ ਸੰਸਕ੍ਰਿਤੀ ਤੋਂ ਗੁਰਮੁੱਖੀ ਲਿਪੀ ਵਿੱਚ ਅੰਕਿਤ ਕੀਤੀ

ਹੈ ਤਾਂ ਜੋ ਸਾਧਾਰਨ ਸਿੱਖ ਨੂੰ ਵੀ ਆਦਿ ਗੁਰੂ ਸਾਹਿਬ ਜੀ ਦੀਆਂ ਬਾਣੀਆਂ ਦੀ ਵਿਚਾਰ ਕਰਨ ਵਿੱਚ ਔਖਿਆਈ ਨਾ ਹੋਵੇ ਕਿਉਂ ਕਿ ਜੇ ਅਸੀ ਆਦਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀ ਵਿਚਾਰ ਕਰਨੀ ਹੋਵੇ ਤਾਂ ਸਾਨੂੰ ਸੱਭ ਤੋਂ ਪਹਿਲਾਂ ਵੇਦਾਂਤ ਦਾ ਗਿਆਨ ਹੋਣਾ ਜਰੂਰੀ ਹੈ ਸਨਾਤਨ ਮੱਤ ਦੀਆਂ ਕਥਾਵਾਂ ਬਾਰੇ ਜਾਣਕਾਰੀ ਚਾਹੀਦੀ ਹੈ ਜਿਵੇਂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਆਪਣੀ ਬਾਣੀ ਵਿੱਚ ਇਕ ਸਲੋਕ ਵਿੱਚ ਉਚਾਰਦੇ ਹਨ : ਸਲੋਕ ਮਃ ੧॥

"ਸਹੰਸਰ ਦਾਨ ਦੇ ਇੰਦ੍ਰ ਰੋਆਇਆ॥ ਪਰਸ ਰਾਮੁ ਹੋਵੇ ਘਰਿ ਆਇਆ॥"

------------------------------------------

ਮੰਨੇ ਨਾਉ ਸੋਈ ਜਿਣਿ ਜਾਇ॥ ਅਉਰੀ ਕਰਮ ਨ ਲੇਖੈ ਲਾਇ॥੧॥

ਇਸ ਸ਼ਬਦ ਵਿੱਚ ਇੱਕ-ਇੱਕ ਪੰਗਤੀ ਵਿੱਚ ਇੱਕ-ਇੱਕ, ਵੱਖ-ਵੱਖ ਸਨਾਤਨ ਸਮੇਂ ਦੀਆਂ ਕਥਾਵਾਂ ਹਨ। ਹੁਣ ਜੇਕਰ ਇਹਨਾਂ ਕਥਾਵਾਂ ਦੇ ਬਾਰੇ ਸਾਨੂੰ ਕੋਈ ਜਾਣਕਾਰੀ ਹੋਵੇਗੀ ਕੋਈ ਗਿਆਨ ਹੋਵੇਗਾ ਤਾਂ ਹੀ ਅਸੀਂ ਇਸ ਸੰਪੂਰਨ ਸ਼ਬਦ ਦੀ ਵਿਆਖਿਆ, ਵਿਚਾਰ ਆਦਿ ਕਰ ਸਕਦੇ ਹਾਂ। ਸੋ ਐਸੇ ਅਨੇਕਾਂ ਤਰ੍ਹਾਂ ਦੇ ਸ਼ਬਦ ਗੁਰੂ ਸਾਹਿਬਾਨਾਂ ਵਲੋਂ, ਭਗਤਾਂ, ਭੱਟਾਂ ਵੱਲੋਂ ਉਚਾਰਨ ਕੀਤੇ ਮਿਲਦੇ ਹਨ। ਇਸੇ ਲਈ ਹਰ ਸਿੱਖ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਦੀ ਵਿਚਾਰ ਕਰਨ ਤੋਂ ਪਹਿਲਾਂ ਸਨਾਤਨ ਦੀਆਂ ਕਥਾਵਾਂ ਭਾਵ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਪੂਰਣ ਬਾਣੀ ਨੂੰ ਵਿਚਾਰਨਾ ਲਾਭਦਾਇਕ ਹੋਵੇਗਾ। ਅਤੇ ਦੂਸਰਾ, ਜੋ ਕਾਇਰਤਾ ਨਾਲ ਗੁਲਾਮ ਹੋ ਚੁੱਕੇ ਲੋਕਾਂ ਵਿਚ ਜ਼ਜ਼ਬਾ ਪੈਦਾ ਹੋਵੇ।

### 3.9 ਬ੍ਰਹਮ ਅਵਤਾਰ

ਇਸ ਬਾਣੀ ਦੇ ਅਰੰਭ ਵਿੱਚ ਹੀ ਗੁਰੂ ਸਾਹਿਬ ਲਿਖਦੇ ਹਨ ਕਿ 'ਅਥ ਬ੍ਰਹਮਾ ਅਵਤਾਰ ਕਥਨੰ' ਭਾਵ ਹੁਣ ਬ੍ਰਹਮਾ ਦੇ ਅਵਤਾਰਾਂ ਦੀ ਕਥਾ ਅਰੰਭ ਹੋਈ ਹੈ। ਬ੍ਰਹਮਾ ਦੇ ਸੱਤ ਅਵਤਾਰਾਂ ਦਾ ਵਰਣਨ ਕੀਤਾ ਹੈ :-

ਬਾਲਮੀਕ, ਕੱਸ਼ਪ, ਸ਼ੁਕਰ, ਬਚੇਸ, ਬਿਆਸ, ਖਟ ਰਿਖਿ, ਕਾਲਿਦਾਸ।

| ਲੜੀ ਨੰ: | ਅਵਤਾਰ | ਕੁੱਲ ਛੰਦ |
|---|---|---|
| 1. | ਬਾਲਮੀਕ | 47 |
| 2. | ਕੱਛਪ | 3 |
| 3. | ਸ਼ੁਕਰ | 2 |
| 4. | ਬ੍ਰਹਸਪਤ (ਬਚੇਸ) | 2 |
| 5. | ਵੇਦ ਬਿਆਸ | 281 |
| | ਰਾਜਾ ਮਨੁ | 18 |
| | ਰਾਜਾ ਪ੍ਰਿਥੀ | 28 |
| | ਰਾਜਾ ਭਰਤ | 12 |
| | ਰਾਜਾ ਸੱਗਰ | 27 |
| | ਰਾਜਾ ਜੁਜਾਤ | 13 |
| | ਰਾਜਾ ਬੇਨ | 5 |
| | ਰਾਜਾ ਮਾਨਧਾਤਾ | 12 |
| | ਰਾਜਾ ਦਲੀਪ | 15 |
| | ਰਾਜਾ ਰਘੁ | 43 |
| | ਰਾਜਾ ਅਜ | 108 |
| 6. | ਖਟ ਰਿਸ਼ੀ | 4 |
| 7. | ਕਾਲੀਦਾਸ | 4 |

ਇਸ ਬ੍ਰਹਮਾ ਅਵਤਾਰ ਦੇ ਸੱਤਾ ਅਵਤਾਰਾਂ ਦੇ ਸੰਪੂਰਣ ਕੁੱਲ 343 ਛੰਦ ਹਨ।

## 3.1● ਰੁਦ੍ਰ ਅਵਤਾਰ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਇਸ ਰੁਦ੍ਰ ਅਵਤਾਰ ਦੇ ਕੁੱਲ ਦੋ ਅਵਤਾਰਾਂ ਦਾ ਜ਼ਿਕਰ ਆਉਂਦਾ ਹੈ। ਪਹਿਲੇ ਦੱਤਾ ਤ੍ਰੇਯ ਅਤੇ ਦੂਸਰੇ ਪਾਰਸਨਾਥ। ਦੱਤਾ ਤ੍ਰੇਯ ਨੇ ਚੌਵੀ ਗੁਰੂ ਧਾਰਨ ਕੀਤੇ ਜਿਹਨਾਂ ਦੇ ਨਾਂ ਇਸ ਪ੍ਰਕਾਰ ਹਨ –

"ਅਕਾਲ ਪੁਰਖ, ਮਨ, ਮਕੜੀ, ਬਗਲੇ, ਬਿੱਲੇ, ਪੇਂਜੇ, ਮਾਛੀ, ਦਾਸੀ, ਵਣਜਾਰੇ, ਮਾਲਿਣ, ਰਾਜਾ ਸੁਰੱਥ, ਬਾਲਕਾ, ਸੇਵਕ, ਪਤੀ ਭਗਤ ਇਸਤਰੀ, ਤੀਰ ਕਮਾਨ ਕਾਰੀਗਰ, ਇੱਲ, ਦੁਧੀਰੇ ਪੰਛੀ, ਹਿਰਨਾਂ ਦੇ ਸ਼ਿਕਾਰੀ, ਤੋਤੇ, ਸ਼ਾਹ, ਤੋਤਾ ਪੜਾਉਣ ਵਾਲੇ, ਹਾਲੀ ਕਿਰਸਾਣ, ਰਾਗ ਗਾਉਂਦੀ ਜਛਣੀ, ਇੱਕ ਵਾਹਿਗੁਰੂ ਦਾ ਨਾਮ।"

ਇਹਨਾਂ ਚੌਵੀ ਗੁਰੂਆਂ ਦੀ ਕਥਾ ਦੇ ਅੰਤਰਗਤ ਕੁੱਲ 498 ਛੰਦ ਹਨ।

ਰੁਦ੍ਰ ਜੀ ਦਾ ਦੂਸਰਾ ਅਵਤਾਰ ਰਾਜਾ ਪਾਰਸਨਾਥ ਹੋਇਆ। ਇਸ ਪ੍ਰਸੰਗ ਵਿੱਚ ਰਾਜਾ ਬਿਬੇਕ ਅਤੇ ਰਾਜਾ ਅਬਿਬੇਕ ਦੇ ਦਲ ਦੀ ਕਥਾ ਬਹੁਤ ਸੁੰਦਰ ਤੇ ਬੜੀ ਅਦਭੁਤ ਰਸ ਭਰੀ ਹੈ। ਇਸ ਦੇ ਅੰਤਰਗਤ ਕੁੱਲ 358 ਛੰਦ ਹਨ। ਅਤੇ ਰੁਦ੍ਰ ਅਵਤਾਰ ਦੇ ਦੋਨੋਂ ਅਵਤਾਰਾਂ 'ਦੱਤਾ ਤ੍ਰੇਯ + ਪਾਰਸਨਾਥ' ਦੇ ਸੰਪੂਰਨ 498 + 358 = 856 ਛੰਦ ਹਨ।

ਸ਼ਿਵਜੀ ਦਾ ਦੂਸਰਾ ਅਵਤਾਰ ਪਾਰਸ ਨਾਥ ਦੇ ਰੂਪ ਵਿਚ ਹੋਇਆ। ਰਾਜਾ ਪਾਰਸ ਨਾਥ ਬੜੇ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਰਾਜਾ ਸਨ। ਉਨ੍ਹਾਂ ਨੇ ਜਦ ਸਭ ਵੱਡੇ ਵੱਡੇ ਰਾਜੇ ਜਿੱਤ ਲਏ ਤੇ ਫਿਰ ਉਹਨਾ ਨੇ ਮਨ ਬਚਨ ਅਤੇ ਕਰਮ ਕਰਕੇ ਪ੍ਰਭੂ ਦੀ ਭਗਤੀ ਕੀਤੀ ਅਤੇ ਚੰਡੀ ਦੇਵੀ ਦੀ ਆਰਾਧਨਾ ਕੀਤੀ। ਚੰਡੀ ਦੇਵੀ ਦੀ ਉਸ ਬਹੁਤ ਉਪਮਾ ਕੀਤੀ ਜਿਸ ਕਰਕੇ ਚੰਡੀ ਦੇਵੀ ਨੇ ਪ੍ਰਸੰਨ ਹੋ ਕੇ ਉਸ ਨੂੰ ਦਰਸ਼ਨ ਦਿੱਤੇ। ਚੰਡੀ ਨੇ ਉਸਨੂੰ ਕਿਹਾ ਕਿ ਉਹ ਜੋ ਜੀਅ ਚਾਹੇ ਵਰ ਮੰਗ ਲਵੇ। ਪਾਰਸ ਨਾਥ ਨੇ ਕਿਹਾ ਕਿ ਮੈਨੂੰ ਇਹ ਵਰ ਦੇਵੋ ਕਿ ਮੈਂ ਹਰ ਪ੍ਰਕਾਰ ਦੀ ਵੇਦ ਵਿਦਿਆ ਦਾ ਗਿਆਤਾ ਹੋ ਜਾਵਾਂ ਅਤੇ ਹਰ ਕਿਸਮ ਦੇ ਸ਼ਸਤਰ ਚਲਾਉਣ ਵਿਚ ਪ੍ਰਬੀਨ ਹੋ ਜਾਵਾਂ। ਮੈਂ ਸਾਰੇ ਦੇਸ਼ਾਂ ਨੂੰ ਜਿੱਤ ਕੇ ਆਪਣਾ ਮੱਤ ਚਲਾਵਾਂ। ਦੇਵੀ ਨੇ ਉਸ ਦੀ ਗੱਲ ਨੂੰ ਮੰਨ ਲਿਆ ਅਤੇ ਉਸ ਵਲੋਂ ਮੰਗਿਆ ਵਰਦਾਨ ਉਸਨੂੰ ਦੇ ਦਿੱਤਾ। ਵਰ ਪ੍ਰਾਪਤ ਕਰਕੇ ਰਾਜੇ ਨੂੰ

ਤੱਤ ਅਤੇ ਅਤੱਤ ਦੀ ਪਛਾਣ ਹੋ ਗਈ ਅਤੇ ਸਾਰੇ ਵੇਦਾਂ ਦਾ ਪਾਠ ਉਸ ਨੂੰ ਜ਼ਬਾਨੀ ਯਾਦ ਹੋ ਗਿਆ। ਉਸ ਕਈ ਪ੍ਰਕਾਰ ਦੇ ਅਸਤਰ ਸ਼ਸਤਰ ਧਾਰਨ ਕੀਤੇ ਅਤੇ ਵੱਡੇ ਵੱਡੇ ਰਾਜੇ ਜਿੱਤ ਕੇ 'ਅਭੈ' ਪਦ ਪ੍ਰਾਪਤ ਕੀਤਾ।

ਉਸ ਸਭ ਦੇਸ਼ਾਂ ਦੇ ਰਾਜਿਆਂ, ਮੁੰਨੀਆਂ, ਸੰਨਿਆਸੀਆਂ ਅਤੇ ਯੋਗੀਆਂ ਨੂੰ ਬੁਲਾਇਆ। ਉਸ ਸਾਰਿਆਂ ਨੂੰ ਸਿਖਿਆ ਦਿੱਤੀ ਕਿ ਪ੍ਰਭੂ ਨੂੰ ਪ੍ਰਾਪਤ ਕਰਨ ਵਾਸਤੇ ਕਿਸੇ ਪ੍ਰਕਾਰ ਦੇ ਭੇਸ ਧਾਰਨ, ਜੜਾਵਾਂ ਰਖਣ ਜਾਂ ਸਰੀਰ ਨੂੰ ਕਸ਼ਟ ਦੇਣ ਦੀ ਲੋੜ ਨਹੀਂ। ਉਸ ਕਿਹਾ ਕਿ ਜੇ ਭੇਸ ਧਾਰਨ ਨਾਲ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਤਾਂ ਇਹ ਜਟਾਧਾਰੀ ਦਰ ਦਰ ਮੰਗਦੇ ਨਾ ਫਿਰਦੇ। ਪ੍ਰਭੂ ਨੂੰ ਪਾਉਣ ਵਾਸਤੇ ਥਾਂ ਥਾਂ ਭਟਕਣ ਦੀ ਲੋੜ ਨਹੀਂ ਹੈ, ਉਸ ਨੂੰ ਇਕ ਥਾਂ ਤੇ ਬੈਠ ਕੇ ਵੀ ਪਾਇਆ ਜਾ ਸਕਦਾ ਹੈ, ਕਈ ਜਟਾ ਧਾਰੀਆਂ ਤਾਂ ਉਸ ਦੀ ਗੱਲ ਨੂੰ ਮੰਨ ਲਿਆ ਪਰ ਕਈ ਲੜਾਈ ਕਰਨ ਲਈ ਤਿਆਰ ਹੋ ਗਏ। ਫਿਰ ਘਮਸਾਨ ਦਾ ਯੁੱਧ ਛਿੜ ਪਿਆ ਅਤੇ ਲੱਖਾਂ ਮੁਨੀ, ਯੋਗੀ ਅਤੇ ਸੰਨਿਆਸੀ ਮਾਰੇ ਗਏ। ਜਿਹੜੇ ਮੈਦਾਨ ਛੱਡ ਕੇ ਭੱਜ ਗਏ ਉਹ ਬੱਚ ਗਏ, ਬਾਕੀ ਉਸ ਸਭ ਮਾਰ ਦਿੱਤੇ। ਇਸ ਤਰ੍ਹਾਂ ਪਾਰਸ ਨਾਥ ਨੇ ਦੱਤਾ ਤ੍ਰੇਅ ਦੇ ਮੱਤ ਨੂੰ ਸਮਾਪਤ ਕਰਕੇ ਆਪਣੇ ਮੱਤ ਨੂੰ ਚਲਾਇਆ। ਰਾਜੇ ਨੇ ਸਾਰੇ ਸੰਸਾਰ ਨੂੰ ਜਿੱਤ ਕੇ ਕਈ ਅਸਵ ਮੇਧ ਯੱਗ ਕੀਤੇ। ਜਦ ਕੋਈ ਰਾਜਾ ਵੀ ਆਕੀ ਨ ਰਹਿ ਗਿਆ ਤਾਂ ਉਸ ਭੂਪ-ਯੱਗ ਕਰਨ ਦਾ ਫੈਸਲਾ ਕੀਤਾ। ਭੂਪ-ਯੱਗ ਵਿਚ ਇਕ ਲੱਖ ਰਾਜਿਆਂ ਦੀ ਕੁਰਬਾਨੀ ਦੇਣੀ ਪੈਂਦੀ ਹੈ। ਉਸ ਸਾਰੇ ਦੇਸ਼ਾਂ ਦੇ ਕਰੋੜਾਂ ਰਾਜੇ ਫੜ ਲਿਆਂਦੇ ਅਤੇ ਭੂਪ-ਯੱਗ ਦੀ ਤਿਆਰੀ ਕਰ ਦਿੱਤੀ। ਲਖਾਂ ਹੀ ਬ੍ਰਾਹਮਣ ਅਤੇ ਯੱਗ ਕਾਰਜ ਨੂੰ ਚਲਾਉਣ ਵਾਲੇ ਰਿੱਤਜ ਬੁਲਾ ਲਏ। ਜਦ ਯੱਗ ਆਰੰਭ ਹੋਣ ਲੱਗਾ ਤਾਂ ਰਾਜੇ ਦੇ ਮੰਤਰੀ ਨੇ ਕਿਹਾ ਕਿ ਮਹਾਰਾਜ ਇਹ ਗੱਲ ਯਕੀਨੀ ਬਣਾ ਲਵੋ ਕਿ ਕੋਈ ਰਾਜਾ ਜਾਂ ਕੋਈ ਧਰਤੀ ਨਾ ਰਹਿ ਗਈ ਹੋਵੇ ਜਿਹੜੀ ਤੁਸੀਂ ਜਿੱਤੀ ਨਾ ਹੋਵੇ, ਜੇ ਕੋਈ ਅੱਜ ਤੱਕ ਅਜਿਤ ਰਹਿ ਗਿਆ ਹੋਇਆ ਤਾਂ ਇਹ ਯੱਗ ਸਫਲ ਨਹੀਂ ਹੋਵੇਗਾ। ਰਾਜੇ ਨੇ ਮੰਤਰੀ ਨੂੰ ਆਦੇਸ਼ ਦਿੱਤਾ ਕਿ ਸਾਰਿਆਂ ਰਾਜਿਆਂ ਤੋਂ ਇਸ ਬਾਰੇ ਪੁਛੇ ਕਿ ਕੋਈ ਰਾਜਾ ਹਾਲੇ ਤੱਕ ਜਿਤਣ ਤੋਂ ਰਹਿ ਨਾ ਗਿਆ ਹੋਵੇ। ਮੰਤਰੀ ਨੇ ਪੰਜ ਲੱਖ ਰਾਜਿਆਂ ਨੂੰ ਬੁਲਾਇਆ ਅਤੇ ਪਾਰਸ ਨਾਥ ਨੇ ਇਕੱਲੇ

ਇਕੱਲੇ ਰਾਜੇ ਤੋਂ ਪੁਛਿਆ, ਪਰ ਇਸ ਗੱਲ ਦਾ ਉੱਤਰ ਕੋਈ ਨਾ ਦੇ ਸਕਿਆ। ਉਨ੍ਹਾਂ ਵਿਚ ਇਕ ਰਾਜੇ ਨੇ ਉਨ੍ਹਾਂ ਨੂੰ ਦੱਸਿਆ ਕਿ ਸਮੁੰਦਰ ਵਿਚ ਇਕ ਮੱਛੀ ਹੈ ਜਿਸ ਦੇ ਪੇਟ ਵਿਚ ਸ਼ਿਵਜੀ ਦਾ ਪੁੱਤਰ ਮਛਿੰਦਰ ਸਮਾਧੀ ਲਾ ਕੇ ਬੈਠਾ ਹੈ। ਜੇ ਉਸ ਮੱਛੀ ਨੂੰ ਫੜ ਲਿਆ ਜਾਵੇ ਅਤੇ ਉਸਦੇ ਪੇਟ ਨੂੰ ਚੀਰ ਕੇ ਮਛਿੰਦਰ ਰਿਖੀ ਨੂੰ ਬਾਹਰ ਕਢਿਆ ਜਾਵੇ ਤਾਂ ਉਹ ਤੁਹਾਨੂੰ ਇਸ ਗੱਲ ਦਾ ਉੱਤਰ ਦੇ ਦੇਵੇਗਾ। ਰਾਜਾ ਉਸੇ ਵੇਲੇ ਅਣਗਿਣਤ ਸੂਰਮੇ ਲੈ ਕੇ ਸਮੁੰਦਰ ਵਲ ਚਲਾ ਗਿਆ ਅਤੇ ਬੜੇ ਯਤਨ ਕਰਕੇ ਉਹ ਮੱਛੀ ਨੂੰ ਫੜ ਲਿਆਏ। ਗਿਆਨ ਰੂਪੀ ਕਿਰਪਾਨ ਨਾਲ ਜਦ ਉਨ੍ਹਾਂ ਮੱਛੀ ਦਾ ਪੇਟ ਚੀਰਿਆਂ ਤਾਂ ਉਨ੍ਹਾਂ ਮਛਿੰਦਰ ਮੁਨੀ ਦੇ ਦਰਸ਼ਨ ਕੀਤੇ ਜਿਹੜੇ ਅੱਖਾਂ ਮੀਟ ਕੇ ਸਮਾਧੀ ਵਿਚ ਬੈਠੇ ਸਨ। ਰਾਜੇ ਨੇ ਸਤਾਂ ਧਾਤਾਂ ਦੀ ਇਕ ਪਲੇਟ ਬਣਾ ਕੇ ਮੁਨੀ ਦੀ ਦ੍ਰਿਸ਼ਟੀ ਦੇ ਸਾਹਮਣੇ ਰੱਖ ਦਿੱਤੀ। ਜਦ ਰਿਖੀ ਨੇ ਅੱਖਾਂ ਖੋਲੀਆਂ ਅਤੇ ਉਹਨਾ ਦੀ ਨਜ਼ਰ ਉਸ ਪਲੇਟ ਤੇ ਪਈ ਤਾਂ ਉਹ ਪਲ ਵਿਚ ਸੜ ਕੇ ਰਾਖ ਹੋ ਗਈ। ਰਾਜਾ ਰਿਖੀ ਦੀ ਸ਼ਕਤੀ ਨੂੰ ਸਮਝ ਗਿਆ ਅਤੇ ਉਸ ਬੜੇ ਸਤਿਕਾਰ ਨਾਲ ਰਿਖੀ ਅਗੇ ਸਿਰ ਝੁਕਾਇਆ ਅਤੇ ਉਸਦੀ ਸੇਵਾ ਕੀਤੀ। ਫਿਰ ਰਾਜੇ ਨੇ ਉਸਨੂੰ ਪੁਛਿਆ ਕਿ ਮੈਨੂੰ ਇਹ ਦੱਸੋ ਕਿ ਦੁਨੀਆਂ ਵਿਚ ਉਹ ਕਿਹੜਾ ਰਾਜਾ ਅਤੇ ਕਿਹੜੀ ਧਰਤੀ ਹੈ ਜਿਹੜੀ ਮੈਥੋਂ ਹਾਲੇ ਜਿੱਤੀ ਨਹੀਂ ਗਈ, ਮੈਂ ਸਾਰੀ ਧਰਤੀ ਜਿੱਤ ਲਈ ਹੈ, ਦੁਨੀਆਂ ਦੇ ਸਾਰੇ ਰਾਜੇ ਮੇਰੇ ਗੁਲਾਮ ਹਨ, ਮੈਥੋਂ ਬਗੈਰ ਪੱਤਾ ਵੀ ਨਹੀਂ ਹਿਲ ਸਕਦਾ ਅਤੇ ਮੈਂ ਇਕ ਤਰ੍ਹਾਂ ਨਾਲ ਦੂਸਰਾ ਕਰਤਾਰ ਹਾਂ।

ਮਛਿੰਦਰ ਰਿਖੀ ਨੇ ਕਿਹਾ, "ਕੀ ਹੋਇਆ ਜੇ ਤੂੰ ਸਾਰੇ ਦੇਸ਼ ਵਿਦੇਸ਼ ਜਿੱਤ ਲਏ ਹਨ, ਕੀ ਹੋਇਆ ਜੇ ਤੂੰ ਦੁਨੀਆਂ ਕੁੱਚਲ ਦਿੱਤੀ ਹੈ? ਜਿਸ ਮਨ ਨਾਲ ਤੂੰ ਇਹ ਦੇਸ਼ ਜਿੱਤੇ ਹਨ, ਉਹ ਮਨ ਤਾ ਤੇਰੇ ਕਾਬੂ ਵਿਚ ਨਹੀਂ ਉਸ ਮਨ ਨੂੰ ਤੂੰ ਹਾਲੇ ਤਕ ਜਿੱਤ ਨਹੀਂ ਸਕਿਆ। ਇਸ ਧਰਤੀ ਦਾ ਤੂੰ ਕੀ ਮਾਣ ਕਰਦਾ ਹੈ, ਇਹ ਧਰਤੀ ਕਿਸੇ ਦੇ ਨਾਲ ਨਹੀਂ ਜਾਂਦੀ। ਇਹ ਧਰਤੀ ਤਾਂ ਕਿਤੇ ਰਹੀ ਇਹ ਤੇਰਾ ਆਪਣਾ ਸਰੀਰ ਜਿਹੜਾ ਤੈਨੂੰ ਚੁੱਕੀ ਫਿਰਦਾ ਹੈ ਇਹ ਵੀ ਤੇਰੇ ਨਾਲ ਨਹੀਂ ਜਾਵੇਗਾ। ਜਦ ਤੂੰ ਮਰ ਜਾਵੇਂਗਾ ਤਾਂ ਤੇਰੇ ਸਰੀਰ ਨੂੰ ਕੁਝ ਚਿਰ ਵੀ ਇਸ ਧਰਤੀ ਤੇ ਨਹੀਂ ਰਹਿਣ ਦੇਣਗੇ, ਤੇਰੀਆਂ ਇਸਤਰੀਆਂ ਅਤੇ ਪੁੱਤਰ ਕਾਹਲੇ ਪੈ ਜਾਣਗੇ ਕਿ ਇਸਦਾ ਜਲਦੀ

ਸਸਕਾਰ ਕਰੋ ਅਤੇ ਤੈਨੂੰ ਭੂਤ ਕਹਿਣ ਲੱਗ ਜਾਣਗੇ। ਇਹ ਯੋਧੇ ਜਿਨ੍ਹਾਂ ਦਾ ਤੂੰ ਏਨਾਂ ਮਾਣ ਕਰਦਾ ਹੈ, ਤੇਰੇ ਪਾਪਾਂ ਦਾ ਭਾਰ ਨਹੀਂ ਚੁੱਕ ਸਕਣਗੇ। ਭਿਆਨਕ ਦੁੱਖ ਨੂੰ ਵੇਖ ਕੇ ਇਹ ਸਭ ਭੱਜ ਜਾਣਗੇ। ਪਰ ਪਾਰਸ ਨਾਥ ਨੇ ਮਛਿੱਦਰ ਰਿਖੀ ਦੀਆਂ ਇਨ੍ਹਾਂ ਗੱਲਾਂ ਵੱਲ ਧਿਆਨ ਨ ਦਿੱਤਾ ਅਤੇ ਫਿਰ ਪੁਛਿਆ ਕਿ ਮੈਨੂੰ ਇਹ ਦਸੋ ਕਿ ਉਹ ਕੌਣ ਰਾਜਾ ਹੈ ਜਿਸ ਨੂੰ ਮੈਂ ਹੁਣ ਤਕ ਜਿੱਤ ਨਹੀਂ ਸਕਿਆ ਤਾਕਿ ਉਸਨੂੰ ਜਿੱਤ ਕੇ ਮੈਂ ਭੂਪ-ਮੇਧ ਯੱਗ ਕਰ ਸਕਾਂ।"

ਮਛਿੰਦਰ ਨੇ ਉਸਦੀ ਇਹ ਗੱਲ ਸੁਣ ਕੇ ਕਿਹਾ ਕਿ ਤੂੰ ਸ਼ਿਰੋਮਣੀ ਰਾਜਾ ਹੈ ਅਤੇ ਇਸ ਧਰਤੀ ਦੇ ਸਾਰੇ ਰਾਜੇ ਤੂੰ ਜਿੱਤ ਲਏ ਹਨ, ਪਰ ਇਕ ਅਬਿਬੇਕ ਨਾਮੀਂ ਰਾਜਾ ਹੈ ਜਿਹੜਾ ਤੇਰੇ ਹਿਰਦੇ ਵਿਚ ਵੱਸਦਾ ਹੈ, ਉਸਨੂੰ ਤੂੰ ਹਾਲੇ ਤੱਕ ਜਿੱਤ ਨਹੀਂ ਸਕਿਆ। ਉਸ ਬਾਰੇ ਤੂੰ ਮੈਨੂੰ ਦਸਿਆ ਵੀ ਨਹੀਂ ਕਿ ਤੂੰ ਉਸਨੂੰ ਜਿੱਤਿਆ ਹੈ ਕਿ ਨਹੀਂ। ਇਹ ਅਬਿਬੇਕ ਏਨਾ ਵੱਡਾ ਸੂਰਬੀਰ ਰਾਜਾ ਹੈ ਕਿ ਇਸ ਅਨੇਕਾਂ ਰਾਜਿਆਂ ਨੂੰ ਜਿੱਤ ਕੇ ਮਿੱਟੀ ਵਿਚ ਮਿਲਾ ਦਿੱਤਾ ਹੈ। ਏਸੇ ਅਬਿਬੇਕ ਰਾਜੇ ਨੇ ਕ੍ਰੋਧ ਵਿਚ ਆ ਕੇ ਕਰਨ ਅਤੇ ਕੌਰਵ ਯੁੱਧ ਵਿਚ ਤਬਾਹ ਕਰ ਦਿੱਤੇ ਸਨ। ਇਸ ਲਈ ਹੇ ਰਾਜਨ ਜਿਸ ਦਿਨ ਤੁਹਾਡੇ ਅੰਦਰਲਾ 'ਅਬਿਬੇਕ' ਕ੍ਰੋਧ ਵਿਚ ਆ ਕੇ ਤੁਹਾਡੇ ਕਾਬੂ ਤੋਂ ਬਾਹਰ ਹੋ ਜਾਵੇਗਾ ਤਾ ਉਸ ਦਿਨ ਕੇਵਲ ਇਕ ਬਿਬੇਕ (ਵਿਚਾਰ) ਨੂੰ ਪ੍ਰਭਾਵਤ ਕਰਨ ਤੋਂ ਬਗੈਰ ਹੋਰ ਸਾਰਿਆਂ ਨੂੰ ਆਪਣੇ ਕਲਾਵੇ ਵਿਚ ਲੈ ਲਵੇਗਾ।

ਇਹ ਗੱਲ ਸੁਣਕੇ ਰਾਜੇ ਨੇ ਅਬਿਬੇਕ ਰਾਜੇ ਦੇ ਗੁਣ, ਸਰੂਪ, ਸੁਭਾਵ, ਅਸਤਰ ਸ਼ਸਤਰ ਆਦਿ ਬਾਰੇ ਪੁਛਿਆ। ਮਛਿੰਦਰ ਰਿਖੀ ਨੇ ਫਿਰ ਅਬਿਬੇਕ ਦੇ ਰੰਗ ਰੂਪ ਬਾਰੇ ਦਸਿਆ ਅਤੇ ਕਿਹਾ ਕਿ ਉਹ ਅਜਿਤ ਰਾਜਾ ਹੈ। ਇਸ ਦੇ ਪਾਸ ਬਹੁਤ ਵੱਡੇ ਵੱਡੇ ਯੋਧੇ ਹਨ। ਇਹਨਾ ਯੋਧਿਆਂ ਵਿਚ ਸਭ ਤੋਂ ਵੱਡਾ ਯੋਧਾ ਕਾਮਦੇਵ ਹੈ ਜਿਸ ਦੇ ਚਾਰ ਪੁੱਤਰ, ਬਸੰਤ ਬਹਾਰ, ਹੁਲਾਸ, ਅਨੰਦ ਅਤੇ ਭਰਮ ਹਨ। ਇਸ ਤੋਂ ਉਪਰੰਤ ਹੋਰ ਵੀ ਬੜੇ ਬਲਵਾਨ ਯੋਧੇ ਹਨ। ਜਿਨ੍ਹਾਂ ਦੇ ਨਾਂ ਵੈਰ, ਆਲਸ, ਮਦ (ਸ਼ਰਾਬ) ਕੁਬਿਰਤੀ, ਗੁਮਾਨ, ਅਪਮਾਨ, ਅਨੱਰਥ ਨਿੰਦਿਆਂ, ਨਰਕ, ਤ੍ਰਿਸ਼ਨਾ, ਕਪਟ, ਲੋਭ, ਮੋਹ, ਹੰਕਾਰ, ਕ੍ਰੋਧ, ਧ੍ਰੋਹ, ਭਰਮ, ਦੋਸ਼, ਝੂਠ, ਮਥਿਆ, ਚਿੰਤਾ ਦਲਿਦਰ, ਸ਼ੰਕਾ, ਭੁੱਖ, ਹਿੰਸਾ, ਕੁਮੰਤ, ਚੋਰ, ਵਿਸ਼ਵਾਸਘਾਤ, ਕ੍ਰਿਤਘਨਤਾ, ਈਰਖਾ ਆਦਿ ਹਨ। ਮਛਿੰਦਰ

ਰਿਖੀ ਨੇ ਫਿਰ ਰਾਜੇ ਨੂੰ ਸਮਝਾਇਆ ਕਿ ਜਿਸ ਦਿਨ ਇਹ ਯੋਧੇ ਗੁੱਸੇ ਵਿਚ ਆ ਕੇ ਬਲ ਧਾਰਨ ਕਰਨਗੇ ਅਤੇ ਆਪਣੇ ਘੋੜਿਆਂ ਤੇ ਚੜ੍ਹ ਕੇ ਅਬਿਬੇਕ ਦਾ ਰੂਪ ਧਾਰ ਕੇ ਧਾਵਾ ਬੋਲਣਗੇ ਤਾਂ ਬਿਬੇਕ ਤੋਂ ਬਿਨਾਂ ਕੋਈ ਵੀ ਯੋਧਾ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕੇਗਾ। ਇਸ ਤਰ੍ਹਾਂ ਮਛਿੰਦਰ ਰਿਖੀ ਨੇ ਰਾਜੇ ਨੂੰ ਸਮਝਾਇਆ ਕਿ ਤੂੰ ਬਾਹਰਲੇ ਰਾਜਿਆਂ ਅਤੇ ਧਰਤੀ ਨੂੰ ਜਿੱਤਣ ਦੀ ਗੱਲ ਕਰ ਰਿਹਾ ਹੈ, ਹਾਲੇ ਤੱਕ ਤਾਂ ਤੂੰ ਆਪਣੇ ਅੰਦਰਲੇ ਅਬਿਬੇਕ (ਬੇਸਮਝੀ) ਨੂੰ ਜਿੱਤ ਨਹੀਂ ਸਕਿਆ। ਇਸ ਲਈ ਸਮਝ ਵਿਚਾਰ ਨਾਲ ਪਹਿਲਾਂ ਇਸ ਨੂੰ ਜਿੱਤ ਫਿਰ ਹੀ ਕੋਈ ਭੂਪ-ਯੱਗ ਅਰੰਭ ਕਰਨਾ।

ਰਾਜੇ ਪਾਰਸ ਨਾਥ ਨੇ ਫਿਰ ਮਛਿੰਦਰ ਮੁਨੀ ਨੂੰ ਪੁਛਿਆ ਕਿ ਜਿਸ ਤਰ੍ਹਾਂ ਅਬਿਬੇਕ ਰਾਜੇ ਦੇ ਰੂਪ ਸਰੂਪ, ਕੱਪੜੇ ਰੱਥ ਘੋੜਿਆਂ ਅਤੇ ਯੋਧਿਆਂ ਬਾਰੇ ਵਰਣਨ ਕੀਤਾ ਹੈ ਇਸ ਤਰ੍ਹਾਂ ਹੀ ਬਿਬੇਕ ਰਾਜੇ ਬਾਰੇ ਵੀ ਵਿਸਥਾਰ ਨਾਲ ਦਸਿਆ ਜਾਵੇ। ਉਸ ਦੀ ਗੱਲ ਮੰਨ ਕੇ ਮਛਿੰਦਰ ਨੇ ਬਿਬੇਕ ਰਾਜੇ ਅਤੇ ਉਸ ਦੇ ਯੋਧਿਆਂ ਬਾਰੇ ਦੱਸਿਆ। ਮੁਨੀ ਨੇ ਦੱਸਿਆ ਕਿ ਰਾਜੇ ਬਿਬੇਕ ਦੇ ਸਿਰ ਉਤੇ ਚਿੱਟੇ ਰੰਗ ਦਾ ਤਾਜ ਹੈ ਅਤੇ ਰੱਥ, ਘੋੜੇ ਬਸਤਰ ਅਤੇ ਗਹਿਣੇ ਸਭ ਚਿੱਟੇ ਹਨ। ਉਹ ਬਲਵਾਨ ਰਾਜਾ ਹੈ ਅਤੇ ਤਿੰਨਾਂ ਲੋਕਾਂ ਦੇ ਮੁਨੀ ਅਤੇ ਰਾਜੇ ਉਸਦੀ ਪੂਜਾ ਕਰਦੇ ਹਨ। ਉਸਦਾ ਰੱਥ ਹਵਾ ਦੀ ਚਾਲ ਨਾਲ ਚਲਦਾ ਹੈ ਅਤੇ ਉਹ ਬਿਜਲੀ ਵਾਂਗੂੰ ਲਿਸ਼ਕਦਾ ਹੈ। ਉਹ ਜਲ ਥਲ ਉਤੇ ਅਜੇਤੂ, ਅਭੈ ਅਤੇ ਅਤਿ ਉੱਤਮ ਸੂਰਬੀਰ ਮੰਨਿਆ ਜਾਂਦਾ ਹੈ। ਉਸਦੇ ਯੋਧੇ ਵੀ ਬਹੁਤ ਬਲਵਾਨ ਹਨ ਜਿਨ੍ਹਾਂ ਅੱਗੇ ਅਬਿਬੇਕ ਦਾ ਕੋਈ ਯੋਧਾ ਵੀ ਟਿਕ ਨਹੀਂ ਸਕਦਾ ਹੈ। ਸੰਜਮ, ਧੀਰਜ, ਧਰਮ, ਸੁਭ ਚਲਣਾ, ਨੇਮ, ਵਿਗਿਆਨ, ਇਸ਼ਨਾਨ, ਜੋਗ, ਨਿਮ੍ਰਤਾ, ਅਹਿੰਸਾ, ਨਿਆਇ, ਆਦਰ ਆਦਿ ਉਸਦੇ ਅਜਿਤ ਯੋਧੇ ਹਨ।

ਜਦ ਤੋਂ ਉਸ 'ੳ ਅੰਕਾਰ' ਦੇ ਸ਼ਬਦ ਦਾ ਉਚਾਰਨ ਕਰਕੇ ਇਹ ਧਰਤੀ ਬਣਾਈ ਹੈ ਤੱਦ ਤੋਂ ਹੀ ਉਸ ਸਜੇ ਪਾਸੇ ਤੋਂ ਸੱਚ ਦੀ ਉਤਪਤੀ ਕੀਤੀ ਸੀ ਅਤੇ ਖੱਬੇ ਪਾਸੇ ਤੋਂ ਝੂਠ ਦੀ ਸਿਰਜਣਾ ਕੀਤੀ ਸੀ। ਇਹ ਦੋਵੇਂ ਯੋਧੇ ਪੈਦਾ ਹੁੰਦਿਆ ਹੀ ਲੜਨ ਲੱਗ ਪਏ ਅਤੇ ਤਦ ਤੋਂ

ਇਨ੍ਹਾਂ ਦਾ ਵੈਰ ਚਲਿਆ ਆ ਰਿਹਾ ਹੈ। ਉਸ ਸਮੇਂ ਤੋਂ ਗਿਆਨ ਅਤੇ ਅਗਿਆਨ ਪੈਦਾ ਹੋ ਗਏ ਜਿਹੜੇ ਆਪਸ ਵਿਚ ਲੜਦੇ ਰਹਿੰਦੇ ਹਨ। ਮਛਿੰਦਰ ਨਾਥ ਮੁਨੀ ਨੇ ਰਾਜੇ ਪਾਰਸ ਨਾਥ ਨੂੰ ਬਿਬੇਕ (ਵਿਚਾਰ) ਅਤੇ ਅਬਿਬੇਕ (ਵਿਚਾਰ ਰਹਿਤ) ਨੂੰ ਪ੍ਰਮਾਣਾਂ ਨਾਲ ਸਮਝਾਇਆ। ਇਹ ਦੋਵੇਂ ਯੋਧੇ ਮਨੁੱਖ ਦੇ ਅੰਦਰ ਵਸਦੇ ਹਨ। ਮਨੁੱਖ ਬਾਹਰਲੀ ਦੁਨੀਆਂ ਨੂੰ ਤਾਂ ਆਪਣੇ ਜ਼ੋਰ ਨਾਲ ਜਿੱਤ ਜਾਂਦਾ ਹੈ, ਮਨੁੱਖ ਕਿਸੇ ਸਮੇਂ ਵੀ ਸੰਜਮ ਗਵਾ ਬੈਠਦਾ ਹੈ ਕਿਸੇ ਸਮੇਂ ਵੀ ਕ੍ਰੋਧ ਵਿਚ ਆ ਜਾਂਦਾ ਹੈ ਜਿੰਨੇ ਵੀ ਅਬਿਬੇਕ ਅਤੇ ਬਿਬੇਕ ਦੇ ਯੋਧੇ ਗਿਣੇ ਹਨ, ਇਹ ਮਨੁੱਖੀ ਆਚਰਣ ਦੇ ਲੱਛਣ ਹਨ ਇਨ੍ਹਾਂ ਵਿਚੋਂ ਜਿਹੜੇ ਚੰਗੇ ਹਨ ਉਹ ਬਿਬੇਕ ਦੇ ਰੂਪ ਹਨ ਅਤੇ ਜਿਹੜੇ ਮਾੜੇ ਹਨ ਅਬਿਬੇਕ ਦੇ ਸਾਥੀ ਹਨ। ਮਨੁੱਖ ਦੇ ਅੰਦਰ ਇਨ੍ਹਾਂ ਦੋਹਾਂ ਦੀ ਲੜਾਈ ਹੁੰਦੀ ਰਹਿੰਦੀ ਹੈ। ਮਨੁੱਖ ਇਸ ਲੜਾਈ ਨੂੰ ਬੰਦ ਨਹੀਂ ਕਰਵਾ ਸਕਦਾ।

ਇਸ ਤਰ੍ਹਾਂ ਮੁਨੀ ਮਛਿੰਦਰ ਪਾਰਸ ਨਾਥ ਨੂੰ ਇਹ ਅਨਭਵ ਕਰਾ ਦਿੰਦੇ ਹਨ ਕਿ ਦੁਨੀਆਂ ਵਿਚ ਇਕੋ ਹੀ ਯੋਧਾ ਅਜੇਤੂ ਅਤੇ ਅਮਰ ਹੈ ਅਤੇ ਉਹ ਹੈ ਸਰਬ ਸ਼ਕਤੀਮਾਨ ਪਰਮਾਤਮਾ। ਏਥੇ ਸਾਰੀ ਦੁਨੀਆਂ ਨੂੰ ਕੋਈ ਵੀ ਰਾਜਾ ਨਹੀਂ ਜਿੱਤ ਸਕਦਾ ਕਿਉਂਕਿ ਅਬਿਬੇਕ, ਬਿਬੇਕ ਦੋ ਸ਼ਕਤੀਆਂ ਪ੍ਰਭੂ ਤੋਂ ਬਗੈਰ ਕੋਈ ਨਹੀਂ ਜਿੱਤ ਸਕਿਆ। ਉਹ ਉਸਨੂੰ ਸਮਝਾਉਂਦੇ ਹਨ ਕਿ ਜੇ ਤੂੰ ਭੂਪ-ਮੇਧ ਯੱਗ ਕਰਨਾ ਹੈ ਤਾਂ ਪਹਿਲਾਂ ਆਪਣੇ ਅੰਦਰਲੇ ਅਬਿਬੇਕ ਰਾਜੇ ਨੂੰ ਤਾਂ ਜਿਤ ਲੈ ਤਾਕਿ ਤੂੰ ਇਹ ਕਹਿਣ ਦਾ ਹਕਦਾਰ ਹੋ ਜਾਵੇਂ ਕਿ ਮੈਂ ਸਾਰੇ ਰਾਜੇ ਜਿਤ ਲਏ ਹਨ। ਰਾਜਾ ਮੁਨੀ ਦੇ ਬਚਣ ਸੁਣ ਕੇ ਡਾਵਾਂ ਡੋਲ ਹੋ ਗਿਆ, ਉਸ ਸਾਰੀਆਂ ਆਸ਼ਾਵਾਂ ਨਿਰਾਸ਼ਾਵਾਂ ਨੂੰ ਦਿਲ ਵਿਚੋਂ ਕੱਢ ਦਿੱਤਾ ਉਸ ਆਪਣਾ ਸਭ ਕੁਝ ਤੱਜ ਦਿੱਤਾ ਅਤੇ ਮੁਨੀ ਨੂੰ ਕਹਿਣ ਲੱਗਾ ਕਿ ਜੇ ਮੈਂ ਇਨ੍ਹਾਂ ਹੱਠੀ ਜੋਧਿਆਂ ਨੂੰ ਨਹੀਂ ਜਿੱਤ ਸਕਦਾ ਤਾਂ ਮੇਰਾ ਹੁਣ ਇਸ ਦੁਨੀਆਂ ਵਿਚ ਜੀਉਣ ਦਾ ਕੋਈ ਫਾਇਦਾ ਨਹੀਂ। ਉਸ ਆਪਣੀ ਚਿਤਾ ਆਪ ਤਿਆਰ ਕੀਤੀ ਅਤੇ ਜੀਉਂਦਾ ਹੀ ਅੱਗ ਵਿਚ ਸੜ ਕੇ ਮਰ ਗਿਆ। ਇਸ ਤਰ੍ਹਾਂ ਪਾਰਸ ਨਾਥ ਜਿਹੜਾ ਆਪਣੇ ਆਪ ਤੇ ਏਨਾ ਮਾਣ ਕਰਦਾ ਸੀ ਏਨਾ ਘੁਮੰਡ ਕਰਦਾ ਸੀ, ਸੜ ਕੇ ਸਵਾਹ ਹੋ ਗਿਆ।

### 3.11 ਸ਼ਬਦ ਹਜ਼ਾਰੇ

ਗੁਰੂ ਸਾਹਿਬ ਜੀ ਨੇ ਇਸ ਪਵਿਤ੍ਰ ਰਚਨਾ ਵਿੱਚ ਵੱਖ-ਵੱਖ ਰਾਗਾਂ ਦੇ ਅੰਤਰਗਤ ਸ਼ਬਦਾਂ ਦਾ ਉਚਾਰਨ ਕੀਤਾ ਹੈ। ਇਹ ਸ਼ਬਦ ਸੰਪੂਰਣ ਰੂਪ ਵਿੱਚ ਉਪਦੇਸ਼ ਮਈ ਹਨ ਜਿਸ ਵਿੱਚ ਗੁਰੂ ਸਾਹਿਬ ਜੀ ਮਨੁੱਖ ਨੂੰ ਪਰਮ ਪੁਰਖ ਪ੍ਰਮੇਸ਼੍ਵਰ ਨੂੰ ਪਾਉਣ ਲਈ ਕੈਸੇ ਕਰਮ ਕਰਣੇ ਚਾਹੀਦੇ ਹਨ ਉਹ ਸਿੱਖਿਆ ਦਿੰਦੇ ਹੋਏ ਫੁਰਮਾਉਂਦੇ ਹਨ ਕਿ ਸੰਸਾਰ ਦੇ ਕਰਮ-ਕਾਂਡਾਂ ਤੋਂ ਉਪਰ ਉੱਠ ਕੇ ਪਖੰਡਾਂ ਨੂੰ ਤਿਆਗ ਕੇ ਇਸ ਤਰ੍ਹਾਂ ਦਾ ਸੰਨਿਆਸ ਧਾਰਨ ਕਰ ਜਿਸ ਵਿੱਚ ਸਾਰੇ ਘਰਾਂ ਨੂੰ (ਮਹੱਲਾ ਨੂੰ) ਬਨ (ਜੰਗਲ) ਦੇ ਸਮਾਨ ਕਰਕੇ ਹੀ ਸਮਝਿਆ ਜਾਵੇ ਅਤੇ ਮਨ ਹੀ ਮਨ ਉਦਾਸ ਰਹੁ, ਭਾਵ ਘਰਾਂ ਦੀ ਮਮਤਾ ਤੇ ਪਰਵਾਰ ਦਾ ਮੋਹ ਮਨ ਵਿੱਚ ਨਾ ਰੱਖੋ। ਜਤ ਦੀਆਂ ਜਟਾਂ, ਜੋਗ ਦਾ ਇਸ਼ਨਾਨ ਅਤੇ ਨੇਮ (ਪ੍ਰਭੂ ਨਾਮ) ਦੇ ਨੌਂਹ ਵਧਾਓ। ਗਿਆਨ ਨੂੰ ਗੁਰੂ ਜਾਣ ਕੇ ਮਨ ਨੂੰ ਸਿਖਿਆਰਥੀ ਜਾਣ ਕੇ ਉਪਦੇਸ਼ ਦੇਵੋ ਅਤੇ ਨਾਮ ਜਪਣ ਦੀ ਪਿੰਡੇ ਉਤੇ ਸੁਆਹ ਲਾਓ। ਥੋੜਾ ਖਾਣਾ, ਥੋੜਾ ਸੌਣਾ, ਦਇਆ ਤੇ ਖਿਮਾ ਨਾਲ ਪ੍ਰੀਤੀ ਧਾਰਨ ਕਰੋ, ਸੀਲ ਤੇ ਸੰਤੋਖ ਨੂੰ ਸਦਾ ਆਪਣੇ ਨਿਰਬਾਹ ਵਿੱਚ ਲਿਆਓ ਅਤੇ ਤਿੰਨਾਂ ਗੁਣਾ ਤੋਂ ਅਤੀਤ ਹੋ ਕੇ ਭਾਵ ਉਪਰ ਉੱਠ ਕੇ ਰਹੇ।

ਕਾਮ, ਕਰੋਧ, ਹੰਕਾਰ, ਲੋਭ, ਹਠ ਤੇ ਮੋਹ ਨੂੰ ਮਨ ਵਿੱਚ ਕਦੇ ਵੀ ਨਾ ਲਿਆਵੋ, ਤਦ ਹੀ ਆਤਮ ਸਰੂਪ ਦੇ ਦਰਸ਼ਨ ਹੋਣਗੇ ਅਤੇ ਫਿਰ ਪਰਮ ਪੁਰਖ ਪ੍ਰਮਾਤਮਾ ਨੂੰ ਪਾ ਲਵੋਗੇ। ਰਾਗ ਰਾਮਕਲੀ ਅੰਦਰ ਆਪ ਫੁਰਮਾਨ ਕਰਦੇ ਹਨ :

"ਰਾਮਕਲੀ ਪਾਤਿਸ਼ਾਹੀ ॥੧੦॥ ਰੇ ਮਨ ਐਸੋ ਕਰਿ ਸੰਨਿਆਸਾ॥

ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ॥੧॥"

ਇਸ ਤਰ੍ਹਾਂ ਸਾਰੇ ਸ਼ਬਦਾਂ ਵਿੱਚ ਗੁਰੂ ਸਾਹਿਬ ਜੀ ਮਨੁੱਖ ਨੂੰ ਵਿਸ਼ੇ ਵਿਕਾਰਾਂ ਤੋਂ ਦੂਰ ਰਹਿ ਕੇ ਪ੍ਰਮਾਤਮਾ ਦੀ ਬੰਦਗੀ ਕਰਨ ਦਾ, ਜਿਸ ਪ੍ਰਮੇਸ਼ਰ ਦੀ ਜੋਤਿ ਲੈ ਕੇ ਜਗਤ ਤੇ ਆਇਆ ਹੈ ਉਸ ਵਿੱਚ ਅਭੇਦ ਹੋਣ ਦਾ, ਹਰਿ ਨਾਮ ਜੱਪਣ ਤੋਂ ਬਿਨਾਂ ਬਚ ਨਹੀਂ ਪਾਏਗਾ ਆਦਿ ਅਧਿਆਤਮਿਕਤਾ ਭਰਪੂਰ ਉਪਦੇਸ਼ ਕਰਦੇ ਹਨ।

ਸੰਗੀਤ ਨੂੰ ਸਮਝਣ ਵਾਲਿਆਂ ਲਈ ਇਕ ਹੋਰ ਅਨੌਖੀ ਗੱਲ ਇਸ ਰਚਨਾ ਵਿੱਚ ਦੇਖਣ ਨੂੰ ਮਿਲਦੀ ਹੈ। ਜਿਵੇਂ ਦਾ ਗੁਰੂ ਸਾਹਿਬ ਸ਼ਬਦ ਉਚਾਰਣ ਕਰਦੇ ਹਨ ਉਸ ਪ੍ਰਕ੍ਰਿਤੀ ਦੇ ਰਾਗ ਦੇ ਅੰਤਰਗਤ ਉਹ ਸ਼ਬਦ ਹੈ। ਭਾਵ ਜਿਵੇਂ ਦੇ ਸ਼ਬਦ ਦੇ ਬੋਲ ਹਨ ਜੋ ਉਸ ਦੀ ਪ੍ਰਕ੍ਰਿਤੀ ਹੈ ਉਸੇ ਦੇ ਮਾਧਿਅਮ ਨਾਲ ਉਵੇਂ ਦੇ ਪ੍ਰਕ੍ਰਿਤੀ ਦੇ ਰਾਗਾਂ ਦਾ ਗੁਰੂ ਸਾਹਿਬ ਜੀ ਨੇ ਪ੍ਰਯੋਗ ਕੀਤਾ ਹੈ। ਜੇ ਖਿਆਲ ਦੀ ਰਚਨਾ ਕੀਤੀ ਹੈ ਤਾਂ ਉਸੇ ਦੇ ਪ੍ਰਕਾਰ ਉਸਦੇ ਸ਼ਬਦ ਹਨ ਬੋਲ ਹਨ।

ਇਸ ਬਾਣੀ ਦੇ ਅੰਤਰਗਤ ਕੁੱਲ 10 ਸ਼ਬਦ ਹਨ।

| **ਰਾਗ** | **ਕੁੱਲ ਸ਼ਬਦ** |
|---|---|
| ਰਾਗ ਰਾਮਕਲੀ | 3 |
| ਰਾਗ ਸੋਰਠਿ | 1 |
| ਰਾਗ ਕਲਿਆਣਿ | 1 |
| ਖਿਆਲ | 1 |
| ਰਾਗ ਤਿਲੰਗ ਕਾਫੀ | 1 |
| ਰਾਗ ਬਿਲਾਵਲ | 1 |
| ਰਾਗ ਦੇਵਗੰਧਾਰੀ | 2 |

### 3.12 ਤੇਤੀ ਸਵਈਏ

ਇਸ ਪਵਿੱਤ੍ਰ ਬਾਣੀ ਵਿੱਚ ਕੁੱਲ 33 ਸਵੈਯੇ ਹਨ। ਇਨ੍ਹਾਂ ਸਵੱਈਆਂ ਵਿੱਚ ਇਹ ਵਿਸ਼ਵਾਸ ਦਿਵਾਇਆ ਗਿਆ ਹੈ, ਕਿ ਅਕਾਲ ਪੁਰਖ ਆਪਣੇ ਭਗਤਾਂ ਦੀ ਸਹਾਇਤਾ ਕਰਦਾ ਹੈ। ਇਸ ਰਚਨਾ ਵਿੱਚ ਇਹ ਪ੍ਰੇਰਨਾ ਕੀਤੀ ਗਈ ਹੈ ਕਿ ਪਰਮਾਤਮਾ ਸ੍ਰਿਸ਼ਟੀ ਦੇ ਜ਼ੱਰੇ-ਜ਼ੱਰੇ ਵਿਚ ਵਿਦਯਮਾਨ ਹੈ, ਉਸ ਨੂੰ ਛੱਡ ਕੇ ਕਬਰਾਂ, ਮੜੀਆਂ-ਮਸਾਣਾਂ, ਮੱਠਾਂ ਆਦਿ ਦੀ ਪੂਜਾ ਨਹੀਂ ਕਰਨੀ ਚਾਹੀਦੀ ਬਲਕਿ ਪ੍ਰੇਮ ਭਾਵਨਾ ਰਾਹੀਂ ਪ੍ਰਭੂ ਦੀ ਜੋਤਿ ਨੂੰ ਅਨੁਭਵ ਕਰਨਾ ਚਾਹੀਦਾ ਹੈ। ਇਸ ਬਾਣੀ ਵਿੱਚ ਸਮੂਹ ਕਰਮ-ਕਾਂਡਾਂ ਤੋਂ ਬੱਚ ਕੇ ਰਹਿਣ ਅਤੇ ਪ੍ਰਭੂ ਦੀ ਭਗਤੀ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਜਿਵੇਂ :-

[1]"ਕਾਹੇ ਕਉ ਪੂਜਤ ਪਾਹਨ ਕਉ ਕਛੁ ਪਾਹਨ ਮੈ ਪਰਮੇਸਰ ਨਾਹੀ॥
ਤਾਹੀ ਕੋ ਪੂਜ ਪ੍ਰਭੂ ਕਰਿ ਕੈ ਜਿਹ ਪੂਜਤ ਹੀ ਅਘ ਓਘ ਮਿਟਾਹੀ॥"

ਵਿਸ਼ੇਸ਼ ਰੂਪ ਵਿੱਚ ਗੁਰੂ ਸਾਹਿਬ ਜੀ ਇਸ ਪਵਿੱਤ੍ਰ ਬਾਣੀ ਰਾਹੀਂ ਸਾਨੂੰ ਕੁੱਝ ਗਲਾਂ ਦ੍ਰਿੜ ਕਰਵਾਉਂਦੇ ਹਨ ਪਹਿਲੀ ਗੱਲ ਇਹ ਹੈ ਕਿ ਸਾਡਾ ਸਿੱਖ ਕਿਸੇ ਪੱਥਰ, ਮੂਰਤੀ, ਕਬਰ, ਸਮਾਧ, ਸ਼ਮਸ਼ਾਨ ਆਦਿ ਦੀ ਪੂਜਾ ਜਾਂ ਇਨ੍ਹਾਂ ਅੱਗੇ ਸਿਰ ਨਾ ਨਿਵਾਏ। ਦੂਸਰੀ ਗੱਲ ਜਿਹੜੀ ਆਪ ਦ੍ਰਿੜ ਕਰਵਾਉਂਦੇ ਹਨ ਉਹ ਇਹ ਹੈ ਕਿ ਕਈ ਪਖੰਡੀ ਭੇਸ ਧਾਰੀ ਆਪਣੇ ਆਪ ਨੂੰ ਪ੍ਰਭੂ ਦੇ ਭਗਤ ਦੱਸ ਕੇ ਆਪਣੇ ਭੋਲੇ ਭਾਲੇ ਸੇਵਕਾਂ ਨੂੰ ਭਰਮਾਉਂਦੇ ਹਨ ਕਿ ਉਹ ਉਹਨਾਂ ਨੂੰ ਪ੍ਰਮਾਤਮਾ ਨਾਲ ਮਿਲਾ ਸਕਦੇ ਹਨ ਪਰ ਨਹੀਂ। ਉਹ ਸਭ ਪਖੰਡੀ ਕੇਵਲ ਧਨ ਦੇ ਲਾਲਚੀ ਹਨ। ਜਿਹੜਾ ਉਨ੍ਹਾਂ ਨੂੰ ਧਨ ਆਦਿ ਦਿੰਦਾ ਹੈ ਉਸਦੀ ਉਹ ਇੱਜ਼ਤ ਕਰਦੇ ਹਨ ਅਤੇ ਜਿਹੜਾ ਧਨ ਨਹੀਂ ਦਿੰਦਾ ਉਸਨੂੰ ਉਹ ਮੂੰਹ ਤਕ ਨਹੀਂ ਵਖਾਉਂਦੇ। ਇਸ ਲਈ ਮਨੁੱਖ ਇਨ੍ਹਾਂ ਪਖੰਡੀਆਂ ਤੋਂ ਸਦਾ ਬਚ ਕੇ ਰਹੇ। ਤੀਸਰੀ ਗੱਲ ਆਪ ਸਮਝਾਉਂਦੇ ਹਨ ਕਿ ਕੇਵਲ ਭੇਸ ਧਾਰਨ ਨਾਲ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ, ਕੇਵਲ ਜੋਗੀ, ਸੰਨਿਆਸੀ ਜਾ ਉਦਾਸੀ ਦਾ ਭੇਸ ਧਾਰਨ ਕਰ ਕੇ ਪਰਮਾਤਮਾ ਨਹੀਂ ਮਿਲ ਸਕਦਾ। ਤੀਰਥ ਇਸ਼ਨਾਨ ਕਰਨ, ਜੰਗਲਾਂ ਵਿੱਚ ਘੁੰਮਣ, ਬਗਲੇ ਅਤੇ ਬਿੱਲੇ ਵਾਂਗ ਸਮਾਧੀਆਂ ਲਾਉਣ ਨਾਲ ਵੀ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਚੌਥੀ ਗੱਲ ਵਿੱਚ ਇਹ ਨਿਸਚਾ ਕਰਵਾਂਉਂਦੇ ਹਨ ਕਿ ਸੱਚੇ ਦਿੱਲੋਂ ਪਰਮਾਤਮਾ ਦੀ ਭਗਤੀ ਕਰੋ। ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ ਛੱਡਕੇ, ਘਰ ਦੇ ਝਮੇਲਿਆ ਨੂੰ ਤੱਜ ਕੇ ਆਪ ਖੁਦ ਇਕ ਵਾਹਿਦ ਪ੍ਰਮਾਤਮਾ ਅਕਾਲ ਪੁਰਖ ਦੀ ਭਗਤੀ ਕਰੇ। ਉਹ ਅਕਾਲ ਪੁਰਖ ਜਿਹੜਾ ਕਾਲ ਅਤੇ ਜਨਮ ਤੋਂ ਰਹਿਤ ਹੈ, ਉਹ ਹੀ ਮਨੁੱਖ ਦੀ ਕਾਮਨਾ ਪੂਰੀ ਕਰ ਸਕਦਾ ਹੈ। ਉਹੀ ਮੁਕਤੀ ਦਾਤਾ ਹੈ ਅਤੇ ਉਹ ਹੀ ਮਨੁੱਖ ਦਾ ਇਹ ਲੋਕ ਅਤੇ ਪਰਲੋਕ ਸਵਾਰ ਸਕਦਾ ਹੈ। ਇਸ ਲਈ ਆਪ ਬਾਰ-ਬਾਰ ਲਿਖਦੇ ਹਨ ਕਿ ਹੇ ਪ੍ਰਭੂ ਨੂੰ ਭੁੱਲੇ ਹੋਏ ਮੂਰਖ ਹੁਣ ਵੀ ਸੰਭਲ ਜਾ ਇਨ੍ਹਾਂ ਸਕੇ ਸਨਬੰਧੀਆਂ ਧੀਆਂ, ਪੁੱਤਰਾਂ, ਇਸਤਰੀ ਅਤੇ ਮਿੱਤਰਾਂ ਨੇ ਅੰਤ ਨੂੰ ਤੇਰੇ ਨਾਲ ਨਹੀਂ

1 ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਤੇਤੀ ਸਵੈਯੇ, ਪੰਨਾ 720

ਜਾਣਾ, ਅੰਤਿਮ ਸਮੇਂ ਤੂੰ ਇੱਕਲੇ ਹੀ ਜਾਣਾ ਹੈ, ਇਸ ਲਈ ਤੈਨੂੰ ਇਕੱਲੇ ਨੂੰ ਭਗਤੀ ਕਰਨ ਦੀ ਲੋੜ ਹੈ ਕਿਉਂਕਿ ਇਕ ਪ੍ਰਮਾਤਮਾ ਹੀ ਹੈ, ਜਿਹੜਾ ਇਸ ਲੋਕ ਵਿੱਚ ਵੀ ਤੇ ਪ੍ਰਲੋਕ ਵਿੱਚ ਵੀ, ਜਿਹੜਾ ਹੁਣ ਵੀ ਹੈ ਅਤੇ ਅਗੇ ਵੀ ਰਹੇਗਾ। ਅੰਤਲੇ ਸ੍ਵੈਯੇ ਵਿੱਚ ਉਚਾਰਨ ਕਰਦੇ ਹਨ:

"ਤੋ ਤਨ ਤਯਾਗਤ ਹੀ ਸੁਨ ਰੇ ਜੜ੍ਹ ਪ੍ਰੇਤ ਬਖਾਨ ਤ੍ਰਿਆ ਭਜਿ ਜੈ ਹੈ।।
ਪੁਤ੍ਰ ਕਲਤ੍ਰ ਸੁ ਮਿਤ੍ਰ ਸਖਾ ਇਹ ਬੇਗ ਨਿਕਾਰਹੁ ਆਇਸੁ ਦੈ ਹੈ।।
ਭਉਨ ਭੰਡਾਰ ਧਰਾ ਗੜ ਜੇਤਕ ਛਾਡਤ ਪ੍ਰਾਨ ਬਿਗਾਨ ਕਹੈ ਹੈ।।
ਚੇਤ ਰੇ ਚੇਤ ਅਚੇਤ ਮਹਾ ਪਸੁ ਅੰਤ ਕੀ ਬਾਰ ਅਕੇਲੋ ਈ ਜੈ ਹੈ।।੩੩।।"

### 3.13 ਖਾਲਸਾ ਮਹਿਮਾ

ਸੰਮਤ 1756 ਦੀ ਵਿਸਾਖੀ ਤੋਂ ਕੁਝ ਦਿਨ ਪਹਿਲਾਂ ਗੁਰੂ ਜੀ ਨੇ ਇਕ ਵੱਡਾ ਜੱਗ ਕੀਤਾ ਅਤੇ ਸਾਰੇ ਭਾਰਤ ਅਤੇ ਬਾਹਰਲੇ ਮੁਲਕਾਂ ਵਿਚ ਵੀ ਸੁਨੇਹੇ ਭੇਜ ਕੇ ਆਪਣੇ ਸਿੱਖਾਂ ਨੂੰ ਆਉਣ ਲੀ ਕਿਹਾ। ਜੱਗ ਵਿਚ ਜਦ ਲੰਗਰ ਸ਼ੁਰੂ ਹੋਇਆ ਤਾਂ ਜਿਵੇਂ ਜਿਵੇਂ ਸੰਗਤ ਆਉਂਦੀ ਗਈ ਤਿਵੇਂ ਤਿਵੇਂ ਲੰਗਰ ਛੱਕਦੀ ਗਈ। ਆਮ ਤੌਰ ਤੇ ਪਹਿਲਾਂ ਇਹ ਰਿਵਾਜ ਸੀ ਕਿ ਜਦ ਜੱਗ ਆਰੰਭ ਹੁੰਦਾ ਸੀ ਤਾਂ ਸਭ ਤੋਂ ਪਹਿਲਾਂ ਭੋਜਣ ਬ੍ਰਾਹਮਣਾਂ ਨੂੰ ਛਕਾਇਆ ਜਾਂਦਾ ਸੀ। ਜਦ ਬ੍ਰਾਹਮਣਾਂ ਨੂੰ ਇਹ ਪਤਾ ਲੱਗਾ ਕਿ ਲੰਗਰ ਆਰੰਭ ਹੋ ਗਿਆ ਹੈ ਅਤੇ ਉਨ੍ਹਾਂ ਨੂੰ ਬੁਲਾਇਆ ਨਹੀਂ ਗਿਆ ਤਾਂ ਉਹ ਲੋਕ ਲੰਗਰ ਛਕਣ ਨਾ ਆਏ। ਗੁਰੂ ਜੀ ਨੇ ਬ੍ਰਾਹਮਣਾਂ ਨੂੰ ਸੁਨੇਹੇ ਭੇਜੇ ਪਰ ਉਹ ਨ ਆਏ। ਫਿਰ ਕੁਝ ਸਿੱਖ ਉਨ੍ਹਾਂ ਬ੍ਰਾਹਮਣਾਂ ਦੇ ਮੁਖੀ ਕੇਸ਼ੋ ਦਾਸ ਨੂੰ ਜਿਵੇਂ ਕਿਵੇਂ ਬੁਲਾ ਲਿਆਏ। ਗੁਰੂ ਜੀ ਜਦ ਉਨ੍ਹਾਂ ਨੂੰ ਲੰਗਰ ਛੱਕਣ ਵਾਸਤੇ ਕਿਹਾ ਤਾਂ ਉਨਾਂ ਅਗੋ ਉੱਤਰ ਦਿੱਤਾ ਕਿ ਉਹ ਸ਼ੂਦਰਾਂ ਦਾ ਭਿਟਿਆ ਹੋਇਆ ਲੰਗਰ ਨਹੀਂ ਛਕਣਗੇ। ਜਦ ਗੁਰੂ ਜੀ ਨੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਹੋਰ ਗੁੱਸੇ ਵਿਚ ਆ ਕੇ ਸਿੱਖਾਂ ਦੇ ਖਿਲਾਫ ਬੋਲਣ ਲੱਗ ਗਏ। ਗੁਰੂ ਜੀ ਨੇ ਫਿਰ ਉਨ੍ਹਾਂ ਨੂੰ ਸਮਝਾਇਆ ਕਿ ਹੁਣ ਉਹ ਵੇਲੇ ਨਹੀਂ ਰਹੇ ਕਿ ਬ੍ਰਾਹਮਣਾਂ ਨੂੰ ਦਾਨ ਦੇਣਾ ਉੱਤਮ ਸਮਝਿਆ ਜਾਵੇ। ਮੇਰੇ ਇਹ ਸਿਖ ਸ਼ਸਤਰਧਾਰੀ ਹੋਣ ਕਰਕੇ ਖੱਤਰੀ ਹਨ, ਚੰਗੇ ਕੰਮ ਕਰਨ ਕਰਕੇ ਸਾਰੇ ਬ੍ਰਾਹਮਣ ਹਨ। ਇਹ ਲਈ ਮੇਰੇ ਵਾਸਤੇ ਇਨ੍ਹਾਂ ਨੂੰ ਦਾਨ ਦੇਣਾ ਸਭ

ਤੋਂ ਉੱਤਮ ਹੈ। ਧਨ ਦੇ ਲੋਭੀ ਅਤੇ ਦਿਲ ਦੇ ਖੋਟੇ ਵਿਹਲੜ ਬ੍ਰਾਹਮਣਾਂ ਨੂੰ ਦਾਨ ਦੇਣ ਨਾਲੋਂ ਇਨ੍ਹਾਂ ਸਿੱਖਾਂ ਨੂੰ ਦਾਨ ਦਿੱਤਾ ਕਿਤੇ ਚੰਗਾ ਹੈ। ਇਨ੍ਹਾਂ ਸਿੱਖਾਂ ਨੇ ਹੀ ਮੈਨੂੰ ਸ਼ਾਨੋ ਸ਼ੌਕਤ ਅਤੇ ਇੱਜ਼ਤ ਬਖਸ਼ੀ ਹੈ ਇਸ ਕਰਕੇ ਇਨ੍ਹਾਂ ਸਿੱਖਾਂ ਵਾਸਤੇ ਹੀ ਮੇਰਾ ਮਨ, ਤਨ, ਧਨ ਅਤੇ ਸਿਰ ਹਾਜ਼ਿਰ ਹੈ। ਕੇਸ਼ੋ ਬ੍ਰਾਹਮਣ ਨੇ ਗੁਰੂ ਸਾਹਿਬ ਦੀ ਸ਼ਾਹੀ ਠਾਠ ਬਾਠ ਨੂੰ ਵੇਖਿਆ ਸੀ ਅਤੇ ਅਨੰਦਪੁਰ ਵਿਚ ਰਹਿ ਕੇ ਉਸ ਨੂੰ ਕਾਫੀ ਆਮਦਨ ਹੋ ਜਾਂਦੀ ਸੀ। ਜਦ ਉਸ ਵੇਖਿਆ ਕਿ ਗੁਰੂ ਜੀ ਬ੍ਰਾਹਮਣਾਂ ਨੂੰ ਦਾਨ ਕਰਨ ਦੀ ਬਿਜਾਏ ਇਨ੍ਹਾਂ ਸਿੱਖਾਂ ਨੂੰ ਦਾਨ ਦਾ ਅਧਿਕਾਰੀ ਬਣਾ ਦਿੱਤਾ ਹੈ ਤਾਂ ਉਹ ਆਪਣੀ ਰੋਜ਼ੀ ਰੋਟੀ ਜਾਂਦੀ ਵੇਖ ਕੇ ਰੋ ਪਿਆ। ਉਸ ਸਮੇਂ ਦੀ ਸਾਰੀ ਘਟਨਾ ਨੂੰ ਗੁਰੂ ਸਾਹਿਬ ਜੀ ਨੇ ਆਪਣੀ ਕਲਮ ਨਾਲ ਸ੍ਵੈਯੇ ਤੇ ਦੋਹਰੇ ਦੇ ਅੰਤਰਗਤ ਅੰਕਿਤ ਕੀਤਾ ਹੈ। ਗੁਰੂ ਸਾਹਿਬ ਜੀ ਆਪਣੇ ਪਿਆਰੇ ਗੁਰਸਿੱਖਾਂ ਨੂੰ ਸਲਾਂਹੁੰਦੇ ਹੋਏ ਕ੍ਰਿਪਾ ਦੇ ਸਾਗਰ ਪ੍ਰੇਮ ਵਿੱਚ ਫੁਰਮਾਉਂਦੇ ਹਨ।

[1]"ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥
ਅਘ ਅਉਘ ਟਰੈ ਇਨ ਹੀ ਕੇ ਪ੍ਰਸਾਦਿ ਇਨ ਹੀ ਕ੍ਰਿਪਾ ਫੁਨ ਧਾਮ ਭਰੇ॥
ਇਨ ਹੀ ਕੇ ਪ੍ਰਸਾਦਿ ਸੁ ਬਿੱਦਿਆ ਲਈ ਇਨ ਹੀ ਕੀ ਕ੍ਰਿਪਾ ਸਭ ਸ਼ੱਤ੍ਰ ਮਰੇ॥
ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ ਨਹੀਂ ਮੋਸੋ ਗਰੀਬ ਕਰੋਰ ਪਰੇ॥੨॥"

ਇਸ ਬਾਣੀ ਵਿੱਚ ਤਿੰਨ ਸ੍ਵੈਯੇ ਅਤੇ ਇੱਕ ਦੋਹਰਾ ਹੈ, ਕੁੱਲ 4 ਬੰਧ ਹਨ।

### 3.14 ਸ਼ਸਤ੍ਰ ਨਾਮ ਮਾਲਾ

ਹਿੰਦੀ ਵਿਚ 'ਨਾਮਮਾਲਾ' ਕੋਸ਼ ਯਾ ਡਿਕਸ਼ਨਰੀ ਨੂੰ ਕਹਿੰਦੇ ਹਨ। ਇਹ ਇਕ ਤਰ੍ਹਾਂ ਸ਼ਸਤ੍ਰਾਂ ਦਾ ਕੋਸ਼ ਹੈ ਜਿਸ ਦੇ ਪੰਜ ਅਧਿਆਵਾਂ ਵਿਚ ਪੰਜ ਮੁਖ ਸ਼ਸਤਰਾਂ-ਤਲਵਾਰ, ਚਕ੍ਰ, ਤੀਰ, ਪਾਸ਼ ਤੇ ਤੁਪਕ (ਬੰਦੂਕ) ਦੇ ਅਨੇਕ-ਭਾਂਤੀ ਨਾਮ ਅਦ੍ਰਿਸਟ ਕੂਟ ਦੇ ਅਲੰਕਾਰਕ ਚਮਤਕਾਰ ਦੁਆਰਾ ਅੰਕਿਤ ਕੀਤੇ ਗਏ ਹਨ। ਸੋ ਇਹ ਗਰੰਥ ਸ਼ਸਤਰ-ਚਮਤਕਾਰ ਵੀ ਹੈ ਤੇ ਸ਼ਾਸਤਰ ਚਮਤਕਾਰ ਵੀ, ਯੁੱਧਜੀਵੀ ਤੇ ਬੁਧਿਜੀਵੀ ਦੋਹਾਂ ਤਰ੍ਹਾਂ ਦੇ ਪਾਠਕ ਇਸਦਾ ਰਸ ਮਾਣ ਸਕਦੇ

---

1 ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਖਾਲਸਾ ਮਹਿਮਾ, ਪੰਨਾ 722

ਹਨ। ਗੁਰੂ ਸਾਹਿਬ ਦਾ ਹਰ ਸਾਹਿਤਕ ਭਰਮ ਮਨੁਖੀ ਸਾਹਸ ਤੇ ਵੀਰਤਾ ਨੂੰ ਜਗਾਉਣਹਾਰਾ ਹੈ ਚਾਹੋ ਉਹ ਅਧਿਆਤਮਕ ਸਾਹਿਤ ਹੈ ਚਾਹੇ ਅਵਤਾਰਾਂ ਦੀ ਕਥਾ-ਸਾਹਿਤ, ਇਹ ਕੋਸ਼ ਸਾਹਿਤ ਵੀ ਇਸੇ ਲੜੀ ਦਾ ਮਣਕਾ ਹੈ। ਸ਼ਾਇਦ ਹਿੰਦੀ ਵਿਚ ਇਹ ਆਪਣੀ ਤਰ੍ਹਾਂ ਦੀ ਅਨੋਖੀ ਰਚਨਾ ਹੈ ਜਿਸ ਵਿਚ ਸ਼ਸਤਰਾਂ ਦੀ ਨਾਮਮਾਲਾ ਅੰਕਿਤ ਹੈ। ਛੰਦ ਵਧੇਰੇ ਦੋਹਰਾਂ, ਚੌਪਈ ਤੇ ਅੜਿਲ ਵਰਤਿਆ ਹੈ।

ਗੁਰੂ ਸਾਹਿਬ ਦੇ ਹੁਕਮਨਾਮਿਆਂ ਵਿਚ ਸੰਗਤਾਂ ਨੂੰ ਬਾਰ ਬਾਰ ਤਾਕੀਦ ਕੀਤੀ ਮਿਲਦੀ ਹੈ:-

'ਸੰਗਤਿ ਹਥੀਆਰ ਬੰਨ ਕੇ ਦਰਸਨ ਆਵਣਾ।'

'ਸਰਬਤਿ ਖਾਲਸੇ ਹਥੀਯਾਰ ਬਨਿ ਕੇ ਹਜੂਰਿ ਆਵਣਾ।'

'ਜੋ ਸਿਖ ਹਥੀਆਰ ਬਨਿ ਕੇ ਦਰਸਨਿ ਆਵਗੁ
ਸੋ ਨਿਹਾਲ ਹੋਗੁ।'

ਇਹ ਪੰਜ ਹਥਿਆਰ ਸਨ-ਕ੍ਰਿਪਾਨ, ਤੀਰ, ਨੇਜ਼ਾ, ਕਟਾਰ ਤੇ ਬੰਦੂਕ। ਸ਼ਸਤ੍ਰ ਨਾਮਮਾਲਾ ਦੇ ਪੰਜਾਂ ਅਧਿਆਵਾਂ ਵਿਚ ਕ੍ਰਿਪਾਨ, ਚਕਰ, ਤੀਰ, ਪਾਸ਼ ਤੇ ਤੁਪਕ ਇਨ੍ਹਾਂ ਪੰਜ ਹਥਿਆਰਾਂ ਦੀ ਨਾਮਾਵਲੀ ਦਿਤੀ ਹੈ। ਪਹਿਲੇ ਅਧਿਆਏ ਵਿਚ ਨਾਲ ਬਰਛੀ ਤੇ ਕਟਾਰ ਆਦਿ ਦੇ ਨਾਮ ਵੀ ਦਿਤੇ ਹਨ। ਇਹ ਰਚਨਾ ਮੁਕੰਮਲ ਨਹੀਂ ਜਾਪਦੀ ਕਿਉਂਕਿ ਸਮਾਪਤੀ ਦਾ ਸੰਕੇਤ ਨਹੀਂ। ਹੋ ਸਕਦਾ ਹੈ, ਕੁਝ ਹੋਰ ਸ਼ਸਤ੍ਰਾਂ ਦੀ ਨਾਮ ਮਾਲਾ ਵੀ ਹੋਵੇ। ਪਟਨਾ ਮਿਸਲ ਦੀ ਬੀੜ ਅਨੁਸਾਰ ਇਹ ਰਚਨਾ ਦੇ ਕੁਲ ਛੰਦ 1455 ਸਨ ਪਰ ਹੁਣ 1318 ਹੀ ਪ੍ਰਾਪਤ ਹਨ।

ਪਹਿਲੇ 27 ਛੰਦ ਮੰਗਲਾਚਰਣ ਦੇ ਹਨ ਜਿਸ ਵਿਚ ਸ਼ਸਤਰ ਤੇ ਰੱਬੀ ਸ਼ਕਤੀ ਨੂੰ ਇਕ ਰੂਪ ਕਰਕੇ ਪੇਸ਼ ਕੀਤਾ ਗਿਆ ਹੈ ਤਾਂ ਕਿ ਸੰਤ ਸਿਪਾਹੀ ਸ਼ਸਤਰ-ਪਿਆਰ ਤੇ ਰੱਬੀ ਪਿਆਰ ਨੂੰ ਇਕੋ ਤਸਵੀਰ ਦੇ ਦੋ ਪਹਿਲੂ ਜਾਣ ਸਕਣ। ਫਿਰ ਵੇਰਵਾ ਇਉਂ ਹੈ :-

1 ਅਧਿਆ 28 ਤੋਂ 56 ਛੰਦ ਤਕ - ਤਲਵਾਰ ਦੇ ਨਾਮ ਹਨ।

2 ਅਧਿਆ 57 ਤੋਂ 74 ਛੰਦ ਤਕ - ਚੱਕਰ ਤੇ ਨਾਮ ਹਨ।

3 ਅਧਿਆ 75 ਤੋਂ 252 ਛੰਦ ਤਬ - ਤੀਰ ਦੇ ਨਾਮ ਹਨ।

4 ਅਧਿਆ 253 ਤੋਂ 460 ਛੰਦ ਤਕ - ਪਾਸ ਦੇ ਨਾਮ ਹਨ।

5 ਅਧਿਆ 461 ਤੋਂ 1318 ਛੰਦ ਤਕ-ਤੁਪਕ ਦੇ ਨਾਮ ਹਨ।

ਪਹਿਲੋ ਮੰਗਲਾਚਰਣ ਰੂਪ ਵਿਚ ਦਿਤੀ ਭੂਮਿਕਾ ਗੁਰੂ-ਕਵੀ ਜੀ ਦੇ ਪੱਖ ਨੂੰ ਬਹੁਤ ਸੁੰਦਰ ਭਾਂਤ ਉਜਾਗਰ ਕਰਦੀ ਹੈ। ਕਲਾਕਾਰ ਦਾ ਇਹ ਢੰਗ ਨਵਾਂ ਰੰਗ ਭਰਨ ਵਾਲਾ ਹੈ, ਸੰਤਾਂ ਵਿਚ ਸਿਪਾਹੀ ਦਾ ਰੰਗ ਤੇ ਕਮਜੋਰਾਂ ਨਿਰਾਟਿਆਂ ਵਿਚ ਜੋਧਿਆਂ ਦਾ ਰੰਗ ਭਰਨ ਵਾਲੇ ਗੁਰੂ ਸਾਹਿਬ ਇਉਂ ਸ਼ੁਰੂ ਕਰਦੇ ਹਨ :-

ਦੋਹਰਾ॥

ਸਾਗ ਸਰੋਹੀ ਸੈਫ਼ ਅਸਿ, ਤੀਰ ਤੁਪਕ ਤਰਵਾਰਿ॥
ਸ਼ਤ੍ਰਾਂਤਕ ਕਵਚਾਂਤ ਕਰ, ਕਰੀਐ ਰੱਛ ਹਮਾਰ॥੧॥
ਅਸਿ ਕ੍ਰਿਪਾਨ ਧਾਰਾਧਰੀ, ਸੈਫ ਸੂਲ ਜਮਦਾਢ॥
ਕਵਚਾਂਤਕਿ ਸਤ੍ਰਾਤ ਕਰ, ਤੇਗ ਤੀਰ ਧਰ ਬਾਢ॥੨॥
ਅਸਿ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰੁ ਤੀਰ।
ਸੈਫ ਸਰੋਹੀ ਸੈਹਥੀ, ਯਹੈ ਹਮਾਰੈ ਪੀਰ॥੩॥
ਤੀਰ ਤੁਹੀ ਸੈਹਥੀ ਤੁਹੀ, ਤੁਹੀ ਤਬਰ ਤਰਵਾਰਿ॥
ਨਾਮ ਤਿਹਾਰੋ ਜੋ ਜਪੈ, ਭਏ ਸਿੰਧੁ ਭਵ ਪਾਰ॥੪॥
ਕਾਲ ਤੁਹੀ ਕਾਲੀ ਤੁਹੀ, ਤੁਹੀ ਤੇਗ ਅਰੁ ਤੀਰ॥
ਤੁਹੀ ਨਿਸ਼ਾਨੀ ਜੀਤ ਕੀ, ਆਜ ਤੁਹੀ ਜਗ ਬੀਰ॥੫॥
ਤੁਹੀ ਸੂਲ ਸੈਹਥੀ ਤਬਰ, ਤੂ ਨਿਖੰਗ ਅਰੁ ਬਾਨ।
ਤੁਹੀ ਕਟਾਰੀ ਸੇਲ ਸਭ, ਤੁਮ ਹੀ ਕਰਦ ਕ੍ਰਿਪਾਨ॥੬॥
ਸਸ਼ਤ੍ਰ ਅਸਤ੍ਰ ਤੁਮ ਹੀ ਸਿਪਰ, ਤੁਮ ਹੀ ਕਵਚ ਨਿਖੰਗ॥
ਕਵਚਾਂਤਕਿ ਤੁਮ ਹੀ ਬਨੇ, ਤੁਮ ਬਯਾਪਕ ਸਰਬੰਗ॥੭॥

ਇਸ ਮਹਾਂਸ਼ਕਤੀ ਨੂੰ ਸ਼ਸਤਰਾਂ ਤਕ ਹੀ ਸੀਮਤ ਨਹੀਂ ਰੱਖਿਆ, ਗੁਰੂ ਸਾਹਿਬ ਉਸਦੇ ਅਸ਼ਸਤ੍ਰ ਰੂਪ ਨੂੰ ਵੀ ਮੂਰਤੀਮਾਨ ਕਰਦੇ ਹਰ ਯੁਗ ਦੇ ਅਵਤਾਰ ਵਿਚ ਉਸਦੀ ਸੱਤਾ ਦੇਖ ਰਹੇ ਹਨ :-

ਪ੍ਰਿਥਮ ਉਪਾਵਹੁ ਜਗਤ ਤੁਮ, ਤੁਮ ਹੀ ਪੰਥ ਬਨਾਇ॥

ਆਪ ਤੁਹੀ ਝਗਰਾ ਕਰੋ, ਤੁਮ ਹੀ ਕਰੋ ਸਹਾਇ॥੧੫॥

ਮਛ ਕਛ ਬਾਰਾਹ ਤੁਮ, ਤੁਮ ਬਾਵਨ ਅਵਤਾਰ॥

ਨਾਰ ਸਿੰਘ ਬਊਧਾ ਤੁਹੀ, ਤੁਹੀ ਜਗਤ ਕੋ ਸਾਰ॥੯॥

ਤੁਹੀਂ ਰਾਮ ਸ੍ਰੀ ਕ੍ਰਿਸ਼ਨ ਤਮ, ਤੁਹੀ ਬਿਸ਼ਨੁ ਕੋ ਰੂਪ॥

ਤੁਹੀ ਪ੍ਰਜਾ ਸਭ ਜਗਤ ਕੀ, ਤੁਹੀ ਆਪ ਹੀ ਭੂਪ॥੧੭॥

ਤੂਹੀ ਬਿਪ੍ਰ ਛਤ੍ਰੀ ਤੁਹੀਂ, ਤੁਹੀਂ ਰੰਕ ਅਰੁ ਰਾਉ॥

ਸਾਮ ਦਾਮ ਅਰੁ ਡੰਡ ਤੂੰ, ਤੁਮ ਹੀ ਭੇਦ ਉਪਾਉ॥੧੮॥

ਸੀਸ ਤੁਹੀ ਕਾਯਾ ਤੁਹੀ, ਤੈ ਪ੍ਰਾਨੀ ਕੇ ਪ੍ਰਾਨ॥

ਤੈ ਬਿਦਯਾ ਜੁਗ ਬਕਤ੍ਰ ਹੁਇ, ਕਰੇ ਬੇਦ ਬਖਯਾਨ॥੧੯॥

ਇਹ ਮੰਗਲਾਚਰਣ ਪਰਗਟ ਕਰਦਾ ਹੈ ਕਿ ਗੁਰੂ ਸਾਹਿਬ ਦੀ ਨਜ਼ਰ ਵਿਚ ਸ਼ਸਤਰ ਮਹਾਸ਼ਕਤੀ ਦਾ ਪ੍ਰਤੀਕ ਹਨ ਤੇ ਉਹ ਮਹਾਂ ਸ਼ਕਤੀ ਉਹੋ ਹੀ ਹੈ ਜੋ ਸਾਰੀ ਸ੍ਰਿਸਟੀ ਦੀ ਸਾਜਨਹਾਰ ਤੇ ਬਿਨਾਸ਼ਨਹਾਰ ਹੈ। ਇਸ ਤੋਂ ਵੀ ਅੱਗੇ ਸਤਿਗੁਰੂ ਆਪਣਾ ਅਨੁਭਵ ਦਸਦੇ ਕਹਿੰਦੇ ਹਨ ਇਹ ਮਹਾ ਸ਼ਕਤੀ, ਰਚਨਾ ਤੋਂ ਭਿੰਨ ਨਹੀਂ ਬਲਕਿ ਕਾਇਆ ਤੇ ਪ੍ਰਾਣ ਰੂਪ ਵੀ ਇਹੋ ਹੈ, ਵਿਦਿਆ ਤੇ ਗਿਆਨ ਰੂਪ ਵੀ ਇਹੋ ਹੈ। ਫਿਰ ਸਮੁੱਚੇ ਤੋਰ ਤੇ 7-8 ਦੋਹਰਿਆਂ ਵਿਚ ਸਾਰੇ ਮੁਖ ਸ਼ਸਤਰਾਂ ਨੂੰ ਪ੍ਰਣਾਮ ਕੀਤੀ ਤੇ ਆਖਿਆ ਹੈ, ਤੁਹਾਡੀ ਕ੍ਰਿਪਾ ਨਾਲ ਹੀ ਰਾਜੇ ਬਣਦੇ ਤੇ ਜਮ ਦੇ ਫਾਹ ਕੱਟੇ ਜਾਦੇ ਹਨ ਅਰਥਾਤ ਰਾਜ ਤੇ ਮੁਕਤੀ ਦੋਵੇਂ ਤੁਹਾਡੇ ਹੱਥ ਵਿਚ ਹਨ। ਤੁਸੀਂ ਆਪਣਾ ਜਾਣ ਕੇ ਮੇਰੇ ਵੀ ਕੰਮ ਸਵਾਰੋ -

ਬਾਂਕ ਬਜ੍ਰ ਬਿਛੂਓ ਬਿਸਿਖ, ਬਿਰਹ ਬਾਨ ਸਭ ਰੂਪ।।

ਜਿਨ ਕੋ ਤੁਮ ਕਿਰਪਾ ਕਰੀ, ਭਏ ਜਗਤ ਕੇ ਭੂਪ।।੨੫।।

ਸ਼ਸਤਰ ਸੇਰ ਸਮਰਾਂਤ ਕਰਿ, ਸਿਪਰਾਰਿ ਸ਼ਮਸ਼ੇਰ।।

ਮੁਕਤ ਜਾਲ ਜਮ ਕੇ ਭਏ, ਜਿਨੈ ਕਹਯੋ ਇਕ ਬੇਰ।।੨੬।।

ਸੈਫ ਸਰੋਹੀ ਸ਼ਤ੍ਰ, ਅਰਿ, ਸਾਰੰਗਾਰਿ ਜਿਹ ਨਾਮ।।

ਸਦਾ ਹਮਾਰੇ ਚਿਤਿ ਬਸੋ, ਸਦਾ ਕਰੋ ਮਮ ਕਾਮ।।੨੭।।

ਇਸ ਸੰਖਿਪਤ ਭੂਮਿਕਾ ਪਿਛੋਂ ਕੋਸ਼ ਸ਼ੁਰੂ ਹੁੰਦਾ ਹੈ।

ਗੁਰੂ ਸਾਹਿਬ ਨੇ ਅਦ੍ਰਿਸਟ ਕੂਟ ਅਲੰਕਾਰ ਨਾਲ ਕਿਸ ਤਰ੍ਹਾਂ ਸ਼ਸ਼ਤਰਾਂ ਦੀ ਅਨੇਕ ਭਾਤੀ ਨਾਮ ਮਾਲਾ ਪੇਸ਼ ਕੀਤੀ ਹੈ, ਇਹ ਵੱਖੋ ਵੱਖ ਵੰਨਗੀਆਂ ਰਾਹੀਂ ਹੀ ਸਮਝਿਆ ਤੇ ਸੁਆਦਿਆ ਜਾ ਸਕਦਾ ਹੈ।

(ੳ) ਜਿਵੇਂ ਤਲਵਾਰ ਦੇ ਨਾਂ ਕਵਚ-ਅਰਿ, (ਸੰਜੋਅ ਦੀ ਦੁਸ਼ਮਣ) ਸ਼ਤਰੂ-ਦੁਸ਼ਟ (ਦੁਸ਼ਟਾਂ ਦੀ ਵੈਰਨ) ਸ਼ਸ਼ਤ੍ਰਪਤਿ (ਸ਼ਸ਼ਤਰਾਂ ਦੀ ਮਲਿਕਾ) ਆਦਿ ਇਉਂ ਅੰਕਿਤ ਕੀਤੇ ਗਏ ਹਨः-

ਕਵਚ ਸਬਦ ਪ੍ਰਿਥਮੈ ਕਹੋ, ਅੰਤ ਸ਼ਬਦ ਅਰਿ ਦੇਹੁ।।

ਸਭ ਹੀ ਨਾਮ ਕ੍ਰਿਪਾਨ ਕੇ, ਜਾਨ ਚਤੁਰ ਜੀਅ ਲੇਹੁ।।੨੮।।

ਸ਼ਤ੍ਰ ਸ਼ਬਦ ਪ੍ਰਿਥਮੈ ਕਹੋ, ਅੰਤ ਦੁਸ਼ਟ ਪਦ ਭਾਖੁ।।

ਸਭੈ ਨਾਮ ਜਗੰਨਾਥ ਕੋ, ਸਦਾ ਹ੍ਰਿਦੇ ਮੋ ਰਾਖੁ।।੨੯।।

ਸਭ ਸ਼ਸਤ੍ਰਨ ਕੇ ਨਾਮ ਕਹਿ, ਪ੍ਰਿਥਮ ਅੰਤ ਪਤਿ ਭਾਖੁ।।

ਸਭ ਹੀ ਨਾਮ ਕ੍ਰਿਪਾਨ ਕੇ, ਜਾਣ ਹ੍ਰਿਦੇ ਮਹਿ ਰਾਖੁ।।੩੪।।

(ਅ) ਚਕਰ ਦੇ ਨਾਮ -

'ਬਿਸਨੁ ਨਾਮ ਪ੍ਰਿਥਮੈ ਉਚਰਿ ਪੁਨਿ ਪਦ ਸ਼ਸਤ੍ਰ ਉਚਾਰਿ।।

ਨਾਮ ਸੁਦਰਸ਼ਨ ਕੇ ਸਭੈ, ਨਿਕਸਤ ਜਾਹਿ ਅਪਾਰ।।੫੭।।

ਮੁਰ ਪਦ ਪ੍ਰਿਥਮ ਉਚਾਰ ਕੈ ਮਰਦਨ ਬਹੁਰਿ ਕਹੋ।।

ਨਾਮ ਸੁਦਰਸ਼ਨ ਚਕਰ ਕੇ ਚਿਤ ਮੈਂ ਚਤੁਰ ਲਹੋ॥੫੮॥

ਅਰਥਾਤ ਬਿਸ਼ਨੁ-ਸ਼ਸਤਰ ਯਾ ਮੁਰ-ਮਰਦਨ ਆਦਿ।

(ੲ) ਤੀਰ ਦੇ ਨਾਮ -

ਬਿਸਿਖ, ਬਾਣ, ਸਰ, ਧਨੁਜ, ਭਨ, ਕਵਚਾਂਤਕ ਕੇ ਨਾਮ॥

ਸਦਾ ਹਮਾਰੀ ਜੈ ਕਰੋ, ਸਕਲ ਕਰੋ ਮਮ ਕਾਮ॥੭੫॥

ਧਨੁਖ ਸ਼ਬਦ ਪ੍ਰਿਥਮੈ ਉਚਰਿ, ਅਗ੍ਰਜ ਬਹੁਰ ਉਚਾਰ॥

ਨਾਮ ਸਿਲੀਮੁਖ ਕੇ ਸਭੈ, ਲੀਜਹੁ ਚਤੁਰ ਸੁਧਾਰ॥੭੬॥

**ਅਰਥਾਤ ਧਨੁਖ-ਅਗ੍ਰਜ-ਧਨੁਖ ਦੇ ਅਗੇ ਤੋਂ ਪ੍ਰਗਟਣ ਵਾਲਾ।**

ਸਕਲ ਕਵਚ ਕੇ ਨਾਮ ਕਹਿ, ਭੇਦਕ ਬਹੁਰਿ ਬਖਾਨ॥

ਨਾਮ ਸਕਲ ਸ੍ਰੀ ਬਾਨ ਕੇ, ਨਿਕਸਤ ਚਲੈ ਪ੍ਰਮਾਨ॥੮੦॥

**ਕਵਚ-ਭੇਦਕ-ਸੰਜੋਅ ਵਿੰਨੁਣ ਵਾਲਾ।**

ਸਭ ਅਕਾਸ ਕੇ ਨਾਮ ਕਹਿ, ਚਰ ਪਦ ਬਹੁਰਿ ਬਖਾਨ॥

ਨਾਮ ਸਿਲੀਮੁਖ ਕੇ ਸਭੈ, ਲੀਜੇ ਚਤੁਰ ਪਛਾਨ॥੮੫॥

**ਅਕਾਸ ਚਰ-ਅਕਾਸ਼ ਵਿਚ ਚਲਣ ਵਾਲਾ** (ਤੀਰ)

ਕਈ ਔਖੇ ਨਾਮ ਬਣਾਏ ਹਨ ਜਿਵੇਂ ਨਿਸਾ ਚਰ ਧਰ ਚਰ। ਰਾਤ ਨੂੰ ਚਲਣ ਵਾਲਾ ਚਦਰਮਾ, ਚੰਦਰਮਾ ਨੂੰ ਧਾਰਨ ਵਾਲੇ ਅਕਾਸ਼ ਵਿਚ ਵਿਚਰਨ ਵਾਲਾ ਤੀਰ-

ਰਾਤ੍ਰਿ ਨਿਸਾ, ਦਿਨ ਘਾਤਿਨੀ, ਚਰ ਧਰ ਸਬਦ ਬਖਾਨ।

ਨਾਮ ਸਕਲ ਸ੍ਰੀ ਥਾਨ ਕੇ, ਕਰੀਅਹੁ ਚਤੁਰ ਬਖਿਆਨ॥੯੧॥

ਰਾਤਿਰ ਚਰ ਧਰ ਚਰ, ਨਿਸਾ ਚਰ ਧਰ ਕਚ, ਦਿਨ ਘਾਤਿਨੀ ਚਰ ਧਰ ਚਰ।

(ਸ) ਇਸ ਤਰ੍ਹਾਂ ਕਈ ਬਚਿਤਰ ਢੰਗ ਦੇ ਸੰਕੇਤ ਬਣਾ ਕੇ ਤੀਰ ਦੀ ਅਨੇਕ ਭਾਂਤੀ ਸ਼ਬਦਾਵਲੀ ਗਿਣਾਈ ਹੈ। ਚੌਥੇ ਅਧਿਆ ਵਿਚ ਪਾਸ਼ ਫਾਹੀ ਦੇ ਨਾਮ ਹਨ। ਪੁਰਾਣੇ ਜ਼ਮਾਨੇ ਵਿਚ ਇਹ ਇਕ ਤਰ੍ਹਾਂ ਦਾ ਸ਼ਸਤਰ ਸੀ ਜੋ ਸੂਤ ਯਾ ਚਮੜੇ ਦਾ ਇਕ ਪਰਕਾਰ ਦੀ ਰੱਸੀ ਹੁੰਦੀ

ਸੀ, ਇਸ ਨੂੰ ਦੂਰੋਂ ਸੁਟਕੇ ਵੈਰੀ ਨੂੰ ਗਲ ਤੋਂ ਜਕੜ ਲਿਆ ਜਾਂਦਾ ਸੀ ਤੇ ਘੁਟਕੇ ਮਾਰ ਦਿਤਾ ਜਾਂਦਾ ਸੀ। ਲੋਹੇ ਦੀ ਵੀ ਪਾਸ਼ ਹੁੰਦੀ ਸੀ।

ਦੋਹਰਾ॥

ਬੀਰ ਗ੍ਰਸਿਤਨੀ ਗ੍ਰੀਵਧਰ, ਵਰਣਾਯੁਧ ਕਹਿ ਅੰਤ॥

ਸਕਲ ਨਾਮ ਸ੍ਰੀ ਪਾਸ਼ ਕੇ, ਨਿਕਸਤ ਚਲੈਂ ਅਨੰਤ॥੨੫੩॥

ਬੀਰ ਗ੍ਰਸਤਨੀ ਆਯੁਧ-ਜੋਧਿਆਂ ਨੂੰ ਫਾਹੁਣ ਵਾਲਾ ਹਥਿਆਰ। ਗ੍ਰੀਵ ਧਰ ਆਯਧ-ਗਲ ਵਿਚ ਪਾਇਆ ਜਾਣ ਵਾਲਾ। ਵਰੁਣਾਯੁਧ-ਵਰਣ ਦੇਵਤਾ ਦਾ ਸ਼ਸਤਰ। ਪਾਸ ਦਾ ਨਾਂ ਕਾਲ ਪਿਤਾ ਤਨੁਜਾਪਤਿ ਅਸਤਰ ਵੀ ਹੈ।

ਕਾਲ ਪਿਤਾ-ਸੂਰਜ, ਸੂਰਜ ਦੀ ਸਪੁਤਰੀ ਜਮਨਾ, ਜਮਨਾ ਦਾ ਪਤੀ ਵਰਣ ਦੇਵਤਾ ਉਸ ਦਾ ਅਸਤਰ-ਪਾਸ਼।

(ਹ) ਪੰਜਵੇਂ ਅਧਿਆ ਵਿਚ 461 ਛੰਦ ਤੋਂ ਤੁਪਕ ਦੇ ਨਾਮ ਦਿਤੇ ਹਨ ਜੋ ਸਭ ਤੋਂ ਵਧ ਹਨ। ਤੁਪਕ-ਬੰਦੂਕ ਨੂੰ ਕਹਿੰਦੇ ਹਨ, ਇਸਦਾ ਮਹੱਤੂ ਹੋਰ ਹਥਿਆਰਾਂ ਦੇ ਮੁਕਾਬਲੇ ਵੈਸੇ ਵੀ ਵਧ ਹੈ, ਇਸੇ ਦੇ ਜ਼ੋਰ ਸਦਕੇ ਬਾਬਰ ਨੇ ਲੋਧੀਆਂ ਪਠਾਣਾਂ ਉਤੇ ਵਿਜਯ ਪਾਈ ਸੀ। ਗੁਰੂ ਨਾਨਕ ਸਾਹਿਬ ਨੇ ਇਸਦਾ ਜ਼ਿਕਰ ਕੀਤਾ ਹੈ-

'ਓਨੀ ਤੁਪਕ ਤਾਣਿ ਚਲਾਈ, ਓਨੀ ਹਸਤਿ ਚਿੜਾਈ। (ਆਸਾ)

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਗੁਰੂ ਸਾਹਿਬ ਨੇ ਇਸ ਦੇ ਨਾਮ ਸਿਧੇ ਸਾਦੇ ਵੀ ਦਿਤੇ ਹਨ ਤੇ ਅਭਿਅੰਤ ਗੁੰਝਲਦਾਰ ਵੀ। ਸੌਖੇ ਨਾਮ, ਜਿਵੇਂ ਕਿ -

ਕਵਚ ਘਾਤਨੀ ਰਿਪ-ਸੰਜੋ ਤੋੜਨ ਵਾਲੀ ਵੈਰਣ-ਬੰਦੂਕ

ਸੁਭਟ ਘਾਇਨੀ ਰਿਪ, ਸ਼ਤਰੂ ਸੰਘਰਣੀ ਰਿਪੁ ਆਦਿ :

ਔਖੇ ਨਾਮਾਂ ਦਾ ਨਮੂਨਾ ਵੀ ਦੇਖ ਲਵੋ -

ਜਿਵੇਂ ਮ੍ਰਿਗ ਅਰਿ ਨਾਦਨਿ ਰਿਪੁ-ਮ੍ਰਿਗ ਅਰਿ-ਸ਼ੇਰ, ਸ਼ੇਰ ਵਾਂਗ ਗਰਜਣ ਵਾਲੀ ਫੋਜ ਤੇ ਉਸ ਫੋਜ ਦੀ ਦੁਸ਼ਮਣ-ਬੰਦੂਕ।

ਮ੍ਰਿਗਅਰਿ ਨਾਦਨਿ ਆਦਿ ਕਹਿ, ਰਿਪੁ ਅਰਿ ਬਹੁਰ ਬਖਾਨ।।
ਨਾਮ ਤੁਪਕ ਕੇ ਹੋਤ ਹੈਂ, ਚੀਨਹੁ ਪ੍ਰਗਿਆਵਾਂਨ।।੫੭੭।।

ਇਵੇਂ ਜਿਵੇਂ ਧਰਾਧਾਰ ਪ੍ਰਿਸ਼ਟਣੀ-ਧਰਤੀ ਹੈ ਜਿਸਦਾ ਅਧਾਰ-ਰੁੱਖ ਅਰਥਾਤ ਸ਼ਕਤੀ ਦੀ ਪਿੱਠ ਵਾਲੀ-ਬੰਦੂਕ।

ਧਰਾਧਾਰ ਪਦ ਪ੍ਰਥਮ ਉਚਾਰਨ ਕੀਜੀਐ।।
ਪ੍ਰਿਸਠਨਿ ਪਦ ਕੋ ਬਹੁਰਿ ਠਉਰ ਤਹ ਦੀਜੀਐ।।
ਸਕਲ ਤੁਪਕ ਕੇ ਨਾਮ ਚਤੁਰ ਜੀਅ ਜਾਨੀਐ।
ਹੋ ਯਾਂ ਕੇ ਭੀਤਰ ਭੇਦ ਨੈਕੁ ਨਹੀ ਮਾਨੀਐ।।੬੯੭।।

ਕਈ ਨਾਮ ਕਾਫੀ ਕਲਿਸ਼ਟ ਹਨ ਜਿਵੇਂ-ਤਿਮਰ ਹਾ ਭਗਣਿ ਸੁਤ ਚਰ ਪਤਿ ਸਤਰੂ।

ਤਿਮਰ ਹਾ-ਹਨੇਰੇ ਨੂੰ ਨਾਸ ਕਰਨ ਵਾਲਾ ਚੰਦ
ਤਿਮਰ ਹਾ ਭਗਣਿ-ਚੰਦਰ ਭਗਾ ਨਦੀ ਵਾਲੀ ਧਰਤੀ
ਉਸਦਾ ਪੁਤਰ-ਘਾਹ
ਘਾਹ ਨੂੰ ਚਰਨ ਵਾਲਾ-ਮਿਰਗ
ਮਿਰਗਾਂ ਦਾ ਪਤੀ-ਸ਼ੇਰ
ਸ਼ੇਰ ਦੀ ਵੈਰਨ-ਬੰਦੂਕ।

'ਤਿਮਰ ਉਚਰਿ ਹਾ, ਭਗਣਿ ਬਖਾਨਹੁ।।
ਸੁਤ ਚਰ ਕਹਿ ਪਤਿ ਸ਼ਬਦ ਪ੍ਰਮਾਨਹੁ।।
ਸਤ੍ਰ ਸ਼ਬਦ ਤਿਹ ਅੰਤਿ ਭਣੀਜੈ।।
ਨਾਮ 'ਤੁਪਕ' ਕੇ ਸਭ ਲਹਿ ਲੀਜੈ।।੧੦੦੬।।'

ਪਾਠਕ ਪੁੱਛ ਸਕਦੇ ਹਨ ਕਿ ਐਸੇ ਔਖੇ ਨਾਮ ਦੇਣ ਦਾ ਕੀ ਲਾਭ ਸੀ। ਇਸਦਾ ਜਵਾਬ ਸਮਕਾਲੀ ਕਾਵਿ ਰਚਨਾ ਦੇ ਝੁਕਾਵਾ ਤੋਂ ਮਿਲ ਜਾਂਦਾ ਹੈ। ਗੁਰੂ ਸਾਹਿਬ ਦੇ ਜ਼ਮਾਨੇ ਰੀਤੀ ਕਾਵਿ ਦੇ ਕਵੀ ਵਧੇਰੇ ਸ਼ਬਦ ਚਮਤਕਾਰ ਦਿਖਾਉਣ ਵਿਚ ਯਕੀਨ ਰਖਦੇ ਸਨ ਤੇ ਜੋ ਰਚਨਾ ਰਚਦੇ ਸਨ, ਉਹ ਵਧੇਰੇ ਭੋਗਵਾਦੀ ਕਿਸਮ ਦੀ ਹੁੰਦੀ ਸੀ। ਗੁਰੂ ਸਾਹਿਬ ਚੂੰਕਿ ਮਨੁੱਖੀ ਚੇਤਨਾ ਦੀ ਲਹਿਰ ਦੇ ਮੋਢੀ ਸਨ, ਇਸ ਕਰਕੇ ਪਾਠਕਾਂ ਦੀ ਰੁਚੀ ਨੂੰ ਮੁਖ ਰਖਕੇ ਸ਼ਬਦ ਚਮਤਕਾਰ ਵਾਲੀ ਰਚਨਾ ਤਾਂ ਕੀਤੀ ਪਰ ਸ਼ਸਤਰਾਂ ਦੀ ਬਹੁ-ਬਿਧਿ ਵਿਆਖਿਆ ਕਰਕੇ ਆਪਣਾ ਨਿਸ਼ਾਨਾ ਵੀ ਨਹੀਂ ਛਡਿਆ। ਸ਼ਾਇਦ ਸ਼ਸਤਰ ਨਾਮਮਾਲਾ ਆਪਣੀ ਤਰ੍ਹਾਂ ਦਾ ਹੀ ਹਿੰਦੀ ਕੋਸ਼ ਹੈ ਜਿਸ ਵਿਚ ਕੇਵਲ ਸ਼ਸਤਰਾਂ ਦੇ ਨਾਮ ਇਸ ਤਰ੍ਹਾਂ ਸ਼ਬਦ ਚਮਤਕਾਰ ਦਰਸਾ ਕੇ ਦਿਤੇ ਗਏ ਹਨ। ਦੂਜਾ ਲਾਭ ਇਹ ਵੀ ਮੰਨਿਆ ਜਾ ਸਕਦਾ ਹੈ ਕਿ ਦੁਸ਼ਮਨ ਤੋਂ ਛੁਪਾਉਣ ਲਈ ਆਮ ਤੌਰ ਤੇ ਫੌਜੀ ਗੁਪਤ-ਭਾਸ਼ਾ ਦਾ ਪ੍ਰਯੋਗ ਕਰਦੇ ਹਨ, ਇਸ ਮੰਤਵ ਦੀ ਪੂਰਤੀ ਲਈ ਵੀ ਇਹ ਸ਼ਸਤਰ ਏਸ ਕੰਮ ਆਉਣ ਵਾਲਾ ਹੈ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੇ ਉਦੇਸ਼ ਲਈ ਸ਼ਸਤਰਾਂ ਦਾ ਕੋਸ਼ ਲਿਖਕੇ ਜਿਥੇ ਸਿਪਾਹੀਆਂ ਜੋਧਿਆਂ ਨੂੰ ਉਤਸਾਹਤ ਕੀਤਾ, ਉਥੇ ਕਵੀਆਂ ਵਿਦਵਾਨਾਂ ਲਈ ਸ਼ਬਦ ਚਮਤਕਾਰ ਵਿਖਾ ਕੇ ਇਕ ਨਵਾ ਅਨੋਖਾ ਤਜਰਬਾ ਕੀਤਾ। ਸੋ ਇਹ ਕੋਸ਼ ਇਕ ਦੁਧਾਰਾ ਖੰਡਾ ਹੈ ਜੋ ਸ਼ਸਤਰ ਤੇ ਸ਼ਾਸਤਰ ਚਮਤਕਾਰ ਦਾ ਅਜਾਇਬ ਘਰ ਹੈ। ਤਨ ਦੇ ਜੋਧੇ ਸੂਰਮੇ ਤੇ ਮਨ ਦੇ ਜੋਧੇ ਗੁਣੀ ਗਿਆਨੀ ਦੋਵੇਂ ਇਸ ਦਾ ਲਾਭ ਲੈ ਸਕਦੇ ਹਨ। ਗੁਰੂ ਸਾਹਿਬ ਦੀ ਕਲਾ-ਚੇਤਨਾ ਦੀ ਦਾਦ ਦੇਣੀ ਪੈਂਦੀ ਹੈ ਕਿ ਕਿਵੇਂ ਉਨ੍ਹਾਂ ਹਰ ਪਾਸਿਓਂ ਆਪਣੀ ਲਹਿਰ ਲਈ ਸਮੱਗਰੀ ਇਕੱਤਰ ਕੀਤੀ, ਭੰਡਾਰ ਭਰੇ ਤੇ ਇਹ ਸ਼ਸਤਰ-ਭੰਡਾਰ ਵੀ ਇਸੇ ਸੁਤੰਤਰਤਾ ਸੰਗਰਾਮ ਵਿਚ ਸਹਾਇਕ ਹੋਣ ਵਾਲਾ ਹੈ। ਜਿਸ ਦੇਸ ਦੇ ਲੋਕ ਸ਼ਸਤਰ ਅਤੇ ਮੌਤ ਤੋਂ ਭੈ ਖਾਂਦੇ ਹੋਣ, ਉਹਨਾਂ ਨੂੰ ਨਿਰਭੈਤਾ ਪ੍ਰਦਾਨ ਕਰਨ ਲਈ ਧਰਮ-ਯੁਧ ਦੇ ਅਜੇਹੇ ਸਾਹਿਤ ਦੀ ਡਾਢੀ ਲੋੜ ਸੀ ਜਿਸ ਨੂੰ ਮਹਾਂਬਲੀ ਪਰਬੀਨ ਕਲਾਕਾਰ ਨੇ ਹਰ ਪਾਸਿਓਂ ਪੂਰਾ ਕੀਤਾ। ਹਥਿਆਰਾਂ ਦੀ ਇਹ ਚਮਤਕਾਰੀ ਪਰਿਦਰਸ਼ਨੀ ਅਜ ਵੀ ਉਤਸ਼ਾਹ ਤੇ ਸਾਹਸ ਪ੍ਰਦਾਨ ਕਰਨ ਵਾਲੀ ਹੈ।

ਗੁਰੂ ਸਾਹਿਬ ਜੀ ਨੇ ਆਪਣੇ ਪਿਆਰੇ ਖਾਲਸੇ ਨੂੰ ਉਪਦੇਸ਼ ਵੀ ਕੀਤਾ ਹੈ ਕਿ ਸ਼ਸਤ੍ਰਾਂ ਦੇ ਜੋ ਨਾਮ ਨੇ ਉਹ ਪ੍ਰਮਾਤਮਾ ਨਾਲ ਅਭੇਦ ਕਰਕੇ ਪ੍ਰਮਾਤਮਾਂ ਨੂੰ ਉਸਦੇ ਸ਼ਸਤ੍ਰਾਂ ਦੇ ਰੂਪ ਵਿੱਚ ਉਸਦੇ ਨਾਮਾਂ ਦਾ ਜਾਪ ਕਰਨਾ।

ਇਸ ਬਾਣੀ ਦੇ ਕੁੱਲ ਪੰਜ ਅਧਿਆਏ ਹਨ :

| **ਲੜੀ ਨੰ:** | **ਅਧਿਆਏ** | **ਕੁੱਲ ਛੰਦ** |
|---|---|---|
| 1. | ਸ੍ਰੀ ਭਗਉਤੀ ਉਸਤਤ | 27 |
| 2. | ਸ੍ਰੀ ਕਿਰਪਾਨ, ਬਰਛੀ ਅਤੇ ਚੱਕ੍ਰ ਨਾਮ ਵਰਣਨ | 47 |
| 3. | ਸ੍ਰੀ ਬਾਣ ਨਾਮ ਵਰਣਨ | 178 |
| 4. | ਸ੍ਰੀ ਪਾਂਸ (ਫਾਹੀ) ਨਾਮ ਵਰਣਨ | 208 |
| 5. | ਸ੍ਰੀ ਤੁਪਕ ਨਾਮ ਵਰਣਨ | 858 |

ਇਸ ਸੰਪੂਰਣ ਬਾਣੀ ਵਿੱਚ ਪੰਜਾਂ ਅਧਿਆਇਆਂ ਦੇ ਅੰਤਰਗਤ ਕੁੱਲ 1318 ਛੰਦ ਹਨ।

### 3.15 **ਚਰਿਤਰੋ ਪਖਿਯਾਨ**

ਇਸ ਰਚਨਾ ਵਿੱਚ ਇਸਤਰੀਆਂ ਅਤੇ ਪੁਰਸ਼ਾਂ ਦੇ ਛਲ-ਕਪਟ ਵਾਲੇ ਚਰਿਤ੍ਰਾਂ ਦਾ ਜ਼ਿਕਰ ਹੈ। ਇਹ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਇੱਕ ਵੱਡ-ਆਕਾਰੀ ਰਚਨਾ ਹੈ। ਜਿਹੜੀ ਕਿ ਕੁੱਲ 1428 ਵਿੱਚੋਂ ਲਗਪਗ 580 ਪੰਨਿਆਂ ਵਿੱਚ ਸਮੋਈ ਹੋਈ ਹੈ।

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਰਚਨਾਵਲੀ ਵਿਚ ਆਕਾਰ ਦੇ ਲਿਹਾਜ ਨਾਲ 'ਚਰਿਤਰੋ ਪਖਯਾਨ' ਸਭ ਤੋਂ ਵੱਡੀ ਰਚਨਾ ਹੈ ਜਿਸਦੇ 4●4 ਅਧਿਆਏ ਤੇ 7559 ਛੰਦ ਹਨ ਤੇ ਇਹ ਭਾਦੋ ਵਦੀ ਅਠ 1753 ਬਿ: ਨੂੰ ਸਤਲੁਜ ਕੰਢੇ ਅਨੰਦਪੁਰ ਸੰਪੂਰਣ ਕੀਤੀ ਗਈ ਸੀ। 'ਚਰਿਤਰ ਪਖਯਾਨ' ਦਾ ਅੱਖਰੀ ਅਰਥ ਹੈ-ਦਿਲਚਸਪ ਕਹਾਣੀਆਂ, ਕਿੱਸੇ। ਇਸਨੂੰ ਪਖਯਾਨ ਚਰਿਤਰ ਯਾ ਤ੍ਰਿਯਾ ਚਰਿਤਰ ਵੀ ਆਖਿਆ ਗਿਆ ਹੈ। ਇਹ ਦੇਸੀ ਬਿਦੇਸੀ ਕਹਾਣੀਆਂ ਦਾ ਅਨੋਖਾ ਸੰਗ੍ਰਹਿ ਹੈ ਜੋ ਕਿ ਹਿੰਦੀ ਸਾਹਿਤ ਵਿਚ ਆਪਣੀ ਮਿਸਾਲ ਆਪ ਹੈ। ਵੈਸੇ ਕੁਲ ਗਿਣਤੀ

4●5 ਲਿਖੀ ਹੈ ਪਰ 325ਵਾਂ  ਚਰਿਤਰ ਪਰਾਪਤ ਨਹੀਂ। ਫਿਰ ਇਹ ਸਾਰੇ ਤ੍ਰਿਯਾ ਰਚਿਤਰ ਵੀ ਨਹੀਂ, ਕਈ ਪੁਰਖ-ਚਰਿਤਰ ਹਨ। ਕਈ ਥਾਂ ਇਸਤਰੀ ਪੁਰਖ ਚਰਿਤਰਾਂ ਤੋਂ ਨਿਆਰੀ ਅਵਸਥਾ ਵੀ ਹੈ ਪਰੰਤੂ ਇਹ ਮੰਨਣਾ ਪਵੇਗਾ ਕਿ ਤ੍ਰਿਯਾ ਚਰਿਤਰ ਵਧੇਰੇ ਹਨ। ਵਖੋ ਵਖ ਚਰਿਤਰਾਂ ਵਿਚ ਮਨੋਵਿਗਿਆਨਕ ਪੱਖ ਤੋਂ ਵੱਖ ਵੱਖ ਤਰ੍ਹਾਂ ਦਾ ਵਿਸ਼ਲੇਸ਼ਣ ਮਿਲਦਾ ਹੈ। ਮਹਾਂਭਾਰਤ, ਕਥਾ ਸਰਿਤ ਸਾਗਰ, ਪੰਚਤੰਤ੍ਰ, ਪੁਰਬ ਪ੍ਰੀਕਸ਼ਾ, ਬੈਤਾਲ ਪਚੀਸੀ, ਸਿੰਘਾਸਨ ਬਤੀਸੀ ਤੇ ਅਲਫ ਲੈਲਾ ਵਿਚੋਂ ਵੀ ਕਥਾਵਾਂ ਲਈਆਂ ਗਈਆਂ ਹਨ।  ਗੁਰੂ ਜੀ ਨੇ ਇਹ ਕਹਾਣੀਆਂ ਲਿਖ ਕੇ ਇਸਤਰੀ ਜਾਤੀ ਦੀ ਨਿਖੇਧੀ ਨਹੀਂ ਕੀਤੀ ਸਗੋਂ ਪਰ ਨਾਰੀ ਗਮਨ ਤੇ ਦੁਰਾਚਾਰੀ ਔਰਤਾਂ ਦੀ ਭੰਡੀ ਅਵੱਸ ਕੀਤੀ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਈ ਥਾਂ ਲਿਖਿਆ ਹੈ :-

ਪਰ ਧਨ ਪਰ ਨਾਰੀ ਰਤੁ ਨਿੰਦਾ, ਬਿਖੁ ਖਾਈ ਦੁਖੁ ਪਾਇਆ॥ (ਮਲਾਰ ਮ. ੧)

ਜੈਸਾ ਸੰਗੁ ਬਿਸੀਅਰੁ ਸਿਉ ਹੈ ਰੇ, ਤੈਸੋ ਹੀ ਇਹੁ ਪਰ ਗ੍ਰਿਹੁ॥ (ਆਸਾ ਮ. ੫)

ਪੁਰਾਣੇ ਭਾਰਤੀ ਧਰਮਾਂ ਵਿਚ ਵੀ ਪੰਜ ਗੱਲਾਂ-ਪਰਾਈ ਜਾਨ, ਪਰਾਇਆ ਮਾਲ, ਪਰ ਇਸਤਰੀ, ਝੂਠ ਤੇ ਮਦ ਆਦਿ ਤੋਂ ਵਰਜਿਆ ਗਿਆ ਹੈ। ਇਹ ਅਜੇਹੇ ਔਗੁਣ ਹਨ ਜਿਸ ਨਾਲ ਸਮਾਜਕ ਮਰਯਾਦਾ ਭੰਗ ਹੁੰਦੀ ਤੇ ਮਨੁਖੀ ਆਚਾਰ ਦਾਗੀ ਹੁੰਦਾ ਹੈ। ਜੇ ਜਰਾ ਹੋਰ ਗਹੁ ਨਾਲ ਦੇਖੀਏ, ਮੁਗਲਰਾਜ ਦੇ ਜਾਗੀਰਦਾਰੀ ਪਰਬੰਧ ਕਾਰਣ ਵੇਸ਼ਵਾ-ਪ੍ਰਣਾਲੀ ਆਮ ਸੀ, ਇਸ ਉਤੇ ਕਾਨੂੰਨ ਰੋਕ ਟੋਕ ਵੀ ਕੋਈ ਨਹੀਂ ਸੀ। ਇਸ ਕਰਕੇ ਗੁਰੂ ਸਾਹਿਬ ਚਾਹੁੰਦੇ ਸਨ ਕਿ ਗਰਿਸਤੀ ਸੰਤ ਸਿਪਾਹੀ ਸਿਖਾਂ ਨੂੰ ਦੁਰਾਚਾਰੀ ਔਰਤਾਂ ਦੇ ਫਰੇਬੀ ਜਾਲ ਤੋਂ ਬਚਾਇਆ ਜਾਵੇ। ਐਸਾ ਨ ਹੋਵੇ ਕਿ ਕਿਧਰੇ ਸਿਖ ਸੈਨਿਕ, ਚਰਿਤਰ ਜਾਲ ਵਿਚ ਫ਼ਸਕੇ ਪਤਿਤ ਹੋ ਜਾਣ, ਇਸ ਨਾਲ ਧਰਮ ਨੂੰ ਤਾਂ ਠੇਸ ਲਗੇਗੀ ਹੀ, ਨਾਲ ਆਜ਼ਾਦੀ ਦੀ ਲਹਿਰ ਨੂੰ ਵੀ ਧੱਕਾ ਲਗੇਗਾ। ਫਿਰ ਵੇਸ਼ਵਾ ਬਣਦੀਆਂ ਵੀ ਵਧੇਰੇ ਮੁਸਲਮਾਨ ਔਰਤਾਂ ਸਨ, ਇਸ ਕਰਕੇ 'ਮੁਸਲੀ ਯੁੱਧ ਨੂੰ ਖਾਸ ਤੋਰ ਤੇ 'ਕੁਰਹਿਤ' ਕਰਾਰ ਦਿਤਾ ਗਿਆ ਤੇ ਪਰਨਾਰੀ ਤੋਂ ਬਚਣ ਲਈ ਚਾਲਾਕ ਔਰਤਾਂ ਦੇ ਚਰਿਤਰ ਲਿਖ ਕੇ ਸਿਖਾਂ ਨੂੰ ਸਾਵਧਾਨ ਕੀਤਾ ਗਿਆ ਤਾਂ ਕਿ ਆਚਰਣਕ ਉਚਤਾ ਨੂੰ ਬਰਕਰਾਰ ਰਖਿਆ ਜਾ ਸਕੇ।

ਇਹ ਦਾ ਸਿਲਸਿਲਾ ਅਰੰਭ ਹੀ ਇਸਤਰ੍ਹਾਂ ਹੁੰਦਾ ਹੈ ਕਿ ਚਿਤਰਵਤੀ ਨਗਰੀ ਦਾ ਰਾਜਾ ਚਿਤਰ ਸਿੰਘ ਇਕ ਅਪਸਰਾ ਵਰਦਾ ਤੇ ਉਸਤੋਂ ਹਨੁਵੰਤ ਸਿੰਘ ਨਾਮ ਦਾ ਸਹਿਜ਼ਾਦਾ ਜਨਮ ਲੈਂਦਾ ਹੈ, ਉਹ ਅਪਸਰਾ ਕੁਝ ਅਰਸਾ ਬਾਦ ਇੰਦਰ ਲੋਕ ਨੂੰ ਵਾਪਸ ਚਲੀ ਜਾਂਦੀ ਹੈ, ਰਾਜਾ ਵਿਛੋੜੇ ਵਿਚ ਬਹੁਤ ਔਖਾ ਹੁੰਦਾ ਹੈ। ਅਖੀਰ ਫੌਜਦਾਰੀ ਕਰਕੇ ਉਹ ਓੜਛਾ ਦੇ ਰਾਜੇ ਦੀ ਬੇਟੀ ਵਿਆਹ ਕੇ ਲਿਆਉਂਦਾ ਹੈ। ਜਦੋਂ ਨਵੀਂ ਰਾਣੀ ਘਰ ਆਉਂਦੀ ਹੈ ਤਾਂ ਉਹ ਸ਼ਹਿਜਾਦੇ ਹਨੁਵੰਤ ਸਿੰਘ ਦਾ ਰੂਪ ਦੇਖ ਕੇ ਉਸਤੇ ਮੋਹਤ ਹੋ ਜਾਂਦੀ ਹੈ ਪਰੰਤੂ ਰਾਜਕੁਮਾਰ ਮੰਨਦਾ ਨਹੀਂ। ਅਖੀਰ ਰਾਣੀ ਰਾਜੇ ਪਾਸ ਝੂਠੀ-ਮੂਠੀ ਸ਼ਿਕਾਇਤ ਕਰਦੀ ਹੈ ਕਿ ਤੇਰਾ ਮੁੰਡਾ ਬੜਾ ਖਰਾਬ ਹੈ, ਇਸਨੇ ਮੇਰੇ ਨਾਲ ਛੇੜਖਾਨੀ ਕੀਤੀ ਹੈ। ਇਸ ਤੇ ਹਨੁਵੰਤ ਸਿੰਘ ਨੂੰ ਕੈਦ ਕਰ ਦਿਤਾ ਜਾਂਦਾ ਹੈ। ਪਰੰਤੂ ਸਿਆਣੇ ਵਜੀਰ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਕਿ ਅਸਲੀਅਤ ਕੀ ਹੈ। ਇਸ ਕਰਕੇ ਉਹ ਰਾਜੇ ਨੂੰ ਸਮਝਾਉਣ ਲਈ ਇਸਤਰੀ ਚਲਿਤਰਾਂ ਦੀਆਂ ਕਹਾਣੀਆਂ ਸੁਣਾਉਂਦੇ ਹਨ ਤਾਂ ਕਿ ਉਹ ਨਿਰਦੋਸ ਪੁੱਤਰ ਨੂੰ ਸਜਾ ਨ ਦੇਵੇ। ਇਸ ਢੰਗ ਨਾਲ ਇਹ ਸਾਰੀਆਂ ਕਹਾਣੀਆਂ ਵਜ਼ੀਰ ਤੇ ਰਾਜੇ ਦੇ ਸੰਵਾਦ ਵਿਚ ਅੰਕਿਤ ਕੀਤੀਆਂ ਗਈਆਂ ਹਨ। ਮਕਸਦ ਕੇਵਲ ਇਤਨਾ ਹੀ ਹੈ ਕਿ ਪੁਰਸ਼ ਨੂੰ ਅਪਣਾ ਆਚਰਣ ਉਚੇਰਾ ਰੱਖਣ ਹਿਤ ਇਸ ਕਿਸਮ ਦੇ ਛਲ ਫਰੇਬਾਂ ਤੇ ਕਪਟਾਂ ਤੋਂ ਬਚਣ ਲਈ ਸਾਵਧਾਨ ਰਹਿਣਾ ਚਾਹੀਦਾ ਹੈ। ਇਹ ਚਰਿਤਰ ਪਖਯਾਨ ਦੀਆਂ ਕਹਾਣੀਆਂ ਦਾ ਕੇਂਦਰੀ ਭਾਵ ਯਾ ਮੁਖ ਪਰਯੋਜਨ ਹੈ, ਜੋ ਕਿ ਇਹਨਾਂ ਟੁਕਾਂ ਤੋਂ ਜ਼ਾਹਰ ਹੈ -

**ਛੰਦ**

ਸੁਧ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ॥
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ॥
ਨਿਜ ਨਾਰੀ ਕੇ ਸੰਗ ਨੇਹ ਤੁਮ ਨਿੱਤ ਬਢੈਯਹੁ॥
ਪਰਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ।੫੧॥
ਪਰਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ॥
ਪਰਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ॥

ਪਰਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ॥

ਹੋ ਪਰਨਾਰੀ ਕੇ ਹੇਤ ਕਟਕ ਕਵਰਨ ਕੋ ਘਾਯੋ।੫੨॥

ਸਾਰੀਆਂ ਕਹਾਣੀਆਂ ਤ੍ਰਿਯਾ ਚਰਿਤਰ ਨਹੀਂ, ਕਈ ਪੁਰਖ ਚਰਿਤਰ ਵੀ ਹਨ ਜਿਨ੍ਹਾਂ ਵਿਚ ਕਿਤੇ ਕਿਤੇ ਮਰਦਾਂ ਦੀ ਚਤੁਰਾਈ ਤੇ ਬੀਰਤਾ ਦਾ ਚਿਤਰ ਦਰਸਾਇਆ ਗਿਆ ਹੈ। ਇਸਦਾ ਭਾਵ ਵੀ ਇਹੋ ਹੀ ਹੈ ਕਿ ਬਿਖਮ ਹਾਲਾਤ ਵਿਚੋਂ ਵੀ ਚੇਤਨ ਹੋਕੇ ਨਿਕਲ ਜਾਣਾ ਸਿਆਣਾ ਪੁਰਸ਼ਾਂ ਦਾ ਕੰਮ ਹੈ। ਗੁਰੂ ਸਾਹਿਬ ਨੇ ਕੁਝ ਆਪ-ਬੀਤੀਆ ਵੀ ਦਰਜ ਕੀਤੀਆਂ ਹਨ ਜੋ ਕਿ ਥਾਂ ਥਾਂ ਆਏ ਹਵਾਲਿਆਂ ਤੋਂ ਸਪਸ਼ਟ ਹੋ ਹੀ ਜਾਂਦੀਆਂ ਹਨ। ਅਨੰਦਪੁਰ ਦੇ ਕਈ ਚਲਿਤਰ ਹਨ, ਜਿਵੇਂ ਵਿਚ ਕਿਤੇ ਕਿਤੇ ਮਰਦਾਂ ਦੀ ਚਤੁਰਾਈ ਤੇ ਬੀਰਤਾ ਦਾ ਚਿਤਰ ਦਰਸਾਇਆ ਗਿਆ ਹੈ। ਇਸਦਾ ਭਾਵ ਵੀ ਇਹੋ ਹੀ ਹੈ ਕਿ ਬਿਖਮ ਹਾਲਾਤ ਵਿਚੋਂ ਵੀ ਚੇਤਨ ਹੋਕੇ ਨਿਕਲ ਜਾਂਦਾ ਸਿਆਣੇ ਪੁਰਸ਼ਾਂ ਦਾ ਕੰਮ ਹੈ। ਗੁਰੂ ਸਾਹਿਬ ਨੇ ਕੁਝ ਆਪ-ਬੀਤੀਆ ਵੀ ਦਰਜ ਕੀਤੀਆਂ ਹਨ ਜੋ ਕਿ ਥਾਂ ਥਾਂ ਆਏ ਹਵਾਲਿਆਂ ਤੋਂ ਸਪਸ਼ਟ ਹੋ ਹੀ ਜਾਂਦੀਆਂ ਹਨ। ਅਨੰਦਪੁਰ ਦੇ ਕਈ ਚਲਿਤਰ ਹਨ, ਜਿਵੇਂ 16, 21, 22 ਆਦਿ। 15 ਨੰਬਰ ਕੀਤਰਪੁਰ ਦਾ ਹੈ।

ਲੋਕ ਪਰੰਪਰਾ ਤੇ ਸਾਹਿਤ ਭੰਡਾਰ ਵਿਚੋਂ ਹੀ ਇਕ ਕਹਾਣੀਆਂ ਨਹੀਂ ਲਈਆਂ ਸਗੋਂ ਸਮਕਾਲੀ ਸਮਾਜ ਵਿਚ ਵਾਪਰ ਰਹੇ ਚਲਿਤਰ ਵੀ ਦਰਜ ਕਰ ਦਿਤੇ ਹਨ। ਮੁਗਲ ਘਰਾਣੇ ਦੀਆਂ ਕਈ ਗੁਪਟ ਘਟਨਾਵਾਂ ਦਰਜ ਕਰਨੋਂ ਵੀ ਸੰਕੋਚ ਨਹੀਂ ਕੀਤਾ। 278 ਚਰਿਤਰ ਵਿਚ ਔਰੰਗੇ ਦੀ ਭੈਣ ਰੋਸ਼ਨ ਆਰਾ ਦਾ ਹਾਲ ਦੇ ਦਿਤਾ ਹੈ-

ਸ਼ਹਿਰ ਜਹਾਨਾਬਾਦ ਬਸਤ ਜਹ। ਸਾਹਿਜਹਾਂ ਜੁ ਰਾਜ ਕਰਤ ਤਹ॥

ਦੁਹਿਤ ਰਾਇ ਰੋਸਨਾ ਤਾਂ ਕੇ। ਔਰ ਨਾਰਿ ਸਮ ਰੂਪ ਨਾ ਵਾਂ ਕੇ।।੧॥

ਸ਼ਾਹਿਜਹਾਂ ਜਬ ਹੀ ਮਰਿ ਗਏ। ਔਰੰਗਸ਼ਾਹ ਪਾਤਿਸ਼ਾਹ ਭਏ॥

ਸੈਫਦੀਨ ਸੰਗਿ ਯਾ ਕੋ ਪਿਆਰਾ। ਪੀਰ ਅਪਨ ਕਰ ਤਾਂਹਿ ਬਿਚਾਰਾ।।੨॥

ਤਾਂ ਕੇ ਸੰਗ ਰੋਸ਼ਨਾ ਰਾਈ। ਬਿਬਿਧ ਬਿਬਿਧ ਤਨ ਪ੍ਰੀਤਿ ਉਪਜਾਈ।

ਕਾਮ ਭੋਗ ਤਿਹ ਸੰਗ ਕਮਾਯੋ। ਤਾਂਹਿ ਪੀਰ ਅਪਨੋ ਠਹਿਰਾਯੋ।।੩॥

ਇਸੇ ਤਰ੍ਹਾਂ ਸ਼ੇਖਾਂ, ਸੱਯਦਾਂ, ਮੁਗਲਾਂ, ਪਠਾਣਾਂ ਤੇ ਰਾਜਪੂਤਾਂ ਦੀਆਂ ਕਹਾਣੀਆਂ ਤਾਂ ਆਮ ਹਨ।

ਇਸੇ ਤਰ੍ਹਾਂ ਡੱਚਾ, ਫਿਰੰਗੀਆਂ ਦੀਆਂ ਕਹਾਣੀਆਂ ਵੀ ਦਰਜ ਕੀਤੀਆਂ ਮਿਲਦੀਆਂ ਹਨ। ਇਹਨਾਂ ਕਹਾਣੀਆਂ ਤੋਂ ਉਸ ਸੰਘਰਸ਼ ਦੀ ਵੀ ਸੂੰਹ ਲਗਦੀ ਹੈ ਜੋ ਇਹਨਾ ਵਪਾਰੀ ਕੰਮਾਂ ਦੇ ਦਰਮਿਆਨ ਪਹਿਲ ਪਹਿਲ ਹੁੰਦਾ ਰਿਹਾ ਸੀ। ਕਹਾਣੀ, ਇਤਨੀ ਹੈ ਕਿ ਇਕ ਵਲੰਦੇਜ਼ੀ ਸਰਦਾਰ, ਡਰ ਕਾਰਣ ਮਰ ਗਿਆ ਤੇ ਉਸਦੀ ਬਹਾਦਰ ਘਰ ਵਾਲੀ ਨੇ ਚਤੁਰਾਈ ਕਰਕੇ ਉਸ ਦਾ ਲਾਖ ਦਾ ਪੁਤਲਾ ਬਣਵਾ ਲਿਆ ਤੇ ਉਸ ਦੇ ਹੱਥ ਬੰਦੂਕ ਫੜਾ ਦਿਤੀ। ਆਪ ਡਿਉਢੀ ਫੌਜ ਇਕੱਠੀ ਕਰਕੇ ਧਾਵਾ ਬੋਲ ਦਿਤਾ ਤੇ ਵੈਰੀ ਨੂੰ ਭਜਾ ਦਿਤਾ।

ਵਲੰਦੇਜ਼ ਕੋ ਏਕ ਕ੍ਰਿਪਾਲਾ॥ ਵਲੰਦੇਜਦਿਈ ਘਰਿ ਬਾਲਾ॥
ਤਾਂ ਪਰ ਕੁਪਯੋ ਫਿਰਗ ਰਾਇ ਮਨੁ॥ ਸੈਨ ਚੜ੍ਹਾ ਲੈ ਕਰਿ ਸੰਗ ਅਨਗਨ॥
ਨਾਮ ਫਿਰੰਗੀ ਰਾਇ ਨ੍ਰਿਪਤਿ ਤਿਹ॥ ਅੰਗਰੇਜ਼ਨ ਪਰ ਚੜ੍ਹਤ ਕਰੀ ਜਿਹ॥
ਅਨਗਨ ਭਈ ਚਮੂੰ ਚਤੁਰੰਗਾ॥ ਜਨੁ ਕਰਿ ਉਮਡਿ ਚਲਯੋ ਜਲ ਗੰਗਾ॥੨॥

ਚਰਿਤਰ ਪਖਯਾਨ ਦਾ ਇਕ ਹੋਰ ਬੜਾ ਧਿਆਨ ਯੋਗ ਪੱਖ ਹੈ ਉਹਨਾ ਨਗਰ ਦੇਸਾਂ ਦੇ ਨਾਮ ਜਿਥੇ ਇਹ ਚਰਿਤਰ ਵਾਪਰੇ ਤੇ ਉਹਨਾਂ ਨਾਇਕ ਨਾਇਕਾਵਾਂ ਦੀ ਨਾਮਾਵਲੀ ਜਿਨਾਂ ਨਾਲ ਇਹ ਬੀਤੀ। ਨਾਇਕਾਵਾਂ ਦੇ ਨਾਮ ਬੜੀ ਦਿਲਚਸਪੀ ਵਾਲੇ ਤੇ ਸ਼ੋਖ ਕਿਸ਼ਮ ਦੇ ਹਨ ਜਿਵੇਂ ਕਿ-ਅਨੁਰਾਗਮਤੀ, ਜਗਜੋਤਮਤੀ, ਚਿਤਰਮਤੀ, ਸ਼ਿੰਗਾਰਮਤੀ, ਬਾਜ਼ਮਤੀ, ਨਾਜ਼ਮਤੀ ਕਾਮਵਤੀ, ਚੰਦਰਮਤੀ, ਰਸਮੰਜਰੀ, ਫਤਰਮੰਜਰੀ, ਪੁਹਪਮੰਜਰੀ, ਤ੍ਰਿਲਕਮੰਜਰੀ, ਕੰਜਪ੍ਰਭਾ, ਇੰਦਰ ਪ੍ਰਭਾ, ਰੂਪ ਕਲਾ, ਕੰਚਨ ਕਲਾ, ਰੁਸਤਮ ਕਲਾ, ਨਾਦਰਾ ਬਾਨੋ, ਜੈਨਾਬਾਦੀ, ਬਿੰਦੋ, ਛਜੀਆ, ਮੇਨ ਕੁਅਰ, ਲਾਡਮ ਕੁਅਰ ਆਦਿ।

ਇਸੇ ਤਰ੍ਹਾਂ ਜਿਨ੍ਹਾਂ ਸ਼ਹਿਰਾਂ ਯਾ ਇਲਾਕਿਆਂ ਦੇ ਨਾਮ ਆਏ ਹਨ, ਉਹ ਗੁਰੂ ਜੀ ਦੀ ਵਿਸ਼ਾਲ ਜਾਣਕਾਰੀ ਦੀ ਸਾਖੀ ਭਰਦੇ ਹਨ, ਜਿਵੇਂ ਕਿ ਓੜਤਾ, ਅਕਬਰਾਬਾਦ, ਅਨੰਦਪੁਰ, ਅਵਧਪੁਰੀ, ਇਸਤੰਬੋਲ, ਇਟਾਵਾ, ਸਮਰਕੰਦ, ਸਰਹੰਦ, ਸਰੋਹੀ, ਸ਼ਾਹਜਹਾਂਪੁਰ,

ਸ਼ਾਹਜਹਾਨਾਬਾਦ, ਸਿਆਲਕੋਟ ਸੋਰਠ ਦੇਸ, ਹਰਿਦੁਆਰ, ਹਰਿਯਾਬਾਦ, ਹਿੰਗਲਾਜ, ਹੁਗੜੀ ਹੰਡੂਰ, ਕਨੌਜ, ਕਸ਼ਟਵਾਰ, ਕਪਾਲਮੋਚਨ, ਕਮਾਊ, ਕਰਨਾਟਕ, ਕਾਹਲੂਰ, ਕਾਲਿੰਜਰ, ਕੀਰਤਪੁਰ, ਕੁਰਖੇਤਰ, ਕੂਚ ਬਿਹਾਰ, ਕੈਲਾਖਰ, ਖੰਡਾਵਤੀ, ਗਜ਼ਨੀ, ਗੁਆਲਾਂਅਰ, ਗੁਹਾਟੀ ਗੁਜਰਾਤ, ਗੋਆ ਬੰਦਰ, ਕੋਖਾ, ਗੰਧਗਿਰੀ, ਘਾਟਮਪੁਰ, ਚਮਰੰਗ, ਚੰਪਾਵਤੀ, ਚਿੰਜ਼ੀ, ਚਿਤੌਰ ਜੂਨਾਗੜ੍ਹ, ਠੱਟਾ, ਤ੍ਰਿਹਤਪੁਰ, ਤ੍ਰਿਗਤਦੇਸ, ਤਿਹਾੜਾ, ਤਿਰਪੁਰਾ, ਤੈਲੰਗ, ਦਿਲੀ, ਦੋਲਤਾਵਾਦ, ਧਾਰਾ ਨਗਰੀ, ਨਕੋਦਰ, ਨਗੌਰ, ਨਰਵਰ, ਨਿਪਾਲ, ਨਾਰਨੋਲ, ਨੌਂਕੋਟੀ, ਪਲਵਲ, ਪਲਾਊ, ਪਾਂਵਟਾ, ਪੈਠੋਹਾਰ, ਫਿਰਹੰਗ ਦੇਸ, ਬਾਹਲੀਕ, ਬਗਦਾਦ, ਬਦਖਸਾ, ਬਨਾਰਸ, ਬੜਾਇਚ, ਬਾਸ ਬਰੇਲੀ, ਬ੍ਰਿਜ, ਬੀਕਾਨੇਰ, ਬੁਸ਼ਹਰ, ਬਖਾਰਾ, ਬੁੰਦੇਲਖੰਡ, ਬੂੜੀਆ, ਬੈਜਵਾੜਾ, ਡੇਹਰਾ, ਮਹਾਰਾਸ਼ਟਰ, ਮਸ਼ਹਦ, ਮਛੰਲੀ ਬੰਦਰ, ਮਾਝਾ ਦੇਸ ਮਾਲਨੇਰ, ਮਾਲਵਾ, ਮਦਰਦੇਸ, ਮੁਰਾਦਾਬਾਦ, ਮੁਲਤਾਨ, ਮੋਕਲਗੜ੍ਹ, ਮੋਰੰਗ, ਯੂਨਾਨ, ਚਣਬੰਡੋਰ, ਰਾਜਪੂਰੀ, ਰਾਜੋਰੀ ਰਾਮਦਾਸਪੁਰ, ਰੂਪ ਸ਼ਹਰ, ਰੂਮ, ਰੋਪੜ ਤੇ ਲਾਹੌਰ ਆਦਿ।

ਗੁਰੂ ਸਾਹਿਬ ਦੇ ਜਮਾਨੇ ਜੋ ਸਾਹਿਤ ਵਿਚ ਤੇ ਜਬਾਨੀ ਕਹਾਣੀਆਂ ਪ੍ਰਚਲਨ ਸਨ, ਉਹ ਕਾਫੀ ਲੈ ਲਈਆਂ ਗਈਆਂ ਹਨ। ਜਿਵੇਂ ਪੰਜਾਬ ਦੀਆਂ ਪ੍ਰੀਤ-ਕਹਾਣੀਆਂ ਹੀਰ ਰਾਂਝਾ (98) ਸੋਹਣੀ ਮਹੀਂਵਾਲਾ (1●1) ਮਿਰਜਾ ਸਾਹਿਬਾਂ (129) ਸੱਸੀ ਪੁੰਨੂੰ (1●8) ਆਦਿ ਨੂੰ ਆਪਣੇ ਢੰਗ ਨਾਲ ਢਾਲਕੇ ਦਿਤਾ ਹੈ। ਇਹੋ ਹਾਲ ਕੋਕਲਾਂ, ਢੋਲਾ ਮਾਰੂ, ਮਾਧਵਾਨਲ ਕਾਮਕੰਦਲਾ ਤੇ ਯੂਸਫ ਜ਼ੁਲੈਖ਼ਾ (2●1) ਆਦਿ ਦੇਸੀ ਬਿਦੇਸ਼ੀ ਕਥਾਵਾਂ ਹੈ। ਕਈ ਲਤੀਫੇ ਵੀ ਛੰਦਬਧ ਕਰ ਦਿਤੇ ਹਨ ਜਿਵੇਂ ਚਾਰ ਠੱਗ ਬੱਕਰੀ ਨੂੰ ਕੁੱਤਾ ਦਸਕੇ ਠੱਗੀ ਕਰਦੇ ਹਨ ਯਾ ਜੁਲਾਹੇ ਦੀ ਕਹਾਣੀ- 'ਆਈ ਜਾਓ ਫਸੀ ਜਾਓ।' ਇਹਨਾਂ ਵਿਚ ਛਲ ਕਪਟ, ਲੜਾਈ ਝਗੜੇ, ਮਾਰ ਕੁੱਟ, ਜੂਏਬਾਜੀ, ਨਸ਼ੇਬਾਜੀ ਦਾ ਵਰਣਨ ਹੈ ਜਿਨ੍ਹਾਂ ਦਾ ਹੋਣਾ ਆਮ ਗਲ ਸੀ। ਕਿਤੇ ਕਿਤੇ ਇਸ਼ਕ ਦੀ ਲੜਾਈ ਵਿਚ ਸਚੀ ਮੁਚੀਂ ਦੀ ਲੜਾਈ ਵਿਸਤਾਰ ਨਾਲ ਬਿਆਨ ਕੀਤੀ ਹੈ। ਇਕ ਗੱਲ ਸਲਾਹੁਣ ਯੋਗ ਹੈ ਕਿ ਤ੍ਰਿਯਾ ਚਲਿਤਰ ਸਬੰਧੀ ਇਤਨੀਆਂ ਬਹੁਭਾਂਤੀ ਕਹਾਣੀਆਂ ਸੰਕਲਿਤ ਕਰਨੀਆਂ

ਆਪਦੇ ਆਪ ਵਿਚ ਬਹੁਤ ਵੱਡਾ ਕੰਮ ਸੀ। ਸਮਾਪਤੀ ਤੇ ਆਪਣੇ ਪਰਮੇਸ਼ਰ ਅਗੇ ਬੇਨਤੀ ਕਰਨ ਲਈ ਤਤਪਰ ਹਨ।

ਇਹ ਬੇਨਤੀ ਦੇ 20-25 ਛੰਦ ਐਸੇ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਸਿਧਾਂਤ ਨੂੰ ਪਰਗਟ ਕਰਦੇ ਹਨ ਤੇ ਇਹ ਚੌਪਈ ਅਜ ਸਿਖ ਨਿਤਨੇਮ ਦਾ ਭਾਗ ਹੈ। ਅੰਮ੍ਰਿਤ ਦੀਆਂ ਪੰਜ ਬਾਣੀਆਂ ਵਿਚੋਂ ਚੌਥੀ ਬਾਣੀ ਇਹ ਹੈ।

'ਹਮਰੀ ਕਰੋ ਹਾਥ ਦੈ ਰੱਛਾ। ਪੂਰਨ ਹੋਇ ਚਿਤੁ ਕੀ ਇਛਾ।

ਤਵ ਚਰਨਨ ਮਨ ਰਹੈ ਹਮਾਰਾ। ਅਪਨਾ ਜਾਨ ਕਰਹੁ ਪ੍ਰਤਿਪਾਰਾ।'

ਕਹਾਣੀਆਂ ਵਿਚ ਥਾਂ ਥਾਂ ਸਿਖਿਆ ਤੇ ਜੀਵਨ-ਸਿਧਾਂਤ ਦੇ ਨੁਕਤੇ ਮਿਲਦੇ ਹਨ ਜਿਵੇਂ 266 ਚਰਿਤਰ ਵਿਚ ਖਾਲਸੇ ਲਈ ਮੂਰਤੀ ਪੂਜਾ ਦਾ ਜ਼ੋਰਦਾਰ ਖੰਡਨ ਕੀਤਾ ਹੈ ਤੇ ਇਵੇਂ ਜਿਵੇਂ 81 ਚਰਿਤਰ ਵਿਚ ਸੱਚੇ ਜੋਗ ਦਾ ਨਿਰੁਪਣ ਹੈ ਅਤੇ ਕਈ ਬਾਣੀ ਦੇ ਤੁਕਾਂਸ਼ ਵੀ ਮਿਲਦੇ ਹਨ। 374 ਚਰਿਤਰ ਵਿਚ ਇਕ ਔਰਤ ਚਲਿਤਰ ਨਾਲ ਭਵਾਨੀ ਦੇਵੀ ਬਣ ਜਾਂਦੀ ਹੈ ਤੇ ਪੰਡਤ ਮੁਲਾਂ ਉਸਦੀ ਪੂਜਾ ਹੋਣ ਕਾਰਣ ਖਾਰ ਖਾਂਦੇ ਅਤੇ ਉਸਨੂੰ ਕਹਿੰਦੇ ਹਨ ਕਿ ਤੂੰ ਕੋਈ ਕਰਾਮਾਤ ਦਿਖਾ। ਅਗੋਂ ਉਹ ਕਹਿੰਦੀ ਹੈ ਕਿ ਤੁਸੀਂ ਵੀ ਬੜੇ ਧਰਮ ਦੇ ਠੇਕੇਦਾਰ ਬਣੇ ਫਿਰਦੇ ਹੋ, ਤੁਸੀਂ ਕਰਾਮਾਤ ਦਿਖਾਓ, ਉਹ ਦਿਖਾ ਨਹੀਂ ਸਕਦੇ। ਅਖੀਰ ਉਹ ਅੰਤ ਰਾਜੇ ਨੂੰ ਦਸਦੀ ਹੈ ਕਿ ਚਾਰ ਮੁਖ ਕਰਾਮਾਤਾਂ ਹਨ-1, ਤਲਵਾਰ 2, ਮੌਤ 3, ਰਾਜਾ ਤੇ 4 ਦੌਲਤ ।

ਕਰਾਮਤਿ ਇਕ ਅਸਿ ਮੌ ਪ੍ਰਥਮ ਪਛਾਨਿਯੈ॥

ਜਾ ਕੌ ਤੇਜੁ ਅਰੁ ਤ੍ਰਾਸ ਜਗਤ ਮੌ ਮਾਨਿਯੈ॥

ਜੀਤ ਹਾਰ ਅਰੁ ਮ੍ਰਿਤੁ ਧਾਰ ਜਾ ਕੀ ਬਸਤ॥

ਹੋ ਮੇਰੇ ਮਨ ਪਰਮੇਸੁਰ ਤਾਹੀ ਕੌ ਕਹਤ॥੧੯॥

ਦੁਤਿਯ ਕਾਲ ਮੌ ਕਰਾਮਾਤਿ ਪਹਿਚਾਨਿਯਤ॥

ਜਿਨ ਕੋ ਚੌਦਹ ਲੋਕ ਚਕ੍ਰ ਕਰ ਮਾਨਿਯਤ॥

ਕਾਲ ਪਾਇ ਜਗ ਹੋਤ ਕਾਲ ਮਿਟ ਜਾਵਈ॥

ਹੋ ਯਾ ਤੇ ਮੁਰ ਮਨ ਤਾਹਿ ਗੁਰੂ ਠਹਰਾਵਈ।।੨੦।।

ਕਰਾਮਾਤ ਰਾਜਾ ਰਸਨਾਗ੍ਰਜ ਜਾਨਿਯਤ।।

ਭਲੋ ਬਰੋ ਜਾ ਤੇ ਜਗ ਹੋਤ ਪਛਾਨਿਯਤ।।

ਕਰਾਮਾਤਿ ਚੌਥੀ ਧਨ ਭੀਤਰ ਜਾਨਿਯੈ।।

ਹੋ ਹੋਤ ਰੰਕ ਤੇ ਰਾਵ ਧਰੋ ਤਿਹ ਮਾਨਿਯੈ।।੨੧।।

ਇਸ ਤਰ੍ਹਾਂ ਇਹਨਾ ਕਹਾਣੀਆਂ ਦੇ ਸੰਵਾਦਾਂ ਵਿਚ ਕਈ ਅਮੋਲਕ ਵਿਚਾਰ ਪ੍ਰੋਤੇ ਹੋਏ ਹਨ ਜਿਨ੍ਹਾਂ ਦਾ ਅਧਿਐਨ ਦਿਲਚਸਪੀ-ਭਰਿਆ ਤੇ ਸਿਖਿਆ-ਭਰਪੂਰ ਹੈ। ਵਧੇਰੇ ਸਿੰਗਾਰ ਰਸੀ ਵਰਣਨ ਹੈ ਜੋ ਅਜੇਹੀਆਂ ਕਹਾਣੀਆਂ ਵਿਚ ਹੋਣਾ ਸੁਭਾਵਕ ਹੀ ਸੀ। ਪ੍ਰੇਮ ਵਾਰਤਾਲਾਪ ਬੜੇ ਰੌਚਕ ਢੰਗ ਨਾਲ ਛੰਦ-ਬਧ ਕੀਤੇ ਗਏ ਹਨ।

ਜੋ ਲੋਕ ਇਸ ਗਰੰਥ ਨੂੰ ਗੁਰੂ-ਕਿਰਤ ਨਹੀਂ ਮੰਨਦੇ, ਉਹਨਾਂ ਨੂੰ ਇਹ ਗੱਲਾਂ ਧਿਆਨ ਗੋਚਰੀਆਂ ਕਰਨੀਆਂ ਚਾਹੀਦੀਆਂ ਹਨ :-

(1) ਇਹ ਦਸਮ ਗਰੰਥ ਦਾ ਭਾਗ ਹੈ, 'ਦਸਮ ਗਰੰਥ' ਦੀ ਕੋਈ ਹੱਥ-ਲਿਖਤ ਬੀੜ ਐਸੀ ਨਹੀਂ ਮਿਲੀ ਜਿਸ ਵਿਚ ਇਹ ਗਰੰਥ ਸਾਮਲ ਨ ਹੋਵੇ। ਵੈਸੇ ਇਸਦੇ ਸੁਤੰਤਰ ਖਰੜੇ ਵੀ ਮਿਲਦੇ ਹਨ ਜਿਵੇਂ ਨਾਭੇ ਦੇ ਸਿਰੋਪਾਉ ਗੁਰਦੁਆਰੇ ਵਿਚ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਲਾਇਬਰੇਰੀ ਵਿਚ ਹਜ਼ੂਰੀ ਲਿਖਾਰੀ ਭਾਈ ਫੋਨਾ ਸਿੰਘ ਲਿਖਤ (ਮਸੌਦਾ ਨੰਬਰ 783) ਜੋ ਭਾਈ ਸੰਗਤ ਸਿੰਘ ਤਰਗਬ ਵਾਲੀ ਪੋਥੀ ਦਾ ਉਤਾਰਾ ਹੈ।

(2) ਹਰ ਹੱਥ-ਲਿਖਤ ਤੇ ਛਪੇ ਗਰੰਥ ਦੇ ਮੁੱਢ ਵਿਚ 'ਪਾਤਸ਼ਾਹੀ ੧੦' ਲਿਖਿਆ ਹੋਇਆ ਹੈ।

(3) ਇਹ ਅਨੰਦਪੁਰ, ਸ਼ਤਲੁਜ ਕੰਢੇ ਭਾਦੋਂ 1753 ਬਿ: ਵਿਚ ਸਮਾਪਤ ਕੀਤਾ ਗਿਆ ਸੀ ਜੈਸਾਕਿ ਇਸਦੀ ਅੰਤਮ ਟੂਕ ਤੋਂ ਜ਼ਾਹਰ ਹੈ।

(4) ਭਾਈ ਮਨੀ ਸਿੰਘ ਜੀ ਦੀ ਚਿੱਠੀ ਵਿਚ ਵੀ ਸਾਫ਼ ਸੰਕੇਤ ਹੈ ਕਿ 'ਚਰਿਤਰ' ਸਾਹਿਬਾਂ ਰਚਿਤ ਹਨ।

(5) ਇਸ ਗਰੰਥ ਦੇ ਕਈ ਛੰਦ ਸਿਖਾਂ ਦੇ ਪਾਠ ਵਿਚਾਰ ਦਾ ਹਿਸਾ ਹਨ ਜਿਵੇਂ ਕਿ ਬੇਨਤੀ ਚੋਪਈ। 'ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ ਗ੍ਰੀਬ ਨਿਵਾਜ ਨ ਦੂਸਰ ਤੋਸੋ।' ਸਵੈਈਆ ਜੋ ਇਸਦੇ ਮੁਢ ਵਿਚ ਆਉਂਦਾ ਹੈ, ਉਹ ਬਚਿਤਰ ਨਾਟਕ ਵਿਚ ਵੀ ਮਿਲਦਾ ਹੈ 'ਜੌੜੀ ਜੀਵੈ ਜੁਗ ਚਾਰ ਤਿਹਾਰੀ' ਸਵੈਯਾ ਸੱਸੀ ਵਾਲੀ ਕਥਾ ਵਿਚ ਹੈ।

(6) ਇਸ ਗਰੰਥ ਦੇ ਉਪਕ੍ਰਮ ਤੇ ਉਪਸੰਹਾਰ ਵਿਚ ਜੋ ਮਹਾਂ ਸ਼ਕਤੀ ਦੀ ਮਹਿਮਾ ਹੈ, ਉਸਦੇ ਅਨੇਕਾਂ ਵਾਕੰਸ਼ ਬਚਿਤਰ ਨਾਟਕ, ਗਿਆਨ ਪ੍ਰਬੋਧ ਤੇ ਸ਼ਸਤ੍ਰ ਨਾਮਮਾਲਾ ਆਦਿ ਵਿਚ ਸਹਿਜੇ ਲੱਭੇ ਜਾ ਸਕਦੇ ਹਨ।

(7) ਇਸ ਦੀ ਬੋਲੀ ਤੇ ਸ਼ੈਲੀ ਬਾਕੀ ਦਸਮ ਗਰੰਥ-ਰਚਨਾਵਲੀ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਹੈ।

(8) ਥਾਂ ਥਾਂ ਗੁਰੂ ਆਤਮਾ ਜੋ ਸਿਖਿਆ ਦਾਇਕ ਬੋਲ ਵੀ ਪੁਸ਼ਟੀ ਕਰਦੇ ਹਨ ਕਿ ਇਹ ਦਸਮੇਸ਼ ਰਚਿਤ ਹੀ ਹੈ। ਬਾਕੀ ਚੁਭਦੀ ਗੱਲ ਕਹਾਣੀ ਦਾ ਭਾਗ ਹੈ, ਪਾਤਰਾਂ ਦੀ ਅਪਣੀ ਗੱਲਬਾਤ ਦਾ ਹਿਸਾ ਹੈ। ਵਰਤੀ ਖੁਲ੍ਹ ਸਮੇਂ ਦੀ ਸਾਹਿਤਕ ਰੀਤ ਹੈ, ਵੈਸੇ ਨਹੀਂ।

(9) ਇਸਨੂੰ ਗੁਰਬਾਣੀ ਵਾਲੀ ਕਸਵੱਟੀ ਤੇ ਪਰਖਣਾ ਨਿਆਇ-ਸੰਗਤ ਨਹੀਂ, ਇਹ ਕਹਾਣੀ-ਸਾਹਿਤ ਹੈ ਤੇ ਫਿਰ ਚਲਿਤਰ-ਭਰਪੂਰ ਸਾਹਿਤ। ਹਾਂ, ਜੋ ਕੁਝ ਬਾਣੀ ਦੇ ਰੰਗ ਵਾਲਾ ਸੀ ਜਿਵੇਂ ਬੇਨਤੀ ਚੋਪਈ ਯਾ ਕੁਝ ਹੋਰ ਛੰਦ, ਉਹ ਪੁਰਾਤਨ ਸਮੇਂ ਤੋਂ ਸਿਖ ਅਪਣਾਈ ਆ ਰਹੇ ਹਨ।

ਜੇ ਕਵੀ ਅਨੁਸਾਰ ਇਸਦਾ ਅਸਲ ਮਨੋਰਥ ਸਮਝ ਲਿਆ ਜਾਵੇ ਤਾਂ ਕੋਈ ਝਗੜਾ ਨਹੀਂ ਰਹਿ ਜਾਂਦਾ। ਉਹ ਮਨੋਰਥ ਹੈ ਗੂੰਗਿਆਂ ਨੂੰ ਜ਼ਬਾਨ ਦੇਣਾ ਤੇ ਮੂਰਖਾਂ ਨੂੰ ਚਤੁਰ ਬਣਾਉਣਾ।

'ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ॥
ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ॥

ਇਹਨਾਂ ਚਰਿਤ੍ਰਾਂ ਦੀ ਗਿਣਤੀ ਕੁੱਲ 404 ਹੈ। ਇਹਨਾਂ ਚਰਿਤ੍ਰਾਂ ਦੇ ਨਾਮ ਅਤੇ 404 ਚਰਿਤ੍ਰਾਂ ਦੇ ਅੰਤਰਗਤ ਕੁੱਲ ਛੰਦਾਂ ਦਾ ਵੇਰਵਾ ਇਸ ਪ੍ਰਕਾਰ ਹੈ :-

| ਚਲਿੱਤਰ | ਕਥਾ | ਛੰਦ |
|---|---|---|
| ਪਹਿਲਾ | ਚੰਡੀ ਚਰਿਤਰ | 48 |
| ਦੂਸਰਾ | ਰਾਜਾ ਚਿਤਰ ਸਿੰਘ ਅਤੇ ਰਾਣੀ ਚਿਤਰਵਤੀ | 30 |
| ਤੀਸਰਾ | ਕਾਲਪੀ ਨਗਰ ਦੀ ਇਸਤਰੀ | 13 |
| ਚੌਥਾ | ਘੁਰਕੀ | 10 |
| ਪੰਜਵਾਂ | ਸਹਿਜ ਕਲਾ | 19 |
| ਛੇਵਾਂ | ਮਾਲਮਤੀ | 13 |
| ਸਤਵਾਂ | ਜੈਨਾਬਾਦੀ | 12 |
| ਅਠਵਾਂ | ਅਨੁਰਾਗ ਮਤੀ | 10 |
| ਨੌਵਾਂ | ਜਗ ਜੋਤਮਤੀ | 16 |
| ਦਸਵਾਂ | ਚਿਤਰਕਲਾ | 13 |
| ਗਿਆਰਵਾਂ | ਬਾਣੀਏ ਦੀ ਨਾਰ | 20 |
| ਬਾਰਵਾਂ | ਰਾਧਿਕਾ | 30 |
| ਤੇਰਵਾਂ | ਰਾਮਦਾਸ ਦੀ ਇਸਤਰੀ | 10 |
| ਚੌਦਵਾਂ | ਪੁਹਪਮਤੀ | 9 |
| ਪੰਦਰਵਾ | ਭਾਨਮਤੀ | 12 |
| ਸੋਲਵਾਂ | ਛਜੀਆ | 50 |
| ਸਤਾਰਵਾਂ | ਬਿਤਨਮਤੀ | 27 |
| ਅਠਾਰਵਾਂ | ਛਲਛਿਦ੍ਰ ਕੁਮਾਰੀ | 10 |
| ਉਨੀਵਾਂ | ਨਾਦਰਾ ਬਾਨੋ | 13 |
| ਵੀਹਵਾਂ | ਲਾਲਮਤੀ | 14 |
| ਇਕੀਵਾਂ | ਅਨੂਪ ਕੌਰ | 60 |
| ਬਾਈਵਾਂ | ਅਨੂਪ ਕੌਰ | 9 |
| ਤੇਈਵਾਂ | ਅਨੂਪ ਕੌਰ | 12 |
| ਚਵੀਵਾਂ | ਸੁਮੇਰ ਕੌਰ | 49 |
| ਪੰਜੀਵਾਂ | ਪ੍ਰੇਮ ਕੁਮਾਰੀ | 11 |
| ਛਬੀਵਾਂ | ਨਿਰਤਮਤੀ | 13 |
| ਸਤਾਈਵਾਂ | ਬਿਓਮ ਕਲਾ | 7 |
| ਅਠਾਈਵਾਂ | ਸੂਰਛਟ | 14 |
| ਉਣੱਤੀਵਾਂ | ਮਦਨ ਮਤੀ | 23 |
| ਤੀਹਵਾਂ | ਚਾਚਰ ਮਤੀ | 21 |
| ਇਕੱਤੀਵਾਂ | ਮਾਨ ਮੰਜਰੀ | 7 |
| ਬੱਤੀਵਾਂ | ਰਸ ਮੰਜਰੀ | 13 |
| ਤੇਤੀਵਾਂ | ਛੱਤਰ ਮੰਜਰੀ | 42 |
| ਚੌਂਤੀਵਾਂ | ਮਾਨਮਤੀ | 11 |
| ਪੈਂਤੀਵਾਂ | ਦੱਖਣ ਦੇਸ਼ ਦਾ ਰਾਜਾ | 8 |
| ਛੱਤੀਵਾਂ | ਛਤਹਿਮਤੀ | 16 |
| ਸੈਂਤੀਵਾਂ | ਗੈਂਡੇ ਖਾਂ | 8 |
| ਅਠੱਤੀਵਾਂ | ਰਾਜਮਤੀ | 29 |
| ਉਨਤਾਲੀਵਾਂ | ਰਾਜਮਤੀ | 12 |
| ਚਾਲੀਵਾਂ | ਦਿਲਜਾਨਮਤੀ | 17 |
| ਇਕਤਾਲੀਵਾਂ | ਪ੍ਰੀਤ ਮੰਜਰੀ | 8 |
| ਬਤਾਲੀਵਾਂ | ਰੁਸਤਮ ਕਲਾ | 5 |
| ਤਰਤਾਲੀਵਾਂ | ਗੁਲਾਮ | 9 |
| ਚਤਾਲੀਵਾਂ | ਤਿਲਕ ਮੰਜਰੀ | 12 |
| ਪੰਜਤਾਲੀਵਾਂ | ਰਾਜਮਤੀ | 9 |
| ਛਤਾਲੀਵਾਂ | ਨੂਰਮ ਬੀਬੀ | 9 |
| ਸੰਤਾਲੀਵਾਂ | ਬਾਦਲ ਕੁਮਾਰੀ | 5 |
| ਅਠਤਾਲੀਵਾਂ | ਨੂਰ ਜਹਾਨ | 27 |
| ਉਣਜਵਾਂ | ਨੰਦਮਤੀ | 5 |
| ਪੰਜਾਹਵਾਂ | ਪੁਸ਼ਪ ਮੰਜਰੀ | 13 |

| ਚਲਿੱਤਰ | ਕਥਾ | ਪੰਨੇ |
|---|---|---|
| ਇਕਵੰਜਵਾਂ | ਸ਼ੀਲਮੰਜਰੀ | 16 |
| ਬਵੰਜਵਾਂ | ਰਾਜਾ ਬਿਜੈ ਸਿੰਘ ਦੀ ਕੰਨਿਆ | 112 |
| ਤਰਵੰਜਵਾਂ | ਵਿਜੈ ਕੌਰ | 13 |
| ਚਰਵੰਜਵਾਂ | ਬਾਲਮਤੀ | 8 |
| ਪਚਵੰਜਵਾਂ | ਰੂਪਮਤੀ | 36 |
| ਛਪੰਜਵਾਂ | ਚੰਦਰ ਕਲਾ | 13 |
| ਸਤਵੰਜਵਾਂ | ਇੰਦਰਮਤੀ | 10 |
| ਅਠਵੰਜਵਾਂ | ਚਿਤਰਦੇਵੀ | 6 |
| ਉਣਾਠਵਾਂ | ਲਾਡਮ ਕੌਰ ਅਤੇ ਸੁਹਾਗਮ ਦੇਵੀ | 7 |
| ਸਠਵਾਂ | ਰੰਗ ਰਾਇ | 12 |
| ਇਕਾਠਵਾਂ | ਸੇਠਾਣੀ | 10 |
| ਬਾਠਵਾਂ | ਮਹਾਂ ਸਿੰਘ | 6 |
| ਤ੍ਰੇਠਵਾਂ | ਰਾਜਾ ਪਰਬਲ ਸਿੰਘ ਦੀ ਰਾਣੀ | 17 |
| ਚੌਠਵਾਂ | ਦੰਤ ਪ੍ਰਭਾ | 8 |
| ਪੈਂਠਵਾਂ | ਮਿਰਤ ਸਿੰਘ ਦੀ ਇਸਤਰੀ | 7 |
| ਛਿਆਠਵਾਂ | ਰੋਸ਼ਨ ਰਾਇ | 28 |
| ਸਤਾਠਵਾਂ | ਰੂਪਕਲਾ | 15 |
| ਅਠਾਠਵਾਂ | ਸ਼ਾਹੂਕਾਰ ਦਾ ਪੁੱਤਰ | 35 |
| ਉਣੱਤਰਵਾਂ | ਰਾਜਕਲਾ | 12 |
| ਸੱਤਰਵਾਂ | ਚਿੱਤਰ ਪ੍ਰਭਾ | 14 |
| ਇਕੱਤਰਵਾਂ | ਸਿਰਮੌਰ ਦਾ ਰਾਜਾ | 10 |
| ਬਹੱਤਰਵਾਂ | ਗੁਜਰਾਤ ਦਾ ਸ਼ਾਹੂਕਾਰ | 18 |
| ਤਿਹੱਤਰਵਾਂ | ਪੁਹਪਵਤੀ | 8 |
| ਚਹੱਤਰਵਾਂ | ਬੈਰਮ ਚੋਰ | 9 |
| ਪੰਜੱਤਰਵਾਂ | ਕਰਜ਼ਦਾਰ ਚੋਰ | 8 |

| ਚਲਿੱਤਰ | ਕਥਾ | ਪੰਨੇ |
|---|---|---|
| ਛਿਅੱਤਰਵਾਂ | ਘਰ ਜਵਾਈ ਚੋਰ | 9 |
| ਸਤੱਤਰਵਾਂ | ਭਗਵਤੀ | 12 |
| ਅਠੱਤਰਵਾਂ | ਗੀਗੋ | 8 |
| ਉਣਾਸੀਵਾਂ | ਬਿਸਵ ਮਤੀ | 7 |
| ਅੱਸੀਵਾਂ | ਰਾਧਾ | 7 |
| ਇਕਾਸੀਵਾਂ | ਦ੍ਰਿਗ ਧੰਨਿਆ | 98 |
| ਬਿਆਸੀਵਾਂ | ਸ਼ਾਹਜਹਾਨ ਦੀ ਬੇਗ਼ਮ | 33 |
| ਤਿਰਾਸੀਵਾਂ | ਰਾਜੋ | 14 |
| ਚਰਾਸੀਵਾਂ | ਇੰਦਰਮਤੀ | 21 |
| ਪਚਾਸੀਵਾਂ | ਰਾਜਾ ਉੱਚੀਸਰਬ | 13 |
| ਛਿਆਸੀਵਾਂ | ਇੰਦਰ ਸਿੰਘ | 7 |
| ਸਤਾਸੀਵਾਂ | ਚੰਦਰ ਪ੍ਰਭਾ | 7 |
| ਅਠਾਸੀਵਾਂ | ਕੰਜ ਪ੍ਰਭਾ | 16 |
| ਉਣਾਨੇਵਾਂ | ਰਾਮ ਸਿੰਘ ਜਾਟ | 9 |
| ਨੱਬੇਵਾਂ | ਦੀਪ ਕਲਾ | 6 |
| ਇਕਾਨੇਵਾਂ | ਕਾਮ ਕੰਦਲਾਂ | 65 |
| ਬਾਨੇਵਾਂ | ਸਰੂਪ ਕਲਾ | 10 |
| ਤਰਾਨੇਵਾਂ | ਜੁਲਾਹਾ | 27 |
| ਚਰਾਨੇਵਾਂ | ਦੀਨ ਦਿਆਲ | 5 |
| ਪਚਾਨੇਵਾਂ | ਬਿੰਦੂ | 7 |
| ਛਿਆਨੇਵਾਂ | ਗੌਹਰਾਂ | 41 |
| ਸਤਾਨੇਵਾਂ | ਰਾਜਾ ਰਸਾਲੂ ਤੇ ਰਾਣੀ ਕੋਕਲਾਂ | 73 |
| ਅਠਾਨਵੇਂ | ਹੀਰ ਰਾਂਝਾ | 31 |
| ਨੜਿਨਵਾਂ | ਰੁੱਦਰ ਕਲਾ | 15 |
| ਸੌਵਾਂ | ਚਲਾਕ ਇਸਤਰੀ | 13 |

| ਚਲਿੱਤਰ | ਕਥਾ | ਛੰਦ |
| --- | --- | --- |
| ਇਕ ਸੌ ਇਕਵਾਂ | ਸੋਹਣੀ ਮਹੀਂਵਾਲ | 9 |
| ਇਕ ਸੌ ਦੂਸਰਾ | ਰਾਜਾ ਦਸਰਥ ਅਤੇ ਕੈਕਈ | 34 |
| ਇਕ ਸੌ ਤੀਸਰਾ | ਸ਼ਾਹ ਜਲਾਲ | 36 |
| ਇਕ ਸੌ ਚੌਥਾ | ਜੱਟ ਦੀ ਇਸਤਰੀ | 11 |
| ਇਕ ਸੌ ਪੰਜਵਾਂ | ਤਾਸ ਬੇਗ | 16 |
| ਇਕ ਸੌ ਛੇਵਾਂ | ਚਾਰ ਠਗ | 6 |
| ਇਕ ਸੌ ਸਤਵਾਂ | ਮੈਨ ਕੌਰ | 6 |
| ਇਕ ਸੌ ਅਠਵਾਂ | ਸੱਸੀ ਪੁੰਨੂ | 51 |
| ਇਕ ਸੌ ਨੌਵਾਂ | ਉਰਵਸ਼ੀ | 58 |
| ਇਕ ਸੌ ਦਸਵਾਂ | ਰਾਜਾ ਰੁਪੇਸ਼ਵਰ | 23 |
| ਇਕ ਸੌ ਗਿਆਰਵਾਂ | ਰਾਣੀ ਰਾਜਪ੍ਰਭਾ | 51 |
| ਇਕ ਸੌ ਬਾਰਵਾਂ | ਚਿੱਤਰ ਕਲਾ | 28 |
| ਇਕ ਸੌ ਤੇਰਵਾਂ | ਰਾਣੀ ਕ੍ਰਿਸ਼ਨ ਕੌਰ | 22 |
| ਇਕ ਸੌ ਚੌਦਵਾਂ | ਸ੍ਰਿੰਗੀ ਰਿਸ਼ੀ ਅਤੇ ਵੇਸਵਾ | 32 |
| ਇਕ ਸੌ ਪੰਦਰਵਾਂ | ਰਿਖੀ ਗੌਤਮ ਅਤੇ ਅਹੱਲਿਆ | 22 |
| ਇਕ ਸੌ ਸੋਲਵਾਂ | ਦੈਂਤ ਸੁੰਦ ਅਤੇ ਅਪਸੁੰਦ | 21 |
| ਇਕ ਸੌ ਸਤਾਰਵਾਂ | ਸ਼ੱਚੀ | 14 |
| ਇਕ ਸੌ ਅਠਾਰਵਾਂ | ਰਾਣੀ ਮੰਤੱਰਕਲਾ | 13 |
| ਇਕ ਸੌ ਉਨੀਵਾਂ | ਰਾਜਕੁਮਾਰੀ ਰੁਦਰਕਲਾ | 23 |
| ਇਕ ਸੌ ਵੀਹਵਾਂ | ਵਿਸ਼ਨੂੰ | 30 |
| ਇਕ ਸੌ ਇੱਕੀਵਾਂ | ਚੋਰ ਇਸਤਰੀ | 6 |
| ਇਕ ਸੌ ਬਾਈਵਾਂ | ਰਾਣੀ ਕੁੰਕਮ ਦੇਵੀ ਅਤੇ ਘਨਸਾਰ ਦੇਵੀ | 22 |
| ਇਕ ਸੌ ਤੇਈਵਾਂ | ਭਗਵਾਨ ਵਿਸ਼ਨੂੰ | 26 |
| ਇਕ ਸੌ ਚੌਵੀਵਾਂ | ਰਾਣੀ ਫੂਲਵਤੀ | 15 |
| ਇਕ ਸੌ ਪੰਜੀਵਾਂ | ਵੇਸਵਾ ਇੰਦਰਮਤੀ | 36 |
| ਇਕ ਸੌ ਛੱਬੀਵਾਂ | ਬਹਾਦਰ ਇਸਤਰੀ | 12 |
| ਇਕ ਸੌ ਸਤਾਈਵਾਂ | ਰਤਨ ਸਿੰਘ | 10 |
| ਇਕ ਸੌ ਅਠਾਈਵਾਂ | ਰਾਣੀ ਮਾਨਮਤੀ | 34 |
| ਇਕ ਸੌ ਉਣੱਤੀਵਾਂ | ਮਿਰਜ਼ਾ ਸਾਹਿਬਾਂ | 40 |
| ਇਕ ਸੌ ਤੀਹਵਾਂ | ਸੁਮਤ ਕੁਮਾਰੀ | 12 |
| ਇਕ ਸੌ ਇਕੱਤੀਵਾਂ | ਭਾਗਮਤੀ | 16 |
| ਇਕ ਸੌ ਬੱਤੀਵਾਂ | ਸੁਘਰ ਕੁਮਾਰੀ | 33 |
| ਇਕ ਸੌ ਤੇਤੀਵਾਂ | ਸਜਨ ਕੁਮਾਰੀ | 28 |
| ਇਕ ਸੌ ਚੌਂਤੀਵਾਂ | ਬਾਜਮਤੀ | 20 |
| ਇਕ ਸੌ ਪੈਂਤੀਵਾਂ | ਕਲਾ ਕੌਰ | 22 |
| ਇਕ ਸੌ ਛੱਤੀਵਾਂ | ਰਾਣੀ ਭਰਮਰਕਲਾ | 22 |
| ਇਕ ਸੌ ਸੈਂਤੀਵਾਂ | ਦਰੋਪਤੀ ਅਰਜਨ | 43 |
| ਇਕ ਸੌ ਅੱਠਤੀਵਾਂ | ਰਾਣੀ ਆਭਾਵਤੀ | 9 |
| ਇਕ ਸੌ ਉਨਤਾਲੀਵਾਂ | ਰਾਣੀ ਮਾਨੇਸ਼ਵਰੀ | 15 |
| ਇਕ ਸੌ ਚਾਲੀਵਾਂ | ਰਾਣੀ ਮੇਘਮਤੀ | 5 |
| ਇਕ ਸੌ ਇੱਕਤਾਲੀਵਾਂ | ਪਾਰਬਤੀ | 11 |
| ਇਕ ਸੌ ਬਤਾਲੀਵਾਂ | ਰਾਜਕੁਮਾਰੀ ਊਸ਼ਾ | 73 |
| ਇਕ ਸੌ ਤਿਰਤਾਲੀਵਾਂ | ਰਾਣੀ ਰਾਜਮਤੀ | 31 |
| ਇਕ ਸੌ ਚਤਾਲੀਵਾਂ | ਸ਼ਿੰਗਾਰਵਤੀ | 17 |
| ਇਕ ਸੌ ਪੰਜਤਾਲੀਵਾਂ | ਭਾਗਵਤੀ | 11 |
| ਇਕ ਸੌ ਛਿਤਾਲੀਵਾਂ | ਪ੍ਰਮੁਦ ਕੁਮਾਰੀ | 9 |
| ਇਕ ਸੌ ਸੰਤਾਲੀਵਾਂ | ਰਾਣੀ ਖੈਰੀ ਅਤੇ ਸੰਮੀ | 18 |
| ਇਕ ਸੌ ਅਠਤਾਲੀਵਾਂ | ਰਾਜਾ ਦੁਰਗਾ ਦੱਤ ਦੀ ਰਾਣੀ | 16 |

| ਚਲਿੱਤਰ | ਕਥਾ | ਛੰਦ |
|---|---|---|
| ਇਕ ਸੌ ਉਣੰਜਵਾਂ | ਪੋਸਤੀ ਦੀਆਂ ਪੰਜ ਵਹੁਟੀਆਂ | 15 |
| ਇਕ ਸੌ ਪੰਜਾਹਵਾਂ | ਰਾਣੀ ਗਰਵਵਤੀ | 6 |
| ਇਕ ਸੌ ਇਕਵੰਜਵਾਂ | ਰਾਣੀ ਗੁਮਾਨਮਤੀ | 17 |
| ਇਕ ਸੌ ਬਵੰਜਵਾਂ | ਲਛਮੀ | 14 |
| ਇਕ ਸੌ ਤਰਵੰਜਵਾਂ | ਨਾਜ਼ਮਤੀ | 25 |
| ਇਕ ਸੌ ਚਰਵੰਜਵਾਂ | ਦਰਪਕਲਾ | 28 |
| ਇਕ ਸੌ ਪਚਵੰਜਵਾਂ | ਪ੍ਰਾਨਮਤੀ | 7 |
| ਇਕ ਸੌ ਛਪਵੰਜਵਾਂ | ਕੰਦਰਪਕਲਾ | 12 |
| ਇਕ ਸੌ ਸਤਵੰਜਵਾਂ | ਨਲ ਦਮਵੰਤੀ | 31 |
| ਇਕ ਸੌ ਅਠਵੰਜਵਾਂ | ਰਾਣੀ ਤਾਂਬਰ ਕਲਾ | 19 |
| ਇਕ ਸੌ ਉਣਾਠਵਾਂ | ਰਾਣੀ ਬੀਰ ਕਲਾ | 8 |
| ਇਕ ਸੌ ਸਠਵਾਂ | ਦਾਸੀ ਕ੍ਰਿਸ਼ਨ ਕਲਾ | 15 |
| ਇਕ ਸੌ ਇਕਾਠਵਾਂ | ਸ਼ੰਮਸ ਢੋਲਾ | 40 |
| ਇਕ ਸੌ ਬਾਠਵਾਂ | ਡੁੰਦਕਲਾ | 13 |
| ਇਕ ਸੌ ਤ੍ਰੇਠਵਾਂ | ਰਾਣੀ ਵਿਜੈ ਕੁਮਾਰੀ | 13 |
| ਇਕ ਸੌ ਚੌਠਵਾਂ | ਉਦੈਪੁਰੀ ਬੇਗਮ | 18 |
| ਇਕ ਸੌ ਪੈਂਠਵਾਂ | ਭਿਸਤਕਲਾ | 19 |
| ਇਕ ਸੌ ਛਿਆਠਵਾਂ | ਰਾਣੀ ਜੋਬਨ ਕਲਾ | 22 |
| ਇਕ ਸੌ ਸਤਾਠਵਾਂ | ਰਾਣੀ ਸ਼ਾਹਪਰੀ | 12 |
| ਇਕ ਸੌ ਅਠਾਠਵਾਂ | ਰਾਣੀ ਜੋਤ ਮਤੀ | 28 |
| ਇਕ ਸੌ ਉਣੱਤਰਵਾਂ | ਅਹੀਰਨ ਸ਼ਾਹਪਰੀ | 7 |
| ਇਕ ਸੌ ਸਤਰਵਾਂ | ਰਾਣੀ ਬੀਰ ਕਲਾ | 12 |
| ਇਕ ਸੌ ਇਕਹੱਤਰਵਾਂ | ਸਾਹਿਬ ਦੇਵੀ | 12 |
| ਇਕ ਸੌ ਬਹੱਤਰਵਾਂ | ਗੀਤ ਕਲਾ | 14 |
| ਇਕ ਸੌ ਤਿਹੱਤਰਵਾਂ | ਸੰਗੀਤ ਕਲਾ | 21 |
| ਇਕ ਸੌ ਚੌਹੱਤਰਵਾਂ | ਸੁਰਤਾ ਦੇਵੀ | 5 |
| ਇਕ ਸੌ ਪੰਜੱਤਰਵਾਂ | ਚਪਲਕਲਾ | 28 |
| ਇਕ ਸੌ ਛਿਅੱਤਰਵਾਂ | ਬੀਰ ਮਤੀ | 21 |
| ਇਕ ਸੌ ਸਤੱਤਰਵਾਂ | ਮੇਨ ਲਤਾ | 9 |
| ਇਕ ਸੌ ਅਠੱਤਰਵਾਂ | ਸੁਮੇਰ ਦੇਵੀ | 6 |
| ਇਕ ਸੌ ਉਣਾਸੀਵਾਂ | ਕਾਮਵਤੀ | 7 |
| ਇਕ ਸੌ ਅੱਸੀਵਾਂ | ਨੈਨੋਤਮਾ | 7 |
| ਇਕ ਸੌ ਇਕਾਸੀਵਾਂ | ਰਾਣੀ ਨਿਸ਼ੀਪ੍ਰਭਾ | 15 |
| ਇਕ ਸੌ ਬਿਆਸੀਵਾਂ | ਭਾਨ ਕਲਾ | 10 |
| ਇਕ ਸੌ ਤਿਰਾਸੀਵਾਂ | ਰਿਤਰਾਜ ਪ੍ਰਭਾ | 19 |
| ਇਕ ਸੌ ਚੌਰਾਸੀਵਾਂ | ਦ੍ਰੋਪਦੀ | 14 |
| ਇਕ ਸੌ ਪਚਾਸੀਵਾਂ | ਰਨਰੰਗ ਕੁਮਾਰੀ | 12 |
| ਇਕ ਸੌ ਛਿਆਸੀਵਾਂ | ਅਚਲਕਲਾ | 11 |
| ਇਕ ਸੌ ਸਤਾਸੀਵਾਂ | ਕਾਮਕਲਾ | 5 |
| ਇਕ ਸੌ ਅਠਾਸੀਵਾਂ | ਕੰਚਨ ਪ੍ਰਭਾ | 8 |
| ਇਕ ਸੌ ਉਣਾਨੇਵਾਂ | ਭੂਪਕਲਾ | 10 |
| ਇਕ ਸੌ ਨੱਬੇਵਾਂ | ਨਿਸਰਾਜ ਪ੍ਰਭਾ | 11 |
| ਇਕ ਸੌ ਇਕਾਨੇਵਾਂ | ਪ੍ਰਬੀਨ ਰਾਇ | 11 |
| ਇਕ ਸੌ ਬਾਨੇਵਾਂ | ਗਾਨ ਕਲਾ | 17 |
| ਇਕ ਸੌ ਤਰਾਨੇਵਾਂ | ਤਿਰਦਸ ਕਲਾ | 7 |
| ਇਕ ਸੌ ਚੌਰਾਨੇਵਾਂ | ਪਰਦੇਸਣ | 5 |
| ਇਕ ਸੌ ਪਚਾਨੇਵਾਂ | ਰਾਣੀ ਮਾਨਮਤੀ ਅਤੇ ਬਿਪਨ ਪ੍ਰਭਾ | 29 |
| ਇਕ ਸੌ ਛਿਆਨੇਵਾਂ | ਅਪ੍ਰੀਤਮ ਕਲਾ | 20 |
| ਇਕ ਸੌ ਸਤਾਨੇਵਾਂ | ਰਣਰੰਗ ਮਤੀ | 5 |
| ਇਕ ਸੌ ਅਠਾਨੇਵਾਂ | ਸੰਖ ਕੁਮਾਰੀ | 4 |
| ਇਕ ਸੌ ਨੜਿਨੇਵਾਂ | ਰਾਣੀ ਪਦਮਨੀ | 29 |
| ਦੋ ਸੌਵਾਂ | ਰਾਣੀ ਓਡਗਿੰਦਰ ਪ੍ਰਭਾ | 36 |
| ਦੋ ਸੌ ਇਕੱਵਾਂ | ਯੂਸਫ ਜ਼ੁਲੈਖ਼ਾਂ | 26 |
| ਦੋ ਸੌ ਦੂਸਰਾ | ਚਪਲ ਕਲਾ | 18 |
| ਦੋ ਸੌ ਤੀਸਰਾ | ਰਾਜਾ ਨਰਕਾਸਰ | 23 |
| ਦੋ ਸੌ ਚੌਥਾ | ਰਾਣੀ ਕੈਲਾਸ਼ ਮਤੀ | 28 |
| ਦੋ ਸੌ ਪੰਜਵਾਂ | ਬਿਜੈ ਕੁਮਾਰੀ | 18 |
| ਦੋ ਸੌ ਛੇਵਾਂ | ਰਾਣੀ ਇਸ਼ਕਮਤੀ | 20 |
| ਦੋ ਸੌ ਸਤਵਾਂ | ਰਾਣੀ ਮੁਸ਼ਕਮਤੀ | 22 |
| ਦੋ ਸੌ ਅਠਵਾਂ | ਅਟਪਲ ਦੇਵੀ | 16 |

| ਚਲਿੱਤਰ | ਕਥਾ | ਛੰਦ |
|---|---|---|
| ਦੋ ਸੈ ਨੌਵਾਂ | ਭਰਥਰੀ | 78 |
| ਦੋ ਸੈ ਦਸਵਾਂ | ਰਾਣੀ ਚੰਚਲ ਕੁਮਾਰੀ | 15 |
| ਦੋ ਸੈ ਗਿਆਰਵਾਂ | ਤੜਤਾ ਕ੍ਰਿਤਪ੍ਰਭਾ | 23 |
| ਦੋ ਸੈ ਬਾਰਵਾਂ | ਸੁਕਮਾਰ ਮਤੀ | 24 |
| ਦੋ ਸੈ ਤੇਰਵਾਂ | ਮ੍ਰਿਗਨੈਣੀ | 22 |
| ਦੋ ਸੈ ਚੌਦਵਾਂ | ਗੁਲਜ਼ਾਰ ਮਤੀ | 14 |
| ਦੋ ਸੈ ਪੰਦਰਵਾ | ਤਰੁਣ ਕੁਮਾਰੀ | 13 |
| ਦੋ ਸੈ ਸੋਲਵਾਂ | ਰਾਣੀ ਕਟਾਛ ਕੁਮਾਰੀ | 11 |
| ਦੋ ਸੈ ਸਤਾਰਵਾਂ | ਸ਼ਾਹ ਸਿਕੰਦਰ | 42 |
| ਦੋ ਸੈ ਅਠਾਰਵਾਂ | ਰਾਣੀ ਦਿਨਕੇਤ ਮਤੀ | 9 |
| ਦੋ ਸੈ ਉੱਨੀਵਾਂ | ਚਪਲਾਂਗ ਮਤੀ | 8 |
| ਦੋ ਸੈ ਵੀਹਵਾਂ | ਮਲਕਾ ਰੋਸ਼ਨ ਜਹਾਂ | 15 |
| ਦੋ ਸੈ ਇੱਕੀਵਾਂ | ਮ੍ਰਿਗ ਰਾਜਮਤੀ | 7 |
| ਦੋ ਸੈ ਬਾਈਵਾਂ | ਰਾਣੀ ਭੋਗਮਤੀ | 16 |
| ਦੋ ਸੈ ਤੇਈਵਾਂ | ਰਾਣੀ ਛੱਤਰਮਤੀ | 13 |
| ਦੋ ਸੈ ਚਵੀਵਾਂ | ਰਾਣੀ ਤ੍ਰਿਪਰਾਰਕਲਾ | 20 |
| ਦੋ ਸੈ ਪੰਝੀਵਾਂ | ਰਾਜਕੁਮਾਰੀ ਚਖਚਾਰ ਮਤੀ | 15 |
| ਦੋ ਸੈ ਛੱਬੀਵਾਂ | ਰੁਸਤਮ ਦੇਵੀ | 13 |
| ਦੋ ਸੈ ਸਤਾਈਵਾਂ | ਰਾਣੀ ਮਨੋਮਾਲ ਮਤੀ | 11 |
| ਦੋ ਸੈ ਅਠਾਈਵਾਂ | ਰਾਣੀ ਬੀਰਜਮਤੀ | 21 |
| ਦੋ ਸੈ ਉਣੱਤੀਵਾਂ | ਬੁੱਧਮਤੀ | 10 |
| ਦੋ ਸੈ ਤੀਹਵਾਂ | ਮਦਨ ਮਤੀ | 8 |
| ਦੋ ਸੈ ਇਕੱਤੀਵਾਂ | ਮੈਨਕਲਾ | 13 |
| ਦੋ ਸੈ ਬੱਤੀਵਾਂ | ਬਛ ਡਿਆਫਮਤ੍ਰੀ | 9 |
| ਦੋ ਸੈ ਤੇਤੀਵਾਂ | ਵਲਿਖਣ ਮਤੀ | 10 |
| ਦੋ ਸੈ ਚੌਤੀਵਾਂ | ਨਿਰਪਤਿ ਕਲਾ | 15 |
| ਦੋ ਸੈ ਪੈਂਤੀਵਾਂ | ਰਾਣੀ ਅਫਲ ਮਤੀ | 18 |
| ਦੋ ਸੈ ਛੱਤੀਵਾਂ | ਵਲਿੱਖਣ ਮਤੀ | 14 |
| ਦੋ ਸੈ ਸੈਂਤੀਵਾਂ | ਭੋਗ ਮਤੀ | 8 |
| ਦੋ ਸੈ ਅਠੱਤੀਵਾਂ | ਛਟ ਛੈਲ ਕੁਮਾਰੀ | 12 |
| ਦੋ ਸੈ ਉਣਤਾਲੀਵਾਂ | ਬੀਰਮਤੀ | 10 |
| ਦੋ ਸੈ ਚਾਲੀਵਾਂ | ਰੁਚੀਰਾਜ ਕੁਮਾਰੀ | 12 |
| ਦੋ ਸੈ ਇਕਤਾਲੀਵਾਂ | ਰਾਣੀ ਬਿਰਹਾ ਮੰਜਰੀ | 27 |
| ਦੋ ਸੈ ਬਤਾਲੀਵਾਂ | ਛਬਿਮਾਨ ਮੰਜਰੀ | 19 |
| ਦੋ ਤਿਰਤਾਲੀਵਾਂ | ਚਿਤਰ ਮੰਜਰੀ | 16 |
| ਦੋ ਸੈ ਚਤਾਲੀਵਾਂ | ਨਾਗਰ ਮਤੀ | 29 |
| ਦੋ ਸੈ ਪੰਜ਼ਤਾਲੀਵਾਂ | ਰਸ ਤਿਲਕ ਮੰਜਰੀ | 45 |
| ਦੋ ਸੈ ਛਤਾਲੀਵਾਂ | ਸਵਰਨ ਮੰਜਰੀ | 27 |
| ਦੋ ਸੈ ਸੰਤਾਲੀਵਾਂ | ਜਸਤਿਲਕ ਮੰਜਰੀ | 20 |
| ਦੋ ਸੈ ਅਠਤਾਲੀਵਾਂ | ਸ਼ਾਹ ਦੀ ਪੁੱਤਰੀ | 20 |
| ਦੋ ਸੈ ਉਣੰਜਵਾਂ | ਵਲਿੱਖਣ ਮੰਜਰੀ | 20 |
| ਦੋ ਸੈ ਪੰਜਾਹਵਾਂ | ਭੁਜੰਗ ਮਤੀ | 12 |
| ਦੋ ਸੈ ਇਕਵੰਜਵਾਂ | ਜਲ ਜਾਫ | 14 |
| ਦੋ ਸੈ ਬਵੰਜਵਾਂ | ਸੁਖਮਤੀ | 20 |
| ਦੋ ਸੈ ਤਿਰਵੰਜਵਾਂ | ਜੀਓਮਤੀ | 28 |
| ਦੋ ਸੈ ਚਰਵੰਜਵਾਂ | ਬਿਸ਼ਨਮਤੀ | 12 |
| ਦੋ ਸੈ ਪਚਵੰਜਵਾਂ | ਲਹੌਰ ਮਤੀ | 10 |
| ਦੋ ਸੈ ਛਪੰਜਵਾਂ | ਸਤ ਕੁਮਾਰੀਆਂ | 35 |
| ਦੋ ਸੈ ਸਤਵੰਜਵਾਂ | ਅਲਿਗ੍ਰਜ ਮਤੀ | 29 |
| ਦੋ ਸੈ ਅਠਵੰਜਵਾ | ਹੰਸਮਤੀ | 32 |
| ਦੋ ਸੈ ਉਣਾਠਵਾਂ | ਮ੍ਰਿਗ ਰਾਜ ਕਲਾ | 29 |
| ਦੋ ਸੈ ਸਠਵਾਂ | ਕਜਰਾਫ ਮਤੀ | 6 |

| ਚਲਿੱਤਰ | ਕਥਾ | ਛੰਦ | ਚਲਿੱਤਰ | ਕਥਾ | ਛੰਦ |
|---|---|---|---|---|---|
| ਦੋ ਸੌ ਇਕਾਹਠਵਾਂ | ਮਾਸ਼ੂਕ ਮਤੀ | 17 | ਦੋ ਸੌ ਪਚਾਸੀਵਾਂ | ਸ਼ਮਤ ਮਤੀ | 13 |
| ਦੋ ਸੌ ਬਾਹਠਵਾਂ | ਮਾਸ਼ੂਕ ਮਤੀ | 11 | ਦੋ ਸੌ ਛਿਆਸੀਵਾਂ | ਬਿਖਿਆ | 16 |
| ਦੋ ਸੌ ਤਰੇਹਠਵਾਂ | ਨਾਗਰਮਤੀ | 17 | ਦੋ ਸੌ ਸਤਾਸੀਵਾਂ | ਮਰੀਅਮ ਬੇਗਮ | 10 |
| ਦੋ ਸੌ ਚੌਂਹਠਵਾਂ | ਬਿਰਹਾ ਕੁਮਾਰੀ | 84 | ਦੋ ਸੌ ਅਠਾਸੀਵਾਂ | ਛੈਲ ਦੇਵੀ | 26 |
| ਦੋ ਸੌ ਪੈਂਹਠਵਾਂ | ਪ੍ਰਕ੍ਰਿਤ ਮਤੀ | 18 | ਦੋ ਸੌ ਉਣਾਨੇਵਾਂ | ਦਖਣ ਦੇਵੀ | 25 |
| ਦੋ ਸੌ ਛਿਆਹਠਵਾਂ | ਰਣਖੰਭਕਲਾ | 125 | ਦੋ ਸੌ ਨੱਬੇਵਾਂ | ਪੂਰਬ ਦੇਵੀ | 34 |
| ਦੋ ਸੌ ਸਤਾਹਠਵਾਂ | ਤੁਰਕ ਇਸਤਰੀ | 22 | ਦੋ ਸੌ ਇਕਾਨੇਵਾਂ | ਪਛਮ ਦੇਵੀ | 13 |
| ਦੋ ਸੌ ਅਠਾਹਠਵਾਂ | ਚੰਪਾਕਲਾ | 12 | ਦੋ ਸੌ ਬਾਨੇਵਾਂ | ਉੱਤਰ ਮਤੀ | 12 |
| ਦੋ ਸੌ ਉਣੰਤਰਵਾਂ | ਭਖਕੇਤ ਮਤੀ | 14 | ਦੋ ਸੌ ਤਿਰਾਨੇਵਾਂ | ਰਾਜਦੇਵੀ | 18 |
| ਦੋ ਸੌ ਸੱਤਰਵਾਂ | ਪੂਰਬ ਦੇਵੀ | 11 | ਦੋ ਸੌ ਚੌਰਾਨੇਵਾਂ | ਅਨਦਾ ਵਤੀ | 31 |
| ਦੋ ਸੌ ਇਕਹੱਤਰਵਾਂ | ਬਿਲਾਸ ਦੇਵੀ | 14 | ਦੋ ਸੌ ਪਚਾਨੇਵਾਂ | ਚੰਚਲ ਦੇਵੀ | 18 |
| ਦੋ ਸੌ ਬਹੱਤਰਵਾਂ | ਸੁਗੰਧ ਮਤੀ | 11 | ਦੋ ਸੌ ਛਿਆਨੇਵਾਂ | ਮੰਗਲਾ ਦੇਵੀ | 11 |
| ਦੋ ਸੌ ਤਿਹੱਤਰਵਾਂ | ਸੁਕ੍ਰਿਤ ਮੰਜਰੀ | 11 | ਦੋ ਸੌ ਸਤਾਨੇਵਾਂ | ਸਕਚਮਤੀ | 101 |
| ਦੋ ਸੌ ਚੋਹੱਤਰਵਾਂ | ਦਾਸੀ | 12 | ਦੋ ਸੌ ਅਠਾਨੇਵਾਂ | ਝਿਲਮਿਲ ਦੇਵੀ | 19 |
| ਦੋ ਸੌ ਪੰਝੱਤਰਵਾਂ | ਹਬਸ਼ਮਤੀ | 14 | ਦੋ ਸੌ ਨੜਿਨਵਾਂ | ਅਛਲ ਦੇਵੀ | 20 |
| ਦੋ ਸੌ ਛਿਹੱਤਰਵਾਂ | ਰੁਦਰ ਮਤੀ | 18 | ਤਿੰਨ ਸੌ ਵਾਂ | ਸਿਆਣੀ ਸਖੀ | 11 |
| ਦੋ ਸੌ ਸਤੱਤਰਵਾਂ | ਸੌਂਕਣ | 11 | ਤਿੰਨ ਸੌ ਇਕਵਾਂ | ਇਸ਼ਟ ਮਤੀ | 9 |
| ਦੋ ਸੌ ਅਠੱਤਰਵਾਂ | ਰੋਸ਼ਨ ਆਰਾ | 7 | ਤਿੰਨ ਸੌ ਦੂਸਰਾ | ਛੱਤਰ ਦੇਵੀ | 11 |
| ਦੋ ਸੌ ਉਣਾਸੀਵਾਂ | ਪ੍ਰੇਮ ਮੰਜਰੀ | 14 | ਤਿੰਨ ਸੌ ਤੀਸਰਾ | ਅਭਰਨ ਦੇਵੀ | 20 |
| ਦੋ ਸੌ ਅੱਸੀਵਾਂ | ਜੁਗਰਾਜ ਮੰਜਰੀ | 10 | ਤਿੰਨ ਸੌ ਚੌਥਾ | ਵਿਦਿਆ ਮਤੀ | 11 |
| ਦੋ ਸੌ ਇੱਕਾਸੀਵਾਂ | ਰਾਣੀ ਬਿਜੈਮਤੀ | 13 | ਤਿੰਨ ਸੌ ਪੰਜਵਾਂ | ਤ੍ਰਿਪੁਰ ਮਤੀ | 13 |
| ਦੋ ਸੌ ਬਿਆਸੀਵਾਂ | ਅਮਰ ਕਲਾ | 6 | ਤਿੰਨ ਸੌ ਛੇਵਾਂ | ਦੁਦੰਬ ਦੇਵੀ | 8 |
| ਦੋ ਸੌ ਤਿਰਾਸੀਵਾਂ | ਰਾਣੀ ਕਿੰਨਰ ਮਤੀ | 8 | ਤਿੰਨ ਸੌ ਸੈਤਵਾਂ | ਸੁਘਨਾਮਤੀ | 13 |
| ਦੋ ਸੌ ਚੌਰਾਸੀਵਾਂ | ਦੱਖਣ ਦੇਵੀ | 9 | ਤਿੰਨ ਸੌ ਅੱਠਵਾਂ | ਫੁਟ ਬੇਸਰੀ ਦੇਵੀ | 15 |

| ਚਲਿੱਤਰ | ਕਥਾ | ਛੰਦ |
|---|---|---|
| ਤਿੰਨ ਸੌ ਨੌਵਾਂ | ਅਪੂਰਬ ਦੇਵੀ ......... | 12 |
| ਤਿੰਨ ਸੌ ਦਸਵਾਂ | ਰਸਤਿਲਕ ਦੇਵੀ .... | 9 |
| ਤਿੰਨ ਸੌ ਗਿਆਰਵਾਂ | ਬਿਰਤ ਸੈਨ ............ | 15 |
| ਤਿੰਨ ਸੌ ਬਾਰ੍ਹਵਾਂ | ਜਟ ਦੀ ਇਸਤਰੀ .... | 13 |
| ਤਿੰਨ ਸੌ ਤੇਰ੍ਹਵਾਂ | ਨੈਣ ..................... | 9 |
| ਤਿੰਨ ਸੌ ਚੌਦਵਾਂ | ਸੁਕਮਾਰ ਦੇਵੀ ........ | 15 |
| ਤਿੰਨ ਸੌ ਪੰਦਰ੍ਹਵਾਂ | ਪੱਛਮ ਦੇਵੀ ........... | 11 |
| ਤਿੰਨ ਸੌ ਸੋਲ੍ਹਵਾਂ | ਬੰਗਦੇਵੀ................ | 9 |
| ਤਿੰਨ ਸੌ ਸਤਾਰ੍ਹਵਾਂ | ਪੁਸ਼ਪ ਪ੍ਰਭਾ ............ | 8 |
| ਤਿੰਨ ਸੌ ਅਠਾਰ੍ਹਵਾਂ | ਮਰਗਜ ਦੇਵੀ ......... | 6 |
| ਤਿੰਨ ਸੌ ਉਨ੍ਹੀਵਾਂ | ਮੁਨੀਰਾਜ ਮਤੀ ........ | 5 |
| ਤਿੰਨ ਸੌ ਵੀਹਵਾਂ | ਰੁਕਮਣੀ ................ | 31 |
| ਤਿੰਨ ਸੌ ਇੱਕੀਵਾਂ | ਦੇਵਜਾਨੀ ............. | 16 |
| ਤਿੰਨ ਸੌ ਬਾਈਵਾਂ | ਮਕਰਾਛ ਮਤੀ ......... | 25 |
| ਤਿੰਨ ਸੌ ਤੇਈਵਾਂ | ਭੱਦਰ ਸੈਨ ............. | 11 |
| ਤਿੰਨ ਸੌ ਚਵੀਵਾਂ | ਅਪਸਰ ਮਤੀ.......... | 13 |
| ਤਿੰਨ ਸੌ ਪੰਝੀਹਵਾਂ | ਸੁਲਤਾਨ ਕੁਮਾਰੀ ..... | 34 |
| ਤਿੰਨ ਸੌ ਛੱਬੀਵਾਂ | ਸੁਕਚ ਮਤੀ ............ | 10 |
| ਤਿੰਨ ਸੌ ਸਤਾਈਵਾਂ | ਅਚਲ ਮਤੀ ........... | 12 |
| ਤਿੰਨ ਸੌ ਅਠਾਈਵਾਂ | ਪੀਰ ਕੁਤਬ ਸ਼ਾਹ ...... | 10 |
| ਤਿੰਨ ਸੌ ਉਣੱਤੀਵਾਂ | ਝੀਊਰੀ ................. | 4 |
| ਤਿੰਨ ਸੌ ਤੀਹਵਾਂ | ਬਿਰਹਾ ਵਤੀ .......... | 15 |
| ਤਿੰਨ ਸੌ ਇਕੱਤੀਵਾਂ | ਵਲੰਦੇਜ ਦੇਵੀ ......... | 9 |
| ਤਿੰਨ ਸੌ ਬੱਤੀਵਾਂ | ਪ੍ਰੀਤ ਕਲਾ ............. | 26 |
| ਤਿੰਨ ਸੌ ਤੇਤੀਵਾਂ | ਸ਼ਾਹ ਦੀ ਪੁੱਤਰੀ ...... | 12 |
| ਤਿੰਨ ਸੌ ਚੌਂਤੀਵਾਂ | ਪਿੰਗਲ ਦੇਵੀ.......... | 8 |
| ਤਿੰਨ ਸੌ ਪੈਂਤੀਵਾਂ | ਦਿਮਾਗ ਰੌਸ਼ਨ ....... | 47 |
| ਤਿੰਨ ਸੌ ਛੱਤੀਵਾਂ | ਰੰਗਝੜ ਦੇਵੀ ......... | 12 |
| ਤਿੰਨ ਸੌ ਸੈਂਤੀਵਾਂ | ਪਰਜ ਦੇਵੀ ............ | 11 |
| ਤਿੰਨ ਸੌ ਅਠੱਤੀਵਾਂ | ਬਿਵਾਸ ਮਤੀ........... | 11 |
| ਤਿੰਨ ਸੌ ਉਣਤਾਲੀਵਾਂ | ਰਤਨ ਮਤੀ............. | 13 |
| ਤਿੰਨ ਸੌ ਚਾਲੀਵਾਂ | ਮਥਰਾ.................... | 10 |
| ਤਿੰਨ ਸੌ ਇਕਤਾਲੀਵਾਂ | ਅਪੱਛਰਾ ਦੇਵੀ......... | 10 |
| ਤਿੰਨ ਸੌ ਬਤਾਲੀਵਾਂ | ਬਰੰਗਨਾ ਦੇਵੀ ......... | 9 |
| ਤਿੰਨ ਸੌ ਤਰਤਾਲੀਵਾਂ | ਸੋਰਠ ਦੇਵੀ ਅਤੇ ਪਰਜ ਦੇਵੀ | 16 |
| ਤਿੰਨ ਸੌ ਚੁਤਾਲੀਵਾਂ | ਰਸਰੰਗ ਮਤੀ ........... | 9 |
| ਤਿੰਨ ਸੌ ਪੰਜਤਾਲੀਵਾਂ | ਅੰਗਨਾ ਦੇਵੀ .......... | 14 |
| ਤਿੰਨ ਸੌ ਛਿਆਲੀਵਾਂ | ਗਜਗਾਹ ਮਤੀ......... | 23 |
| ਤਿੰਨ ਸੌ ਸੰਤਾਲੀਵਾਂ | ਲਛਮਣੀ ............... | 10 |
| ਤਿੰਨ ਸੌ ਅਠਤਾਲੀਵਾਂ | ਗੌਰਾ ਦੇਵੀ............. | 6 |
| ਤਿੰਨ ਸੌ ਉਣੰਜਵਾਂ | ਉਗਰ ਦੇਵੀ............ | 9 |
| ਤਿੰਨ ਸੌ ਪੰਜਾਹਵਾਂ | ਨਵਜੋਬਨ ਦੇਵੀ ....... | 12 |
| ਤਿੰਨ ਸੌ ਇਕਵੰਜਵਾਂ | ਬਸਤਰ ਮਤੀ........... | 6 |
| ਤਿੰਨ ਸੌ ਬਵੰਜਵਾਂ | ਜੇਬਉਲ ਨਿਸਾ ........ | 16 |
| ਤਿੰਨ ਸੌ ਤਰਵੰਜਵਾਂ | ਰਣਝੁਮਕ ਦੇਵੀ ....... | 11 |
| ਤਿੰਨ ਸੌ ਚਰਵੰਜਵਾਂ | ਸਿੰਧਲਾ ਦੇਵੀ.......... | 12 |
| ਤਿੰਨ ਸੌ ਪਚਵੰਜਵਾਂ | ਬਿਲਾਸੰ ਦੇਵੀ.......... | 16 |
| ਤਿੰਨ ਸੌ ਛਪੰਜਵਾਂ | ਦਲ ਥੰਭਨ ਦੇਵੀ ..... | 10 |
| ਤਿੰਨ ਸੌ ਸਤਵੰਜਵਾਂ | ਖੰਜਣ ਦੇਵੀ............ | 12 |
| ਤਿੰਨ ਸੌ ਅਠਵੰਜਵਾਂ | ਸੁੰਦਰ ਦੇਵੀ ............ | 12 |
| ਤਿੰਨ ਸੌ ਉਣਾਠਵਾਂ | ਮਨਮੋਹਨ ਦੇਵੀ ...... | 7 |
| ਤਿੰਨ ਸੌ ਸੱਠਵਾਂ | ਝਕਝੂਮਕ ਦੇਵੀ........ | 8 |
| ਤਿੰਨ ਸੌ ਇਕਾਠਵਾਂ | ਗਜ ਗਾਮਨੀ ਦੇਵੀ..... | 11 |
| ਤਿੰਨ ਸੌ ਬਾਠਵਾਂ | ਗੁੱਲੋ ...................... | 5 |
| ਤਿੰਨ ਸੌ ਤਿਰੇਠਵਾਂ | ਪੰਜਾਬ ਦੇਵੀ........... | 18 |
| ਤਿੰਨ ਸੌ ਚੌਠਵਾਂ | ਮਹਿਤਾਬ ਪ੍ਰਭਾ ....... | 6 |

| ਚਲਿੱਤਰ | ਕਥਾ | ਛੰਦ |
|---|---|---|
| ਤਿੰਨ ਸੌ ਪੈਂਠਵਾਂ | ਚਿਤ ਚੌਪ ਮਤੀ | 13 |
| ਤਿੰਨ ਸੌ ਛਿਆਠਵਾਂ | ਨਾਭ ਮਤੀ | 30 |
| ਤਿੰਨ ਸੌ ਸਤਾਠਵਾਂ | ਮੂਰਖ ਮਤੀ | 15 |
| ਤਿੰਨ ਸੌ ਅਠਾਠਵਾਂ | ਚਖ ਚਾਰ ਮਤੀ | 5 |
| ਤਿੰਨ ਸੌ ਉਣੱਤਰਵਾਂ | ਚੰਚਲ ਦੇਵੀ | 7 |
| ਤਿੰਨ ਸੌ ਸੱਤਰਵਾਂ | ਅਬਦਾਲ ਮਤੀ | 18 |
| ਤਿੰਨ ਸੌ ਇਕਹੱਤਰਵਾਂ | ਕੰਚਨ ਦੇਵੀ | 13 |
| ਤਿੰਨ ਸੌ ਬਹੱਤਰਵਾਂ | ਰਾਣੀ ਛਬ ਮਤੀ | 5 |
| ਤਿੰਨ ਸੌ ਤਿਹੱਤਰਵਾਂ | ਹਿੰਗਲ ਦੇਵੀ | 24 |
| ਤਿੰਨ ਸੌ ਚੁਹੱਤਰਵਾਂ | ਮਹਿਤਾਬ ਮਤੀ | 21 |
| ਤਿੰਨ ਸੌ ਪੰਝੱਰਤਵਾਂ | ਜਗਜੋਬਨ ਦੇਵੀ | 10 |
| ਤਿੰਨ ਸੌ ਛਿਹੱਤਰਵਾਂ | ਪ੍ਰਬੀਨ ਦੇਵੀ | 6 |
| ਤਿੰਨ ਸੌ ਸਤੱਤਰਵਾਂ | ਸੁਹਾਗ ਦੇਵੀ | 11 |
| ਤਿੰਨ ਸੌ ਅਠੱਤਰਵਾਂ | ਮ੍ਰਿਦਹਾਸ ਮਤੀ | 10 |
| ਤਿੰਨ ਸੌ ਉਣਾਸੀਵਾਂ | ਸੁਪ੍ਰਭਾ ਦੇਵੀ | 14 |
| ਤਿੰਨ ਸੌ ਅੱਸੀਵਾਂ | ਚਰਿੱਤਰ ਮਤੀ | 15 |
| ਤਿੰਨ ਸੌ ਇਕਾਸੀਵਾਂ | ਖਾਦਮਾ ਬਾਨੋ | 11 |
| ਤਿੰਨ ਸੌ ਬਿਆਸੀਵਾਂ | ਮਨਨੀਲ ਮਤੀ | 5 |
| ਤਿੰਨ ਸੌ ਤਿਰਾਸੀਵਾਂ | ਕੋਕਿਲਾ ਮਤੀ | 9 |
| ਤਿੰਨ ਸੌ ਚੌਰਾਸੀਵਾਂ | ਸ਼ਾਹ ਦੀ ਇਸਤਰੀ | 18 |
| ਤਿੰਨ ਸੌ ਪਚਾਸੀਵਾਂ | ਰਾਜ ਕੁਮਾਰੀ | 11 |
| ਤਿੰਨ ਸੌ ਛਿਆਸੀਵਾਂ | ਦਿਨ ਦੀਪਕ ਦੇਵੀ | 10 |
| ਤਿੰਨ ਸੌ ਸਤਾਸੀਵਾਂ | ਜਗਮੋਹਨ ਦੇਵੀ | 12 |
| ਤਿੰਨ ਸੌ ਅਠਾਸੀਵਾਂ | ਮਦ ਮੋਕਲ ਦੇਵੀ | 16 |
| ਤਿੰਨ ਸੌ ਉਣਾਨੇਵਾਂ | ਮਕਰਧੁਜ ਦੇਵੀ | 7 |
| ਤਿੰਨ ਸੌ ਨੱਬੇਵਾਂ | ਗੋਹਰਾਂ ਰਾਏ | 8 |
| ਤਿੰਨ ਸੌ ਇਕਾਨੇਵਾਂ | ਖਾਤਿਮਾ ਬਾਨੋ | 12 |
| ਤਿੰਨ ਸੌ ਬਾਨੇਵਾਂ | ਸੰਦਲ ਦੇਵੀ | 11 |

| ਚਲਿੱਤਰ | ਕਥਾ | ਛੰਦ |
|---|---|---|
| ਤਿੰਨ ਸੌ ਤਿਰਾਨੇਵਾਂ | ਚੰਪਾ ਦੇਵੀ | 19 |
| ਤਿੰਨ ਸੌ ਚੌਰਾਨੇਵਾਂ | ਅਲਕੇਸ ਮਤੀ | 19 |
| ਤਿੰਨ ਸੌ ਪਚਾਨੇਵਾਂ | ਚੁਲਫ ਦੇਵੀ | 18 |
| ਤਿੰਨ ਸੌ ਛਿਆਨੇਵਾਂ | ਚਪਲਾ ਦੇਵੀ | 10 |
| ਤਿੰਨ ਸੌ ਸਤਾਨੇਵਾਂ | ਸਗਰ ਦੇਵੀ | 8 |
| ਤਿੰਨ ਸੌ ਅਠਾਨੇਵਾਂ | ਅਲਕ੍ਰਿਤ ਦੇਵੀ | 11 |
| ਤਿੰਨ ਸੌ ਨੜਿਨਵਾਂ | ਭੂਖਨ ਦੇਵੀ | 10 |
| ਚਾਰ ਸੌਵਾਂ | ਮਹਾਂ ਕੁਮਾਰੀ | 10 |
| ਚਾਰ ਸੌ ਇਕਵਾਂ | ਬਸੰਤ ਕੁਮਾਰੀ | 12 |
| ਚਾਰ ਸੌ ਦੂਸਰਾ | ਸਦਾ ਕੁਮਾਰੀ | 29 |
| ਚਾਰ ਸੌ ਤੀਸਰਾ | ਸ਼ਿਵ ਦੇਵੀ | 11 |
| ਚਾਰ ਸੌ ਚੌਥਾ | ਸ੍ਰੀ ਅਸਿਧੁਜ | 405 |

### 3.16 ਜ਼ਫਰਨਾਮਾ

ਇਸ ਪਵਿੱਤਰ ਰਚਨਾ ਦੀਆਂ ਕੁੱਲ 12 ਹਿਕਾਯਤਾਂ ਹਨ। ਹਿਕਾਯਤ ਦਾ ਅਰਥ ਹੈ ਕਹਾਣੀ। ਜੋ ਪਿਛਲੀਆਂ 11 ਹਿਕਾਯਤਾਂ ਫਾਰਸੀ ਵਿੱਚ 742 ਬੈਂਤਾ ਵਿੱਚ ਰਚੀਆਂ ਗਈਆਂ ਹਨ। ਇਹਨਾਂ ਪਿਛਲੀਆਂ ਗਿਆਰਾਂ ਹਿਕਾਯਤਾਂ ਵਿੱਚ ਗੁਰੂ ਸਾਹਿਬ ਜੀ ਨੇ ਸੱਭ ਤੋਂ ਪਹਿਲਾਂ ਅਕਾਲ ਪੁਰਖ ਦੇ ਮੰਗਲਾ-ਚਰਣ ਨਾਲ ਸ਼ੁਰੂਆਤ ਕੀਤੀ ਹੈ, ਤੇ ਹਿਕਾਯਤਾਂ ਦੇ ਅੰਤ ਵਿੱਚ ਆਪ ਜੀ ਨੇ ਬਾਰ-ਬਾਰ ਅਲੰਕਾਰਕ ਢੰਗ ਨਾਲ ਰੱਬੀ ਰੰਗ ਤੇ ਕਰਮਯੋਗੀ ਜੀਵਨ ਦੀ ਮੰਗ ਕੀਤੀ ਹੈ। ਉਮਰ ਖ਼ਯਾਮੀ ਰੰਗ ਵਿੱਚ ਆਪ ਕਹਿੰਦੇ ਹਨ :

ਹੇ ਪ੍ਰਭੂ! ਮੈਨੂੰ ਸ਼ਬਜ਼ ਰੰਗ ਦਾ ਪਿਆਲਾ ਦੇਹ ਜੋ ਕਿ ਅਸਾਂ ਨੂੰ ਧਰਮ ਯੁੱਧ ਸਮੇਂ ਸਦਾ ਲੋੜੀਂਦਾ ਹੈ :

"ਬਿਦਿਹ ਸਾਕੀਯਾ ਸਾਗਰੇ ਸਬਜ਼ ਰੰਗ॥ ਕਿ ਮਾਰਾ ਬਕਾਰਅਸਤ ਦਰ ਵਕਤਿ ਜੰਗ।।੫੬॥
ਬਿਦਿਹ ਸਾਕੀਯਾ ਪਯਾਲਹ ਫ਼ੇਰੋਜ਼ ਫ਼ਾਮ॥ ਕਿ ਮਾਰਾ ਬਕਾਰ ਅਸਤ ਦਰ ਵਕਤ ਤੁਆਮ।।੫੦॥
ਬ ਮਨ ਦਿਹ ਕਿ ਖ਼ੁਸ਼ਤਰ ਦਿਮਾਗੇ ਕੁਨਮ॥ ਕਿ ਰੌਸ਼ਨ ਤਬੈ ਚੂੰ ਚਰਾਗੇ ਕੁਨਮ।।੫੧।।੫॥
ਬਿਦਿਹ ਸਾਕੀਯਾ ਸਾਗਰੇ ਸਬਜ਼ ਗੂੰ॥ ਕਿ ਮਾਰਾ ਬਾਕਾਰੱਸਤ ਜੰਗ ਅੰਦਰੂ।।੨੦॥
ਲਬਾ ਲਬ ਬਕੁਨ ਦਮ ਬੱਦਮ ਨੋਸ਼ ਕੁਨ॥ ਗਮੇ ਹਰ ਦੁ ਆਲਮ ਫਰਾਮੋਸ਼ ਕੁਨ।।੨੧।।੨੨॥"

ਇਹ ਮੰਗ ਉਸੇ ਭਾਂਤ ਦੀ ਹੈ ਜਿਸ ਤਰ੍ਹਾ ਦੀ ਕਿ "ਦੇਹ ਸ਼ਿਵਾ ਵਰ ਮੋਹਿ ਇਹੈ" ਵਿੱਚ ਕੀਤੀ ਗਈ ਏ ਕਿ ਮੈਂ ਤੇਰੇ ਗੁਣ ਗਾਇਨ ਕਰਕੇ ਇਸ ਕਿਸਮ ਦੀ ਦ੍ਰਿੜਤਾ ਪ੍ਰਾਪਤ ਕਰਾਂ ਕਿ ਕਰਮਯੋਗ ਦੇ ਖੇਤਰ ਵਿੱਚ ਜੂਝਦਾ ਹੋਇਆ ਮੌਤ ਤੋਂ ਜ਼ਰਾ ਜਿੰਨਾਂ ਸੰਕੋਚ ਨਾ ਕਰਾਂ।

ਇਸ ਰਚਨਾ ਦੀ ਦੂਸਰੀ ਹਿਕਾਯਤ (ਕਹਾਣੀ) ਰਾਜਾ ਮਾਨਧਾਤਾ ਦੀ ਹੈ। ਜੋ ਰਾਜ ਗੱਦੀ ਦੇਣ ਲਈ ਆਪਣੇ ਚਾਰ ਪੁੱਤਰਾਂ ਦੀ ਪ੍ਰੀਖਿਆ ਕਰਦਾ ਹੈ। ਇਕ ਨੂੰ ਬਹੁਤ ਸਾਰੇ ਹਾਥੀ, ਦੂਜੇ ਨੂੰ ਘੋੜੇ, ਤੀਜੇ ਨੂੰ ਊਂਠ ਤੇ ਚੌਥੇ ਨੂੰ ਕੇਵਲ ਛੋਲਿਆਂ ਦਾ ਅੱਧਾ ਦਾਣਾ ਤੇ ਇਕ ਮੂੰਗੀ ਦਾ ਦਾਣਾ ਦਿੰਦਾ ਹੈ। ਬਾਕੀ ਰਾਜਕੁਮਾਰ ਹੋਲੀ-ਹੋਲੀ ਸਭ ਕੁਝ ਗੁਆ ਬਹਿੰਦੇ ਹਨ ਤੇ ਇਹ ਡੂਢ ਦਾਣੇ ਵਾਲਾ ਸਹਿਜਾਦਾ ਫਸਲ ਪੈਦਾ ਕਰਕੇ ਚੰਗਾ ਧਨ-ਪਤੀ ਤੇ ਫੌਜਾਂ ਦਾ ਵਾਲੀ ਬਣ ਜਾਂਦਾ

ਹੈ, ਇਹੋ ਰਾਜਾ ਦਲੀਪ ਹੈ ਜਿਸਨੂੰ ਉਸਦਾ ਪਿਤਾ ਰਾਜ ਗੱਦੀ ਦਿੰਦਾ ਹੈ। ਤੀਸਰੀ ਹਿਕਾਯਤ ਚੀਨ ਦੇ ਬਾਦਸ਼ਾਹ ਦੀ ਹੈ। ਉਸਦੇ ਵਜ਼ੀਰਾਂ ਨੇ ਪੁਛਿਆ ਤੁਹਾਥੌਂ ਬਾਦ ਕਿਸਨੂੰ ਗੱਦੀ ਤੇ ਬਿਠਾਈਏ? ਉਸਦਾ ਜਵਾਬ ਸੀ ਜਿਸਦੇ ਨਾ ਹੱਥ ਨਾ ਪੇਰ ਨਾ ਅੱਖਾਂ ਤੇ ਨ ਜ਼ਬਾਨ ਹੋਵੇ। 'ਵਜ਼ੀਰਾਂ ਹੈਰਾਨ ਹੋ ਕੇ ਕਿਹਾ ਇਸਦਾ ਕੀ ਭਾਵ ਹੈ?' ਬਾਦਸ਼ਾਹ ਨੇ ਕਿਹਾ ਜੋ ਕਿਸੇ ਦਾ ਮਾਲ ਚੁਰਾਂਦਾ ਨਹੀਂ, ਮਾੜੇ ਪਾਸੇ ਕਦਮ ਨਹੀਂ ਰਖਦਾ, ਮਾੜੀ ਨਜ਼ਰ ਨਾਲ ਦੇਖਦਾ ਨਹੀਂ, ਮਾੜਾ ਬੋਲਦਾ ਨਹੀਂ, ਇਸ ਤਰ੍ਹਾਂ ਦਾ ਬੰਦਾ ਰਾਜਗੱਦੀ ਲਈ ਉਪਯੋਗੀ ਹੈ। ਚੌਥੀ ਹਿਕਾਯਤ ਬਛਤ੍ਰਾਮਤੀ ਦੀ ਹੈ ਜੋ ਬੀਰੰਗਨਾ ਯੁੱਧ ਕਰਕੇ ਰਾਜਾ ਸੁਭਟ ਸਿੰਘ ਨੂੰ ਵਰਦੀ ਹੈ। ਪੰਜਵੀ ਕਾਜੀ ਦੀ ਔਰਤ ਦੀ, ਛੇਵੀਂ ਵਜ਼ੀਰ ਦੀ ਲੜਕੀ ਦੀ, ਸੱਤਵੀਂ ਅਸਫੰਦਯਾਰ ਦੀ ਪੋਤੀ ਰੋਮ ਦੀ ਮਲਕਾ ਦੀ, ਅੱਠਵੀ ਕਾਤਲ ਔਰਤ ਦੀ, ਨੌਂਵੀ ਚਾਲਾਕ ਔਰਤ ਦੀ, ਦੱਸਵੀਂ ਇਕ ਪ੍ਰੇਮੀ ਜੋੜੇ ਦਾ ਹਾਲ ਹੈ ਜੋ ਕਈ ਸੰਕਟ ਝੱਲ ਕੇ ਅੰਤ ਸਫ਼ਲਤਾ ਪ੍ਰਾਪਤ ਕਰਦੇ ਹਨ। ਗਿਆਰ੍ਹਵੀਂ ਇਕ ਪਰੇਮਕਾ ਆਪਣੇ ਪਰੇਮੀ ਲਈ ਜਫਰ ਜਾਲਦੀ ਤੇ ਸ਼ੇਰ ਸ਼ਾਹ ਦੇ ਤਬੇਲੇ ਵਿਚੋਂ ਘੋੜੇ ਚੁਰਾਕੇ ਉਸਦੀ ਭੇਂਟ ਕਰਦੀ ਹੈ। ਬਾਰ੍ਹਵੀਂ ਇਕ ਪਠਾਣੀ ਦੀ ਹੈ ਜੋ ਰਹੀਮੇ ਦੀ ਔਰਤ ਸੀ ਤੇ ਜਿਸਨੇ ਪਤੀ ਦੇ ਆਉਣ ਤੇ ਆਪਦੇ ਯਾਰ ਹੁਸਨ ਖਾਂ ਨੂੰ ਵੱਢਕੇ ਮਾਸ ਧਰ ਦਿਤਾ ਜੋ ਪਹਿਲੀ ਹਿਕਾਯਤ ਹੈ ਜਿਸ ਵਿੱਚ ਗੁਰੂ ਸਾਹਿਬ ਜੀ ਨੇ ਆਪਦੀ ਸਾਰੀ ਹੱਡਬੀਤੀ ਬਿਆਨ ਕੀਤੀ ਹੈ।

ਇਸ ਅੰਤਲੀ ਬਾਣੀ ਨੂੰ ਵਿਜੇ ਪੱਤਰ ਜਾਂ ਜਿੱਤ ਦੀ ਚਿੱਠੀ ਵੀ ਕਿਹਾ ਜਾਂਦਾ ਹੈ। 1762 ਬਿ: ਸਨ 17●6 ਈਸਵੀਂ ਵਿੱਚ ਚਮਕੌਰ ਸਾਹਿਬ ਦੇ ਯੁੱਧ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਚਿੱਠੀ ਦੀਨੇ-ਕਾਂਗੜ ਪਿੰਡ (ਜਿਲ੍ਹਾ ਫੀਰੋਜ਼ਪੁਰ) ਤੋਂ ਭਾਰਤ ਦੇ ਬਾਦਸ਼ਾਹ ਔਰੰਗਜ਼ੇਬ ਦੇ ਨਾਮ ਲਿਖੀ ਸੀ। ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਨੇ ਇਹ ਚਿੱਠੀ ਬਾਦਸ਼ਾਹ ਨੂੰ ਦੱਖਣ ਵਿੱਚ ਜਾ ਪਹੁੰਚਾਈ ਸੀ। ਇਸ ਪਵਿੱਤ੍ਰ ਬਾਣੀ ਵਿੱਚ ਗੁਰੂ ਜੀ ਨੇ ਬਾਦਸ਼ਾਹ ਨੂੰ ਜਿਥੇ ਉਸ ਦੇ ਅਯੋਗ ਕੰਮਾਂ ਪ੍ਰਤੀ ਫਿਟਕਾਰ ਪਾਈ ਹੈ, ਉੱਥੇ ਨਾਲ ਹੀ ਆਪਣੇ ਵੱਲੋਂ ਅਰੰਭੇ ਧਰਮ ਯੁੱਧ ਨੂੰ ਜਾਇਜ਼ ਠਹਿਰਾਇਆ ਹੈ। ਫ਼ਾਰਸੀ ਭਾਸ਼ਾ ਨੂੰ ਗੁਰਮੁੱਖੀ ਲਿਪੀ ਵਿੱਚ ਲਿੱਖ ਕੇ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜਦੋਂ ਜ਼ੁਲਮ ਹੱਦੋਂ ਵੱਧ ਜਾਏ ਅਤੇ

ਗੱਲਬਾਤ ਰਾਹੀਂ ਉਸ ਨੂੰ ਰੋਕਣ ਦੇ ਸਭ ਰਸਤੇ ਬੰਦ ਹੋ ਜਾਣ ਤਾਂ ਫਿਰ ਉਸ ਨੂੰ ਠੱਲ੍ਹ ਪਾਉਣ ਲਈ ਕ੍ਰਿਪਾਨ ਦੀ ਵਰਤੋਂ ਜਾਇਜ਼ ਹੈ :-

"ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥

ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥22॥"

ਇਸ ਰਚਨਾ ਦੀ ਪਹਿਲੀ ਹਿਕਾਯਤ ਦੇ ਕੁੱਲ 115 ਬੰਧ ਹਨ।

ਇਸ ਚਿਠੀ ਦੇ ਦੋ ਭਾਗ ਹਨ ਪਹਿਲੇ 12 ਸ਼ੇਅਰਾਂ ਵਿਚ ਮੰਗਲਾਚਰਣ ਹੈ। ਫਿਰ 'ਦਾਸਤਾਨ' ਨਾ ਹੇਠ ਸਾਰੀ ਵਿਥਿਆ ਲਿਖੀ ਹੈ ਕਿ ਕਿਵੇਂ ਸਰਕਾਰੀ ਹਾਕਮਾਂ ਤੇ ਸੈਨਾਪਤੀਆਂ ਵਲੋਂ ਵਿਸ਼ਵਾਸਘਾਤ ਕੀਤਾ ਗਿਆ ਹੈ। ਅਸੀਂ ਇਸ ਚਿਠੀ ਦੇ ਅਹਿਮ ਨੁਕਤਿਆਂ ਬਾਰੇ ਕ੍ਰਮਵਾਰ ਵੀਚਾਰ ਕਰਦੇ ਹਾਂ :-

1. ਜ਼ਫਰਨਾਮੇ ਦਾ ਹਰ ਸ਼ਬਦ ਚੜ੍ਹਦੀ ਕਲਾ ਦੀ ਉਗਾਹੀ ਭਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਅਕਾਲ ਪੁਰਖ ਉਤੇ ਅਟੱਲ ਭਰੋਸਾ ਤੇ ਸਾਹਸ ਕਿੰਨਾ ਦ੍ਰਿੜ ਤੇ ਮਜ਼ਬੂਤ ਸੀ, ਉਹ ਹਿੰਦ ਦੀ ਵੱਡੀ ਸਲਤਨਤ ਨਾਲ ਟੱਕਰ ਲੈਂਦੇ ਤੇ ਸੰਕਟਾ ਵਿਚੀਂ ਲੰਘ ਕੇ ਵੀ ਆਪਣੇ ਆਪ ਨੂੰ ਅਡੋਲ ਰਖਦੇ ਹਨ। ਉਹ ਸਾਫ਼ ਕਹਿੰਦੇ ਹਨ, ਹੇ ਔਰੰਗਜ਼ੇਬ! ਜੇ ਤੇਰੀ ਨਿਗ੍ਹਾ ਲਸ਼ਕਰਾਂ ਅਤੇ ਮਾਲ ਖਜਾਨਿਆਂ ਉਤੇ ਹੈ ਤਾਂ ਮੇਰੀ ਨਜ਼ਰ ਕੇਵਲ ਆਪਣੇ ਪ੍ਰਭੂ ਤੇ ਲਗੀ ਹੋਈ ਹੈ :-

'ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜਰ॥

ਕਿ ਮਾਰਾ ਨਿਗਹ ਅਸਤ ਯਜ਼ਦਾ ਸ਼ੁਕਰ॥੧੦੫॥'

'ਕਿ ਊ ਰਾ ਗਰੂਰ ਅਸਤ ਬਰ ਮੁਲਕੁ ਮਾਲ॥

ਵ ਮਾਰਾ ਪਨਾਹ ਅਸਤੁ ਯਜ਼ੁਦਾਂ ਅਕਾਲ॥੧੦੬॥'

ਚਮਕੌਰ ਦੀ ਗੜ੍ਹੀ ਵਿਚ ਚਾਲ੍ਹੀ ਭੁੱਖਣ-ਭਾਣੇ ਸਿਖਾਂ ਦੇ ਨਿਕੇ ਦਸਤੇ ਨੂੰ ਬੇਸ਼ੁਮਾਰ ਸ਼ਾਹੀ ਫੌਜ ਦੇ ਟਿੱਡੀ ਦਲ ਨਾਲ ਟਕਰਾ ਦੇਣਾ ਇਸੇ ਨਿਸਚੇ ਦਾ ਸ਼ਾਨਦਾਰ ਕਾਰਨਾਮਾ ਸੀ।

2. ਇਸ ਚਿੱਠੀ ਵਿਚ ਜਿਥੇ ਔਰੰਗਜ਼ੇਬ ਦੇ ਕਈ ਗੁਣਾਂ ਦੀ ਪ੍ਰਸ਼ੰਸਾ ਹੈ, ਉਥੇ ਨਿਝਕ ਹੋ ਉਸਦੀਆਂ ਕਮਜ਼ੋਰੀਆਂ ਤੇ ਔਗੁਣਾਂ ਤੋਂ ਵੀ ਪਰਦਾ ਚੁਕਿਆ ਹੈ। ਉਸ ਸਮੇਂ ਕਿਸੇ ਦੀ ਮਜਾਲ

ਨਹੀਂ ਸੀ ਕਿ ਮੁਗਲ ਸਾਮਰਾਜ ਦੇ ਇਸ ਵੱਡੇ ਥੰਮ ਨੂੰ ਕੋਈ ਵੰਗਾਰ ਸਕੇ ਪਰ ਗੁਰੂ ਸਾਹਿਬ ਨੇ ਪੂਰੀ ਨਿਰਭੈਤਾ ਨਾਲ ਕਿਹਾ ਕਿ ਬੇਸ਼ਕ ਤੂੰ ਮੁਲਕਾਂ ਦਾ ਬਾਦਸ਼ਾਹ ਹੈਂ ਪਰ ਈਮਾਨਦਾਰੀ ਤੇ ਧਰਮ ਤੋਂ ਸਚਮੁਚ ਸੱਖਣਾ ਹੀ ਹੈਂ।

'ਸ਼ਹਿਨਸ਼ਾਹਿ ਔਰੰਗਜ਼ੇਬ ਆਲਮੀਂ॥
ਕਿ ਦਾਰਾਇ ਦੌਰ ਅਸਤੁ ਦੂਰਅਸਤੁ ਦੀਂ॥੯੪॥'

ਆਖਰ ਤਾੜਨਾ ਵੀ ਕੀਤੀ ਹੈ ਕਿ ਤੂੰ ਬੇਵਫਾ ਜ਼ਮਾਨੇ ਦੇ ਚੱਕਰ ਵਲ ਵੇਖ, ਕਿਵੇਂ ਉਹ ਸਭ ਨੂੰ ਚੀਰਦਾ ਜਾ ਰਿਹਾ ਹੈ ਤੇ ਇਕ ਦਿਨ ਤੈਨੂੰ ਵੀ ਜ਼ਰੂਰ ਸ਼ਿਕਾਰ ਬਣਾ ਲਵੇਗਾ।

ਬਬੀਂ ਗਰਦਸ਼ਿ ਬੇਵਫ਼ਾਏ ਜ਼ਮਾਂ॥
ਕਿ ਬਰ ਹਰ ਬਗੁਜ਼ਰਦ ਮਕੀਨੋ ਮਕਾਂ॥੧●੮॥
ਮਜ਼ੁਨ ਤੇਗ ਬਰ ਖ਼ੂੰਨ ਕਸ ਬੇਦਰੇਗ
ਤੁਰਾ ਨੀਜ਼ੁ ਖ਼ੂੰ ਅਸਤੁ ਬਾ ਚਰਖ਼ ਤੇਗ॥੬੮॥

3. ਜਿਥੇ ਤਕ ਤੇਰੀ ਇਸਲਾਮ ਮਜ਼ਬ ਦੀ ਸੇਵਾ ਦਾ ਤੱਲਕ ਹੈ, ਇਹ ਵੀ ਇਕ ਢੋਂਗ ਹੀ ਹੈ। ਨ ਤੂੰ ਸੱਚੇ ਦੀਨੀ ਢੰਗਾਂ ਤੇ ਚਲਣ ਵਾਲਾ ਹੈਂ ਤੇ ਨਾ ਹੀ ਤੇਰਾ ਹਜ਼ਰਤ ਦੇ ਅਸਲ ਅਸੂਲਾਂ ਤੇ ਕੋਈ ਯਕੀਨ ਹੈ :-

'ਨ ਈਮਾਂ ਪ੍ਰਸਤੀ ਨ ਔਜ਼ਾਇ ਦੀਂ॥
ਨ ਸਾਹਿਬ ਸ਼ਨਾਸੀ ਨ ਮੁਹੰਮਦ ਯਕੀਂ॥੪੬॥'

ਗੁਰੂ ਸਾਹਿਬ ਨੇ ਇਕ ਗੱਲ ਹੋਰ ਵੀ ਚੇਤੇ ਕਰਾਈ ਹੈ ਕਿ ਇਸਲਾਮ ਬੁਤ-ਪ੍ਰਸਤੀ ਦੇ ਖਿਲਾਫ਼ ਹੈ, ਮੈਂ ਵੀ ਬੁਤਪ੍ਰਸਤੀ ਦਾ ਹਾਮੀ ਨਹੀਂ ਪਰ ਤੂੰ ਅਸੂਲ ਨੂੰ ਛਿੱਕੇ ਟੰਗ ਕੇ ਬੁਤਪ੍ਰਸਤ ਪਹਾੜੀਆਂ ਨਾਲ ਗਾਂਢਾ-ਸਾਂਢਾ ਕੀਤਾ। ਇਹ ਤੇਰੀ ਧਰਮ-ਵਿਰੋਧੀ ਕਾਰਵਾਈ ਸਲਾਹੀ ਨਹੀਂ ਜਾ ਸਕਦੀ।

4. ਗੁਰੂ ਸਾਹਿਬ ਜਿਥੇ ਇਸ ਚਿੱਠੀ ਦਾ ਸਿਰਲੇਖ ਹੀ 'ਵਿਜੈ ਪੱਤਰ' (ਜ਼ਫਰਨਾਮਾ) ਰੱਖਦੇ ਹਨ, ਉਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਨੇਕੀ ਦੀ ਜਿੱਤ ਵਿਚ ਕਿਤਨਾ ਅਤੁਟ

ਵਿਸ਼ਵਾਸ ਸੀ। ਅਨੰਦਪੁਰ ਦੇ ਉਜਾੜੇ, ਬਰਬਾਦੀ ਤੇ ਪਰਿਵਾਰ ਦੀਆਂ ਹਿਰਦੇ-ਵੇਧਕ ਸ਼ਹੀਦੀਆਂ ਨੇ ਉਹਨਾਂ ਦੇ ਇਸ ਨਿਸਚੇ ਨੂੰ ਡੋਲਣ ਨਹੀਂ ਦਿਤਾ। ਉਹਨਾਂ ਕਿਹਾ, 'ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰ ਦਿਤੇ ਗਏ, ਆਖਰ ਮਾਸੂਮਾਂ ਦੀ ਕਾਤਲ ਸ਼ਹਿਨਸ਼ਾਹੀਅਤ ਬੁਰੀ ਤਰ੍ਹਾਂ ਮਾਰ ਖਾਏਗੀ ਤੇ ਜਿਉਂਦੀ-ਜਾਗਦੀ ਜਨਤਾ (ਭੁਝੰਗੀ ਖ਼ਾਲਸਾ) ਵਧੋ ਫੁਲੇਗੀ।'

'ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ॥
ਕਿ ਆਤਿਸ਼ ਦਮਾ ਰਾ ਫ਼ਰੋਜ਼ਾਂ ਕੁਨੀ॥੭੯॥'

5. ਮਾਲੂਮ ਹੁੰਦਾ ਹੈ ਕਿ ਗੁਰੂ ਸਾਹਿਬ ਲੜਾਈ ਅਤੇ ਖ਼ੂਨ ਖਰਾਬੇ ਦੇ ਹੱਕ ਵਿਚ ਨਹੀਂ ਸਨ। ਉਹ ਚਾਹੁੰਦੇ ਸਨ ਕਿ ਹਰ ਹੀਲੇ ਗੱਲਬਾਤ ਤੇ ਅਮਨ-ਅਮਾਨ ਦੇ ਤਰੀਕੇ ਨਾਲ ਮਾਮਲਾ ਨਿਪਟਾਇਆ ਜਾਵੇ। ਪਰ ਜਦ ਇਹ ਸ਼ਾਂਤੀ ਦੇ ਤਰੀਕੇ ਕਾਰਗਰ ਸਾਬਤ ਨ ਹੋਣ ਤਾਂ ਉਹ ਦੁਸ਼ਟ-ਦੁਮਨ ਲਈ ਤਲਵਾਰ ਦੀ ਵਰਤੋਂ ਵੀ ਜਾਇਜ਼ ਸਮਝਦੇ ਸਨ। ਸਾਫ਼ ਕਿਹਾ ਹੈ-

'ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤੁ ਬੁਰਦਨ ਬ ਸ਼ਮਸ਼ੀਰ ਦਸਤ॥੨੨॥

ਜਦੋਂ ਉਹਨਾਂ ਚਮਕੌਰ ਦੀ ਗੜ੍ਹੀ ਵਿਚ ਲੜਾਈ ਲੜਦਿਆਂ ਅਗੇ ਵਧ ਰਹੇ ਨਾਹਰ ਖ਼ਾਂ ਦੇ ਤੀਰ ਮਾਰਿਆ ਤੇ ਉਹ ਬੇਚਾਰਾ ਥਾਂ ਹੀ ਢਹਿ ਢੇਰੀ ਹੋ ਗਿਆ। ਇਸ ਤੀਰੰਦਾਜ਼ੀ ਦਾ ਕਮਾਲ ਰੱਖਣ ਦੇ ਬਾਵਜੂਦ ਆਪ ਕਹਿੰਦੇ ਹਨ ਕਿ ਖੁਆਜਾ ਦੀਵਾਰ ਉਹਲੇ ਹੀ ਲੁਕਿਆ ਰਿਹਾ ਜੇ ਉਹ ਵੀ ਮਰਦਾਂ ਵਾਂਗ ਕਿਤੇ ਅੱਗੇ ਆਉਂਦਾ ਤਾਂ ਮਜਬੂਰਨ ਮੈਂ ਉਸ ਨੂੰ ਇਕ ਤੀਰ ਬਖਸ਼ ਛਡਦਾ-

'ਦਰੇਗਾ ਅਗਰ ਰੂਇ ਓ ਦੀਦਮੇ॥ ਬ ਯਕ ਤੀਰ ਲਾਚਾਰ ਬਖ਼ਸ਼ੀਦਮੇ॥੨੫॥'

6. ਬਾਦਸ਼ਾਹ ਦੇ ਦੀਵਾਨਾਂ ਤੇ ਫ਼ੌਜੀ ਅਧਿਕਾਰੀਆਂ ਵਲੋਂ ਜੋ ਝੂਠੀਆਂ ਕਸਮਾਂ ਖਾਧੀਆਂ ਗਈਆਂ ਯਾ ਝੂਠੇ ਇਕਰਾਰ ਕੀਤੇ ਗਏ ਕਿ ਜੇਕਰ ਗੁਰੂ ਸਾਹਿਬ ਅਨੰਦਪੁਰ ਦਾ ਕਿਲ੍ਹਾ ਛੱਡ ਜਾਣ ਤਾਂ ਸ਼ਾਹੀ ਫੌਜ ਆਪ ਨੂੰ ਕੁਝ ਨਹੀਂ ਕਹੇਗੀ, ਇਹਨਾ ਝੂਠੇ ਇਕਰਾਰਾਂ ਦੀ ਤੇ ਅਹਿਦ ਤੋੜਨ ਦੀ ਕ੍ਰਿਆ ਨੂੰ ਜ਼ਫ਼ਰਨਾਮੇ ਵਿਚ ਬਾਰ ਬਾਰ ਨਿੰਦਿਆ ਗਿਆ ਤੇ ਬਾਦਸਾਹ ਨੂੰ ਇਨਸਾਫ

ਕਰਨ ਲਈ ਪਰੇਰਿਆ ਹੈ। ਬਾਦਸਾਹ ਜਾਂ ਉਸ ਦੇ ਹਾਕਮਾਂ, ਕਾਜ਼ੀਆਂ ਵਲੋਂ ਲਿਖਤੀ ਤੌਰ ਤੇ ਕੁਰਾਨ ਦੀ ਕਸਮ ਖਾ ਕੇ ਕੋਈ ਅਮਨ-ਅਮਾਨ ਦਾ ਭਰੋਸਾ ਦਿਤਾ ਸੀ। ਇਹ ਲਿਖਤ ਦੀਨੇ ਕਾਂਗੜ ਗੁਰੂ ਸਾਹਿਬ ਦੇ ਪਾਸ ਮੌਜੂਦ ਸੀ। ਉਹਨਾਂ ਇਸੇ ਲਈ ਔਰੰਗਜੇਬ ਨੂੰ ਇਥੋਂ ਤਕ ਕਿਹਾ ਹੈ ਕਿ ਜੇਕਰ ਤੈਨੂੰ ਇਹ ਕਸਮਨਾਮਾ ਦੇਖਣ ਦੀ ਲੋੜ ਪਵੇ ਤਾਂ ਇਹ ਵੀ ਘੱਲ ਕੇ ਦਿਖਾਇਆ ਜਾ ਸਕਦਾ ਹੈ :-

ਤੁਰਾ ਗਰ ਬਬਾਯਦ ਬ ਕਉਲੇ ਕੁਰਾਂ॥

ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾ।੫੭॥

ਇਸ ਤੋਂ ਪਤਾ ਲਗਦਾ ਹੈ ਕਿ ਸ਼ਾਹੀ ਫੌਜਾਂ ਵਲੋਂ ਬਚਨ-ਭੰਗ ਕਰਨ ਦਾ ਆਪ ਨੂੰ ਕਿਤਨਾ ਗਿਲਾ ਤੇ ਰੋਸ ਸੀ। ਆਪ ਨੇ ਸਪਸ਼ਟ ਤੋਰ ਤੇ ਇਹ ਗੱਲ ਆਖੀ ਹੈ ਕਿ ਮਰਦ ਉਹ ਜੋ ਬਚਨਾਂ ਦਾ ਪੂਰਾ ਹੋਵੇ, ਇਹ ਠੀਕ ਨਹੀਂ ਕਿ ਦਿਲ ਵਿਚ ਕੁਝ ਹੋਰ ਹੋਵੇ ਤੇ ਮੂੰਹ ਵਿਚ ਕੁਝ ਹੋਰ:-

'ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ॥

ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ।੫੫॥

7. 4-5 ਸ਼ਿਅਰਾਂ ਵਿਚ ਗੁਰੂ ਸਾਹਿਬ ਨੇ ਮਾਨੋ ਸਰਕਾਰੀ ਪੇਸ਼ਕਸ਼ ਨੂੰ ਦੁਹਰਾਇਆ ਹੈ ਚਾਹੇ ਇਹ ਪੇਸ਼ਕਸ਼ ਖੁਦ ਬਾਦਸ਼ਾਹ ਵਲੋਂ ਕੀਤੀ ਗਈ ਸੀ ਜਾਂ ਫਿਰ ਉਸਦੇ ਖ਼ਾਸ ਰੁਕਨ ਨਵਾਬ ਵਜ਼ੀਰ ਖਾਂ ਆਦਿਕ ਵਲੋਂ। ਸਰਕਾਰੀ ਸੁਝਾਉ ਸੀ ਕਿ ਗੁਰੂ ਸਾਹਿਬ ਕਸਬਾ ਕਾਂਗੜ ਵਿਚ ਤਸਰੀਫ ਲੈ ਆਉਣ, ਉਥੇ ਫਿਰ ਮੁਲਾਕਾਤ ਹੋ ਸਕੇਗੀ। ਇਹ ਵੀ ਕਿਹਾ, ਇਸ ਰਾਹ ਤੁਹਾਨੂੰ ਕੋਈ ਖ਼ਤਰਾ ਨਹੀਂ ਕਿਉਂਕਿ ਸਾਰੇ ਬੈਰਾੜ ਸਾਡੇ ਮਾਤਹਿਤ ਹਨ। ਤੁਸੀਂ ਆਓ ਤਾਂ ਕਿ ਆਹਮੋ ਸਾਹਮਣੇ ਗੱਲ ਕਰ ਲਈਏ ਤੇ ਮਿਹਰਵਾਨੀ ਕਰਕੇ ਦਿਖਾਈਏ। ਜੇ ਇਥੇ ਆ ਜਾਓ ਤਾਂ ਇਕ ਹਜ਼ਾਰੀ ਦਾ ਮਨਸਬ ਵੀ ਹਾਸਲ ਕਰ ਸਕੋਗੇ।

ਅਸਲ ਸਿਅਰ ਇਹ ਹਨ-

'ਕਿ ਤਸ਼ਰੀਫ ਦਰ ਕਸਬਹ ਕਾਂਗੜ ਕੁਨਦ॥

ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ ।।੫੮।।

ਨ ਜ਼ਰੱਹ ਦਰੀਂ ਰਾਹ ਖਤਰਹ ਤੁਗਸਤ।।

ਹਮਹ ਕੌਮਿ ਬੈਰਾੜ ਹੁਕਮਿ ਮਰਾਸਤ।।੫੯।।

ਬਿਯਾ ਤਾਂ ਬਮਨ ਖ਼ੁਦ ਜ਼ੁਬਾਨੀ ਕੁਨੇਮ।।

ਬਰੂਏ ਸ਼ੁਮਾ ਮੇਹਰਬਾਨੀ ਕੁਨੇਮ।।੬●।।

ਯਕੇ ਅਸਪ ਸ਼ਾਇਸਤਾਏ ਯਕ ਹਜ਼ਾਰ

ਬਿਯਾ ਤਾ ਬਗ਼ੀਰੀ ਬ ਮਨ ਈ ਦਿਯਾਰ।।੬੧।।'

ਇਹ ਗੱਲਾਂ ਗੁਰੂ ਸਾਹਿਬ ਨੇ ਇਸ ਲਈ ਦੁਹਰਾਈਆਂ ਹਨ ਤਾਂ ਜੁ ਬਾਦਸ਼ਾਹ ਨੂੰ ਪਤਾ ਲਗ ਸਕੇ ਕਿ ਹਕੂਮਤ ਨੇ ਕੀ ਕੀ ਭਰੋਸਾ ਦਿਤਾ ਸੀ ਮਗਰ ਪਿਛੋਂ ਇਸਦੇ ਉਲਟ ਕੇਹੀ ਭੈੜੀ ਕਾਰਵਾਈ ਕੀਤੀ।

8. ਇਕ ਆਦਰਸ਼ਵਾਦੀ ਸੰਗਰਾਮੀਏ ਨੂੰ ਕਿਸ ਤਰ੍ਹਾਂ ਸੰਕਟ ਮਈ ਇਨਕਲਾਬੀ ਸਰਗਰਮੀਆਂ ਵਿਚੀਂ ਲੰਘ ਕੇ ਦ੍ਰਿੜ੍ਹ ਤੋ ਅਡੋਲ ਰਹਿਣਾ ਚਾਹੀਦਾ ਹੈ ਤੇ ਕਿਵੇਂ ਆਪਣੀ ਮਾਨਸਕ ਅਵਸਥਾ ਨੂੰ ਆਸ਼ਾ-ਭਰਪੂਰ ਰੱਖਣਾ ਯੋਗ ਹੈ, ਇਸਦੀ ਮੁਕੰਮਲ ਤਸਵੀਰ 'ਜ਼ਫਰਨਾਮੇਂ ਵਿਚ ਮਿਲਦੀ ਹੈ ਜੋ ਪਾਠਕ ਨੂੰ ਸਚਮੁਚ ਪ੍ਰੇਰਨਾ ਤੇ ਉਤਸ਼ਾਹ ਬਖਸ਼ਦੀ ਹੈ। ਉਹ ਗੁਣਗੁਣਾਉਂਦਾ ਹੈ, 'ਦੁਸ਼ਮਨ ਕੀ ਕਰ ਸਕਦਾ ਹੈ, ਜੇ ਪਰਮੇਸ਼ਰ ਵਰਗਾ ਦੋਸਤ ਮਿਹਰਵਾਨ ਹੋਵੇ।

'ਚਿ ਦੁਸ਼ਮਨ ਕੁਨਦ ਮਿਹਰਬਾਂ ਅਸਤੁ ਦੋਸਤ।।

ਕਿ ਬਖਸ਼ਿੰਦਗੀ ਕਾਰਿ ਬਖਸ਼ਿੰਦਹ ਓਸਤ।।੯੮।।'

9. ਇਹ ਫਾਰਸੀ ਰਚਨਾ ਗੁਰੂ ਸਾਹਿਬ ਦੀ ਫ਼ਾਰਸੀ ਯੋਗਤਾ ਤੇ ਅਧਿਐਨ ਦਾ ਵੀ ਇਕ ਚੰਗਾ ਪ੍ਰਮਾਣ ਪੇਸ਼ ਕਰਦੀ ਹੈ। ਇਸ ਦੀਆਂ ਅੰਦਰਲੀਆਂ ਗਵਾਹੀਆਂ ਤੋਂ ਸਪਸ਼ਟ ਹੈ ਕਿ ਗੁਰੂ ਸਾਹਿਬ ਦਾ ਫਾਰਸੀ ਮੁਤਾਲਿਆ ਕਾਫੀ ਵਿਸ਼ਾਲ ਸੀ, ਚੰਗੇ ਚੰਗੇ ਫਾਰਸੀ ਸ਼ਾਇਰਾਂ ਦੇ ਕਥਨ ਉਹਨਾਂ ਦੀ ਜ਼ਬਾਨ ਤੇ ਸਨ। ਇਕ ਥਾਂ ਸਤਿਗੁਰੂ ਆਪਣੇ ਕਥਨ ਦੀ ਪੁਸ਼ਟੀ ਲਈ ਫਿਰਦੋਸੀ ਦਾ

ਹਵਾਲਾ ਦਿੰਦੇ ਕਹਿੰਦੇ ਹਨ ਕਿ ਫਿਰਦੌਸੀ ਨੇ ਕੇਹੀ ਅੱਛੀ ਜ਼ਬਾਨ ਵਿਚ ਕੇਹਾ ਸੋਹਣਾ ਕਿਹਾ ਹੈ ਕਿ ਕਾਹਲੀ ਕਰਨਾ ਸ਼ੈਤਾਨ ਦਾ ਕੰਮ ਹੈ –

'ਚਿ ਖ਼ੁਸ਼ ਗੁਫਤ ਫ਼ਿਰਦੌਸੀਏ ਖ਼ੁਸ਼ ਜ਼ੁਬਾਂ॥
ਸ਼ਿਤਾਬੀ ਬਵਦ ਕਾਰਿ ਆਹਰਮਨਾ॥੮੦॥'

10. ਸਾਹਿਤਕ ਪੱਖ ਤੋਂ ਇਹ ਗੱਲ ਵੀ ਗੌਰਵ ਤੇ ਨਿਪੁਣਤਾ ਵਾਲੀ ਹੈ ਕਿ ਗੁਰੂ ਸਾਹਿਬ ਨੇ ਇਹ ਫਾਰਸੀ ਰਚਨਾ ਕਰਦਿਆਂ ਸ਼ੇਅਰਾਂ ਵਿਚ ਕਈ ਹਿੰਦੁਸਤਾਨੀ ਪਦ ਬੜੀ ਖ਼ੂਬਸੂਰਤੀ ਨਾਲ ਪ੍ਰੋਏ ਹਨ। ਕਲਾ ਦਾ ਕਮਾਲ ਇਹ ਹੈ ਕਿ ਅਜੇਹੇ ਸ਼ਬਦ ਓਪਰੇ ਨਹੀਂ ਲਗਦੇ ਸਗੋਂ ਸ਼ੇਅਰ ਦੇ ਬਾਕੀ ਜੁਸੇ ਨਾਲ ਅਭੇਦ ਹੋ ਗਏ ਹਨ। ਜਿਵੇਂ ਸੱਚਾ ਪਾਤਸ਼ਾਹ ਅਕਾਲ, ਤਰੰਕਾਰ (ਟੰਕਾਰ) ਚਾਕਰੇਮ (ਮੈਂ ਚਾਕਰ ਹਾਂ) ਆਦਿ।

11. ਜਿਥੋਂ ਤਕ ਇਸ ਚਿਠੀ ਦੀ ਕਾਵਿ–ਰਚਨਾ ਵਿਚ ਅਲੰਕਾਰਕ ਸ਼ਿੰਗਾਰਾਂ ਦਾ ਤੱਲਕ ਹੈ, ਉਹ ਵੀ ਕਵੀ–ਗੁਰੂ ਨੇ ਆਪਣੇ ਬਿਆਨ ਵਿਚ ਸਹਿਜ ਸੁਭਾ ਸਜਾਏ ਹਨ, ਕੋਈ ਉਚੇਚ ਨਹੀਂ ਕੀਤਾ। ਕਲਾ ਦੇ ਪੱਖ ਤੇ ਇਹਨਾਂ ਦਾ ਚਮਤਕਾਰ ਮੰਨਣਾ ਪੈਂਦਾ ਹੈ ਜਿਵੇਂ ਇਸ ਸ਼ੈਅਰ ਵਿਚ 'ਕਾਫ਼' ਤੇ 'ਰੇ' ਦਾ ਅਨੁਪ੍ਰਾਸ–

'ਕਮਾਲਿ ਕਰਾਮਾਤ ਕਾਯਮ ਕਰੀਮ॥
ਰਜਾ ਬਖ਼ਸ਼ੋ ਰਾਜ਼ਿਕ ਰਿਹਾ ਕੁਨ ਰਹੀਮ॥੧॥'

ਅਜੇਹੇ ਸ਼ਬਦ ਚਮਤਕਾਰੀ ਵਰਤੋਂ ਅਨੇਕ ਥਾਈਂ ਹੈ। ਜਿਥੋਂ ਤਕ ਰੂਪਕ, ਉਪਮਾ ਤੇ ਦ੍ਰਿਸਟਾਂਤਾ ਦਾ ਤੱਲਕ ਹੈ, ਇਹ ਵੀ ਲੋੜ ਅਨੁਸਾਰ ਵਰਤੇ ਗਏ ਹਨ ਜਿਵੇਂ ਕਿ ਤੀਰਾਂ ਗੋਲੀਆਂ ਦੀ ਇੰਨੀ ਬਰਖਾ ਹੋਈ ਕਿ ਧਰਤੀ ਲਹੂ ਨਾਲ ਪੋਸਤ ਦੇ ਫੁਲ ਵਾਂਗ ਲਾਲੋ ਲਾਲ ਹੋ ਗਈ, ਮਰੇ ਹੋਏ ਬੰਦਿਆਂ ਦੇ ਸਿਰ ਪੈਰਾਂ ਦੇ ਢੇਰ ਇਉਂ ਲਗ ਗਏ ਜਿਵੇਂ ਖੇਡ ਦਾ ਮੈਦਾਨ ਖਿਦੋ ਖੂੰਡੀਆਂ ਨਾਲ ਭਰਿਆ ਹੋਵੇ। ਜੋ ਹੁਮਾ ਦੇ ਪਰਛਾਵੇਂ ਹੇਠ ਆ ਗਿਆ, ਕਾਂ ਉਸ ਦਾ ਕੁਝ ਵਿਗਾੜ–ਨਹੀਂ ਸਕਦਾ, ਸ਼ੇਰ ਦੀ ਸ਼ਰਨ ਆਇਆਂ ਭੇਡ ਬੱਕਰੀ ਦਾ ਡਰ ਜਾਂਦਾ ਰਹਿੰਦਾ ਹੈ, ਕਾਲੀਪੋਸ਼ ਫੌਜ ਮੱਖੀਆਂ ਵਾਂਗ ਆ ਪਈ, ਉਹ ਤੇਜ਼ ਹੜ੍ਹ ਵਾਂਗ ਤੇ ਤੇਜ ਤੀਰ ਵਾਂਗ

ਆਇਆ। ਜਦ ਸੰਸਾਰ ਦਾ ਦੀਵਾ (ਸੂਰਜ) ਬੁਝ ਗਿਆ ਤਾਂ ਰਾਤ ਦਾ ਬਾਦਸ਼ਾਹ (ਚੰਦਰਮਾਂ) ਪੂਰਾ ਸਜ ਧਜ ਨਾਲ ਨਿਖਰਕੇ ਆਇਆ, ਆਦਿਕ।

12. ਜ਼ਫ਼ਰਨਾਮੇ ਦਾ ਛੰਦ ਆਮ ਮਸਨਵੀਆਂ ਵਿਚ ਵਰਤਿਆ ਜਾਣ ਵਾਲਾ, ਫ਼ਾਰਸੀ ਦਾ ਬੜਾ ਪ੍ਰਸਿੱਧ ਬਹਿਰ ਹੈ ਜਿਵੇਂ ਕਿ ਹਿੰਦੀ ਰਚਨਾ ਦਾ ਚੋਪਈ। ਫਿਰਦੌਸੀ ਦੇ ਸਾਹਨਾਮੇ ਵਰਗੀਆਂ ਮਹਾਨ ਰਚਨਾਵਾਂ ਤੇ ਕਈ ਹੋਰ ਮਸਨਵੀਆਂ ਇਸੇ ਛੰਦ ਵਿਚ ਰਚੀਆਂ ਮਿਲਦੀਆਂ ਹਨ। ਇਸ ਛੰਦ ਦਾ ਵਜ਼ਨ ਹੈ-

ਫਊਲਨ, ਫਊਲਨ, ਫਊਲਨ, ਫਊਲ।

ਇਸ ਜ਼ਫ਼ਰਨਾਮੇ ਰਾਹੀਂ ਗੁਰੂ ਸਾਹਿਬ ਦੀ ਖ਼ੁਦਾ-ਪ੍ਰਸਤੀ, ਅਡੋਲਤਾ, ਨਿਧੜਕਤਾ, ਦਲੇਰੀ ਤੇ ਸਚਾਈ ਦਾ ਨੱਬੇ ਵਰੇ ਦੇ ਬੁੱਢੇ ਬਾਦਸ਼ਾਹ ਔਰੰਗਜ਼ੇਬ ਦੇ ਮਨ ਤੇ ਤਕੜਾ ਡੂੰਘਾ ਪ੍ਰਭਾਵ ਪਿਆ। ਉਸ ਨੇ ਮਹਿਸੂਸ ਕੀਤਾ ਕਿ ਸਚਮੁਚ ਇਕ ਰੱਬੀ ਫ਼ਕੀਰ ਨਾਲ ਮੇਰੀ ਹਕੂਮਤ ਤੇ ਸ਼ਾਹੀ ਫੌਜਾਂ ਵਲੋਂ ਜ਼ਿਆਦਤੀ ਹੋਈ ਹੈ। ਇਤਿਹਾਸ ਵਿਚ ਇਸ ਬਾਰੇ ਦੇ ਸੰਕੇਤ ਮਿਲਦੇ ਹਨ, ਇਕ ਤਾਂ ਇਹ ਕਿ ਔਰੰਗਜ਼ੇਬ ਨੇ ਫੋਰਨ ਸਬੰਧਤ ਹਾਕਮਾਂ ਨੂੰ ਫੁਰਮਾਨ ਘੱਲੇ ਕਿ ਉਹ ਗੁਰੂ ਸਾਹਿਬਾਨ ਨਾਲ ਕਿਸੇ ਕਿਸਮ ਦਾ ਦ੍ਵੇਸ਼ ਭਾਵ ਨ ਕਰਨ। ਦੂਸਰੇ ਜਿਵੇਂ ਕਿਵੇਂ ਸੁਰਖਿਅਤ ਤਰੀਕੇ ਨਾਲ ਉਹਨਾਂ ਨੂੰ ਮੇਰੇ ਪਾਸ ਪਹੁੰਚਦਾ ਕਰਨ ਤਾਂਕਿ ਜ਼ਬਾਨੀ ਸਾਰੀ ਗਲ ਹੋ ਸਕੇ।[1] ਸਿਖ ਇਤਿਹਾਸ ਵਿਚ ਇਹ ਵੀ ਆਇਆ ਹੈ ਕਿ ਇਸ ਚਿੱਠੀ ਨੂੰ ਪੜ੍ਹ ਕੇ ਬਾਦਸ਼ਾਹ ਦੇ ਮਨ ਉਤੇ ਅਪਣੇ ਔਗੁਣਾਂ ਤੇ ਕਮਜ਼ੋਰੀਆਂ ਦਾ ਇਤਨਾ ਡੂੰਘਾ ਅਹਿਸਾਸ ਹੋਇਆ ਕਿ ਉਹ ਇਸੇ ਹੀ ਗਮ ਵਿਚ ਅਪਣੇ ਪ੍ਰਾਣ ਤਿਆਗ ਗਿਆ।

---

1 ਇਤਿਹਾਸ ਤੋਂ ਇਹ ਗਲ ਸਪਸ਼ਟ ਹੈ ਕਿ ਔਰੰਗਜ਼ੇਬ ਨੇ ਗੁਰੂ ਸਾਹਿਬ ਦੇ ਇਸ ਪੱਤਰ ਤੋਂ ਪ੍ਰਭਾਵਿਤ ਹੋਕੇ ਸੂਬਾ ਲਾਹੌਰ ਤੇ ਸੂਬਾ ਸਰਹੰਦ ਨੂੰ ਹਦਾਇਤ ਕੀਤੀ ਸੀ ਕਿ ਸਤਿਗੁਰਾਂ ਨੂੰ ਸਤਿਕਾਰ ਪਿਆਰ ਤੇ ਪੂਰੇ ਸਰਕਾਰੀ ਪ੍ਰਬੰਧ ਨਾਲ ਇਥੇ ਪਹੁੰਚਾਇਆ ਜਾਵੇ ਤਾਂ ਕਿ ਮੁਲਾਕਾਤ ਹੋ ਸਕੇ। ਇਸ ਬਾਰੇ ਲਾਹੌਰ ਦੇ ਨਾਇਬ ਸੂਬੇਦਾਰ ਮੁਨਇਮ ਖਾਂ ਵਲੋਂ ਜੋ ਹਦਾਇਤ ਹੋਈ ਉਸਦਾ ਉਤਾਰਾ ਔਰੰਗਜ਼ੇਬ ਦੇ ਮੁਨਸ਼ੀ ਮਿਰਜ਼ਾ ਇਨਾਯਤੁੱਲਾ ਖ਼ਾਂ ਇਸਮੀ ਵਲੋਂ ਸੰਕਲਿਤ ਸ਼ਾਹੀ ਹੁਕਮਾਂ 'ਅਹਿਕਾਮਿ ਅਲਮਗੀਰੀ' ਵਿਚ ਦਰਜ ਹੈ। ਇਹ ਖਰੜਾ ਰਾਮਪੁਰ (ਯੂ.ਪੀ.) ਦੀ ਲਾਇਬਰੈਰੀ ਵਿਚ ਸੁਰੱਖਿਅਤ ਹੈ।

ਕੁਝ ਵੀ ਹੋਵੇ ਇਸ ਸਚਾਈ-ਭਰੀ ਜ਼ੋਰਦਾਰ ਲਿਖਤ ਦੇ ਪ੍ਰਭਾਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਜ ਵੀ ਉਸ ਮਹਾਨ ਇਨਕਲਾਬੀ ਗੁਰੂ ਦੀ ਇਹ ਚਿੱਠੀ ਸਾਮਰਾਜੀ ਤਾਕਤਾਂ ਨੂੰ ਵੰਗਾਰਦੀ ਤੇ ਸੱਚ ਧਰਮ ਲਈ ਜੂਝਣ ਵਾਲਿਆਂ ਨੂੰ ਉਭਾਰਦੀ ਹੈ।

ਇਸ ਦਾ ਇਹ ਪ੍ਰਚੰਡਮਈ ਗੁਣ-ਚੜ੍ਹਦੀ ਕਲਾ-ਸਦਾ ਚਿਰੰਜੀਵ ਰਹੇਗਾ ਤੇ ਅੱਗ੍ਰਗਾਮੀ ਸ਼ਕਤੀਆਂ ਨੂੰ ਸਮਰੱਥਾ ਪ੍ਰਦਾਨ ਕਰਦਾ ਰਹੇਗਾ।

ਭਾਰਤ ਦੇ ਇਤਿਹਾਸ ਵਿਚ ਜਿਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਾਂਤੀਕਾਰੀ ਵਿਚਾਰ ਲਿਆਂਦੇ ਤੇ ਭਾਰਤੀਆਂ ਨੂੰ ਟੁੰਬ ਕੇ ਜਗਾਇਆ, ਉਸ ਦੀ ਮਿਸਾਲ ਇਤਿਹਾਸ ਵਿਚ ਘੱਟ ਹੀ ਮਿਲਦੀ ਹੈ। ਆਪ ਨੂੰ ਮੁਗਲ ਸਾਮਰਾਜ ਦੇ ਜਬਰ ਵਿਰੁਧ ਜੀਵਨ-ਭਰ ਘੋਲ ਕਰਨਾ ਪਿਆ, ਆਪ ਜੀ ਦੇ ਪਿਤਾ ਗੁਰੂ ਜੀ ਨੇ ਵੀ ਇਸੇ ਸੰਗ੍ਰਾਮ ਵਿਚ ਆਪਣਾ ਬਲੀਦਾਨ ਦਿਤਾ ਤੇ ਉਹਨਾਂ ਆਪ ਵੀ 20-25 ਵਰ੍ਹੇ ਇਸ ਅਤਿਆਚਾਰ ਨਾਲ ਟੱਕਰ ਲੈ ਕੇ ਮੁਸੀਬਤਾਂ ਵਿਚ ਲੰਘਾਏ ਪਰੰਤੂ ਬਾਵਜੂਦ ਇਹਨਾ ਔਖਿਆਈਆਂ ਅਤੇ ਸੰਕਟਾਂ ਦੇ ਉਹ ਡੋਲੇ ਨਹੀਂ, ਘਬਰਾਏ ਨਹੀਂ, ਅਪਣੇ ਆਦਰਸਾਂ ਉਤੇ ਦ੍ਰਿੜ੍ਹ ਰਹੇ। ਉਹਨਾਂ ਦੀ ਇਸ ਅਡੋਲਤਾ ਤੇ ਦ੍ਰਿੜ੍ਹਤਾ ਦੀ ਇਕ ਸੁੰਦਰ ਤੇ ਸ਼ਕਤੀਵਾਨ ਨਿਸ਼ਾਨੀ ਇਹ ਜ਼ਫ਼ਰਨਾਮਾ ਹੈ ਜੋ ਉਹਨਾ ਦੇ ਸੰਗ੍ਰਾਮ-ਪੂਰਣ ਜੀਵਨ ਦੇ ਉਭਾਰ ਨੂੰ ਬਹੁਤ ਅੱਛੀ ਤਰ੍ਹਾਂ ਪੇਸ਼ ਕਰਦਾ ਹੈ।

ਇਸ ਤੋਂ ਜਿਥੇ ਗੁਰੂ ਜੀ ਦੀ ਦਲੇਰੀ, ਉਤਸ਼ਾਹ ਤੇ ਮਜ਼ਬੂਤ ਇਰਾਦੇ ਦਾ ਪਤਾ ਲਗਦਾ ਹੈ, ਉਥੇ ਸਾਮਰਾਜ ਦੀਆਂ ਕਮਜ਼ੋਰੀਆਂ ਤੋਂ ਵੀ ਪਰਦਾ ਉਠਦਾ ਹੈ। ਇਹ ਚਿਠੀ ਉਸ ਸੰਗ੍ਰਾਮੀਏ ਗੁਰੂ ਸਾਹਿਬ ਜੀ ਦਾ ਚਿੱਤ੍ਰ ਮੂਰਤੀਮਾਨ ਕਰਦੀ ਹੈ ਜੋ ਨੇਕੀ ਤੇ ਧਰਮ ਲਈ ਡਟ ਕੇ ਲੜਦੇ ਤੇ ਏਸ ਖਾਤਰ ਆਪਣਾ ਸਭ ਕੁਝ ਨਿਛਾਵਰ ਕਰਕੇ ਵੀ ਜਰਾ ਦੁਖ ਮਹਿਸੂਸ ਨਹੀਂ ਕਰਦੇ। ਆਮ ਤੌਰ ਤੇ ਮੁਗਲ ਰਾਜ ਦੇ ਜ਼ਮਾਨੇ ਸਰਕਾਰੀ ਖ਼ਤ ਪੱਤਰ ਵਾਰਤਕ ਵਿਚ ਹੀ ਲਿਖੇ ਜਾਂਦੇ ਸਨ ਪਰ ਇਹ ਛੰਦ ਬੱਧ ਪੱਤਰ ਨਿਵੇਕਲੀ ਕਿਸਮ ਦਾ ਹੈ ਤੇ ਇਸ ਦਾ ਕਾਵਿ ਰੂਪ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੋਇਆ ਹੈ। ਸੋ ਇਹ ਰਚਨਾ ਕਲਾ ਦਾ ਹੀ ਕਮਾਲ ਨਹੀਂ, ਜ਼ਿੰਦਗੀ ਦਾ ਕਮਾਲ ਵੀ ਪੇਸ਼ ਕਰਦੀ ਸਾਨੂੰ ਸਭ ਨੂੰ ਅਜ ਵੀ ਉਤਸ਼ਾਹ ਤੇ ਸ਼ਕਤੀ ਪ੍ਰਦਾਨ ਕਰਦੀ ਹੈ।

ਇਸ ਬਾਣੀ ਨੂੰ ਗੁਰੂ ਸਾਹਿਬ ਨੇ ਬਾਰ੍ਹਾਂ (12) ਹਿਕਾਯਤਾਂ ਵਿੱਚ ਸੰਪੂਰਨ ਕੀਤਾ ਹੈ।

| **ਲੜੀ ਨੰ:** | **ਹਿਕਾਯਤ** | **ਕੁੱਲ ਬੰਧ** |
|---|---|---|
| 1. | ਹਿਕਾਯਤ ਪਹਿਲੀ | 115 |
| 2. | ਹਿਕਾਯਤ ਦੂਸਰੀ | 61 |
| 3. | ਹਿਕਾਯਤ ਤੀਸਰੀ | 47 |
| 4. | ਹਿਕਾਯਤ ਚੌਥੀ | 141 |
| 5. | ਹਿਕਾਯਤ ਪੰਜਵੀਂ | 51 |
| 6. | ਹਿਕਾਯਤ ਛੇਵੀਂ | 43 |
| 7. | ਹਿਕਾਯਤ ਸਤਵੀਂ | 49 |
| 8. | ਹਿਕਾਯਤ ਅਠਵੀਂ | 47 |
| 9. | ਹਿਕਾਯਤ ਨੌਵੀਂ | 44 |
| 10. | ਹਿਕਾਯਤ ਦਸਵੀਂ | 179 |
| 11. | ਹਿਕਾਯਤ ਗਿਆਰਵੀ | 60 |
| 12. | ਹਿਕਾਯਤ ਬਾਰ੍ਹਵੀਂ | 21 |

ਬਾਰਾਂ ਹਿਕਾਯਤਾਂ ਨੂੰ ਮਿਲਾ ਕੇ 'ਜ਼ਫ਼ਰਨਾਮਾ' ਸੰਪੂਰਨ ਬਾਣੀ ਦੇ ਕੁੱਲ 858 ਬੰਧ ਹਨ।

# ਚੌਥਾ ਅਧਿਆਇ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਵਿਸ਼ੇਸ਼ਤਾ

## 4.1 ਛੰਦ-ਬੰਦ ਯੋਜਨਾ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਪੂਰਣ ਰਚਨਾ ਛੰਦਾ-ਬੰਦਾਂ ਦੇ ਅੰਤਰਗਤ ਹੈ। ਛੰਦ-ਬੰਦ ਹੈ ਕੀ? ਇਸ ਬਾਰੇ ਜਾਨਣਾ ਬਹੁਤ ਜ਼ਰੂਰੀ ਹੈ।

**ਛੰਦ**: ਜਿਸ ਕਾਵਯ (ਕਵਿਤਾ) ਵਿੱਚ ਮਾਤ੍ਰਾ, ਅਕਰ, ਗਣ, ਵਿਸ਼੍ਰਾਮ ਅਤੇ ਅਨੁਪ੍ਰਾਸ ਆਦਿਕ ਨਿਯਮਾਂ ਦੀ ਪਾਬੰਦੀ ਹੋਵੇ ਉਹ 'ਛੰਦ' ਹੈ। ਛੰਦ, ਰਾਗਾਂ ਦੀ ਤਰ੍ਹਾਂ ਸਦਾ ਨਵੇਂ ਬਣਦੇ ਰਹਿੰਦੇ ਹਨ। ਜੇ ਵੇਦ, ਪੁਰਾਣ, ਰਾਮਾਯਣ ਕਾਲਿਦਾਸ ਦੇ ਛੰਦਾਂ ਦਾ ਮੁਕਾਬਲਾ ਕਰੀਏ, ਤਦ ਰਾਤ ਦਿਨ ਦਾ ਅੰਤਰ ਭਾਸਦਾ ਹੈ। ਅਤੇ ਵਰਤਮਾਨ ਕਾਲ ਦੇ ਅਨੇਕ ਛੰਦਾਂ ਦਾ ਸਰੂਪ ਪੁਰਾਣੇ ਗ੍ਰੰਥਾਂ ਵਿੱਚ ਨਹੀਂ ਪਾਯਾ ਜਾਂਦਾ। ਇਸ ਲਈ ਛੰਦਾਂ ਦੇ ਨਵੇਂ ਨਾਮ ਅਰੁ ਰੂਪ ਨੂੰ ਦੇਖਕੇ ਆਸ਼ਚਰਯ ਨਹੀਂ ਹੋਣਾ ਚਾਹੀਦਾ।

ਜਦ ਸਭ ਤੋਂ ਪਹਿਲਾਂ ਛੰਦਵਿਦਯਾ ਦਾ ਵਿਕਾਸ ਹੋਯਾ, ਤਦ ਗਣ, ਮਾਤ੍ਰਾ ਦਾ ਕੋਈ ਨਿਯਮ ਨਹੀਂ ਸੀ ਕੇਵਲ ਅਕਰਾਂ ਦੀ ਗਿਣਤੀ ਹੀ ਹੈ। ਪ੍ਰਤਿਚਰਣ ਇੱਕ ਅਕਰ ਤੋਂ ਲੈਕੇ 26 ਅੱਕਰ ਤੱਕ ਦੇ ਛੰਦ ਹੁੰਦੇ ਸਨ।

ਇੱਕ ਹੋਰ ਗੱਲ ਧਿਆਨ ਗੋਚਰੇ ਕਰਣ ਵਾਲੀ ਇਹ ਹੈ ਕਿ ਛੰਦ ਇੱਕ ਹੀ ਹੈ, ਪਰ ਅਨੇਕ ਗ੍ਰੰਥਕਾਰ ਵਿਦਵਾਨਾ ਨੇ ਉਸ ਦੇ ਨਾਮ ਭਿੰਨ-ਭਿੰਨ ਲਿਖੇ ਹਨ, ਜਿਵੇਂ : 'ਉਤਭੁਜ' ਛੰਦ ਦੇ ਨਾਮ-ਅਰਧ ਭੁਜੰਗ, ਸੋਮਰਾਜੀ ਅਤੇ ਸ਼ੰਖਨਾਰੀ। ਕਈ ਲੇਖਕਾਂ ਨੇ ਅਨੰਗਸ਼ੇਖਰ ਨੂੰ ਮਦਨਸ਼ੇਖਰ, ਸਾਰੰਗੀ ਨੂੰ ਹਰਿਣੀ, ਕਮਲ ਨੂੰ ਪਦਮ ਅਤੇ ਭੁਜੰਗਪ੍ਰਯਾਤ ਨੂੰ ਉਰਗਪ੍ਰਯਾਤ ਆਦਿਕ ਪ੍ਰਯਾਸ ਰੂਪ ਸੰਗਯਾ ਦੇ ਕੇ ਅਨੇਕ ਨਾਮ ਬਣਾ ਦਿਤੇ ਹਨ।

### ਛੰਦ ਸ਼ਾਸਤ੍ਰ ਦੇ ਅੰਗ

**ਮਾਤ੍ਰਾ** : ਅਕਰ ਦੇ ਉਚਾਰਣ ਵਿੱਚ ਜੋ ਸਮਾਂ ਲੱਗਦਾ ਹੈ, ਉਸ ਨੂੰ 'ਮਾਤ੍ਰਾ' ਆਖਦੇ ਹਨ। ਪਿੰਗਲ ਗ੍ਰੰਥਾਂ ਵਿੱਚ ਇਸ ਨੂੰ-ਕਲ, ਕਲਾ, ਮੱਤ, ਮੱਤਾ ਆਦਿਕ ਨਾਂ ਵੀ ਦਿਤੇ ਹਨ।

**ਲਘੂ** : ਜਿਸ ਅਕਰ ਦੇ ਉਚਾਰਣ ਲਈ ਥੋੜਾ ਸਮਾਂ ਲਗੇ ਅਰਥਾਤ 'ਗੁਰੂ' ਨਾਲੋਂ ਅੱਧਾ ਸਮ੍ਹਾਂ ਖਰਚ ਹੋਵੇ ਉਹ ਲਘੂ ਹੈ। ਮੁਕਤਾ, ਉਂਕੜ, ਸਿਆਰੀ ਅਤੇ ਅਰਧਵਿੰਦ ਵਾਲੇ ਅਕਰ ਦੀ ਲਘੁ ਸੰਗਯਾ ਹੇ। ਲਘੂ ਦੀ ਇੱਕ ਮਾਤ੍ਰਾ ਗਿਣੀ ਜਾਂਦੀ ਹੈ, ਅਤੇ ਲ, ਲਹੁ ਆਦਿਕ ਸ਼ਬਦ ਇਸਦੇ ਬੋਧਕ ਹਨ। ਲਘੂ ਦੇ ਲਿਖਣ ਦਾ ਸੰਕੇਤ ਇਹ '।' ਹੈ।

**ਗੁਰੂ** : ਲਘੂ ਨਾਲੋਂ ਦੁਗਣਾ ਸਮ੍ਹਾਂ ਜਿਸ ਦੇ ਉਚਾਰਣ ਵਾਸਤੇ ਲਗੇ, ਉਹ 'ਗੁਰੂ' ਹੈ। ਕੰਨਾ, ਬਿਹਾਰੀ, ਦੋਲੈਂਕੜੇ, ਲਾਮ, ਦੁਲਾਮ, ਹੋੜਾ, ਕਨੌੜਾ, ਟਿੱਪੀ, ਵਾਲਾ ਅਕਰ ਗੁਰੂ ਹੁੰਦਾ ਹੈ। ਗੁਰੂ ਦੀਆਂ ਦੋ ਮਾਤ੍ਰਾਵਾਂ ਹੁੰਦੀਆਂ ਹਨ ਅਤੇ ਗਾ, ਗੀ, ਗੂ, ਗੇ, ਗੈ, ਗੋ, ਗੌ, ਗਂ ਆਦਿਕ ਸ਼ਬਦ ਇਸਦੇ ਬੋਧਿਕ ਹਨ। ਗੁਰੂ ਦੇ ਲਿਖਣ ਦਾ ਸੰਕੇਤ ਇਹ 'ऽ' ਹੈ। ਪਦ ਵਿੱਚ ਦੁੱਤ (ਦ੍ਵਿਤ੍ਵ) ਅਕਰ ਦੇ ਆਦਿ ਦਾ ਲਘੂ ਭੀ ਗੁਰੂ ਮੰਨਿਆ ਜਾਂਦਾ ਹੈ। ਜੇ ਸੰਯੋਗੀ ਅਕਰ ਤੋਂ ਪਹਿਲੇ ਲਘੂ ਉਪਰ, ਉਚਾਰਣ ਸਮ੍ਹੇਂ ਦਬਾਓ ਪਵੇ ਤੱਦ ਉਹ ਗੁਰੂ ਜਾਣੋ

**ਵਰਣਿਕ ਗਣ** : ਤਿੰਨ ਅਕਰਾਂ ਦੇ ਸਮੁਦਾਯ ਦਾ ਨਾਮ 'ਗਣ' ਹੈ, ਵਰਣਿਕ ਗਣ 8 ਹਨ। ਜਿਹਨਾਂ ਦੇ ਨਾਮ ਲਕਣ ਤੇ ਸਰੂਪ ਇਹ ਹਨ:

**ਵਰਣਿਕ ਗਣ**

| | | | |
|---|---|---|---|
| 1 | ਮਗਣ ऽऽऽ | ਸਰਵ ਗੁਰੁ | ਬਾਬਾ ਜੀ |
| 2 | ਭਗਣ ऽ।। | ਆਦਿ ਗੁਰੁ | ਨਾਨਕ |
| 3 | ਜਗਣ ।ऽ। | ਮਧਯ ਗੁਰੁ | ਅਨੰਤ |
| 4 | ਸਗਣ ।।ऽ | ਅੰਤੁ ਗੁਰੁ | ਗੁਰੁ ਜੀ |
| 5 | ਨਗਣ ।।। | ਸਰਵ ਲਘੁ | ਅਮਰ |
| 6 | ਯਗਣ ।ऽऽ | ਆਦਿ ਲਘੁ | ਅਨਾਦੀ |
| 7 | ਰਗਣ ऽ।ऽ | ਮਧਯ ਲਘੁ | ਸਾਧਨਾ |
| 8 | ਤਗਣ ऽऽ। | ਅੰਤ ਲਘੁ | ਆਨੰਦ |

ਜੈਸੇ ਗਾਯਕਾਂ ਨੇ ਸੱਤ ਸੁਰਾਂ ਦੇ ਨਾਮ ਦਾ ਆਦਿ ਅਕਰ ਲੈਕੇ "ਸ ਰ ਗ ਮ ਪ ਧ ਨ" ਸੂਰ ਸੰਕੇਤ ਠਹਿਰਾਯਾ ਹੈ, ਤੇਸੈ ਹੀ ਕਵੀਆਂ ਨੇ ਅੱਠ ਗਣਾ ਦੇ ਮੁੱਢ ਦੇ ਅਕਰ ਲੈਕੇ "ਮ ਭ ਜ ਸ ਨ ਯ ਰ ਤ" ਗਣ ਨਾਮ ਦਾ ਸੰਕੇਪ ਕੀਤਾ ਹੈ, ਅਰੁ ਲਘੁ ਗੁਰੁ ਦੇ ਆਦਿ ਦਾ "ਲ" ਅਤੇ "ਗ" ਸਾਥ ਮਿਲਾਕੇ ਕਾਵਯ ਦਾ ਮੂਲ "ਦਸ਼ਾਕਰ ਥਾਪੇ ਹਨ। ਪਾਠਕਾਂ ਨੂੰ ਖ਼ਯਾਲ ਰਹੇ ਕਿ ਛੰਦਲਕਣ ਵਿੱਚ "ਮ" ਤੋਂ ਮਗਣ "ਨ" ਤੋਂ ਨਗਣ, "ਲ" ਤੋਂ ਲਘੁ ਅਰੁ "ਗ" ਤੋਂ ਗੁਰੁ ਦਾ ਬੋਧ ਹੁੰਦਾ ਹੈ।

## ਮਾਤ੍ਰਿਕ ਗਣ

**ਛੰਦਸ਼ਾਸਤ੍ਰ ਵਿੱਚ ਪੰਜ ਮਾਤ੍ਰਿਕ ਗਣ ਕਲਪੇ ਹਨ –**

1. ਟਗਣ, ਛੀ ਮਾਤ੍ਰਾ ਦਾ, 2. ਠਗਣ, ਪੰਜ ਮਾਤ੍ਰਾ ਦਾ, 3. ਡਗਣ, ਚਾਰ ਮਾਤ੍ਰਾ ਦਾ, 4. ਢਗਣ, ਤਿੰਨ ਮਾਤ੍ਰਾ ਦਾ, 5. ਣਗਣ, ਦੋ ਮਾਤ੍ਰਾ ਦਾ, ਇਸੇ ਹਿਸਾਬ ਨੂੰ ਧਯਾਨ ਵਿੱਚ ਰੱਖਕੇ– ਛੈਕਲ, ਪੰਚਕਲ, ਚੌਕਲ, ਤ੍ਰਿੱਕਲ ਅਤੇ ਦੁੱਕਲ, ਯਥਾ ਕ੍ਰਮ ਮਾਤ੍ਰਿਕ ਗਣਾ ਦੇ ਨਾਮ ਹੈਨ, ਇਨ੍ਹਾਂ ਗਣਾ ਦੇ ਅਨੇਕ ਰੂਪ ਛੰਦਾਂ ਵਿਖੇ ਵਰਤੇ ਜਾਂਦੇ ਹਨ, ਯਥਾ –

1. ਟਗਣ ਦੇ ਰੂਪ – ऽऽऽ, IIऽऽ, IऽIऽ, ऽIIऽ, IIIIऽ, Iऽ ऽI, ऽIऽI, IIIऽI, ऽ ऽII, IIऽII, IऽIII, ऽIII, IIIIII
2. ਠਗਣ ਦੇ ਰੂਪ – Iऽ ऽ, ऽIऽ, IIIऽ, ऽ ऽI, IIऽI, IऽI, ऽIII, IIIII.
3. ਡਗਣ ਦੇ ਰੂਪ – ऽ ऽ, IIऽ, IऽI, ऽII, IIII.
4. ਢਗਣ ਦੇ ਰੂਪ – Iऽ, ऽI, III.
5. ਣਗਣ ਦੇ ਰੂਪ – ऽ, II.

## ਛੰਦਾ ਦੇ ਭੇਦ

**ਛੰਦ ਚਾਰ ਪ੍ਰਕਾਰ ਦੇ ਹਨ–ਮਾਤ੍ਰਿਕ ਛੰਦ, ਵਰਣਿਕ ਛੰਦ, ਗਣ ਛੰਦ ਅਤੇ ਮਿਸ਼੍ਰਿਤ ਛੰਦ**

(1) ਮਾਤ੍ਰਿਕ ਛੰਦ ਉਹ ਹੈਨ, ਜਿਨ੍ਹਾਂ ਵਿੱਚ ਕੇਵਲ ਮਾਤ੍ਰਾ ਦਾ ਹਿਸਾਬ ਰੱਖੀਦਾ ਹੈ, ਅਕਰ ਅਤੇ ਗਣ ਦਾ ਕੋਈ ਨਿਯਮ ਨਹੀਂ, ਜੈਸੇ–ਦੋਹਾ ਅਰ ਛੱਪਯ ਆਦਿਕ।

(2) ਵਰਣ ਛੰਦ ਉਹ ਹਨ, ਜਿਨ੍ਹਾਂ ਵਿਖੇ ਮਾਤ੍ਰਾ ਅਰੁ ਗਣ ਦਾ ਕੋਈ ਨਿਯਮ ਨਹੀਂ, ਕੇਵਲ ਅੱਕਰਾਂ ਦੀ ਗਿਣਤੀ ਪੂਰੀ ਰੱਖੀ ਜਾਂਦੀ ਹੈ, ਜੈਸੇ-ਕਬਿੱਤ ਅਰੁ ਕੋਰੜਾ ਆਦਿਕ।

(3) ਗਣ ਛੰਦ ਉਹ ਹਨ, ਜਿਨਾਂ ਵਿਖੇ ਕੇਵਲ ਗਣਾਂ ਦਾ ਹਿਸਾਬ ਵਰਤੀਦਾ ਹੈ, ਜੈਸੇ-ਸ਼ਸ਼ਿਵਦਨਾ ਅਰੁ ਭੁਜੰਗ-ਪ੍ਰਯਾਤ ਆਦਿਕ।

(4) ਮਿਸ਼੍ਰਿਤ ਛੰਦ ਉਹ ਹਨ, ਜਿਨ੍ਹਾਂ ਵਿਖੇ ਮਾਤ੍ਰਾ ਅਤੇ ਗਣ, ਅਥਵਾ ਵਰਣਾਂ ਅਤੇ ਗਣ, ਦੋਹਾਂ ਦਾ ਹਿਸਾਬ ਸਹੀ ਰੱਖੀਦਾ ਹੈ, ਜੈਸੇ-ਉਗਾਥਾ, ਸ਼ੋਭਨ ਅਤੇ ਤਾਟੰਕ ਆਦਿਕ।

**ਛੰਦ ਦਾ ਲਕਣ ਦੱਸਣ ਦੀ ਰੀਤੀ**

ਗਣਛੰਦ ਦਾ ਲਕਣ ਗਣਾਂ ਵਿੱਚ, ਵਰਣ ਛੰਦ ਦਾ ਅੱਖਰਾਂ ਵਿੱਚ ਅਤੇ ਮਾਤ੍ਰਾ ਦੇ ਛੰਦ ਦਾ ਮਾਤ੍ਰਾ ਗਿਣਤੀ ਨਾਲ ਹੁੰਦਾ ਹੈ।

**ਛੰਦਪਰਿਕਾ**

ਜਦ ਅਸੀਂ ਛੰਦ ਨੂੰ ਪਰਖਣਾ ਹੋਵੇ ਕਿ ਏਹ ਕਿਸ ਸ਼੍ਰੇਣੀ ਦਾ ਹੈ, ਤਦ ਉਸ ਦੇ ਅੱਖਰ ਮਾਤ੍ਰਾ ਅਰੁ ਗਣ ਗਿਣਕੇ ਛੰਦ ਦਾ ਭੇਦ ਨਿਸ਼ਚਯ ਕਰਣਾ ਚਾਹੀਯੇ, ਯਥਾ-

(ੳ) ਪ੍ਰਭੂ ਹੈਂ॥
ਅਜੂ ਹੈਂ॥
ਅਜੈ ਹੈਂ॥
ਅਭੈ ਹੈਂ॥

ਇਸ ਛੰਦ ਦੇ ਚਾਰੇ ਚਰਣਾਂ ਵਿਖੇ ਤਿੰਨ ਤਿੰਨ ਅੱਖਰ, ਇੱਕ ਲਘੁ ਦੋ ਗੁਰੁ ਕ੍ਰਮ ਨਾਲ ਹੈਨ, ਇਸ ਲਈ ਨਿਰਸੰਦੇਹ ਯਗਣ ।ऽ ऽ ਗਣ ਵਾਲਾ "ਗਣਛੰਦ" ਹੈ।

(ਅ) ਹਮਰੀ ਕਰੋ ਹਾਥ ਦੈ ਰੱਛਾ॥
ਪੂਰਣ ਹੋਏ ਚਿੱਤ ਕੀ ਇੱਛਾ॥
ਤਵ ਚਰਨਨ ਮਨ ਰਹੈ ਹਮਾਰਾ॥
ਅਪਨਾ ਜਾਨ ਕਰੋ ਪ੍ਰਤਿਪਾਰਾ॥੩੭੭॥

ਇਸ ਦੇ ਪਹਿਲੇ ਚਰਣ ਦੇ 1●, ਤੀਜੇ ਦੇ 13, ਚੌਥੇ ਦੇ 11 ਅੱਖਰ ਹੈਨ, ਇਸ ਲਈ ਵਰਣਛੰਦ ਨਹੀਂ। ਅਰੁ ਪਹਿਲੇ ਚਰਣ ਦੇ ਮੁੱਢ ਲਘੁ, ਦੂਜੇ ਦੇ ਆਦਿ ਗੁਰੁ ਹੈ, ਤਥਾ ਪਹਿਲੇ ਚਰਣ ਦੇ ਅੰਤ 3 ਗੁਰੁ, ਤੀਜੇ ਦੇ ਇੱਕ ਲਘੁ ਦੋ ਗੁਰੁ ਹੈਨ, ਇਸ ਕਾਰਣ ਇਹ ਗਣਛੰਦ ਨਹੀਂ। ਇਸ ਦੇ ਚੌਹਾਂ ਚਰਣਾਂ ਦੀ ਮਾਤ੍ਰਾ-ਗਿਣਤੀ ਠੀਕ ਸੋਲਾਂ ਹੈ, ਇਸ ਵਾਸਤੇ ਬਿਨਾਂ ਸੰਸੇ "ਮਾਤ੍ਰਿਕਛੰਦ" ਹੈ।

(ਏ) ਕਿ ਨਾਗਨੀ ਕੇ ਏਸ ਹੈਂ॥

ਕਿ ਮ੍ਰਿਗੀ ਕੇ ਨਰੇਸ ਛੈ॥

ਕਿ ਰਾਜਾ ਛਤ੍ਰਧਾਰੀ ਹੈਂ॥

ਕਿ ਕਾਲੀ ਕੇ ਭਿਖਾਰੀ ਛੈ।੫੭੫॥

ਇਸ ਦੇ ਪਹਿਲੇ ਚਰਣ ਦੀਆਂ 13, ਦੂਜੇ ਦੀਆਂ 12, ਤੀਜੇ ਦੀਆਂ 14 ਮਾਤ੍ਰਾ ਹੈਨ, ਇਯ ਲਈਂ ਮਾਤ੍ਰਿਕ ਨਹੀਂ, ਇਸ ਦੇ ਪਹਿਲੇ ਚਰਣ ਦੇ ਆਦਿ ਲਘੁ ਗੁਰੁ ਲਘੁ, ਤੀਜੇ ਦੇ ਆਦਿ ਲਘੁ ਗੁਰੁ ਗੁਰੁ ਹੈਨ, ਅਰੁ ਪਹਿਲੇ ਚਰਣ ਦੇ ਅੰਤ ਗੁਰੁ ਲਘੁ ਗੁਰੁ, ਤੀਜੇ ਦੇ ਅੰਤ ਤਿੰਨੇ ਗੁਰੁ ਹੈਨ, ਇਸ ਵਾਸਤੇ ਗਣਛੰਦ ਨਹੀਂ। ਇਸ ਦੇ ਚੌਹਾਂ ਚਰਣਾਂ ਦੇ ਅੱਖਰ ਪੂਰੇ ਅਠ ਅਠ ਹੈਨ, ਇਸ ਕਾਰਣ ਵਰਣਛੰਦ ਹੈ।

(ਸ) ਗੁਨ ਗਨ ਉਦਾਰ॥

ਮਹਿਮਾ ਅਪਾਰ॥

ਆਸਨ ਅਭੰਗ॥

ਉਪਮਾ ਅਨੰਗ॥੯੭॥

ਇਸ ਛੰਦ ਦੇ ਪਹਿਲੇ ਚਰਣ ਦੇ ਸੱਤ, ਦੂਜੇ ਦੇ ਛੀ ਅੱਖਰ ਹੈਨ, ਇਸ ਲਈਂ ਵਰਣ-ਛੰਦ ਨਹੀਂ। ਇਯ ਦੇ ਚਾਰੇ ਚਰਣਾਂ ਦੀ ਮਾਤ੍ਰਾ-ਸੰਖਯਾ ਅਠ ਅਠ ਹੈ, ਇਸ ਵਾਸਤੇ ਮਾਤ੍ਰਿਕ ਹੈ, ਪਰੰਤੂ ਚੌਹਾਂ ਚਰਣਾਂ ਦੇ ਅੰਤ ਜਗਣ ।ऽ। ਦੇਖੀਦਾ ਹੈ, ਇਸ ਕਾਰਣ ਮਿਸ਼੍ਰਿਤ ਛੰਦ ਹੈ।

(ਹ) ਬਹੁਤ ਛੰਦ ਐਸੇ ਹਨ ਜਿਨ੍ਹਾਂ ਵਿੱਚ ਤਿੰਨੇ ਲੱਛਣ ਘਟ ਜਾਂਦੇ ਹਨ, ਯਥਾ -

ਅਗੰਜ ਆਦਿ ਦੇਵ ਹੈਂ ਅਭੰਜ ਭੰਜ ਜਾਨਿਐ॥
ਅਭੂਤ ਭੂਤ ਹੈਂ ਸਦਾ ਅਗੰਜ ਗੰਜ ਮਾਨਿਐ॥
ਅਦੇਵ ਦੇਵ ਹੈਂ ਸਦਾ ਅਭੇਵ ਭੇਵ ਨਾਥ ਹੈਂ॥
ਸਮਸਤ ਸਿੱਧਿ ਬ੍ਰਿੱਧਿ ਦਾ ਸਦੀਵ ਸਰਬ ਸਾਥ ਹੈ॥੧॥੧੬੧॥

ਇਸ ਦੇ ਪ੍ਰਤਿ ਚਰਣ 24 ਮਾਤ੍ਰਾ ਹੈਨ, ਪ੍ਰਤਿ ਚਰਣ 16 ਅੱਖਰ ਹਨ, ਅਰੁ ਪ੍ਰਤਿ ਚਰਣ, ਜਗਣ, ਰਗਣ, ਜਗਣ, ਗਗਣ, ਜਗਣ, ਅਤੇ ਗੁਰੁ ਹੈਨ. ।ऽ।, ऽ। ऽ, ।ऽ।, ऽ।ऽ, ।ऽ।, ऽ.

ਇਸ ਸੂਰਤ ਵਿੱਚ ਕੀ ਫੈਸਲਾ ਕਰਣਾ ਚਾਹੀਏ? ਵਿਚਾਰਣ ਤੋਂ ਨਿਸਚਾ ਹੋਵੇਗਾ ਕਿ ਇਹ "ਵਰਣਛੰਦ" ਹੈ, ਅਰੁ ਲਘੁ ਗੁਰੁ ਕ੍ਰਮ ਨਾਲ ਅੱਖਰ ਹੋਣ ਕਰਕੇ ਗਣ ਸੁਭਾਵਿਕ ਬਣ ਗਏ ਹੈਨ। ਅਰੁ ਉਸ ਦੇ ਨਾਲ ਹੀ ਮਾਤ੍ਰਾ ਦੀ ਗਿਣਤੀ ਪੂਰੀ ਹੋਣੀ ਸੁਤੇ ਹੀ ਜਰੂਰੀ ਸੀ। ਇਸ ਰੀਤਿ ਅਨੁਸਾਰ ਪਾਠਕਾਂ ਨੂੰ ਸਭ ਛੱਦਾਂ ਦਾ ਨਿਰਣਯ ਕਰ ਲੈਣਾ ਚਾਹੀਯੇ।

ਇਸ ਕਾਵਯ ਰਚਨਾ ਦੇ ਨਿਯਮ ਸਾਹਿਤਯ ਗ੍ਰੰਥਾਂ ਤੋਂ ਪੂਰੇ ਜਾਣ ਸਕੀਦੇ ਹਨ, ਪਰ ਕਾਵਯਕਲਾ ਦੀ ਕੁਸ਼ਲਤਾ, ਅਭਯਾਸ ਅਤੇ ਚਮਤਕਾਰੀ ਬੁੱਧਿ ਦੇ ਅਧੀਨ ਹੈ। ਜੈਸੇ ਕੇਵਲ ਇਹ ਜਾਣ ਲੈਣਾ ਕਿ ਹਿੰਡੋਲ ਰਾਗ ਨੂੰ ਪੰਜ ਸੁਰ (ਸ਼ੜਜ, ਗਾਂਧਾਰ, ਮੱਧਮ, ਧੈਵਤ, ਨਿਸ਼ਾਦ) ਲਗਦੇ ਹਨ, ਤਥਾ ਰਿਸ਼ਭ ਅਤੇ ਪੰਚਮ ਵਿਵਰਜਿਤ ਹੈਨ, ਕਿਸੇ ਨੂੰ ਪੂਰਣ ਰਾਗੀ ਨਹੀਂ ਬਣਾ ਸਕਦਾ, ਕਿਯੋਂਕਿ ਸੁਰਾਂ ਦੇ ਅਭਯਾਸ ਬਿਨਾ ਅਰ ਮੂਰਛਨਾ ਦੇ ਸੂਕਮ ਭੇਦ ਨਾ ਜਾਣਕੇ, ਪੰਜ ਸੁਰਾਂ ਨੂੰ ਵਰਤ ਕੇ ਭੀ ਬਸੰਤ ਅਤੇ ਸੋਹਣੀ ਨਾਲ ਹਿੰਡੋਲ ਕੀ ਖਿਚੜੀ ਬਣ ਜਾਂਦੀ ਹੈ, ਅਰੁ ਰਾਗ ਦਾ ਸ਼ੁੱਧ ਸੁਰੂਪ ਭਾਨ ਨਹੀਂ ਹੁੰਦਾ। ਤੈਸੇ ਹੀ ਛੰਦਾਂ ਦੇ ਅਕਰ ਮਾਤ੍ਰਾ ਗਣ ਆਦਿਕ ਦਾ ਗਯਾਨ ਕਾਵਯਰਚਨਾ ਵਿੱਚ ਬਿਨਾ ਸੰਸੇ ਸਹਾਈ ਹੁੰਦਾ ਹੈ, ਪਰ ਕਿਸੇ ਨੂੰ ਕਵੀ ਨਹੀਂ ਬਣਾ ਸਕਦਾ, ਇਹ ਬਾਤ, ਅਭਯਾਸ ਅਰੁ ਪ੍ਰਤਿਭਾ ਦੇ ਅਧੀਨ ਹੈ।

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਸਹੰਸ੍ਰਾਂ ਪ੍ਰਕਾਰ ਦੇ ਛੰਦ ਆਏ ਹਨ ਉਹਨਾਂ ਸਭਨਾਂ ਦਾ ਜੇ ਜਿਕਰ ਕਰਨ ਲੱਗੀਏ ਤਾਂ ਸ਼ੋਧ ਪ੍ਰਬੰਧ ਬਹੁਤ ਵੱਡਾ ਹੋ ਜਾਵੇਗਾ ਇਸ ਲਈ ਕਈ

ਪ੍ਰਕਾਰ ਦੇ ਛੰਦਾਂ ਦਾ ਵੇਰਵਾ ਅਕਰਕ੍ਰਮ ਅਨੁਸਾਰ, ਛੰਦਾ ਦੇ ਨਾਮ, ਉਹਨਾਂ ਦੇ ਲਕਣ ਅਤੇ ਉਦਾਹਰਣ ਇਸ ਪ੍ਰਕਾਰ ਹੈ :

**ਉਗਾਥਾ**

ਲਕਣ-ਚਾਰ ਚਰਣ, ਪ੍ਰਤਿ ਚਰਣ ਜ, ਤ, ਰ , ਗ. ।ऽ।, ऽ ऽ।, ऽ। ऽ, ऽ. ਪੰਜ ਪੰਜ ਅਕਰਾਂ ਪਰ ਵਿਸ਼੍ਰਾਮ। ਉਦਾਹਰਣ -

ਅਜਿੱਤ ਜਿੱਤੇ, ਅਬਾਹ ਬਾਹੇ॥
ਅਖੰਡ ਖੰਡੇ, ਅਦਾਹ ਦਾਹੇ॥
ਅਭੰਡ ਭੰਡੇ, ਅਡੰਗ ਡੰਗੇ॥
ਅਮੁੰਨ ਮੁੰਨੇ, ਅਭੰਗ ਭੰਗੇ॥੨੨੫॥ (ਰਾਮਾਵਤਾਰ)

**ਉਗਾਧ**

ਇਸ ਦਾ ਨਾਮ "ਤਿਲਕੜੀਆ" ਅਤੇ "ਯਸ਼ੋਧਾ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ, ਜ, ਗ, ਗ. ।ऽ।, ऽ, ऽ. ਉਦਾਹਰਣ -

ਸਬਾਰਿ ਨੈਣੰ॥ ਉਦਾਸ ਬੈਣੰ॥
ਕਹਯੋ ਕੁਨਾਰੀ॥ ਕੁਵ੍ਰਿੱਤਿ ਕਾਰੀ॥ (ਰਾਮਾਵਤਾਰ)

**ਉਛਾਲਾ-ਉਛਾਲ**

ਇਸ ਦਾ ਨਾਮ "ਹੰਸਕ" ਅਤੇ "ਪੰਕਤਿ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਭ, ਗ, ਗ. ऽ।।, ऽ, ऽ. ਉਾਦਹਰਣ-

ਗਾਵਤ ਨਾਰੀ। ਬਾਜਤ ਤਾਰੀ।
ਦੇਖਤ ਰਾਜਾ। ਦੇਵਤ ਸਾਜਾ॥ (ਅਜਰਾਜ)

**ਅਸਤਰ**

ਇਸ ਦਾ ਨਾਮ "ਭੁਜੰਗਪ੍ਰਯਾਤ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿਚਰਣ ਚਾਰ ਯਗਣ, । ऽ ऽ, । ऽ ऽ, । ऽ ऽ. ਉਦਾਹਰਣ-

ਮਹਾ ਘੋਰ ਕੈਕੈ ਘਨੰ ਕੀ ਘਟਾ ਜਿਯੋਂ।।

ਸੁ ਧਾਯਾ ਰਣੰ ਬਿੱਜੁਲੀ ਕੀ ਛਟਾ ਜਿਯੋਂ।।

ਸੁਨੇ ਸਰਬ ਦਾਨੋ ਸਮੌਹੈਂ ਸਿਧਾਯ ।।

ਮਹਾਂ ਕ੍ਰੋਧ ਕੈਕੈ ਸੁ ਬਾਜੀ ਨਚਾਯੇ।। (ਮਾਂਧਾਤਾ)

## ਅਚਕੜਾ

ਇਸ ਦਾ ਨਾਮ "ਸ੍ਰਗ੍ਵਿਣੀ" – "ਕਾਮਿਨੀ-ਮੋਹਨਾ" ਅਤੇ "ਲਕਮੀਧਰਾ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਚਾਰ ਰਗਣ, ऽ।ऽ, ऽ।ऽ, ऽ।ऽ, ऽ।ऽ. ਉਦਾਹਰਣ-

ਅੰਬਕਾ ਤੋਤਲਾ ਸੀਤਲਾ ਸਾਕਿਣੀ।।

ਸਿੰਧੁਰੀ ਸੁਪ੍ਰਭਾ ਸੁਭ੍ਰਮਾ ਡਾਕਿਣੀ।।

ਸਾਵਜਾ ਸੰਭਿਰੀ ਸਿੰਧੁਲਾ ਦੁੱਖਰੀ।।

ਸੰਮਿਲਾ ਸੰਭਿਲਾ ਸੁਪ੍ਰਭਾ ਦੁੱਧਰੀ।।੬੩।। (ਪਾਰਸਨਾਥ)

## ਅਨੂਪ ਨਰਾਜ ਛੰਦ

ਇਸ ਦਾ ਲਕਣ ਨਰਾਜ ਛੰਦ ਤੋਂ ਭਿੰਨ ਨਹੀਂ, ਕਯੋਂਕਿ ਇਸ ਵਿੱਚ ਭੀ ਲਘੁ ਗੁਰੁ ਦੇ ਕ੍ਰਮ ਕਰਕੇ ਪ੍ਰਤਿ ਚਰਣ ਸੋਲਾਂ ਸੋਲਾਂ ਅੱਖਰ ਅਥਵਾ ਪ੍ਰਤਿ ਚਰਣ-ਜ, ਰ, ਜ, ਰ, ਜ, ਗ. ।ऽ।, ऽ।ऽ, ।ऽ।, ऽ।ऽ, ।ऽ।, ऽ. ਹੈਨ. ਸ੍ਰੀ ਦਸਮਗ੍ਰੰਥ ਸਾਹਿਬ ਜੀ ਵਿਖੇ ਵਰਣ ਮੇਤ੍ਰਤਾ ਦੇ ਕਾਰਣ "ਨਰਾਜ" ਦੇ ਆਦਿ "ਅਨੂਪ" ਪਦ ਡਾਯਾ ਲੱਯਾ ਹੈ। ਉਦਾਹਰਣ –

ਗਜੰ ਗਜੇ ਹਯੰ ਹਲੇ ਹਲਾਹਲੀ ਹਲੋਹਲੰ।।

ਬਬੱਜ ਸਿੰਧਰੇ ਸੁਰੰ ਛੁਟੰਤ ਬਾਣ ਕੇਵਲੰ।।

ਪਪੱਕ ਪੱਖਰੇ ਤੁਰੇ ਭਭੱਕ ਘਾਯ ਨ੍ਰਿਮੱਲੰ।।

ਪਲੁੱਥ ਲੁੱਥ ਬਿੱਥਰੀ ਅਮੱਥ ਜੁੱਥ ਉੱਥਲੰ।। (ਰਾਮਾਵਤਾਰ)

## ਅਲਕਾ

ਇਸ ਦਾ ਨਾਮ "ਕੁਸੁਮਵਿਚਿਤ੍ਰਾ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਨ, ਯ, ਨ, ਯ. ।।।, । ઽ ઽ, ।।।, । ઽ ઽ ઽ, ਉਦਾਹਰਣ-

ਚਰਪਟ ਸੈਣੰ ਖਟਪਟ ਭਾਜੇ॥

ਝਟਪਟ ਜੁੱਝਯੇ ਲਖ ਰਣ ਰਾਜੇ॥

ਸਟਪਟ ਭਾਜੇ ਅਟਪਟ ਸੂਰੰ॥

ਝਟਪਟ ਬਿਸ੍ਰੀ ਘਟਪਟ ਹੂਰੰ॥ (ਰਾਮਾਵਤਾਰ)

4. **ਅੜਿੱਲ ਦਾ ਚੌਥਾ ਭੇਦ** - ਪ੍ਰਤਿ ਚਰਣ ਇੱਕੀ ਮਾਤ੍ਰਾ, 11-1● ਪਰ ਵਿਸ਼੍ਰਾਮ, ਅੰਤ ਰਗਣ, ਅਰ ਚੌਥੀ ਤਕ ਦੇ ਆਦਿ ਹੋ! ਹਰਹਾਂ! ਆਦਿਕ ਕੋਈ ਸੰਬੋਧਕ ਪਦ. ਇਸ ਦੀ "ਚੌਬੋਲਾ" ਸੰਗਯਾ ਭੀ ਹੈ. ਸੰਬੋਧਨ ਦੀ ਮਾਤ੍ਰਾ ਗਿਣਤੀ ਤੋਂ ਬਾਹਰ ਹੁੰਦੀ ਹੈ। ਉਦਾਹਰਣ-

ਸੁਨੈ ਗੁੰਗ ਜੋ ਯਾਹਿ, ਸੁ ਰਸਨਾ ਪਾਵਈ॥

ਸੁਨੈ ਮੂੜ ਚਿਤ ਲਾਇ, ਚਤੁਰਤਾ ਆਵਈ॥

ਦੁਖ ਦਰਦ ਭੌਂ ਨਿਕਟ, ਨ ਤਿਨ ਨਰ ਕੇ ਰਹੈ॥

ਹੋ ਜੋ ਯਾਂਕੀ ਏਕ ਬਾਰ, ਚੌਪਈ ਕੋ ਕਹੈ॥

(ਬੇਨਤੀ ਚੌਪਈ ਦੇ ਅੰਤ)

## ਏਕਅੱਛਰੀ-ਏਕਾਕਰੀ

ਲਕਣ-ਚਾਰ ਚਰਣ, ਪ੍ਰਤਿ ਚਰਣ ਇੱਕ ਦੀਰਘ ਅੱਖਰ, ਇਯ ਦਾ ਨਾਮ 'ਸ਼੍ਰੀ' ਭੀ ਹੈ, ਉਦਾਹਰਣ -

ਮਾ । ਭਾ । ਰਾ । ਦਾ ॥

2. **ਦੂਜਾ ਭੇਦ** - "ਮਹੀ" ਛੰਦ ਦੇ ਚਾਰੇ ਚਰਣਾਂ ਦੇ ਆਦਿ ਇੱਕੋ ਅਖਰ ਹੋਵੇ। ਮਹੀ ਦਾ ਲਕਣ ਹੈ ਪ੍ਰਤਿ ਚਰਣ ਇੱਕ ਲਘੁ ਇੱਕ ਗੁਰੁ ਉਦਾਹਰਣ -

ਅਜੈ॥ ਅਲੈ॥ ਅਭੈ॥ ਅਬੈ॥ (ਜਾਪੁ)

3. **ਤੀਜਾ ਲਕਨ** – "ਮ੍ਰਿਗੇਂਦ੍ਰ" ਛੰਦ ਦੇ ਚਾਰੇ ਚਰਣਾਂ ਦੇ ਆਦਿ ਇੱਕੋ ਅੱਖਰ ਲਾਉਣ ਕਰਕੇ ਭੀ ਏਕਾਕਰੀ ਬਣਦਾ ਹੈ। ਮ੍ਰਿਗੇਂਦ੍ਰ ਦਾ ਲਕਣ ਹੈ-ਪ੍ਰਤਿ ਚਰਣ ਇੱਕ ਜਗਣ ।ऽ।.

**ਉਦਾਹਰਣ** –

ਅਗੰਜ॥ ਅਭੰਜ ॥ ਅਲੱਖ ॥ ਅਭੱਖ ॥ (ਜਾਪੁ)

4. **ਚੌਥਾ ਭੇਦ** – "ਸ਼ਸ਼ੀ" ਛੰਦ ਦੇ ਚੌਹਾਂ ਚਰਣਾ ਦੇ ਆਦਿ ਇੱਕੋ ਅੱਖਰ ਹੋਵੇ। ਸ਼ਸ਼ੀ ਦਾ ਲਕਣ-ਪ੍ਰਤਿ ਚਰਣ ਇੱਕ ਯਗਣ ।ऽऽ.

ਨ ਰਾਗੇ ॥ ਨ ਰੰਗੇ ॥ ਨ ਰੂਪੇ ॥ ਨ ਰੇਖੇ ॥

**ਸਵੈਯਾ**

ਇਹ ਚਾਰ ਚਰਣ ਦਾ ਸਰਵਪ੍ਰਿਯ ਛੰਦ, ਭਿੰਨ ਭਿੰਨ ਨਾਮਾਂ ਦਾ ਦੇਖੀਦਾ ਹੈ, ਪਰੰਤੂ ਵਿਸ਼ੇਸ਼ ਕਰਕੇ ਸਿਰਲੇਖ "ਸਵੈਯਾ" ਹੀ ਹੋਯਾ ਕਰਦਾ ਹੈ।

ਮਾਤ੍ਰਿਕ ਸਵੈਯੇ ਦੇ ਚਾਰੇ ਚਰਣਾਂ ਦਾ ਪਦਾਂਤ ਅਨੁਪ੍ਰਾਸ ਮਿਲੇ ਤਦ ਉੱਤਮ ਹੈ, ਨਹੀਂ ਤਾਂ ਦੋ ਚਰਣਾਂ ਦਾ ਜ਼ਰੂਰ ਮਿਲਣਾ ਚਾਹੀਯੇ, ਵਰਣਿਕ ਸਵੈਯੇ ਦੇ ਚਾਰੇ ਚਰਣਾਂ ਦਾ ਅੰਤਯਾਨੁਪ੍ਰਾਸ ਸਮਾਨ ਹੋਣਾ ਕਵੀਆਂ ਨੇ ਵਿਧਾਨ ਕੀਤਾ ਹੈ।

ਸਵੈਯੇ ਦਾ ਦਸਮਾ ਰੂਪ ਹੈ "ਮੱਤਗਯੰਦ" ਛੰਦ ਗ੍ਰੰਥਾਂ ਵਿਖੇ ਇਸ ਦਾ ਨਾਮ 'ਇਦਵ' ਅਤੇ "ਮਾਲਤੀ" ਭੀ ਦੇਖੀਦਾ ਹੈ। ਦਸਮਗ੍ਰੰਥ ਵਿਖੇ ਇਸ ਦੀ "ਬਿਜੈ" ਸੰਗਯਾ ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਸੱਤ ਭਗਣ, ਅੰਤ ਦੋ ਗੁਰੁ। ऽ।।, ऽ।। ऽ।।, ऽ।।, ऽ।।, ऽ।।, ऽ।।, ऽ, ऽ. ਉਦਾਹਰਣ –

ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿੱਖ ਭਵਾਨ ਜਪੈਂਗੇ॥
ਜੀਵ ਜਿਤੇ ਜਲ ਮੈ ਥਲ ਮੈ ਪਲ ਹੀ ਪਲਮੈ ਸਭ ਥਾਪ ਥਪੈਂਗੇ॥
ਪੁੰਨਾ ਪ੍ਰਤਾਪਨ ਬਾਢ ਜੈਤ ਧੁਨਿ ਪਾਪਨ ਕੇ ਬਹੁ ਪੁੰਜ ਖਪੈਂਗੇ॥
ਸਾਧੁ ਸਮੂਹ ਪ੍ਰਸੰਨ ਫਿਰੈਂ ਜਗ ਸਤ੍ਰੁ ਸਭੈ ਅਵਿਲੋਕ ਚਪੈਂਗੇ॥

(ਅਕਾਲ ਉਸਤਤਿ)

ਸਵੈਯੇ ਦਾ ਪੰਦ੍ਰਮਾ ਰੂਪ ਹੈ ਗਣਛੰਦ "ਦੁਰਮਿਲ" ਇਸ ਦਾ ਨਾਮ 'ਚੰਦ੍ਰਕਲਾ' ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਅੱਠ ਸਗਣ, ।। ऽ, ।। ऽ, ।। ऽ, ।। ऽ, ।। ऽ, ।। ऽ, ।। ऽ, ।। ऽ, ਉਦਾਹਰਣ -

ਫਿਰ ਬਾਜਤ ਡੰਕ ਅਤੰਕ ਸਮੈ
ਰਣ ਰੰਗ ਤੁਰੰਗ ਨਚਾਵਹਿੰਗੇ।।
ਕਸ ਬਾਨ ਕਮਾਨ ਗਦਾ ਬਰਛੀ
ਕਰ ਸੂਲ ਤ੍ਰਿਸੂਲ ਭ੍ਰਮਾਵਹਿੰਗੇ।।
ਗਣ ਦੇਵ ਅਦੇਵ ਪਿਸਾਚ ਪਰੀ
ਰਣ ਦੇਖ ਸਬੈ ਰਹਿਸਾਵਹਿੰਗੇ।।
ਭਲ ਭਾਗ ਭਯਾ ਇਹ ਸੰਭਲ ਕੇ
ਹਰਿ ਜੂ ਹਰਿਮੰਦਿਰ ਆਵਹਿੰਗੇ।। (ਕਲਕੀ)

**ਸਿਰਖਿੰਡੀ-ਸਿਰਖੰਡੀ**

ਇਸ ਦਾ ਨਾਮ "ਸ਼੍ਰੀਖੰਡ" ਭੀ ਹੈ, ਇਹ "ਪਲਵੰਗਮ" ਛੰਦ ਦਾ ਰੂਪਾਂਤਰ ਹੈ। ਇਸ ਛੰਦ ਦੀ ਤੁਕ ਦੇ ਮਧਯ ਅਨੁਪ੍ਰਾਸ ਦਾ ਮੇਲ, ਅਤੇ ਤੁਕਾਂਤ ਬੇ ਮੇਲ ਹੁੰਦਾ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ 21 ਮਾਤ੍ਰਾ, ਪਹਿਲਾ ਵਿਸ਼੍ਰਾਮ 12 ਪਰ, ਦੂਜਾ 9 ਪਰ, ਦੋਹਾਂ ਵਿਸ਼੍ਰਾਮਾਂ ਦੇ ਅੰਤ ਗੁਰੁ, ਉਦਾਹਰਣ -

ਜੁੱਟੇ ਵੀਰ ਜੁਝਾਰੇ, ਧੱਗਾਂ ਵੱਜੀਆਂ।।
ਬੱਜੇ ਨਾਦ ਕਰਾਰੇ, ਦਲਾਂ ਮੁਸ਼ਾਹਦਾ।।
ਲੁੱਝੇ ਕਾਰਣ ਆਰੇ, ਸੰਘਰ ਸੂਰਮੇ।।
ਵੁੱਠੇ ਜਾਨ ਡਰਾਰੇ, ਘਣੀਅਰ ਕੈਬਰੀ।। (ਰਾਮਾਵਤਾਰ)

**ਇਹੋ ਰੂਪ ਕਲਕੀ ਅਵਤਾਰ ਵਿਖੇ ਆਯਾ ਹੈ ਯਥਾ :-**

ਬਾਣੇ ਅੰਗ ਭੁਜੰਗੀ, ਸਾਵਲ ਸੋਹਣੇ।।
ਤ੍ਰੈ ਸੈ ਹੱਥ ਉਤੰਗੀ, ਖੰਡਾ ਧੂਹਿਆ।।

## ਹਰਿਬੋਲਮਨਾ

ਇਸ ਦਾ ਨਾਮ "ਤਿਲਕਾ" ਭੀ ਹੈ

ਲਕਣ-ਚਾਰ ਚਰਣ, ਪ੍ਰਤਿ ਚਰਣ, ਦੋ ਸਗਣ. ।।ऽ. ਉਦਾਹਰਣ -

ਕਰੁਣਾਲਯ ਹੈ।। ਅਰਿ ਘਾਲਯ ਹੈਂ।।

ਖਲਖੰਡਨ ਹੈਂ।। ਮਹਿਮੰਡਨ ਹੈਂ।।

## ਹੋਹਾ

ਇਸ ਦਾ ਨਾਮ "ਸੁਧੀ" ਭੀ ਹੈ।

ਲਕਣ-ਚਾਰ ਚਾਰਣ, ਪ੍ਰਤਿ ਚਰਣ ਜ, ਗ. ।ऽ।, ऽ. ਉਦਾਹਰਣ -

ਟੁਟੇ ਪਰੇ। ਨਵੇਂ ਮੁਰੇ। ਅਸੰ ਧਰੇ। ਰਿਸੰ ਭਰੇ।। (ਰਾਮਾਵਤਾਰ)

## ਕਬਿੱਤ-ਕਵਿੱਤ

ਸਾਮਾਨਯ ਕਰਕੇ ਸਭ ਛੰਦ ਕਬਿੱਤ (ਕਵਿਤ੍ਵ) ਕਹੇ ਜਾ ਸਕਦੇ ਹਨ, ਪਰ ਵਿਸ਼ੇਸ਼ ਕਰਕੇ ਇਕ ਮੁਕਤ, ਜਾਤਿ ਦਾ ਛੰਦ ਹੈ, ਜਿਸ ਦਾ ਨਾਮ "ਮਨਹਰ" ਅਥਵਾ "ਮਨਹਰਣ" ਹੈ।

ਇਸ ਦਾ ਲਕਣ ਹੈ ਚਾਰ ਚਰਣ, ਪ੍ਰਤਿ ਚਰਣ 31 ਅਸ਼ਰ. ਤਿੰਨ ਵਿਸ਼੍ਰਾਮ ਅੱਠ ਅੱਠ ਵਰਣਾ ਪਰ, ਚੋਥਾ ਸੱਤ ਪਰ, ਅੰਤ ਗੁਰੂ। ਇਯ ਛੰਦ ਵਿਖੇ ਸਮ ਵਰਣਾ ਦਾ ਪ੍ਰਯੋਗ ਅਤੇ ਅਨੁਪ੍ਰਾਸ, ਰਚਨਾ ਦੀ ਬਹੁਤ ਮਨੋਹਰਤਾ ਕਰਦਾ ਹੈ।

(ੳ) ਛਤ੍ਰਧਾਰੀ ਛਤ੍ਰੀਪਤਿ, ਛੈਲਰੂਪ ਛਿਤਿਨਾਥ,

ਛੋਣੀਕਰ ਛਾਯਾਬਰ ਛਤ੍ਰਪਤਿ ਗਾਈਐ।। (ਗਯਾਨ ਪ੍ਰਬੋਧ)

(ਅ) ਬਿਸ੍ਵਪਾਲ ਜਗਤਕਾਲ ਦੀਨਦਯਾਲੁ ਵੈਰੀਸਾਲ,

ਸਦਾ ਪ੍ਰਤਿਪਾਲ ਜਮਜਾਲ ਤੇ ਰਹਿਤ ਹੈ।। (ਅਕਾਲ ਉਸਤਤਿ)

(ੲ) ਸੋਧਹਾਰੇ ਦੇਵਤਾ ਬਿਰੋਧਹਾਰੇ ਦਾਨੋ ਬਡੇ,

ਬੋਧਹਾਰੇ ਬੋਧਕ ਪ੍ਰਬੋਧ ਹਾਰੇ ਜਾਪਸੀ।। (ਅਕਾਲ ਉਸਤਤਿ)

## ਕਿਲਕਾ

ਇਸ ਨੂ 'ਅਸਤਾ' ਅਤੇ 'ਤੋਟਕ' ਭੀ ਆਖਦੇ ਹਨ। ਜੈਸੇ ਸੰਖਨਾਰੀ ਦਾ ਦੂਜਾ ਸੁਰੂਪ ਭੁਜੰਗ ਪ੍ਰਯਾਤ ਹੈ, ਤੈਸੇ ਹੀ ਤਿਲਕਾ ਦਾ ਦੂਜਾ ਰੂਪ ਕਿਲਕਾ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ ॥ऽ, ॥ऽ, ॥ऽ, ॥ऽ. ਉਦਾਹਰਣ-

ਪਕਰੈਂ ਨਿਤ ਪਾਪ ਪਰਾਤ ਘਨੇ॥
ਜਨ ਦੇਖਨ ਕੇ ਤਰ ਸ਼ੁੱਧ ਬਨੇ॥
ਜਗ ਛੋਰ ਭਜਾ ਗਤਿ ਧਮੰਨ ਕੀ॥
ਸੁ ਜਹਾਂ ਤੰਹਿ ਪਾਪਕ੍ਰਿਯਾ ਪ੍ਰਚੁਰੀ॥ (ਕਲਕੀ)

## ਕੁੰਡਰੀਆ-ਕੁੰਡਲਿਯਾ-ਕੁੰਡਲੀਆ

ਲਕਣ-ਛੀ ਚਰਣ, ਪਹਿਲੇ ਦੋ ਚਰਣ ਦੋਹਾ, ਫੇਰ ਚਾਰ ਚਰਣ ਰੋਲਾ, ਅਰਥਾਤ ਚੋਬੀਹ ਚੌਬੀਹ ਮਾਤ੍ਰਾ ਦੇ ਚਾਰ ਚਰਣ। ਹਰੇਕ ਚਰਣ ਦਾ ਪਹਿਲਾ ਵਿਸ਼੍ਰਾਮ 11 ਮਾਤ੍ਰਾ ਪਰ, ਦੂਜਾ 13 ਪਰ, ਦੋਹੇ ਦਾ ਅੰਤਿਮ ਪਦ ਸਿੰਘਾਵਲੋਕਨ ਨਯਾਯ ਕਰਕੇ ਰੋਲੇ ਦਾ ਮੁੱਢ, ਅਤੇ ਰੋਲੇ ਦਾ ਅੰਤਿਮ ਪਦ ਦੋਹੇ ਦੇ ਆਦਿ ਹੋਣਾ ਚਾਹੀਯੇ, ਪਦਾਂ ਦਾ ਕੁੰਡਲਾਕਾਰ ਹੋਕੇ ਆਉਣਾ ਹੀ "ਕੁੰਡਲੀਆ" ਨਾਮ ਦਾ ਕਾਰਣ ਹੈ। ਇਹ ਛੰਦ ਕਲਸ ਜਾਤਿ ਵਿੱਚੋਂ ਹੈ। ਉਦਾਹਰਣ -

ਸ੍ਰੀ ਦਸਮਗ੍ਰੰਥ ਸਾਹਿਬ ਜੀ ਵਿੱਚ ਚਾਰ ਚਰਣ ਦਾ ਕੁੰਡਲੀਆ ਆਂਉਦਾ ਹੈ, ਪਹਿਲੇ ਦੋ ਚਰਣ ਦੋਹਾ, ਪਿਛਲੇ ਦੋ ਚਰਣ ਰੋਲੇ ਦੇ, ਯਥਾ :-

ਦੀਨਨ ਕੀ ਰੱਛਾ ਨਮਿਤ, ਕਰ ਹੈਂ ਆਪ ਉਪਾਯ॥
ਪਰਮਪੁਰਖ ਪਾਵਨ ਸਦਾ, ਆਪ ਪ੍ਰਗਟਹੈਂ ਆਯ॥
ਆਪ ਪ੍ਰਗਟਹੈਂ ਆਯ, ਦੀਨ ਰੱਛਾ ਕੇ ਕਾਰਣ॥
ਅਵਤਾਰੀ ਅਵਤਾਰ, ਧਰਾ ਕੇ ਭਾਰ ਉਤਾਰਣ॥ (ਕਲਕੀ)

## ਕੁਲਕ

ਸ੍ਰੀ ਦਸਮਗ੍ਰੰਥ ਸਾਹਿਬ ਜੀ ਵਿੱਚ ਕੁਲਕ ਦਾ ਰੂਪ ਹੈ-ਚਾਰ ਚਰਣ, ਪ੍ਰਤਿ ਚਰਣ ਭ, ਜ. ऽ।।, ।ऽ।. ਉਦਾਹਰਣ -

ਧੰਧਕਤ ਇੰਦ॥ ਚੰਚਕਤ ਚੰਦ॥

ਥੰ ਥਕਤ ਪੌਨ॥ ਭੰ ਭਜਤ ਮੌਨ॥ (ਦੱਤ ਅਵਤਾਰ)

## ਚਤੁਸ਼ਪਦੀ-ਚਤੁਰਪਦੀ

ਸਾਮਾਨਯ ਕਰਕੇ ਚਾਰ ਪਦਾਂ ਵਾਲੇ ਛੰਦ ਦੀ ਸਗਯਾ ਹੈ। ਵਿਸ਼ੇਸ਼ ਕਰਕੇ ਇਸ ਛੰਦ ਦਾ ਰੂਪ ਹੈ-ਚਾਰ ਚਰਣ, ਪ੍ਰਤਿ ਚਰਣ 3● ਮਾਤ੍ਰਾ। ਪਹਿਲਾ ਵਿਸ਼੍ਰਾਮ 1● ਪਰ, ਦੂਜਾ 8 ਪਰ, ਅਰੁ ਤੀਜਾ 12 ਪਰ, ਅੰਤ ਇੱਕ ਸਗਣ, ਇੱਕ ਗੁਰੁ। ਇਸ ਦਾ ਨਾਮ "ਚਵਪੈਯਾ" ਅਥਵਾ "ਚੌਪੈਯਾ" ਭੀ ਹੈ। ਉਦਾਹਰਣ -

ਜਪ ਹੈਂ ਨ ਭਵਾਨੀ, ਅਕਥ ਕਹਾਨੀ,

ਪਾਪ ਕਰਮ ਰਤਿ ਐਸੇ॥

ਮਾਨਹੈਂ ਨ ਦੇਵੰ, ਅਲਖ ਅਭੇਵੰ,

ਦੁਰਕ੍ਰਿਤ ਮੁਨਿਵਰ ਜੈਸੇ॥

ਚੀਨਹੈਂ ਨ ਬਾਤੰ, ਪਰਤ੍ਰਿਯ ਰਾਤੰ॥

ਧਰਮ ਨ ਕਰਮ ਉਦਾਸੀ॥

ਜਾਨਹੈਂ ਨ ਬਾਤੰ, ਅਧਿਕ ਅਗਯਾਤੰ॥

ਅੰਤ ਨਰਕ ਕਰ ਬਾਸੀ। (ਕਲਕੀ)

## ਚਰਪਟ

ਸ੍ਰੀ ਦਸਮਗ੍ਰੰਥ ਸਾਹਿਬ ਜੀ ਵਿਖੇ ਇਸ ਛੰਦ ਦੇ ਦੋ ਸਰੂਪ ਹੈਨ, ਇਕ-ਭ, ਗ, ਗ. ऽ।।, ऽ, ऽ. ਇਹ "ਉਛਾਲ" "ਹੰਸਕ" ਅਤੇ "ਪੰਕਿਤ" ਦਾ ਹੀ ਨਾਮਾਂਤਰ ਹੈ, ਉਦਾਹਰਣ -

ਅੰਮ੍ਰਿਤ ਕ੍ਰਮੇਂ॥ ਅੰਮ੍ਰਿਤ ਧ੍ਰਮੇਂ॥

ਅੱਖਲ ਜੋਗੇ॥ ਅੱਚਲ ਭੋਗੇ॥ (ਜਾਪੁ)

2. ਦੂਜਾ ਰੂਪ – ਪ੍ਰਤਿ ਚਰਣ ਸ, ਗ, ਗ, ॥ ऽ, ऽ, ऽ. ਯਥਾ :–

ਸਰਬੰ ਦੇਵੰ॥ ਸਰਬੰ ਭੇਵੰ॥

ਸਰਬੰ ਕਾਲੇ॥ ਸਰਬੰ ਪਾਲੇ॥

ਦੱਤਾਵਤਾਰ ਵਿਖੇ ਇਹੀ ਰੂਪ ਚਰਪਟ ਦਾ ਫੇਰ ਆਯਾ ਹੈ, ਯਥਾ :–

ਗਲਿਤੰ ਜੋਗੰ। ਦਲਿਤੰ ਭੋਗੰ।

ਭਗਵੇ ਭੇਸੰ। ਸੁਫਲੇ ਦੇਸੰ॥

## ਚਾਚਰੀ

ਏਹ "ਸੁਧੀ" ਛੰਦ ਦਾ ਹੀ ਨਾਮਾਂਤਰ ਹੈ।

ਲਕਣ–ਚਾਰ ਚਰਣ, ਪ੍ਰਤਿ ਚਰਣ ਜ, ਗ, ।ऽ।, ऽ. ਉਦਾਹਰਣ –

ਅਲੇਖ ਹੈਂ॥ ਅਭੇਖ ਹੈਂ॥

ਅਨਾਮ ਹੈਂ॥ ਅਕਾਮ ਹੈਂ॥ (ਜਾਪੁ)

2. ਚਾਚਰੀ ਦਾ ਦੂਜਾ ਰੂਪ ਹੈ "ਸ਼ਸ਼ੀ" ਛੰਦ। ਅਰਥਾਤ ਪ੍ਰਤਿ ਚਰਣ ਇੱਕ ਯਗਣ। ਯਥਾ :–

ਗੁਬਿੰਦੇ॥ ਮੁਕੰਦੇ॥ ਉਦਾਰੇ॥ ਅਪਾਰੇ॥ (ਜਾਪੁ)

## ਚਾਮਰ

ਇਸ ਦਾ ਨਾਮ "ਸੋਮਵੱਲਰੀ" ਅਤੇ "ਤੂਣ" ਭੀ ਹੈ। ਲਕਣੇ–ਚਾਰ ਚਰਣ, ਪ੍ਰਤਿ ਚਰਣ ਗੁਰੁ ਲਘੁ ਦੇ ਕ੍ਰਮ ਅਨੁਸਾਰ 15 ਅੱਖਰ। ਅਥਵਾ ਪ੍ਰਤਿ ਚਰਣ–ਰ, ਜ, ਰ, ਜ. ਰ. ऽ।ऽ, ।ऽ।, ऽ।ऽ, ।ऽ।, ऽ।ऽ. ਉਦਾਹਰਣ –

ਸ਼ਸਤ੍ਰ ਅਸਤ੍ਰ ਲੈ ਸਕੋਪ ਬੀਰ ਬੋਲਕੈ ਸਬੈ॥

ਕੋਪ ਓਪ ਦੈ ਹਠੀ ਸੁ ਧਾਯਕੈ ਪਰੇ ਤਬੈ॥

ਕਾਨ ਕੇ ਪ੍ਰਮਾਨ ਬਾਨ ਤਾਨ ਤਾਨ ਛੋਰਹੀਂ॥

ਝੂਝ ਝੂਝਕੈ ਮਰੈਂ ਨ ਨੈਕ ਮੁੱਖ ਮੋਰਹੀਂ॥ (ਕਲਕੀ)

## ਚੌਪਈ

ਪ੍ਰਤਿ ਚਰਣ 16 ਮਾਤ੍ਰਾ, ਅੰਤ ਗੁਰੁ। ਇਸ ਚੌਪਈ ਦਾ ਨਾਮ "ਰੂਪਚੌਪਈ" ਭੀ ਹੈ। ਇਸ ਦੇ ਅੰਤ ਜਗਣ ਅਤੇ ਤਗਣ ਦਾ ਨਿਸ਼ੇਧ ਹੈ। ਉਦਾਹਰਣ –

ਜਾਤਿ ਪਾਤਿ ਜਿਹ ਚਿਹਨ ਨ ਬਰਨਾ॥

ਅਬਿਗਤ ਦੇਵ ਅਛੈ ਅਨਭਰਮਾ॥

ਸਬ ਕੋ ਕਾਲ ਸਭਿਨ ਕੋ ਕਰਤਾ॥

ਰੋਗ ਸੋਗ ਦੋਖਨ ਕੋ ਹਰਤਾ॥ (ਅਕਾਲਉਸਤਤਿ)

## ਛਪਾ–ਛਪੈ–ਛੱਪਯ

ਛੀ ਚਰਣ ਹੋਣ ਕਰਕੇ ਇਸ ਦਾ ਨਾਮ "ਖਟਪਦ" ਅਤੇ ਛੱਪਯ ਹੈ। ਇਸ ਛੰਦ ਦੀਆਂ ਤਿੰਨ ਜਾਤੀਆਂ ਪ੍ਰਸਿੱਧ ਹਨ :-

(ੳ) ਪਹਿਲਾਂ ਰੋਲਾ, ਅੰਤ ਦੋ ਚਰਣ ਦੋਹਾ.

(ਅ) ਪਹਿਲਾਂ ਰੋਲਾ, ਅੰਤ ਦੋ ਚਰਣ ਉੱਲਾਲ ਦੇ, ਜਿਸ ਦੀਆਂ ਪ੍ਰਤਿ ਚਰਣ 26 ਮਾਤ੍ਰਾ ਹੁੰਦੀਆਂ ਹਨ।

(ੲ) ਪਹਿਲੀ ਚਾਰ ਤੁਕਾਂ ਰੋਲਾ, ਅਰਥਾਤ ਪ੍ਰਤਿ ਚਰਣ 24 ਮਾਤ੍ਰਾ, 11–13 ਪਰ ਵਿਸ਼ਾਮ, ਅੰਤ ਦੀਆਂ ਦੋ ਤੁਕਾਂ ਉੱਲਾਲ ਛੰਦ, ਅਰਥਾਤ ਪ੍ਰਤਿ ਚਰਣ 28 ਮਾਤ੍ਰਾ. 15–13 ਪਰ ਵਿਸ਼ਾਮ। ਕੁੱਲ ਮਾਤ੍ਰਾ 152. ਛੱਪਯ ਦੀ ਇਹ ਜਾਤਿ ਪਹਿਲੇ ਦੋ ਭੇਦਾਂ ਨਾਲੋਂ ਸਰਵਪ੍ਰਿਯ ਹੈ।

ਗੁਰੁ ਲਘੁ ਅਕਰਾਂ ਦੇ ਵੱਧ ਘੱਟ ਹੋਣ ਕਰਕੇ ਛੱਪਯ ਦੇ 71 ਭੇਦ ਹਨ, ਪਰ ਅਸੀਂ ਇਸ ਥਾਂ ਓਹ ਸਰੂਪ ਦਿਖਾਉਨੇ ਹਾਂ ਜੋ ਸਿੱਖਕਾਵਯ ਵਿਖੇ ਪਾਏ ਜਾਂਦੇ ਹਨ :-

ਗੁਰੁ 29 ਅਤੇ 94 ਲਘੁ ਵਾਲੇ ਛੱਪਯ ਦੀ "ਬੁੱਧਿ"

ਸੰਗਯਾ ਹੈ ਉਦਾਹਰਣ -

ਚਕ੍ਰ ਚਿਹਨ ਅਰੁ ਬਰਨ, ਜਾਤਿ, ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰ ਰੇਖ, ਭੇਖ ਕੋ ਕਹਿ ਨ ਸਕਤ ਕਿਹ॥
ਅਚਲ ਮੂਰਤਿ ਅਨੁਭਵ ਪ੍ਰਕਾਸ਼, ਅਮਿਤੋਜਾ ਕਹਿੱਜੈ॥
ਕੋਟਿ ਇੰਦ੍ਰ ਇੰਦ੍ਰਾਣ, ਸ਼ਾਹ ਸ਼ਾਹਾਨ ਗਣਿੱਜੈ॥
ਤ੍ਰਿਭਵਣ ਮਹੀਪ ਸੁਰ ਨਰ ਅਸੁਰ, ਨੇਤਿ ਨੇਤਿ ਬਨ ਤ੍ਰਿਣ ਕਹਿਤ॥
ਤਵ ਸਰਬ ਨਾਮ ਕੱਥੈ ਕਵਨ,  ਕਰਮ ਨਾਮ, ਬਰਣਤ ਸੁਮਤਿ॥੧॥

(ਜਾਪੁ)

**ਛੰਦਵਡਾ**

ਸ੍ਰੀ ਦਸਮਗ੍ਰੰਥ ਸਾਹਿਬ ਜੀ ਵਿਚ "ਹਰਿਗੀਤਿਕਾ" ਲਿਖਣ ਦੀ ਥਾਂ "ਛੰਦਵਡਾ" ਪਾਠ ਲਿਖਿਆ ਹੈ। ਇਸ ਦਾ ਲਕਣ ਹੈ-ਚਾਰ ਚਰਣ, ਪ੍ਰਤਿ ਚਰਣ 28 ਮਾਤ੍ਰਾ. 16-12 ਪਰ ਵਿਸ਼੍ਰਾਮ, ਅੰਤ ਰਗਣ ऽ।ऽ. ਉਦਾਹਰਣ -

ਪਤਿ ਸ਼ਬਦ ਆਦਿ ਉਚਾਰ ਕੈ
ਮ੍ਰਿਗ ਸ਼ਬਦ ਬਹੁਰ ਬਖਾਨਿਯੈ॥
ਅਰਿ ਸ਼ਬ ਬਹੁਰ ਉਚਾਰ ਤੁੱਪਕ
ਨਾਮ ਕੋ ਪਹਿਚਾਨਿਯੈ॥
ਨਹਿ ਭੇਦ ਯਾਮਹਿ ਨੈਕ ਹੈ
ਸਭ ਸੁਕਵਿ ਮਾਨਹੁ ਚਿੱਤ ਮੇ॥
ਜਹਿਂ ਜਾਨਿਯ ਤਹਿ ਦੀਜਿਯੇ
ਪਦ ਛੰਦ ਔਰ ਕਬਿੱਤ ਮੇ॥ (ਸ਼ਸਤ੍ਰਨਾਮਮਾਲਾ)

## ਝੂਲਾ

ਸ੍ਰੀ ਦਸਮਗ੍ਰੰਥ ਸਾਹਿਬ ਜੀ ਵਿਚ "ਸੋਮਰਾਜੀ" ਅਥਵਾ "ਅਰਧਭੁਜੰਗ" ਦਾ ਨਾਮ "ਝੂਲਾ" ਆਯਾ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਦੋ ਯਗਣ ।ऽऽ, ।ऽऽ. ਉਦਾਹਰਣ -

ਇਤੈ ਰਾਮ ਰਾਜੰ॥ ਕਰੈਂ ਦੇਵ ਕਾਜੰ॥

ਧਰੈ ਬਾਨ ਪਾਨੰ॥ ਭਰੇ ਬੀਰ ਮਾਨੰ॥ (ਰਾਮਾਵਤਾਰ)

## ਤਾਰਕ

ਸ੍ਰੀ ਦਸਮਗ੍ਰੰਥ ਸਾਹਿਬ ਜੀ ਵਿਖੇ ਏਹ "ਅਸਤਾ" ਅਤੇ "ਤੋਟਕ" ਦਾ ਹੀ ਨਾਮਾਂਤਰ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ ॥ऽ, ॥ऽ, ॥ऽ, ॥ऽ. ਉਦਾਹਰਣ-

ਕਲਕੀ ਅਵਤਾਰ ਰਿਸਾਵਹਿੰਗੇ,

ਭਟ ਓਘ ਪ੍ਰਯੋਘ ਗਿਰਾਵਹਿੰਗੇ॥ (ਕਲਕੀ)

2. ਪਿੰਗਲਗ੍ਰੰਥਾਂ ਵਿਖੇ ਚਾਰ ਸਗਣਾਂ ਦੇ ਅੰਤ ਇੱਕ ਗੁਰੁ ਲਾਂਉਣ ਕਰਕੇ "ਤਾਰਕ" ਹੁੰਦਾ ਹੈ, ਸ੍ਰੀ ਦਸਮਗ੍ਰੰਥ ਸਾਹਿਬ ਜੀ ਵਿੱਚ ਇਸ ਭੇਦ ਦਾ ਨਾਮ "ਤਾਰਕਾ" ਹੈ। ਦੇਖੋ ਤਾਰਕਾ।

## ਤਾਰਕਾ

ਲਕਣ-ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ, ਅੰਤ ਇੱਕ ਗੁਰੁ. ॥ऽ, ॥ऽ, ॥ऽ, ॥ऽ, ऽ. ਉਦਾਹਰਣ -

ਦਿਜਦੇਵ ਤਬੈ ਗੁਰ ਚੌਬਿਸ ਕੈਕੈ॥

ਗਿਰਿਮੇਰੁ ਗਏ ਸਭ ਹੀ ਮੁਨਿ ਲੈਕੈ॥ (ਦੱਤਾਵਤਾਰ)

## ਤਿਲਕੜੀਆ

ਇਸ ਦਾ ਨਾਮ "ਉਗਾਧ" ਅਤੇ "ਯਸ਼ੋਦਾ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਜ, ਗ, ਗ. ।ऽ।, ऽ, ऽ. ਉਦਾਹਰਣ-

ਚਟਾਕ ਚੋਟੈਂ॥ ਅਟਾਕ ਓਟੈਂ॥

ਝਟਾਕ ਝਾੜੈਂ॥ ਤੜਾਕ ਤਾੜੈਂ॥ (ਰਾਮਾਵਤਾਰ)

**ਤਿਲਕਾ**

ਸ੍ਰੀ ਦਸਮਗ੍ਰੰਥ ਸਾਹਿਬ ਜੀ ਵਿੱਚ "ਅਕਵਾ" "ਅਜਬਾ" ਅਤੇ "ਕਨਯਾ" ਛੰਦ ਦਾ ਹੀ ਨਾਮਾਂਤਰ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਮ, ਗ. ऽ ऽ ऽ, ऽ. ਉਦਾਹਰਣ -

ਭੱਗੇ ਵੀਰੰ॥ ਲੱਗੇ ਤੀਰੰ॥

ਪਿੱਖੇ ਰਾਮੰ॥ ਧਮੰ ਧਾਮੰ॥ (ਰਾਮਾਵਤਾਰ)

**ਤੋਟਕ**

ਇਸ ਦਾ ਨਾਮ "ਅਸਤਾ" "ਕਿਲਕਾ" ਅਤੇ "ਤਾਰਕ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਚਾਰ ਸਗਣ.।।ऽ, ।।ऽ, ।।ऽ, ।।ऽ. ਉਦਾਹਰਣ-

ਜਿਹ ਰਾਗ ਨ ਰੂਪ ਨ ਰੇਖ ਰੁਖੰ॥

ਜਿਹ ਤਾਪ ਨ ਸਾਪ ਨ ਸੋਕ ਸੁਖੰ॥

ਜਿਹ ਰੋਗ ਨ ਸੋਗ ਨ ਭੋਗ ਭੁਯੰ॥

ਜਿਹ ਖੇਦ ਨ ਭੇਦ ਨ ਛੇਦ ਛੁਯੰ॥ (ਅਕਾਲ ਉਸਤਤਿ)

**ਤੋਮਰ**

ਲਕਣ-ਚਾਰ ਚਰਣ, ਪ੍ਰਤਿ ਚਰਣ ਸ, ਜ, ਜ. ।।ऽ, ।ऽ।, ।ऽ।. ਉਦਾਹਰਣ-

ਅਕਲੰਕ ਰੂਪ ਅਪਾਰ॥

ਸਭ ਲੋਕ ਸੋਕ ਉਧਾਰ॥

ਕਲਿ ਕਾਲ ਕ੍ਰਮ ਬਿਹੀਨ॥

ਸਭ ਕ੍ਰਮ ਧ੍ਰਮ ਪ੍ਰਬੀਨ॥ (ਅਕਾਲ ਉਸਤਤਿ)

## ਤ੍ਰਿਗਤਾ

ਇਹ "ਅਕਵਾ" ਅਤੇ "ਅਜਬਾ" ਦਾ ਹੀ ਰੂਪ ਹੈ। ਅਰਥਾਤ ਪ੍ਰਤਿ ਚਰਣ ਮ, ਗ. ऽऽऽ, ऽ ਭੇਦ ਇਤਨਾ ਹੈ ਕਿ ਹਰੇਕ ਤੁਕ ਵਿਚ ਇੱਕ ਹੀ ਅੱਖਰ ਤਿੰਨ ਵਾਰ ਆਂਉਦਾ ਹੈ। ਇਹ ਛੰਦ ਯੁੱਧ ਸਮੇ ਜੁਝਾਊ ਮਾਰੂ ਲਈਂ ਵਰਤੀਦਾ ਹੈ। ਉਦਾਹਰਣ –

ਤੱ ਤੱ ਤੀਰੰ॥ ਬੱ ਬੱ ਬੀਰੰ॥

ਢੱ ਢੱ ਢਾਲੰ ॥ ਜੱ ਜੱ ਜ੍ਵਾਲੰ॥ (ਰਾਮਾਵਤਾਰ)

2. ਇਸ ਦਾ ਪਾਠ "ਤਤ ਤੀਰੰ-ਬਬ ਬੀਰੰ" ਭੀ ਬਹੁਤ ਪੜ੍ਹਦੇ ਹਨ। ਐਸੀ ਦਸ਼ਾ ਵਿਚ ਲਕਣ ਹੈ-ਪ੍ਰਤਿ ਚਰਣ ਸ, ਗ. ॥ऽ, ऽ. ਪਿੰਗਲ ਗ੍ਰੰਥਾਂ ਵਿੱਚ ਇਸ ਭੇਦ ਦਾ ਨਾਮ "ਦੇਵੀ" ਅਰੁ "ਰਮਾ" ਹੈ।

## ਤ੍ਰਿਣਣਿਣ

ਏਹ "ਅਕਰਾ" "ਅਣਕਾ" ਅਥਵਾ "ਸ਼ਸ਼ਿਵਦਨਾ" ਦਾ ਹੀ ਰੂਪ ਹੈ। ਅਰਥਾਤ ਚਾਰ ਚਰਣ, ਪ੍ਰਤਿ ਚਰਣ ਨ, ਯ. ।।।, । ऽ ऽ. ਨਾਮ ਦਾ ਕਾਰਣ ਕੇਵਲ ਯੁੱਧ ਵਿਖੇ ਹੋਣ ਵਾਲੇ ਸ਼ਬਦਾਂ ਦਾ ਅਨੁਕਰਣ, ਅਰੁ ਮੁੱਢ "ਤ੍ਰਿਣਣਿਣ" ਪਾਠ ਹੈ। ਉਦਾਹਰਣ –

ਤ੍ਰਿਣਣਿਣ ਤੀਰੰ॥ ਬ੍ਰਿਣਣਿਣ ਬੀਰੰ॥ ਢ੍ਰਣਣਣ ਢਾਲੰ ॥ ਜ੍ਰਣਣਣ। ਜ੍ਵਾਲੰ॥

(ਰਾਮਾਵਤਾਰ)

## ਤ੍ਰਿਭੰਗੀ

ਲਕਣ-ਚਾਰ ਚਰਣ, ਪ੍ਰਤਿ ਚਰਣ 32 ਮਾਤ੍ਰਾ. ਪਹਿਲਾ ਵਿਸ਼੍ਰਾਮ 1● ਪਰ, ਦੂਜਾ ਅਤੇ ਤੀਜਾ 8-8 ਪਰ, ਚੌਥਾ 6 ਮਾਤ੍ਰਾ ਪਰ, ਅੰਤ ਗੁਰੁ, ਹਰੇਕ ਚਰਣ ਵਿੱਚ ਤਿੰਨ ਭੰਗ (ਅਨੁਪ੍ਰਾਸ) ਹੋਣੇ ਜ਼ਰੂਰੀ ਹੈਨ, ਜੇ ਤੁਕਾਂਤ ਵਿਖੇ ਚੌਥਾ ਅਨਪ੍ਰਾਸ ਭੀ ਹੋਵੇ ਤਾਂ ਹੋਰ ਭੀ ਸੁੰਦਰਤਾ ਹੈ। ਉਦਾਹਰਣ-

ਖਗ ਖੰਡ ਬਿਹੰਡੰ, ਖਲ ਦਲ ਖੰਡੰ, ਅਤਿ ਰਣ ਮੰਡੰ, ਬਰਬੰਡੰ॥

ਭੁਜਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨੁਪ੍ਰਭੰ॥

ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ, ਕਿਲਵਿਖ ਹਰਣੰ, ਅਸਿ ਸਰਣੰ॥
ਜੈ ਜੈ ਜਗ ਕਾਰਣ, ਸ੍ਰਿਸ਼ਿ ਉਬਾਰਣ, ਮਮ ਪ੍ਰਤਿਪਾਰਣ, ਜੈ ਤੇਗੰ॥

(ਬਚਿਤ੍ਰ ਨਾਟਕ)

## ਦੋਹਰਾ-ਦੋਹਾ

ਦੋਹੇ ਦੀ ਚਾਲ ਤਦ ਸੁੰਦਰ ਰਹਿੰਦੀ ਹੈ, ਜੇ ਆਦਿ ਦੋ ਡਗਣ ਅਥਵਾ ਢਗਣ ਰੱਖੀਏ, ਅਰਥਾਤ ਚੋਕਲ ਨਾਲ ਚੌਕਲ ਦਾ ਅਤੇ ਤ੍ਰਿੱਕਲ ਨਾਲ ਤ੍ਰਿੱਕਲ ਦਾ ਸੰਯੋਗ ਕਰੀਏ। ਦੋ ਮਾਤ੍ਰਿਕ ਗਣਾਂ ਦੇ ਸੰਯੋਗ ਕਰਕੇ ਹੀ "ਦੋਹਾ" ਨਾਮ ਹੈ।

ਮਾਤ੍ਰਿਕ ਗਣਾਂ ਦੇ ਏਰ ਫੇਰ ਕਰਕੇ ਦੋਹੇ ਦੇ ਅਨੰਤ ਭੇਦ ਕਵੀਆਂ ਨੇ ਕਲਪੇ ਹਨ ਪਰੰਤੂ ਅਸੀਂ ਇਸ ਥਾਂ ਕੁਝ ਰੂਪ ਦਿਖਾਂਉਦੇ ਹਾਂ -

ਜਿਸ ਵਿਖੇ 16 ਗੁਰੂ ਅਤੇ 16 ਲਘੁ ਹੋਣ, ਉਹ "ਕਰਭ" ਦੋਹਾ ਹੈ। ਉਦਾਹਰਣ-

ਕਹੋ ਸੁ ਸਮ ਕਾਂ ਸੋ ਕਹੈਂ, ਦਮ ਕੋ ਕਹਾਂ ਕਹੰਤ॥
ਕੋ ਸੂਰਾ ਦਾਤਾ ਕਵਨ, ਕਹੋ ਤੰਤ ਕੋ ਮੰਤ॥ (ਅਕਾਲ ਉਸਤਤਿ)

## ਨਗਸਰੂਪਿਣੀ-ਨਗਸਰੂਪੀ

## ਨਗਸ੍ਵਰੂਪਿਣੀ

ਇਸ ਦਾ ਨਾਮ "ਪ੍ਰਮਾਣਿਕਾ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਜ, ਰ, ਲ, ਗ. ।ऽ।, ऽ।ऽ, ।, ऽ. ਉਦਾਹਰਣ-

ਅਨੇਕ ਸੰਤ ਤਾਰਣੰ॥ ਅਦੇਵ ਦੇਵ ਕਾਰਣੰ॥
ਸੁਰੇਸ ਭਾਇ ਰੂਪਿਣੰ॥ ਸਮ੍ਰਿਧਿ ਸਿੱਧਿ ਕੂਪਣੰ॥ (ਰਮਾਵਤਾਰ)

## ਨਗਸ੍ਵਰੂਪੀ ਅਰਧ

ਇਸ ਦਾ ਨਾਮ "ਸੁਧੀ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਜ, ਗ. ।ऽ।, ऽ. ਉਦਾਹਰਣ-

ਨ ਲਾਜਿਯੈ ॥ ਨ ਭਾਜਿਯੈ ॥ ਰਘੇਸ ਕੋ॥ ਬਨੇਸ਼ ਕੋ ॥ (ਰਮਾਵਤਾਰ)

## ਨਰਾਚ-ਨਰਾਜ

ਇਸ ਦਾ ਨਾਮ "ਨਾਗਰਾਜ" "ਪੰਚਚਾਮਰ" ਅਤੇ "ਵਿਚਿਤ੍ਰਾ" ਭੀ ਹੈ।

ਲਕਣ-ਚਾਰ ਚਰਣ. ਪ੍ਰਤਿ ਚਰਣ ਲਘ ਗੁਰੁ ਕ੍ਰਮ ਨਾਲ 16 ਅੱਖਰ, ਅੱਠ ਅੱਠ ਅੱਖਰਾਂ ਪਰ ਦੋ ਵਿਸ਼੍ਰਾਮ. ਅਥਵਾ ਪ੍ਰਤਿ ਚਰਣ ਜ, ਰ, ਜ, ਰ, ਜ, ਗ. ।ऽ।, ऽ।ऽ, ।ऽ।, ऽ।ऽ, ।ऽ, ऽ. ਉਦਾਹਰਣ-

ਅਗੰਜ ਆਦਿ ਦੇਵ ਹੈ, ਅਭੰਜ ਭੰਜ ਜਾਨਿਐ॥

ਅਭੂਤ ਭੂਤ ਹੈ ਸਦਾ, ਅਗੰਜ ਗੰਜ ਮਾਨਿਐ॥

ਅਦੇਵ ਦੇਵ ਹੈ, ਸਦਾ ਅਭੇਵ ਭੇਵ ਨਾਥ ਹੈ॥

ਸਮਸਤ, ਸਿੱਧਿ ਬ੍ਰਿੱਧਿਦਾ, ਸਦੀਵ ਸਰਬ ਸਾਥ ਹੈ॥ (ਅਕਾਲ ਉਸਤਤਿ)

## ਨਰਾਜ ਅਰਧ

ਏਹ ਨਗਸ੍ਵਰੂਪਿਣੀ ਅਥਵਾ ਪ੍ਰਮਾਣਿਕਾ ਦਾ ਹੀ ਰੂਪ ਹੈ, ਅਰੁ ਨਰਾਜ ਛੰਦ ਦਾ ਅੱਧਾ ਰੂਪ ਹੈ, ਅਰਥਾਤ ਲਘੁ ਗੁਰੁ ਕ੍ਰਮ ਨਾਲ ਪ੍ਰਤਿ ਚਰਣ ਅੱਠ ਅੱਖਰ, ਅਥਵਾ ਜ, ਰ, ਲ, ਗ. । ऽ।, ऽ।ऽ, ।, ऽ. ਉਦਾਹਰਣ -

ਸੁ ਧੂਮ ਧੂਮ ਧੂਮ ਹੀ॥ ਕਰੰਤ ਸੈਨ ਭੂਮਹੀ॥

ਬਿਅੰਤ ਧਯਾਨ ਧਯਾਵਹੀ॥ ਦੁਰੰਤ ਠੌਰ ਪਾਵਹੀ॥ (ਸੂਰਯਾਵਤਾਰ)

## ਲਘੁ ਨਰਾਜ

ਇਯ ਦਾ ਨਾਮ "ਸੁਧੀ" ਅਤੇ "ਹੋਹਾ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਲਘੁ ਗੁਰੁ ਕ੍ਰਮ ਨਾਲ ਚਾਰ ਅੱਖਰ, ਅਥਵਾ ਜ, ਗ. ।ऽ।, ऽ. ਉਦਾਹਰਣ -

ਜਲੇ ਹਰੀ॥ ਥਲੇ ਹਰੀ॥

ਉਰੇ ਹਰੀ॥ ਬਨੇ ਹਰੀ॥ (ਅਕਾਲਉਸਤਤਿ)

### ਨਵਨਾਮਕ

ਇਸ ਦਾ ਨਾਮ "ਨਰਹਰਿ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਚਣ ਦੋ ਲਗਣ, ਦੋ ਲਘੁ. ।।।, ।।।, ।, ।. ਉਦਾਹਰਣ-

ਤਰ ਭਰ ਪਰ ਸਰ।। ਨਿਰਖਤ ਸੁਰ ਨਰ।।

ਹਰਪੁਰ ਪੁਰ ਕਰ।। ਨਿਰਖਤ ਬਰ ਨਰ।। (ਰਾਮਾਵਤਾਰ)

### ਪਉੜੀ

ਢਾਢੀ ਲੋਕ ਯੁੱਧ ਦਾ ਪ੍ਰਸੰਗ ਵਾਰਤਿਕ ਸੁਣਾਕੇ ਉਸੇ ਦਾ ਸਾਰ ਪਉੜੀ ਛੰਦ ਵਿਚ ਲਯ ਤਾਰ ਸਾਥ ਮ੍ਰਿਦੰਗ ਦੀ ਸਹਾਯਤਾ ਨਾਲ ਗਾਕੇ ਪ੍ਰਕਰਣ ਸਮਾਪਤ ਕਰਦੇ ਹਨ, ਪਉੜੀ ਨਾਮ ਵਿਸ਼੍ਰਾਮ ਦਾ ਹੈ। ਇਸ ਛਦ ਵਿੱਚ ਯੁੱਧ ਦੀਆਂ ਵਾਰਾਂ ਰਚੀਦੀਆਂ ਹੈਨ. ਸ਼੍ਰੀ ਗੁਰੁ ਸਾਹਿਬ ਨੇ ਪੁਰਾਣੀ ਧਾਰਣਾ ਅਨੁਸਾਰ ਗੁਰੁਬਾਣਾਂ ਦੀਆਂ ਪੌੜੀਆਂ ਢਾਡੀ ਅਰੁ ਰਾਗੀਆਂ ਨੂੰ ਸਿਖਾਈਆਂ ਸਨ।

ਅੱਠ ਚਰਣ, ਪ੍ਰਤਿ ਚਰਣ 21 ਮਾਤ੍ਰਾ. ਪਹਿਲਾ ਵਿਸ਼੍ਰਾਮ 12 ਪਰ, ਅੰਤ ਦੋ ਗੁਰੁ. ਦੂਜਾ 9 ਪਰ, ਅੰਤ ਲਘੁ ਗੁਰੁ. ਮਧਯ ਅਨੁਪ੍ਰਾਸ ਦਾ ਮੇਲ, ਇਹ ਸ਼੍ਰੀਖੰਡ ਦਾ ਰੂਪ ਹੈ। ਉਦਾਹਰਣ-

ਅਗਣਿਤ ਘੁਰੇ ਨਗਾਰੇ, ਦਲਾਂ ਭਿੜੰਦਿਆਂ।।

ਪਾਏ ਮਹਖਲ ਭਾਰੇ, ਦੇਵਾਂ ਦਾਨਵਾਂ।। (ਚੰਡੀ ਦੀ ਵਾਰ)

ਪੰਜ ਚਰਣ, ਪ੍ਰਤਿ ਚਰਣ 23 ਮਾਤ੍ਰਾ. 13-1● ਪਰ ਵਿਸ਼੍ਰਾਮ, ਅੰਤ ਦੋ ਗੁਰੁ। ਏਹ ਦਟਪਟਾ ਅਤੇ ਨਿਸਾਨੀ ਛੰਦ ਦਾ ਰੂਪ ਹੈ। ਉਦਾਹਰਣ-

ਦੇਖਨ ਚੰਡ ਪ੍ਰਚੰਡ ਨੂੰ, ਰਣ ਘੁਰੇ ਨਗਾਰੇ।।

ਧਾਏ ਰਾਕਸ ਰੋਹਲੇ, ਚਉ ਗਿਰਦੋਂ ਭਾਰੇ।।

ਚਾਰ ਚਰਣ, ਤਿੰਨ ਚਰਣਾਂ ਦੀਆਂ 27 ਮਾਤ੍ਰਾ. 13-14 ਪਰ ਵਿਸ਼੍ਰਾਮ, ਅੰਤ ਦ ਗੁਰੁ ਚੌਥੇ ਚਰਣ ਦੀਆਂ 15 ਮਾਤ੍ਰਾ, ਅੰਤ ਦੋ ਗੁਰੁ. ਉਦਾਹਰਣ-

ਸੁੰਭ ਨਿਸੁੰਭ ਅਲਾਇਆ ਵਡ ਜੋਧੀਂ ਸੰਘਰਵਾਏ।।

ਰੋਹ ਦਿਖਾਲੀ ਦਿਤੀਆ, ਵਰਿਆਮੀ ਤੁਰੇ ਨਚਾਏ॥

ਦੇਉ ਦਾਨੋ ਲੁੱਝਣ ਆਏ॥ (ਚੰਡੀ ਦੀ ਵਾਰ)

ਅੱਠ ਚਰਣ, ਸੱਤ ਚਰਣ 28 ਮਾਤ੍ਰਾ ਦੇ, 13-15 ਪਰ ਵਿਸ਼੍ਰਾਮ, ਅੰਤ ਗੁਰੂ ਅੱਠਵੇਂ ਚਰਣ ਦੀਆਂ 17 ਮਾਤਾ, ਅੰਤ ਗੁਰੁ। ਉਦਾਹਰਣ-

ਸਾਧੂ ਸਤਜੁਗ ਬੀਤਿਆ, ਅਧਸੀਲੀ ਤ੍ਰੇਤਾ ਆਇਆ॥

ਨੱਚੀ ਕੱਲ ਸਰੋਸਰੀ, ਕਲ ਨਾਰਦ ਡੌਰੂ ਵਾਇਆ॥

ਪਾਸ ਦ੍ਰਗਾ ਦੇ ਇੰਦਰ ਆਇਆ॥ (ਚੰਡੀ ਦੀ ਵਾਰ)

## ਪਦਮਾਵਤੀ

ਇਸ ਦਾ ਨਾਮ "ਚਤੁਰਪਦੀ" ਅਤੇ "ਚਵਪੈਯਾ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ 3● ਮਾਤ੍ਰਾ, 1●-8-12 ਪਰ ਤਿੰਨ ਵਿਸ਼੍ਰਾਮ, ਅਤ ਸਗਣ ਅਤੇ ਗੁਰੁ. ॥ऽ, ऽ. ਪਹਿਲੇ ਅਤੇ ਦੂਜੇ ਵਿਸ਼੍ਰਾਮ ਦਾ ਅਨੁਪ੍ਰਾਸ ਮਿਲਵਾਂ, ਉਦਾਹਰਣ-

ਦਿਖਿਯਤ ਸਭ ਪਾਪੀ, ਨਹਿ ਹਰਿਜਾਪੀ,

ਤਦਪਿ ਮਹਾਂ ਰਿਸ ਠਾਨੈ॥

ਹੈਂ ਅਤਿ ਬਿਭਚਾਰੀ, ਪਰਤ੍ਰਿਯ ਭਾਰੀ,

ਦੇਵ ਪਿਤਰ ਨਹਿ ਮਾਨੈ॥

ਸੋ ਤਦਪਿ ਮਹਾਂ ਬਰ, ਕਹਿਤ ਧਰਮਧਰ

ਪਾਪਕਰਮ ਅਧਿਕਾਰੀ॥

ਧ੍ਰਿਗ ਧ੍ਰਿਗ ਸਭ ਆਖੈਂ, ਮੁਖ ਨਹਿ ਭਾਖੈਂ

ਦੇਹ ਪ੍ਰਿਸ੍ਰਿ ਚਢ ਗਾਰੀ॥ (ਕਲਕੀ)

## ਪਾਧਰੀ-ਪਾਧੜੀ

ਲਕਣ-ਚਾਰ ਚਰਣ, ਪ੍ਰਤਿ ਚਰਣ 16 ਮਾਤ੍ਰਾ, 8-8 ਪਰ ਵਿਸ਼੍ਰਾਮ, ਅੰਤ ਜਗਣ ।ऽ।, ਉਦਾਹਰਣ-

ਅਨਭੁਤ ਤੇਜ, ਅਨਛਿੱਜ ਗਾਤ॥

ਕਰਤਾ ਸਦੀਵ, ਹਰਤਾ ਅਨਾਸ॥ (ਅਕਾਲਉਸਤਤਿ)

**ਪਾਧੜੀ ਅਰਧ**

ਲਕਣ-ਚਾਰ ਚਰਣ, ਪ੍ਰਤਿ ਚਰਣ ਪਹਿਲਾਂ ਦੋ ਗੁਰੁ, ਅੰਤ ਜਗਣ, ਅਥਵਾ ਚਾਰ ਮਾਤ੍ਰਾ ਪਿੱਛੋਂ ਜਗਣ। ਇਹ ਮਧੁਭਾਰ ਛੰਦ ਦਾ ਹੀ ਰੂਪਾਂਤਰ ਹੈ। ਉਦਾਹਰਣ-

ਸੋਭੰਤ ਸੂਰ॥ ਲੋਭੰਤ ਹੂਰ॥ ਅਛ੍ਰੀ ਅਪਾਰ॥ ਰਿੱਝੀ ਸੁਧਾਰ॥ (ਅਜਰਾਜ)

**ਪ੍ਰਿਆ-ਪ੍ਰਿਆ**

ਇਸ ਦਾ ਨਾਮ "ਅਡੂਹਾ" ਅਤੇ "ਸੰਯੁਤ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਸ, ਜ, ਜ, ਗ. ।।ऽ, ।ऽ।, ।ऽ।, ऽ. ਉਦਾਹਰਣ-

ਦੁਖ ਦੂੰਦ ਹੈਂ ਸੁਖਕੰਦ ਜੀ॥

ਨਹਿ ਬੰਦ ਹੈਂ ਜਗਬੰਦ ਜੀ॥

ਨਹਿ ਬੇਦਬਾਕ ਪ੍ਰਮਾਨ ਹੈਂ॥

ਮਤ ਭਿੰਨ ਭਿੰਨ ਬਖਾਨ ਹੈਂ॥ (ਕਲਕੀ)

**ਬਹੜਾ**

ਇਹ ਪੁਨਹਾ ਦਾ ਹੀ ਨਾਮਾਂਤਰ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ 21 ਮਾਤ੍ਰਾ, ਪਹਿਲਾ ਵਿਸ਼੍ਰਾਮ 11 ਪਰ ਜਗਣਾਂਤ, ਦੂਜਾ 1● ਪਰ ਰਗਣਾਂਤ। ਉਦਾਹਰਣ -

ਅਧਿਕ ਰੋਸ ਕਰ ਰਾਜ, ਪਖਰਿਯਾ ਧਾਵਹੀਂ॥

ਰਾਮ ਰਾਮ ਬਿਨ ਸ਼ੰਕ, ਪੁਕਾਰਤ ਆਵਹੀਂ॥ (ਰਾਮਾਵਤਾਰ)

**ਬਚਿਤ੍ਰਪਦ-ਵਿਚਿਤ੍ਰ ਪਦਾ**

ਏਹ "ਚਿਤ੍ਰਪਦਾ" ਪਹਿਲਾ ਰੂਪ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਦੋ ਭਗਣ, ਦੋ ਗੁਰੁ. ऽ।।, ऽ।।, ऽ, ऽ. ਉਦਾਹਰਣ-

ਏਕਹਿ ਜੌ ਮਨ ਆਨਾ॥ ਦੂਸਰ ਭਾਵ ਨ ਜਾਨਾ॥

ਦੁੰਦਭਿ ਦੌਰ ਬਜਾਏ॥ ਫੂਲ ਸੁਰਾਨ ਬ੍ਰਸਾਏ॥ (ਦਤਾਵਤਾਰ)

**ਬਾਨਤੁਰੰਗਮ**

ਲਕਣ-ਚਾਰ ਚਰਣ, ਪ੍ਰਤਿ ਚਰਣ ਨ ਰ, ਗ, ।।।, ऽ।ऽ, ऽ. ਉਦਾਹਰਣ-

ਬਿਬਿਧ ਰੂਪ ਸੋਭੈ॥ ਅਨਿਕ ਲੋਕ ਲੋਭੈ॥

ਅਮਿਤ ਤੇਜ ਤਾਂਹੀ॥ ਨਿਗਮ ਗਾਇ ਜਾਂਹੀ॥ (ਕਲਕੀ)

**ਬਿਸਨੁਪਦ**

ਇਸ ਛੰਦ ਦੇ ਅਨੰਤ ਰੂਪ ਹੈਨ। ਸੂਰਦਾਸ, ਮੀਰਾਂਬਾਈ ਆਦਿਕ ਦੇ "ਪਦ" ਸਭ ਬਿਸਨੁਪਦ ਸਦਾਉਂਦੇ ਹਨ। ਕਈ ਮੁੱਖ ਮੁੱਖ ਭੇਦ ਇਸ ਥਾਂ ਲਿਖੇ ਜਾਂਦੇ ਹਨ।

(1) ਅੱਠ ਚਰਣ, ਪ੍ਰਤਿ ਚਰਣ 28 ਮਾਤ੍ਰਾ, 16-12 ਪਰ ਵਿਸ਼੍ਰਾਮ› ਅੰਤ ਦੋ ਗੁਰੁ। ਉਦਾਹਰਣ-

ਸ਼੍ਰੀ ਹਰਿ ਰਿਸ ਭਰ ਬਲ ਕਰ ਅਰਿ ਪਰ, ਜਬ ਧਨੁ ਧਰਕਰ ਧਾਯੋ॥

ਤਬ ਨ੍ਰਿਪ ਮਨ ਮਹਿ ਕੋਪ ਬਢਾਯੋ, ਸ਼੍ਰੀਪਤਿ ਕੋ ਗੁਨ ਗਾਯੋ॥

ਜਾਂਕੋ ਪ੍ਰਗਟ ਪ੍ਰਤਾਪ ਤਿਹੂੰ ਪੁਰ, ਸ਼ੇਸ ਅੰਤ ਨਹਿ ਪਾਯੋ॥

ਬੇਦ ਭੇਦ ਜਾਂਕੋ ਨਹਿ ਜਾਨਤ, ਸੋ ਨੌਦਨੰਦ ਕਹਾਯੋ॥

ਕਾਲਰੂਪ ਨਾਥਯ ਜਿਂਹ ਕਾਲੀ, ਕੰਸ ਕੇਸ ਗਹਿ ਘਾਯੋ॥

ਸੋ ਮੈ ਰਨ ਮਹਿ ਓਰ ਆਪਨੀ, ਕੋਪ ਹਕਾਰ ਬੁਲਾਯੋ॥

ਜਾਂਕੋ ਧਯਾਨ ਰਾਮ ਨਿਤ ਮੁਨਿ ਜਨ, ਧਰਤ ਹ੍ਰਿਦੈ ਨਹਿ ਆਯੋ॥

ਧੰਨ ਭਾਗ ਮੇਰੇ ਤਿਂਹ ਹਰਿ ਸੋਂ, ਅਤਿ ਹੀ ਜੁੱਧ ਮਚਾਯੋ॥ (ਕ੍ਰਿਸ਼ਨਾਵਤਾਰ)

(2) ਛੀ ਚਰਣ, ਪਹਿਲਾ ਚਰਣ 15 ਮਾਤ੍ਰਾ ਦਾ, ਪੰਜ ਚਰਣ ਸਤਾਈ ਸ਼ਤਾਈ ਮਾਤ੍ਰਾ ਦੇ, 16-11 ਪਰ ਵਿਸ਼੍ਰਾਮ, ਅੰਤ ਸਭ ਦੇ ਦੋ ਗੁਰੁ। ਉਦਾਹਰਣ -

ਜਦੁਪਤਿ ਮੋਹਿ ਸਨਾਥ ਕੀਓ,

ਦਰਸਨ ਦੇਤ ਨ ਦਰਸਨ ਹੂੰ ਕੋ, ਮੋਕੋ ਦਰਸ ਦੀਓ॥

ਜਾਨਤ ਹੋਂ ਜਗ ਮੇ ਸਮ ਮੋਸੋ, ਔਰ ਨ ਬੀਰ ਬੀਓ॥ (ਕ੍ਰਿਸ਼ਨਾਵਤਾਰ)

(3) ਛੀ ਚਰਣ, ਪ੍ਰਤਿ ਚਰਣ 27 ਮਾਤ੍ਰਾ, 16-11 ਪਰ ਵਿਸ਼੍ਰਾਮ, ਅੰਤ ਗੁਰੁ ਲਘੁ। ਉਦਾਹਰਣ-

ਸੁਨਪਾਈ ਬ੍ਰਿਜ ਬਾਲਾ ਮੋਹਨ, ਆਏ ਹੈਂ ਕੁਰੁਖੇਤ॥

ਦਰਸਨ ਦੇਖ ਸਭੈ ਦੁਖ ਬਿਸਰੇ, ਬੇਦ ਕਹਿਤ ਜਿਹ ਨੇਤ॥ (ਕ੍ਰਿਸ਼ਨਾਵਤਾਰ)

(4) ਚਾਰ ਚਰਣ, ਪਹਿਲਾ ਚਰਣ 18 ਮਾਤ੍ਰਾ ਦਾ, ਤਿੰਨ ਚਰਣ ਅਠਾਈ ਅਠਾਈ ਮਾਤ੍ਰਾ ਦੇ, 16-12 ਪਰ ਵਿਸ਼੍ਰਾਮ, ਅੰਤ ਦੋ ਗੁਰੁ ਉਦਾਹਰਣ -

ਕੈਸੇ ਕੈ ਪਾਇਨ ਪ੍ਰਭਾ ਉਚਾਰੋਂ

ਜਾਨਕ ਨਿਪਟ ਅਘਟ ਅੰਮ੍ਰਿਤ ਸਮ

ਸੰਪੁਟ ਸੁਭਟ ਵਿਚਾਰੋਂ॥ (ਪਾਰਸਨਾਥ)

(5) ਚਾਰ ਚਰਣ, ਪਹਿਲਾ ਚਰਣ 16 ਮਾਤ੍ਰਾ ਦਾ, ਤਿੰਨ ਅਠਾਈ ਅਠਾਈ ਮਾਤ੍ਰਾ ਦੇ, 16-12 ਪਰ ਵਿਸ਼੍ਰਾਮ, ਅੰਤ ਸਭ ਜੇ ਯਗਣ ।ऽऽ ਉਦਾਹਰਣ -

ਸੋਭਤ ਬਾਮਹਿ ਪਾਣਿ ਕ੍ਰਿਪਾਨੀ॥

ਜਾਤਰ ਜੱਛ ਕਿਨਰ ਅਸੁਰਨ ਕੀ ਸਭ ਕੀ ਕ੍ਰਿਯਾ ਹਿਰਾਨੀ॥

(ਪਾਰਸਨਾਥ)

## ਬੇਲੀਬਿਦ੍ਰਮ

ਲਕਣ-ਚਾਰ ਚਰਣ, ਪ੍ਰਤਿ ਚਰਣ ਨ, ਸ, ਸ, ਲ, ਗ. ।।।, ।।ऽ, ।।ऽ, ।, ऽ. ਉਦਾਹਰਣ-

ਕਹ ਕਹ ਸੁ ਕੂਕਤ ਕੰਕਯੰ, ਬਹ ਬਹਤ ਬੀਰ ਸੁ ਬੰਕਯੰ॥

ਲਹ ਲਹਤ ਬਾਣ ਕ੍ਰਿਪਾਣਯੰ, ਗਹ ਗਹਤ ਪ੍ਰੇਤ ਮਸਾਣਯੰ॥ (ਚੰਡੀ ਚਰਿਤ੍ਰ ੨)

## ਭਗਉਤੀ-ਭਗਵਤੀ-ਭਗੌਤੀ

## ਭਵਾਨੀ

ਕਈ ਥਾਂਈਂ "ਸ਼੍ਰੀ ਭਗਵਤੀ" ਭੀ ਇਸ ਛੰਦ ਦਾ ਨਾਮ ਹੈ। ਸ੍ਰੀ ਦਸਮਗ੍ਰੰਥ ਸਾਹਿਬ ਜੀ ਵਿਖੇ ਇਸ ਦੇ ਦੋ ਰੂਪ ਹੈਨ। ਇੱਕ ਰੂਪ ਤਾਂ ਸੋਮਰਾਜੀ ਅਥਵਾ ਸ਼ੰਖਨਾਰੀ ਦਾ ਹੈ, ਅਰਥਾਤ ਪ੍ਰਤਿ ਚਰਣ ਦੇ ਯਗਣ ।ऽऽ, ।ऽऽ. ਉਦਾਹਰਣ -

ਕਿ ਆਛਿੱਜ ਦੇਸੈ।। ਕਿ ਆਭਿੱਜ ਭੇਸੈ।।
ਕਿ ਆਗੰਜ ਕ੍ਰਮੈਂ।। ਕਿ ਆਭੰਜ ਭ੍ਰਮੈਂ।। (ਜਾਪੁ)

## ਭੜਥੂਆ

ਏਹ ਸ਼ੰਖਨਾਰੀ ਦਾ ਹੀ ਨਾਮਾਂਤਰ ਹੈ, ਅਰਥਾਤ ਪ੍ਰਤਿ ਚਰਣ ਦੋ ਯਗਣ। ਕੇਵਲ ਜੰਗ ਦਾ ਭੜਥੂ ਇਸ ਵਿਖੇ ਵਰਣਨ ਕਾਰਣ ਏਹ ਸੰਗਯਾ ਹੋ ਗਈ ਹੈ। ਉਦਾਹਰਣ-

ਢਢੰਕੰਤ ਢੋਲੰ।। ਬਬੰਕੰਤ ਬੋਲੰ।।
ਉਛੰਕੰਤ ਤਾਜੀ।। ਗਜੰਕੰਤ ਗਾਜੀ।। (ਕਲਕੀ)

## ਭੁਜੰਗਪ੍ਰਯਾਤ

ਲਕਣ-ਚਾਰ ਚਰਣ, ਪ੍ਰਤਿ ਚਰਣ ਚਾਰ ਯਗਣ. ।ऽऽ, ।ऽऽ, ।ऽऽ, ।ऽऽ, ਉਦਾਹਰਣ -

ਨਮੋ ਰਾਜਸੰ ਤਾਮਸੰ ਸਾਂਤਰੂਪੇ।।
ਨਮੋ ਪਰਮ ਤੱਤੰ ਅਤੱਤੰ ਸਰੂਪੇ।।
ਨਮੋ ਜੋਗ ਜੋਗੇ ਨਮੋ ਗਯਾਨ ਗਯਾਨੇ।।
ਨਮੋ ਮੰਤ੍ਰ ਮੰਤ੍ਰੇ ਨਮੋ ਧਯਾਨ ਧਯਾਨੇ।। (ਜਾਪੁ)
ਨਹੀਂ ਜਾਨ ਜਾਈ ਕਛੂ ਰੂਪ ਰੇਖੰ।।
ਕਹਾਂ ਬਾਸ ਤਾਂਕੋ ਫਿਰੈ ਕੌਨ ਭੇਖੰ।।

ਕਹਾਂ ਨਾਮ ਤਾਂਕੋ ਕਹਾਂਕੈ ਕਹਾਵੈ॥

ਕਹਾਂਕੈ ਬਖਾਨੋ ਕਹੇ ਮੋ ਨ ਆਵੈ॥ (ਅਕਾਲਉਸਤਤਿ)

**ਮਥਾਨ-ਮੰਥਾਨ**

ਲਕਣ-ਚਾਰ ਚਰਣ, ਪ੍ਰਤਿ ਚਰਣ ਦੋ ਤਗਣ ऽऽ।, ऽऽ।. ਉਦਾਹਰਣ-

ਛਾਜੈ ਮਹਾਂ ਜੋਤ॥ ਭਾਨੰ ਮਨੋ ਦੋਤ॥

ਰਾਜੈ ਮਹਾਂ ਰੂਪ॥ ਲਾਜੈਂ ਸਭੈ ਭੂਪ॥ (ਕਲਕੀ)

**ਮਧਭਾਰ-ਮਧੁਭਾਰ**

ਇਸ ਦਾ ਨਾਮ "ਛਬਿ" ਅਤੇ "ਮੋਹਣਾ" ਭੀ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਅੱਠ ਮਾਤ੍ਰਾ, ਚਾਰ ਮਾਤ੍ਰਾ ਪਿਛੋਂ ਜਗਣ । ऽ।, ਉਦਾਹਰਣ -

ਗੁਨ ਗਨ ਉਦਾਰ॥ ਮਹਿਮਾ ਅਪਾਰ॥

ਆਸਨ ਅਭੰਗ॥ ਉਪਮਾ ਅਨੰਗ॥ (ਜਾਪੁ)

**ਮਧੁਰਧੁਨਿ**

ਇਸ ਦੇ ਨਾਮ "ਅਕਰਾ" "ਅਣਕਾ" "ਅਨਹਦ" "ਅਨੁਭਵ" "ਸਸਿਵਦਨਾ" ਅਤੇ "ਚੰਡਰਸਾ" ਭੀ ਹੈਨ।

ਲਕਣ-ਚਾਰ ਚਰਣ, ਪ੍ਰਤਿ ਚਰਣ ਨ, ਯ. ।।।. ।ऽऽ, ਉਦਾਹਰਣ-

ਢਲਹਲ ਢਾਲੰ॥ ਜਿਮ ਗੁਲ ਲਾਲੰ॥

ਖੜਭੜ ਬੀਰੰ॥ ਤੜਸੜ ਤੀਰੰ॥ (ਸੂਰਯਾਵਤਾਰ)

**ਮਨੋਹਰ**

ਇਹ "ਬਿਜੈ" ਅਤੇ ਮੱਤਗਯੰਦ ਦਾ ਹੀ ਨਾਮਾਂਤਰ ਹੈ।

ਲਕਣ-ਚਾਰ ਚਰਣ, ਪ੍ਰਤਿ ਚਰਣ ਸੱਤ ਭਗਣ, ਅੰਤ ਦੋ ਗੁਰੁ. ऽ॥, ऽ॥, ऽ॥, ऽ॥, ऽ॥, ऽ॥, ऽ॥, ऽ, ऽ. ਉਦਾਹਰਣ-

ਸ਼੍ਰੀ ਜਗਨਾਥ ਕਮਾਨ ਲਿ ਹਾਥ

ਪ੍ਰਮਾਥਿਨ ਸੰਗ ਸਜਯੋ ਜਬ ਜੁੱਧੰ॥

ਗਾਹਤ ਸੈਨ ਸੰਘਾਰਤ ਸੂਰ

ਬਬੰਕਤ ਸਿਘ ਭ੍ਰਮਯੋ ਕਰ ਕ੍ਰੱਧੰ॥ (ਚੰਡੀ ਚਰਿਤ੍ਰ ੨)

## ਮਾਧੋ

ਪ੍ਰਤਿ ਚਰਣ 16 ਮਾਤ੍ਰਾ ਅੰਤ ਦੋ ਗੁਰੁ. ਇਹ ਅੜਿੱਲ ਦਾ ਦੂਜਾ ਭੇਦ ਹੈ। ਉਦਾਹਰਣ–

ਜਬ ਕੋਪਾ ਕਲਕੀ ਅਵਤਾਰਾ,

ਬਾਜਤ ਤੂਰ ਹੋਤ ਝੁਨਕਾਰਾ॥ (ਕਲਕੀ)

## ਮੋਦਕ

ਏਹ "ਤੋਟਕ" ਛੰਦ ਦਾ ਹੀ ਨਾਮਾਂਤਰ ਹੈ।

ਲਕਣ–ਪ੍ਰਤਿ ਚਰਣ ਚਾਰ ਸਗਣ. ।।ऽ, ।।ऽ, ।।ऽ,।।ऽ. ਉਦਾਹਰਣ–

ਅਬ ਏਕ ਕਿਯੇ ਬਿਨ ਯੌਂ ਨ ਟਰੈਂ॥

ਦਊ ਦਾਂਤਨ ਪੀਸ ਹਕਾਰ ਪਰੈਂ॥

ਜਬ ਲੌਂ ਨ ਸੁਨੋ ਲਵ ਖੇਤ ਮਰਾ॥

ਤਬ ਲੌਂ ਨ ਲਖੋਂ ਰਣ ਬਾਜਿ ਟਰਾ॥ (ਮਾਨਧਾਤਾ)

## ਮੋਹਣ–ਮੋਹਣਾ

ਏਹ ਮਧੁਭਾਰ ਛੰਦ ਦਾ ਹੀ ਨਾਮਾਂਤਰ ਹੈ।

ਲਕਣ–ਚਾਰ ਚਰਣ, ਪ੍ਰਤਿ ਚਰਣ ਅੱਠ ਮਾਤ੍ਰਾ, 4 ਮਾਤ੍ਰਾ ਪਿਛੋਂ ਇੱਕ ਜਗਣ ।ऽ।, ਉਦਾਹਰਣ–

ਅਤਿ ਰੂਪ ਧਾਮ॥ ਸੁੰਦਰ ਸੁ ਬਾਮ॥ (ਦੱਤਾਵਤਾਰ)

## ਰਸਾਵਲ

ਜਾਪ ਵਿਖੇ ਅਰਧ ਭੁਜੰਗ ਦਾ ਹੀ ਨਾਮ ਰਸਾਵਲ ਆਯਾ ਹੈ, ਯਥਾ :-

ਨਮੋ ਨਰਕ ਨਾਸੇ॥ ਸਦੈਵੰ ਪ੍ਰਕਾਸੇ॥

ਅਨੰਗੰ ਸਰੂਪੇ॥ ਅਭੰਗੰ ਬਿਭੂਤੇ॥ (ਜਾਪੁ)

ਬਿਚਿਤ੍ਰ ਨਾਟਕ ਵਿੱਚ ਭੀ ਰਸਾਵਲ ਦਾ ਇਹੀ ਰੂਪ ਹੈ, ਯਥਾ :-

ਸੁਭੰ ਜੀਭ ਜ੍ਵਾਲੰ॥ ਸੁ ਦਾੜ੍ਹਾ ਕਰਾਲੰ॥

ਬਜੀ ਬੰਬ ਸੰਖੰ॥ ਉਠੇ ਨਾਦ ਬੰਖੰ॥

## ਰੁਣਝੁਣ-ਰੁਣਝੁਣਾ

ਇਹ ਸ਼ਸਿਵਦਨਾ ਦਾ ਨਾਮਾਂਤਰ ਹੈ।

ਲਕਣ-ਚਾਰੰ ਚਰਣ, ਪ੍ਰਤਿ ਚਰਣ ਨ, ਯ.।।।. ।ऽऽ, ਉਦਾਹਰਣ-

ਲਖ ਛਬਿ ਬਾਲੀ॥ ਅਤਿ ਦੁਤਿ ਵਾਲੀ॥

ਅਦਭੁਤ ਰੂਪੰ॥ ਜਨ ਬੁਧਿ ਕੂਪੰ॥ (ਦੱਤਾਵਤਾਰ)

## ਵਿਜਯਾ

ਲਕਣ-ਚਾਰ ਚਰਣ, ਪ੍ਰਤਿ ਚਰਣ 4● ਮਾਤ੍ਰਾ, ਦਸ ਦਸ ਮਾਤ੍ਰਾ ਪਰ ਚਾਰ ਵਿਸ਼੍ਰਾਮ, ਅੰਤ ਰਗਣ ऽ।ऽ. ਉਦਾਹਰਣ-

ਪ੍ਰਥਮ ਮਧੁਕੈਟ ਮਦ, ਮਥਨਿ ਮਹਿਖਾਸੁਰੈ,

ਮਾਨ ਮਰਦਨ ਕਰਨਿ, ਤਰਨਿ ਬਰਬੰਡਿਕਾ॥

ਧੂਮ੍ਰਦ੍ਰਿਗ ਧਰਨਿ ਧਰ, ਧੂਰ ਧਾਨੀ ਕਰਨਿ

ਚੰਡ ਅਰ ਮੁੰਡ ਕੇ, ਮੁੰਡ ਖਡਖੰਡਿਕਾ॥

ਰਕਤਬੀਰਜ ਹਰਨ, ਰਕਤ ਭੱਛਨ ਕਰਨਿ,

ਦਰਨਿ ਅਨਿ ਸੁੰਭ ਰਨ, ਰਾਰ ਰਿਸ ਮੰਡਿਕਾ॥

ਸੁੰਭ ਬਲਧਾਰ ਸੰਘਾਰ ਕਰਵਾਰ ਕਰ,

ਸਕਲ ਖਲ ਅਸੁਰ ਦਲ, ਜੈਤਿ ਜੈ ਚੰਡਿਕਾ॥

(ਚੰਡੀ ਚਰਿਤ੍ਰ ੧)

## 4.2 ਅਲੰਕਾਰ ਦੀ ਵਿਸ਼ੇਸ਼ਤਾ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਅਨੇਕਾਂ ਹੀ ਅਲੰਕਾਰ ਹਨ ਤੇ ਇਨ੍ਹਾਂ ਅਲੰਕਾਰਾਂ ਦੀ ਵਿਸ਼ੇਸ਼ਤਾ ਦੱਸਣ ਤੋਂ ਪਹਿਲਾਂ ਸੰਖੇਪ ਵਿੱਚ 'ਅਲੰਕਾਰ' ਪਦ ਨੂੰ ਸਮਝਣਾ ਲਾਹੇਵੰਦ ਹੋਵੇਗਾ।

**ਅਲੰਕਾਰ** : ਜੋ ਕਾਵਯ ਨੂੰ ਭੂਸ਼ਿਤ (ਅਲੰ) ਕਰੇ, ਅਰਥਾਤ ਜੋ ਸ਼ੋਭਾ ਦੇਵੇ ਉਹ ਅਲੰਕਾਰ ਕਹਾਉਂਦਾ ਹੈ।

ਵਿਦਵਾਨਾ ਦਾ ਕਹਿਣਾ ਹੈ ਕਿ ਅਲੰਕਾਰਾਂ ਦੀ ਉਤਪੱਤੀ ਆਏ ਦਿਨ ਹੁੰਦੀ ਰਹਿੰਦੀ ਹੈ। ਇਸ ਲਈ ਇਨਾਂ ਦੀ ਸੰਪੂਰਣ ਗਿਣਤੀ ਨਹੀਂ ਕੀਤੀ ਜਾ ਸਕਦੀ। ਪਰ ਭਾਰਤੀ ਆਚਾਰੀਆਂ ਨੇ ਫਿਰ ਵੀ ਯਤਨ ਕੀਤੇ ਹਨ, ਅਗਨੀ ਪੁਰਾਣ ਵਿੱਚ 21 ਅਤੇ ਵਿਸ਼ਣੂਧਰਮੋਤਰ ਪੁਰਾਣ ਵਿੱਚ 17 ਅਲੰਕਾਰਾਂ ਦਾ ਵਰਣਨ ਮਿਲਦਾ ਹੈ। ਭਰਤ ਮੁਨੀ ਨੇ ਨਾਟਯ-ਸ਼ਾਸ਼ਤਰ ਵਿੱਚ ਉਪਮਾ, ਰੂਪਕ, ਦੀਪਕ ਤੇ ਯਮਕ ਚਾਰ ਅਲੰਕਾਰਾਂ ਦਾ ਉਲੇਖ ਕੀਤਾ ਹੈ। ਇਹ ਗਿਣਤੀ ਅਗਨੀ ਪੁਰਾਣ ਵਿੱਚ ਸੋਲ੍ਹਾ ਹੋ ਗਈ। ਭਾਮਹ ਦੇ ਕਾਲ ਤੱਕ 38 ਅਤੇ 19ਵੀਂ ਸਦੀ ਤੱਕ 191 ਤੱਕ ਪੁੱਜ ਗਈ। ਕੁੱਝ ਵਿਦਵਾਨਾਂ ਨੇ ਕਿਹਾ ਕਿ ਅਲੰਕਾਰਾਂ ਨੂੰ ਕਿਸੇ ਸੀਮਾ ਅੰਦਰ ਨਹੀਂ ਬੰਨਿਆ ਜਾ ਸਕਦਾ ਅਤੇ ਨਾ ਹੀ ਇਹਨਾਂ ਦੀ ਕੋਈ ਸੰਖਿਆ ਨਿਸ਼ਚਿਤ ਕੀਤੀ ਜਾ ਸਕਦੀ ਹੈ।

ਪ੍ਰਤਿਭਾ ਪਰਮਾਤਮਾ ਦੀ ਦਾਤ ਹੈ ਅਤੇ ਇਸਦੀ ਅਭਿਵਿਅਕਤੀ ਅਨੇਕਾਂ ਰੂਪਾਂ ਵਿੱਚ ਹੁੰਦੀ ਰਹਿੰਦੀ ਹੈ, ਇਸੇ ਲਈ ਅਲੰਕਾਰ ਵੀ ਅਨੰਤ ਹਨ। ਪਰ ਜੋ ਅਲੰਕਾਰ ਦੇ ਮੂਲ ਰੂਪ ਹਨ ਉਹ ਦੋ ਹਨ ਜੋ ਸਭ ਵਿਦਵਾਨਾਂ ਨੇ ਦੱਸੇ ਹਨ।

1. **ਸ਼ਬਦਾਲੰਕਾਰ** : ਸ਼ਬਦਾਲੰਕਾਰ ਉਹ ਹੈ, ਜਿਸ ਕਰਕੇ ਅਕਰਾਂ ਵਿਖੇ ਸੁੰਦਰਤਾ ਪਾਈ ਜਾਵੇ।
2. **ਅਰਥਾਲੰਕਾਰ** : ਇਹ ਉਹ ਅਲੰਕਾਰ ਹਨ, ਜਿਸ ਤੋਂ ਸ਼ਬਦ ਦੇ ਅਰਥ ਵਿੱਚ ਚਮਤਕਾਰ ਹੋਵੇ।

ਜੇ ਸ਼ਬਦਾਲੰਕਾਰ ਅਤੇ ਅਰਥਾਲੰਕਾਰ ਇਕ ਵਾਕਯ ਵਿੱਚ ਹੀ ਇੱਕਤ੍ਰ ਹੋਣ, ਤਦ 'ਉਭਯਾਲੰਕਾਰ' ਸੰਗਯਾ ਹੁੰਦੀ ਹੈ।

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਅਨੇਕਾਂ ਅਲੰਕਾਰਾਂ ਦੇ ਦਰਸ਼ਨ ਹੁੰਦੇ ਹਨ, ਉਹਨਾਂ ਵਿੱਚ ਕੁੱਝ ਵਿਸ਼ੇਸ਼ ਅਲੰਕਾਰ ਇਸ ਪ੍ਰਕਾਰ ਹਨ।[1]

## ਉਤਪ੍ਰੇਕਾ (ਓਹੋ ਜੇਹਾ ਦੇਖਣਾ)

ਭੇਦਗਯਾਨ ਸਹਿਤ ਉਪਮੇਯ ਵਿੱਚ ਉਪਮਾਨ ਦਾ ਖ਼ਯਾਲ ਕਰਣਾ, ਅਰਥਾਤ ਪ੍ਰਕ੍ਰਿਤ (ਅਸਲ) ਪਦਾਰਥ ਵਿਖੇ ਅਪ੍ਰਕ੍ਰਿਤ (ਨਕਲੀ) ਪਦਾਰਥ ਦੀ ਅਟਕਲ ਕਰਣੀ, "ਉਤਪ੍ਰੇਕਾ" ਅਲੰਕਾਰ ਹੈ। ਇਸ ਅਲੰਕਾਰ ਦੇ ਵਾਚਕ ਪਦ ਗੋਯਾ, ਜਨੁ, ਜਾਣੀਓ, ਮਨੁ, ਮਾਨੋ ਆਦਿ ਹੋਯਾ ਕਰਦੇ ਹਨ, ਉਦਾਹਰਣ-

(3) ਕੋਪ ਭਈ ਬਰ ਚੰਡ ਮਹਾਂ, ਬਹੁ ਜੁੱਧੁ ਕਰਿਯੋ ਰਨ ਮੈ ਬਲਧਾਰੀ॥
ਲੈਕੇ ਕ੍ਰਿਪਾਨ ਮਹਾਂ ਬਲਵਾਨ, ਪਚਾਰ ਕੈ ਸ੍ਰੁੰਭ ਕੇ ਊਪਰ ਝਾਰੀ॥
ਸਾਰ ਸੌਂ ਸਾਰ ਕੀ ਧਾਰ ਬਜੀ, ਝਨਕਾਰ ਉਠੀ ਤਿਹ ਤੇ ਚਿਨਗਾਰੀ॥
ਮਾਨਹੁ ਭਾਦਵ ਮਾਸ ਕੀ ਰੈਨਿ, ਲਸੈ ਪਟਬੀਜਨ ਕੀ ਚਮਕਾਰੀ॥੨੧੮॥

(ਚੰਡੀ ਚਰਿਤ੍ਰ ੧)

(4) ਲੈਕੇ ਬਰਛੀ ਦੁਰਗਸਾਹ ਬਹੁ ਦਾਨਵ ਮਾਰੇ॥
ਚੜ੍ਹੇ ਰਥੀਂ ਗਜ ਘੋੜਿਈਂ ਮਾਰ ਭੁਇ ਤੇ ਡਾਰੇ॥
ਜਾਣੁ ਹਲਵਾਈ ਸੀਖ ਨਾਲ ਵਿੰਨ੍ਹ ਵੜੇ ਉਤਾਰੇ॥੫੨॥

(ਚੰਡੀ ਦੀ ਵਾਰ)

ਜੇ ਗੋਯਾ ਮਾਨੋ ਆਦਿ ਵਾਚਕ ਪਦ ਨਾ ਵਰਤੇ ਜਾਣ, ਤਦ "ਗਮਯੋਤਪ੍ਰੇਕਾ" ਅਥਵਾ "ਗੁਪਤੋਤਪ੍ਰੇਕਾ" ਸੰਗਯਾ ਹੁੰਦੀ ਹੈ, ਉਦਾਹਰਣ –

---

[1] ਅਲੰਕਾਰਾਂ ਦੇ ਬਿਅੰਤ ਪ੍ਰਕਾਰ ਹਨ ਸੋ ਇਸ ਲਈ ਅਕਰਕ੍ਰਮ ਅਨੁਸਾਰ ਹੀ ਉਹਨਾਂ ਅਲੰਕਾਰਾਂ ਦਾ ਵੇਰਵਾ, ਉਹਨਾ ਦੀ ਰੂਪ ਰੇਖਾ, ਭੇਦ ਲਕਣ ਅਤੇ ਉਦਾਹਰਣ ਯਥਾ ਯੋਗ ਦਿੱਤੇ ਗਏ ਹਨ।

(1) ਇਕ ਵੱਢੇ ਤੇਗੀ ਤਤੜਫੀਅਨ ਮਦ ਪੀਤੇ ਲੋਟਨਿ ਬਾਵਲੇ॥

(2) ਹੂਰਾਂ ਸ੍ਰੋਣਤ ਬੀਜ ਨੂੰ ਘਤ ਘੇਰ ਖਲੋਈਆਂ॥

ਲਾੜਾ ਦੇਖਨ ਲਾੜੀਆਂ ਚੌਗਿਰਦੇ ਹੋਈਆਂ॥

(ਚੰਡੀ ਵੀ ਵਾਰ)

## ਉਪਮਾਂ (ਸਮਾਨਤਾ)

ਜਿਸ ਉਕਤਿ ਵਿੱਚ ਉਪਮਾਨ ਉਪਮੇਯ ਦੇ ਭਿੰਨ ਹੋਣ ਪਰ ਭੀ, ਉਨ੍ਹਾਂ ਦੇ ਸਾਧਾਰਣ ਧਰਮ ਦੀ ਸਮਤਾ ਕਥਨ ਕਰੀ ਜਾਵੇ, ਓਹ "ਉਪਮਾਂ" ਅਲੰਕਾਰ ਹੈ, ਇਸ ਅਲੰਕਾਰ ਦੇ ਸਮਝਣ ਲਈ ਚਾਰ ਸ਼ਬਦਾਂ ਦਾ ਅਰਥ (ਜੋ ਉਪਮਾਂ ਦੇ ਅੰਗ ਰੂਪ ਹੈਨ) ਪਹਿਲਾਂ ਚੰਗੀ ਤਰਾਂ ਸਮਝ ਲੈਣਾ ਚਾਹੀਯ, ਅਰਥਾਤ ਉਪਮਾਨ, ਉਪਮੇਯ, ਧਰਮ ਅਤੇ ਵਾਚਕ,

"ਉਪਮਾਨ" ਉਹ ਹੈ, ਜਿਸ ਦੀ ਤੁਲਯਤਾ ਕਿਸੇ ਨੂੰ ਦੇਈਏ, ਜੈਸੇ ਚੰਦ੍ਰਮਾਂ ਦੀ ਸਮਤਾ ਮੁਖ ਨੂੰ ਦਿੱਤੀ ਜਾਂਦੀ ਹੈ,

"ਉਪਮੇਯ" ਉਹ ਹੈ ਜਿਸ ਨੂੰ ਤੁਲਯਤਾ ਦੇਈਏ, ਜੈਸੇ ਮੁਖ ਨੂੰ ਚੰਦ੍ਰਮਾ ਸਮਾਨ ਕਲਪਿਆ ਜਾਂਦਾ ਹੈ।

"ਧਰਮ" ਅਥਵਾ "ਸਾਧਾਰਣ ਧਰਮ" ਓਹ ਹੈ ਜੋ ਉਪਮਾਨ ਅਤੇ ਉਪਮੇਯ ਵਿਖੇ ਸਮਾਨ ਗੁਣ ਰਹਿੰਦਾ ਹੈ, ਜੈਸੇ ਚੰਦ੍ਰਮਾ ਅਤੇ ਮੁਖ ਵਿਖੇ ਪ੍ਰਕਾਸ

"ਵਾਚਕ" ਓਹ ਹੈ ਜੋ ਉਪਮਾਨ ਉਪਮੇਯ ਦੇ ਸਾਧਾਰਣ ਧਰਮ ਨੂੰ ਤੁਲਯ ਬੋਧਨ ਕਰਦਾ ਹੈ, ਜੈਸਾ ਤੈਸਾ ਐਸਾ ਜਿਉਂ ਤਿਉਂ ਸਮ ਸੋ ਸਾ ਯਥਾ ਤਥਾ ਲੌ ਆਦਿ ਪਦ ਉਪਮਾ ਅਲੰਕਾਰ ਵਿਖੇ "ਵਾਚਕ" ਸਦਾਉਂਦੇ ਹਨ।

(ੳ) ਉੱਪਰ ਦਸੇ ਚਾਰੇ ਅੰਗ ਜਿਸ ਵਿਖੇ ਪਾਏ ਜਾਣ, ਓਹ "ਪੂਰਣੋਪਮਾ" ਅਲੰਕਾਰ ਹੈ। ਉਦਾਹਰਣ-

(2) ਬਹੁਰੋ ਅਰਿ ਸਿੰਧੁਰ ਕੇ ਦਲ ਪੈਠਕੈ

ਦਾਮਿਨਿ ਜਯੋਂ ਦੁਰਗਾ ਦਮਕੈ।।੫●।। (ਚੰਡੀ ਚਰਿਤ੍ਰ ੧)

ਇਸ ਥਾਂ ਦੁਰਗਾ ਉਪਮੇਯ ਹੈ, ਬਿਜਲੀ ਉਪਮਾਨ ਹੈ, ਦਮਕਣਾ ਦੋਹਾਂ ਦਾ ਸਾਧਾਰਣ ਧਰਮ ਹੈ ਅਤੇ ਜਯੋਂ ਵਾਚਕ ਹੈ।

(3) ਘਣ ਵਿਚ ਜਯੋਂ ਛੰਛਾਲੀ ਤੇਗਾਂ ਹੱਸੀਆਂ (ਵਾਰ ਚੰਡੀ)

ਤਲਵਾਰ ਉਪਮੇਯ ਹੈ, ਚੰਚਲਾ (ਬਿਜਲੀ) ਉਪਮਾਨ ਹੈ, ਹੱਸਣਾ (ਚਮਕਣਾ) ਦੋਹਾਂ ਦਾ ਸਾਧਾਰਣ ਧਰਮ ਹੈ, ਅਤੇ ਜਯੋਂ ਵਾਚਕ ਹੈ।

ਭੇਦ ਸਮਝੋ –

ਜੇ ਇੱਕ ਉਪਮੇਯ ਦੇ ਬਹੁਤ ਉਪਮਾਨ ਹੋਣ, ਤਦ "ਮਾਲੋਪਮਾ" ਅਲੰਕਾਰ ਹੁੰਦਾ ਹੈ।

ਉਦਾਹਰਣ –

ਛੀਰ ਕੈਸੀ ਛੀਰਾਵਧਿ ਛਾਛ ਕੈਸੀ ਛੱਤ੍ਰਾਨੇਰ
ਛਪਾਕਰ ਕੈਸੀ ਛਬਿ ਕਾਲਿੰਦ੍ਰੀ ਕੇ ਕੂਲ ਕੈ॥
ਹੰਸਨੀ ਸੀ ਸੀਹਾਰੂਮ ਹੀਰਾ ਸੀ ਹੁਸੈਨਾਬਾਦ
ਗੰਗਾ ਕੈਸੀ ਸੀ ਧਾਰ ਚਲੀ ਸਾਤੋਂ ਸਿੰਧੁ ਰੂਲ ਕੈ॥
ਪਾਰਾ ਸੀ ਪਲਾਊਗਢ ਰੂਪਾ ਕੈਸੀ ਰਾਮਪੁਰ
ਸ਼ੋਰਾਸੀ ਸੁਰੰਗਾਬਾਦ ਨੀਕੇ ਰਹੀ ਝੂਲ ਕੈ॥
ਚੰਪਾ ਸੀ ਚੰਦੇਰੀਕੋਟ ਚਾਂਦਨੀ ਸੀ ਚਾਂਦਾਗੜ੍ਹ
ਕੀਰਤਿ ਤਿਹਾਰੀ ਰਹੀ ਮਾਲਤੀ ਸੀ ਫੂਲ ਕੈ॥੧੨॥੨੬੪॥

(ਅਕਾਲ ਉਸਤਤਿ)

## ਉੱਲੇਖ (ਲਿਖਣਾ-ਬਯਾਨ ਕਰਣਾ)

ਇੱਕ ਹੀ ਵਸਤੁ ਨੂੰ ਅਨੇਕ ਪੁਰਸ ਆਪਣੀ ਆਪਣੀ ਭਾਵਨਾ ਅਨੁਸਾਰ ਜੇ ਭਿੰਨ ਭਿੰਨ ਰੂਪ ਕਲਪਣ, ਤਦ "ਉੱਲੇਖ" ਅਲੰਕਾਰ ਹੈ।

**ਉਦਾਹਰਣ** –

ਨਿਸਾ ਨਿਸਿਨਾਥ ਜਾਨੈ ਦਿਨ ਦਿਨਪਤਿ ਮਾਨੈ,

ਭਿੱਛੁਕਨ ਦਾਤਾ ਕੈ ਪ੍ਰਮਾਨੇ ਮਹਾਂ ਦਾਨਿ ਹੈ॥

ਔਖਧੀ ਕੈ ਰੋਗਨ ਅਨੰਤ ਰੂਪ ਜੋਗਿਨ

ਸਮੀਪ ਕੈ ਬਿਯੋਗਨ ਮਹੇਸ ਮਹਾਂ ਮਾਨ ਹੈ॥

ਸਤ੍ਰੈ ਖਗ ਖਯਾਤਾ ਸਿਸੁ ਰੂਪਨ ਕੈ ਮਾਤਾ ਮਹਾਂ

ਗਯਾਨੀ ਗਯਾਨ ਗਯਾਤਾ ਕੈ ਬਿਧਾਤਾ ਕੈ ਸਮਾਨ ਹੈ॥

ਗਨਨ ਗਨੇਸ਼ ਮਾਨੈ ਸੁਰਨ ਸੁਰੇਸ ਜਾਨੈ

ਜੈਸੇ ਪੈਖੈ ਤੈਸੋਈ ਲਖੇ ਬਿਰਾਜਮਾਨ ਹੈ॥੧੭੨॥

ਇੱਕ ਵਸਤੁ ਨੂੰ ਇੱਕ ਹੀ ਪੁਰੁਸ਼ ਅਨੇਕ ਰੂਪ ਦੇਖੇ, ਇਹ ਉੱਲੇਖ ਦਾ ਦੂਜਾ ਭੇਦ ਹੈ, ਉਦਾਹਰਣ –

ਕਹੂੰ ਜਟਾਧਾਰੀ ਕਹੂੰ ਕੰਠੀ ਧਰੇ ਬ੍ਰਹਮਚਾਰੀ,

ਕਹੂੰ ਜੋਗਸਾਧੀ ਕਹੂੰ ਸਾਧਨਾ ਕਰਤ ਹੋ॥

ਕਹੂੰ ਕਾਨ ਫਾਰੇ ਕਹੂੰ ਡੰਡੀ ਹੁਇ ਪਧਾਰੇ,

ਕਹੂੰ ਫੂਕ ਫੂਕ ਪਾਵਨ ਕੋ ਪ੍ਰਿਥੀ ਪੈ ਧਰਤ ਹੋ॥

ਕਤਹੂੰ ਸਿਪਾਹੀ ਹੈ ਕੈ ਸਾਧਤ ਸਿਲਾਹਨ ਕੌਂ,

ਕਹੂੰ ਛਤ੍ਰੀ ਹੁਇ ਕੈ ਅਰ ਮਾਰਤ ਮਰਤ ਹੋ॥

ਕਹੂੰ ਭੂਮਿ ਭਾਰ ਕੋ ਉਤਾਰਤ ਹੋ ਮਹਾਰਾਜ,

ਕਹੂੰ ਭਵ ਭੂਤਨ ਕੀ ਭਾਵਨਾ ਭਰਤ ਹੋ॥੫॥੧੫॥

(ਅਕਾਲ ਉਸਤਤਿ)

## ਅਤਯੁਕ੍ਤਿ

## (ਬਹੁਤ ਵਧਕੇ ਕਹਿਣਾ–ਮੁਬਾਲਿਗਾ)

ਬਾਤ ਨੂੰ ਬਹੁਤ ਵਧਾਕੇ ਝੂਠੀ ਕਲਪਣਾ ਨਾਲ ਵਰਣਨ ਕਰਣਾ “ਅਤਯੁਕ੍ਤਿ” ਅਲੰਕਾਰ ਹੈ, ਇਸ ਦਾ ਨਾਮ “ਅਤਿਸ਼ਯੋਕ੍ਤਿ” ਭੀ ਹੈ ਉਦਾਹਰਣ –

(1) ਤਹਾਂ ਸਤ੍ਰ ਕੇ ਭੀਮ ਹਸਤੀ ਚਲਾਏ॥

ਫਿਰੈਂ ਮੱਧ ਗੈਣੰ ਅਜੋ ਲੌ ਨ ਆਏ॥ (ਗਿਆਨ ਪ੍ਰਬੋਧ)

(2) ਧੂਰਿ ਉਡੀ ਖੁਰ ਪੂਰਨ ਤੇ

ਪਥ ਊਰਧ ਹੁਇ ਰਵਿ ਮੰਡਲ ਛਾਏ॥

ਮਾਨਹੁ ਫੇਰ ਰਚੇ ਬਿਧਿ ਲੋਕ ਧਰਾ

ਖਟ ਆਠ ਅਕਾਸ ਬਨਾਏ॥੧੪੭॥

(ਚੰਡੀ ਚਰਿਤ੍ਰ ੧)

## ਅਨੁਗਯਾ (ਅਨੁਮਤਿ-ਮਨੌਤ)

ਜਿਸ ਗੱਲ ਨੂੰ ਲੋਕ ਬੁਰੀ ਮੰਨਣ, ਉਸ ਵਿਖੇ ਆਪਣੀ ਰੁਚੀ ਅਨੁਸਾਰ ਕੋਈ ਗੁਣ ਮੰਨ ਲੈਣਾ, ਐਸਾ ਵਰਣਨ "ਅਨੁਗਯਾ" ਅਲੰਕਾਰ

ਜੇਤਕ ਕਾਨਨ ਕੇ ਦੁਖ ਹੈਂ ਸਭ

ਸੇ ਸੁਖ ਕੈ ਤਨ ਪੈ ਅਨੁਮਾਨੋ॥ (ਰਾਮਵਤਾਰ)

## ਅਨੁਪ੍ਰਾਸ

## (ਬਾਰ ਬਾਰ ਉੱਤਮ ਪਦਾਂ ਦਾ ਰੱਖਣਾ)

ਇਹ ਸ਼ਬਦਾਲੰਕਾਰ ਹੈ, ਇਸ ਦਾ ਲਕਣ ਹੈ ਕਿ ਅਕਰਾਂ ਦੀ ਸਮਾਨਤਾ ਅਤੇ ਪਦਾਂ ਦਾ ਵਜ਼ਨ ਅਨੇਕ ਵਾਰ ਕਾਵਯ ਵਿਖੇ ਤੁਲਯ ਹੋਵੇ, ਇਸ ਨੂੰ "ਵਰਣ ਮੈਤ੍ਰੀ" ਭੀ ਆਖਦੇ ਹਨ, ਵਿਦ੍ਵਾਨਾਂ ਨੇ ਇਸ ਅਲੰਕਾਰ ਦੇ ਪੰਜ ਭੇਦ ਥਾਪੇ ਹਨ-ਛੇਕ, ਵ੍ਰਿੱਤਿ, ਸ਼੍ਰੁਤਿ, ਲਾਟ, ਅਤੇ ਅੰਤਯ।

(ੳ) ਜੇ ਇੱਕੋ ਅਖਰ ਪਦਾਂ ਦੇ ਆਦਿ ਅਤੇ ਮਧਯ ਅਨੇਕ ਵਾਰ ਆਵੇ, ਤਦ "ਛੇਕਾਨੁਪ੍ਰਾਸ" ਹੈ, ਉਦਾਹਰਣ –

(1) ਛਤ੍ਰਧਾਰੀ ਛਤ੍ਰੀਪਤਿ ਛੈਲ ਰੂਪ ਛਿਤਿਨਾਥ

ਛੋਣੀਕਰ ਛਾਯਾ ਬਰ ਛਤ੍ਰੀਪਤਿ ਗਾਈਐ, (ਗਿਆਨ ਪ੍ਰਬੋਧ)

(2) ਪਰਮਪੁਰਖ ਪਰਮੇਸਰ ਸੁਆਮੀ

ਪਾਵਨ ਪਉਨ ਅਹਾਰੀ, (ਸ਼ਬਦ ਹਜ਼ਾਰੇ, ਪਾ. ੧੦)

(ਅ) ਇੱਕੋ ਅਖਰ ਜੇ ਅਨੇਕ ਵਾਰ ਪਦਾਂ ਦੇ ਅੰਤ ਆਵੇ ਅਰੁ ਪਦਾਂ ਦਾ ਵਜ਼ਨ ਸਮਾਨ ਹੋਵੇ, ਤਦ "ਵ੍ਰਿਤਯਾਨੁਪ੍ਰਾਸ" ਹੈ। ਉਦਾਹਰਣ-

1. ਨਾਮ ਕਾਮ ਬਿਹੀਨ ਪੇਖਤ ਧਾਮ ਹੂੰ ਨਹਿ ਜਾਹਿ (ਜਾਪ)

2. ਕਹੂੰ ਦੇਵਤਾਨ ਕੇ ਦਿਵਾਨ ਮੈ ਬਿਰਾਜਮਾਨ

ਕਹੂੰ ਦਾਨਵਾਨ ਕੋ ਗੁਮਾਨ ਮਤਿ ਦੇਤ ਹੋ॥ (ਅਕਾਲ ਉਸਤਤਿ)

3. ਕਾਹੂੰ ਕੇ ਤਨਈਆ ਹੈ ਨ ਮਈਆ ਜਾਂਕੇ ਭਈਆ ਕੋਊ

ਛਉਨੀ ਹੂ ਕੇ ਛਈਆ ਛੋਡ ਕਾਂਸੋਂ ਪ੍ਰੀਤਿ ਲਾਈਐ॥ (ਗਿਆਨ ਪ੍ਰਬੋਧ)

## ਅਨਯੋਨਯ (ਪਰਸਪਰ)

ਦੋ ਪਦਾਰਥ ਆਪੋ ਵਿੱਚੀ ਉਪਕਾਰੀ ਵਰਣਨ ਕਰਨੇ, "ਅਨਯੋਨਯ" ਅਲੰਕਾਰ ਹੈ। ਇਸ ਦਾ ਨਾਮ "ਪਰਸਪਰ" ਭੀ ਹੈ। ਉਦਾਹਰਣ –

ਰਘੁਬਰ ਬਿਨ ਸਿਅ ਨਾ ਜਿਐ,

ਸਿਅ ਬਿਨ ਜਿਐ ਨ ਰਾਮ॥੮੪੮॥ (ਰਾਮਾਵਤਾਰ)

## ਏਕਾਵਲਿ (ਇੱਕ-ਪੰਕਤਿ)

ਜੋ ਪਦ ਪਹਿਲਾਂ ਕਥਨ ਕੀਤਾ ਹੈ, ਉਸ ਨੂੰ ਦੋਬਾਰਾ ਕਹਿਣਾ, ਅਰਥਾਤ ਪਦਾਂ ਦਾ ਗ੍ਰਹਿਣ ਅਤੇ ਤਯਾਗ ਜਿਸ ਰਚਨਾ ਵਿਖੇ ਪਾਯਾ ਜਾਵੇ, ਉਸ ਥਾਂ "ਏਕਾਵਲਿ" ਅਲੰਕਾਰ ਹੁੰਦਾ ਹੈ। ਉਦਾਹਰਣ –

ਕੋਪ ਭਈ ਅਰਿ ਦਲ ਬਿਖੈ ਚੰਡੀ ਚਕ੍ਰ ਸੰਭਾਰਿ,

ਏਕ ਮਾਰਿ ਕੈ ਦ੍ਵੈ ਕੀਯੇ ਦ੍ਵੈ ਤੇ ਕੀਨੇ ਚਾਰ॥੪੨॥ (ਚੰਡੀ ਚਰਿਤ੍ਰ)

## **ਸ਼ਲੇਸ (ਸੰਬੰਧ-ਮਿਲਾਪ)**

ਇੱਕ ਸ਼ਬਦ ਤੋਂ ਅਨੇਕ ਅਰਥ ਪ੍ਰਗਟ ਹੋਣ ਇਹ "ਸ਼ਲੇਘ" ਅਲੰਕਾਰ ਦਾ ਰੂਪ ਹੈ।

ਕਾਛਨ ਏਕ ਤਹਾਂ ਮਿਲ ਗਈ।।

ਸੋ ਆਚੁਕ ਪੁਕਾਰਤ ਭਈ।।

ਜੋ ਸੋਵੈ ਸੋ ਮੂਲ ਗਵਾਵੈ।।

ਜੋ ਜਾਗੈ ਹਰਿ ਹ੍ਰਿਦੈ ਬਸਾਵੈ।। (ਦੱਤਾਵਤਾਰ)

ਸੋਆਚੂਕ ਦਾ ਅਰਥ ਸੋਆਪਾਲਕ ਸਾਗ ਹੈ, ਦੂਜਾ ਅਰਥ ਮੂਲ ਵਿਖੇ ਸਪਸ਼ਟ ਹੈ।

## **ਸਾਮਾਨਯ (ਬਰਾਬਰੀ-ਤੁਲਯਤਾ)**

ਜਿਸ ਥਾਂ ਤੁਲਯ ਰੂਪ ਗੁਣ ਆਦਿਕ ਵਾਲੇ ਪਦਾਰਥਾਂ ਦੀ ਸਮਾਨਤਾ ਹੋਵੇ, ਪਰ ਮੀਲਿਤ ਦੀ ਤਰਾਂ ਅਭੇਦਤਾ ਨਾ ਹੋਵੇ, ਕਿੰਤੂ ਭੇਦ ਬਣਿਆ ਰਹੇ, ਐਸਾ ਵਰਣਨ "ਸਾਮਾਨਯ" ਅਲੰਕਾਰ ਹੈ। ਉਦਾਹਰਣ-

(1) ਸੇਤੈ ਸਾਜ ਸਾਜਿ ਚਲੀ ਸਾਵਰੇ ਕੀ ਪ੍ਰੀਤਿ ਕਾਜ

ਚਾਂਦਨੀ ਮੈ ਰਾਧਾ ਮਾਨੋ ਚਾਂਦਨੀ ਸੀ ਹ੍ਵੈ ਗਈ।।੫੩੮।। (ਕ੍ਰਿਸਨਾਵਤਾਰ)

## **ਸੰਦੇਹ (ਸ਼ੱਕ)**

ਕਿਸੇ ਪਦਾਰਥ ਨੂੰ ਦੇਖਕੇ ਉਸ ਦੀ ਅਸਲਿਯਤ ਨਾ ਜਾਣੀ ਜਾਵੇ, ਕਿੰਤੂ ਸ਼ੱਕ ਬਣਿਆ ਰਹੇ, ਇਹ "ਸੰਦੇਹ" ਅਲੰਕਾਰ ਹੈ। ਇਸ ਵਿੱਚ ਕਿ ਕਿਧੌਂ ਅਥਵਾ ਜਾਂ ਆਦਿ ਪਦਾਂ ਦਾ ਪ੍ਰਯੋਗ ਹੋਯਾ ਕਰਦਾ ਹੈ, ਉਦਾਹਰਣ -

ਕਿਧੌਂ ਦੇਵ ਕੰਨਯਾ ਕਿਧੌਂ ਬਾਸਵੀ ਹੈ।।

ਕਿਧੌਂ ਜੱਛਨੀ ਕਿੰਨ੍ਰਨੀ ਨਾਗਨੀ ਹੈ।।

ਕਿਧੌਂ ਗੰਧ੍ਰਬੀ ਦੈਤ ਜਾ ਦੇਵਤਾ ਸੀ।।

ਕਿਧੋਂ ਸੂਰਜਾ ਸੁੱਧ ਸੋਧੀ ਸੁਧਾ ਸੀ।।੧੧੩।।

ਕਿਧੋਂ ਚਿਤ੍ਰ ਕੀ ਪੁਤ੍ਰਿਕਾ ਸੀ ਬਨੀ ਹੈ।।

ਕਿਧੌਂ ਸਿੰਖਿਨੀ ਚਿਤ੍ਰਿਨੀ ਪਦਮਿਨੀ ਹੈ।।

ਕਿਧੋਂ ਰਾਗ ਪੂਰੇ ਭਰੀ ਰਾਗਮਾਲਾ।।

ਬਰੀ ਰਾਮ ਤੈਸੀ ਸੀਆ ਆਜ ਬਾਲਾ।।੧੧੫।। (ਰਾਮਵਤਾਰ)

ਜੇ ਪਦ ਭਿੰਨ ਹੋਣ, ਪਰ ਅਰਥ ਇੱਕੋ ਹੋਵੇ, ਤਦ "ਅਰਥਾਵ੍ਰਿੱਤਿ" ਦੀਪਕ ਹੈ, ਯਥਾ :-

ਪੇਖਿ ਛਬਿ ਦੇਖਿ ਦੁਤਿ, ਨਾਰਿ ਸੁਰ ਲੋਭਹੀ।।੩੮੨।। (ਕਲਕੀ)

## ਨਿਰੁਕ੍ਤਿ (ਨਾਮ ਦੀ ਵਯਾਖਯਾ)

ਜਿਸ ਰਚਨਾਂ ਵਿੱਚ ਨਾਮ ਦੇ ਅਰਥ ਪਰ ਚਮਤਕਾਰੀ ਯੁਕਤਿ ਵਰਣਨ ਕਰੀਯੇ ਇਹ "ਨਿਰੁਕ੍ਤਿ" ਅਲੰਕਾਰ ਦਾ ਰੂਪ ਹੈ। ਉਦਾਹਰਣ –

ਨਾਰਇਣ ਕੱਛ ਮੱਛ ਤਿੰਦੂਆ ਕਹਿਤ ਸਭ

ਕਉਲਨਾਭਿ ਕੋਲ ਜਿਹ ਤਾਲ ਮੈਂ ਰਹਤੁ ਹੈਂ।।

ਗੋਪੀਨਾਥ ਗੂਜਰ ਗੁਪਾਲ ਸਭੈ ਧੇਨੁਚਾਰੀ

ਰਿਖੀਕੇਸ ਨਾਮ ਕੈ ਮਹੰਤ ਲਹੀਅਤੁ ਹੈਂ।।

ਮਾਧਵ ਭਵਰ ਔ ਅਟੇਰੂ ਕੋ ਕਨ੍ਹਯਾ ਨਾਮ

ਕੰਸ ਕੋ ਵਧੈਯਾ ਜਮਦੂਤ ਕਹੀਯਤ ਹੈਂ।।

ਮੂੜ ਰੂੜ੍ਹ ਪੀਟਤ ਨ ਗੂੜ੍ਹਤਾ ਕੋ ਭੇਦ ਪਾਵੈਂ

ਪੂਜਤ ਨ ਤਾਂਹਿ ਜਾਂਕੇ ਰਾਖੇ ਰਹੀਅਤ ਹੈਂ।।੪।।੭੪।।

(ਅਕਾਲ ਉਸਤਤਿ)

## ਪ੍ਰਤਿਸੇਧ (ਨਿਸੇਧ-ਖੰਡਨ)

ਕਿਸੇ ਵਸਤੂ ਦੇ ਵਾਸਤਵ ਰੂਪ ਦਾ ਨਿਸੇਧ ਕਰਕੇ ਉਸ ਵਿੱਚ ਹੋਰ ਸੰਭਾਵਨਾ ਕਰਣੀ, "ਪ੍ਰਤਿਸੇਧ" ਅਲੰਕਾਰ ਦਾ ਰੂਪ ਹੈ। ਉਦਾਹਰਣ –

ਘੇਰਤ ਭਯੋ ਨਗ ਸੰਧਿ ਜਰਾ

ਤਿਹ ਕੀ ਉਪਮਾ ਕਬਿ ਸਯਾਮ ਸੁਨਾਏ॥

ਪਾਤਨ ਕੇ ਜਨ ਭੱਛਨ ਕਉ

ਭਟਵਾ ਨਹਿ, ਬਾਦਰ ਹੀ ਮਿਲਿ ਆਏ॥੧੯੩੧॥ (ਕ੍ਰਿਸਨਾਵਤਾਰ)

**ਪ੍ਰਤਿਗਯਾ**

(ਪ੍ਰਣ-ਕਿਸੇ ਕੰਮ ਦੇ ਕਰਣ ਦਾ ਇਕਰਾਰ)

ਪ੍ਰਣ ਸਹਿਤ ਕਥਨ ਕਿ ਮੈਂ ਇਹ ਕਰਮ ਜ਼ਰੂਰ ਕਰੂੰਗਾ, ਅਥਵਾ ਜੇ ਐਸਾ ਨਾਂ ਕਰਾਂ ਤਦ ਐਸਾ ਐਸਾ ਸਿੱਧ ਹੋਵਾਂਗਾ, ਅਥਵਾ ਜੇ ਐਸਾ ਭੀ ਹੋਵੇ ਤਦ ਐਸਾ ਨਹੀਂ ਹੋ ਸਕੇ ਗਾ, ਇਤਯਾਦਿਕ "ਪ੍ਰਤਿਗਯਾ" ਅਲੰਕਾਰ ਦਾ ਰੂਪ ਹੈ। ਉਦਾਹਰਣ -

ਸਵੈਯਾ॥

(1) ਯੋਂ ਸੁਨ ਕੈ ਬਤੀਯਾਂ ਤਿਹ ਕੀ ਹਰਿ

ਕੋਪ ਕਹਿਯੋ ਹਮ ਯੁੱਧ ਕਰੈਂ ਗੇ॥

ਬਾਨ ਕਮਾਨ ਗਦਾ ਗਹਿਕੈ

ਦੋਊ ਭ੍ਰਾਂਤ ਸਬੈ ਅਰਿ ਸੈਨ ਹਰੈਂਗੇ॥

ਸੂਰ ਸਿਵਾਦਿਕ ਤੇ ਨ ਭਜੈਂ

ਹਨਿ ਹੈਂ ਤੁਮ ਕਉ, ਨਹਿ ਜੂਝਿ ਮਰੈਂਗੇ॥

ਮੇਰੁ ਹਲੈ ਸੁਖਿ ਹੈ ਨਿਧਿਬਾਰਿ

ਤਊ ਰਨ ਕੀ ਛਿਤਿ ਤੇ ਨ ਟਰੈਂਗੇ॥੧੧੮੭॥ (ਕ੍ਰਿਸਨਾਵਤਾਰ)

(2) ਪਸਚਿਮਮ ਸੂਰ ਚੜੈ ਕਬਹੂ ਅਰੁ, ਗੰਗ ਬਹੀ ਉਲਟੀ ਜੀਅ ਆਵੈ॥

ਜੇਠ ਕਿ ਮਾਸ ਤੁਖਾਰ ਪਰੈ ਬਨ, ਅਉਰ ਬਸੰਤ ਸਮੀਰ ਜਰਾਵੈ॥

ਲੋਕ ਹਲੈ ਧਰੂਅ ਕੋ ਜਲ ਕੋ ਥਲ, ਹੁਇ ਥਲ ਕੋ ਕਬਹੂੰ ਜਲ ਜਾਵੈ॥

ਕੰਚਨ ਕੋ ਨਗੁ ਪੰਖਨ ਧਾਰਿ, ਉਡੈ ਖੜਗੇਸ਼ ਨ ਪੀਠ ਦਿਖਾਵੈ॥੧੬੧੩॥

(ਕ੍ਰਿਸਨਾਵਤਾਰ)

## ਪ੍ਰਤਯਨੀਕ (ਵਿਰੁੱਧ-ਪ੍ਰਤਿਕੂਲ)

ਪ੍ਰਬਲ ਵੈਰੀ ਪਰ ਕੁਛ ਵਸ਼ ਨਾ ਚਲੇ, ਪਰ ਉਸ ਦੇ ਪਕੀ ਅਥਵਾ ਪਕ ਦੀ ਵਸਤੁ ਦਾ ਨਿਰਾਦਰ ਕਰਣਾ, "ਪ੍ਰਤਯਨੀਕ" ਅਲੰਕਾਰ ਹੈ। ਉਦਾਹਰਣ -

ਤਬ ਬਲ ਈਹਾਂ ਨ ਪਰ ਸਕੇ ਬਰਵਾ ਹਨਾ ਰਿਸਾਇ॥

ਸਾਲਿਨ ਰਸ ਜਿਮ ਬਾਨੀਯੋ ਰੋਰਨ ਖਾਤ ਬਨਾਇ॥੧੦॥ (ਬਚਿਤ੍ਰ ਨਾਟਕ)

ਵੈਰੀ ਦਸ਼ਮੇਸ਼ ਜੀ ਪਰ ਹਮਲਾ ਨਾ ਕਰ ਸਕੇ, ਪਰ ਬਰਵਾ ਪਿੰਡ ਬਰਬਾਦ ਕਰ ਦਿੱਤਾ।

## ਭਾਵਿਕ

## (ਸਮੇ ਦੀ ਹਾਲਤ ਪ੍ਰਗਟ ਕਰਣ ਵਾਲਾ)

ਬੀਤਚੁਕੇ ਅਰ ਆਉਣ ਵਾਲੇ ਸਮੇ ਦਾ ਵਰਤਮਾਨ ਕਾਲ ਵਿਖੇ ਵਰਣਨ, "ਭਾਵਿਕ" ਅਲੰਕਾਰ ਹੈ। ਉਦਾਹਰਣ-

**ਨਵਪਦੀ ਛੰਦ॥**

ਜਹ ਤਹ ਕਰਨ ਲਗੇ ਸਭ ਪਾਪਨ॥

ਧਰਮ ਕਰਮ ਤਜਿ ਕਰ ਹਰਿ ਜਾਪਨ,

ਪਾਹਨ ਕਉ ਸੁ ਕਰਤ ਸਭ ਬੰਦਨ॥

ਡਾਰਤ ਧੂਪ ਦੀਪ ਸਿਰਿ ਚੰਦਨ॥੭੯॥ (ਕਲਕੀ ਅਵਤਾਰ)

ਜਿਤੇ ਰਾਮ ਸੇ ਕ੍ਰਿਸ਼ਨ ਹਇ ਬਿਸਨ ਆਏ॥

ਤਿਤਿਓ ਕਾਲ ਖਾਪਿਓ ਨ ਤੇ ਕਾਲ ਘਾਏ॥੨੮॥

ਜਿਤੇ ਔਲੀਆ ਅੰਬੀਆ ਗੌਸ ਹ੍ਵੈਹੈਂ॥

ਸਭੈ ਕਾਲ ਕੇ ਅੰਤ ਦਾੜ੍ਹਾ ਤਲੈ ਹੈਂ॥੨੯॥ (ਬਿਚਿਤ੍ਰ ਨਾਟਕ)

## ਯਮਕ

ਇਹ ਸ਼ਬਦਾਲੰਕਾਰ ਹੈ, ਇਸ ਦਾ ਲਕਣ ਹੈ ਕਿ ਇੱਕ ਸ਼ਬਦ ਅਨੇਕ ਵਾਰ ਆਵੇ, ਪਰ ਉਸ ਦਾ ਅਰਥ ਭਿੰਨ ਹੈ -

(1) ਹਰਿ ਸੋ ਮੁਖ ਹੈ ਹਰਿਤੀ ਦੁਖ ਹੈ

ਅਲਿਕੈਂ ਹਰਹਾਰ ਪ੍ਰਭਾ ਹਰਿਨੀ ਹੈ॥

ਲੋਚਨ ਹੈਂ ਹਰਿ ਸੇ ਸਰਸੇ ਹਰਿ ਸੈ

ਭਰੁਟੇ ਹਰਿ ਸੀ ਬਰਨੀ ਹੈ॥

ਕੇਹਰਿ ਸੋ ਕਰਿਹਾਂ ਚਲਬੋ ਹਰਿ ਪੈ

ਹਰਿ ਕੀ ਹਰਨੀ ਤਰਨੀ ਹੈ॥

ਹੈ ਕਰ ਮੇ ਹਰਿ ਪੈ ਹਰਿ ਸੋ

ਹਰਿ ਰੂਪ ਕੀਏ ਹਰ ਕੀ ਧਰਨੀ ਹੈ॥੯੮॥ (ਚੰਡੀ ਚਰਿਤ੍ਰ)

(2) ਚੰਡ ਸੰਭਾਰਿ ਤਬੈ ਬਲੁ ਧਾਰਿ ਲਇਓ

ਗਹਿ ਨਾਰਿ ਧਰਾ ਪਰ ਮਾਰਿਓ॥

ਜਿਉ ਧੁਬੀਆ ਸਰਤਾ ਤਟਿ ਜਾਇਕੈ

ਲੈ ਪਟ ਕੋ ਪਟ ਸਾਥ ਪਛਾਰਿਓ॥੩੪॥ (ਚੰਡੀ ਚਰਿਤ੍ਰ ੧)

(3) ਸ਼੍ਰੀ ਹਰਿ ਕੇ ਸਰ ਭੂਪਤਿ ਕੇ ਤਨ ਕੋ ਤਨ ਕਉ ਨਹਿ ਭੇਟਨ ਪਾਏ॥੧੯੪੫॥

(ਕ੍ਰਿਸਨਵਤਾਰ)

## ਰੂਪਕਾਤਸਯੋਕ੍ਰਿ

(ਰੂਪਕ-ਨਕਲ, ਅਤਿਸ਼ਯ-ਬਹੁਤ, ਉਕਤਿ-ਕਥਨ)

ਕੇਵਲ ਉਪਮਾਨ ਦਾ ਕਥਨ ਕਰਕੇ ਉਪਮੇਯ ਦਾ ਬੋਧ ਕਰਾਉਣਾ, "ਰੂਪਕਾਤਸਯੋਕ੍ਰਿ" ਅਲੰਕਾਰ ਹੈ। ਉਦਾਹਰਣ -

**ਕਬਿਤੁ॥**

ਮੀਨ ਮੁਰਝਾਨੇ ਕੰਜ ਖੰਜਨ ਖਿਸਾਨੇ ਅਲਿ

ਫਿਰਤ ਦਿਵਾਨੇ ਬਨਿ ਡੋਲੈਂ ਜਿਤ ਤਿਤ ਹੀ॥

ਕੀਰ ਅਉ ਕਪੋਤ ਬਿੰਬ ਕੋਕਿਲਾ ਕਲਾਪੀ ਬਨਿ

ਲੂਟੇ ਫੂਟੇ ਫਿਰੈਂ ਮਨਿ ਚੈਨ ਹੂੰ ਨ ਕਿਤ ਹੀ॥

ਦਾਰਿਮ ਦਰਕ ਗਇਓ ਪੇਖਿ ਦਸਨਨਿ ਪਾਂਤਿ

ਰੂਪ ਹੀ ਕੀ ਕ੍ਰਾਂਤਿ ਜਗਿ ਫੈਲ ਰਹੀ ਸਿਤ ਹੀ॥

ਐਸੀ ਗੁਨ ਸਾਗਰ ਉਜਾਗਰ ਸੁ ਨਾਗਰਿ ਹੈ

ਲੀਨੋ ਮਨ ਮੇਰੋ ਹਰ ਨੈਨ ਕਰਿ ਚਿਤ ਹੀ॥੮੯॥ (ਚੰਡੀ ਚਰਿਤ੍ਰ ੧)

ਇਸ ਕਬਿੱਤ ਵਿੱਚ ਮੀਨ ਕੰਮ ਖੰਜਨ ਨੇਤ੍ਰਾਂ ਦਾ ਉਪਮਾਨ, ਭੌਰੇ ਕਾਲੇ ਕੇਸ਼ਾਂ ਦਾ, ਤੋਤਾ ਨੱਕ ਦਾ, ਕਬੂਤਰ ਕੰਠ ਦਾ, ਬਿੰਬਫਲ ਹੋਠਾਂ ਦਾ, ਕੋਕਿਲਾ ਮੋਰ ਸੁਰ ਦਾ ਕਥਨ ਕਰਕੇ ਉਪਮੇਯ ਗਯਾਨ ਕਰਵਾਯਾ।

**ਵਿਸ਼ੇਸ (ਖ਼ਾਸ)**

ਥੋੜੇ ਯਤਨ ਕਰਣ ਤੋਂ ਬਡੇ ਫਲ ਦੀ ਪ੍ਰਾਪਤੀ ਦਾ ਵਰਣਨ, "ਵਿਸ਼ੇਸ" ਅਲੰਕਾਰ ਹੈ।

'ਏਕ ਨਾਥ ਸਭ ਜਗਤ ਮੈ ਬਯਾਪਿ ਰਹਿਯੋ ਸਭ ਦੇਸ॥

ਊਚ ਨੀਚ ਮੇ ਰਮ ਰਹਯੋ ਸਭ ਯੋਨਿਨ ਕੇ ਭੇਸ॥ (ਚਰਿਤ੍ਰ)

ਆਧਾਰ ਬਿਨਾਂ ਹੀ ਆਧੇਯ ਦੀ ਇਸਥਿਤੀ ਕਹਿਣੀ, ਵਿਸ਼ੇਸ ਦਾ ਤੀਜਾ ਰੂਪ ਹੈ। ਉਦਾਹਰਣ-

ਸਿੰਧੁ ਪਰਬਤ ਮੇਦਨੀ ਬਿਨ ਥੰਮ੍ਹਾ ਗਗਨਿ ਰਹਾਇਆ॥ (ਚੰਡੀ ਦੀ ਵਾਰ)

ਗਗਨ ਮੰਡਲ ਅਰਥਾਤ ਸੂਰਯ ਚੰਦ੍ਰਮਾ ਨਕਤ੍ਰ ਆਦਿਕ ਦਾ ਆਧਾਰ ਬਿਨਾ ਠਹਿਰਣਾ

ਵਿਸ਼ੇਸੋਕ੍ਤਿ (ਵਿਸ਼ੇਸ-ਜਾਦਾ, ਉਕ੍ਤਿ-ਕਹਿਣਾ)

ਕਾਰਣ ਦੇ ਮੌਜੂਦ ਹੋਣ ਪਰ ਭੀ ਕਾਰਯ ਦਾ ਨਾ ਹੋਣਾ, ਐਸਾ ਵਰਣਨ, "ਵਿਸ਼ੇਸੋਕ੍ਤਿ"

ਤੀਰਥ ਕੋਟ ਕਿਏ ਇਸਨਾਨ

ਦੀਏ ਬਹੁ ਦਾਨ ਮਹਾ ਬ੍ਰਤ ਧਾਰੇ॥

ਦੇਸ ਫਿਰਿਓ ਕਰ ਭੇਸ ਤਪੋਧਨ

ਕੇਸਧਰੇ ਨ ਮਿਲੇ ਹਰਿ ਪਿਆਰੇ॥

ਆਸਨ ਕੋਟ ਕਰੇ ਅਸਟਾਂਗ

ਧਰੇ ਬਹੁ ਨਿਆਸ ਕਰੇ ਮੁਖ ਕਾਰੇ॥ (ਅਕਾਲ ਉਸਤਤਿ)

ਤੀਰਥ ਦਾਨ ਯੋਗ ਆਦਿਕ ਵਾਹਿਗੁਰੂ ਦੀ ਪ੍ਰਾਪਤੀ ਦੇ ਕਾਰਣ ਮੌਜੂਦ ਹੋਣ ਪਰ ਭੀ ਪ੍ਰਾਪਤੀ ਰੂਪ ਕਾਰਯ ਨਹੀਂ ਹੋਯਾ।

**ਵਿਕਲਪ (ਦੋ ਖ਼ਯਾਲ)**

ਦੋ ਵਿੱਚੋਂ ਜਾਂ ਇਹ ਹੋਊ ਅਥਵਾ ਉਹ ਹੋਊ, ਐਸਾ ਵਰਣਨ "ਵਿਕਲਪ" ਅਲੰਕਾਰ ਹੈ। ਉਦਾਹਰਣ –

(1) ਧੂਮ੍ਰ ਨੈਨ ਗਿਰ ਰਾਜ ਤਟਿ ਊਚੇ ਕਹੀ ਪੁਕਾਰਿ॥

ਕੈ ਬਰੁ ਸੁੰਭ ਨ੍ਰਿਪਾਲ ਕੋ ਕੈ ਲਰ ਚੰਡਿ ਸੰਭਰਿ, (ਚੰਡੀ ਚਰਿਤ੍ਰ ੧)

(2) ਕੈ ਹਮ ਸੰਗਿ ਲਰੋ ਤਜਿ ਕੈ ਡਰ

ਕੈ ਅਪੁਨੇ ਸਭ ਆਯੁਧ ਡਾਰੋ॥ (ਕ੍ਰਿਸਨਾਵਤਾਰ)

**ਵਿਨੋਕ੍ਤਿ**

(ਵਿਨਾ-ਰਹਿਤ, ਉਕਤਿ-ਕਥਨ)

ਕਿਸੇ ਐਸੀ ਵਸਤੁ ਦਾ ਵਰਣਨ ਜਿਸ ਬਿਨਾਂ ਹੋਰ ਵਸਤੂ ਅਥਵਾ ਵਸਤੂਆਂ ਸ਼ੋਭਾ ਅਰ ਫਲ ਰਹਿਤ ਹੋਣ, "ਵਿਨੌਕਿਤ" ਅਲੰਕਾਰ ਹੈ। ਉਦਾਹਰਣ –

ਸਭ ਕਰਮ ਫੋਕਟ ਜਾਨ॥

ਸਭ ਧਰਮ ਨਿਹਫਲ ਮਾਨ॥

ਬਿਨ ਏਕ ਨਾਮ ਅਧਾਰ॥

ਸਭ ਕਰਮ ਭਰਮ ਬਿਚਾਰ।੨੦॥ ੫੦॥ (ਅਕਾਲ ਉਸਤਤਿ)

"ਵਿਵ੍ਰਿੱਤੋਕ੍ਰਿ" ਦਾ ਦੂਜਾ ਰੂਪ ਹੈ। ਉਦਾਹਰਣ –

ਤੋਂ ਤਨ ਤਯਾਗਤ ਹੀ ਸੁਨ ਰੇ ਜੜ੍ਹ

ਪ੍ਰੇਤ ਬਖਾਨ ਤ੍ਰਿਆ ਭਜਿ ਜੈ ਹੈ॥

ਪੁਤ੍ਰ ਕਲਿਤ੍ਰ ਸੁ ਮਿਤ੍ਰ ਸਖਾ ਇਹ

ਬੇਗ ਨਿਕਾਰਹੁ ਆਇਸੁ ਦੈ ਹੈ।।

ਭਉਨ ਭੰਡਾਰ ਧਰਾ ਗੜ ਜੇਤਕ

ਛਾਡਤ ਪ੍ਰਾਨ ਬਿਗਾਨ ਕਹੈ ਹੈ।।

ਚੇਤ ਰੇ ਚੇਤ ਅਚੇਤ ਮਹਾ ਪਸੁ

ਅੰਤ ਕੀ ਬਾਰਿ ਇਕੇਲੋ ਈ ਜੈ ਹੈ ।।੩੩।। (੩੩ ਸਵੈਯੇ)

**ਵੀਪਸਾ**

ਇਹ ਸ਼ਬਦਾਲੰਕਾਰ ਹੈ, ਇਸ ਦਾ ਲਕਣ ਹੈ ਕਿ ਕ੍ਰੋਧ ਸ਼ੋਕ ਆਨੰਦ ਆਦਿ ਦੇ ਅਸਰ ਨਾਲ, ਵਾਕਰਚਨਾ ਵਿਖੇ ਇੱਕ ਪਦ ਨੂੰ ਅਨੇਕ ਵਾਰ ਉਸੇ ਅਰਥ ਦੀ ਪੁਸਟੀ ਲਈਂ ਵਰਤੀਏ, ਇਹ ਅਲੰਕਾਰ ਪੁਨਰੁਕ੍ਤਿ ਦੋਸ਼ ਤੋਂ ਰਹਿਤ ਹੈ, ਉਦਾਹਰਣ –

ਬੀਨ ਬੀਨਿ ਬਰੇ ਬਰੰਗਨ ਡਾਰਿ ਡਾਰਿ ਫੁਲੇਲ।। (ਚੰਡੀ ਚਰਿਤ੍ਰ ੨)

**ਵਯਾਘਾਤ** (ਵਿਘਨ–ਰੁਕਾਵਟ)

ਜਿਸ ਵਸਤੁ ਤੋਂ ਜੋ ਕਾਰਯ ਸੁਭਾਵਿਕ ਹੋਣਾ ਚਾਹੀਯੇ, ਉਸ ਤੋਂ ਵਿਰੁੱਧ ਫਲ ਹੋਣਾ, ਐਸਾ ਕਥਨ "ਵਯਾਘਾਤ" ਅਲੰਕਾਰ ਹੈ। ਉਦਾਹਰਣ –

(1) ਗਾਇ ਸਿੰਘ ਕਹੁ ਦੂਧ ਪਿਲਾਵੈ।। ਸਿੰਘ ਗਊ ਕਹ ਘਾਸੁ ਚੁਗਾਵੈ।।

ਚੋਰ ਕਰਤ ਧਨ ਕੀ ਰਖਵਾਰਾ।। ਤ੍ਰਾਸ ਮਾਰਿ ਕੋਈ ਹਾਥੁ ਨ ਡਾਰਾ।।੧੭੨।। (ਰਾਮਾਵਤਾਰ)

(2) ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ।।

ਤੁਧ ਬਿਨੁ ਰੋਗੁ ਰਜਾਈਆਂ ਦਾ ਓਢਣ।। ਨਾਗ ਨਿਵਾਸਾਂ ਦੇ ਰਹਿਣਾ।।

ਸੂਲ ਸੁਰਾਹੀ ਖੰਜਰੁ ਪਿਯਾਲਾ।। ਬਿੰਗ ਕਸਾਈਆਂ ਦਾ ਸਹਿਣਾ।।

ਯਾਰੜੇ ਦਾ ਸਾਨੂੰ ਸੱਥਰ ਚੰਗਾ।। ਭੱਠ ਖੇੜਿਆਂ ਦਾ ਰਹਿਣਾ।।੧।।੧।।੬।।

(ਹਜ਼ਾਰੇ ਸ਼ਬਦ ਪਾਤਸਾਹੀ 1●)

# ਪੰਜਵਾਂ ਅਧਿਆਇ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਗੀਤਿਕ ਵਿਸ਼ੇਸ਼ਤਾ

## 5.1 ਰਾਗ

ਸ੍ਰੀ ਦਸਮ ਗ੍ਰੰਥ ਸਹਿਬ ਜੀ ਵਿੱਚ ਕੁੱਲ 17 ਰਾਗਾਂ ਦੇ ਅੰਤਰਗਤ ਕੁੱਝ ਛੰਦ ਹਨ। ਜਿਥੇ ਅਨੇਕਾਂ ਛੰਦਾਂ ਦੀ ਗੁਰੂ ਸਾਹਿਬ ਜੀ ਨੇ ਰਚਨਾ ਕੀਤੀ ਹੈ ਉੱਥੇ ਹੀ ਅਨੇਕਾਂ ਰਾਗਾਂ ਦੇ ਗੁਲਦਸਤੇ ਵੀ ਰਚੇ ਹਨ। ਵਿਸ਼ੇਸ਼ ਰੂਪ ਕਰਕੇ ਗੁਰੂ ਸਾਹਿਬ ਜੀ ਨੇ 1● ਸ਼ਬਦ ਹਜਾਰੇ ਰਚੇ ਹਨ। ਜੋ 6 ਰਾਗਾਂ ਤੇ ਇੱਕ ਖਿਆਲ ਦੇ ਅੰਤਰਗਤ ਹਨ। ਹਰ ਸ਼ਬਦ ਦੀਆਂ ਦੋ-ਦੋ ਪੰਕਤੀਆਂ ਅੰਕਿਤ ਕੀਤੀਆਂ ਹਨ। ਜੋ ਇਸ ਪ੍ਰਕਾਰ ਹਨ :

(1) ਰਾਗ ਰਾਮਕਲੀ ਪਾਤਸ਼ਾਹੀ ।।੧●।।

ਰੇ ਮਨ ਐਸੋ ਕਰ ਸੰਨਿਆਸਾ।।

ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ।।੧।।

(2) ਰਾਗ ਰਾਮਕਲੀ ਪਾਤਸ਼ਾਹੀ ।।੧●।।

ਰੇ ਮਨ ਇਹ ਬਿਧਿ ਜੋਗੁ ਕਮਾਉ।।

ਸਿੰਙੀ ਸਾਚੁ ਅਕਪਟ ਕੰਠਲਾ ਧਿਆਨ ਬਿਭੂਤ ਚੜਾਓ। ।੧।।

(3) ਰਾਗ ਰਾਮਕਲੀ ਪਾਤਸ਼ਾਹੀ ।।੧●।।

ਪ੍ਰਾਨੀ ਪਰਮ ਪੁਰਖ ਪਗਿ ਲਾਗੋ।।

ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ।।੧।।

(4) ਰਾਗ ਸੋਰਠਿ ਪਾਤਸ਼ਾਹੀ ।।੧●।।

ਪ੍ਰਭ ਜੂ ਤੋ ਕਹ ਲਾਜ ਹਮਾਰੀ।।

ਨੀਲ ਕੰਠ ਨਰਹਰਿ ਨਾਰਾਇਣ ਨੀਲ ਬਸਨ ਬਨਵਾਰੀ।।੧।।

(5) ਰਾਗ ਕਲਿਆਣ ਪਾਤਿਸ਼ਾਹੀ ।।੧●।।

ਬਿਨ ਕਰਤਾਰ ਨ ਕਿਰਤਮ ਮਾਨੋ।।

ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ।।੧।।

(6) ਖਿਆਲ ਪਾਤਸਾਹੀ ।।੧●।।

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ।।

ਤੁਧ ਬਿਨੁ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਣਾ।।

(7) ਰਾਗ ਤਿਲੰਗ ਕਾਫੀ ਪਾਤਸ਼ਾਹੀ ।।੧●।।

ਕੇਵਲ ਕਾਲਈ ਕਰਤਾਰ।।

ਆਦਿ ਅੰਤ ਅਨੰਤ ਮੂਰਤਿ ਗੜ੍ਹਨ ਭੰਜਨਹਾਰ।।੧।।

(8) ਰਾਗ ਬਿਲਾਵਲ ਪਾਤਸਾਹੀ ।।੧●।।

ਸੋ ਕਿਮ ਮਾਨਸ ਰੂਪ ਕਹਾਏ।।

ਸਿਧ ਸਮਾਧਿ ਸਾਧ ਕਰ ਹਾਰੇ ਕਯੋਹੂੰ ਨ ਦੇਖਨ ਪਾਏ।।੧।।

(9) ਰਾਗ ਦੇਵਗੰਧਾਰੀ ਪਾਤਸ਼ਾਹੀ।।੧●।।

ਇਕ ਬਿਨ ਦੂਸਰ ਸੋ ਨ ਚਿਨਾਰ।।

ਭੰਜਨ ਗੜਨ ਸਮਰਥ ਸਦਾ ਪ੍ਰਭ ਜਾਨਤ ਹੈ ਕਰਤਾਰ।।੧।।

(1●) ਰਾਗ ਦੇਵ ਗੰਧਾਰੀ ਪਾਤਸ਼ਾਹੀ ।।੧●।।

ਬਿਨੁ ਹਰਿ ਨਾਮ ਨ ਬਾਚਨ ਪੈਹੈ।।

ਚੌਦਹਿ ਲੋਕ ਜਾਹਿ ਬਸ ਕੀਨੇ ਤਾ ਤੇ ਕਹਾਂ ਪਲੈ ਹੈ।।੧।।

ਪ੍ਰੋ. ਤਾਰਾ ਸਿੰਘ (ਗੁਰਮਤਿ ਸੰਗੀਤ ਪਟਿਆਲਾ) ਵਾਲਿਆਂ ਦੀਆਂ ਕੁੱਝ ਬੰਦਿਸ਼ਾਂ ਜੋ ਡਾ. ਗੁਰਨਾਮ ਸਿੰਘ ਪਟਿਆਲਾ ਨੇ ਇੱਕ ਪੁਸਤਕ 'ਗੁਰੂ ਗੋਬਿੰਦ ਸਿੰਘ ਰਾਗ ਰਤਨਾਵਲੀ' ਵਿੱਚ ਇਹਨਾਂ ਸ਼ਬਦ ਹਜ਼ਾਰਿਆਂ ਦੀਆਂ ਪੁਰਾਤਨ ਬੰਦਿਸ਼ਾਂ ਦਿੱਤੀਆਂ ਹਨ।

ਗੁਰੂ ਸਾਹਿਬ ਜੀ ਨੇ ਰੁਦ੍ਰ ਅਵਤਾਰ ਵਿੱਚ ਪਾਰਸਨਾਥ ਦੇ ਪ੍ਰਸੰਗ ਵਿੱਚ ਅਨੇਕਾਂ ਰਾਗ –ਰਾਗਣੀਆਂ 'ਬਿਸ਼ਨ ਪਦ' ਛੰਦ ਹੇਠ ਉਚਾਰਣ ਕੀਤੇ ਹਨ।

[1]ਜੋ ਕ੍ਰਮ ਪ੍ਰਤੀ ਕ੍ਰਮ ਇਸ ਪ੍ਰਕਾਰ ਹੈ:

(1) **ਰਾਗ ਪਰਜ**

'ਬਿਸ਼ਨਪਦ॥ ਤ੍ਵਪ੍ਰਸਾਦਿ ਕਥਤਾ॥ ਪਰਜ॥ ਕੈਸੇ ਕੈ ਪਾਇਨ ਪ੍ਰਭਾ ਉਚਾਰੋਂ॥
ਜਾਨੁਕ ਨਿਪਟ ਅਘਟ ਅੰਮ੍ਰਿਤ ਸਮ ਸੰਪਟ ਸੁਭਟ ਬਿਚਾਰੋਂ॥'

'ਬਿਸ਼ਨ ਪਦ॥ ਪਰਜ॥ ਐਸੇ ਅਮਰ ਪਦ ਕਹੁ ਪਾਇ॥
ਦੇਸ ਅਉਰ ਬਿਦੇਸ ਭੂਪਤਿ ਜੀਤਿ ਲੀਨ ਬੁਲਾਇ॥'

'ਬਿਸ਼ਨ ਪਦ॥ ਪਰਜ॥ ਦਸ ਸੈ ਬਰਖ ਰਾਜ ਤਿਨ ਕੀਨਾ॥
ਕੈ ਕੈ ਦੂਰ ਦੱਤ ਕੇ ਮਤ ਕਹੁ ਰਾਜ ਜੋਗ ਦੋਊ ਲੀਨਾ॥'

(2) **ਰਾਗ ਕਾਫੀ**

'ਬਿਸ਼ਨਪਦ॥ ਕਾਫ਼ੀ॥ ਤਾ ਦਿਨ ਦੇਹ ਸਫਲ ਕਰ ਜਾਨੋ॥
ਜਾ ਦਿਨ ਜਗਤ ਮਾਤ ਪ੍ਰਫੁਲਿਤ ਹ੍ਵੈ ਦੇਹਿ ਬਿਜੈ ਬਰ ਦਾਨੋ॥'

'ਬਿਸ਼ਨ ਪਦ॥ ਕਾਫੀ॥ ਇਕ ਦਿਨ ਬੈਠੇ ਸਭਾ ਬਨਾਈ।
ਬਡੇ ਬਡੇ ਛਤ੍ਰੀ ਬਸੁਧਾ ਕੇ ਲੀਨੇ ਨਿਕਟਿ ਬੁਲਾਈ॥'

'ਕਾਫੀ॥ ਚਹੁ ਦਿਸ ਮਾਰੂ ਸਬਦ ਬਜੇ॥
ਗਹਿ ਗਹਿ ਗਦਾ ਗੁਰਜ ਗਾਜੀ ਸਭ ਹਠਿ ਰਣਿ ਆਨਿ ਗਜੇ॥'

(3) **ਰਾਗ ਸੋਰਠ**

'ਸੋਰਠ॥ ਤ੍ਵਪ੍ਰਸਾਦਿ ਕਥਤਾ॥ ਅੰਤਰਜਾਮੀ ਅਭਯ ਭਵਾਨੀ॥
ਅਤਿ ਹੀ ਨਿਰਖ ਪ੍ਰੇਮ ਪਾਰਸ ਕੋ ਚਿਤ ਕੀ ਬ੍ਰਿਥਾ ਪਛਾਨੀ॥'

'ਸੋਰਠ॥ ਬਿਸ਼ਨਪਦ॥ ਜੈ ਜੈ ਰੂਪ ਅਰੇਖ ਅਪਾਰ॥

[1] ਹਰ ਰਾਗ ਦੇ ਸ਼ਬਦ ਦੀਆਂ ਪਹਿਲੀਆਂ ਦੋ ਪੰਕਤੀਆਂ ਹੀ ਲਿਖੀਆਂ ਹਨ।

ਜਾਸਿ ਪਾਇ ਭ੍ਰਮਾਇ ਜਹ ਤਹ ਭੀਖ ਕੋ ਸ਼ਿਵ ਦੁਆਰ।।'

'ਸੋਰਠ।। ਤਾਸ ਕਿਉ ਨ ਪਛਾਨਹੀ ਜੋ ਹੋਹਿ ਹੈ ਅਬ ਹੈ।।।

ਨਿਹਫ਼ਲ ਕਾਹੇ ਭਜਤ ਪਾਹਨ ਤੋਹਿ ਕਛੁ ਫਲਿ ਦੈ।।'

'ਬਿਸ਼ਨ ਪਦ।। ਸੋਰਠ।। ਬਾਨਨ ਬੇਧੇ ਅਮਿਤ ਸੰਨਿਆਸੀ।।

ਤੇ ਤਜ ਦੇਹ ਨੇਹ ਸੰਪਤਿ ਕੋ ਭਏ ਸ੍ਵਰਗ ਕੇ ਬਾਸੀ।।'

'ਸੋਰਠ।। ਬਿਸ਼ਨ ਪਦ।। ਜੇਤਕ ਜੀਅਤ ਬਚੇ ਸੰਨਯਾਸੀ।।

ਤ੍ਰਾਸ ਮਰਤ ਫਿਰਿ ਬਹੁਰਿ ਨ ਆਏ ਹੋਤ ਭਏ ਬਨਬਾਸੀ।।'

(4) **ਰਾਗ ਸੂਹੀ**

'ਸੂਹੀ।। ਤ੍ਵਪ੍ਰਸਾਦਿ ਕਥਤਾ।। ਸੋਭਤ ਪਾਨਿ ਕ੍ਰਿਪਾਨ ਉਜਾਰੀ।।

ਜਾ ਤਨ ਇੰਦ੍ਰ ਕੋਟ ਕਈ ਖੰਡੇ ਬਿਸ਼ਨ ਕ੍ਰੋਰਿ ਤ੍ਰਿਪੁਰਾਰੀ।।'

'ਸੂਹੀ।। ਪਾਰਸ ਨਾਂਥ ਬਡੋ ਰਣ ਜੀਤੋ।।'

ਜਾਨੁਕ ਭਈ ਦੂਸਰ ਕਰਣਾਰਜੁਨ ਭਾਰਥ ਸੋ ਹੁਇ ਬੀਤੋ।।

(5) **ਰਾਗ ਰਾਮਕਲੀ**

'ਬਿਸ਼ਨਪਦ।। ਰਾਮਕਲੀ।। ਤ੍ਵਪ੍ਰਸਾਦਿ।। ਇਹ ਬਿਧਿ ਕੀਨੀ ਜਬੈ ਬਡਾਈ।।

ਰੀਝੇ ਦੇਵ ਦਿਆਲ ਤਿਹ ਊਪਰ ਪੂਰਣ ਪੁਰਖ ਸਦਾਈ।।'

'ਰਾਮਕਲੀ।। ਝਮਕਤ ਅਸਤ੍ਰ ਛਟਾ ਸ਼ੱਸਤ੍ਰਨਿ ਕੀ ਬਾਜਤ ਡਉਰ ਅਪਾਰ।।

ਨਿਰਤਤ ਭੂਤ ਪ੍ਰੇਤ ਨਾਨਾ ਬਿਧਿ ਡਹਕਤ ਫਿਰਤ ਬੈਤਾਰ।।'

(6) **ਰਾਗ ਸਾਰੰਗ**

'ਦੇਵੀ ਬਾਚ।। ਸਾਰੰਗ ਬਿਸ਼ਨਪਦ।। ਤ੍ਵਪ੍ਰਸਾਦਿ।।

ਕਛੁ ਬਰ ਮਾਗਹੁ ਪੂਤ ਸਯਾਨੇ।।

ਭੂਤ ਭਵਿੱਖ ਨਹੀ ਤੁਮਰੀ ਸਰ ਸਾਧ ਚਰਿਤ ਹਮ ਜਾਨੇ।।'

'ਪਾਰਸ ਨਾਥ ਬਾਚ।। ਸਾਰੰਗ।। ਬਿਸ਼ਨ ਪਦ।।

ਸਭ ਹੀ ਪੜ੍ਹੋ ਬੇਦ ਬਿਦਿਆ ਬਿਧਿ ਸਭ ਹੀ ਸ਼ਸਤ੍ਰ ਚਲਾਊ॥

ਸਭ ਹੀ ਦੇਸ ਜੇਰ ਕਰਿ ਆਪਨ ਆਪੇ ਮਤਾ ਮਤਾਊ॥'

ਬਿਸ਼ਨ ਪਦ॥ ਸਾਰੰਗ॥ ਤ੍ਵਪ੍ਰਸਾਦਿ॥ ਭੂਪਤ ਪਰਮ ਗਯਾਨ ਜਬ ਪਾਯੋ॥

ਮਨ ਬਚ ਕਰਮ ਕਠਨ ਕਰ ਤਾਕੋ ਜੌ ਕਰਿ ਧਯਾਨ ਲਗਾਯੋ॥

'ਸਾਰੰਗ॥ ਤ੍ਵਪ੍ਰਸਾਦਿ॥ ਜੇ ਜੇ ਤਿਨਮੈ ਹੁਤੇ ਸਿਯਾਨੇ॥

ਪਾਰਸ ਪਰਮ ਤੱਤ ਕੇ ਬੇਤਾ ਮਹਾਂ ਪਰਮ ਕਰ ਮਾਨੇ॥'

'ਸਾਰੰਗ॥ ਸੁਨਿ ਸੁਨਿ ਐਸੇ ਬਚਨ ਸਿਯਾਨੇ॥

ਉਠਿ ਉਠਿ ਮਹਾਂ ਬੀਰ ਪਾਰਸ ਕੇ ਪਾਇਨ ਸੌ ਲਪਟਾਨੇ॥'

(7) **ਰਾਗ ਗਾਉੜੀ**

'ਬਿਸ਼ਨਪਦ॥ ਤ੍ਵਪ੍ਰਸਾਦਿ॥ ਗਉਰੀ॥ ਪਾਰਸ ਕਰਿ ਡੰਡੌਤ ਫਿਰਿ ਆਏ॥

ਆਵਤ ਬੀਰ ਦੇਸ਼ ਦੇਸਨ ਤੇ ਮਾਨੁਖ ਭੇਜ ਬੁਲਾਏ॥'

'ਤ੍ਵਪ੍ਰਸਾਦਿ ਕਥਤਾ॥ ਗਉਰੀ॥ ਮੋ ਤੇ ਅਉਰ ਬਲੀ ਕੋ ਹੈ॥

ਜਉਨ ਮੋ ਤੇ ਜੰਗ ਜੀਤੇ ਜੁੱਧ ਮੈ ਕਰ ਜੈ॥'

(8) **ਰਾਗ ਧਨਾਸਰੀ**

'ਪਾਰਸ ਨਾਥ ਬਾਚ॥ ਧਨਾਸਰੀ॥ ਤ੍ਵਪ੍ਰਸਾਦਿ॥ ਕੈ ਤੁਮ ਹਮ ਕੋ ਪਰਚੌ ਦਿਖਾਓ॥

ਨਾਤਰ ਜਿਤੇ ਤੁਮ ਹੋ ਜਟਧਾਰੀ ਸਭ ਹੀ ਜਟਾ ਮੁੰਡਾਓ॥'

(9) **ਰਾਗ ਤਿਲੰਗ**

'ਤਿਲੰਗ॥ ਤ੍ਵਪ੍ਰਸਾਦਿ॥ ਕਥਤਾ॥ ਜਬ ਹੀ ਸੰਖ ਸ਼ਬਦ ਘਹਰਾਏ॥

ਜੇ ਜੇ ਹੁਤੇ ਸੂਰ ਜਟਧਾਰੀ ਤਿਨ ਤਿਨ ਤੁਰੰਗ ਨਚਾਏ॥'

(10) **ਰਾਗ ਕਿਦਾਰਾ**

'ਕਿਦਾਰਾ॥ ਇਹ ਬਿਧਿ ਭਯੋ ਆਹਵ ਘੋਰ॥

ਭਾਂਤਿ ਭਾਂਤਿ ਗਿਰੇ ਧਰਾ ਪਰ ਸੂਰ ਸੁੰਦਰ ਕਿਸ਼ੋਰ॥'

(11) **ਰਾਗ ਦੇਵਗੰਧਾਰੀ**

'ਦੇਵਗੰਧਾਰੀ॥ ਮਾਰੂ ਸ਼ਬਦੁ ਸੁਹਾਵਨ ਬਾਜੇ॥

ਜੇ ਜੇ ਹੁਤੇ ਸੁਭਟ ਰਣਿ ਸੁੰਦਰ ਗਹਿ ਗਹਿ ਆਯੁਧ ਗਾਜੇ॥'

'ਦੇਵਗੰਧਾਰੀ ਤਰਹਾ ਦੂਜੀ॥ ਦੁਹ ਦਿਸ ਪਰੇ ਬੀਰ ਹੰਕਾਰਿ॥

ਕਾਢਿ ਕਾਢਿ ਕ੍ਰਿਪਾਣ ਧਾਵਤ ਮਾਰੁ ਮਾਰੁ ਉਚਾਰਿ॥'

(12) **ਰਾਗ ਕਲਿਆਨ**

'ਕਲਿਆਨ॥ ਦਹਦਿਸ ਧਾਵਤ ਭਏ ਜੁਝਾਰੇ॥

ਮੁਦਗਰ ਗੁਫਨ ਗੁਰਜ ਗੋਲਾਲੇ ਪੱਟਸਿ ਪਰਘ ਪ੍ਰਹਾਰੇ॥'

(13) **ਰਾਗ ਮਾਰੂ**

'ਮਾਰੂ॥ ਦੋਊ ਦਿਸ ਸੁਭਟ ਜਬੈ ਜੁਰ ਆਏ॥

ਦੁੰਦਭਿ ਢੋਲ ਮ੍ਰਿਦੰਗ ਬਜਤ ਸੁਨਿ ਸਾਵਨ ਮੇਘ ਲਜਾਏ॥'

'ਮਾਰੂ॥ ਯੋਂ ਕਹਿ ਪਾਰਸ ਰੋਹ ਬਢਾਯੋ॥

ਦੁੰਦਭਿ ਢੋਲ ਬਜਾਇ ਮਹਾਂ ਧੁਨਿ ਸਾਮੁਹਿ ਸੰਨਯਾਸਨਿ ਧਾਯੋ॥'

'ਮਾਰੂ॥ ਸੁਰਪੁਰ ਨਾਰਿ ਬਧਾਵਾ ਮਾਨਾ॥

ਬਰਿ ਹੈ ਆਜ ਮਹਾ ਸੁਭਟਨ ਕੌ ਸਮਰ ਸੁਯੰਬਰ ਜਾਨਾ॥'

(14) **ਰਾਗ ਭੈਰੋਂ** (**ਭੈਰਵ**)

'ਭੈਰੋਂ॥ ਬਿਸ਼ਨ ਪਦ॥ ਤ੍ਵਪ੍ਰਸਾਦਿ॥ ਦੈ ਰੇ ਦੈ ਰੇ ਦੀਹ ਦਮਾਮਾ॥

ਕਰਹੌਂ ਰੁੰਡ ਮੁੰਡ ਬਸੁਧਾ ਪਰ ਲਖਤ ਸੂਰਗ ਕੀ ਬਾਮਾ॥'

(15) **ਰਾਗ ਅਡਾਨ** (**ਅੜਾਨਾ**)

'ਬਿਸ਼ਨ ਪਦ॥ ਅਤਾਨ॥ ਚੁਪਰੇ ਚਾਰ ਚਿਕਨੇ ਕੇਸ॥

ਆਨਿ ਆਨਿ ਫਿਰੀ ਚਹੂੰ ਦਿਸਿ ਨਾਰਿ ਨਾਗਰਿ ਭੇਸ॥'

(16) **ਰਾਗ ਬਸੰਤ**

'ਬਸੰਤ॥ ਬਿਸ਼ਨ ਪਦ॥ ਇਹ ਬਿਧਿ ਫਾਗ ਕ੍ਰਿਪਾਨਨ ਖੇਲੇ॥

ਸੋਭਤ ਢਾਲ ਮਾਲ ਡਫ ਮਾਲੈ ਮੂਠ ਗੁਲਾਲਨ ਸੇਲੇ॥'

ਇਸੇ ਤਰ੍ਹਾਂ ਸਤਿਗੁਰੂ ਜੀ ਨੇ ਜੋ ਬਿਬੇਕ-ਅਬਿਬੇਕ ਦਾ ਜੁੱਧ ਵਰਣਨ ਕੀਤਾ ਹੈ ਜੋ 'ਮਛਿੰਦਰ ਨਾਥ' ਪਾਰਸਨਾਥ ਨੂੰ ਸੰਬੋਧਨ ਹੋ ਕੇ ਕਹਿੰਦੇ ਹਨ ਉਸ ਵਿੱਚ 'ਛਪੈ ਛੰਦ' ਦੇ ਅੰਤਰਗਤ ਰਾਗਾਂ ਦੇ ਗੁਲੱਦਸਤੇ ਵੀ ਅੰਕਿਤ ਕਰਦੇ ਹਨ ਜੋ ਇਸ ਪ੍ਰਕਾਰ ਹੈ :

**ਛਪੈ ਛੰਦ॥**

ਕਰਤ ਨ੍ਰਿਤ ਸੁੰਦਰੀ ਬਜਤ ਬੀਨਾ ਧੁਨਿ ਮੰਗਲ॥

ਉਪਜਤ ਰਾਗ ਸੰਬੂਹ ਬਜਤ ਬੈਰਾਰੀ ਬੰਗਲ॥

ਭੈਰਵ ਰਾਗ ਬਸੰਤ ਦੀਪ ਹਿੰਡੋਲ ਮਹਾਸੁਰ॥

ਉਘਟਤ ਤਾਨ ਤਰੰਗ ਸੁਨਤ ਰੀਝਤ ਧੁਨ ਸੁਰ ਨਰ॥

ਇਹ ਛਬਿ ਪ੍ਰਭਾਵ ਰਿਤ ਰਾਜ ਨ੍ਰਿਪ ਜਿਦਿਨ ਰੋਸ ਕਰਿ ਧਾਇ ਹੈ॥

ਬਿਨੁ ਇਕ ਬਿਬੇਕ ਤਾਕੇ ਨ੍ਰਿਪਤ ਅਉਰ ਸਮੁਹਿ ਕੋ ਜਾਇ ਹੈ॥੧੭੧॥

ਸੋਰਠ ਸਾਰੰਗ ਸੁੱਧ ਮਲ੍ਹਾਰ ਬਿਭਾਸ ਸਰਬ ਗੁਨ॥

ਰਾਮਕਲੀ ਹਿੰਡੋਲ ਗੌਂਡ ਗੂਜਰੀ ਮਹਾਂ ਧੁਨ॥

ਲਲਤ ਪਰਜ ਗਵਰੀ ਮਲ੍ਹਾਰ ਕਾਨੜਾ ਮਹਾਂ ਛਬਿ॥

ਜਾਹਿ ਬਿਲੋਕਤ ਬੀਰ ਸਰਬ ਤੁਮਰੇ ਜੈਹੈ ਦਬਿ॥

ਇਹ ਬਿਧ ਨਰੇਸ਼ ਰਿਤ ਰਾਜ ਨ੍ਰਿਪ ਮਦਨ ਸੂਅਨ ਜਬ ਗਰਜ ਹੈ॥

ਬਿਨ ਇੱਕ ਗਯਾਨ ਸੁਨਹੋਂ ਨ੍ਰਿਪਤਿ ਸੁ ਅਉਰ ਦੂਸਰ ਕੋ ਬਰਜਿ ਹੈ॥172॥

ਇਸ ਛਪੈ ਛੰਦ ਦੇ ਵਿੱਚ ਗੁਰੂ ਸਾਹਿਬ ਜੀ ਨੇ ਅਨੇਕਾਂ ਰਾਗਾਂ ਦੇ ਨਾਮ ਦਿੱਤੇ ਹਨ ਜਿਵੇਂ : ਬੈਰਾੜੀ, ਭੈਰਵ, ਬਸੰਤ, ਬੰਗਲੀ, ਦੀਪਕ, ਹਿੰਡੋਲ, ਸੋਰਠ, ਸਾਰੰਗ, ਸੁੱਧ ਮਲ੍ਹਾਰ, ਬਿਭਾਸ, ਰਾਮਕਲੀ, ਗੌਂਡ, ਗੂਜਰੀ, ਲਲਿਤ, ਪਰਜ, ਗਉੜੀ, ਮਲ੍ਹਾਰ, ਕਾਨੜਾ।

ਇਸੇ ਦੀ ਨਿਆਈ ਇਕ ਹੋਰ ਕਬਿੱਤ ਵਿੱਚ 'ਕਿਸ਼ਨਾਵਤਾਰ' ਦੀ ਰਚਨਾ ਵਿੱਚ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਬੰਸਰੀ ਦੀ ਉਪਮਾ ਕਰਦੇ ਹੋਏ ਫੁਰਮਾਉਂਦੇ ਹਨ :

ਕਬਿਤੁ॥ ਬਾਜਤ ਬਸੰਤ ਅਰੁ ਭੈਰਵ ਹਿੰਡੋਲ ਰਾਗ

ਬਾਜਤ ਹੈ ਲਲਤਾ ਕੇ ਸਾਥ ਹ੍ਵੈ ਧਨਾਸਰੀ॥

ਮਾਲਵਾ ਕਲਯਾਨ ਅਰੁ ਮਾਲਕਉਸ ਮਾਰੂ ਰਾਗ

ਬਨ ਮੈ ਬਜਾਵੈ ਕਾਨਹ ਮੰਗਲ ਨਿਵਾਸ ਰੀ॥

ਸੁਰੀ ਅਰੁ ਆਸੁਰੀ ਅਉ ਪੰਨਗੀ ਜੇ ਹੁਤੀ ਤਹਾਂ

ਧੁਨ ਕੇ ਸੁਨਤ ਪੈ ਨ ਰਹੀ ਸੁਧ ਜਾਸ ਰੀ॥

ਕਹੈ ਇਉ ਦਾਸ ਰੀ ਸੁ ਐਸੀ ਬਾਜੀ ਬਾਸੁਰੀ

ਸੁ ਮੇਰੇ ਜਾਨੇ ਯਾ ਮੈ ਸਭ ਰਾਗ ਕੋ ਨਿਵਾਸੁ ਰੀ॥੩੩੨॥

ਕ੍ਰਿਸ਼ਨ ਜੀ ਦੀ ਬੰਸਰੀ ਵਿਚ ਬਸੰਤ, ਭੈਰਉ ਅਤੇ ਹਿੰਡੋਲ ਰਾਗ ਵੱਜਦਾ ਹੈ, ਲਲਤ ਰਾਗ ਦੇ ਨਾਲ ਹੋਕੇ ਧਨਾਸਰੀ ਰਾਗ ਵੱਜਦਾ ਹੈ। ਮਾਲਵਾ, ਕਲਿਆਨ, ਮਾਲਕੌਂਸ ਅਤੇ ਮਾਰੂ ਰਾਗ ਨੂੰ ਖੁਸ਼ੀਆਂ ਦੇ ਘਰ ਕ੍ਰਿਸਨ ਜੀ ਬਨ ਵਿਚ ਬੈਠੇ ਹੋਏ ਬੰਸਰੀ ਵਿਚ ਵਜਾ ਰਹੇ ਹਨ। ਦੇਵ ਇਸਤ੍ਰੀ, ਦੈਂਤ ਇਸਤ੍ਰੀ ਅਤੇ ਨਾਗਣੀਆਂ ਜੇਹੜੀਆਂ ਭੀ ਉਥੇ ਮੌਜੂਦ ਸਨ, ਜਿਸਨੇ ਭੀ ਬੰਸਰੀ ਸੁਣੀ ਹੈ, ਅਵਾਜ ਨੂੰ ਸੁਣਦਿਆਂ ਹੀ ਉਸਨੂੰ ਤਨ ਬਦਨ ਦੀ ਸੁਧ ਨਹੀਂ ਰਹੀ ਹੈ। ਹੇ ਸਖੀ! ਦਾਸ ਇਉਂ ਕਹਿੰਦਾ ਹੈ, ਬੰਸਰੀ ਅਜੇਹੀ ਵਜੀ ਹੈ, ਮੇਰੇ ਖਿਆਲ ਵਿਚ ਆਉਂਦਾ ਹੈ, ਕਿ ਬੰਸਰੀ ਵਿਚ ਸਾਰੇ ਹੀ ਰਾਗਾਂ ਦਾ ਵਸੇਬਾ ਹੈ। ਇਸ ਗੁਲਦਸਤੇ ਨੂੰ 'ਗਿਆਨੀ ਗਿਆਨ ਸਿੰਘ ਜੀ ਅਲਮਸਤ ਜੀ ਨੇ ਗਾਇਆ ਹੈ ਜੋ ਰਿਕਾਰਡ ਹੈ ਅੱਜ ਵੀ ਅਸੀ ਇੰਟਰਨੈਟ ਤੇ ਸੁਣ ਸਕਦੇ ਹਾਂ।

ਕਬਿੱਤੁ॥ ਕਰੁਨਾ ਨਿਧਾਨ ਬੇਦ ਕਹਤ ਬਖਾਨ ਯਾ ਕੀ

ਬੀਚ ਤੀਨ ਲੋਕ ਫੈਲ ਰਹੀ ਹੈ ਸੁ ਬਾਸੁ ਰੀ॥

ਦੇਵਨ ਕੀ ਕੰਨਿਆ ਤਾ ਕੀ ਸੁਨਿ ਧੁਨਿ ਸ੍ਰਉਨਨ ਮੈ

ਧਾਈ ਧਾਈ ਆਵੈ ਤਜਿ ਕੈ ਸੁਰਗ ਬਾਸੁ ਰੀ॥

ਹ੍ਵੈ ਕਰਿ ਪ੍ਰਸੰਨਯ ਰੂਪ ਰਾਗ ਕੋ ਨਿਹਾਰ ਕਹਿਯੋ

ਰਚਯੋ ਹੈ ਬਿਧਾਤਾ ਇਹ ਰਾਗਨ ਕੋ ਬਾਸੁ ਰੀ।।

ਰੀਝੇ ਸਭ ਗਨ ਉਡਗਨ ਭੇ ਮਗਨ ਜਬ

ਬਨ ਉਪਬਨ ਮੈ ਬਜਾਈ ਕਾਨਹ ਬਾਸੁਰੀ।।੩੩੩।।

ਜੋ ਕ੍ਰਿਪਾ ਦਾ ਖਜਾਨਾ ਹੈ, ਜਿਸਦੀ ਮਹਿਮਾ ਦਾ ਕਥਨ ਵੇਦ ਕਹਿੰਦੇ ਹਨ, ਅਤੇ ਤਿੰਨਾਂ ਲੋਕਾਂ ਵਿਚ ਉਸੇ ਦੀ ਸੁਗੰਧੀ ਫੈਲ ਰਹੀ ਹੈ ਭਾਵ ਤਿੰਨਾਂ ਲੋਕਾਂ ਵਿਚ ਜਸ ਹੋ ਰਿਹਾ ਹੈ। ਦੇਵਤਿਆਂ ਦੀਆਂ ਲੜਕੀਆਂ ਉਸਦੀ ਅਵਾਜ ਨੂੰ ਕੰਨਾਂ ਵਿਚ ਸੁਣ ਕੇ, ਸ੍ਵਰਗ ਦਾ ਵੱਸਣਾ ਛੱਡ ਕੇ, ਭੱਜਦੀਆਂ ਹੋਈਆਂ ਬ੍ਰਿਜ ਨੂੰ ਤੁਰੀਆਂ ਆਉਂਦੀਆਂ ਹਨ। ਕ੍ਰਿਸ਼ਨ ਜੀ ਦੇ ਰੂਪ ਤੇ ਰਾਗਾਂ ਨੂੰ ਵੇਖ ਕੇ ਪ੍ਰਸੰਨ ਹੋ ਕੇ ਸਭਨਾਂ ਨੇ ਕਿਹਾ ਹੈ, ਕਿ "ਬਿਧਾਤਾ ਨੇ ਇਸਨੂੰ ਰਾਗਾਂ ਦਾ ਘਰ ਰਚਿਆ ਹੈ।" ਸਾਰੇ ਗਨ ਖੁਸ਼ ਹੋ ਗਏ ਹਨ, ਸਾਰੇ ਤਾਰੇ ਮਸਤ ਹੋ ਗਏ ਹਨ, ਬਨਾਂ ਤੇ ਬਾਗਾਂ ਵਿਚ ਖਿੜਾਉ ਆ ਗਿਆ ਹੈ, ਜਦੋਂ ਕ੍ਰਿਸ਼ਨ ਜੀ ਨੇ ਬੰਸਰੀ ਬਜਾਈ ਹੈ।

ਸੋਰਠਿ ਸਾਰੰਗ ਅਉ ਗੁਜਰੀ ਲਲਤਾ ਅਰੁ ਭੈਰਵ ਦੀਪਕ ਗਾਵੈ।।

ਟੋਡੀ ਅਉ ਮੇਘ ਮਲ੍ਹਾਰ ਅਲਾਪਤ ਗੌਂਡ ਅਉ ਸੁੱਧ ਮਲ੍ਹਾਰ ਸੁਨਾਵੈ।।

ਜੈਤਸਰੀ ਅਰੁ ਮਾਲਸਿਰੀ ਅਉ ਪਰਜ ਸੁ ਰਾਗਸਿਰੀ ਠਟ ਪਾਵੈ।।

ਸਯਾਮ ਕਹੈ ਹਰਿ ਜੀ ਰਿਝ ਕੈ ਮੁਰਲੀ ਸੰਗ ਕੋਟਕ ਰਾਗ ਬਜਾਵੈ।।੨੩੧।।

ਅਰਥ-ਸੋਰਠ, ਸਾਰੰਗ, ਗੂਜਰੀ, ਲਲਤ ਅਤੇ ਭੈਰਵ ਤੇ ਦੀਪਕ ਰਾਗ ਗਾਉਂਦੇ ਹਨ। ਟੋਡੀ, ਅਤੇ ਮੇਘ ਮਲ੍ਹਾਰ ਅਲਾਪਦੇ ਹਨ, ਅਤੇ ਗੌਂਡ ਅਤੇ ਸੁਧ ਮਲ੍ਹਾਰ ਸੁਣਾਉਂਦੇ ਹਨ ਜੈਤਸਿਰੀ, ਮਾਲਸਿਰੀ, ਪਰਜ ਅਤੇ ਸਿਰੀਰਾਗ ਦਾ ਠਟ ਬੰਨ੍ਹ ਦੇਂਦੇ ਹਨ ਸਿਆਮ ਕਵਿ ਜੀ ਕਹਿੰਦੇ ਹਨ ਕ੍ਰਿਸ਼ਨ ਜੀ ਖੁਸ਼ ਹੋਕੇ ਮੁਰਲੀ ਨਾਲ ਕ੍ਰੋੜਾਂ ਰਾਗ ਵਜਾਉਂਦੇ ਹਨ।।੨੩੧।।

ਕਬਿੱਤੁ।। ਲਲਤ ਧਨਾਸਰੀ, ਬਜਾਵਹਿ ਸੰਗਿ ਬਾਸੁਰੀ

ਕਿਦਾਰਾ ਔਰ ਮਾਲਵਾ ਬਿਹਾਗੜਾ ਅਉ ਗੂਜਰੀ।।

ਮਾਰੂ ਅਉ ਪਰਜ ਔਰ ਕਾਨੜਾ ਕਲਿਆਨਿ ਸੁਭ

ਕੁਕਭ ਬਿਲਾਵਲ ਸੁਨੈ ਤੇ ਆਵੈ ਮੂਜਰੀ॥

ਭੈਰਵ ਪਲਾਸੀ ਭੀਮ ਦੀਪਕ ਸੁ ਗਉਰੀ ਨਟ

ਠਾਂਢੋ ਦ੍ਰੁਮ ਛਾਇ ਮੈ ਸੁ ਗਾਵੈ ਕਾਨ੍ਹ ਪੂਜਰੀ॥

ਤਾ ਤੇ ਗ੍ਰਿਹ ਤਿਆਗ ਤਾ ਕੀ ਸੁਨਿ ਧੁਨਿ ਸ੍ਰੋਨਨ ਮੈ

ਮ੍ਰਿਗ ਨੈਨੀ ਫਿਰਤ ਸੁ ਬਨਿ ਬਨਿ ਊਜਰੀ॥੨੩੨॥

ਅਰਥ - ਬੰਸਰੀ ਨਾਲ ਲਲਤ, ਧਨਾਸਰੀ, ਕਿਦਾਰਾ, ਮਾਲਵਾ, ਬਿਹਾਗੜਾ ਅਤੇ ਗੂਜਰੀ ਰਾਗ ਬਜਾਉਂਦੇ ਹਨ। ਮਾਰੂ, ਪਰਜ, ਕਾਨੜਾ ਅਤੇ ਕਲਿਆਨ ਸੁਣੀਦਾ ਹੈ, ਅਤੇ ਕੁਕਭ, ਬਿਲਾਵਲ ਤੇ ਮੂਰਛਨਾ ਭੀ ਸੁਣਾਉਂਦੇ ਹਨ। ਭੈਰੋ, ਪਲਾਸੀ, ਭੀਮ, ਦੀਪਕ, ਗੌੜੀ ਤੇ ਨਟ ਰਾਗ ਨੂੰ ਪੂਜਨੀਕ ਕਾਨ੍ਹ ਬ੍ਰਿਛ ਦੇ ਥੱਲੇ ਖੜੋਤੇ ਗਾਉਂਦੇ ਹਨ। ਉਸਦੀ ਬੰਸਰੀ ਦੀ ਅਵਾਜ ਸੁਣਕੇ ਮ੍ਰਿਗ ਨੈਣੀ ਗੋਪੀਆਂ ਘਰਾਂ ਨੂੰ ਛੱਡਕੇ ਬਨਾ ਵਿਚ ਭੱਜੀਆਂ ਫਿਰਦੀਆਂ ਹਨ।

ਮਾਲਸਿਰੀ ਅਰੁ ਰਾਮਕਲੀ ਸੁਭ ਸਾਰੰਗ ਭਾਵਨ ਸਾਥ ਬਸਾਵੈ॥

ਜੈਤਸਿਰੀ ਅਰੁ ਸੁੱਧ ਮਲ੍ਹਾਰ ਬਿਲਾਵਲ ਕੀ ਧੁਨ ਕੂਕ ਸੁਨਾਵੈ॥

ਲੈ ਮੁਰਲੀ ਅਪਨੇ ਕਰਿ ਕਾਨਹ ਕਿਧੌ ਅਤਿ ਭਾਵਨ ਸਾਥ ਬਜਾਵੈ॥

ਪਉਨ ਚਲੈ ਨ ਰਹੈ ਜਮੁਨਾ ਥਿਰ ਮੋਹਿ ਰਹੈ ਧੁਨਿ ਜੋ ਸੁਨਿ ਪਾਵੈ॥੪੭੪॥

ਸ੍ਰੀ ਕ੍ਰਿਸ਼ਨ ਜੀ ਮਾਲਸਿਰੀ ਅਤੇ ਰਾਮਕਲੀ ਤੇ ਸੁੰਦਰ ਸਾਰੰਗ ਰਾਗ ਨੂੰ ਮਨ ਮਰਜੀ ਨਾਲ ਮੁਰਲੀ ਵਿਚ ਵਜਾਉਂਦੇ ਹਨ। ਜੈਤਸਰੀ ਤੇ ਸੁੱਧ ਮਲਾਰ ਅਤੇ ਬਿਲਾਵਲ ਦੀ ਧੁਨੀ ਨੂੰ ਉੱਚੀ ਸੁਰ ਨਾਲ ਸੁਣਾਉਂਦੇ ਹਨ। ਬੰਸਰੀ ਨੂੰ ਆਪਣੇ ਹੱਥ ਵਿਚ ਲੈਕੇ ਕ੍ਰਿਸ਼ਨ ਜੀ ਮਨ ਦੀ ਮੌਜ ਨਾਲ ਹੀ ਉਸਨੂੰ ਵਜਾਉਂਦੇ ਹਨ। ਬੰਸਰੀ ਦੀ ਧੁਨ ਸੁਣਕੇ ਜਮਨਾ ਰੁਕ ਜਾਂਦੀ ਹੈ ਤੇ ਹਵਾ ਵੀ ਚਲਣਾ ਭੁੱਲ ਜਾਂਦੀ ਹੈ ਅਤੇ ਹੋਰ ਜੋ ਕੋਈ ਬੰਸਰੀ ਦੀ ਆਵਾਜ ਨੂੰ ਸੁਣ ਲੈਂਦਾ ਹੈ, ਉਹ ਭੀ ਮੋਹਤ ਹੋ ਰਹਿੰਦਾ ਹੈ।

ਦੇਵਗੰਧਾਰਿ ਬਿਲਾਵਲ ਸੁੱਧ ਮਲ੍ਹਾਰ ਕਹੈ ਕਬਿ ਸਯਾਮ ਸੁਨਾਈ॥

ਜੈਤਸਿਰੀ ਗੁਜਰੀ ਕੀ ਭਲੀ ਧੁਨਿ ਰਾਮਕਲੀ ਹੂੰ ਕੀ ਤਾਨ ਬਸਾਈ॥

ਸਥਾਵਰ ਤੇ ਸੁਨ ਕੈ ਸੁਰ ਜੀ ਜੜ ਜੰਗਮ ਤੇ ਸੁਰ ਜਾ ਸੁਨ ਪਾਈ॥

ਰਾਸ ਬਿਖੈ ਸੰਗ ਗ੍ਵਾਰਨਿ ਕੇ ਇਹ ਭਾਂਤ ਸੋ ਬੰਸਰੀ ਕਾਨਹ ਬਜਾਈ॥੬੨੩॥

ਸਿਆਮ ਕਵਿ ਜੀ ਕਹਿੰਦੇ ਹਨ-ਦੇਵ ਗੰਧਾਰ, ਬਿਲਾਵਲ, ਸੁਧ ਮਲ੍ਹਾਰ, ਜੈਤਸਿਰੀ, ਗੂਜਰੀ ਦੀ ਧੁਨ ਦੇ ਨਾਲ ਹੀ ਬੜੀ ਚੰਗੀ ਰੀਤੀ ਨਾਲ 'ਰਾਮਕਲੀ' ਦੀ ਤਾਨ ਭੀ ਵਸਾ ਦਿੱਤੀ ਹੈ। ਜਿੰਨ੍ਹਾਂ ਜਿੰਨ੍ਹਾਂ ਨੇ ਉਹ ਸੁਰ ਸੁਣ ਲਈ ਹੈ, ਉਹ ਸੁਣ ਕੇ ਸਥਾਵਰ ਤੋਂ ਜੰਗਮ ਅਤੇ ਜੜ੍ਹ ਤੋਂ ਚੇਤਨ ਹੋ ਗਏ ਹਨ। ਰਾਸ ਦੇ ਵਿਚ ਗੋਪੀਆਂ ਦੇ ਨਾਲ ਮਿਲ ਕੇ ਕ੍ਰਿਸ਼ਨ ਜੀ ਨੇ ਇਸ ਤਰ੍ਹਾਂ ਨਾਲ ਬੰਸਰੀ ਵਜਾਈ ਹੈ ਜਿਸਨੂੰ ਸੁਣ ਕੇ ਉਪਰੋਕਤ ਦਸ਼ਾ ਹੋਈ ਹੈ।

ਦੀਪਕ ਅਉ ਨਟ ਨਾਇਕ ਰਾਗ ਭਲੀ ਬਿਧਿ ਗਉਰੀ ਕੀ ਤਾਨ ਬਸਾਈ॥

ਸੋਰਠ ਸਾਰੰਗ ਰਾਮਕਲੀ ਸੁਰ ਜੈਤਸਿਰੀ ਸੁਭ ਭਾਂਤ ਸੁਨਾਈ॥

ਰੀਝ ਰਹੈ ਪ੍ਰਿਥਮੀ ਕੇ ਸਭੈ ਜਨ ਰੀਝ ਰਹਯੋ ਸੁਨ ਕੈ ਸੁਰਰਾਈ॥

ਤੀਰ ਨਦੀ ਸੰਗਿ ਗ੍ਵਾਰਨਿ ਕੇ ਮੁਰਲੀ ਕਰਿ ਆਨੰਦ ਸਯਾਮ ਬਜਾਈ॥੬੨੪॥

ਦੀਪਕ ਤੇ ਨਟ ਨਾਰਾਇਣ ਰਾਗ ਅਤੇ ਗੌੜੀ ਰਾਗ ਦੀ ਤਾਨ ਭੀ ਬੜੇ ਹੀ ਚੰਗੇ ਤਰੀਕੇ ਨਾਲ ਵਜਾਈ ਹੈ। ਸੋਰਠ, ਸਾਰੰਗ, ਰਾਮਕਲੀ ਦੀ ਸੁਰ ਦੇ ਵਿਚ ਹੀ ਜੈਤਸਿਰੀ ਦੀ ਸੁਰ ਭੀ ਸੋਹਣੇ ਤ੍ਰੀਕੇ ਨਾਲ ਸੁਣਾਈ ਹੈ। ਧਰਤੀ ਦੇ ਵੱਸਣ ਵਾਲੇ ਸਾਰੇ ਲੋਕ ਪ੍ਰਸੰਨ ਹੋ ਰਹੇ ਹਨ, ਅਤੇ ਦੇਵਤਿਆਂ ਦਾ ਰਾਜਾ ਭੀ ਸੁਣ ਕੇ ਮਸਤ ਹੋ ਰਿਹਾ ਹੈ। ਜਮਨਾ ਨਦੀ ਦੇ ਕਿਨਾਰੇ ਗੋਪੀਆਂ ਦੇ ਝੁੰਡ ਵਿਚ ਪ੍ਰਸੰਨ ਹੋ ਕ੍ਰਿਸ਼ਨ ਜੀ ਬੰਸਰੀ ਵਜਾਉਂਦੇ ਹਨ।

ਰੀਝ ਬਜਾਵਤ ਹੈ ਮੁਰਲੀ ਹਰਿ ਪੈ ਮਨ ਮੈ ਕਰਿ ਸੰਕ ਕਛੂ ਨਾ॥

ਜਾ ਕੀ ਸੁਨੇ ਧੁਨਿ ਸ੍ਰਉਨਨ ਮੈ ਕਰ ਕੈ ਖਗ ਆਵਤ ਹੈ ਬਨ ਸੂਨਾ॥

ਸੋ ਸੁਨਿ ਗ੍ਵਾਰਨਿ ਰੀਝ ਰਹੀ ਮਨ ਭੀਤਰ ਸੰਕ ਕਰੀ ਕਛਹੂ ਨਾ॥

ਨੈਨ ਪਸਾਰ ਰਹੀ ਪਿਖ ਕੈ ਜਿਮ ਘੰਟਕ ਹੇਰ ਬਜੇ ਮ੍ਰਿਗਿ ਮੂਨਾ॥੬੪●॥

ਕ੍ਰਿਸ਼ਨ ਜੀ ਖੁਸ਼ ਹੋਕੇ ਬੰਸਰੀ ਵਜਾਉਂਦੇ ਹਨ ਅਤੇ ਉਹਨਾਂ ਨੇ ਮਨ ਵਿਚ ਕੁਝ ਸੰਸਾ ਨਹੀਂ ਕੀਤਾ। ਜਿਸ ਦੀ ਅਵਾਜ ਨੂੰ ਕੰਨੀਂ ਸੁਣ ਕੇ ਜੰਗਲ ਦੇ ਪੰਛੀ ਜੰਗਲ ਨੂੰ ਸੁੰਞਾ ਕਰ ਕੇ

ਉਨ੍ਹਾਂ ਕੋਲ ਚਲੇ ਆਉਂਦੇ ਹਨ। ਉਸ ਬੰਸਰੀ ਦੀ ਅਵਾਜ ਨੂੰ ਸੁਣਕੇ ਗੋਪੀਆਂ ਪ੍ਰਸੰਨ ਹੋ ਰਹੀਆਂ ਹਨ, ਅਤੇ ਮਨ ਵਿਚ ਉਨ੍ਹਾਂ ਨੇ ਕਿਸੇ ਤਰ੍ਹਾਂ ਦੀ ਕੁਝ ਸ਼ੰਕਾ ਨਹੀਂ ਕੀਤੀ। ਅੱਖਾਂ ਟੱਡਕੇ ਉਨ੍ਹਾਂ ਵੱਲ ਹੀ ਵੇਖ ਰਹੀਆਂ ਹਨ, ਜਿਸ ਤਰ੍ਹਾਂ ਘੰਡੇਹੇੜੇ ਦੇ ਵਜਦਿਆਂ ਹੀ ਹਰਨ ਚੁੱਪ ਕੀਤੇ ਹੀ ਕੱਠੇ ਹੋ ਜਾਂਦੇ ਹਨ।

ਸਵੈਯਾ॥ ਸੁਰ ਬਾਸੁਰੀ ਕੀ ਕਬਿ ਸਯਾਮ ਕਹੈ ਮੁਖ ਕਾਨ੍ਹਰ ਕੇ ਅਤਿ ਹੀ ਸੁ ਰਸੀ ਹੈ॥
ਸੋਰਠ ਦੇਵਗੰਧਾਰਿ ਬਿਭਾਸ ਬਿਲਾਵਲ ਹੂੰ ਕੀ ਸੁ ਤਾਨ ਬਸੀ ਹੈ॥
ਕੰਚਨ ਸੋ ਜਿਹ ਕੋ ਤਨ ਹੈ ਜਿਹ ਕੇ ਮੁਖ ਕੀ ਸਮ ਸੋਭ ਸਸੀ ਹੈ॥
ਤਾ ਕੈ ਬਜਾਇਬੇ ਕੌ ਸੁਨ ਕੈ ਮਤਿ ਗ੍ਵਾਰਨਿ ਕੀ ਤਿਹ ਬੀਚ ਫਸੀ ਹੈ॥੬੪੧॥

ਸਿਆਮ ਕਵਿ ਜੀ ਕਹਿੰਦੇ ਹਨ, ਬੰਸਰੀ ਦੀ ਸੁਰ ਕ੍ਰਿਸ਼ਨ ਜੀ ਦੇ ਮੂੰਹ ਤੋਂ ਬਹੁਤ ਹੀ ਰਸਦਾਈ ਹੋ ਰਹੀ ਹੈ। ਸੋਰਠ, ਦੇਵਗੰਧਾਰ, ਬਿਭਾਸ ਤੇ ਬਿਲਾਵਲ ਦੀ ਤਾਨ ਭੀ ਉਸਦੇ ਵਿਚ ਵੱਸ ਗਈ ਹੈ। ਜਿਸ ਦੇ ਸਰੀਰ ਦੀ ਚਮਕ ਸੋਨੇ ਸਮਾਨ ਹੈ ਅਤੇ ਜਿਸਦੇ ਮੂੰਹ ਦੀ ਸੋਭਾ ਚੰਦ੍ਰਮਾ ਤੁੱਲ ਹੈ। ਉਸਦੀ ਵਜਾਈ ਬੰਸਰੀ ਦੀ ਧੁਨ ਸੁਣ ਕੇ ਗੌਪੀਆਂ ਦੀ ਅਕਲ ਉਸਦੇ ਹੀ ਵਿਚ ਫਸ ਗਈ ਹੈ।

ਸਤਿਗੁਰੂ ਜੀ ਨੇ ਅਨੇਕਾਂ ਰਾਗਾਂ ਦੇ ਨਾਮਾਂ ਨੂੰ ਦਰਸਾਇਆ ਹੈ ਪਰ 17 ਰਾਗਾਂ ਦੇ ਅੰਤਰਗਤ ਬਾਣੀ ਉਚਾਰਣ ਕੀਤੀ ਹੈ ਉਹਨਾਂ ਰਾਗਾਂ ਦਾ ਰੂਪ ਉਸ ਸਮ੍ਹੇ ਕੀ ਸੀ, ਉਹ ਦੱਸਣਾ ਕਠਿਨ ਹੈ ਪਰ ਅਜ ਦੇ ਅਜੋਕੇ ਸਮ੍ਹੇ ਵਿੱਚ ਇਹਨਾਂ ਰਾਗਾਂ ਦਾ ਜੋ ਪ੍ਰਕਾਰ ਰੂਪ ਹੈ ਉਹ ਸੂਖਮ ਰੂਪ ਵਿੱਚ ਇਸ ਤਰ੍ਹਾਂ ਹੈ।

(1) **ਰਾਗ-ਪਰਜ**

ਜੋ ਪੂਰਬੀ ਥਾਟ ਦਾ ਹੈ ਵਾਦੀ-ਸੰਵਾਦੀ ਸਂ-ਪ ਹੈ, ਔੜਵ-ਸੰਪੂਰਣ ਜਾਤੀ ਦਾ ਹੈ ਸਮ੍ਹਾਂ-ਰਾਤ ਦਾ ਅੰਤਿਮ ਪਹਿਰ। ਸ੍ਵਰ-ਮਧਮ ਦੋਨੋ।

ਅਰੋਹ – ਨੀ ਸ, ਗ, ਮ ਪ, ਧੁ ਮ, ਧੁ ਨੀ ਸ।

ਅਵਰੋਹ – ਸਂ, ਨੀ ਧੁ ਪ, ਪ ਗ, ਮ ਗ ਮ ਗ ਰੇ ਸ।

ਪਕੜ – ਸਂ, ਨੀ ਧੁ ਪ, ਪ ਗ ਮ ਗ।

(2) **ਰਾਗ-ਕਾਫੀ**

ਜੋ ਕਾਫ਼ੀ ਥਾਟ ਦਾ ਆਸ਼੍ਰਅ ਰਾਗ ਹੈ। ਵਾਦੀ-ਸੰਵਾਦੀ ਪ-ਰੇ, ਸੰਪੂਰਣ ਜਾਤੀ ਦਾ ਹੈ। ਸਮਾਂ ਰਾਤ ਦਾ ਦੂਸਰਾ ਪਹਿਰ।

ਅਰੋਹ - ਸ ਰੇ, ਗੁ ਮ ਪ, ਧ ਨੀ ਸਂ।

ਅਵਰੋਹ - ਸਂ ਨੀ ਧ ਪ, ਮ ਗੁ ਰੇ ਸ

ਪਕੜ - ਪ ਮ ਗੁ ਰੇ, ਰੇ ਗੁ ਮ ਪ, ਮ ਗੁ ਰੇ ਸ।

(3) **ਰਾਗ ਸੋਰਠ**

ਥਾਟ ਖਮਾਜ, ਵਾਦੀ-ਸੰਵਾਦੀ ਰ-ਪ, ਜਾਤੀ ਔੜਵ-ਸੰਪੂਰਨ, ਸੂਰ ਨਿਸ਼ਾਧ ਦੋਵੇਂ, ਆਰੋਹ 'ਚ ਗ-ਧ ਵਰਜਿਤ, ਸਮਾਂ-ਰਾਤ ਦਾ ਦੂਸਰਾ ਪਹਿਰ।'

ਅਰੋਹ - ਸ ਰੇ ਮ ਪ, ਨੀ ਸਂ।

ਅਵਰੋਹ - ਸਂ ਰੇ ਨੀ ਧ, ਮ ਪ ਧ, ਮ, ਰੇ ਗ ਰੇ, ਗ ਨੀ ਸ।

ਪਕੜ - ਸ ਰੇ ਮ ਪ, ਧ ਮ ਗ ਰੇ।

(4) **ਰਾਗ ਸੂਹੀ**

ਥਾਟ ਕਾਫ਼ੀ, ਵਾਦੀ-ਸੰਵਾਦੀ ਪ-ਸ, ਜਾੜੀ ਛਾੜਵ- ਸੰਪੂਰਨ, ਸੂਰ-ਨਿਸ਼ਾਦ ਦੋਵੇਂ, ਅਰੋਹ 'ਚ ਧ ਵਰਜਿਤ, ਸਮ੍ਹਾਂ-ਦਿਨ ਦਾ ਤੀਸਰਾ ਪਹਿਰ।'

ਅਰੋਹ - ਸ ਰੇ ਗੁ ਮ, ਪ ਨੀ ਪ, ਨੀ ਸਂ।

ਅਵਰੋਹ - ਸਂ ਨੀ ਧ ਪ, ਮ ਗੁ ਮ, ਰੇ ਸ।

ਪਕੜ - ਸ ਰੇ, ਗੁ, ਮ ਪ, ਨੀਪ, ਮ ਗੁ ਮ, ਰੇ ਸ।

(5) **ਰਾਗ ਰਾਮਕਲੀ**

ਥਾਟ ਭੈਰਵ, ਵਾਦੀ-ਸੰਵਾਦੀ ਪ-ਸ, ਜਾਤੀ ਸੰਪੂਰਨ-ਸੰਪੂਰਨ, ਸੂਰ-ਦੋਨੋਂ ਮਧਮ ਦੋਨੋਂ ਨਿਸ਼ਾਦ, ਸਮ੍ਹਾਂ-ਪ੍ਰਾਤਹਿਕਾਲ

ਅਰੋਹ - ਸ ਰੇ ਗ ਮ, ਪ ਧੁ ਨ ਸਂ।

ਅਵਰੋਹ – ਸਂ ਨੀ ਧੁ ਪ, ਮ ਪ, ਧੁਨੁ ਧੁਪ, ਪ, ਗ ਮ, ਰੇ ਸ।

ਪਕੜ – ਮ ਪ, ਧੁ ਨ ਧੁ ਪ, ਪ ਗ ਮ, ਪ ਰੇ ਸ।

(6) **ਰਾਗ ਸਾਰੰਗ**

ਥਾਟ–ਕਾਫੀ, ਵਾਦੀ–ਸੰਵਾਦੀ, ਰ–ਪ, ਜਾਤੀ ਛਾੜਵ–ਛਾੜਵ ਸੂਰ ਮਧਮ ਤੇ ਨਿਸ਼ਾਦ ਦੋਨੋ, ਸਮ੍ਹਾਂ–ਦਿਨ ਦਾ ਦੂਸਰਾ ਪਹਿਰ।

ਅਰੋਹ – ਸ ਰੇ ਮ ਪ, ਮ ਪ ਨੀ ਸਂ।

ਅਵਰੋਹ – ਸਂ ਨੀ ਪ, ਮ ਪ ਧ ਪ, ਮ ਰੇ ਨ਼ੀ ਸ।

ਪਕੜ – ਸ, ਰੇ ਮ ਰੇ, ਪ ਮ ਪ, ਨੀ ਪ, ਮ ਪ, ਮ ਰੇ ਸ ।

(7) **ਰਾਗ ਗਾਉੜੀ** (**ਕਲਿੰਗੜਾ ਅੰਗ**)

ਥਾਟ, ਭੈਰਵ, ਵਾਦੀ–ਸੰਵਾਦੀ ਮ–ਸ, ਜਾਤੀ ਔੜਵ–ਸੰਪੂਰਨ, ਸਮ੍ਹਾਂ–ਦਿਨ ਦਾ ਅੰਤਿਮ ਪਹਿਰ।

ਅਰੋਹ – ਸ ਰੇ ਗ, ਰੇ, ਗ, ਮ ਪ ਮ, ਪ ਧੁ ਨੀ ਸਂ।

ਅਵਰੋਹ – ਸਂ ਨੀ ਧੁ ਮਪ ਮ, ਰੇਗੁ ਨੀ, ਸ।

ਪਕੜ – ਮਧੁ, ਪਧੁ, ਮਪ ਗਮ ਰੇ ਗਰੇ ਸ ਰੇ ਨ਼ੀ, ਸ ਨ਼ੀ।

(8) **ਰਾਗ ਧਨਾਸਰੀ**

ਥਾਟ ਕਾਫ਼ੀ, ਵਾਦੀ–ਸੰਵਾਦੀ, ਪ–ਸ, ਜਾਤੀ ਔੜਵ–ਔੜਵ, ਸਮ੍ਹਾਂ–ਦਿਨ ਦਾ ਦੂਜਾ ਪਹਿਰ।

ਅਰੋਹ – ਸ ਗੁ ਮ ਪ ਨੀ ਸ।

ਅਵਰੋਹ –ਸਂ ਨੀ ਪ ਮ ਗੁ ਸ।

ਪਕੜ –ਸ ਨ਼ੀ ਸ ਮ, ਪ ਗੁ ਮ, ਪ ਗੁ ਪ।

(9) **ਰਾਗ ਤਿਲੰਗ**

ਥਾਟ ਖਮਾਜ, ਵਾਦੀ–ਸੰਵਾਦੀ ਗ–ਨੀ, ਜਾਤੀ ਔੜਵ–ਔੜਵ, ਸੂਰ ਨਿਸ਼ਾਦ ਦੋਨੋਂ, ਸਮ੍ਹਾਂ–ਦੁਪਹਿਰ ਦਾ।

ਅਰੋਹ – ਸ ਗ, ਮ ਪ, ਨੀ ਸਂ।

ਅਵਰੋਹ – ਸਂ ਨੀ ਪ, ਮ, ਗ ਸ।

ਪਕੜ – ਨੀ ਸ, ਗ ਮ ਪ, ਨੀ ਪ, ਗ ਮ ਗ, ਸ।

**(10) ਰਾਗ ਕਿਦਾਰਾ**

ਥਾਟ–ਕਲਿਆਣ, ਵਾਦੀ–ਸੰਵਾਦੀ ਮ–ਸ, ਜਾਤੀ ਔੜਵ–ਸੰਪੂਰਨ, ਵਰਜਿਤ ਸੁਰ–ਅਰੋਹ ਵਿੱਚ ਰਿਸ਼ਭ ਤੇ ਗੰਧਾਰ, ਮਧਮ ਦੋਨੋਂ, ਸਮ੍ਹਾਂ ਰਾਤ ਦਾ ਪ੍ਰਥਮ ਪਹਿਰ।

ਅਰੋਹ – ਸ ਮ, ਮ ਪ, ਧ ਪ, ਧ ਨੀ ਸਂ।

ਅਵਰੋਹ – ਸਂ ਨੀ ਧ, ਪ, ਮ ਪ, ਮ ਪ ਧ ਪ, ਮ, ਗ ਮ ਰੇ ਸ।

ਪਕੜ – ਸ ਮ, ਮ ਪ, ਧ ਪ ਮ, ਪ ਮ, ਰੇ ਸ।

**(11) ਰਾਗ ਦੇਵਗੰਧਾਰੀ**

ਥਾਟ ਆਸਾਵਰੀ, ਵਾਦੀ–ਸੰਵਾਦੀ ਧੁ–ਰੇ, ਜਾਤੀ ਛਾੜਵ–ਸੰਪੂਰਣ, ਸੁਰ–ਗੰਧਾਰ ਦੋਨੋ, ਸਮਾਂ–ਦਿਨ ਦਾ ਦੂਸਰਾ ਪਹਿਰ।

ਅਰੋਹ – ਸ ਰੇ ਮ ਪ, ਧੁ ਮ, ਪ ਧੁ ਨੀ ਸ।

ਅਵਰੋਹ – ਸਂ ਨੀ ਧੁ, ਪ ਮ ਪ, ਮ, ਗੁ ਰੇ ਸ।

ਪਕੜ –ਮ ਪ, ਧੁ, ਮ ਪ, ਮ ਗੁ ਰੇ ਸ, ਰੇ ਨ਼ੀ ਸ ਰੇ ਗ ਮ।

**(12) ਰਾਗ ਕਲਿਆਣ (ਯਮਨ)**

ਥਾਟ ਕਲਿਆਣ, ਵਾਦੀ–ਸੰਵਾਦੀ ਗ–ਨੀ, ਜਾਤੀ ਸੰਪੂਰਣ–ਸੰਪੂਰਣ, ਸਮ੍ਹਾਂ–ਰਾਤ ਦਾ ਪਹਿਲਾ ਪਹਿਰ।

ਅਰੋਹ – ਸ, ਨੀ ਰੇ, ਗ ਮ, ਪ, ਮ ਧ ਨੀ ਸਂ।

ਅਵਰੋਹ – ਸਂ ਨੀ ਧ ਪ, ਮ ਗ, ਪ ਰੇ ਸ।

ਪਕੜ – ਨੀ ਰੇ ਸ, ਨੀ ਰੇ ਗ, ਰੇ ਸ, ਪ ਮ ਗ, ਪ ਰੇ ਸ।

(13) **ਰਾਗ ਮਾਰੂ (ਕਈ ਪ੍ਰਕਾਰ ਹਨ)**

ਥਾਟ ਕਲਿਅਣ, ਵਾਦੀ-ਸੰਵਾਦੀ ਰੇ-ਧ, ਜਾਤੀ ਛਾੜਵ-ਛਾੜਵ, ਸਮਾਂ-ਰਾਤ ਦਾ ਚੌਥਾ ਪਹਿਰ।

ਅਰੋਹ - ਨੀ ਸ ਰੇ, ਸ ਗ ਮ ਗ, ਧ ਮ, ਗ ਮ ਰੇ, ਮ ਧ ਨੀ ਸੰ।

ਅਵਰੋਹ - ਸੰ ਨੀ ਧ ਮ, ਗ, ਰੇ ਮ ਗ, ਰੇ ਸ।

ਪਕੜ - ਸ ਮ ਗ, ਮ ਗ, ਧ ਮ ਗ ਮ ਗ, ਰੇ ਸ।

(14) **ਰਾਗ ਭੈਰੋਂ (ਭੈਰਉ)**

ਥਾਟ ਭੈਰਉ, ਵਾਦੀ-ਸੰਵਾਦੀ ਧੁ-ਰੇ, ਜਾਤੀ ਸੰਪੂਰਣ-ਸੰਪੂਰਣ, ਸਮ੍ਹਾਂ-ਸਵੇਰ ਦਾ ਸੰਧਿ ਪ੍ਰਕਾਸ਼।

ਅਰੋਹ - ਸ ਰੇ ਗ ਮ, ਪ ਧੁ ਨੀ ਸੰ।

ਅਵਰੋਹ - ਸੰ ਨੀ ਧੁ ਪ, ਗ ਮ, ਗ ਰੇ, ਰੇ ਸ।

ਪਕੜ -ਗ ਮ ਧੁ ਧੁ ਪ, ਗ ਮ ਰੇ ਰੇ ਸ।

(15) **ਰਾਗ ਅੜਾਨਾ**

ਥਾਟ ਆਸਾਵਰੀ, ਵਾਦੀ-ਸੰਵਾਦੀ ਸ-ਪ, ਜਾਤੀ ਛਾੜਵ-ਛਾੜਵ, ਸੂਰ-ਦੋਨੋਂ ਨਿਸ਼ਾਦ ਵਰਜਿਤ ਸੂਰ-ਅਰੋਹ 'ਚ ਗੰਧਾਰ, ਅਵਰੋਹ 'ਚ ਧੈਵਤ, ਸਮਾਂ ਰਾਮ ਦਾ ਤੀਸਰਾ ਪਹਿਰ।

ਅਰੋਹ - ਸ ਰੇ ਮ ਪ ਧੁ ਨੀ ਸੰ।

ਅਵਰੋਹ - ਸੰ ਧੁ ਨੀ ਪ, ਮ ਪ ਗੁ ਮ ਰੇ ਸ।

ਪਕੜ - ਸ ਰੇ ਮ ਪ, ਗੁ ਮ ਰੇ ਸ।

(16) **ਰਾਗ-ਬਸੰਤ (ਪੂਰਵੀ ਅੰਗ)**

ਥਾਟ-ਪੂਰਵੀ, ਵਾਦੀ-ਸੰਵਾਦੀ ਸੰ-ਪ, ਜਾਤੀ ਔੜਵ-ਸੰਪੂਰਨ, ਸੂਰ-ਮਧਮ ਦੋਨੋ, ਵਰਜਿਤ ਸੂਰ ਆਰੋਹ ਵਿੱਚ ਰਿਸ਼ਭ ਤੇ ਪੰਚਮ, ਸਮਾਂ-ਅੱਧ ਰਾਤਰੀ ਉਪਰਾਂਤ।

ਅਰੋਹ – ਸ ਮ ਗ, ਮ ਧੁ ਨੀ ਸਂ ਰੇ ਸਂ।

ਅਵਰੋਹ – ਰੇਂ ਨੀ ਧੁ ਪ, ਪ, ਮ ਗ, ਮਗ, ਮਧ, ਮ ਗ ਰੇ ਸ।

ਪਕੜ – ਮੇ ਧੁ ਰੇਂ ਸਂ, ਰੇਂ ਨੀ, ਰੇਂ ਨੀ ਧੁ ਪ ਮ, ਮ ਗ, ਮ ਗ।

(17) **ਰਾਗ ਬਿਲਾਵਲ**

ਥਾਟ–ਬਿਲਾਵਲ, ਵਾਦੀ–ਸੰਵਾਦੀ ਧ–ਗ, ਜਾਤੀ–ਸੰਪੂਰਨ–ਸੰਪੂਰਨ, ਸਮਾਂ–ਦਿਨ ਦਾ ਪ੍ਰਥਮ ਪਹਿਰ।

ਅਰੋਹ – ਸ ਰੇ ਗ ਪ, ਮ ਗ, ਪ ਧ ਨੀ ਸਂ।

ਅਵਰੋਹ – ਸਂ ਨੀ ਧ ਪ, ਮ ਗ ਰੇ ਸ।

ਪਕੜ – ਸ, ਗ ਰੇ, ਗ ਗ, ਮ ਗ ਰੇ ਸ।

## 5.2 ਤਾਲ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਪੂਰਣ ਰਚਨਾ ਸੰਗੀਤ ਦੇ ਨਾਲ ਸੰਬੰਧਿਤ ਹੈ ਭਾਵ ਸਾਰੀ ਰਚਨਾ ਗੁਰੂ ਸਾਹਿਬ ਜੀ ਨੇ ਛੰਦਾਂ ਦੇ ਅੰਤਰਗਤ ਅੰਕਿਤ ਕੀਤੀ ਹੈ। ਜੇਕਰ ਅਸੀ ਤਾਲ ਦੀ ਦ੍ਰਿਸ਼ਟੀ ਤੋਂ ਦੇਖਿਏ ਤਾਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਪੂਰਣ ਰਚਨਾ ਤਾਲ ਬੱਧ ਹੈ ਵਿਸ਼ੇਸ਼ ਕਰਕੇ 8 ਮਾਤ੍ਰਾਂ ਤੋਂ ਲੈ ਕੇ 40 ਮਾਤ੍ਰਾਵਾਂ ਤੱਕ ਦੇ ਛੰਦਾਂ ਦਾ ਵਰਣਨ ਸਾਨੂੰ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਮਿਲਦਾ ਹੈ। ਜੋ ਅਲੱਗ–ਅਲੱਗ ਮਾਤ੍ਰਾਵਾਂ ਦੇ ਛੰਦ ਵੱਖ–ਵੱਖ ਤਾਲਾਂ ਦੇ ਅੰਤਰਗਤ ਬੋਲੇ ਜਾ ਗਾਏ ਜਾ ਸਕਦੇ ਹਨ। ਉਹਨਾਂ ਵਿੱਚੋਂ ਕੁੱਝ ਉਦਾਹਰਣ ਰੂਪ ਇਹ ਹਨ:

**8 ਮਾਤ੍ਰਾਵਾਂ ਦਾ ਛੰਦ, ਚਾਰ ਚਰਣ, ਅੰਤ ਗ ਲ** (ऽ।) : **ਸੁਖਦਾ ਛੰਦ**

'ਰਿਖਿ ਵਿਦਾ ਕੀਨ॥ ਆਸਿਖਾ ਦੀਨ॥
ਦੁਤਿ ਰਾਮ ਚੀਨ॥ ਮੁਨਿ ਮਨ ਪ੍ਰਬੀਨ॥' (ਰਾਮਾਵਤਾਰ)

ਇਹ ਕਹਿਰਵੇ ਵਿੱਚ ਗਾਇਆ ਜਾ ਸਕਦਾ ਹੈ।

**11 ਮਾਤ੍ਰਾਵਾਂ ਦਾ ਛੰਦ, ਚਾਰ ਚਰਣ, ਅੰਤ ਜਗਣ** (।ऽ।) : **ਅਭੀਰ ਛੰਦ**

'ਅਤਿ ਸਾਧੂ ਅਤਿ ਰਾਜ॥ ਕਰਨ ਲਗੇ ਦੁਰ ਕਾਜ॥

ਪਾਪ ਹਿਰਦੇ ਮਹਿ ਠਾਨਿ॥ ਕਰਤ ਧਰਮ ਕੀ ਹਾਨਿ॥ ੧੩੧॥ (ਕਲਕੀ)

ਇਹ ਗਿਆਰਾ ਮਾਤ੍ਰਾਂ ਚਾਰ ਤਾਲ ਦੀ ਸਵਾਰੀ ਵਿੱਚ ਗਾਇਆ ਜਾ ਸਕਦਾ ਹੈ।

**12 ਮਾਤ੍ਰਾਂ ਦਾ ਛੰਦ, ਚਾਰ ਚਰਣ, ਅੰਤ ਨਗਣ** (।।।) : **ਮ੍ਰਿਤਗਤ ਛੰਦ**

'ਸੁਮਤਿ ਮਹਾ ਰਿਖ ਰਘੁਬਰ॥ ਦੁੰਦਭ ਬਾਜਤਿ ਦਰ ਦਰ॥

ਜਗ ਕੀਅਸ ਧੁਨ ਘਰ ਘਰ॥ ਪੂਰ ਰਹੀ ਧੁਨ ਸੁਰਪੁਰ॥੭●੩॥' (ਰਾਮਾਵਤਾਰ)

ਇਹ ਦਾਦਰਾ ਜਾ ਇੱਕ ਤਾਲ ਵਿੱਚ ਗਾਇਆ ਜਾ ਸਕਦਾ ਹੈ।

**16 ਮਾਤ੍ਰਾਵਾਂ ਛੰਦ, ਚਾਰ ਚਰਣ, ਅੰਤ ਭਗਣ** (ऽ।।) : **ਅੜਿੱਲ**

'ਅਰਥਹ ਛਾਡਿ ਅਨਰਥ ਬਤਾਵਤ॥ ਧਰਮ ਕਰਮ ਚਿਤਿ ਏਕ ਨ ਲਾਵਤ।

ਕਰਮ ਧਰਮ ਕੀ ਕ੍ਰਿਆ ਭੁਲਾਵਤ॥ ਜਹਾ ਤਹਾ ਆਰਿਸਟ ਬਤਾਵਤ॥੮੪॥' (ਕਲਕੀ)

**16 ਮਾਤ੍ਰਾਵਾਂ ਛੰਦ, ਚਾਰ ਚਰਣ, ਅੰਤ ਗੁਰੂ** (ऽ), **ਤਿਲੋਕੀ ਛੰਦ (ਇਸਨੂੰ ਉਪਚਿਤ੍ਰਾ ਭੀ ਕਹਿੰਦੇ ਹਨ।**

'ਬਾਜਤ ਡਉਰੂ ਰਾਜਤ ਤੰਤ੍ਰੀ। ਰੀਝਤ ਰਾਜੰ ਸੀਝਸ ਅਤ੍ਰੀ॥

ਬਾਜਤ ਤੂਰੰ ਗਾਵਤ ਗੀਤਾ॥ ਜਹ ਤਹ ਕਲਕੀ ਜੁਧਨ ਜੀਤਾ॥੫੫੮॥' (ਕਲਕੀ)

**16 ਮਾਤ੍ਰਾਵਾਂ ਛੰਦ, ਚਾਰ ਚਰਣ, ਅੰਤ ਜਗਣ** (।ऽ।) : **ਪਾਧੜੀ ਛੰਦ**

'ਅਨਭੂਤ ਤੇਜ, ਅਨਛਿੱਜ ਗਾਤ॥ ਕਰਤਾ ਸਦੀਵ, ਹਰਤਾ ਸਨਾਤ॥'

(ਅਕਾਲ ਉਸਤਤਿ)

**16 ਮਾਤ੍ਰਾਵਾਂ ਛੰਦ, ਚਾਰ ਚਰਣ, ਅੰਤ ਭਗਣ** (ऽ।।) : **ਸੁਪ੍ਰਿਆ ਛੰਦ (ਇਸਨੂੰ ਡਿੱਲਾ ਵੀ ਕਹਿੰਦੇ ਹਨ)**

'ਕਹੂੰ ਭਟ ਮਿਲ ਮੁਖਿ ਮਾਰ ਉਚਾਰਤ॥

ਕਹੂੰ ਭਟ ਭਾਜਿ ਪੁਕਾਰਤ ਆਰਤ॥

ਕੇਤਕ ਜੋਧ ਫਿਰਤ ਦਲ ਗਾਹਤ॥

ਕੇਤਕ ਜੂਝ ਬਰੰਗਨ ਬਯਾਹਤ॥4●●॥' (ਕਲਕੀ)

ਇਹ 16 ਮਾਤ੍ਰਾਵਾਂ ਦੇ ਸਾਰੇ ਛੰਦ ਤਿੰਨ ਤਾਲ ਦੇ ਅੰਤਰਗਤ ਗਾਏ ਜਾ ਸਕਦੇ ਹਨ।

**21 ਮਾਤ੍ਰਾਵਾਂ ਛੰਦ, ਚਾਰ ਚਰਣ, ਪਹਿਲਾ ਵਿਸ਼ਾਰਾਮ 12 ਪਰ ਦੂਜਾ 9 ਪਰ : ਸਿਰਖਿੰਡੀ ਛੰਦ**

'ਜੁੱਟੈ ਵੀਰ ਜੁੱਝਾਰੇ ਧੱਗਾ ਵੱਜੀਆਂ॥ ਬੱਜੇ ਨਾਦ ਕਰਾਰੇ ਦਲਾ ਮੁਸਾਹਦਾ॥

ਲੁੱਝੇ ਕਾਰਣਯਾਰੇ ਸੰਘਰ ਸੂਰਮੇ॥ ਵੁੱਠੇ ਜਾਣ ਤਰਾਰੇ ਘਣਿਅਰ ਕੈਬਰੀ॥੪੬੭॥'

(ਰਾਮਾਵਤਾਰ)

'ਬਾਣੇ ਅੰਗ ਭੁਜੰਗੀ ਸਾਵਲ ਸੋਹਣੇ॥ ਤ੍ਰੈ ਸੈ ਹਥ ਉਤੰਗੀ ਖੰਡਾ ਧੂਹਿਆ॥

ਤਾਜੀ ਭਉਰ ਪਿਲੰਗੀ ਛਾਲਾਪਾਈਆ॥ ਭੰਗੀ ਜਾਣ ਭਿੜੰਗੀ ਨਚੇ ਦਾਇਰੀ॥18●॥'

(ਕਲਕੀ)

ਇਹ 21 ਮਾਤ੍ਰਾ ਛੰਦ ਗਣੇਸ਼ ਤਾਲ ਦੇ ਅੰਤਰਗਤ ਗਾਇਆ ਜਾ ਸਕਦਾ ਹੈ।

**24 ਮਾਤ੍ਰਾਵਾਂ ਛੰਦ, ਤਿੰਨ ਚਰਣ, ਪਹਿਲਾ ਵਿਸ਼ਰਾਮ 11 ਦੂਜਾ 13 ਪਰ, ਅੰਤ ਦੋ ਗੁਰੂ ਏਲਾ ਛੰਦ॥**

'ਕਰ ਹੈ ਨਿੱਤ ਅਨਰਥ, ਅਰਥ ਨਹੀ ਏਕ ਕਮੈ ਹੈਂ॥

ਨਹਿ ਲੈ ਹੈ ਹਰਿ ਨਾਮੁ, ਦਾਨ ਕਾਹੂੰ ਨਹੀਂ ਦੈ ਹੈਂ॥

ਨਿੱਤ ਇੱਕ ਮਤ ਤਜੈ, ਇੱਕ ਮਤ ਨਿੱਤ ਉਚੈ ਹੈਂ॥72॥' (ਕਲਕੀ)

ਇਹ 24 ਮਾਤ੍ਰਾ ਛੰਦ ਇੱਕ ਤਾਲ ਵਿਚ ਗਾਇਆ ਜਾ ਸਕਦਾ ਹੈ।

**28 ਮਾਤ੍ਰਾਵਾਂ ਛੰਦ, ਅੱਠ ਚਰਣ, 16-12 ਪਰ ਵਿਸ਼੍ਰਾਮ ਅੰਤ ਦੋ ਗੁਰੂ** (ऽऽ)

**ਬਿਸਨਪਦ** (ਇਸ ਦੇ ਕਈ ਪ੍ਰਕਾਰ ਹਨ ਜੋ ਅਲੱਗ-ਅਲੱਗ ਮਾਤ੍ਰਾਵਾਂ ਦੇ ਹਨ)

'ਸ੍ਰੀ ਹਰਿ ਰਿਸ ਭਰ ਬਲ ਕਰ ਅਰਿ ਪਰ, ਜਬ ਧਨੁ ਧਰਿ ਕਰਿ ਧਾਯੋ॥

ਤਬ ਨ੍ਰਿਪ ਮਨ ਮਹਿ ਕੋਪ ਬਢਾਯੋ, ਸ੍ਰੀ ਪਤਿ ਕੋ ਗੁਨ ਗਾਯੋ॥

ਜਾ ਕੋ ਪ੍ਰਗਟ ਪ੍ਰਤਾਪ ਤਿਹੂੰ ਪੁਰ, ਸ਼ੇਸ਼ ਅੰਤਿ ਨਹਿ ਪਾਯੋ॥

ਬੇਦ ਭੇਦ ਜਾਂ ਕੋ ਨਹਿ ਜਾਨਤ, ਸੋ ਨਦ ਨੰਦ ਕਹਾਯੋ॥

ਕਾਲਰੂਪ ਨਾਥਿਓ ਜਿਹ ਕਾਲੀ, ਕੰਸ ਕੇਸ ਗਹਿ ਘਾਯੋ॥

ਸੋ ਮੈ ਰਨ ਮਹਿ ਓਰ ਆਪਨੀ, ਕੋਪ ਹਕਾਰ ਬੁਲਾਯੋ॥

ਜਾ ਕੋ ਧਯਾਨ ਰਾਮ ਨਿਤ ਮੁਨਿ ਜਨ, ਧਰਤਿ ਹ੍ਰਿਦੈ ਨਹੀ ਆਯੋ॥

ਧੰਨ ਭਾਗ ਮੇਰੇ ਤਿਹ ਹਰਿ ਸੋ, ਅਤਿ ਹੀ ਜੱਧ ਮਚਾਯੋ॥1583॥' (ਕ੍ਰਿਸਨਾਵਤਾਰ)

'ਇਹ 28 ਮਾਤ੍ਰਾ ਛੰਦ ਬ੍ਰਹਮ ਤਾਲ (28 ਮਾਤ੍ਰਾ ਦਾ) ਵਿੱਚ ਗਾਇਆ ਜਾ ਸਕਦਾ ਹੈ।'

**30 ਮਾਤ੍ਰਾਵਾਂ ਛੰਦ, ਚਾਰ ਚਰਣ, 10-8-12 ਪਰ ਤਿੰਨ ਵਿਸ੍ਰਾਮ ਅੰਤ ਸਗਣ ਤੇ ਗੁਰੂ** (॥ऽ, ऽ)। ਪਦਮਾਵਤੀ ਛੰਦ।

ਪਹਿਲੇ ਅਤੇ ਦੂਜੇ ਵਿਸ਼੍ਰਾਮ ਦਾ ਅਨੁਪ੍ਰਾਸ ਮਿਲਵਾਂ ਹੈ। ਇਸ ਨੂੰ ਚਤੁਰਪਦੀ ਤੇ ਚਵਪੈਯਾ ਭੀ ਕਹਿੰਦੇ ਹਨ।

'ਦਿਖਿਯਤ ਸਭ ਪਾਪੀ, ਨਹਿ ਹਰਿਜਾਪੀ, ਤਦਪਿ ਮਹਾਂ ਰਿਸ ਠਾਨੈ॥

ਹੈਂ ਅਤਿ ਬਿਭਚਾਰੀ, ਪਰਤ੍ਰਿਯ ਭਾਰੀ, ਦੇਵ ਪਿਤਰ ਨਹਿ ਮਾਨੈ॥

ਸੋ ਤਦਪਿ ਮਹਾਂ ਬਰ, ਕਹਿਤ ਧਰਮਧਰ, ਪਾਪਕਰਮ ਅਧਿਕਾਰੀ॥

ਧ੍ਰਿਗ ਧ੍ਰਿਗ ਸਭ ਆਖੈਂ, ਮੁਖ ਨਹਿ ਭਾਖੈਂ, ਦੇਹ ਪ੍ਰਿਸਿਣ ਚਢ ਗਾਰੀ॥92॥' (ਕਲਕੀ)

ਇਹ 30 ਮਾਤ੍ਰਾ ਛੰਦ ਗਜਝੰਪਾ ਤਾਲ ਤੇ ਸਵਾਰੀ ਪੰਜਤਾਲ ਦੇ ਅੰਤਰਗਤ ਗਾਇਆ ਜਾ ਸਕਦਾ ਹੈ।

**32 ਮਾਤ੍ਰਾ ਛੰਦ, ਚਾਰ ਚਰਣ, ਪਹਿਲਾ ਵਿਸ਼ਰਾਮ 10 ਪਰ ਦੂਜਾ ਤੀਜਾ 8-8 ਪਰ ਚੌਥਾ। 'ਮਾਤ੍ਰਾ ਪਰ ਅੰਤ ਗੁਰੂ'।**

## ਤ੍ਰਿਭੰਗੀ ਛੰਦ

'ਖਗ ਖੰਡ ਬਿਹੰਡੰ, ਖਲ ਦਲ ਖੰਡੰ, ਅਤਿ ਰਣ ਮੰਡੰ, ਬਰਬੰਡੰ॥

ਭੁਜਿਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨਪ੍ਰਭੰ॥

ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ, ਕਿਲਵਿਖ ਹਰਣੰ, ਅਸਿ ਸਰਣੰ॥

ਜੈ ਜੈ ਜਗ ਕਾਰਣ, ਸ੍ਰਿਸਿਣ ਉਬਾਰਣ, ਮਮ ਪ੍ਰਤਿਪਾਰਣ, ਜੈ ਤੇਗੰ॥2॥

ਇਹ 32 ਮਾਤ੍ਰਾ ਛੰਦ ਤਿੰਨ ਤਾਲ ਵਿੱਚ ਗਾਇਆ ਜਾ ਸਕਦਾ ਹੈ।' (ਬਚਿਤ੍ਰ ਨਾਟਕ)

**36 ਮਾਤ੍ਰਾ ਛੰਦ ਦੋ ਚਰਣ 18-18 ਮਾਤ੍ਰਾ, 10-8 ਪਰ ਵਿਸ਼੍ਰਾਮ ਅੰਤ ਲਘੂ।**

**ਬੈਂਤ**

ਅਰਬੀ ਅਤੇ ਫਾਰਸੀ ਦੇ ਕਵੀਆਂ ਨੇ ਦੋ ਤੁਕ ਦੇ ਇੱਕ ਛੰਦ ਨੂੰ ਬੈਂਤ ਕਲਪਿਆ ਹੈ, ਇਯ ਛੰਦ ਦੇ ਬਹੁਤ ਭੇਦ ਹਨ ਪਰ 'ਜ਼ਫ਼ਰਨਾਮਹ' ਵਿੱਚ ਜੋ ਬੈਂਤ ਆਏ ਹਨ ਉਸਦਾ ਇੱਕ ਰੂਪ ਇਹ ਹੈ :

'ਹਮੂੰ ਮਰਦ ਬਾਯਦ ਸ਼ਵਦ ਸੁਖਨਵਰ।।

ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ।।੫੫।।' (ਜ਼ਫ਼ਰਨਾਮਹ)

ਇਹ 36 ਮਾਤ੍ਰਾ ਛੰਦ ਖਟਤਾਲ, ਬਸੰਤ ਤਾਲ ਦੇ ਅੰਤਰਗਤ ਗਾਇਆ ਜਾ ਸਕਦਾ ਹੈ

**40 ਮਾਤ੍ਰਾ ਛੰਦ, ਲਕਣ-ਚਾਰ ਚਰਣ, ਪ੍ਰਤਿ ਚਰਣ 40 ਮਾਤ੍ਰਾ, ਦਸ ਦਸ ਮਾਤ੍ਰਾ ਪਰ ਚਾਰ ਵਿਸ਼੍ਰਾਮ, ਅੰਤ ਰਗਣ** ऽ। ऽ. **ਵਿਜਯਾ**

ਪ੍ਰਥਮ ਮਧੁਕੈਟ ਮਦ, ਮਥਨਿ ਮਹਿਖਾਸੁਰੈ,

ਮਾਨ ਮਰਦਨ ਕਰਨਿ, ਤਰਨਿ ਬਰਬੰਡਿਕਾ।।

ਧੂਮ੍ਰਦ੍ਰਿਗ ਧਰਨਿ ਧਰ, ਧੂਰ ਧਾਨੀ ਕਰਨਿ

ਚੰਡ ਅਰ ਮੁੰਡ ਕੇ, ਮੁੰਡ ਖਡਖੰਡਿਕਾ।।

ਰਕਤਬੀਰਜ ਹਰਨ, ਰਕਤ ਭੱਛਨ ਕਰਨਿ,

ਦਰਨਿ ਅਨਿ ਸੁੰਭ ਰਨ, ਰਾਰ ਰਿਸ ਮੰਡਿਕਾ।।

ਸੁੰਭ ਬਲਧਾਰ ਸੰਘਾਰ ਕਰਵਾਰ ਕਰ,

ਸਕਲ ਖਲ ਅਸੁਰ ਦਲ, ਜੈਤਿ ਜੈ ਚੰਡਿਕਾ।।

(ਚੰਡੀ ਚਰਿਤ੍ਰ ੧)

ਇਹ 40 ਮਾਤ੍ਰਾ ਛੰਦ, ਦਸ-ਦਸ ਮਾਤ੍ਰਾ ਪਰ ਵਿਸ਼ਰਾਮ ਹੋਣ ਕਾਰਣ ਝੱਪ ਤਾਲ ਵਿਚ ਗਾਇਆ ਜਾ ਸਕਦਾ ਹੈ।

ਸ੍ਰੀ ਦਸਮਗ੍ਰੰਥ ਸਾਹਿਬ ਜੀ ਵਿੱਚ ਮਾਤ੍ਰਿਕ ਛੰਦ ਤੋਂ ਇਲਾਵਾ ਕੁੱਝ ਵਿਸ਼ੇਸ਼ ਛੰਦ ਵੀ ਆਏ ਹਨ ਜਿਵੇਂ ਸੰਗੀਤ ਛੰਪਯ, ਸੰਗਤੀ ਨਰਾਜ, ਸੰਗੀਤ ਪਧਿਸਟਕਾ, ਸੰਗੀਤ ਪਾਧੜੀ, ਸੰਗੀਤ ਬਹੜਾ, ਸੰਗੀਤ ਭੁਜੰਗਪ੍ਰਯਾਤ, ਸੰਗੀਤ ਮਧੁਭਾਰ ਛੰਦ। ਇਹਨਾ ਛੰਦਾਂ ਵਿੱਚ ਵਾਦਯ ਸੰਗੀਤ, ਅਰਥਾਤ ਮ੍ਰਿਦੰਗ ਦੇ ਬੋਲ ਆਉਂਦੇ ਹਨ ਜਿਹਨਾਂ ਦਾ ਪਾਠ ਲਯ ਤਾਲ ਦਾ ਧਿਆਨ ਰੱਖ ਕੇ ਕੀਤਾ ਜਾਂਦਾ ਹੈ ਉਹਨਾਂ ਦੇ ਨਾਮ ਨਾਲ 'ਸੰਗੀਤ' ਪਦ ਜੋੜਿਆ ਗਿਆ ਹੈ। ਜੋ ਇਸ ਪ੍ਰਕਾਰ ਹਨ :

(1) **ਸੰਗੀਤ ਭੁਜੰਗ ਪ੍ਰਯਾਤ ਛੰਦ**

"ਕਾਗੜਦੰਗ ਕਾਤੀ ਕਟਾਰੀ ਕੜਾਕੰ॥ ਤਾਗੜਦੰਗ ਤੀਰੰ ਤੁਪਕੰ ਤੜਾਕੰ॥
ਝਾਗੜਦੰਗ ਨਾਗੜਦੰਗ ਬਾਗੜਦੰਗ ਬਾਜੇ॥
ਗਾਗੜਦੰਗ ਗਾਜੀ ਮਹਾ ਗਜ ਗਾਜੇ॥35॥112॥"

**"ਸੰਗੀਤ ਭੁਜੰਗ ਪ੍ਰਯਾਤ ਛੰਦ"**

ਜਾਗੜਦੰਗ ਜੁੱਝਯੋ ਭਾਗੜਦੰਗ ਭ੍ਰਾਤੰ॥
ਰਾਗੜਦੰਗ ਰਾਮੰ ਤਾਗੜਦੰਗ ਤਾਤੰ॥
ਬਾਗੜਦੰਗ ਬਾਣੰ ਛਾਗੜਦੰਗ ਛੋਰੇ॥
ਆਗੜਦੰਗ ਆਕਾਸ ਤੇ ਜਾਨ ਓਰੇ॥575॥

**"ਸੰਗੀਤ ਭੁਜੰਗ ਪ੍ਰਯਾਤ ਛੰਦ"**

ਬਾਗੜਦੰਗ ਬੀਰੰ ਜਾਗੜਦੰਗ ਜੂਟੇ॥
ਤਾਗੜਦੰਗ ਤੀਰੰ ਠਾਗੜਦੰਗ ਛੂਟੇ॥
ਸਾਗੜਦੰਗ ਸੁਆਰੰ ਜਾਗੜਦੰਗ ਜੂਝੇ॥
ਕਾਗੜਦੰਗ ਕੋਪੇ ਰਾਗੜਦੰਗ ਰੁਝੈ॥361॥

**ਸੰਗੀਤ ਭੁਜੰਗ ਪ੍ਰਯਾਤ ਛੰਦ**

ਕਾਗੜਦੰਗ ਕੋਪਾ ਗਗੜਦੰਗ ਰਾਜਾ। ਘਾਗੜਦੰਗ ਘੋਰੇ ਬਾਗੜਦੰਗ ਬਾਜਾ।।

ਫਾਗੜਦੰਗ ਫੀਲੰ ਛਾਗੜਦੰਗ ਛੂਟੇ।। ਸਾਗੜਦੰਗ ਸੂਰੰ ਜਾਗੜਦੰਗ ਜੂਟੇ।।441।।

(2) **'ਸੰਗੀਤ ਨਰਾਜ ਛੰਦ'**

ਕੜਾ ਕੜੀ ਕ੍ਰਿਪਾਣਯੰ।। ਜਟਾਂ ਜੁਟੀ ਜੁਆਣਯੰ।।

ਸੁਬੀਰ ਜਾਗੜੰਗ ਜਗੇ।। ਝੜਾਕ ਲਾਗੜਦੰਗ ਪਗੇ।।19।।175।। (ਚੰਡੀਗ ਚਰਿਤ੍ਰ 2)

(3) **ਸੰਗੀਤ ਪਧਿਸਟਕਾ ਛੰਦ**

ਕਾਗੜਦੰਗ ਕੋਪ ਕੈ ਦਈਤ ਰਾਜ।। ਜਾਗੜਦੰਗ ਜੁੱਧ ਕੋ ਸਜਯੋ ਸਾਜ।।

ਬਾਗੜਦੰਗ ਬੀਰ ਬੁੱਲੇ ਅਨੰਤ।। ਰਾਗੜਦੰਗ ਰੋਸ ਰੋਹੇ ਦਰੰਤ।।483।। (ਰਾਮਾਵਤਾਰ)

(4) **ਸੰਗੀਤ ਪਾਧਰੀ ਛੰਦ**

ਤਾਗੜਦੰਗ ਤਾਲ ਬਾਜਤ ਮੁਚੰਗ।। ਬੀਨਾ ਸੁ ਬੈਣ ਬੰਸੀ ਮ੍ਰਿਦੰਗ।।

ਡਫ ਤਾਲ ਤੁਰੀ ਸਹਿਨਾਇ ਰਾਗ।। ਬਾਜੰਤ ਜਾਨ ਉਪਨਤ ਸੁਹਾਗ।।2●।। (ਮਨੁਰਾਜ)

(5) **ਸੰਗੀਤ ਬਹੜਾ ਛੰਦ**

ਸਾਗੜਦੀ ਸਾਂਗ ਸੰਗ੍ਰਹੈ ਤਾਗੜਦੀ ਰਣ ਤੁਰੀ ਨਚਾਵਹਿ।।

ਝਾਗੜਦੀ ਝੂਮ ਗਿਰ ਭੂਮਿ ਸਾਗੜਦੀ ਸੁਰਪਰਹਿ ਸਿਧਾਵਹਿ।।

(ਲਛਮਨ ਮੂਰਛਨਾ ਭਵੇਤ)

**ਸੰਗੀਤ ਬਹਾੜਾ ਛੰਦ**

ਕਾਗੜਦੀ ਕਟਕ ਕਪਿ ਭਜਯੋ ਲਾਗੜਦੀ ਲਛਮਣ ਜੁੱਝਯੋ ਜਬ।।

ਰਾਗੜਦੀ ਰਾਮ ਰਿਸ ਭਰਯੋ ਸਾਰਾੜਦੀ ਰਾਹਿ ਅਸਤ੍ਰ ਸਸਤ੍ਰ ਸਭ।।

(6) **ਸੰਗੀਤ ਛਪੈ ਛੰਦ**

"ਕਾਗੜਦੀ ਕੁੱਪਯੋ ਕਪਿ ਕਟਕ ਬਾਗੜਦੀ ਬਾਜਨ ਰਣ ਬੱਜਿਯ।।

ਤਾਗੜਦੀ ਤੇਗ ਝਲਹਲੀ ਗਾਗੜਦੀ ਜੋਧਾ ਗਲ ਗੱਜਿਯ।।"

**ਸੰਗੀਤ ਛਪੈ ਛੰਦ**

ਪਾਗੜਦੀ ਪ੍ਰਹਸਤ ਪਠਿਯੋ ਦਾਗੜਦੀ ਦੈਕੈ ਦਲ ਅਨਗਨ।।

ਕਾਗੜੀ ਕੰਪ ਭੂਅ ਉਠੀ ਬਾਗੜਦੀ ਬਾਜੀਯ ਖੁਰੀਅਨ ਤਨ।।

(7) **ਸੰਗੀਤ ਮਧੁਭਾਰ ਛੰਦ**

ਝਾਗੜਦੀ ਝੜੰਗ।। ਕਾਗੜਦੀ ਕੜੰਗ।।

ਤਾਗੜਦੀ ਤੜਾਕ।। ਚਾਗੜਦੀ ਚਟਾਕ।।੧੫।।੧੭੧।। (ਚੰਡੀ ਚਰਿਤ੍ਰ 2)

# ਛੇਵਾਂ ਅਧਿਆਇ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਵਰਣਿਤ ਵਾਦਯ

## 6.1 ਵਾਦਯ ਦੇ ਚਾਰ ਪ੍ਰਕਾਰ

### ਵਾਦਯ ਦੀ ਪਰਿਭਾਸ਼ਾ

ਸੰਗੀਤਾਤਮਕ ਧੁਨੀ ਅਤੇ ਗਤੀ ਨੂੰ ਪ੍ਰਗਟ ਕਰਨੇ ਦੇ ਉਪਕਰਣ ਨੂੰ ਵਾਦਯ ਕਹਿੰਦੇ ਹਨ। ਦੂਸਰੇ ਸ਼ਬਦਾਂ ਵਿੱਚ ਵਾਦਯ ਦਾ ਅਰਥ ਹੈ ਵਾਦਨੀਯ ਅਰਥਾਤ ਵਜਾਣੇ ਜੋਗ ਜੰਤ੍ਰ। 'ਵਾਦਯ' ਸ਼ਬਦ ਵਦ ਧਾਤੂ ਤੋਂ ਬਣਿਆ ਹੈ। ਜਿਸਦਾ ਅਰਥ ਹੈ ਬੋਲਣਾ ਜਾਂ ਗਲਬਾਤ ਕਰਣਾ। ਵਾਦਯ ਦੇ ਦੁਆਰਾ ਵੀ ਸੰਗੀਤ ਵਿੱਚ ਵਾਦਕ ਗਲਬਾਤ ਕਰਦਾ ਹੈ ਤੇ ਵਾਦਕ ਵਾਦਯ ਦੁਆਰਾ ਸੰਗੀਤ ਵਿੱਚ ਆਪਣੇ ਭਾਵ ਪ੍ਰਗਟ ਕਰਦਾ ਹੈ। ਕਿਹਾ ਵੀ ਗਿਆ ਹੈ 'ਵਦਤੀਤਿ ਵਾਦਯਮ' ਭਾਵ ਜੋ ਬੋਲਦਾ ਹੈ ਉਹੀ ਵਸਤੁਤ : ਵਾਦਯ ਕਹਿਲਾਉਂਦਾ ਹੈ।

### ਵਾਦਯ ਦੇ ਚਾਰ ਪ੍ਰਕਾਰ

1. ਤੱਤ
2. ਸੁਸ਼ਿਰ
3. ਘਣ
4. ਅਵਨਧ

ਭਾਰਤੀ ਸ਼ਾਸਤ੍ਰੀ ਸੰਗੀਤ ਵਿੱਚ ਪ੍ਰਾਚੀਨ ਕਾਲ ਤੋਂ ਹੀ ਵਾਦਯ ਦੇ ਚਾਰ ਪ੍ਰਮੁੱਖ ਵਰਗ ਮੰਨੇ ਗਏ ਹਨ। ਤੱਤ, ਸੁਸ਼ਿਰ, ਘਣ ਅਤੇ ਅਵਨਧ। ਇਹਨਾਂ ਵਿੱਚ ਤਤਵ ਅਤੇ ਸੁਸ਼ਿਰ ਮੁਖ ਰੂਪ ਵਿੱਚ 'ਸਵਰ-ਵਾਦਯ' ਹਨ ਅਤੇ ਅਵਨਧ ਤੇ ਘਣ 'ਲਯ ਵਾਦਯ' ਹਨ। ਸੁਰ ਦੇ ਮੂਲ ਵਿੱਚ ਲਯ ਅਤੇ ਲਯ ਦੇ ਮੂਲ ਵਿੱਚ ਸਵਰ ਸਥਿਤ ਹਨ। ਪਰ ਉਪਰੋਂ ਦੇਖਣ ਵਿੱਚ ਭਿੰਨ ਹੋਣੇ ਕਾਰਣ ਵੀ ਇਹ ਚਾਰੇ ਵਰਗ ਮੂਲ ਰੂਪ ਵਿੱਚ ਇੱਕ ਹੀ ਹਨ।

ਇਹਨਾਂ ਚਾਰ ਪ੍ਰਕਾਰ ਦੇ ਵਾਦਯ ਦਾ ਸੰਗੀਤ ਵਿੱਚ ਬਹੁਤ ਮਹੱਤਵ ਹੈ। ਵਾਦਯ ਦੇ ਬਿਨਾਂ ਸੰਗੀਤ ਵਿੱਚ ਗਾਇਨ ਤੇ ਨ੍ਰਿੱਤ ਅਧੂਰਾ ਜਿਹਾ ਲੱਗਦਾ ਹੈ।

**ਚਾਰ ਪ੍ਰਕਾਰ ਦੇ ਵਾਦਯ ਦੇ ਅਨੁਸਾਰ ਉਹਨਾਂ ਦਾ ਵਰਗੀਕਰਣ**

1. **ਤੱਤ** : ਤੱਤ ਵਾਦਯ ਤੋਂ ਭਾਵ ਹੈ ਜਿਹਨਾਂ ਵਾਦਯਾਂ ਵਿੱਚ ਤਾਰਾਂ ਲੱਗੀਆਂ ਹੁੰਦੀਆਂ ਹਨ। ਇਹਨਾਂ ਵਾਦਯਾਂ ਵਿੱਚ ਤਾਰਾਂ ਦੁਆਰਾ ਸਵਰਾਂ ਦੀ ਉਤਪੱਤੀ ਹੁੰਦੀ ਹੈ। ਜਦ ਵਾਦਯਾ ਉਪਰ ਲਗੀਆਂ ਤਾਰਾਂ ਤੇ ਪ੍ਰਹਾਰ ਕੀਤਾ ਜਾਂਦਾ ਹੈ ਤਾਂ ਤਾਰ ਅੰਦੋਲਿਤ ਹੋ ਕੇ ਧੁਨੀ ਉਤਪੰਨ ਕਰਦੀ ਹੈ। ਤੱਤ ਵਾਦਯਾ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ।

1. ਤੱਤ 2. ਵਿਤੱਤ

ਤੱਤ ਵਾਦਯਾਂ ਵਿੱਚ ਤਾਰਾਂ ਉਪਰ ਪ੍ਰਹਾਰ ਉਂਗਲੀ ਦੁਆਰਾ ਕਰਦੇ ਹਨ। ਪਰ ਵਿਤੱਤ ਵਾਦਯਾਂ ਵਿੱਚ ਪ੍ਰਹਾਰ ਉਂਗਲੀ ਦੁਆਰਾ ਨਾ ਕਰਕੇ ਹੋਰ ਕਿਸੇ ਮਾਧਿਅਮ ਦੁਆਰਾ ਕੀਤਾ ਜਾਂਦਾ ਹੈ। ਜਿਵੇਂ ਗੱਜ, ਛੜੀ, ਕੌਣ, ਤ੍ਰਿਕੌਣ, ਮਿਜ਼ਰਾਬ ਆਦਿ।

ਤੱਤ ਵਾਦਯ ਦੇ ਅੰਤਰਗਤ ਆਉਣ ਵਾਲੇ ਵਾਦਯਾਂ ਦੇ ਨਾਮ 'ਲਾਲ ਮਣੀ ਮਿਸ਼ਰ' ਨੇ ਆਪਣੀ ਪੁਸਤਕ 'ਹਿੰਦੁਸਤਾਨੀ ਸੰਗੀਤ ਵਾਦਯ' ਵਿੱਚ ਇਸ ਪ੍ਰਕਾਰ ਲਿਖੇ ਹਨ :- "ਅਨਾਲੰਬੀ ਵੀਣਾ, ਅਲਾਬੂ ਵੀਣਾ, ਆਲਾਪਿਨੀ ਵੀਣਾ, ਇੱਕ ਤੰਤ੍ਰੀ ਵੀਣਾ, ਇੱਕ ਤਾਰਾ, ਕਛਪੀ ਵੀਣਾ, ਕਾਂਡ ਵੀਣਾ, ਕਾਤਿਯਾਇਨੀ ਵੀਣਾ, ਕਲਾਵਤੀ ਵੀਣਾ, ਕਿੰਨਰੀ ਵੀਣਾ, ਬ੍ਰਹਤੀ ਕਿੰਨਰੀ ਵੀਣਾ, ਲਧਵੀ ਕਿੰਨਰੀ ਵੀਣਾ, ਲਘੂ ਕਿੰਨਰੀ ਵੀਣਾ, ਕੁਬਿਜਕਾ ਵੀਣਾ, ਕੂਰਮੀ ਵੀਣਾ, ਮਹਾਨਾਟਕ ਵੀਣਾ, ਗੋਸ਼ਵਤੀ ਵੀਣਾ, ਚਿੱਤ੍ਰਾ ਵੀਣਾ, ਤੁੰਬਰੂ ਵੀਣਾ, ਤ੍ਰਿਤੰਤ੍ਰੀ ਵੀਣਾ, ਦੰਡੀ ਵੀਣਾ, ਦਾਛਿਣਾਤਯ ਵੀਣਾ ਜਾਂ ਤੰਜੋਰੀ ਵੀਣਾ, ਨਕੁਲੀ ਵੀਣਾ, ਨਿਸ਼ੰਕ ਵੀਣਾ, ਪਰੀਵਾਦਿਨੀ ਵੀਣਾ, ਪਿਨਾਕੀ ਵੀਣਾ, ਪ੍ਰਤਾਵਤੀ ਵੀਣਾ, ਬ੍ਰਹਮ ਵੀਣਾ, ਮਹਤੀ ਵੀਣਾ, ਸਤਕੋਕਿਲਾ ਵੀਣਾ, ਰਬਾਬ, ਰਾਵਣਹਸਤ ਵੀਣਾ, ਰੁਦ੍ਰ ਵੀਣਾ, ਵਿਪੰਚੀ ਵੀਣਾ, ਸਰੰਗੀ, ਸਿਤਾਰ, ਸਵਰ ਮੰਡਲ, ਇਸਰਾਜ, ਤੰਬੂਰਾ, ਕਰਨਾਂਟਕੀਯ ਤੰਬੂਰਾ, ਦਿਲਰੁਬਾ, ਵਿਚਿਤ੍ਰ ਵੀਣਾ, ਸਰੋਦ, ਸੰਤੂਰ, ਵੰਸ਼ੀ, ਸੁਰਬਹਾਰ, ਚੌਤਾਰਾ, ਜੰਤਰ, ਮੇਉ ਦਾ ਚਿਕਾਰਾ,

ਗਰਾਸਿਉ ਦਾ ਚਿਕਾਰਾ, ਜੋਗੀਆ ਸਰੰਗੀ, ਗੁਜਰਾਤਨ ਸਰੰਗੀ, ਬਨਮ, ਧਾਨੀ ਸਰੰਗੀ, ਸਿੰਧੀ ਸਰੰਗੀ, ਸੁਰਿੰਦਾ (ਸਰੰਦਾ), ਅਲਾਬੂ ਸਰੰਗੀ, ਤੁਨਤੁਨਾ, ਅਪੰਗ, ਕਮਾਇਚਾ, ਦੁਕਾਕੋ, ਗੋਪੀ ਜੰਤ੍।"

2. **ਸੁਸ਼ਿਰ**

ਸੁਸ਼ਿਰ ਤੋਂ ਭਾਵ ਹਵਾ, ਅਰਥਾਤ ਜਿਨ੍ਹਾਂ ਵਾਦਯਾਂ ਵਿੱਚ ਹਵਾ ਦੇ ਪ੍ਰਵੇਸ਼ ਦੁਆਰਾ ਜਾਂ ਫੂਕ ਮਾਰਕੇ ਸਵਰ ਉਤਪੰਨ ਕੀਤੇ ਜਾਂਦੇ ਹਨ। ਉਹਨਾਂ ਨੂੰ ਸੁਸ਼ਿਰ ਵਾਦਯ ਕਹਿੰਦੇ ਹਨ। ਜਿਵੇਂ : ਸ਼ਹਿਨਾਈ, [1]ਆਰਗਨ, ਹਰਮੋਨਿਅਮ, ਨਾਗਸਵ੍ਰਾਮ, ਅਤੇ ਕਲੇਰੀਨੇਟ ਆਦਿ ਵਾਦਯ ਇਸ ਵਰਗ ਦੇ ਅੰਤਰਗਤ ਆਉਂਦੇ ਹਨ। ਸੁਸ਼ਿਰ ਵਾਦਯਾਂ ਵਿੱਚ ਸਰਬ ਪ੍ਰਥਮ 'ਬੰਸੁਰੀ' ਹੈ। ਬੰਸੁਰੀ ਦੀ ਉਤਪਤੀ ਸੱਭ ਤੋਂ ਪਹਿਲਾਂ ਪ੍ਰਾਚੀਨ ਕਾਲ ਵਿੱਚ ਹੀ ਹੋਈ ਮੰਨੀ ਜਾਂਦੀ ਹੈ। ਸ੍ਰੀ ਕ੍ਰਿਸ਼ਨ ਜੀ ਦੇ ਹੱਥ ਵਿੱਚ ਬੰਸੁਰੀ ਇਸਦਾ ਪ੍ਰਮਾਣ ਹੈ। ਸ਼ਹਿਨਾਈ ਆਦਿ ਦਾ ਪ੍ਰਚਾਰ ਬਾਅਦ ਵਿੱਚ ਹੋਇਆ।

ਸੁਸ਼ਿਰ ਵਾਦਯ ਦੇ ਅੰਤਰਗਤ ਆਉਣ ਵਾਲੇ ਵਾਦਯਾਂ ਦੇ ਨਾਮ 'ਲਾਲ ਮਣੀ ਮਿਸ਼ਰ' ਨੇ ਆਪਣੀ ਪੁਸਤਕ 'ਹਿੰਦੁਸਤਾਨੀ ਸੰਗੀਤ ਵਾਦਯ' ਵਿੱਚ ਇਸ ਪ੍ਰਕਾਰ ਲਿਖੇ ਹਨਃ-

"ਕਾਹਲਾ, ਚੁਕਾ, ਤੁੰਡਕਿਨੀ, ਕਰਨਾਟਕੀਯ ਨਾਗਸੂਰ ਜਾਂ ਤੂਰਯ, ਪਾਵਾ, ਪਾਵਿਕਾ, ਮੁਖਵੀਣਾ, ਮੁਰਲੀ, ਮਹੂਵਰ, ਵੰਸ਼ੀ, ਸੰਖੀ, ਸ਼ਹਿਨਾਈ, ਰਣਸਿੰਗਵਕਰੀ, ਸਿੰਘੀ ਜਾਂ ਸੰਗ।"

**ਲੋਕ ਸੰਗੀਤ ਦੇ ਸੁਸ਼ਿਰ ਵਾਦਯ :** "ਅਲਗੋਜਾ, ਪੈਲੀ, ਸਤਾਰਾ, ਟੋਟੋ, ਨੜ, ਸੁਰਨਈ ਪੁੰਗੀ, ਮੁਰਲਾ, ਤੁਰਹੀ, ਭੂੰਗਲ, ਸਿੰਘੀ, ਬਰਗੂ, ਮਸ਼ਕ, ਪੇਪਾ, ਕਰਨਾ, ਬੰਕਿਆ, ਨਾਗਫਨੀ, ਤਾਰਪਾ"।

3. **ਘਣ**

ਘਣਵਾਦਯ ਤੋਂ ਭਾਵ ਉਹ ਵਾਦਯ ਜੋ ਕਾਸ਼ਠ ਜਾਂ ਧਾਤੂ ਤੋਂ ਬਣੇ ਹੁੰਦੇ ਹਨ। ਜਿਹਨਾਂ ਵਿੱਚੋਂ ਧੁਨੀ ਆਘਾਤ ਕਰਨ ਦੁਆਰਾ ਉਤਪੰਨ ਹੁੰਦੀ ਹੈ। ਜਿਵੇ :- ਝਾਂਝ, ਮੰਜੀਰਾ, ਕਰਤਾਲ,

---

1 Mouth Argan

ਘੰਟਾ, ਘੁੰਘਰੂ, ਜਲਤਰੰਗ ਤਬਲਾਤਰੰਗ ਆਦਿ ਵਾਦਯਾਂ ਘਣ ਵਾਦਯਾ ਦੇ ਅੰਤਰਗਤ ਆਉਂਦੇ ਹਨ। ਘਣ ਵਾਦਯ ਦੇ ਅੰਤਰਗਤ ਆਉਣ ਵਾਲੇ ਵਾਦਯ ਦੇ ਨਾਮ 'ਲਾਲ ਮਣੀ ਮਿਸ਼ਰ' ਨੇ ਆਪਣੀ ਪੁਸਤਕ 'ਹਿੰਦੁਸਤਾਨੀ ਸੰਗੀਤ ਵਾਦਯ' ਵਿੱਚ ਇਸ ਪ੍ਰਕਾਰ ਲਿਖੇ ਹਨ :-

"ਕਲਪਤਰੂ, ਕ੍ਰਮਾ, ਕਠਤਾਲ ਜਾਂ ਖੜਤਾਲ, ਕਾਂਸਯਤਾਲ, ਘੰਟਾ, ਜਯਘੰਟਾ, ਮੰਜੀਰਾ ਜਾਂ ਮਜੀਰਾ, ਛੁਦ੍ਰ ਘੰਟਾ, ਘੁੰਘਰੂ, ਡਾਂਡਿਆਂ, ਘੰਟੀ, ਘੜਿਆਲ, ਥਾਲੀ ਜਾਂ ਤਸਲੀ, ਚੂੜੀਆਂ, ਤਾਲ, ਟਿਕੋਰ, ਰਮਝੋਲ, ਘੁਗਲਿਉ, ਝਾਲਰ, ਗਰਸੀਆ ਦੀ ਲੇਜਿਮ, ਮੁਰਚੰਗ (ਮੁਚੰਗ), ਸ਼੍ਰੀਮੰਡਲ, ਭੈਰੋਂ ਜੀ ਦੇ ਘੁੰਘਰੂ, ਚਿਮਟਾ, ਟੁਨਟੁਨਾ।"

4. **ਅਵਨਧ**

ਅਵਨਧ ਵਾਦਯ ਤੋਂ ਭਾਵ ਹੈ ਜੋ ਆਘਾਤ ਦੁਆਰਾ ਵਜਾਏ ਜਾਂਦੇ ਹਨ। ਇਹ ਵਾਦਯ ਚਮੜੇ ਨਾਲ ਮੜੇ ਹੁੰਦੇ ਹਨ। ਇਹਨਾਂ ਵਾਦਯਾਂ ਉੱਪਰ ਆਘਾਤ ਹੱਥ ਨਾਲ, ਦੰਡ ਨਾਲ ਜਾਂ ਕਿਸੇ ਹੋਰ ਮਾਧਿਅਮ ਨਾਲ ਕੀਤਾ ਜਾ ਸਕਦਾ ਹੈ। ਜਿਵੇਂ-ਡਮਰੂ, ਡਫ਼, ਦੁੰਦਭੀ, ਡੋਲਕ, ਮ੍ਰਿਦੰਗ, ਤਬਲਾ, ਪਖਾਵਜ, ਆਦਿ ਇਸ ਵਰਗ ਦੇ ਵਾਦਯ ਹਨ। ਅਵਨਧ ਵਾਦਯ ਵਿੱਚ ਸਰਬਪ੍ਰਥਮ 'ਸ਼ਿਵਜੀ' ਦੇ ਹੱਥ ਦੇ ਡਮਰੂ ਦੀ ਉਤਪੱਤੀ ਮੰਨੀ ਜਾਂਦੀ ਹੈ, ਜਿਸਦੇ ਆਵਿਸ਼ਕਾਰਕ ਸਵਯਮ ਮਹਾਂਦੇਵ ਜੀ ਹੀ ਹਨ। ਡਮਰੂ ਤੋਂ ਹੀ ਸਾਰੇ ਅਵਨਧ ਤੇ ਤਾਲ ਵਾਦਯਾਂ ਦੀ ਉਤਪਤੀ ਮੰਨੀ ਜਾਂਦੀ ਹੈ।

ਅਵਨਧ ਵਾਦਯ ਦੇ ਅੰਤਰਗਤ ਆਉਣ ਵਾਲੇ ਵਾਦਯਾਂ ਦੇ ਨਾਮ 'ਲਾਲ ਮਣੀ ਮਿਸ਼ਰ' ਨੇ ਆਪਣੀ ਪੁਸਤਕ 'ਹਿੰਦੁਸਤਾਨੀ ਸੰਗੀਤ ਵਾਦਯ' ਵਿੱਚ ਇਸ ਪ੍ਰਕਾਰ ਲਿਖੇ ਹਨ:-

"ਆਵਜ ਤਥਾ ਹੁੜੁਕ, ਉਪੰਗ, ਕਰਟਾ, ਕਰਚਕ੍ਰ, ਕੁੜੁਕਾ, ਖੰਜਰੀ, ਘੜਸ, ਚੰਗ, ਝਲਰੀ, ਢੱਕਾ, ਡਮਰੂ ਜਾਂ ਡੌਰੂ, ਡਿਮਡਿਮੀ, ਡਫ਼, ਡਕਾ, ਡਕਲੀ, ਢਵਸ, ਤਬਲਾ, ਤੰਬਕੀ, ਤ੍ਰਿਵਲੀ, ਦੂਦਰ ਜਾਂ ਦੂਦੁਰ, ਘੰਟ, ਘੜਾ, ਦੁੰਦਭੀ, ਧੌਂਸਾ, ਪਣਵ, ਪਟਹ, ਭੇਰੀ, ਮੰਡੀਕਾ, ਮੰਦੀਲਗ, ਮੁਖਚੰਗ, ਮ੍ਰਿਦੰਗ, ਮੁਰਜ ਦਾ ਪ੍ਰਦਲ, ਪੰਚਪਾਣੀ, ਢੋਲਕ, ਘੇਰਾ, ਮਾਦਲ, ਨਟਾਂ ਵਾਲੀ ਢੋਲਕ, ਗੁਮਕਾਂ, ਮਹਾਂਰਾਸ਼ਟਰ ਦੀ ਢੋਲਕੀ ਜਾਂ ਨਾਲ, ਦਮਾਮਾ, ਕੁੰਡੀ, ਨਗਾੜਾ,

ਨਿਸ਼ਾਨ, ਡੇਰੂ ਜਾਂ ਢਕ, ਢੋਲ, ਨਗਾੜਾ, ਤਾਸਾ, ਕਮਟ, ਢਾਕ, ਮਟਕੀ, ਦੁਕੜ, ਸੰਬਲ, ਡੇਨਿੰਡਮਾ ਜਾਂ ਤਬੁਲ, ਪਾਬੂ ਜੀ ਦੇ ਮਾਟੇ।"

## 6.2 ਵਿਭਿੰਨ ਬਾਣੀਆਂ ਵਿੱਚ ਵਰਣਿਤ ਵਾਦਯ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਚਾਰ ਪ੍ਰਕਾਰ ਦੇ ਤੱਤ, ਸੁਸ਼ਿਰ, ਘਣ ਅਤੇ ਅਵਨੱਧ ਦੇ ਅੰਤਰਗਤ ਅਨੇਕਾਂ ਵਾਦਯ ਦੇ ਨਾਮ ਆਉਂਦੇ ਹਨ। ਕਈ ਤਾਂ ਅੱਜ ਦੇ ਸਮੇਂ ਵਿੱਚ ਉਹ ਪੁਰਾਤਨ ਵਾਦਯ ਅਲੋਪ ਹੋ ਗਏ ਤੇ ਕਈ ਅੱਜ ਵੀ ਪ੍ਰਯੋਗ ਵਿੱਚ ਹਨ। ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਜਿਆਦਾ ਤਰ ਜੰਗਾਂ ਯੁੱਧਾਂ ਵਿੱਚ ਪ੍ਰਯੋਗ ਹੋਣ ਵਾਲੇ ਵਾਦਯ ਦੇ ਬਾਰੇ ਅਧਿਕਤਰ ਜਿਕਰ ਮਿਲਦਾ ਹੈ। ਤੇ ਜੋ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਵਰਣਿਤ ਵਾਦਯ ਹਨ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ :

1. ਤੱਤ ਪ੍ਰਕ੍ਰਿਤੀ ਦੇ ਵਾਦਯ – ਬੀਨ (ਵੀਣਾ), ਰਬਾਬ, ਸਰੰਗੀ।
2. ਸੁਸ਼ਿਰ ਪ੍ਰਕ੍ਰਿਤੀ ਦੇ ਵਾਦਯ – ਸੰਖ, ਤੁਰੀ (ਤੂਤੀਆਂ), ਰਣਸਿੰਘਾ, ਬੰਸਰੀ, [1]ਮੂਖਰਸ, ਤੂਰਯ, ਸ਼ਹਿਨਾਈ।
3. ਘਣ ਪ੍ਰਕ੍ਰਿਤੀ ਦੇ ਵਾਦਯ-ਘੁੰਘਰੂ, ਘੰਟਾ, ਛੈਣੇ, ਕੈਂਸੀਆਂ, ਚਿਮਟਾ, ਘੜਿਆਲ, ਮੁਰਚੰਗ, ਤਰੰਗ, ਝਾਂਝ, ਜਲਤਰੰਗ, ਝਾਲਰ।
4. ਅਵਨਧ ਪ੍ਰਕ੍ਰਿਤੀ ਦੇ ਵਾਦਯ – ਡਮਰੂ, ਢੋਲ, ਨਗਾਰਾ, ਭੇਰੀ, ਢੱਡ, ਤਬਲਾ, ਡੱਫ, ਦੁੰਦਬ, ਧੌਂਸਾ, ਦਮਾਮਾ, ਮ੍ਰਿਦੰਗ, ਡੁਕਡੁਕੀ, ਡੋਲਕ, ਉਪੰਗ, ਮੁਖਚੰਗ, ਚੰਗ, ਨਿਸ਼ਾਨ।

ਇਹਨਾਂ ਵਿਚੋਂ ਕੁੱਝ ਵਾਦਯ ਜੋ ਅੱਜ ਵੀ ਪ੍ਰਯੋਗ ਹੁੰਦੇ ਹਨ ਉਹ ਇਹ ਹਨ–ਢੋਲ, ਨਗਾਰਾ, ਢੱਡ, ਤਬਲਾ, ਧੌਂਸਾ, ਮ੍ਰਿਦੰਗ, ਘੰਟਾ, ਛੈਣੇ, ਕੈਂਸੀਆਂ, ਸੰਖ, ਰਬਾਬ, ਰਣਸਿੰਘਾ, ਚਿਮਟਾ, ਡੋਲਕ।

---

[1] ਮੂਖਰਸ : ਇਸ ਸਾਜ ਨਾਲ ਮਸ਼ਕ ਲੱਗੀ ਹੁੰਦੀ ਹੈ, ਮਸ਼ਕ ਵਿਚ ਹਵਾ ਭਰ ਕੇ ਫਿਰ ਉਸ ਹਵਾ ਨਾਲ ਸਾਜ਼ ਵਜਾਇਆ ਜਾਂਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਆਪਣੇ ਕਰ ਕਮਲਾਂ (ਹੱਥਾਂ) ਦੇ ਦੋ ਵਾਦਯ

(ਰਬਾਬ, ਰਣਜੀਤ ਨਗਾਰਾ) ਦੀਆਂ ਤਸਵੀਰਾਂ ਇਹ ਹਨ –









ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀਆਂ ਜਿਆਦਾਤਰ ਰਚਨਾਵਾਂ ਵਿੱਚ ਕੋਈ ਨਾ ਕੋਈ ਵਾਦਯ ਦਾ ਜ਼ਿਕਰ ਮਿਲ ਹੀ ਜਾਂਦਾ ਹੈ। ਇਸ ਲਈ ਸੰਪੂਰਨ ਰਚਨਾਵਾਂ ਵਿੱਚ ਕ੍ਰਮਪ੍ਰਤੀਕ੍ਰਮ ਬਾਣੀਆਂ ਵਿੱਚ ਵਰਨਿਤ ਵਾਦਯ ਦਾ ਵੇਰਵਾ ਇਸ ਪ੍ਰਕਾਰ ਹੈ :

**'ਸ੍ਰੀ ਅਕਾਲ ਉਸਤਤਿ'** ਬਾਣੀ ਵਿੱਚ ਗੁਰੂ ਸਾਹਿਬ ਜੀ ਨੇ ਅਕਾਲ ਪੁਰਖ ਜੋ ਕਾਲ ਤੋਂ ਰਹਿਤ ਪੁਰਖ ਕੇਵਲ ਪ੍ਰਭੂ ਪ੍ਰਮੇਸ਼ਵਰ ਹੀ ਹੈ ਉਸਦੀ ਉਸਤਤਿ ਪ੍ਰਸ਼ੰਸਾ ਕੀਤੀ ਗਈ ਹੈ। ਇਸ ਵਿੱਚ ਕਈ ਪ੍ਰਕਾਰ ਦੇ ਵਾਦਯ ਦੇ ਨਾਮ ਆਉਂਦੇ ਹਨ ਜੋ ਇਸ ਪ੍ਰਕਾਰ ਹਨ :

"ਕਹੂੰ ਗੀਤ ਕੇ ਗਵੱਯਾ ਕਹੂੰ ਬੇਨ ਕੇ ਬੱਜਯਾ
ਕਹੂੰ ਨ੍ਰਿਤ ਕੇ ਨਚੱਯਾ ਕਹੂੰ ਨਰ ਕੋ ਅਕਾਰ ਹੋ।।
ਕਹੂੰ ਬੇਨ ਕੇ ਬਜੱਯਾ ਕਹੂੰ ਧੇਨ ਕੇ ਚੱਰਯਾ
ਕਹੂੰ ਲਾਖਨ ਲਵੱਯਾ ਕਹੂੰ ਸੁੰਦਰ ਕੁਮਾਰ ਹੋ।।"

(ਸ੍ਰੀ ਅਕਾਲ ਉਸਤਤਿ, ਪੰਨਾ ੧੩)

ਗੁਰੂ ਸਾਹਿਬ ਪ੍ਰਭੂ ਦੀ ਉਸਤਤਿ ਕਰਦੇ ਹੋਏ ਉਸਦੇ ਅਨੇਕਾਂ ਨਾਮਾਂ ਨੂੰ ਉਚਾਰਣ ਕਰਦੇ ਹੋਏ ਕਹਿੰਦੇ ਹਨ ਕਿ ਹੇ ਪ੍ਰਭੂ ! ਕਿਤੇ ਤੁਸੀ ਸੁੰਦਰ ਗੀਤਾਂ ਦੇ ਗਾਉਣ ਵਾਲੇ ਹੋ, ਕਿਤੇ ਵੀਣਾ (ਬੇਨ) ਵਜਾਉਣ ਵਾਲੇ ਹੋ। ਕਿਤੇ ਨਾਚ ਕਰਨ ਵਾਲੇ ਕਿਤੇ ਨਰ ਦਾ ਸਰੂਪ ਹੋ। ਕਿਤੇ ਤੁਸੀ ਬੀਣਾ ਦੇ ਵਜਾਉਣ ਵਾਲੇ ਹੋ, ਕਿਤੇ ਗਊਆਂ ਚਾਰਨ ਵਾਲੇ ਕ੍ਰਿਸ਼ਨ ਰੂਪ ਹੋ ਅਤੇ ਕਿਤੇ ਮੱਖਣ ਦੇ ਲੈਣ ਵਾਲੇ ਹੋ ਤੇ ਕਿਤੇ ਬਹੁਤ ਸੁੰਦਰ ਸਰੂਪ ਵਾਲੇ ਰਾਜਕੁਮਾਰ ਹੋ।

"ਜੀਤ ਫਿਰੈ ਸਭ ਦੇਸ ਦਿਸਾਨ ਕੋ ਬ੍ਰਾਜਤ ਢੋਲ ਮ੍ਰਿਦੰਗ ਨਗਾਰੇ।।

(ਸ੍ਰੀ ਅਕਾਲ ਉਸਤਤਿ, ਤ੍ਵਪ੍ਰਸਾਦਿ।। ਸੁਧਾ ਸਵੈਯੇ।। ਪੰਨਾ ੧੪)

ਗੁਰੂ ਜੀ ਦੱਸਦੇ ਹਨ ਕਿ ਜੇ ਕੋਈ ਰਾਜਾ ਦੇਸ ਦੇਸਾਂਤਰਾਂ ਨੂੰ ਜਿੱਤਦਾ ਫਿਰੇ ਉਸ ਦੇ ਮਹੱਲਾ ਅਗੇ ਖੁਸ਼ੀ ਦੇ ਢੋਲ, ਮ੍ਰਿਦੰਗ ਤੇ ਧੌਂਸੇ (ਨਗਾਰੇ) ਵੱਜਦੇ ਹੋਣ ਇਸ ਤਰ੍ਹਾਂ ਦੇ ਰਾਜੇ ਅਨੇਕਾਂ ਆਏ ਤੇ ਅਨੇਕਾਂ ਗਏ ਹਨ ਤੇ ਪ੍ਰਭੂ ਦੇ ਸਿਮਰਨ ਤੋਂ ਬਿਨਾਂ ਅੰਤ ਨੂੰ ਕੁੱਝ ਸਾਥ ਨਹੀਂ ਜਾਂਦਾ।"

"ਕਹੂੰ ਬੀਨ ਬਿਦਆ ਕਹੂੰ ਗਾਨ ਗੀਤੰ॥ ਕਹੂੰ ਮਲੇਛ ਭਾਖਿਆ ਕਹੂੰ ਬੇਦ ਰੀਤੰ॥

ਕਹੂੰ ਨ੍ਰਿਤ ਬਿਦਆ ਕਹੂੰ ਨਾਗ ਬਾਨੀ॥ ਕਹੂੰ ਗਾਰੜੂ ਗੂੜ੍ਹ ਕੱਥੈ ਕਹਾਣੀ॥੨੮॥੧੧੮॥"

(ਸ੍ਰੀ ਅਕਾਲ ਉਸਤਤਿ, ਪੰਨਾ ੨੩)

ਹੇ ਕਰਤਾਰ! ਕਿਤੇ ਆਪ ਬੀਨ ਵਿਦਿਆ ਹੋ ਤੇ ਕਿਤੇ ਗਾਉਣ ਵਾਲੇ ਗੀਤ ਰੂਪ ਹੋ। ਕਿਤੇ ਤੁਸੀਂ ਮਲੇਛ ਭਾਸ਼ਾ ਹੋ ਤੇ ਕਿਤੇ ਵੇਦ ਦੀ ਮਰਯਾਦਾ ਹੋ। ਕਿਤੇ ਆਪ ਨਾਚ ਵਿਦਿਆ (ਨ੍ਰਿੱਤ) ਹੋ ਤੇ ਕਿਤੇ ਆਪ ਪਤਾਲ ਵਾਸੀ ਨਾਗਾਂ ਦੀ ਨਾਗ ਬੋਲੀ ਹੋ। ਕਿਤੇ ਆਪ ਸੱਪ ਦੀ ਜ਼ਹਿਰ ਦੂਰ ਕਰਨ ਵਾਲੇ ਗਾਰੜੂ-ਮੰਤ੍ਰ ਹੋ ਅਤੇ ਕਿਤੇ ਗੁਪਤ ਵਿਦਿਆ ਹੋ॥

"ਘੁੰਘਰੂ ਘਮੰਕਣ ਸ਼ਸਤ੍ਰ ਝਮੰਕਣਿ

ਫਣੀਅਰ ਫੁੰਕਾਰਣਿ ਧਰਮ ਧੁਜੇ॥"

(ਸ੍ਰੀ ਅਕਾਲ ਉਸਤਤਿ, ਪੰਨਾ ੩੨)

ਹੇ ਧਰਮ-ਧੁਜਾ ਆਦਿ ਸ਼ਕਤੀ! ਤੇਰੇ ਪੈਰਾਂ ਵਿੱਚ ਪਏ ਘੁੰਘਰੂ ਛਣਕਦੇ ਹਨ, ਤੇਰੇ ਹੱਥਾਂ ਵਿੱਚ ਫੜੇ ਸ਼ਸਤਰ ਚਮਕਦੇ ਹਨ ਤੇ ਤੇਰੇ ਗਲ ਵਿਚ ਪਏ ਸੱਪ ਫੁੰਕਾਰੇ ਮਾਰਦੇ ਹਨ।

"ਡੁਕੀਡੁਕੀ ਦਮੰਕੈ ਬਾਘ ਬਬੰਕੈ ਭੁਜਾ ਫਰੰਕੈ ਸੁੱਘ ਗਤੇ॥

ਜੈ ਜੈ ਹੋਸੀ ਮਹਿਖਾਸੁਰ ਮਰਦਨ ਆਦਿ ਜੁਗਾਦਿ ਅਨਾਦਿ ਮਤੇ॥੧੮॥੨੨੮॥"

(ਸ੍ਰੀ ਅਕਾਲ ਉਸਤਤਿ, ਪੰਨਾ ੩੩)

ਹੇ ਆਦਿ ਸ਼ਕਤੀ! ਤੇਰੇ ਹੱਥਾਂ ਵਿੱਚ ਫੜੀ ਡੁਗਡੁਗੀ ਵੱਜ ਰਹੀ ਹੈ, ਤੇਰਾ ਸ਼ੇਰ ਗਰਜ ਰਿਹਾ ਹੈ, ਜਿਸ ਨਾਲ ਤੇਰੀਆਂ ਬਾਹਾਂ ਫਰਕ ਰਹੀਆਂ ਹਨ। ਹੇ ਮਹਿਖਾਸੁਰ ਦੈਂਤ ਨੂੰ ਨਸ਼ਟ ਕਰਣ ਵਾਲੀ ਸ਼ਕਤੀ! ਤੇਰੀ ਜੈ ਜੈ ਕਾਰ ਹੋਵੇ। ਤੂੰ ਸਭਦਾ ਆਦਿ ਮੂਲ ਹੈ, ਜੁਗਾਂ ਦਾ ਆਰੰਭ ਹੈ ਤੇ ਤੇਰੇ ਆਦਿ ਦਾ ਕੋਈ ਥਹੁ ਨਹੀਂ ਮਿਲਦਾ।

**ਬਚਿੱਤਰ ਨਾਟਕ**

'ਬਚਿੱਤ੍ਰ ਨਾਟਕ' ਤੋਂ ਭਾਵ ਅਨੋਖਾਨਾਟਕ ਜਿਸ ਵਿੱਚ ਮਹਾਨ ਸੂਰਬੀਰਾਂ, ਮਹਾਨ ਯੋਧਿਆਂ ਦੀਆਂ ਵਾਰਤਾ ਹੈ। ਜਿਸ ਵਿੱਚ ਗੁਰੂ ਸਾਹਿਬ ਨੇ ਚੌਦਾਂ ਅਧਿਆਏ ਬਣਾਏ ਹਨ। ਹਰ

ਅਧਿਆਏ ਅਲੱਗ-ਅਲੱਗ ਹਨ। ਇਸ ਵਿੱਚ ਗੁਰੁ ਸਾਹਿਬ ਨੇ ਆਪਣੇ ਜੀਵਨ ਦੀਆਂ ਜੰਗਾਂ ਬਾਰੇ ਵੀ ਵਰਣਤ ਕੀਤਾ ਹੈ। ਪਹਿਲੇ ਅਧਿਆਏ ਵਿੱਚ ਕਾਲ ਦੀ ਪ੍ਰਭੂ ਦੀ ਉਸਤਤਿ ਕਰਦੇ ਹੋਏ ਕਹਿੰਦੇ ਹਨ।

"ਡਮਾ ਡੰਮ ਡਉਰੂ ਸਿਤਾ ਸੇਤ ਛੱਤ੍ਰੰ।ਹਾਹਾ ਹੂਹੂ ਹਾਸੰ ਝਮਾ ਝੱਮ ਅੱਤ੍ਰੰ।।

ਮਹਾਂ ਘੋਰ ਸਬਦੰ ਬਜੇ ਸੰਖ ਐਸੰ।। ਪ੍ਰਲੈ ਕਾਲ ਕੇ ਕਾਲ ਕੀ ਜ੍ਵਾਲ ਜੈਸੰ।।੧੯।।"

(ਬਚਿਤ੍ਰ ਨਾਟਕ, ਪੰਨਾ ੪੧)

ਮਹਾਂ ਕਾਲ ਦੇ ਹੱਥ ਵਿੱਚ ਫੜੇ ਡਉਰੂ ਦਾ ਡੰਮ ਡੰਮ ਸ਼ਬਦ ਹੋ ਰਿਹਾ ਹੈ। ਉਸਦੇ ਸਿਰ ਡੱਬ ਖੜੱਬਾ ਛੱਤ੍ਰ ਹੈ। ਉਹ ਮੁਖੋਂ ਹਾਹਾ ਹੂਹੂ ਕਰਕੇ ਹੱਸ ਰਿਹਾ ਹੈ ਤੇ ਉਸਦੇ ਹੱਥ ਵਿੱਚ ਸ਼ਸਤਰ ਚਮਕ ਰਹੇ ਹਨ। ਭਿਆਨਕ ਸ਼ਬਦ ਹੋ ਰਿਹਾ ਹੈ, ਜਿਵੇਂ ਸੰਖ ਵੱਜ ਰਿਹਾ ਹੋਵੇ ਉਹ ਪਰਲੋ ਕਾਲ ਦੀ ਮੌਤ ਦੀ ਅੱਗ ਵਾਂਗੂੰ ਚਮਕ ਰਿਹਾ ਹੈ।

**ਰਸਾਵਲ ਛੰਦ**

"ਘੰਣੇ ਘੰਟ ਬਾਜੰ।। ਧੁਣੰ ਮੇਘ ਲਾਜੰ।। ਭਯੋ ਸੱਦ ਏਵੰ।। ਹੜਯੋ ਨੀਰਧੇਵੰ।।੨੦।।

ਘੁਰੰ ਘੁੰਘਰੇਯੰ।। ਧੁਣੰ ਨੇਵਰੇਯੰ।। ਮਹਾਂ ਨਾਦ ਨਾਦੰ।। ਸੁਰੰ ਨਿਰ ਬਿਖਾਦੰ।।੨੧।।"

(ਬਚਿਤ੍ਰ ਨਾਟਕ, ਪੰਨਾ- ੪੧)

ਪ੍ਰਭੂ ਦਾ ਬੋਲ ਇਉਂ ਹੈ ਜਿਵੇਂ ਅਨੇਕਾਂ ਘੰਟਿਆਂ ਦੀ ਆਵਾਜ਼ ਹੁੰਦੀ ਹੈ, ਜਿਸ ਨੂੰ ਸੁਣਕੇ ਬੱਦਲ ਵੀ ਸ਼ਰਮਾ ਜਾਂਦੇ ਹਨ। ਇਸ ਤਰ੍ਹਾ ਦਾ ਸ਼ਬਦ ਹੁੰਦਾ ਹੈ ਜਿਵੇਂ ਸਮੁੰਦਰ ਉਛਾਲੇ ਮਾਰਦਾ ਹੈ। ਪ੍ਰਮਾਤਮਾ ਦੇ ਪੈਰਾਂ ਦੇ ਘੁੰਘਰੂ ਝਾਂਜਰਾਂ ਵਾਂਗੂੰ ਖੜਕ ਰਹੇ ਹਨ। ਬਹੁਤ ਉੱਚੀ ਆਵਾਜ਼ ਹੋ ਰਹੀ ਹੈ, ਜਿਸ ਦੀ ਸੁਰ ਝਗੜਿਆਂ ਤੋਂ ਰਹਿਤ ਭਾਵ ਸ਼ਾਂਤ ਕਰਨ ਵਾਲੀ ਹੈ।

"ਸੁਭੰ ਜੀਭ ਜੁਆਲੰ।। ਸੁ ਦਾੜ੍ਹਾ ਕਰਾਲੰ।। ਬਜੀ ਬੰਬ ਸੰਖੰ।। ਉਠੇ ਨਾਦ ਬੰਖੰ।।"

(ਬਚਿੱਤਰ ਨਾਟਕ, ਪੰਨਾ ੪੧)

ਪਰਮਾਤਮਾ ਦੀ ਜੀਭ ਅਗਨੀ ਵਾਂਗ ਸ਼ੋਛ ਰਹੀ ਹੈ, ਦਾੜ੍ਹਾਂ ਬੜੀਆਂ ਭਿਆਨਕ ਹਨ। ਜੰਗ ਨੂੰ ਜਾਣ ਸਮੇਂ ਸੰਖ ਤੇ ਧੌਂਸੇ ਇਸ ਤਰ੍ਹਾਂ ਦੀ ਧੁਨੀ ਕਰਦੇ ਹਨ, ਜਿਵੇਂ ਸਮੁੰਦਰ ਦੀ ਗਰਜ ਹੁੰਦੀ ਹੈ।

"ਸ਼ਬੱਦ ਸੰਖ ਬੱਜਿਯੰ।। ਘਣੰਕਿ ਘੁੰਮਰ ਗੱਜਿਯੰ।।

ਸ਼ਰਨਿ ਨਾਥ ਤੋਰਿਯੰ।। ਉਬਾਰ ਲਾਜ ਮੋਰਿਯੰ।।੪੮।।"

(ਬਚਿੱਤਰ ਨਾਟਕ, ਪੰਨਾ ੪੨)

ਪਰਮਾਤਮਾ ਦੇ ਸੰਖ ਦੇ ਵੱਜਣ ਦਾ ਸ਼ਬਦ ਹੋ ਰਿਹਾ ਹੈ। ਉਸਦੇ ਘੁੰਘਰੂ ਦੀ ਛਣਕਾਰ ਹੋ ਰਹੀ ਹੈ। ਹੇ ਸੁਆਮੀ। ਮੈਂ ਤੇਰੀ ਸ਼ਰਨ ਵਿੱਚ ਆਇਆ ਹਾਂ, ਆਪ ਮੇਰੀ ਲੱਜਿਆ ਰੱਖੋ।

"ਨਵ ਕਿੰਕਣ ਨੇਵਰ ਨਾਦ ਹੁੰਅੰ।। ਚਲ ਚਾਲ ਸਭਾ ਚਲ ਕੰਪ ਭੂਅੰ।।

ਘਣ ਘੁੰਘਰ ਘੰਟਣ ਘੋਰ ਸੁਰੰ।। ਚਰ ਚਾਰ ਚਰਾ ਚਰਯੰ ਹੁਹਰੰ।।੫੬।।"

(ਬਚਿੱਤਰ ਨਾਟਕ, ਪੰਨਾ ੪੩)

ਜਦੋਂ ਪ੍ਰਭੂ ਦੀ ਘੰਟੀ ਤੇ ਝਾਂਜਰਾਂ ਦਾ ਸ਼ਬਦ ਹੁੰਦਾ ਹੈ, ਤਦੋਂ ਸਾਰੇ ਪਰਬਤ ਪਾਰੇ ਵਾਂਗੂੰ ਕੰਬਣ ਲੱਗ ਜਾਂਦੇ ਹਨ। ਜਦੋਂ ਘੁੰਘਰੂਆਂ ਦੇ ਖੜਕਣ ਦੀ ਅਵਾਜ਼ ਹੁੰਦੀ ਹੈ, ਤਦੋਂ ਚਹੁੰ ਦਿਸ਼ਾ ਦੇ ਜੜ੍ਹ ਚੇਤਨ ਹੋ ਜਾਂਦੇ ਹਨ।

ਬਚਿੱਤਰ ਨਾਟਕ ਦੇ ਤੀਸਰੇ ਅਧਿਆਏ 'ਲਵੀ ਕੁਸ਼ੀ ਯੱਧ ਵਰਣਨ' ਵਿੱਚ ਗੁਰੂ ਸਾਹਿਬ ਜੰਗ ਦੇ ਦ੍ਰਿਸ਼ਾਂ ਨੂੰ ਪ੍ਰਗਟ ਕਰਕੇ ਫੁਰਮਾਉਂਦੇ ਹਨ :

"ਤਹਾ ਬੀਰ ਬੰਕੈ ਬਕੈ ਆਪ ਮੱਧੰ।। ਉਠੇ ਸ਼ਸਤ੍ਰ ਲੈ ਲੈ ਮਚਾ ਜੁੱਧ ਸੁੱਧੰ।।

ਕਹੂੰ ਖੱਪਰੀ ਖੋਲ ਖੰਡੇ ਅਪਾਰੰ।। ਨਚੈ ਬੀਰ ਬੈਤਾਲ ਡਉਰੂ ਡਕਾਰੰ।।੨।।"

(ਬਚਿੱਤਰ ਨਾਟਕ, ਪੰਨਾ ੪੯)

ਜੰਗ ਦੇ ਮੈਦਾਨ ਵਿੱਚ ਸੋਹਣੇ ਸੂਰਮੇ ਇੱਕ ਦੂਸਰੇ ਨੂੰ ਜੰਗ ਲਈ ਵੰਗਾਰਦੇ ਸਨ। ਤੀਰ, ਸੰਜੋਆਂ ਅਤੇ ਤਲਵਾਰ ਧਾਰੀ ਇਕ ਦੂਜੇ ਨੂੰ ਮਾਰ ਰਹੇ ਸਨ। ਬੀਰ ਬੈਤਾਲ ਤੇ ਭੂਤਨੇ ਨੱਚ ਰਹੇ ਸਨ ਤੇ ਡਉਰੂ ਵਜਾ ਵਜਾਕੇ ਭਿਆਨਕ ਅਵਾਜ਼ਾ ਕਰ ਰਹੇ ਸਨ ਅਤੇ ਸੂਰਮਿਆਂ ਦਾ ਲਹੂ ਪੀ ਰਹੇ ਸਨ।

"ਢਮੱਕ ਢੋਲ ਢਾਲਯੰ।। ਹਰੋਲ ਹਾਲ ਚਾਲਯੰ।।

ਝਟਾਕ ਝੱਟ ਬਾਹੀਅੰ।। ਸੁ ਬੀਰ ਸੈਨ ਗਾਹੀਅੰ।।੧੪।।"

(ਬਚਿੱਤਰ ਨਾਟਕ, ਪੰਨਾ ੫0)

ਢੋਲਾਂ ਤੇ ਢਾਲਾਂ ਦੀ ਢਮ ਢਮ ਕਰਕੇ ਆਵਾਜ਼ ਹੋ ਰਹੀ ਸੀ, ਹਰ ਪਾਸੇ ਹਲਚਲ ਮੱਚੀ ਹੋਈ ਸੀ, ਬੜੀ ਤੇਜੀ ਨਾਲ ਸੂਰਮੇ ਸ਼ਸਤ੍ਰ ਚਲਾ ਰਹੇ ਸਨ ਅਤੇ ਸੈਨਾ ਨੂੰ ਲਤਾੜਦੇ ਫਿਰਦੇ ਸਨ।

ਰਸਾਵਲ ਛੰਦ॥

"ਤੁਰੀ ਸੰਖ ਬਾਜੇ॥ ਮਹਾਬੀਰ ਸਾਜੇ॥ ਨਚੇ ਤੁੰਦ ਤਾਜੀ॥ ਮਚੇ ਸੂਰ ਗਾਜੀ॥੧੯॥"

(ਬਚਿੱਤਰ ਨਾਟਕ, ਪੰਨਾ ੪੦)

ਜੰਗ ਦੇ ਮੈਦਾਨ ਵਿੱਚ ਤੁਰੀਆਂ ਤੇ ਸੰਖ ਵੱਜ ਰਹੇ ਸਨ, ਵੱਡੇ-ਵੱਡੇ ਸੂਰਮੇ ਸੱਜ ਰਹੇ ਸਨ, ਬੜੇ ਚਲਾਕ ਘੋੜੇ ਟੱਪ ਰਹੇ ਸਨ ਤੇ ਮਸਤ ਹੋਏ ਸੂਰਮੇ ਗੱਜ ਰਹੇ ਸਨ।

ਭੁਜੰਗ ਛੰਦ॥

"ਖੁਲੇ ਖੱਗ ਖੂਨੀ ਮਹਾਂਬੀਰ ਖੇਤੰ॥ ਨਾਚੇ ਬੀਰ ਬੈਤਾਲਯੰ ਭੂਤ ਪ੍ਰੇਤੰ॥
ਬਜੇ ਡੰਕ ਡਉਰੂ ਉਠੇ ਨਾਦ ਸੰਖੰ॥ ਮਨੋ ਮੱਲ ਜੁੱਟੇ ਮਹਾਂ ਹੱਥ ਬੰਖੰ॥੪੯॥"

(ਬਚਿੱਤਰ ਨਾਟਕ, ਪੰਨਾ ੫੨)

ਨੰਗੀਆਂ ਤਲਵਾਰਾਂ ਹੱਥ ਵਿੱਚ ਲੈ ਕੇ ਸੂਰਮੇ ਜੰਗ ਵਿਚ ਫਿਰ ਰਹੇ ਸਨ ਅਤੇ ਬੀਰ, ਬੈਤਾਲ ਭੂਤ ਤੇ ਪ੍ਰੇਤ ਮੈਦਾਨ ਵਿੱਚ ਖੁਸ਼ੀ ਨਾਲ ਨੱਚ ਰਹੇ ਸਨ। ਡਉਰੂਆਂ ਦੀ ਅਵਾਜ਼ ਹੋ ਰਹੀ ਸੀ ਤੇ ਸੰਖ ਵੱਜ ਰਹੇ ਸਨ। ਸੂਰਮੇ ਆਪੋ ਵਿੱਚ ਗੁਥਮ ਗੁੱਥਾ ਹੋਏ ਇਸ ਤਰ੍ਹਾਂ ਪ੍ਰਤੀਤ ਹੁੰਦੇ ਸਨ ਜਿਵੇਂ ਪਹਿਲਵਾਨ ਇਕ ਦੂਜੇ ਦੀਆਂ ਵੱਖੀਆਂ ਵਿੱਚ ਹੱਥ ਪਾ ਕੇ ਢਾਹੁਣ ਦਾ ਯਤਨ ਕਰ ਰਹੇ ਸਨ।

ਅੱਠਵੇਂ ਅਧਿਆਏ 'ਰਾਜ ਸਾਜ ਦੀ ਕਥਾ' ਵਿੱਚ ਗੁਰੂ ਸਾਹਿਬ ਆਪਣੇ ਪਹਿਲੇ ਭੰਗਾਣੀ ਦੇ ਜੰਗ ਦੀ ਵਾਰਤਾ ਦਸਦੇ ਹੋਏ ਫੁਰਮਾਉਂਦੇ ਹਨ ਕਿ ਜੰਗ ਵਿੱਚ .....

"ਬਜੀ ਭੇਰ ਭੁੰਕਾਰ ਧੁੱਕੇ ਨਗਾਰੇ॥ ਦੁਹੂੰ ਓਰ ਤੇ ਬੀਰ ਬੰਕੇ ਬਕਾਰੇ॥
ਕਰੇ ਬਾਹੁ ਆਘਾਤ ਸ਼ਸਤ੍ਰੰ ਪ੍ਰਹਾਰੰ॥ ਡਕੀ ਡਾਕਣੀ ਚਾਂਵਡੀ ਚੀਤਕਾਰੰ ॥੧੮॥"

(ਬਚਿੱਤਰ ਨਾਟਕ, ਪੰਨਾ ੬੦-੬੧)

ਭੇਰੀਆਂ ਭੂੰ-ਭੂੰ ਕਰਕੇ ਵੱਜ ਰਹੀਆਂ ਸਨ ਤੇ ਨਗਾਰੇ ਵੀ ਵੱਜ ਰਹੇ ਸਨ। ਦੋਹਾਂ ਪਾਸਿਆਂ ਦੇ ਸੂਰਮੇ ਇਕ ਦੂਜੇ ਨੂੰ ਲਲਕਾਰ ਰਹੇ ਸਨ। ਸੂਰਮੇ ਬਾਹਾ ਦੇ ਬਲ ਨਾਲ ਸ਼ਸਤਰਾਂ ਦੇ ਵਾਰ ਕਰ ਰਹੇ ਸਨ। ਡਾਕਣੀਆਂ ਤੇ ਡੈਣਾਂ ਚੀਕਾਂ ਮਾਰ ਰਹੀਆਂ ਸਨ।

"ਉਤੈ ਵੈ ਖਰੇ ਬੀਰ ਬੰਬੈ ਬਜਾਵੈ॥ ਤਰੇ ਭੂਪ ਠਾਂਢੇ ਬਡੋ ਸ਼ੋਕੁ ਪਾਵੈ।੫॥"

(ਬਚਿੱਤਰ ਨਾਟਕ, ਪੰਨਾ ੬੨)

ਨੌਵੇਂ ਅਧਿਆਏ 'ਨਦੌਣ ਯੁੱਧ ਵਰਣਨ' ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਲਿਖਦੇ ਹਨ- ਜਦੋਂ ਨਦੋਣ ਦਾ ਜੁੱਧ ਜਿਤਿਆ ਗਿਆ ਤਾਂ ਗੁਰੁ ਸਾਹਿਬ ਦੇ ਸਿੰਘ ਜਿੱਤ ਦੀ ਖੁਸ਼ੀ ਵਿੱਚ ਧੌਂਸੇ ਵਜਾਉਂਦੇ ਸਨ ਤੇ ਪਹਾੜੀ ਰਾਜੇ ਹੇਠਾਂ ਖੜੇ ਸ਼ੋਕ ਮਨਾ ਰਹੇ ਸਨ।

ਭੁਜੰਗ ਪ੍ਰਯਾਤ ਛੰਦ॥

"ਬਜੀ ਭੇਰ ਭੁੰਕਾਰ ਧੁੰਕੇ ਨਗਾਰੇ॥ ਮਹਾਂਬੀਰ ਬਾਨੈਤ ਬੰਕੇ ਬਕਾਰੇ॥

ਭਏ ਬਾਹੁ ਆਘਾਤ ਨੱਚੇ ਮਰਾਲੰ॥ ਕ੍ਰਿਪਾ ਸਿੰਧੁ ਕਾਲੀ ਗੱਰਜੀ ਕਰਾਲੰ।੫॥"

(ਬਚਿੱਤਰ ਨਾਟਕ, ਪੰਨਾ ੬੪)

ਅਧਿਆਏ ਦਸਵੇਂ ਖਾਨਜ਼ਾਦੇ ਦੀ ਆਨੰਦਪੁਰ ਤੇ ਚੜ੍ਹਾਈ ਵਿੱਚ ਜਦੋਂ ਮੁਗਲਾਂ ਨੇ ਸ੍ਰੀ ਅਨੰਦਪੁਰ ਸਾਹਿਬ ਤੇ ਚੜ੍ਹਾਈ ਕੀਤੀ ਤਾਂ ਉਸ ਸਮੇਂ ਦਾ ਵਰਣਨ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ ਕਿ ਭੇਰੀਆਂ ਭੂੰ-ਭੂੰ ਕਰਕੇ ਵੱਜਣ ਲੱਗੀਆ ਤੇ ਨਗਾਰੇ ਗੂੰਜਣ ਲੱਗੇ। ਸੋਹਣੇ ਬਾਂਕੇ ਸੂਰਮੇ ਲਲਕਾਰਦੇ ਹੋਏ ਮੈਦਾਨ ਵਿੱਚ ਆਏ। ਆਹਮੋ ਸਾਹਮਣੇ ਵਾਰ ਹੋਏ ਤੇ ਡਰਾਉਣੀ ਕਾਲਕਾ ਆ ਕੇ ਨੱਚਣ ਲੱਗੀ।

"ਬਜੀ ਭੇਰ ਭੁੰਕਾਰ ਤੀਰੰ ਤੱੜਕੇ॥ ਮਿਲੇ ਹੱਥਿ ਬੱਖੰ ਕ੍ਰਿਪਾਨ ਕੜੱਕੇ॥

ਬਜੇ ਜੰਗ ਨੀਸਾਣ ਕੱਥੇ ਕਥੀਰੰ॥ ਫਿਰੇ ਰੁੰਡ ਮੁੰਡੰ ਤਨੰ ਤੱਛ ਤੀਰੰ।੨੭॥"

(ਬਚਿੱਤਰ ਨਾਟਕ, ਪੰਨਾ ੬੬)

ਅਧਿਆਏ ਗਿਆਰਵੇਂ 'ਹੁਸੈਨੀ ਯੁੱਧ ਵਰਣਨ' ਵਿੱਚ ਜਦੋਂ ਕਾਂਗੜੇ ਦਾ ਰਾਜਾ ਕਿਰਪਾਲ ਚੰਦ ਬੜੇ ਕਰੋਧ ਨਾਲ ਜੰਗ ਕਰਨ ਲਈ ਮੈਦਾਨ ਵਿੱਚ ਆਇਆ ਉਸ ਸਮੇਂ ਭੇਰੀਆਂ ਵੱਜ ਰਹੀਆਂ ਸਨ, ਤੀਰਾਂ ਦੀ ਕੜ ਕੜ ਹੋ ਰਹੀ ਸੀ। ਕਈ ਇਕ ਦੂਜੇ ਦੇ ਹਥੀ ਪੈ ਰਹੇ ਸਨ। ਕਿਤੇ ਕਿਰਪਾਨਾਂ ਕੜ-ਕੜ ਕਰ ਰਹੀਆਂ ਸਨ ਅਤੇ ਕਿਤੇ ਧੌਂਸੇ ਵੱਜ ਰਹੇ ਸਨ। ਕਿਤੇ ਭੱਟ

ਵਾਰਾਂ ਗਾ ਰਹੇ ਸਨ। ਕਿਤੇ ਧੜ ਕਿਤੇ ਸਿਰ ਤੇ ਕਿਤੇ ਤੀਰਾਂ ਨਾਲ ਘਾਇਲ ਹੋਏ ਸਰੀਰ ਰੁਲ ਰਹੇ ਸਨ।

"ਭਏ ਢੋਲ ਢੰਕਾਰ ਨਾਦੰ ਨਫੀਰੰ।। ਉਠੈ ਬਾਹੁ ਆਘਾਤ ਗੱਜੈ ਸੁ ਬੀਰੰ।।"

(ਬਚਿੱਤਰ ਨਾਟਕ, ਪੰਨਾ ੬੭)

ਢੋਲਾਂ ਦੀ ਕੜ ਕੁੱਟ ਹੋ ਰਹੀ ਸੀ ਤੇ ਨਫੀਰੀਆਂ ਵੱਜ ਰਹੀਆਂ ਸਨ। ਸ਼ਸਤਰਾਂ ਦੇ ਵਾਰਾ ਦੀ ਆਵਾਜ਼ ਉੱਠ ਰਹੀ ਸੀ ਤੇ ਸੂਰਮੇ ਗਰਜ ਰਹੇ ਸਨ।

"ਬਜੇ ਸੰਖ ਨਾਦੰ।। ਸੁਰੰ ਨਿਰਬਿਖਾਦੰ।। ਬਜੇ ਡੌਰ ਡੱਢੰ।। ਹਠੇ ਸ਼ਸਤ੍ਰ ਕੱਢੰ।।੬੨।।"

(ਬਚਿੱਤਰ ਨਾਟਕ, ਪੰਨਾ ੬੮)

ਸੰਖਾਂ ਤੇ ਧੌਂਸਿਆ ਦੇ ਵੱਜਣ ਦੀਆਂ ਇਕ ਰਸ ਆਵਾਜ਼ਾ ਆ ਰਹੀਆਂ ਸਨ। ਡੌਰੂ ਤੇ ਡਫਾਂ ਵੀ ਵੱਜ ਰਹੀਆਂ ਸਨ ਅਤੇ ਹਠੀ ਸੂਰਮੇ ਸ਼ਸਤਰ ਕੱਢ ਰਹੇ ਸਨ।

**ਚੰਡੀ ਚਰਿੱਤਰ ੧**

ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਚੰਡੀ ਚਰਿੱਤਰ ਵਿੱਚ ਜੋ ਆਦਿ ਸ਼ਕਤੀ ਚੰਡੀ ਨੇ ਜੁੱਧ ਕੀਤੇ ਹਨ ਜੋ ਵੀ ਚਰਿੱਤਰ ਕੀਤੇ ਹਨ ਉਹਨਾਂ ਦੀ ਅੱਠ ਅਧਿਆਏ ਬਣਾ ਕੇ ਚਰਚਾ ਕੀਤੀ ਹੈ। ਇਹਨਾ ਅਧਿਆਇਆਂ ਵਿੱਚ ਅਲੱਗ-ਅਲੱਗ ਦੈਤਾਂ ਦੇ ਚੰਡੀ ਨਾਲ ਜੋ ਯੁੱਧ ਹੋਏ ਹਨ ਤੇ ਕਿਵੇਂ ਚੰਡੀ ਨੇ ਉਹਨਾ ਸਾਰੇ ਦੈਤਾਂ ਦਾ ਸੰਘਾਰ ਕੀਤਾ ਉਸਨੂੰ ਕਾਵਿ ਰੂਪ ਵਿੱਚ ਇਸ ਤਰ੍ਹਾਂ ਲਿਖਿਆ ਹੈ।

"ਦੈਤਨ ਕੇ ਬਧ ਕੋ ਜਬੈ ਢੰਡੀ ਕੀਓ ਪ੍ਰਕਾਸ।।

ਸਿੰਘ ਸੰਖ ਅਉ ਅਸਤ੍ਰ ਸਭ ਸ਼ਸਤਰ ਆਇਗੇ ਪਾਸ।।੨੪।।"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੭੬)

ਚੰਡੀ ਚਰਿੱਤਰ ਪਹਿਲਾਂ, ਅਧਿਆਏ ਦੂਸਰਾ 'ਮਹਖਾਸੁਰ ਦੈਂਤ ਦਾ ਕਤਲ' ਵਿੱਚ ਲਿਖਿਆ ਹੈ ਕਿ ਦੇਵੀ ਨੇ ਜਦੋਂ ਦੈਤਾਂ ਨੂੰ ਨਾਸ ਕਰਨ ਦਾ ਇਰਾਦਾ ਪ੍ਰਗਟ ਕੀਤਾ ਤਦ ਸ਼ੇਰ, ਸੰਖ, ਅਸਤ੍ਰ, ਸ਼ਸਤਰ ਆਦਿ ਸਭ ਚੰਡੀ ਦੇ ਕੋਲ ਪਹੁੰਚ ਗਏ।'

"ਦੋਹਰਾ॥ ਘੰਟਾ ਗਦਾ ਤ੍ਰਿਸੂਲ ਅਸ ਸੰਖ ਸਰਾਸਨ ਬਾਨ॥

ਚੱਕ੍ਰ ਬੱਕ੍ਰ ਕਰ ਮੈ ਲੀਏ ਜਨ ਗ੍ਰੀਖਮ ਰਿਤੁ ਭਾਨ॥੨੭॥

ਚੰਡ ਕੋਪ ਕਰਿ ਚੰਡਕਾ ਏ ਆਯੁਧ ਕਰ ਲੀਨ॥

ਨਿਕਟਿ ਬਿਕਟਿ ਪੁਰ ਦੈਤ ਕੇ ਘੰਟਾ ਕੀ ਧੁਨ ਕੀਨ॥੨੮॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੭੬)

ਦੁਰਗਾ ਨੇ ਆਪਣੇ ਅੱਠਾਂ ਹੱਥਾਂ ਵਿੱਚ ਘੰਟਾ, ਗਦਾ, ਤ੍ਰਿਸੂਲ, ਤਲਵਾਰ, ਸੰਖ ਧਨਖ ਬਾਨ ਤੇ ਬੜਾ ਭਿਆਨਕ ਚੱਕ੍ਰ ਇਹ ਅੱਠ ਸ਼ਸਤਰ ਫੜੇ ਹੋਏ ਸਨ ਤੇ ਉਸਦਾ ਤੇਜ ਇਸ ਤਰ੍ਹਾ ਦਾ ਸੀ ਜਿਵੇਂ ਗਰਮੀਆਂ ਵਿੱਚ ਸੂਰਜ ਬਹੁਤ ਪ੍ਰਚੰਡ ਤੇਜ ਵਾਲਾ ਹੁੰਦਾ ਹੈ। ਜਦੋਂ ਰੋਹ ਵਿੱਚ ਭਰੀ ਚੰਡਕਾ ਨੇ ਇਹ ਅੱਠ ਸ਼ਸਤਰ ਆਪਣੇ ਹੱਥਾਂ ਵਿੱਚ ਫੜ ਲਏ ਤੇ ਬੜੇ ਭਿਆਨਕ ਮਹਿਖਾਸੁਰ ਦੈਂਤ ਦੀ ਪੁਰੀ ਦੇ ਕੋਲ ਜਾ ਕੇ ਘੰਟਾ ਭਾਵ ਘੜਿਆਲ ਵਜਾਇਆ।

ਦੋਹਰਾ॥ ਸੁਨਿ ਘੰਟਾ ਕੇਹਰਿ ਸ਼ਬਦਿ ਅਸੁਰਨ ਅਸਿ ਰਨ ਲੀਨ॥

ਚੜੇ ਕੋਪ ਕੈ ਜੂਥ ਹੁਇ ਜਤਨ ਜੁੱਧੁ ਕੋ ਕੀਨ॥੨੯॥

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੭੬)

ਦੁਰਗਾ ਦੇ ਘੜਿਆਲ ਤੇ ਸ਼ੇਰ ਦੀ ਅਵਾਜ਼ ਸੁਣਕੇ ਦੈਂਤਾਂ ਨੇ ਮੈਦਾਨ ਵਿੱਚ ਲੜਨ ਲਈ ਤਲਵਾਰਾਂ ਫੜ ਲਈਆਂ ਅਤੇ ਕਰੋਧ ਨਾਲ ਜਥੇਬੰਦ ਹੋ ਕੇ ਜੁੱਧ ਕਰਨ ਲਈ ਆ ਗਏ।

"ਦੋਹਰਾ॥ ਦੇਵੀ ਮਾਰਿਓ ਦੈਤ ਇਉ ਲਹਿਓ ਜੁ ਸਨਮੁਖ ਆਇ॥

ਪੁਨਿ ਸ਼ੱਤ੍ਰਨਿ ਕੀ ਸੈਨ ਮੈ ਧਸੀ ਸੁ ਸੰਖ ਬਜਾਇ॥੩੫॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੭੬)

ਦੇਵੀ ਨਾਲ ਲੜਨ ਲਈ ਸਾਹਮਣੇ ਆਏ ਦੈਂਤ ਨੂੰ ਇਸ ਤਰ੍ਹਾਂ ਮਾਰ ਦਿੱਤਾ। ਫਿਰ ਉਹ ਸੰਖ ਵਜਾਉਂਦੀ ਹੋਈ ਵੈਰੀਆਂ ਦੀ ਫੌਜ ਵਿੱਚ ਜਾ ਧਸੀ।

"ਸਵੈਯਾ॥ ਇਹ ਭਾਂਤ ਕੋ ਜੁੱਧ ਕਰਿਓ ਸੁਨਿ ਕੈ ਕਵਲਾਸ ਮੈ ਧਯਾਨ ਛੁਟਿਓ ਹਰਿ ਕਾ॥

ਪੁਨਿ ਚੰਡ ਸੰਭਾਰ ਉਭਾਰ ਗਦਾ ਧੁਨਿ ਸੰਖ ਬਜਾਇ ਕਰਿਓ ਖਰਕਾ॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੭੭)

ਚੰਡੀ ਦਾ ਇਸ ਤਰ੍ਹਾਂ ਦਾ ਭਿਆਨਕ ਜੁੱਧ ਕਰਨਾ ਸੁਣਕੇ ਕੈਲਾਸ਼ ਪਰਬਤ ਤੇ ਬੈਠੇ ਸ਼ਿਵ ਜੀ ਦੀ ਸਮਾਧੀ ਭੰਗ ਹੋ ਗਈ। ਫਿਰ ਚੰਡੀ ਨੇ ਗਦਾ ਨੂੰ ਫੜਿਆ ਤੇ ਉਭਾਰਿਆ ਤੇ ਸੰਖ ਵਜਾਕੇ ਉਸ ਨੇ ਬੜੇ ਜ਼ੋਰ ਦਾ ਖੜਕਾ ਕੀਤਾ।

"ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈਂ॥
ਕਿੰਨਰ ਗੰਧ੍ਰਬ ਗਾਨ ਕਰੈ ਗਨਿ ਜੱਛ ਅਪੱਛਰ ਨਿਰਤ ਦਿਖਾਵੈਂ।੫੪॥
ਸੰਖਨ ਕੀ ਧੁਨ ਘੰਟਨਿ ਕੀ ਕਰ ਫੂਲਨਕੀ ਬਰਖਾ ਬਰਖਾਵੈਂ॥
ਆਰਤੀ ਕੋਟਿ ਕਰੈ ਸੁਰ ਸੁੰਦਰ ਪੇਖ ਪੁਰੰਦਰ ਕੇ ਬਲਿ ਜਾਵੈਂ॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੭੮)

ਜਦੋਂ ਮਹਿਖਾਸੁਰ ਦੈਂਤ ਦਾ ਬੱਧ ਕਰਕੇ ਚੰਡੀ ਨੇ ਦੇਵਤਿਆਂ ਨੂੰ ਸੁਰਗ ਦਾ ਰਾਜ ਵਾਪਸ ਦਿੱਤਾ ਤਾਂ ਉਸ ਸਮੇਂ ਦੇਵਤਿਆਂ ਨੇ ਚੰਡੀ ਦੀ ਆਰਤੀ ਕਰਕੇ ਜੋ ਉਸਤਤ ਕੀਤੀ ਉਹ ਗੁਰੂ ਸਾਹਿਬ ਨੇ ਅਧਿਆਏ ਤੀਸਰਾ 'ਧੂਮਰ ਨੈਨ ਦੈਂਤ ਦਾ ਕਤਲ' ਦੇ ਪ੍ਰਾਰੰਭ ਵਿੱਚ ਲਿਖਿਆ ਹੈ ਕਿ ਖੁਸ਼ੀ ਵਿੱਚ ਆਏ ਰਿਸ਼ੀ ਮੁਨੀ ਤੇ ਦੇਵਤੇ ਛੈਣੇ, ਕੈਂਸੀਆਂ, ਮ੍ਰਿਦੰਗ, ਢੋਲਕ ਤੇ ਰਬਾਬ ਆਦਿ ਸਾਜ ਵਜਾਕੇ ਇਹਨਾਂ ਸਾਜ਼ਾਂ ਨਾਲ ਆਪਣੀ ਸੁਰ ਮਿਲਾਕੇ ਗਾਇਨ ਕੀਤਾ। ਕਿੰਨਰ, ਗੰਧਰਬ ਤੇ ਜੱਛ ਖੁਸ਼ੀ ਦੇ ਗੀਤ ਗਾਉਂਦੇ ਸਨ ਤੇ ਸੁਰਗ ਦੀਆਂ ਅਪੱਛਰਾਂ ਨਾਚ ਕਰਕੇ ਵਿਖਾ ਰਹੀਆਂ ਸਨ। ਸਾਰੇ ਦੇਵਤੇ ਮਿਲਕੇ ਸੰਖਾਂ ਤੇ ਘੰਟਿਆਂ ਦੀ ਧੁਨਿ ਕਰਦੇ ਸਨ ਤੇ ਫੁਲਾਂ ਦੀ ਵਰਖਾ ਕਰ ਰਹੇ ਸਨ। ਕਰੋੜਾਂ ਸੁੰਦਰ ਦੇਵਤੇ ਇੰਦਰ ਦੀ ਵੀ ਆਰਤੀ ਉਤਾਰ ਰਹੇ ਸਨ ਤੇ ਉਸ ਤੋਂ ਬਲਿਹਾਰ ਜਾ ਰਹੇ ਸਨ।

"ਸਵੈਯਾ॥ ਜਬ ਕਾਨ ਸੁਨੀ ਧੁਨਿ ਦੈਤਨ ਕੀ ਤਬ ਕੋਪੁ ਕੀਓ ਗਿਰਜਾ ਮਨ ਮੈ॥
ਚੜ ਸਿੰਘ ਸੁ ਸੰਖ ਬਜਾਇ ਚਲੀ ਸਭਿ ਆਯੁਧ ਧਾਰ ਤਬੈ ਤਨ ਮੈ॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੮੩)

ਅਧਿਆਏ ਚੌਥਾ 'ਚੰਡ ਤੇ ਮੁੰਡ ਦਾ ਕਤਲ' ਵਿੱਚ ਗੁਰੂ ਸਾਹਿਬ ਲਿਖਦੇ ਹਨ ਕਿ ਜਦੋਂ ਦੁਰਗਾ ਨੇ ਦੈਤਾਂ ਦਾ ਰੌਲਾ ਗੋਲਾ ਸੁਣਿਆ ਤਾਂ ਉਸ ਨੇ ਆਪਣੇ ਮਨ ਵਿੱਚ ਬਹੁਤ ਗੁੱਸਾ

ਕੀਤਾ। ਦੁਰਗਾ ਨੇ ਸਾਰੇ ਸ਼ਸਤਰ ਆਪਣੇ ਸਰੀਰ ਤੇ ਸਜਾ ਲਏ, ਸੰਖ ਦੀ ਧੁਨੀ ਕਰਕੇ ਤੇ ਸ਼ੇਰ ਤੇ ਸਵਾਰ ਹੋ ਕੇ ਉਹ ਦੈਤਾਂ ਨਾਲ ਜੁੱਧ ਕਰਨ ਲਈ ਰਣਭੂਮੀ ਵਲ ਤੁਰ ਪਈ।

"ਸਵੈਯਾ।। ਬਾਹਨਿ ਸਿੰਘ ਭਿਆਨਕ ਰੂਪ ਲਖਿਓ ਸਭ ਦੈਤ ਮਹਾਂ ਡਰਪਾਇਓ।।

ਸੰਖ ਲੀਏ ਕਰ ਚੱਕ੍ਰ ਅਉ ਬੱਕ੍ਰ ਸਰਾਸਨ ਪੱਤ੍ਰ ਬਚਿੱਤ੍ਰ ਬਨਾਇਓ।।"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੯੮)

ਸ਼ੇਰ ਦੀ ਸਵਾਰੀ ਕਰਨ ਵਾਲੀ ਦੁਰਗਾ ਦਾ ਭਿਆਨਕ ਰੂਪ ਵੇਖਕੇ ਸਾਰੇ ਦੈਂਤ ਡਰਗਏ। ਦੁਰਗਾ ਨੇ ਆਪਣੇ ਹੱਥ ਵਿੱਚ ਸੰਖ ਤੇ ਚੱਕਰ ਫੜਿਆ ਹੋਇਆ ਸੀ। ਤੇ ਬੜਾ ਸੁੰਦਰ ਧਨੁੱਖ ਬਾਣ ਵੀ ਧਾਰਨ ਕੀਤਾ ਹੋਇਆ ਸੀ।

"ਦੋਹਰਾ।। ਸੁੰਭ ਮਾਰ ਕੈ ਚੰਡਕਾ ਉਠੀ ਸੁ ਸੰਖ ਬਜਾਇ।।

ਤਬ ਧੁਨਿ ਘੰਟਾ ਕੀ ਕਰੀ ਮਹਾਂ ਮੋਦ ਮਨ ਪਾਇ।।੨੨੨।।"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੮੭)

ਅਧਿਆਏ ਸਤਵਾਂ 'ਸੁੰਭ ਦੈਂਤ ਦਾ ਕਤਲ' ਵਿੱਚ ਜਦੋਂ ਰਣਭੂਮੀ ਵਿੱਚ ਦੈਂਤਾ ਦੇ ਰਾਜੇ ਸੁੰਭ ਨੂੰ ਮਾਰਕੇ ਦੁਰਗਾ ਨੇ ਸੰਖ ਵਜਾਇਆ ਅਤੇ ਦੁਰਗਾ ਨੇ ਪ੍ਰਸੰਨ ਹੋ ਕੇ ਆਪਣੀ ਜਿੱਤ ਦਾ ਘੰਟਾ ਵੀ ਵਜਾਇਆ।

"ਧੂਪ ਜਗਾਇਕੈ ਸੰਖ ਬਜਾਇਕੈ ਸੀਸ ਨਿਵਾਇਕੈ ਬੈਨ ਸੁਨਾਇਓ।।

ਹੇ ਜਗਮਾਇ ਸਦਾ ਸੁਖਦਾਇ ਤੈ ਸੁੰਭ ਕੋ ਘਾਇ ਬਡੋ ਜਸ ਪਾਇਓ।।"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੨੨੮)

ਅਧਿਆਏ ਅਠਵਾਂ 'ਸ੍ਰੀ ਚੰਡੀ ਦੀ ਜੈ ਜੈਕਾਰ' ਵਿੱਚ ਜਦੋਂ ਚੰਡੀ ਨੇ ਸੁੰਭ ਦੈਂਤ ਨੂੰ ਨਾਸ ਕੀਤਾ ਤਾਂ ਦੇਵਤਿਆਂ ਦੀਆਂ ਇਸਤ੍ਰੀਆਂ ਪ੍ਰਸੰਨ ਹੋ ਕੇ ਧੂਪ ਧੁਖਾਕੇ, ਸੰਖ ਵਜਾਕੇ ਤੇ ਸਿਰ ਨਿਵਾ ਕੇ ਇਹ ਇਸਤ੍ਰੀਆਂ ਬਚਨ ਕਰਦੀਆਂ ਸਨ ਕਿ ਹੇ ਸਦਾ ਸੁਖ ਦੇਣ ਵਾਲੀ ਮਾਤਾ ਦੁਰਗਾ ਤੁਸੀ ਸੁੰਭ ਤੇ ਨਿਸੁੰਭ ਦੈਤਾਂ ਨੂੰ ਮਾਰ ਕੇ ਬੜਾ ਜਸ ਪ੍ਰਾਪਤ ਕੀਤਾ ਹੈ।

**ਸ੍ਰੀ ਚੰਡੀ ਚਰਿਤ੍ਰ ੨**

ਇਸ ਬਾਣੀ ਵਿੱਚ ਗੁਰੂ ਸਾਹਿਬ ਜੀ ਨੇ ਅੱਠ ਅਧਿਆਇਆਂ ਵਿੱਚ ਚੰਡੀ ਦੇ ਨਾਲ ਦੈਂਤਾਂ ਦਾ ਯੁੱਧ ਵਰਣਨ ਕੀਤਾ ਹੈ। ਦੂਸਰੇ ਅਧਿਆਏ 'ਚ ਧੂਮਰ ਨੈਨ ਦੇ ਯੁੱਧ ਵਰਣਨ ਵਿੱਚ ਫੁਰਮਾਉਂਦੇ ਹਨ।

"ਕਰੇ ਨੱਦ ਨਾਦੰ।। ਮੀਹਾਂ ਮੱਦ ਮਾਦੰ।। ਭਯੋ ਸੰਖ ਸ਼ੋਰੰ।। ਸੁਨਿਯੋ ਚਾਰ ਓਰੰ।।੧੨।।੫੦।।"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੦੩)

ਦੇਵੀ ਨੇ ਆਪਣੇ ਸੇਵਕਾਂ ਨੂੰ ਹੁਕਮ ਦਿੱਤਾ ਕਿ ਧੌਂਸਿਆ ਦਾ ਸ਼ਬਦ ਕਰੋ, ਜੋ ਸੂਰਮਿਆਂ ਨੂੰ ਮਸਤ ਕਰਨ ਵਾਲਾ ਸੀ। ਉਸ ਵੇਲੇ ਸੰਖ ਦਾ ਸ਼ੋਰ ਹੋਇਆ, ਜੋ ਚੌਹਾਂ ਪਾਸਿਆ ਵਿੱਚ ਸੁਣਿਆ ਗਿਆ।

"ਮਾਰ ਮਾਰ ਪੁਕਾਰਕੈ ਹਥਿਆਰ ਹਾਥ ਸੰਭਾਰ।।

ਧਾਇ ਧਾਇ ਪਰੇ ਨਿਸਾਚਰ ਬਾਇ ਸੰਖ ਅਪਾਰ।।੮।।੭੨।।"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੦੪)

ਅਧਿਆਏ ਤੀਸਰਾ 'ਚੰਡੀ ਮੁੰਡ ਯੁੱਧ ਵਰਣਨ' 'ਚ ਜਦੋਂ ਯੋਧੇ ਮੂਹੌਂ 'ਮਾਰ ਲੌ' ਦਾ ਸ਼ਬਦ ਕਹਿ ਰਹੇ ਸਨ ਉਸ ਸਮੇਂ ਦੈਂਤ ਦੌੜ ਕੇ ਅੱਗੇ ਵਧ ਰਹੇ ਸਨ ਅਤੇ ਅਨੇਕਾਂ ਸੰਖ ਵੱਜ ਰਹੇ ਸਨ।

"ਰਕਤਬੀਜ ਦੈ ਚਲਿਯੋ ਨਗਾਰਾ।। ਦੇਵ ਲੋਗ ਲਉ ਸੁਨੀ ਪੁਕਾਰਾ।।

ਕਿੰਪੀ ਭੂਮ ਗਗਨ ਥਹਰਾਨਾ।। ਦੇਵਨ ਜੁਤਿ ਦਿਵਰਾਜ ਡਰਾਨਾ।।੩।।੮੦।।

ਧਵਲਾਗਿਰ ਕੇ ਜਬ ਤਟ ਆਏ।। ਦੁੰਦਭ ਢੋਲ ਮ੍ਰਿਦੰਗ ਬਜਾਏ।।

ਜਬ ਹੀ ਸੁਨਾ ਕੁਲਾਹਲ ਕਾਨਾ।। ਉਤਰੀ ਸ਼ਸਤਰ ਅਸਤ੍ਰ ਲੈ ਨਾਨਾ।।੪।।੮੧।।"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੦੫)

ਅਧਿਆਏ ਚੌਥਾ 'ਰਕਤ ਬੀਜ ਯੁੱਧ ਵਰਣਨ' ਵਿੱਚ ਰਕਤ ਬੀਜ ਧੌਂਸਾ ਵਜਾਉਂਦਾ ਹੋਇਆ ਰਣਭੂਮੀ ਵਲ ਤੁਰ ਪਿਆ। ਉਸ ਦੀ ਚੜ੍ਹਾਈ ਦੀ ਖਬਰ ਸੂਰਗਪੁਰੀ ਤਕ ਪਹੁੰਚ ਗਈ

ਉਸ ਨੂੰ ਜੰਗ ਕਰਨ ਲਈ ਜਾਂਦਾ ਵੇਖਕੇ ਧਰਤੀ ਕੰਬਣ ਲੱਗ ਪਈ ਤੇ ਅਕਾਸ਼ ਹਿਲੱਣ ਲੱਗ ਪਿਆ। ਦੇਵਤਿਆਂ ਸਮੇਤ ਦੇਵਤਿਆਂ ਦਾ ਰਾਜਾ ਇੰਦਰ ਵੀ ਡਰ ਗਿਆ। ਜਦੋਂ ਦੈਂਤ ਕਲਾਸ਼ ਪਰਬਤ ਦੇ ਕੋਲ ਆਏ, ਤਦ ਉਹਨਾ ਨੇ ਨਗਾਰੇ, ਢੋਲ ਤੇ ਮ੍ਰਿਦੰਗ ਆਦਿ ਜੰਗੀ ਵਾਜੇ ਵਜਾਏ। ਜਦੋਂ ਇਹਨਾ ਵਾਜਿਆਂ ਦੀ ਆਵਾਜ਼ ਦੇਵੀ ਦੇ ਕੰਨਾ ਵਿੱਚ ਪਈ ਤਾਂ ਉਹ ਸ਼ਸਤਰ ਅਸਤਰ ਸਜਾ ਕੇ ਕੈਲਾਸ ਪਰਬਤ ਤੋਂ ਹੇਠਾਂ ਉੱਤਰ ਆਈ।

"ਡਕਾ ਡੱਕ ਡਾਕੈ॥ ਹਕਾ ਹੱਕ ਹਾਕੈਂ॥ ਭਕਾ ਭੁੰਕ ਭੇਰੀ॥ ਡਮਕ ਡਾਮ ਡੇਰੀ॥੩੦॥੧੭॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੦੭)

ਜੰਗ ਵਿੱਚ ਡਾਕਨੀਆਂ ਡਕਾਰ ਰਹੀਆਂ ਸਨ, ਹੰਕਾਰੀ ਸੂਰਮੇ ਲਲਕਾਰੇ ਮਾਰ ਰਹੇ ਸਨ। ਭੇਰੀਆਂ ਭੱਕ-ਭੱਕ ਦਾ ਸ਼ਬਦ ਕਰਦੀਆਂ ਹੋਈਆਂ ਬੋਲ ਰਹੀਆਂ ਸਨ ਤੇ ਡੋਰੂ ਡੰਮ ਡੰਮ ਕਰਕੇ ਵੱਜ ਰਹੇ ਸਨ।

ਮਨੋਹਰ ਛੰਦ॥

"ਸ੍ਰੀ ਜਗਨਾਥ ਕਮਾਨ ਲੈ ਹਾਥ ਪ੍ਰਮਾਥਿਨ ਸੰਖ ਸ੍ਰਜਯੋ ਜਬ ਜੁੱਧੰ॥

..............................ਬਿਰਾਜਤ ਉੱਧੰ॥੩੩॥੧੧੦॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੦੭)

ਜਦੋਂ ਜਗਤ ਮਾਤਾ ਦੇਵੀ ਨੇ ਕਮਾਨ ਫੜਕੇ ਦੈਂਤਾਂ ਨਾਲ ਜੰਗ ਸ਼ੁਰੂ ਕੀਤਾ, ਤਦ ਉਸਨੇ ਪਹਿਲਾਂ ਸੰਖ ਵਜਾਇਆ।

"ਗਾਗੜਦੰਗ ਗੋਮਾਯ ਗੱਜੇ ਗਹੀਰੰ॥ ਸਾਗੜਦੰਗ ਸੰਖੰ ਨਾਗੜਦੰਗ ਨਫੀਰੰ॥
ਬਾਗੜਦੰਗ ਬਾਜੇ ਬਜੇ ਬੀਰ ਖੇਤੰ॥ ਨਾਗੜਦੰਗ ਨਾਚੇ ਸੁ ਭੂਤੰ ਪਰੇਤੰ॥੩੯॥੧੧੬॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੦੮)

ਰਣ ਭੂਮੀ ਵਿੱਚ ਰਣਸਿੰਗੇ ਗੜਗੜ ਕਰਕੇ ਗੱਜਦੇ ਸਨ। ਸਾੜ ਸਾੜ ਕਰਕੇ ਸੰਖ ਵਜਦੇ ਸਨ ਤੇ ਤੂਤੀਆਂ ਦੀ ਅਵਾਜ ਹੋ ਰਹੀ ਸੀ। ਰਣਭੂਮੀ ਵਿੱਚ ਸੂਰਮੇ ਮਾਰੂ ਵਾਜੇ ਵਜਾਉਂਦੇ ਸਨ ਅਤੇ ਖੁਸ਼ੀ ਨਾਲ ਭੂਤ ਪ੍ਰੇਤ ਨੰਗੇ ਹੋ ਕੇ ਨੱਚਦੇ ਸਨ।

"ਸਾਗੜਦੰਗ ਸੰਖੰ ਨਾਗੜਦੰਗ ਨਫੀਰੰ।। ਗਾਗੜਦੰਗ ਗੋਮਾਯ ਗੱਜੇ ਗਹੀਰੰ।।

ਨਾਗੜਦੰਗ ਨਗਾਰੇ ਬਾਗੜਦੰਗ ਬਾਜੇ।। ਜਾਗੜਦੰਗ ਜੋਧਾ ਗਾਗੜਦੰਗ ਗਾਜੇ।।੪੧।।"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੦੮)

"ਭਕਾ ਭੁੰਕ ਭੇਰੀ ਢਕਾ ਢੁੰਕ ਢੋਲੰ।। ਫਟੀ ਨਖ ਸਿੰਘੰ ਮੁਖੰ ਡੱਢ ਕੋਲੰ।।

ਡਮਾ ਡੰਮਿ ਡਉਰੂ ਡਕਾ ਡੁੰਕ ਡੰਕੰ।। ਰੜੇ ਗ੍ਰਿੱਧ ਬਿੱਧੰ ਕਿਲੱਕਾਰ ਕੰਕੰ।।੩।।੧੨੫।।"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੦੮)

ਅਧਿਆਏ ਪੰਜਵਾ 'ਨਿਸੁੰਭ ਯੁੱਧ ਵਰਣਨ' ਵਿੱਚ ਜਦੋਂ ਨਿਸੁੰਭ ਨੇ ਰਕਤਬੀਜ ਦੇ ਮਰਨ ਦੀ ਖਬਰ ਸੁਣੀ ਤਾਂ ਉਹ ਜੰਗ ਕਰਣ ਲਈ ਚਲਿਆ ਤੇ ਉਸ ਸਮੇਂ ਭੇਰੀਆਂ ਦੀ ਭੱਕ ਭੱਕ ਦੀ ਅਵਾਜ਼ ਹੁੰਦੀ ਸੀ ਅਤੇ ਡਗ ਡਗ ਕਰਕੇ ਢੋਲ ਵੱਜਦੇ ਸਨ। ਜਿਹੜੀ ਧਰਤੀ ਸੂਰ ਨੇ ਆਪਣੇ ਹੁਡਾਂ ਉਤੇ ਚੁੱਕੀ ਹੋਈ ਸੀ, ਉਹ ਸ਼ੇਰ ਦੇ ਨੌਹਾਂ ਨਾਲ ਪਾਟ ਗਈ ਸੀ। ਜਦੋ. ਡਉਰੂਆਂ ਤੇ ਡੁੰਕ-ਡੁੰਕ ਡੱਗਾ ਵੱ ਜਦਾ ਸੀ ਤਾਂ ਉਹ ਡੰਮ ਡੰਮ ਕਰਕੇ ਬੋਲਦੇ ਸਨ। ਗਿਰਝਾਂ ਬੋਲਦੀਆਂ ਤੇ ਕਾ ਕਿਲਕਾਰੀਆਂ ਮਾਰਦੇ ਸਨ।

"ਇਤੈ ਸਿੰਘ ਗੱਜਯੋ।। ਮਹਾ ਸੰਖ ਬੱਜਯੋ।। ਰਹਯੋ ਨਾਦ ਪੂਰੰ।। ਛੁਹੀ ਗੈਣਿ ਧੂਰੰ।।੯।।"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੦੯)

ਇਧਰੋਂ ਦੇਵੀ ਦਾ ਸ਼ੇਰ ਗੱਜਿਆ ਹੈ ਤੇ ਉਧਰੋਂ ਦੇਵੀ ਨੇ ਬੜੇ ਜ਼ੋਰ ਨਾਲ ਸੰਖ ਵਜਾਇਆ, ਸੰਖ ਦਾ ਸ਼ਬਦ ਹਰ ਪਾਸੇ ਗੂੰਜ ਰਿਹਾ ਸੀ। ਧੂੜ ਨਾਲ ਅਕਾਸ਼ ਭਰਿਆ ਪਿਆ ਹੈ।

"ਢਮ ਢੋਮਤ ਢੋਲ ਢਮੱਕਯੰ।। ਧਮ ਧਮਤ ਸਾਂਗ ਧ੍ਰਮੱਕਯੰ।।

ਬਹ ਬਹਤ ਕ੍ਰੁੱਧ ਕ੍ਰਿਪਾਣਯੰ।। ਜੁੱਝੰਤ ਜੋਧ ਜੁਆਣਯੰ।।੧੬।।੧੩੮।।"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੦੯)

ਢੋਲਾਂ ਦੀ ਢਮ ਢਮ ਕਰਕੇ ਢਮਕ ਹੁੰਦੀ ਸੀ। ਬਰਛਿਆਂ ਦੀ ਧ੍ਰੰਮ ਧ੍ਰੰਮ ਕਰਕੇ ਧਮਕ ਪੈਂਦੀ ਸੀ। ਸੂਰਮੇ ਬੜੇ ਕਰੋਧ ਨਾਲ ਕਿਰਪਾਨਾਂ ਚਲਾਉਂਦੇ ਸਨ ਅਤੇ ਬੜੇ ਬੜੇ ਜਵਾਨ ਸੂਰਮੇ ਰਣਭੂਮੀ ਵਿੱਚ ਜੂਝ ਰਹੇ ਸਨ।

"ਇਕੰ ਬਾਰ ਟਾਰੇ॥ ਠਮੰ ਠੋਕ ਠਾਰੇ॥ ਬਲੀ ਮਾਰ ਡਾਰੇ॥ ਚਮੱਕੇ ਢਢਾਰੇ॥੨੭॥੧੯੩॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੧੨)

ਦੇਵੀ ਨੇ ਦੈਤਾਂ ਨੂੰ ਇਕੋ ਵਾਰ ਹੱਲਾ ਕਰਕੇ ਆਪਣੀ ਜਗ੍ਹਾ ਤੋਂ ਹਿਲਾ ਦਿੱਤਾ ਤੇ ਉਹਨਾ ਨੂੰ ਮਾਰ ਮਾਰ ਕੇ ਠੰਢਾ ਕਰ ਦਿੱਤਾ। ਬੜੇ ਬੜੇ ਸੂਰਮਿਆਂ ਨੂੰ ਮਾਰ ਕੇ ਖਤਮ ਕਰ ਦਿੱਤਾ। ਢਮ ਢਮ ਕਰਕੇ ਢਡਾਂ ਦੀ ਆਵਾਜ਼ ਹੋ ਰਹੀ ਸੀ।

"ਤੁਰਹੀ ਢੋਲ ਨਗਾਰੇ ਬਾਜੇ॥ ਭਾਂਤ ਭਾਂਤ ਜੋਧਾ ਰਣ ਗਾਜੇ॥

ਢਡਿ ਡਫ ਡਮਰੁ ਡੁਗਡੁਗੀ ਘਨੀ॥ ਨਾਇ ਨਫੀਰੀ ਜਾਤ ਨ ਗਨੀ॥੪੪॥੨੦੦॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੧੩)

ਰਣਭੂਮੀ ਵਿੱਚ ਸੂਰਮਿਆਂ ਨੂੰ ਜੋਸ਼ ਦੇਣ ਲਈ ਤੁਰੀਆਂ, ਢੋਲ ਤੇ ਨਗਾਰੇ ਵੱਜ ਰਹੇ ਸਨ। ਉਤਸ਼ਾਹ ਨਾਲ ਭਰੇ ਸੂਰਮੇ ਮੈਦਾਨ ਵਿੱਚ ਤਰ੍ਹਾ ਤਰ੍ਹਾਂ ਨਾਲ ਗੱਜ ਰਹੇ ਸਨ। ਬੇਸ਼ੁਮਾਰ, ਢੱਢਾ ਡੱਫਾ, [1]ਡੌਰੂ, ਡੁਗਡੁਗੀਆਂ, ਸ਼ਹਿਨਾਈਆਂ ਤੇ ਤੂਤੀਆਂ ਵੱਜ ਰਹੀਆਂ ਸਨ, ਜਿਨ੍ਹਾਂ ਦੀ ਗਿਣਤੀ ਨਹੀਂ ਸੀ ਕੀਤੀ ਜਾ ਸਕਦੀ।

ਭੁਜੰਗ ਪ੍ਰਯਾਤ ਛੰਦ॥

"ਫਿਰੇ ਬਾਜੀਯੰ ਤਾਜੀਯੰ ਇੱਤ ਉੱਤੰ॥ ਗਜੇ ਬਾਰਣੰ ਦਾਰੁਣੰ ਰਾਜ ਪੁੱਤ੍ਰੰ॥

ਬਜੇ ਸੰਖ ਭੇਰੀ ਉਠੇ ਸੰਖ ਨਾਦੰ॥ ਰਣੰਕੈ ਨਫੀਰੀ ਧੁਣੰ ਨਿਰਬਿਖਾਦੰ॥੪੯॥੨੦੫॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੧੩)

ਮੈਦਾਨਿ-ਜੰਗ ਵਿਚ ਅਰਬੀ ਘੋੜੇ ਏਧਰ ਉਧਰ ਦੌੜਦੇ ਫਿਰਦੇ ਸਨ। ਰਾਜਿਆਂ ਦੇ ਪੁਤਰ ਭਿਆਨਕ ਹਾਥੀਆ ਤੇ ਸਵਾਰ ਹੋ ਕੇ ਗਰਜ ਰਹੇ ਸਨ। ਸੰਖ ਤੇ ਭੇਰੀਆਂ ਵੱਜ ਰਹੀਆਂ ਸਨ ਤੇ ਸੰਖਾਂ ਦੀ ਅਵਾਜ਼ ਗੂੰਜ ਰਹੀ ਸੀ। [2]ਤੂਤੀਆਂ ਬੋਲ ਰਹੀਆਂ ਸਨ, ਜਿਨ੍ਹਾਂ ਦੀ ਅਵਾਜ਼ ਲਗਾਤਾਰ ਆ ਰਹੀ ਸੀ।

---

1 ਡਮਰੂ

2 ਇੱਕ ਸੁਸ਼ਿਰ ਜਾਤੀ ਦਾ ਵਾਦਯ

"ਗਜੇ ਗੱਜੀਯੰ ਸਰਬ ਸੱਜੇ ਪਵੰਗੰ॥ ਜੁਧੰ ਜੁਟੀਯੰ ਜੋਧ ਛੁੱਟੇ ਖਤੰਗੰ॥

ਤੜੱਕੇ ਤਬੱਲੰ ਝੜੰਕੇ ਕ੍ਰਿਪਾਣੰ॥ ਸੱੜਕਾਰ ਸੇਲੰ ਰਣੰਕੇ ਨਿਸ਼ਾਣੰ।੫੬॥੨੧੨॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੧੪)

ਸੱਜੇ ਹੋਏ ਘੋੜਿਆਂ ਤੇ ਸਵਾਰ ਸੂਰਮੇ ਮੈਦਾਨ ਵਿੱਚ ਗੱਜ ਰਹੇ ਸਨ। ਯੋਧੇ ਜੰਗ ਵਿੱਚ ਜੁੱਟੇ ਹੋਏ ਸਨ ਤੇ ਤੀਰ ਚਲ ਰਹੇ ਸਨ। ਤਬਲੇ ਵਜ ਰਹੇ ਸਨ। ਤਲਵਾਰਾਂ ਚਮਕ ਰਹੀਆਂ ਸਨ। ਬਰਛੇ ਸਰੜ-ਸਰੜ ਕਰਕੇ ਚਲ ਰਹੇ ਸਨ ਤੇ ਧੌਂਸੇ ਗੂੰਜ ਰਹੇ ਸਨ।

"ਡਕੀ ਡਾਕਣੀ ਡਾਮਰੂ ਡਉਰ ਡੱਕੰ॥ ਨਚੇ ਬੀਰ ਬੈਤਾਲ ਭੂਤੰ ਭਭੱਕੰ।੫੮॥੨੧੪॥"

(ਚੰਡੀ ਚਿਰੱਤਰ, ਉਕਤਿ ਬਿਲਾਸ, ਪੰਨਾ ੧੧੪)

ਡੈਣਾਂ ਮੁਰਦੇ ਖਾ ਕੇ ਡਕਾਰਦੀਆਂ ਸਨ ਤੇ ਡਮਰੂ ਤੇ ਡੌਰੂ ਵੱਜਦੇ ਸਨ। ਖੁਸ਼ ਹੋਏ ਬੀਰ, ਬੈਤਾਲ ਤੇ ਭੂਤ ਪਰੇਤ ਬੋਲਦੇ ਸਨ।

**ਚੰਡੀ ਦੀ ਵਾਰ**

"ਚੰਡੀ ਦੀ ਵਾਰ ਇਸ ਬਾਣੀ ਵਿੱਚ ਗੁਰੂ ਸਾਹਿਬ ਨੇ ਚੰਡੀ ਦੇ ਯੁੱਧ ਦੀ ਵੀਰਤਾ ਨੂੰ ਇੱਕ ਵਾਰ ਬਣਾ ਕੇ ਵਰਣਿਤ ਕੀਤਾ ਹੈ। ਇਸ ਵਾਰ ਦੀਆਂ ਕੁੱਲ ੫੫ ਪਉੜੀਆ ਹਨ।"

"ਪਉੜੀ॥ ਦੁਹਾਂ ਕੰਧਾਰਾਂ ਮੁਹਿ ਜੁੜੇ ਢੋਲ ਸੰਖ ਨਗਾਰੇ ਬੱਜੇ॥

ਰਾਕਸ਼ ਆਏ ਰੋਹਲੇ ਤਰਵਾਰੀ ਬਖਤਰ ਸੱਜੇ॥" (ਚੰਡੀ ਦੀ ਵਾਰ, ਪੰਨਾ ੧੨0)

ਸੱਤਵੀ ਪਉੜੀ ਵਿੱਚ ਗੁਰੂ ਸਾਹਿਬ ਦੱਸਦੇ ਹਨ ਕਿ ਜਦੋਂ ਚੰਡੀ ਦਾ ਦੈਂਤਾ ਨਾਲ ਜੁੱਧ ਆਰੰਭ ਹੋਇਆ ਤਾਂ ਦੋਹਾਂ ਪਾਸਿਆਂ ਦੇ ਸੂਰਮੇ ਆਹਮੋ ਸਾਹਮਣੇ ਆ ਡਟੇ ਤੇ ਢੋਲ, ਸੰਖ ਤੇ ਨਗਾਰੇ ਮਾਰੂ ਵਾਜੇ ਵੱਜਣ ਲੱਗ ਪਏ।

"ਪਉੜੀ॥ ਜੰਗ ਮੁਸਾਫ਼ਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ॥

ਝੂਲਨ ਨੇਜੇ ਬੈਰਕਾ ਨੀਸਾਣ ਲਸਨਿ ਲਸਾਵਲੇ॥ (ਚੰਡੀ ਦੀ ਵਾਰ, ਪੰਨਾ ੧੨0)

ਪਹਿਲਾਂ ਜੰਗ ਆਰੰਭ ਕਰਨ ਦਾ ਧੌਂਸਾ ਵੱਜਿਆ, ਫਿਰ ਸੂਰਮਿਆਂ ਨੂੰ ਜੰਗ ਦਾ ਉਤਸ਼ਾਹ ਦੇਣ ਵਾਲੇ ਨਗਾਰੇ ਵੱਜੇ। ਸੂਰਮਿਆਂ ਦੇ ਨੇਜ਼ਿਆਂ ਅੱਗੇ ਬਧੀਆਂ ਝੰਡੀਆਂ ਝੂਲ ਰਹੀਆਂ ਸਨ।

"ਪਉੜੀ॥ ਦੇਖਨ ਚੰਡ ਪ੍ਰਚੰਡ ਨੂੰ ਰਣ ਘੁਰੇ ਨਗਾਰੇ॥

ਧਾਇ ਰਾਕਸ਼ਿ ਰੋਹਲੇ ਚਉਗਿਰਦੇ ਭਾਰੇ॥ (ਚੰਡੀ ਦੀ ਵਾਰ, ਪੰਨਾ 1੨0)

ਬੜੇ ਤੇਜ਼ ਪ੍ਰਕਾਸ਼ ਵਾਲੀ ਚੰਡਕਾ ਨੂੰ ਰਣਭੂਮੀ ਵਿੱਚ ਆਇਆ ਵੇਖ ਕੇ ਨਗਾਰੇ ਤੇ ਧੌਂਸੇ ਵੱਜਣ ਲੱਗ ਪਏ। ਬੜੇ ਰੋਹ ਵਿੱਚ ਭਰੇ ਹੋਏ ਰਾਖਸ਼ ਦੁਰਗਾ ਦੇ ਚੌਹੀਂ ਪਾਸੀ ਭੱਜ ਕੇ ਆ ਰਹੇ ਸਨ।

"ਪਉੜੀ॥ ਚੋਟਾਂ ਪਵਨ ਨਗਾਰੇ ਅਣੀਆਂ ਜੁੱਟੀਆਂ॥

ਧੂਹ ਲਈਆਂ ਤਰਵਾਰੀ ਦੇਵਾਂ ਦਾਨਵੀ॥ (ਚੰਡੀ ਦੀ ਵਾਰ, ਪੰਨਾ ੧੨0)

ਨਗਾਰਿਆਂ ਤੇ ਚੋਟਾਂ ਲਗਣ ਨਾਲ ਦੋਹਾਂ ਪਾਸਿਆਂ ਦੀਆਂ ਫੌਜਾਂ ਜੰਗ ਵਿੱਚ ਜੁੱਟ ਪਈਆਂ। ਦੇਵਤਿਆਂ ਤੇ ਰਾਖਸ਼ਾਂ ਨੇ ਜੰਗ ਲਈ ਤਲਵਾਰਾਂ ਮਿਆਨਾ ਵਿਚੋਂ ਕੱਢ ਲਈਆਂ।

"ਪਉੜੀ॥ ਲੱਖ ਨਗਾਰੇ ਵੱਜਣ ਆਮੋ ਸਾਮ੍ਹਣੇ॥

ਰਾਕਸ਼ ਰਣੋ ਨ ਭੱਜਣ ਰੋਹੇ ਰੋਹਲੇ॥" (ਚੰਡੀ ਦੀ ਵਾਰ, ਪੰਨਾ ੧੨੧)

ਰਣਭੂਮੀ ਵਿੱਚ ਆਹਮੋ ਸਾਹਮਣੇ ਦੋਹਾਂ ਪਾਸਿਆਂ ਤੋਂ ਲੱਖਾਂ ਧੌਂਸੇ ਵੱਜ ਰਹੇ ਸਨ। ਰਾਖਸ਼ ਬੜੇ ਗੁੱਸੇ ਵਿੱਚ ਭਰੇ ਹੋਏ ਜੰਗ ਵਿਚੋਂ ਭੱਜਣ ਦਾ ਨਾ ਨਹੀਂ ਸਨ ਲੈਂਦੇ।

"ਪਉੜੀ॥ ਘੁਰੇ ਨਗਾਰੇ ਦੋਹਰੇ ਰਣ ਸੰਗਲੀਆਲੇ॥

ਧੂੜਿ ਲਪੇਟੇ ਧੂਹਰੇ ਸਿਰਦਾਰ ਜਟਾਲੇ॥" (ਚੰਡੀ ਦੀ ਵਾਰ, ਪੰਨਾ ੧੨੧)

ਰਣਭੂਮੀ ਵਿੱਚ ਦੋਹਰੇ ਸੰਗਲਾਂ ਵਾਲੇ ਧੌਂਸੇ ਵੱਜ ਰਹੇ ਸਨ। ਰਾਖਸ਼ਾਂ ਦੇ ਜਟਾ ਵਾਲੇ ਸਰਦਾਰ ਧੂੜ ਨਾਲ ਲੱਥ ਪੱਥ ਹੋਏ ਸਨ।

"ਪਉੜੀ॥ ਅਗਣਤ ਘੁਰੇ ਨਗਾਰੇ ਦਲਾ ਭਿੜੰਦਿਆਂ॥

ਪਏ ਮਹਖਲ ਭਾਰੇ ਦੇਵਾ ਦਾਨਵਾਂ॥" (ਚੰਡੀ ਦੀ ਵਾਰ, ਪੰਨਾ ੧੨੧)

ਦੋਹਾਂ ਪਾਸਿਆਂ ਦੀਆਂ ਫੌਜਾਂ ਦੇ ਭਿੜ ਰਹੇ ਸੂਰਮਿਆਂ ਨੂੰ ਜੋਸ਼ ਦੇਣ ਲਈ ਬੇਅੰਤ ਨਗਾਰੇ ਵੱਜ ਰਹੇ ਸਨ। ਦੇਵਤਿਆਂ ਤੇ ਰਾਖਸ਼ਾਂ ਵਿੱਚ ਝੋਟਿਆਂ ਦੇ ਭੇੜ ਵਰਗਾ ਜੁੱਧ ਹੋਣ ਲੱਗਾ ਸੀ।

"ਪਉੜੀ॥ ਵੱਜੇ ਢੋਲ ਨਗਾਰੇ ਦਲਾਂ ਮੁਕਾਬਲਾ॥

ਤੀਰ ਫਿਰੈ ਰੈਬਾਰੇ ਆਮੋ ਸਾਹਮਣੇ॥" (ਚੰਡੀ ਦੀ ਵਾਰ, ਪੰਨਾ ੧੨੧)

ਰਣਭੂਮੀ ਵਿੱਚ ਸੂਰਮਿਆਂ ਨੂੰ ਉਤਸ਼ਾਹ ਦੇਣ ਲਈ ਢੋਲ ਤੇ ਨਗਾਰੇ ਵੱਜਣ ਲੱਗੇ ਤੇ ਫੋਜਾਂ ਦਾ ਭੇੜ ਸ਼ੁਰੂ ਹੋ ਗਿਆ। ਆਹਮੋ ਸਾਹਮਣੇ ਸੂਰਮਿਆਂ ਦੇ ਚਲ ਰਹੇ ਤੀਰ ਇਉਂ ਜਾਪਦੇ ਸਨ, ਜਿਵੇਂ ਉਹ ਇਹਨਾਂ ਦੀ ਅਗਵਾਈ ਕਰ ਰਹੇ ਸਨ।

"ਪਉੜੀ॥ ਸੱਟ ਪਈ ਜਮਧਾਣੀ ਦਲਾਂ ਮੁਕਾਬਲਾਂ॥

ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ॥" (ਚੰਡੀ ਦੀ ਵਾਰ, ਪੰਨਾ ੧੨੧)

ਜਮ ਦੇ ਵਾਹਨ ਝੋਟੇ ਦੀ ਖਲ ਨਾਲ ਮੜ੍ਹੇ ਹੋਏ ਧੌਂਸੇ ਤੇ ਜਦ ਡੱਗਾ ਲੱਗਾ ਤਾਂ ਦੋਹਾਂ ਪਾਸਿਆਂ ਦੀਆਂ ਫੌਜਾਂ ਦਾ ਮੁਕਾਬਲਾ ਸ਼ੁਰੂ ਹੋਇਆ। ਦੁਰਗਾ ਨੇ ਬੜੇ ਜੋਸ਼ ਨਾਲ ਮਿਆਨ ਵਿਚੋਂ ਤਲਵਾਰ ਕੱਢ ਲਈ।

"ਪਉੜੀ॥ ਸੱਟ ਪਈ ਨਗਾਰੇ ਦਲਾਂ ਮੁਕਾਬਲਾ॥

ਦਿੱਤੇ ਦੇਉ ਭਜਾਈ ਮਿਲਿਕੈ ਰਾਕਸ਼ੀ॥" (ਚੰਡੀ ਦੀ ਵਾਰ, ਪੰਨਾ ੧੨੨)

ਰਣਭੂਮੀ ਵਿੱਚ ਨਗਾਰਿਆਂ ਤੇ ਡੱਗੇ ਲੱਗਣ ਨਾਲ ਦਲਾ ਦਾ ਮੁਕਾਬਲਾ ਸ਼ੁਰੂ ਹੋ ਗਿਆ। ਰਾਖਸ਼ਾਂ ਨੇ ਇੱਕਠੇ ਹੋ ਕੇ ਇਹੋ ਜਿਹਾ ਕਰੜਾ ਹੱਲਾ ਕੀਤਾ ਕਿ ਦੇਵਤੇ ਮੈਦਾਨ ਛੱਡ ਕੇ ਨੱਠ ਗਏ।

"ਪਉੜੀ॥ ਭੇਰੀ ਸੰਖ ਵਜਾਏ ਸੰਘਰਿ ਰਚਿਆ॥

ਤਣਿ ਤਣਿ ਤੀਰ ਚਲਾਏ ਦੁਰਗਾ ਧਨਖ ਲੈ॥ (ਚੰਡੀ ਦੀ ਵਾਰ, ਪੰਨਾ ੧੨੩)

ਸ਼ਹਿਨਾਈਆਂ ਤੇ ਸੰਖ ਵੱਜਣ ਨਾਲ ਜੁੱਧ ਫਿਰ ਆਰੰਭ ਹੋ ਗਿਆ। ਦੁਰਗਾ ਨੇ ਹੱਥ ਵਿੱਚ ਧਨੁਖ ਲੈ ਕੇ ਖਿੱਚ ਖਿੱਚ ਕੇ ਰਾਖਸ਼ਾਂ ਤੇ ਤੀਰ ਚਲਾਏ।

"ਪਉੜੀ॥ ਸੂਰੀ ਸੰਘਰਿ ਰਚਿਆ ਢੋਲ ਸੰਖ ਨਗਾਰੇ ਵਾਇਕੈ॥

ਚੰਡ ਚਿਤਾਰੀ ਕਾਲਕਾ ਮਲ ਬਾਹਲਾ ਰੋਸੁ ਬਢਾਇਕੈ॥" (ਚੰਡੀ ਦੀ ਵਾਰ, ਪੰਨਾ ੧੨੪)

ਰਣਭੂਮੀ ਵਿੱਚ ਸੂਰਮਿਆਂ ਨੇ ਢੋਲ, ਸੰਖ ਤੇ ਨਗਾਰੇ ਵਜਾ ਕੇ ਜੰਗ ਆਰੰਭ ਕੀਤਾ। ਦੁਰਗਾ ਨੇ ਆਪਣੇ ਮਨ ਵਿੱਚ ਬਹੁਤ ਗੁਸਾ ਵਧਾ ਕੇ ਕਾਲੀ ਦੇਵੀ ਨੂੰ ਚਿਤਾਰਿਆ ਭਾਵ ਕਾਲਕਾ ਨੂੰ ਆਪਣੇ ਕੋਲ ਸਦਿਆ।

"ਪਉੜੀ।। ਬੱਜੇ ਸੰਗਲੀਆਲੇ ਸੰਘਰ ਡੋਹਰੇ।।

ਡਹੇ ਜੁ ਖੇਤ ਜਟਾਲੇ ਹਾਠਾਂ ਜੜਿਕੈ।। (ਚੰਡੀ ਦੀ ਵਾਰ, ਪੰਨਾ ੧੨੪)

ਸੰਗਲਾਂ ਵਾਲੇ ਦੂਹਰੇ ਨਗਾਰੇ ਰਣਭੂਮੀ ਵਿੱਚ ਵੱਜੇ। ਜੱਟਾਧਾਰੀ ਰਾਖਸ਼ਾਂ ਦੀਆਂ ਕਤਾਰਾ ਜੰਗ ਵਿੱਚ ਜੁੱਟ ਗਈਆਂ।

"ਪਉੜੀ।। ਦੁਹਾਂ ਕੰਧਾਰਾਂ ਮੁਹਿ ਜੁੜੇ ਜਾ ਸੱਟ ਪਈ ਖਰਵਾਰ ਕੱਉ।।

ਤਕ ਤਕ ਕੈਬਰਿ ਦੁਰਗਸ਼ਾਹ ਤਕ ਮਾਰੇ ਭਲੇ ਜੁਝਾਰ ਕੱਉ।।"

(ਚੰਡੀ ਦੀ ਵਾਰ, ਪੰਨਾ ੧੨੫)

ਜਦੋ ਖੋਤੇ ਦੇ ਚੰਮ ਨਾਲ ਮੜ੍ਹੇ ਨਗਾਰੇ (ਖਰਵਾਰ) ਤੇ ਚੋਟਾਂ ਲੱਗੀਆਂ ਤਾਂ ਦੋਹਾਂ ਪਾਸਿਆਂ ਦੀਆਂ ਫੌਜਾਂ ਜੰਗ ਕਰਨ ਲਈ ਆਹਮੋ ਸਾਹਮਣੇ ਆ ਗਈਆਂ। ਰਾਖਸ਼ਾਂ ਦੇ ਵੱਡੇ ਵੱਡੇ ਸੂਰਮਿਆਂ ਨੂੰ ਤੱਕ ਤੱਕ ਕੇ ਦੁਰਗਾ ਨੇ ਤੀਰ ਮਾਰੇ।

"ਪਉੜੀ।। ਦੁਹਾਂ ਕੰਧਾਰਾ ਮੁਹਿ ਜੁੜੇ ਸੱਟ ਪਈ ਜਮਧਾਣ ਕੱਉ।।

ਤਦ ਖਿੰਗ ਨਸੁੰਭ ਨਚਾਇਆ ਡਾਲ ਉਪਰਿ ਬਰਗਸਤਾਣ ਕੱਉ।।"

(ਚੰਡੀ ਦੀ ਵਾਰ, ਪੰਨਾ ੧੨੬)

ਜਮ ਰਾਜਾ ਦੇ ਵਾਹਣ ਝੋਟੇ ਦੇ ਚੰਮ ਨਾਲ ਮੜ੍ਹੇ ਹੋਏ ਨਗਾਰੇ ਤੇ ਚੋਟਾ ਲਗੀਆਂ ਤੇ ਦੁਹਾਂ ਪਾਸਿਆਂ ਦੀਆਂ ਫੌਜਾਂ ਜੰਗ ਵਿੱਚ ਜੁੱਟ ਗਈਆਂ। ਤਦ ਨਿਸੁੰਭ ਨੇ ਘੋੜੇ ਉਤੇ ਲੋਹੇ ਦਾ ਜਾਲੀਦਾਰ ਬਣਿਆ ਝੁਲ ਪਾਇਆ ਤੇ ਉਸ ਨੂੰ ਮੈਦਾਨ ਵਿੱਚ ਨਚਾਇਆ।

"ਪਉੜੀ।। ਦੁਹਾਂ ਕੰਧਾਰਾ ਮੁਹ ਜੁੜੇ ਦਲ ਘੁਰੇ ਨਗਾਰੇ।।

ਓਰੜ ਆਏ ਸੂਰਮੇ ਸਿਰਦਾਰ ਰਣਿਆਰੇ।। (ਚੰਡੀ ਦੀ ਵਾਰ, ਪੰਨਾ ੧੨੬)

ਰਣਭੂਮੀ ਵਿੱਚ ਨਗਾਰੇ ਵੱਜਣ ਨਾਲ ਦੋਹਾਂ ਪਾਸਿਆਂ ਦੀਆਂ ਫੋਜਾਂ ਨੇ ਜੰਗ ਆਰੰਭ ਕਰ ਦਿੱਤਾ। ਦੋਹਾਂ ਪਾਸਿਆਂ ਦੀਆ ਫੌਜਾਂ ਦੇ ਵੱਡੇ-ਵੱਡੇ ਸਰਦਾਰ ਜੰਗ ਕਰਨ ਲਹੀ ਰਣਭੂਮੀ ਵਿੱਚ ਆ ਗਏ।

**ਗਿਆਨ ਪ੍ਰਬੋਧ**

ਇਸ ਬਾਣੀ ਵਿੱਚ ਸਤਿਗੁਰੁ ਜੀ ਨੇ ਅੱਠਾਂ ਅਧਿਆਇਆਂ ਵਿੱਚ ਪੁਰਾਤਨ ਗ੍ਰੰਥਾਂ ਵਿਚੋਂ ਮਹਾਭਾਰਤ ਆਦਿ ਦੀ ਕਥਾ ਦਾ ਵਰਣਨ ਕੀਤਾ ਹੈ। ਤੀਸਰੇ ਅਧਿਆਏ [1]"ਰਾਜਾ ਯੁਧਿਸ਼ਟਰ ਦਾ ਰਾਜ ਵਰਣਨ' ਵਿੱਚ ਉਸਦੇ ਦੁਆਰਾ ਪਹਿਲਾਂ ਰਾਜਸੂ ਯੱਗ ਕਰਨ ਸਮੇਂ ਦਾ ਵਰਣਨ ਕਰਦੇ ਹੋਏ ਫੁਰਮਾਉਂਦੇ ਹਨ।

"ਬੀਣ ਬੇਣ ਮ੍ਰਿਦੰਗ ਬਾਜਤ ਬਾਸੁਰੀ ਸੁਰਨਾਇ॥
ਮੁਰਜ ਤੂਰ ਮੁਚੰਗ ਮੰਦਲ ਚੰਗ ਬੰਗ ਸਨਾਇ॥
ਢੋਲ ਢੋਲਕ ਖੰਜਕਾ ਡਫ ਝਾਂਝ ਕੋਟ ਬਜੰਤ॥
ਜੰਗ ਘੁੰਘਰੂ ਟੱਲਕਾ ਉਪਜੰਤ ਰਾਗ ਅਨੰਤ॥੧੦॥੧੫੧॥"

(ਅਥ ਗਿਆਨ ਪ੍ਰਬੋਧ ਗ੍ਰੰਥ ਲਿਖਯਤੇ, ਪੰਨਾ ੧੩੯)

ਵੀਣਾ, ਬੇਣ, ਮ੍ਰਿਦੰਗ, ਬੰਸਰੀਆਂ, ਭੇਰੀਆਂ, ਮੂਰਜ, ਤੂਰ, ਮੁਚੰਗ, ਚੰਗ-ਬੰਗ, ਢੋਲ ਤੇ ਢੋਲਕੀਆਂ, ਖੰਜਕਾ, ਡਫ ਤੇ ਝਾਂਝ ਆਦਿ ਕਰੋੜਾਂ ਸਾਜ ਵੱਜ ਰਹੇ ਸਨ। ਵੱਡਾ ਟੱਲ ਘੁੰਘਰੂ ਤੇ ਟਲੀਆ ਆਦਿ ਸਾਜਾਂ ਦੇ ਵੱਜਣ ਨਾਲ ਅਨੇਕਾਂ ਰਾਗ ਪੈਦਾ ਹੋ ਰਹੇ ਸਨ।

"ਅਮਿਤ ਸ਼ਬਦ ਬਜੰਤ੍ਰ ਭੇਰ ਹਰੰਤ ਬਾਜ ਅਪਾਰ॥
ਜਾਤ ਜਉਨ ਦਿਸਾਨ ਕੋ ਪਛ ਲਾਗ ਹੀ ਸਿਰਦਾਰ॥"

(ਗਿਆਨ ਪ੍ਰਬੋਧ, ਪੰਨਾ ੧੩੯)

ਰਾਜਸੂ ਯੱਗ ਦੌਰਾਨ ਅਨੇਕਾਂ ਭੇਰੀਆਂ ਤੇ ਹੋਰ ਅਨੇਕਾਂ ਸਾਜਾਂ ਦਾ ਸ਼ਬਦ ਹੋ ਰਿਹਾ ਸੀ ਤੇ ਘੋੜੇ ਦੇ ਨਾਲ ਜਾ ਰਹੇ ਸੂਰਮਿਆਂ ਦੇ ਬੇਸ਼ੁਮਾਰ ਘੋੜੇ ਹਿਣਕਦੇ ਸਨ। ਉਹ ਘੋੜਾ ਜਿਹੜੀ ਦਿਸ਼ਾ ਵਲ ਜਾਂਦਾ ਸੀ, ਉਸ ਦੇ ਪਿੱਛੇ ਸੈਨਕ ਜਾਂਦੇ ਸਨ।

---

1 ਮਹਾਭਾਰਤ ਵਿੱਚ ਪਾਂਡਵਾਂ ਦਾ ਸੱਭ ਤੋਂ ਵੱਡਾ ਭਰਾ।

"ਰਾਜੁ ਪਾਇ ਸਭਹੂ ਸੁੱਖ ਪਾਇਓ॥ ਭੂਪਤ ਕਉ ਨਾਚਬ ਸੁਖ ਆਇਓ॥

ਤੇਰਹ ਸੈ ਚੌਸਠ ਮਰਦੰਗਾ॥ ਬਾਜਤ ਹੈ ਕਈ ਕੋਟ ਉਪੰਗਾ॥੧੦॥੨੪੭॥"

(ਗਿਆਨ ਪ੍ਰਬੋਧ, ਪੰਨਾ ੧੪੮)

ਅਧਿਆਏ ਛੇਵੇਂ 'ਰਾਜਾ ਅਜੈ ਸਿੰਘ ਦੇ ਰਾਜ ਦਾ ਵਰਣਨ' ਵਿੱਚ ਫੁਰਮਾਉਂਦੇ ਹਨ ਕਿ ਸਾਰੇ ਭਰਾਵਾਂ ਨੇ ਆਪੋ ਆਪਣੀ ਹੈਸੀਅਤ ਮੁਤਾਬਿਕ ਰਾਜ ਦੀਆਂ ਪਦਵੀਆ ਪ੍ਰਾਪਤ ਕਰਕੇ ਬਹੁਤ ਸੁਖ ਪਾਇਆ। ਰਾਜਾ ਅਸ੍ਵਮੇਧ ਇਸਤ੍ਰੀਆਂ ਦੇ ਨਾਚ ਵੇਖਕੇ ਆਨੰਦ ਮਾਣਨ ਲੱਗ ਗਿਆ। ਉਸਦੀ ਸਭਾ ਵਿੱਚ ਤੇਰਾ ਸੌ ਚੌਹਠ ਮਰਦੰਗ ਤੇ ਅਨੇਕਾਂ ਉਪੰਗ ਆਦਿ ਸਾਜ਼ ਵੱਜਣ ਲੱਗੇ।

"ਮੰਦਰ ਤੂਰ ਕਰੂਰ ਕਰੋਰਾ॥ ਗਾਜ ਸਰਾਵਤ ਰਾਗ ਸੰਦੋਰਾ॥

ਝਮਕਸਿ ਦਾਮਨ ਜਿਮ ਕਰਵਾਰਾ॥ ਬਰਸਤ ਬਾਨਨ ਮੇਘ ਅਪਾਰਾ॥੧੩॥੨੬੬॥"

(ਗਿਆਨ ਪ੍ਰਬੋਧ, ਪੰਨਾ ੧੪੯)

ਕਰੋੜਾਂ ਢੋਲ ਤੇ ਤੂਰ ਆਦਿਕ ਮਾਰੂ ਵਾਜੇ ਬੜੀ ਤੇਜੀ ਨਾਲ ਸੰਦੂਰੀਆਂ ਰਾਗ ਵਿੱਚ ਵੱਜ ਰਹੇ ਸਨ। ਜਿਸ ਦੀ ਪ੍ਰਸੰਸਾ ਬਹਾਦਰ ਸੂਰਮੇ ਕਰ ਰਹੇ ਸਨ। ਸੂਰਮਿਆਂ ਦੀਆਂ ਤਲਵਾਰਾਂ ਬਿਜਲੀ ਵਾਂਗੂ ਚਮਕ ਰਹੀਆਂ ਸਨ ਅਤੇ ਬੇਅੰਤ ਤੀਰਾਂ ਦਾ ਮੀਂਹ ਵਰਸ ਰਿਹਾ ਸੀ।

**ਸ੍ਰੀ ਬਿਸ਼ਨ ਅਉਤਾਰ ਚਉਬੀਸ**

ਇਸ ਬਾਣੀ ਵਿਚ ਦਸ਼ਮੇਸ਼ ਪਿਤਾ ਜੀ ਨੇ ਜੋ ਵਿਸ਼ਨੂੰ ਜੀ ਦੇ ਚੌਵੀ ਅਵਤਾਰ ਹਨ ਉਹਨਾਂ ਦਾ ਤਰਤੀਵ ਵਾਰ ਵਰਣਨ ਕੀਤਾ ਹੈ। ਪਹਿਲਾ ਅਵਤਾਰ ਜੋ ਵਿਸ਼ਨੂੰ ਜੀ ਨੇ ਸਤਯੁਗ ਵਿੱਚ ਸੰਖਾਸੁਰ ਨਾਮਕ ਦੈਂਤ ਨੂੰ ਮਾਰਨ ਵਾਸਤੇ ਮੱਛ ਰੂਪ ਹੋ ਕੇ ਅਵਤਾਰ ਧਾਰਨ ਕੀਤਾ। ਇਹ ਸੰਖਾਸੁਰ ਨਾਮਕ ਦੈਂਤ ਜੋ ਸੰਖ ਵਿੱਚੋਂ ਜੰਮਿਆ ਸੀ ਜਿਸਨੂੰ ਕਈ ਗ੍ਰੰਥਾਂ ਵਿੱਚ 'ਹਯਗ੍ਰੀਵ' ਵੀ ਕਿਹਾ ਹੈ। ਇਹ ਵੇਦਾਂ ਨੂੰ ਚੁਰਾ ਕੇ ਸਮੁੰਦਰ ਵਿੱਚ ਚੱਲਾ ਗਿਆ ਸੀ। ਇਸ ਬਾਣੀ ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ :

"ਭੁਜੰਗ॥ ਲਗੇ ਠਾਮ ਠਾਮੰ ਦਮਾਮੰ ਦਮੰਕੇ॥ ਖੁਲੇ ਖੇਤ ਮੋ ਖੱਗ ਖੂਨੀ ਖਿਮੰਕੇ॥

ਭਏ ਕੂਰੰ ਭਾਤੰ ਕਮਾਣੰ ਕੱੜਕੇ॥ ਨਚੇ ਬੀਰ ਬੈਤਾਲ ਭੂਤੰ ਭੁੱੜਕੇ॥੪੯॥"

(ਚੌਵੀ ਅਵਤਾਰ ਮੱਛ)

ਜਦੋਂ ਮੱਛ ਦਾ ਸੰਖਾਸੁਰ ਦੈਂਤ ਨਾਲ ਯੁੱਧ ਹੋਇਆ ਉਸ ਸਮੇਂ ਜਗ੍ਹਾਂ ਜਗ੍ਹਾਂ ਤੇ ਦਮਾਮੰ ਭਾਵ ਧੌਂਸੇ ਵੱਜਣ ਲੱਗੇ। ਮੈਦਾਨ ਵਿੱਚ ਲਹੂ ਭਰੀਆਂ ਤਲਵਾਰਾਂ ਚਮਕਣ ਲਗੀਆਂ। ਯੋਧੇ ਡਰਾਉਣੀ ਤਰ੍ਹਾਂ ਦੇ ਹੋ ਗਏ ਅਤੇ ਕਾਮਨਾਂ ਕੜਕਨ ਲੱਗ ਪਈਆਂ। ਭੂਤਾਂ ਪ੍ਰੇਤਾਂ ਬੀਰਾਂ ਦੇ ਝੁੰਡਾਂ ਦੇ ਝੁੰਡ ਨੱਚਣ ਲੱਗੇ।

"ਗਨ ਜੋਕ ਹਰੀਤਕੀ ਓਰ ਮਧੰ॥ ਜਨ ਪੰਚ ਸੁ ਨਾਮਯ ਸੰਖ ਸੁਭੰ॥

ਸਮ ਬੇਲ ਬਿਜਿਯਾ ਅਰ ਚੱਕ੍ਰ ਗਦਾ॥ ਜੁਵਰਾਜ ਬਿਰਾਜੱਤ ਪਾਨ ਸਦਾ॥6॥"

(ਚੌਵੀ ਅਵਤਾਰ ਨਰਾਇਣ)

ਤੀਸਰਾ ਤੇ ਚੌਥਾ ਅਵਤਾਰ ਨਰ-ਨਰਾਇਣ ਵਿੱਚ ਜਦੋਂ ਦੇਵਤਿਆਂ ਤੇ ਦੈਂਤਾਂ ਨੇ ਰਲ ਕੇ ਸਮੁੰਦਰ ਮੰਥਨ ਕੀਤਾ ਤਾਂ ਉਸ ਵਿਚੋਂ ਜੋ ਚੌਦਾ ਰਤਨ ਆਦਿਕ ਵਸਤੂਆਂ ਨਿਕਲੀਆਂ ਉਹਨਾਂ ਵਿਚੋਂ ਜੋਕ, ਹਰੀੜ, ਹਕੀਕ, ਸ਼ਹਿਦ, ਪੰਚਜਨ ਨਾਮਾ ਸੰਖ, ਸੋਮ ਲਤਾ, ਸੁਦਰਸ਼ਨ ਚੱਕ੍ਰ ਤੇ ਗਦਾ ਜੋ ਸਦਾ ਹੀ ਜੁਵਰਾਜ ਵਿਸ਼ਨੂੰ ਦੇ ਪਾਨਿ ਹੱਥ ਵਿੱਚ ਵਿਰਾਜਦੇ ਹਨ।

"ਭੁਜੰਗ॥ ਭਰੇ ਜੋਗਣੀ ਪੱਤ੍ਰ ਚਉਸਠ ਚਾਰੀ॥ ਨਚੀ ਖੋਲ ਸੀਸੰ ਬਕੀ ਬਿਕਰਾਰੀ॥

ਹਸੈ ਭੂਤ ਪ੍ਰੇਤੰ ਮਹਾ ਬਿਕਰਾਲੰ॥ ਬਜੇ ਡਾਕ ਡਉਰ ਕਰੂਰੰ ਕਰਾਲੰ॥8॥"

(ਚੌਵੀ ਅਵਤਾਰ ਵੈਰਾਹ)

ਛੇਵੇਂ ਅਵਤਾਰ ਵੈਰਾਹ ਨੇ ਜਦ ਹਿਰਨਕਸ਼ਪ ਨਾਲ ਜੁੱਧ ਕੀਤਾ ਉਸ ਸਮ੍ਹੇਂ ਖ਼ੂਨ ਦੇ ਖੱਪਰ ਭਰ ਕੇ ਚੌਸਠ ਕਲਜੋਗਣੀਆਂ ਫਿਰ ਰਹੀਆਂ ਸਨ ਤੇ ਸਿਰ ਦੇ ਵਾਲ ਖੋਹਲ ਕੇ ਨੱਚਦੀਆਂ ਤੇ ਡਰਾਉਣੇ ਬੋਲ ਬੋਲਦੀਆਂ ਸਨ। ਵਡੇ ਡਰਾਉਣੇ ਭੂਤ ਤੇ ਪ੍ਰੇਤ ਹੱਸਦੇ ਸਨ। ਭੈੜੇ ਅਤੇ ਡਰਾਉਣੇ ਡੌਰੂ ਡੱਕ ਡੱਕ ਕਰਕੇ ਵੱਜਦੇ ਸਨ।

"ਬਜੇ ਡੰਕ ਬੰਕੇ ਮੁ ਕੂਰੰ ਕਰਾਰੇ॥ ਮਨੋ ਰਾਜ ਜੁੱਟੇ ਦੰਤਾਰੇ ਦੰਤਾਰੇ॥

ਢਮੰਕਾਰ ਢੋਲੰ ਰਣੰਕੇ ਨਫੀਰੰ॥ ਸੜੱਕਾਰ ਸਾਗੰ ਤੜੱਕਾਰ ਤੀਰੰ॥੧੧॥"

(ਚੌਵੀ ਅਵਤਾਰ ਵੈਰਾਹ)

ਬਾਂਕੇ ਸੂਰਮਿਆਂ ਨੂੰ ਭੈੜੇ ਤੇ ਕਰੜੇ ਡੰਗ ਵੱਜਦੇ ਸਨ, ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਜਿਵੇਂ ਲੰਮੇ ਦੰਦਾਂ ਵਾਲੇ ਹਾਥੀ ਆਪੋ ਵਿੱਚ ਜੁੱਟੇ ਹੋਏ ਸਨ। ਢੋਲਾਂ ਦੀ ਕੜਕੁਟ ਅਤੇ ਨਫੀਰੀਆਂ ਦੀ ਗੂੰਜ ਹੋ ਰਹੀ ਸੀ।

"ਭੁਜੰਗ॥ ਕੜੱਕਾਰ ਤੇਗੰ ਤੱੜਕਾਰ ਤੀਰੰ॥ ਭਏ ਟੂਕ ਟੂਕੰ ਰਣੰ ਬੀਰ ਧੀਰੰ॥

ਬਜੇ ਸੰਖ ਤੂਰੰ ਸੁ ਢੋਲੰ ਢਮੰਕੇ॥ ਰੜੰ ਕੰਕ ਬੰਕੇ ਡਹੇ ਬੀਰ ਬੰਕੇ॥੩੨॥"

(ਚੌਵੀ ਅਵਤਾਰ, ਨਰਸਿੰਘ)

ਸੱਤਵੇਂ ਅਵਤਾਰ ਨਰਸਿੰਘ ਦਾ ਜਦੋਂ ਹਰਨਾਖਸ਼ ਨਾਲ ਯੁੱਧ ਹੋਣ ਲੱਗਾ ਤੱਦ ਤਲਵਾਰਾਂ ਦਾ ਖੜਾਕ ਹੁੰਦਾ ਸੀ। ਸੰਖ ਤੇ ਤੁਰੀਆਂ ਵੱਜਦੀਆਂ ਸਨ, ਢੋਲਾਂ ਦਾ ਢਮਕਾਰ ਹੁੰਦਾ ਸੀ।

"ਰਸਾਵਲ॥ ਘਣੋ ਢੋਲ ਬੱਜੇ॥ ਮਹਾਂ ਬੀਰ ਗੱਜੇ॥ ਮਨੌ ਸਿੰਘ ਛੁੱਟੇ॥ ਇਮੰ ਬੀਰ ਜੁੱਟੇ॥੨●॥

(ਚੌਵੀ ਅਵਤਾਰ, ਪਰਸ ਰਾਮ)

ਨੌਵਾਂ ਅਵਤਾਰ 'ਪਰਸ ਰਾਮ' ਜੋ ਰਿਸ਼ੀ ਜਮਦਗਨਿ ਅਤੇ ਪ੍ਰਸੇਨਜਿੱਤ ਦੀ ਲੜਕੀ ਰੇਣੁਕਾ ਦਾ ਪੁਤਰ ਸੀ। ਇਸਦੇ ਚਾਰ ਭਰਾ ਸਨ ਰੁਮੰਵਾਨ, ਸੁਵੇਣ, ਬਹੁ, ਵਿਸ੍ਵਾਦਵਹੁ। ਪਰਸੂ ਰਾਮ ਦੇ ਪਿਤਾ ਨੂੰ ਕਾਰਤਿਕ ਵੀਰਜ ਸਹਸਰ ਬਾਹੂ ਨੇ ਮਾਰ ਦਿੱਤਾ ਸੀ। ਪਤੀ ਦੇ ਮਰਨ ਤੇ ਇਸ ਦੀ ਮਾਤਾ ਨੇ ਤਿੰਨ ਹੱਥੜ ਪਿਟਣਾ ਸ਼ੁਰੂ ਕੀਤਾ, ਸੱਤ ਵਾਰ ਉਸਨੇ ਛਾਤੀ ਤੇ ਸੱਤ ਵਾਰ ਮੱਥੇ ਤੇ ਅਤੇ ਸੱਤ ਵਾਰ ਪੱਟਾਂ ਤੇ ਹੱਥ ਮਾਰੇ ਸਨ। ਇਸ ਲਈ ਪਰਸਰਾਮ ਨੇ ਸਹਸਰ ਬਾਹੂ ਨੂੰ ਮਾਰ ਕੇ ਪਿਤਾ ਦਾ ਵੈਰ ਲਿਆ ਅਤੇ ਇੱਕੀ ਵਾਰ ਖੱਤਰੀਆਂ ਨੂੰ ਕਤਲ ਕਰ ਕੇ ਮਾਤਾ ਦੇ ਪਿਟਣ ਦਾ ਪ੍ਰਾਸ਼ਿਤ ਕੀਤਾ ਸੀ। ਇਸ ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ। ਕਿ ਜਦੋਂ ਪਰਸ ਰਾਮ ਦਾ ਯੁੱਧ ਹੋਇਆ ਤੱਦ ਛੋਟੇ ਵੱਡੇ ਤੰਬੂਰੇ ਤੇ ਢੋਲ ਵਜਦੇ ਸਨ, ਬਹਾਦਰ ਯੋਧੇ ਲਲਕਾਰਦੇ ਸਨ। ਇਸ

ਤਰ੍ਹਾਂ ਜਾਪਦਾ ਸੀ ਮਾਨੋ ਬੱਧੇ ਹੋਏ ਸ਼ੇਰ ਛੁੱਟ ਗਏ ਸਨ, ਅਤੇ ਆਪੋ ਵਿੱਚ ਲੜ ਰਹੇ ਸਨ, ਇਸੇ ਤਰ੍ਹਾਂ ਸੂਰਮੇ ਆਪੋ ਵਿੱਚ ਜੁੱਟੇ ਹੋਏ ਸਨ।

ਗਿਆਰਵਾਂ ਅਵਤਾਰ 'ਸ਼ਿਵ' ਵਿੱਚ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਜਦੋਂ ਰਾਜਾ ਦੱਛ ਨੇ ਆਪਣੀ ਦਸ ਹਜ਼ਾਰ ਲੜਕੀਆਂ ਵਿੱਚੋਂ ਗੌਰਜਾਂ ਜਿਸਨੂੰ ਸਤੀ ਵੀ ਕਹਿੰਦੇ ਹਨ ਉਸ ਦਾ ਵਿਵਾਹ ਸ਼ਿਵ ਨਾਲ ਹੋਇਆ ਅਤੇ ਇਕ ਸਮ੍ਰੇ ਰਾਜਾ ਦੱਛ ਨੇ ਘਰ ਵਿੱਚ ਜੱਗ ਕੀਤੇ ਤਾਂ ਉਸਨੇ ਗੌਰਜਾਂ ਤੇ ਸ਼ਿਵ ਨੂੰ ਛੱਡ ਕੇ ਬਾਕੀ ਸਾਰਿਆਂ ਨੂੰ ਬੁਲਾਇਆ ਤੱਦ ਗੌਰਜਾ ਬਿਨਾਂ ਸੱਦੇ ਤੋਂ ਪਿਤਾ ਦੇ ਘਰ ਚਲੀ ਗਈ ਤੇ ਉੱਥੇ ਸਾਰੇ ਪਰਿਵਾਰ ਦਾ ਰੁੱਖਾ ਵਰਤਾਵ ਵੇਖ ਕੇ ਅਨੇਕ ਤਰ੍ਹਾਂ ਦੇ ਕ੍ਰੋਧ ਨਾਲ ਤਪ ਗਈ ਤੇ ਆਪਣੇ ਆਪ ਨੂੰ ਜੱਗ ਕੁੰਡ ਵਿੱਚ ਜੋਗ ਅਗਨੀ ਨਾਲ ਸਾੜ ਲਿਆ ਤੇ ਪ੍ਰਾਣਾਂ ਦਾ ਨਾਸ ਕਰ ਦਿੱਤਾ। ਤੇ ਉਧਰ ਨਾਰਦ ਨੇ ਇਹ ਸਾਰਾ ਵਿਰਤਾਂਤ ਸ਼ਿਵ ਜੀ ਨੂੰ ਦੱਸਿਆ ਤਾਂ ਸ਼ਿਵ ਜੀ ਕ੍ਰੋਧ ਵਿੱਚ ਰਾਜਾ ਦੱਛ ਦੇ ਘਰ ਗਿਆ ਤੇ ਜੰਗ ਸ਼ੁਰੂ ਕਰ ਦਿਤੀ ਤੇ ਜਦ ਉਸਨੇ ਜੱਗ ਕੁੰਡ ਵੱਲ ਵੇਖਿਆ ਤਦੋਂ ਹੀ ਆਪਣੇ ਜੂੜੇ ਵਿਚੋਂ ਇਕ ਜਟਾਂ ਉਖਾਰ ਕੇ ਸੁੱਟੀ ਤੱਦ ਉਸ ਵਿਚੋਂ 'ਬੀਰ ਭੱਦ੍ਰ' ਨਾਮ ਦਾ ਗਣ ਪ੍ਰਗਟ ਹੋ ਗਿਆ ਤੇ ਉਸਨੇ ਪੈਦਾ ਹੁੰਦਿਆਂ ਹੀ ਰਾਜਿਆਂ ਦਾ ਨਾਸ ਕਰਣਾ ਸ਼ੁਰੂ ਕਰ ਦਿੱਤਾ ਉਸ ਸਮ੍ਹੇਂ ਨੂੰ ਗੁਰੂ ਸਾਹਿਬ ਕਾਵਿ ਰੂਪ ਵਿੱਚ ਲਿਖਦੇ ਹਨ –

"ਡਮਾ ਡੰਹੈ ਡਉਰੂ ਬਹੁ ਬਾਜੇ॥ ਭੂਤ ਪ੍ਰੇਤ ਦਸਊ ਦਿਸ ਗਾਜੇ॥
ਝਿੱਮ ਝਿੱਮ ਕਰਤ ਅਸਨ ਕੀ ਧਾਰਾ॥ ਨਾਚੇ ਰੁੰਡ ਮੁੰਡ ਬਿਕਰਾਰਾ॥੨੨॥"

(ਚੌਵੀ ਅਵਤਾਰ, ਸ਼ਿਵ)

ਜਦੋਂ ਸ਼ਿਵ ਜੀ ਦਾ ਗਣ 'ਬੀਰ ਭੱਦ੍ਰ' ਜ਼ੁੱਧ ਕਰਣ ਲੱਗਾ ਤੱਦ ਡੰਮ ਡੰਮ ਕਰਕੇ ਬਹੁਤ ਡੌਰੂ ਵੱਜਦੇ ਸਨ, ਭੂਤ ਪ੍ਰੇਤ ਦਸਾਂ ਦਿਸ਼ਾਂ ਵਿੱਚ ਗੱਜ ਰਹੇ ਸਨ, ਤਲਵਾਰਾਂ ਦੀ ਧਾਰ ਝਿੱਮ-ਝਿੱਮ ਕਰਕੇ ਲਿਸ਼ਕਾਰੇ ਮਾਰਦੀ ਸੀ, ਡਰੌਣੇ ਰੁੰਡ ਮੁੰਡ ਵਿਕਰਾਲ ਰੂਪ ਵਿੱਚ ਨੱਚਦੇ ਫਿਰਦੇ ਸਨ।

"ਬੱਜੇ ਢੋਲ ਸਨਾਇ ਨਗਾਰੇ। ਜੁਟੇ ਜੰਗ ਕੋ ਜੋਧ ਜੁਝਾਰੇ॥

ਖਹਿ ਖਹਿ ਮਰੇ ਅਪਰ ਰਿਸ ਬਢੇ॥ ਬਹੁਰਿ ਨ ਦੇਖੀਯਤ ਤਾਜੀਅਨ ਚਢੇ।।੨੩।।"

(ਚੌਵੀ ਅਵਤਾਰ, ਸ਼ਿਵ)

ਜੰਗ ਵਿੱਚ ਡੱਫਾਂ ਤੇ ਨਗਾਰੇ ਵੱਜਦੇ ਸਨ, ਲੜਾਕੇ ਜੁਆਨ ਜੰਗ ਨੂੰ ਜੁੱਟੇ ਹੋਏ ਸਨ। ਇਕ ਤਾਂ ਖਹਿ ਖਹਿ ਲੜ ਲੜ ਕੇ ਮਰ ਰਹੇ ਸਨ ਅਤੇ ਦੂਜਿਆਂ ਨੂੰ ਕ੍ਰੋਧ ਚੜ੍ਹ ਰਿਹਾ ਸੀ। ਮੁੜ ਕੇ ਘੋੜੇ ਉਤੇ ਚੜ੍ਹਿਆ ਕੋਈ ਵੀ ਨਹੀਂ ਸੀ ਦਿਸਿਆ।

ਭੂਪਤ ਫਿਰੇ ਜੁੱਧ ਕੇ ਕਾਰਨ॥ ਲੈ ਬਾਣ ਪਾਣ ਹਥਿਯਾਰਨ॥

ਧਾਇ ਧਾਇ ਅਰ ਕਰਤ ਪ੍ਰਹਾਰਾ॥ ਜਨ ਕਰ ਚੋਟ ਪਰਤ ਘਰੀਯਾਰਾ।।੨੯।।

(ਚੌਵੀ ਅਵਤਾਰ, ਸ਼ਿਵ)

ਰਾਜੇ ਘਰਾਂ ਨੂੰ ਭੱਜੇ ਜਾਂਦੇ ਜੰਗ ਦੇ ਵਾਸਤੇ ਫਿਰ ਪਿੱਛੇ ਮੁੜ ਪਏ, ਹੱਥਾ ਵਿੱਚ ਧਨੁਖ ਬਾਣ ਸ਼ਸਤਰ ਲੈ ਲੈਕੇ, ਭੱਜ ਭੱਜ ਕੇ ਵੈਰੀ ਉਪਰ ਇਸ ਤਰ੍ਹਾਂ ਵਾਰ ਕਰਦੇ ਸਨ, ਜਿਵੇਂ ਘੜਿਆਲ ਉਤੇ ਸੱਟਾਂ ਪੈਂਦੀਆਂ ਹਨ।

"ਭੂਤ ਪਰੇਤ ਮਸਾਣ ਹਕਾਰੇ॥ ਦੁਹੂੰ ਓਰ ਡਉਰੂ ਡਮਕਾਰੇ॥

ਮਹਾਂ ਘੋਰ ਮੱਚਯੋ ਸੰਗ੍ਰਾਮਾ॥ ਜੈਸਕ ਲੰਕ ਰਾਵਣ ਅਰੁ ਰਾਮਾ।।੪੪।।"

(ਚੌਵੀ ਅਵਤਾਰ, ਸ਼ਿਵ)

ਭੂਤ ਪ੍ਰੇਤ ਤੇ ਮਸਾਣ ਚੀਕਾਂ ਮਾਰਨ ਲੱਗੇ, ਦੋਹੀਂ ਪਾਸੀ ਡੌਰੂ ਡੰਮ ਡੰਮ ਕਰਦੇ ਸਨ। ਵੱਡਾ ਭਿਆਨਕ ਜੰਗ ਮੱਚਿਆ ਜਿਵੇਂ ਕਿ ਲੰਕਾਂ ਵਿੱਚ ਰਾਵਣ ਅਤੇ ਰਾਮ ਚੰਦਰ ਜੀ ਦਾ ਹੋਇਆ ਸੀ।

ਬਾਰੱਵਾਂ ਅਵਤਾਰ 'ਜਲੰਧਰ' ਜੋ ਵਿਸ਼ਨੂੰ ਜੀ ਨੇ ਜਲੰਧਰ ਨਾਮਕ ਦੈਂਤ ਨੂੰ ਮਾਰਨ ਲਈ ਉਸਦੇ ਵਰਗਾ ਜਲੰਧਰ ਅਵਤਾਰ ਧਾਰਨ ਕੀਤਾ। ਇਸ ਸਮੇਂ ਅੰਧਕ ਦੈਂਤ ਨੂੰ ਜਿਤਣ ਮਗਰੋਂ ਸ਼ਿਵ ਜੀ ਇੰਦਰ ਲੋਕ ਵਿੱਚ ਚਲੇ ਗਏ। ਉਸ ਵੇਲੇ ਇਹਨਾ ਨੇ ਭਿਆਨਕ ਰੂਪ ਧਾਰਣ ਕੀਤਾ ਹੋਇਆ ਸੀ, ਇੰਦਰ ਨੇ ਡਰ ਨਾਲ ਇਹਨਾਂ (ਸ਼ਿਵਜੀ) ਉਪਰ ਸ਼ਸਤਰ ਦਾ ਪ੍ਰਹਾਰ ਕੀਤਾ। ਅਗੋਂ

ਸ਼ਿਵ ਜੀ ਨੇ ਅਖੰਡ ਕ੍ਰੋਧ ਕੀਤਾ ਜਿਸ ਤੋਂ ਇਕ ਅੱਗ ਦਾ ਅੰਗਾਰ ਪ੍ਰਗਟ ਹੋਇਆ। ਜਿਸਦੇ ਤੇਜ ਨਾਲ ਤਿੰਨੇ ਲੋਕ ਸੜਨ ਲੱਗੇ ਤਾਂ ਫਿਰ ਸ਼ਿਵਜੀ ਨੇ ਉਸ ਅੰਗਾਰ ਨੂੰ ਚੁੱਕ ਕੇ ਸਮੁੰਦਰ ਵਿੱਚ ਸੁੱਟ ਦਿੱਤਾ, ਜਿਸ ਤੋਂ ਇੱਕ ਮਹਾਂ ਬਲੀ ਦੈਂਤ ਪੈਦਾ ਹੋਇਆ।

'ਪਦਮ ਪੁਰਾਣ' ਵਿੱਚ ਲਿਖਿਆ ਹੈ ਕਿ ਇਹ ਦੈਂਤ ਜੰਮਦਾ ਹੀ ਏਨੇ ਜ਼ੋਰ ਨਾਲ ਰੌਣ ਲੱਗਾ ਕਿ ਸਾਰੇ ਦੇਵਤੇ ਡਰ ਗਏ। ਦੇਵਤਿਆਂ ਦੀ ਸਹਾਇਤਾ ਲਈ ਬ੍ਰਹਮਾ ਸਮੁੰਦਰ ਕੋਲ ਜਾ ਕੇ ਪੁੱਛਣ ਲੱਗਾ ਇਹ ਕਿਸ ਦਾ ਲੜਕਾ ਹੈ? ਸਮੁੰਦਰ ਨੇ ਕਿਹਾ ਇਹ ਮੇਰਾ ਲੜਕਾ ਹੈ ਆਪ ਇਸਨੂੰ ਲੈ ਜਾਈਏ। ਜਦ ਬ੍ਰਹਮਾ ਨੇ ਉਸ ਬਾਲਕ ਨੂੰ ਗੋਦੀ ਵਿੱਚ ਚੁਕ ਲਿਆ ਤਾਂ ਬਾਲਕ ਨੇ ਬ੍ਰਹਮਾ ਦੀ ਦਾੜ੍ਹੀ ਇਨੇ ਜ਼ੋਰ ਨਾਲ ਖਿੱਚੀ ਕਿ ਬ੍ਰਹਮਾਂ ਦੀਆਂ ਅੱਖਾਂ ਚੋਂ ਜਲ ਨਿਕਲ ਆਇਆ। ਇਸ ਲਈ ਬ੍ਰਹਮਾ ਨੇ ਉਸ ਦਾ ਨਾਮ ਜਲੰਧਰ ਰੱਖ ਦਿੱਤਾ। ਫਿਰ ਜਲੰਧਰ ਦੈਂਤ ਨੇ ਵੱਡਾ ਹੋ ਕੇ ਜਲੰਧਰ ਸ਼ਹਿਰ ਵਿੱਚ ਰਾਜਧਾਨੀ ਕਾਇਮ ਕਰ ਲਈ, ਇੰਦਰ ਨੂੰ ਜਿੱਤ ਲਿਆ, ਕੁਬੇਰ ਦਾ ਖਜ਼ਾਨਾ ਲੁੱਟ ਲਿਆ ਤਾਂ ਸ਼ਿਵਜੀ ਕੋਲ ਉਸਦਾ ਦੂਤ ਗਿਆ। ਦੂਤ ਨੇ ਜਾ ਕੇ ਸ਼ਿਵ ਜੀ ਨੂੰ ਕਿਹਾ ਕਿ ਜਲੰਧਰ ਦੈਂਤ ਦਾ ਹੁਕਮ ਹੈ ਜਾਂ ਤਾ ਆਪਣੀ ਨਵੀਂ ਇਸਤਰੀ ਪਾਰਵਤੀ ਨੂੰ ਸ਼ਿੰਗਾਰ ਕਰਾ ਕੇ ਮੇਰੀ ਭੇਟਾ ਕਰ ਦੇਹੁ, ਜਾਂ ਸ਼ਸਤਰ ਲੈਕੇ ਮੇਰੇ ਨਾਲ ਜੰਗ ਕਰ। ਸ਼ਿਵਜੀ ਜੰਗ ਕਰਨ ਲਈ ਤਿਆਰ ਹੋ ਗਿਆ। ਕਈ ਬਰਸਾਂ ਤਕ ਜੰਗ ਹੁੰਦਾ ਰਿਹਾ। ਅੰਤ ਨੂੰ ਵਿਸ਼ਨੂੰ ਜਲੰਧਰ ਦਾ ਰੂਪ ਧਾਰ ਕੇ ਉਸਦੇ ਘਰ ਗਿਆ। ਉਸ ਵੇਲੇ ਜਲੰਧਰ ਦੈਂਤ ਦੀ ਇਸਤਰੀ ਬਿੰਦਾ "ਪਤੀ ਦੀ ਜਿੱਤ ਹੋਏ" ਇਸ ਕਾਮਨਾ ਨਾਲ ਬ੍ਰਹਮਾਂ ਦੀ ਪੂਜਾ ਕਰ ਰਹੀ ਸੀ, ਪਤੀ ਰੂਪ ਵਿਸ਼ਨੂੰ ਨੂੰ ਵੇਖਕੇ, ਪੂਜਾ ਨੂੰ ਛੰਡ ਕੇ ਸਤਿਕਾਰ ਨਾਲ ਖੜੀ ਹੋ ਗਈ ਉਧਰ ਪੂਜਾ ਛੁਟਦਿਆਂ ਹੀ ਜਲੰਧਰ ਦੈਂਤ ਮਾਰਿਆ ਗਿਆ।

"ਬੱਜੇ ਢੋਲ ਨਫੀਰਿ ਨਗਾਰੇ।। ਦੁਹੂ ਦਿਸਾ ਡਮਰੂ ਡਮਕਾਰੇ।।
ਮਾਚਤ ਭਯੋ ਲੋਹ ਬਿਕਰਾਰਾ।। ਝਮਕਤ ਖੱਗ ਅਦੱਗ ਅਪਾਰਾ।।੧੩।।"

(ਚੌਵੀ ਅਵਤਾਰ, ਜਲੰਧਰ)

ਜਦੋਂ ਜਲੰਧਰ ਦੈਂਤ ਨਾਲ ਸ਼ਿਵਜੀ ਨਾਲ ਯੁੱਧ ਹੋਣ ਲੱਗਾ ਤੱਦ ਤੂਤੀਆਂ ਤੇ ਨਗਾਰੇ ਵੱਜਣ ਲੱਗੇ, ਦੋਹਾਂ ਪਾਸਿਆਂ ਤੋਂ ਡੌਰੂ ਡੰਮ ਡੰਮ ਕਰਦੇ ਸਨ। ਵੱਡਾ ਡਰੌਣਾ ਜੰਗ ਮੱਚਿਆ, ਜਿਸ ਵਿੱਚ ਅਦੱਗ ਭਾਵ ਵੱਡੀ ਚਮਕ ਵਾਲੇ ਅਪਾਰਾਂ ਖੜਗ ਚਮਕਣ ਲੱਗੇ।

ਅਠਾਰ੍ਵਾਂ ਅਵਤਾਰ 'ਸੂਰਜ' ਵਿੱਚ ਗੁਰੂ ਮਹਾਰਾਜ ਫੁਰਮਾਉਂਦੇ ਹਨ। ਕਿ ਇੱਕ ਸਮ੍ਹੇਂ ਇੱਕ ਬਹੁਤ ਹੀ ਤੇਜ ਵਾਲੇ ਦੈਂਤ ਨੇ ਜ਼ੋਰ ਫੜਿਆ ਜਿਸ ਦਾ ਨਾਮ 'ਦੀਰਘ ਕਾਇ' ਸੀ ਹਰ ਰੋਜ਼ ਇੱਕ ਗਜ ਭਰ ਉਸ ਦੀਰਘ ਕਾਵਿ ਦੈਂਤ ਦਾ ਸਰੀਰ ਵਧਦਾ ਸੀ ਅਤੇ ਰਾਤ ਦਿਨ ਉਹ ਦੇਵਤੇ ਤੇ ਬ੍ਰਾਹਮਣਾਂ ਦਾ ਨਾਸ ਕਰਦਾ ਸੀ। ਇਸ ਤਰ੍ਹਾ ਦੀਰਘ ਕਾਇ ਦੈਂਤ ਸੂਰਜ ਦਾ ਵੈਰੀ ਹੋ ਗਿਆ। ਉਸਦੀ ਲੰਬਾਈ ਕਰਕੇ ਸੂਰਜ ਦਾ ਰਥ ਚਲਣ ਤੋਂ ਰੁਕ ਗਿਆ। ਸੂਰਜ ਨੂੰ ਕ੍ਰੋਧ ਆਇਆ ਤੇ ਉਸਨੇ ਇਸ ਦੀਰਘ ਕਾਇ ਨਾਮਕ ਰਾਖਸ਼ ਦਾ ਅੰਤ ਕੀਤਾ।

**ਅਨਭਵ ਛੰਦ**

ਅਨਹਦ ਬੱਝੇ।। ਧੁਣ ਘਣ ਲੱਜੇ।। ਘਣ ਹਣ ਘੋਰੰ।। ਜਣ ਬਣ ਮੋਰੰ।।੧੧।।

(ਚੌਂਵੀ ਅਵਤਾਰ, ਸੂਰਜ)

ਜਦੋਂ ਸੂਰਜ ਅਤੇ ਦੀਰਘ ਕਾਇ ਦੈਂਤ ਵਿਚਕਾਰ ਜੰਗ ਆਰੰਭ ਹੋਇਆ ਤੱਦ ਧੌਂਸੇ ਵੱਜੇ, ਜਿਹਨਾਂ ਦੀ ਆਵਾਜ਼ ਅਗੇ ਬੱਦਲ ਵੀ ਸ਼ਰਮਿੰਦੇ ਹੁੰਦੇ ਸਨ। ਡੱਗਿਆਂ ਦੇ ਵੱਜਣ ਤੋਂ ਜੋ ਗੂੰਜ ਉਠਦੀ ਸੀ, ਏਦਾਂ ਪ੍ਰਤੀਤ ਹੁੰਦਾ ਸੀ ਜਿਵੇਂ ਜੰਗਲ ਵਿੱਚ ਮੋਰ ਕੂਕਦੇ ਹੋਣ।

"ਰੁਣ ਝੁਣ ਬਾਜੇ।। ਜਣ ਘਣ ਗਾਜੇ।। ਢੰਮਕ ਢੋਲੰ।। ਖੜ ਰੜ ਖੋਲੰ।।੧੩।।"

(ਚੌਂਵੀ ਅਵਤਾਰ, ਸੂਰਜ)

ਵਾਜੇ ਰੁਣ ਝਣ ਕਰਦੇ ਸਨ, ਜਾਣੋਂ ਬਦਲ ਗੱਜਦੇ ਹਨ। ਢੋਲਾਂ ਦੀ ਢਮਕਾਰ ਹੋ ਰਹੀ ਸੀ, ਖੋਲਾਂ ਦੀ ਖੜ ਖੜ ਅਵਾਜ਼ ਨਿਕਲਦੀ ਸੀ।

"ਢਮ ਢਮਕ ਢੋਲ ਢਮੱਕੀਯੰ।। ਝਲ ਝਲਕ ਤੇਗ ਝਲੱਕੀਯੰ।।
ਜਟ ਛੋਰ ਰੁਦ੍ਰ ਤਹ ਨੱਚੀਯੰ।। ਬਿਕ੍ਰਾਰ ਮਾਰ ਜਹ ਮੱਚੀਯੰ।।੨੪।।"

(ਚੌਂਵੀ ਅਵਤਾਰ, ਸੂਰਜ)

ਢੰਮ ਢੰਮ ਕਰਕੇ ਢੋਲ ਖੜਕਦੇ ਸਨ, ਝਲ ਝਲ ਕਰਦੇ ਤੇਗੇ ਝਲਕ ਰਹੇ ਸਨ। ਸਿਰ ਦਾ ਜੂੜਾ ਖੋਲ੍ਹ ਕੇ ਸ਼ਿਵਜੀ ਉੱਥੇ ਨੱਚਦੇ ਸਨ, ਜਿਥੇ ਡਰੌਣੀ ਮਾਰ ਮੱਚੀ ਹੋਈ ਸੀ।

**ਵੀਹਵਾਂ ਅਵਤਾਰ 'ਸ੍ਰੀ ਰਾਮ'**

ਅਥ ਸ੍ਰੀ ਬਿਸਨ ਅਉਤਾਰ ਚਉਬੀਸ ਲਿਖਯਤੇ ਵਿੱਚ ਵੀਹਵਾਂ ਅਵਤਾਰ ਵਿਸ਼ਨੂੰ ਜੀ ਦਾ ਲਿਖਦੇ ਹਨ। ਇਸ ਦੇ ਗੁਰੂ ਸਾਹਿਬ ਨੇ ਕੁੱਲ ਉੱਣਤੀ (29) ਅਧਿਆਏ ਬਣਾਏ ਹਨ। ਜਿਸ ਵਿੱਚ ਪਹਿਲਾ ਅਧਿਆਏ ਸੁਬਾਹ ਮਰੀਚ ਕਤਲ ਤੋਂ ਲੈ ਕੇ ਸਾਰੀ ਰਾਮਾਇਣ ਦਾ ਸੰਖੇਪ ਰੂਪ ਵਿੱਚ ਵਰਣਨ ਕੀਤਾ ਹੈ।

"ਦੁੰਦਭ ਅਉਰ ਮ੍ਰਿਦੰਗ ਤੂਰ ਤੁਰੰਗ ਤਾਨ ਅਨੇਕ॥
ਬੀਨ ਬੀਨ ਬਸੰਜ ਛੀਨ ਪ੍ਰਬੀਨ ਬੀਨ ਬਿਸੇਖ॥
ਝਾਂਝ ਬਾਰ ਤਰੰਗ ਤੁਰਹੀ ਭੇਰਨਾਦਿ ਨਿਯਾਨਿ॥
ਮੋਹਿ ਮੋਹਿ ਗਿਰੇ ਧਰਾ ਪਰ ਸਰਬ ਬਯੋਮ ਬਿਵਾਨ।੫੬॥" (ਰਾਮਾਵਤਾਰ)

ਪਹਿਲੇ ਅਧਿਆਏ ਸੁਬਾਹ ਮਰੀਚ ਕਤਲ ਵਿੱਚ ਗੁਰੂ ਸਾਹਿਬ ਜੀ ਜਦ ਸ੍ਰੀ ਰਾਮ ਚੰਦ੍ਰ ਜੀ ਦਾ ਜਨਮ ਹੋਇਆ, ਵਿਸ਼ਨੂੰ ਜੀ ਨੇ ਜਦ ਰਾਜਾ ਦਸ਼ਰਥ ਤੇ ਘਰ ਅਤੇ ਰਾਣੀ ਕੋਸ਼ਲਿਆ ਦੀ ਕੁੱਖ ਤੋਂ ਵੀਹਵਾਂ ਅਵਤਾਰ ਪ੍ਰਗਟ ਕੀਤਾ। ਉਸ ਖੁਸ਼ੀ ਦੇ ਸਮ੍ਹੇ ਨੂੰ ਗੁਰੂ ਸਾਹਿਬ ਲਿਖਦੇ ਹਨ ਕਿ ਧੌਂਸੇ, ਮ੍ਰਿਦੰਗ, ਤੂਰ, ਤਾਨ ਤਰੰਗ ਤੇ ਬੀਨ ਇਸ ਤਰ੍ਹਾਂ ਅਨੇਕਾਂ ਮਨਮੋਹਨ ਵਾਜੇ ਵੱਜਦੇ ਸਨ। ਵੀਣਾ ਉਤੇ ਚੌਣਵੇ ਮਨੋਹਰ ਗੀਤ ਵਜਾਏ ਗਏ। ਝੰਝ, ਬਾਰ ਜਲ ਤਰੰਗ, ਤੁਰੀ ਭੇਰੀ ਅਤੇ ਸੁਤਰੀ ਨਗਾਰੇ ਵੱਜਦੇ ਸਨ। ਐਸੇ ਰਾਗ ਰੰਗ ਨੂੰ ਸੁਣ ਕੇ ਸਾਰੇ ਦੇਵਤੇ ਮੋਹਤ ਹੋ ਕੇ ਬਿਮਾਨਾਂ ਤੋਂ ਧਰਤੀ ਤੇ ਡਿੱਗ ਡਿਗ ਪੈਂਦੇ ਸਨ।

"ਬਜੇ ਘੋਰ ਬਾਜੇ॥ ਧੁਣੰ ਮੇਘ ਲਾਜੇ॥ ਝੰਡਾ ਗੱਡ ਗਾੜੇ॥ ਮੰਡੇ ਬੈਰ ਬਾੜੇ॥੭੦॥"

(ਰਾਮਾਵਤਾਰ)

ਜਦ ਸ੍ਰੀ ਰਾਮ ਚੰਦ੍ਰ ਜੀ ਦਾ ਸੁਬਾਹ ਮਰੀਚ ਦੈਂਤ ਨਾਲ ਜੁੱਧ ਹੋਇਆ ਉਸ ਸਮ੍ਹੇ ਘੋਰ ਵਾਜੇ ਵੱਜਦੇ ਸਨ ਭਾਵ ਅਨੇਕਾਂ ਤਰ੍ਹਾਂ ਤੇ ਨਗਾਰੇ, ਭੇਰੀਆਂ ਆਦਿ, ਜਿਨ੍ਹਾਂ ਦੀ ਅਵਾਜ ਅੱਗੇ ਬੱਦਲਾਂ ਦੀ ਧੁਣੀ ਸ਼ਰਮਸਾਰ ਹੁੰਦੀ ਸੀ। ਪੱਕੇ ਝੰਡੇ ਗੱਡ ਕੇ ਤੇ ਵੈਰ ਕੱਢਣ ਲਈ ਲੜਦੇ ਸਨ।

"ਬਜੇ ਘੰਟ ਭੇਰੀ॥ ਡਹੇ ਡਾਮ ਡੇਰੀ॥ ਰਣੰਕੇ ਨਿਸ਼ਾਣੰ॥ ਕਣੰਕੇ ਕਿਕਾਣੰ॥੯੦॥"

(ਰਾਮਾਵਤਾਰ)

ਘੰਟੇ ਤੇ ਭੇਰੀਆਂ ਵਜਦੀਆਂ ਸਨ, ਜਿਹਨਾ ਦੀ ਡਹੇ ਡਹੇ ਡੰਮ ਡੰਮ ਦੀ ਅਵਾਜ਼ ਨਿਕਲਦੀ ਸੀ। ਧੌਂਸੇ ਗੂੰਜਦੇ ਸਨ, ਅਤੇ ਘੋੜੇ ਹਿਣਕਦੇ ਸਨ।

ਭਾਖਾ ਪਿੰਗਲ ਦੀ॥ ਸੁੰਦਰੀ ਛੰਦ॥

ਭਟ ਹੁੰਕੇ ਧੁੰਕੇ ਬੰਕਾਰੇ॥ ਰਣ ਬੱਜੇ ਗੱਜੇ ਨੱਗਾਰੇ॥

ਰਣ ਹੁੱਲ ਕਲੋਲੰ ਹੁੱਲਾਲੰ॥ ਢਲ ਹੱਲੰ ਢੱਲੰ ਉੱਛਾਲੰ॥੧੧੮॥

ਭੀਖਣੀਯੰ ਭੇਰੀ ਭੁੰਕਾਰੰ॥ ਝਲ ਲੰਕੇ ਖੰਡੇ ਦੁੱਧਾਰੰ॥

ਜੁੱਧੰ ਜੁੱਝਾਰੰ ਬੁੱਬਾੜੇ॥ ਰੁੱਲੀਏ ਪਖਰੀਏ ਆਹਾੜੇ॥੧੨੦॥

ਬੱਜੇ ਸੰਧੂਰੰ ਨੱਗਾਰੇ॥ ਕੱਛੇ ਕੱਛੀਲੇ ਲੁੱਝਾਰੇ॥

ਗਣ ਹੂਰੰ ਪੂਰੰ ਗੈਵਾਯੰ॥ ਅੰਜਨਯੰ ਅੰਜੇ ਨੈਵਾਯੰ॥੧੨੩॥

ਰਣ ਣੱਕੇ ਨਾਦੰ ਨਾਫੀਰੰ॥ ਬੱਬਾੜੇ ਬੀਰੰ ਹਾਬੀਰੰ॥

ਉਘੇ ਜਣ ਨੇਜੇ ਜੱਟਾਲੇ॥ ਛੁੱਟੇ ਸਿਲ ਸਿਤਿਯੰ ਮੁੱਛਾਲੇ॥੧੨੪॥ (ਰਾਮਾਵਤਾਰ)

ਗੁਰੂ ਸਾਹਿਬ ਜੀ ਜੰਗ ਦੇ ਪ੍ਰਸੰਗ ਨੂੰ ਦਰਸਾਉਂਦੇ ਹੋਏ 'ਸੁੰਦਰੀ ਛੰਦ' ਵਿੱਚ ਲਿਖਦੇ ਹਨ ਕਿ ਰਣ ਭੂਮੀ ਵਿੱਚ ਸੂਰਮੇ ਹੁੰਗਾਰਦੇ, ਬੁਕਾਰਦੇ ਹਨ ਤੇ ਨਗਾਰੇ ਵੱਜਾ ਕੇ ਗੱਜ ਰਹੇ ਸਨ। ਡਰੌਣੀਆਂ ਭੇਰੀਆਂ ਭੂੰ-ਭੂੰ ਕਰਦੀਆਂ ਹਨ, ਦੁੱਧਾਰੇ ਖੰਡੇ ਚਿਲਕਦੇ ਸਨ। ਇਸੇ ਤਰ੍ਹਾਂ ਸੰਧੂਰੰ (ਰਣਸਿੰਘੇ) ਵੀ ਵੱਜ ਰਹੇ ਸਨ। ਨਫੀਰੀਆਂ ਤੇ ਨਾਦ (ਛੋਟੇ ਨਗਾਰੇ) ਗੂੰਜਦੇ ਸਨ।

ਚੌਪਈ॥

"ਜੱਹ ਤੱਹ ਹੋਤ ਉਛਾਹ ਅਪਾਰੂ॥ ਤਿਹੂੰ ਸੁਤਨ ਕੋ ਬਯਾਹ ਬਿਚਾਰੂ॥

ਬਾਜਤ ਤਾਲ ਮ੍ਰਿਦੰਗ ਅਪਾਰੰ॥ ਨਾਚਤ ਕੋਟਨ ਕੋਟ ਅਖਾਰੰ॥੧੫੯॥

ਬਾਜਤ ਜੰਗ ਮੁਚੰਗ ਅਪਾਰੰ॥ ਢੋਲ ਮ੍ਰਿਦੰਗ ਸੁਰੰਗ ਸੁਧਾਰੰ॥

ਗਾਵਤ ਗੀਤ ਚੰਚਲਾ ਨਾਰੀ॥ ਨੈਨ ਨਚਾਇ ਬਜਾਵਤ ਤਾਰੀ॥੧੬੧॥ (ਰਾਮਾਵਤਾਰ)

ਜਦ ਸੀਤਾ ਜੀ ਨੂੰ ਵਿਆਹ ਕੇ ਸ੍ਰੀ ਰਾਮ ਜੀ ਘਰ ਆਏ ਤਾਂ ਥਾਂ-ਥਾਂ ਉਤਸ਼ਾਹ ਹੋਏ, ਅਪਾਰਾਂ ਹੀ ਕੈਂਸੀਆਂ ਤੇ ਮ੍ਰਿਦੰਗ ਵੱਜਦੇ ਸਨ। ਅਪਾਰਾਂ ਹੀ ਜੰਗ (ਟੱਲ) ਤੇ ਮੁਚੰਗ ਵਜਦੇ ਸਨ। ਢੋਲ, ਮ੍ਰਿਦੰਗ ਤੇ ਸੁਰੰਗੀ ਕੀ ਸੁਰ ਭੀ ਮਿਲਾਉਂਦੇ ਸਨ। ਨਾਰੀਆਂ ਉਹਨਾਂ ਸਾਜ਼ਾਂ ਨਾਲ ਗੀਤ ਗਾਉਂਦੀਆਂ ਤੇ ਅੱਖਾ ਨੂੰ ਮਟਕਾ ਕੇ ਹੱਥ ਨਾਲ ਤਾੜੀ ਵਜਾਉਂਦੀਆਂ ਸਨ।"

'ਬਜੰਤ ਤਾਲ ਤੰਬੁਰੰ ਬਿਸੇਖ ਬੀਨ ਬੇਣਯੰ॥

ਮ੍ਰਿਦੰਗ ਝਾਲ ਨਾਫਿਰੰ ਸਨਾਇ ਭੇਰਿ ਭੈ ਕਰੰ॥

ਉਠੰਤ ਨਾਦ ਨਿਰਮਲੰ ਤੁਟੰਤ ਤਾਲ ਤੱਥਿਯੰ॥

ਬਦੰਤ ਕਿੱਤ ਬੰਦੀਅੰ ਕਬਿੰਦ੍ਰ ਕਾਬਯ ਕੱਥਿਯੰ॥੩੧੪॥' (ਰਾਮਾਵਤਾਰ)

ਬਿਰਾਧ ਦੈਂਤ ਦੇ ਜੁੱਧ ਦੇ ਪ੍ਰਸੰਗ ਵਿੱਚ ਛੈਣੇ, ਛੋਟੇ ਢੋਲ, ਬੀਨ ਤੇ ਬੀਣਾ, ਮ੍ਰਿਦੰਗ, ਝਾਲ, ਨਫੀਰੀ, ਸਨਾਇ ਤੇ ਭੇਰੀ ਆਦਿਕ ਵਾਦਯ ਵਜਦੇ ਹਨ ਜਿਨ੍ਹਾਂ ਦੇ ਸ਼ੁੱਧ ਸ਼ਬਦ ਨਿਕਲਦੇ ਹਨ ਤੇ ਤਾਲ ਦਾ ਵਜ਼ਨ ਟੁੱਟਦਾ ਨਹੀਂ ਹੈ। ਇਉਂ ਪ੍ਰਤੀਤ ਹੁੰਦਾ ਹੈ ਮਾਨੋ ਬੰਦੀ ਜਨ ਕੀਰਤੀ ਕਥਨ ਕਰਦਾ ਹੈ ਜਾ ਕਵਿਰਾਜ ਕਵਿਤਾ।

'ਨਵ ਨਾਦ ਨਫੀਰਨ ਬਾਜਤ ਭੇ॥ ਗਲਗੱਜਿ ਹਠੀ ਰਣਰੰਗ ਫਿਰੇ॥

ਲਗ ਬਾਨ ਸਨਾਹ ਦੁਸਾਰ ਕਢੇ॥ ਸੂਅ ਤੱਛਕ ਕੇ ਜਨ ਰੂਪ ਮਢੇ॥੩੪੩॥' (ਰਾਮਾਵਤਾਰ)

ਖਰ ਦੂਖਨ ਜੁੱਧ ਵਿੱਚ ਨਵੇ ਨਾਦ ਤੇ ਨਫੀਰੀਆ ਵੱਜਦੀਆਂ ਹਨ। ਗਲਗੱਜਿ (ਸਿੰਘ) ਨਾਦ ਕਰ ਕੇ ਜੋਧੇ ਰਣ ਵਿੱਚ ਫਿਰਦੇ ਹਨ।

'ਤਾਗੜਦੀ ਤਾਲ ਤੰਬੂਰੰ ਬਾਗੜਦੀ ਰਣ ਬੀਨ ਸੁ ਬੱਜੈ॥

ਸਾਰਾੜਦੀ ਸੰਖ ਕੇ ਸਬਦ ਗਾਗੜਦੀ ਗੈਵਰ ਗਲ ਗਜੈ॥' (ਰਾਮਾਵਤਾਰ)

ਪ੍ਰਹਸਤ ਜੁੱਧ ਕਥਨੰ ਵਿੱਚ ਰਣ ਭੂਮੀ ਅੰਦਰ ਛੈਣੇਂ, ਛੋਟੇ ਨਗਾਰੇ, ਬੀਨਾਂ ਵਜ ਰਹੀਆਂ ਹਨ। ਕਿਸੇ ਪਾਸੇ ਸੰਖ ਦਾ ਸ਼ਬਦ ਹੁੰਦਾ ਹੈ। ਦੂਜੇ ਪਾਸੇ ਵੱਡੇ-ਵੱਡੇ ਹਾਥੀ ਕ੍ਰੋਧ ਨਾਲ ਚੰਘਾੜਦੇ ਹਨ।

'ਉੱਝਰੇ ਲੱਝਰੰ।। ਝੁੱਮਰੇ ਜੁਝਾਰੇ।।

ਬੱਜੀਯੇ ਡਮਰੰ।। ਤਾਲਣੋ ਤੁੰਬਰੰ।।੪੨੫।।' (ਰਾਮਾਵਤਾਰ)

ਜਦ ਕੁੰਭ ਕਰਨ ਜੁੱਧ ਵਿੱਚ ਆਇਆ ਤਦ ਲੜਾਕੇ ਉਝੜ ਗਏ ਜੋਧੇ ਝੂਮ-ਝੂਮ ਡਿਗਦੇ ਹਨ। ਡੌਰੂ, ਤੰਬੂਰੇ ਤੇ ਤਾਲ (ਛੈਣੇ) ਵੱਜੇ।

ਮੋਹਣੀ ਛੰਦ।।

ਢਲਹੱਲ ਸੁ ਢੱਲੀ ਢੋਲਾਣੰ।। ਰਣ ਰੰਗ ਅਭੰਗ ਕਲੋਲਾਣੰ।।

ਭਣਣੰਕ ਸੁ ਨੱਦੰ ਨਾਫੀਰੰ।। ਬਰਣੰਕ ਸੁ ਬੱਜੇ ਮੱਜੀਰੰ।।੪੪੬।।

ਭਰਣੰਕ ਸੁ ਭੇਰੀ ਘੋਰਾਣੰ।। ਜਣ ਸਾਵਣ ਭਾਦੋਂ ਮੋਰਾਣੰ।।

ਉੱਛਲੀਏ ਪ੍ਰਖਰੇ ਪਾਵੰਗੰ।। ਮੱਚੇ ਜੁੱਝਾਰੇ ਜੋਧੰਗੰ।।੪੪੮।। (ਰਾਮਾਵਤਾਰ)

ਪ੍ਰਸੰਗ, ਮਹੋਦਰ ਮੰਤ੍ਰੀ ਜੁੱਧ ਕਥਨੰ ਵਿੱਚ ਮੋਹਣੀ ਛੰਦ ਅੰਦਰ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਢਲਾਹਲ-ਢਲਾਹਲ ਕਰ ਕਰ ਕੇ ਢੋਲਾਂ ਦੀ ਕੜ ਕੁਟ ਹੁੰਦੀ ਹੈ। ਭਣਣੰਕ-ਭਣਣੰਕ ਕਰਦੀਆਂ ਤੇਰੀਆਂ ਗੂੰਜਦੀਆਂ ਹਨ। ਬਰਣੰਕ-ਬਰਣੰਕ ਅਵਾਜ਼ ਕਰਦੇ ਹੋਏ ਮਜੀਰੇ ਵੱਜਦੇ ਹਨ।

'ਢੰਕੇ ਢੋਲੰ।। ਬੰਕੇ ਬੋਲੰ।। ਕੱਛੇ ਸਸਤ੍ਰੰ ਅੱਛੇ ਅਸਤ੍ਰੰ।।੫੦੨।।' (ਰਾਮਾਵਤਾਰ)

ਅਤਕਾਇ ਦੈਂਤ ਜੁੱਧ ਵਿੱਚ, ਢੋਲਾਂ ਉਪਰ ਡੱਗੇ ਵਜਦੇ ਹਨ, ਸਸਤ੍ਰਾ, ਅਸਤ੍ਰਾ ਨਾਲ ਲੈਸ ਸੂਰਮੇ ਸ਼ੋਭ ਰਹੇ ਹਨ।

'ਭਿੱਗੇ ਸ੍ਰੋਣ ਡਿੱਗੇ ਸੂਰ।। ਝੁੱਮੇ ਭੂਮਿ ਘੁੱਮੀ ਹੂਰ।।

ਬੱਜੇ ਸੰਖ ਸੱਦੰ ਗੱਦ।। ਤਾਲੰ ਸੰਖ ਭੇਰੀ ਨੱਦ।।੫੫੨।। (ਰਾਮਾਵਤਾਰ)

ਰਾਵਣ ਜੁੱਧ ਕਥਨੂੰ ਵਿੱਚ ਜੰਗ ਦੇ ਮੈਦਾਨ ਵਿੱਚ ਲਹੂ ਦੇ ਭਿੱਜ ਹੋਏ ਸੂਰਮੇ ਝੂਮ ਕੇ ਡਿੱਗਦੇ ਹਨ, ਹੂਰਾਂ ਅਕਾਸ਼ ਵਿੱਚ ਫਿਰਦੀਆਂ ਹਨ। ਸੰਖ ਵਜਦੇ ਹਨ, ਜਿਨ੍ਹਾਂ ਦਾ ਗੱਦ ਸ਼ਬਦ ਹੁੰਦਾ ਹੈ। ਛੈਣੇ, ਸੰਖ ਤੇ ਭੇਰੀ ਦਾ ਨਾਦ ਵੀ ਹੋ ਰਿਹਾ ਹੈ।'

**ਕ੍ਰਿਸ਼ਨਾਵਤਾਰ**

ਅਥ ਕ੍ਰਿਸ਼ਨ ਜਨਮ॥

ਸ੍ਵੈਯਾ॥ ਸੰਖ ਗਦਾ ਕਰਿ ਅਉਰ ਤ੍ਰਿਸੂਲ ਧਰੇ ਤਨਿ ਕਉਚ ਬਡੇ ਬਡਭਾਗੀ॥

(ਕ੍ਰਿਸਨਾਵਤਾਰ)

ਗੁਰੂ ਸਾਹਿਬ ਜੀ ਸ੍ਰੀ ਕ੍ਰਿਸ਼ਨ ਜੀ ਦੇ ਅਵਤਾਰ ਧਾਰਨ ਦੀ ਕਥਾ ਪ੍ਰਾਰੰਭ ਕਰਦੇ ਹਨ। ਉਹਨਾ ਦੇ ਵਿਰਾਟ ਸ੍ਵਰੂਪ ਦਾ ਵਰਣਨ ਕਰਦੇ ਹਨ ਕਿ ਹੱਥ ਵਿੱਚ ਸੰਖ, ਗਦਾ ਤੇ ਤ੍ਰਿਸੂਲ ਧਾਰਨ ਕੀਤਾ ਹੋਇਆ ਹੈ।

ਕ੍ਰਿਸਨਾਵਤਾਰ ਵਿੱਚ ਗੁਰੂ ਸਾਹਿਬ ਜੀ ਜੋ ਆਪ ਸੰਗੀਤ ਪ੍ਰੇਮੀ ਤੇ ਸੰਗੀਤ ਕਾਰਾਂ ਦੀ ਕਦਰ ਕਰਨ ਵਾਲੇ ਹਨ ਸ੍ਰੀ ਕ੍ਰਿਸ਼ਨ ਜੀ ਦੀ ਬੰਸਰੀ ਦੀ ਖ਼ੂਬ ਉਪਮਾ ਕੀਤੀ ਹੈ ਵੱਖ-ਵੱਖ ਰਾਗ, ਰਾਗਣੀਆਂ ਦਾ ਵੇਰਵਾ ਦੇ ਕੇ ਦੱਸਿਆ ਹੈ ਕਿ ਕਿਵੇਂ ਸ੍ਰੀ ਕ੍ਰਿਸ਼ਨ ਜੀ ਆਪਣੀ ਮਨੋਹਰ ਮੁਰਲੀ (ਬੰਸਰੀ) ਵਿੱਚ ਰਾਗਾਂ ਨੂੰ ਵਜਾਉਂਦੇ ਹਨ। ਗੁਰੂ ਸਾਹਿਬ ਨੇ ਵੱਖ-ਵੱਖ ਛੰਦਾ ਵਿੱਚ ਇਹ ਬਿਆਨ ਕੀਤਾ ਹੈ। ਜੋ ਇਸ ਪ੍ਰਕਾਰ ਹੈ :

ਕਬਿਤੁ॥ ਬਾਜਤ ਬਸੰਤ ਅਰੁ ਭੈਰਵ ਹਿੰਡੋਲ ਰਾਗ
ਬਾਜਤ ਹੈ ਲਲਤਾ ਕੇ ਸਾਥ ਹ੍ਵੈ ਧਨਾਸਰੀ॥
ਮਾਲਵਾ ਕਲਯਾਨ ਅਰੁ ਮਾਲਕਉਸ ਮਾਰੂ ਰਾਗ
ਬਨ ਮੈ ਬਜਾਵੈ ਕਾਨਹ ਮੰਗਲ ਨਿਵਾਸ ਰੀ॥
ਸੁਰੀ ਅਰੁ ਆਸੁਰੀ ਅਉ ਪੰਨਗੀ ਜੇ ਹੁਤੀ ਤਹਾਂ
ਧੁਨ ਕੇ ਸੁਨਤ ਪੈ ਨ ਰਹੀ ਸੁਧ ਜਾਸ ਰੀ॥
ਕਹੈ ਇਉ ਦਾਸ ਰੀ ਸੁ ਐਸੀ ਬਾਜੀ ਬਾਸੁਰੀ
ਸੁ ਮੇਰੇ ਜਾਨੇ ਯਾ ਮੈ ਸਭ ਰਾਗ ਕੋ ਨਿਵਾਸੁ ਰੀ॥੩੩੨॥

ਕ੍ਰਿਸ਼ਨ ਜੀ ਦੀ ਬੰਸਰੀ ਵਿਚ ਬਸੰਤ, ਭੈਰਉ ਅਤੇ ਹਿੰਡੋਲ ਰਾਗ ਵੱਜਦਾ ਹੈ, ਲਲਤ ਰਾਗ ਦੇ ਨਾਲ ਹੋਕੇ ਧਨਾਸਰੀ ਰਾਗ ਵੱਜਦਾ ਹੈ। ਮਾਲਵਾ, ਕਲਿਆਨ, ਮਾਲਕੌਂਸ ਅਤੇ ਮਾਰੂ

ਰਾਗ ਨੂੰ ਖੁਸ਼ੀਆਂ ਦੇ ਘਰ ਕ੍ਰਿਸਨ ਜੀ ਬਨ ਵਿਚ ਬੈਠੇ ਹੋਏ ਬੰਸਰੀ ਵਿਚ ਵਜਾ ਰਹੇ ਹਨ। ਦੇਵ ਇਸਤ੍ਰੀ, ਦੈਂਤ ਇਸਤ੍ਰੀ ਅਤੇ ਨਾਗਣੀਆਂ ਜੇਹੜੀਆਂ ਭੀ ਉਥੇ ਮੌਜੂਦ ਸਨ, ਜਿਸਨੇ ਭੀ ਬੰਸਰੀ ਸੁਣੀ ਹੈ, ਅਵਾਜ ਨੂੰ ਸੁਣਦਿਆਂ ਹੀ ਉਸਨੂੰ ਤਨ ਬਦਨ ਦੀ ਸੁਧ ਨਹੀਂ ਰਹੀ ਹੈ। ਹੇ ਸਖੀ! ਦਾਸ ਇਉਂ ਕਹਿੰਦਾ ਹੈ, ਬੰਸਰੀ ਅਜੇਹੀ ਵਜੀ ਹੈ, ਮੇਰੇ ਖਿਆਲ ਵਿਚ ਆਉਂਦਾ ਹੈ, ਕਿ ਬੰਸਰੀ ਵਿਚ ਸਾਰੇ ਹੀ ਰਾਗਾਂ ਦਾ ਵਸੇਬਾ ਹੈ।

ਕਬਿੱਤੁ॥ ਕਰੁਨਾ ਨਿਧਾਨ ਬੇਦ ਕਹਤ ਬਖਾਨ ਯਾ ਕੀ
ਬੀਚ ਤੀਨ ਲੋਕ ਫੈਲ ਰਹੀ ਹੈ ਸੁ ਬਾਸੁ ਰੀ॥
ਦੇਵਨ ਕੀ ਕੰਨਿਆ ਤਾ ਕੀ ਸੁਨਿ ਧੁਨਿ ਸ੍ਰਉਨਨ ਮੈ
ਧਾਈ ਧਾਈ ਆਵੈ ਤਜਿ ਕੈ ਸੁਰਗ ਬਾਸੁ ਰੀ॥
ਹ੍ਵੈ ਕਰਿ ਪ੍ਰਸੰਨਯ ਰੂਪ ਰਾਗ ਕੋ ਨਿਹਾਰ ਕਹਿਯੋ
ਰਚਯੋ ਹੈ ਬਿਧਾਤਾ ਇਹ ਰਾਗਨ ਕੋ ਬਾਸੁ ਰੀ॥
ਰੀਝੇ ਸਭ ਗਨ ਉਡਗਨ ਭੇ ਮਗਨ ਜਬ
ਬਨ ਉਪਬਨ ਮੈ ਬਜਾਈ ਕਾਨਹ ਬਾਸੁਰੀ॥੩੩੩॥

ਜੋ ਕ੍ਰਿਪਾ ਦਾ ਖਜਾਨਾ ਹੈ, ਜਿਸਦੀ ਮਹਿਮਾ ਦਾ ਕਥਨ ਵੇਦ ਕਹਿੰਦੇ ਹਨ, ਅਤੇ ਤਿੰਨਾਂ ਲੋਕਾਂ ਵਿਚ ਉਸੇ ਦੀ ਸੁਗੰਧੀ ਫੈਲ ਰਹੀ ਹੈ ਭਾਵ ਤਿੰਨਾਂ ਲੋਕਾਂ ਵਿਚ ਜਸ ਹੋ ਰਿਹਾ ਹੈ। ਦੇਵਤਿਆਂ ਦੀਆਂ ਲੜਕੀਆਂ ਉਸਦੀ ਅਵਾਜ ਨੂੰ ਕੰਨਾਂ ਵਿਚ ਸੁਣ ਕੇ, ਸੂਰਗ ਦਾ ਵੱਸਣਾ ਛੱਡ ਕੇ, ਭੱਜਦੀਆਂ ਹੋਈਆਂ ਬ੍ਰਿਜ ਨੂੰ ਤੁਰੀਆਂ ਆਉਂਦੀਆਂ ਹਨ। ਕ੍ਰਿਸ਼ਨ ਜੀ ਦੇ ਰੂਪ ਤੇ ਰਾਗਾਂ ਨੂੰ ਵੇਖ ਕੇ ਪ੍ਰਸੰਨ ਹੋ ਕੇ ਸਭਨਾਂ ਨੇ ਕਿਹਾ ਹੈ, ਕਿ “ਬਿਧਾਤਾ ਨੇ ਇਸਨੂੰ ਰਾਗਾਂ ਦਾ ਘਰ ਰਚਿਆ ਹੈ।” ਸਾਰੇ ਗਨ ਖੁਸ਼ ਹੋ ਗਏ ਹਨ, ਸਾਰੇ ਤਾਰੇ ਮਸਤ ਹੋ ਗਏ ਹਨ, ਬਨਾਂ ਤੇ ਬਾਗਾਂ ਵਿਚ ਖਿੜਾਉ ਆ ਗਿਆ ਹੈ, ਜਦੋਂ ਕ੍ਰਿਸ਼ਨ ਜੀ ਨੇ ਬੰਸਰੀ ਬਜਾਈ ਹੈ।

ਸਵੈਯਾ॥

ਸਾਰਥੀ ਆਪਨੇ ਸੋ ਕਹਿ ਕੈ ਸੁ ਧਵਾਇ ਤਹੀ ਰਥ ਜੁੱਧ ਮਚਾਵੈ॥

ਸ਼ਸਤ੍ਰ ਪ੍ਰਹਾਰਤ ਸੂਰਨ ਪੈ ਕਰਿ ਹਾਥਨ ਕੋ ਅਰਥਾਵ ਦਿਖਾਵੈ॥
ਦੁੰਦਭਿ ਢੋਲ ਮ੍ਰਿਦੰਗ ਬਜੈ ਕਰਵਾਰ ਕਟਾਰਨ ਤਾਲ ਬਜਾਵੈ॥
ਮਾਰ ਹੀ ਮਾਰ ਉਚਾਰ ਕਰੈ ਮੁਖਿ ਯੋ ਕਰਿ ਨ੍ਰਿੱਤ ਅਉ ਗੁਨ ਸੁਨਾਵੈ॥੧੩੯੭॥

(ਕ੍ਰਿਸਨਾਵਤਾਰ)

'ਅਥ ਖੜਗ ਸਿੰਘ ਜੁੱਧ ਕਥਨੰ' ਵਿੱਚ ਗੁਰੂ ਸਾਹਿਬ ਜੀ 'ਸਵੈਯਾ' ਵਿੱਚ ਵਖਯਾਨ ਕਰਦੇ ਹਨ ਕਿ ਖੜਗ ਸਿੰਘ ਆਪਣੇ ਰੱਥਵਾਹੀ ਨੂੰ ਆਖ ਕੇ ਰੱਥ ਭੜਾ ਕੇ ਉਥੇ ਜਾਕੇ ਜੁੱਧ ਮਚਾਉਂਦਾ ਹੈ। ਜੋ ਰਣ ਵਿੱਚ ਧੌਂਸੇ ਤੇ ਢੋਲ ਵੱਜ ਰਹੇ ਹਨ, ਏਹੋ ਮਾਨੋ ਮ੍ਰਿਦੰਗ ਵੱਜ ਰਹੀ ਹੈ, ਜੋ ਤਲਵਾਰਾਂ ਤੇ ਕਟਾਂਰਾਂ ਚੱਲਦੀਆਂ ਹਨ, ਏਹੋ ਮਾਨੋ ਕੈਂਸੀਆਂ ਵੱਜ ਰਹੀਆਂ ਹਨ। ਜੋ ਮੂੰਹ ਤੋਂ 'ਮਾਰ ਲਉ-ਮਾਰ ਲਉ' ਉਚਾਰਨ ਕਰਦਾ ਹੈ, ਏਹੋ ਮਾਨੋ ਨਾਚ ਕਰਦਾ ਹੋਇਆ ਗਾਉਣਾ ਸੁਣਾਉਂਦਾ ਹੈ।

'ਸਯਾਮ ਭਨੈ ਖੜਗੇਸ਼ ਤਬੈ ਅਪਨੇ ਕਰਿ ਲੈ ਬਰ ਸੰਖ ਬਜਾਯੋ॥
ਸ਼ਸਤ੍ਰ ਸੰਭਾਰ ਸਭੈ ਤਬ ਹੀ ਮਨੋ ਅੰਤਕ ਰੂਪ ਕੀਏ ਰਨ ਆਯੋ॥' (ਕ੍ਰਿਸਨਾਵਤਾਰ)

ਖੜਗ ਸਿੰਘ ਨੇ ਆਪਣੇ ਹੱਥ ਵਿੱਚ ਸੰਖ ਲੈ ਕੇ ਵਜਾਇਆ ਹੈ। ਫਿਰ ਸਾਰੇ ਹੀ ਸ਼ਸਤ੍ਰਾਂ ਨੂੰ ਸੰਭਾਲ ਕੇ ਜਮਰਾਜ ਵਰਗਾ ਰੂਪ ਧਾਰਨ ਕਰਕੇ ਰਣ ਭੂਮੀ ਵਿੱਚ ਆਇਆ।

**ਸ੍ਵੈਯਾ॥**

'ਕੈ ਕੈ ਕਟਾਛ ਨਚੈ ਤੇਊ ਭਾਮਨ ਗੀਤ ਸਭੈ ਮਿਲਕੈ ਸੁਰ ਗਾਵੈ॥
ਬੀਨ ਪਖਾਵਜ ਤਾਲ ਬਜੈ ਡਫ ਭਾਂਤਿ ਅਨੇਕਨ ਭਾਉ ਦਿਖਾਵੈ॥'
'ਸਾਰੰਗ ਸੋਰਠ ਮਾਲਸਿਰੀ ਅਰੁ ਰਾਮਕਲੀ ਨਟ ਸੰਗਿ ਮਿਲਾਵੈ॥
ਭੋਗਨ ਮੋਹ ਕੀ ਬਾਤ ਕਿਤੀ ਸੁਨਿਕੈ ਮਨ ਜੋਗਨ ਕੇ ਦ੍ਰਵ ਜਾਵੈ॥੧੫੪੪॥'

(ਕ੍ਰਿਸ਼ਨਾਵਤਾਰ)

ਅਕਾਸ਼ ਵਿੱਚ ਅਪੱਛਰਾਂ ਅੱਖਾਂ ਦੇ ਇਸ਼ਾਰੇ ਕਰ-ਕਰ ਕੇ ਨਾਚ ਕਰਦੀਆਂ ਹਨ ਅਤੇ ਸਾਰੇ ਦੇਵਤੇ ਇੱਕਠੇ ਹੋਕੇ ਗੀਤ ਗਾਉਂਦੇ ਹਨ। ਬੀਨ (ਵੀਣਾ) ਪਖਾਵਜ, ਛੈਣੇ ਤੇ ਡੱਫ਼

ਵੱਜਦੀ ਹੈ, ਨ੍ਰਿਤਕਾਰੀਆਂ ਅਨੇਕ ਤਰ੍ਹਾਂ ਦੇ ਹਾਵ ਭਾਵ ਕਰਕੇ ਵਿਖਾਉਂਦੀਆਂ ਹਨ। ਸਾਰੰਗ, ਸੋਰਠ, ਮਾਲਸਿਰੀ, ਰਾਮਕਲੀ ਤੇ ਨਟ ਦੀ ਸੁਰ ਨੂੰ ਭੀ ਨਾਲ ਮਿਲਾਉਂਦੀਆਂ ਹਨ।

'ਮ੍ਰਿਦ ਬਾਜਤ ਬੀਨ ਮ੍ਰਿਦੰਗ ਉਪੰਗ ਮੁਚੰਗ ਲੀਏ ਉਤਰੀ ਧਰਨੀ॥'

ਸਭ ਨਾਚਤ ਗਾਵਤ ਰੀਝ ਰਿਝਾਵਤ ਯੌ ਉਪਮਾ ਕਬਿ ਨੇ ਬਰਨੀ॥੧੭•੨॥

(ਕ੍ਰਿਸਨਾਵਤਾਰ)

ਕੋਮਲ ਸੁਰ ਨਾਲ ਵਾਜੇ ਵੱਜ ਰਹੇ ਹਨः ਬੀਨ, ਮ੍ਰਿਦੰਗ ਉਪੰਗ ਤੇ ਮੁਚੰਗ ਆਦਿ ਵਾਦਯਾਂ ਨੂੰ ਦੇਵ ਇਸਤਰੀਆਂ ਹੱਥ ਵਿੱਚ ਲੈ ਕੇ ਧਰਤੀ ਤੇ ਉਤਰੀਆਂ ਹਨ ਤੇ ਨ੍ਰਿਤ ਕਰਦੀਆਂ ਤੇ ਗਾਉਦੀਆਂ ਹਨ।

**ਨਿਹਕਲੰਕੀ ਚੌਬੀਸਵੋਂ ਅਵਤਾਰ** (**ਕਲਕੀ ਅਵਤਾਰ**)

'ਤਾਲ ਮ੍ਰਿਦੰਗ ਮੁਚੰਗ ਉਪੰਗ ਸੁਰੰਗ ਸੇ ਨਾਦ ਸੁਨਾਵਹਗੇ॥

ਡਫ ਬਾਰ ਤਰੰਗ ਰਬਾਬ ਤੁਰੀ ਰਣ ਸੰਖ ਅਸੰਖ ਬਜਾਵਹਗੇ॥

ਰਣ ਦੁੰਧਭ ਢੋਲਨ ਘੋਰ ਘਨੀ ਸੁਨ ਸ਼ੱਤ੍ਰ ਸਭੈ ਮੁਰਛਾਹਵਹਿਗੇ।

ਭਲ ਭਾਗ ਭਯਾ ਇਹ ਸੰਭਲ ਕੇ ਹਰਿ ਜੂ ਹਰਿਮੰਦਰ ਆਵਹਗੇ॥੧੪੬॥'

(ਕਲਕੀ ਅਵਤਾਰ)

ਗੁਰੂ ਸਾਹਿਬ ਜੀ ਨਿਹਕਲੰਕੀ ਚੌਬੀਸਵੋਂ ਅਵਤਾਰ ਵਿੱਚ ਭਵਿਖਤ ਵਾਕ ਉਚਾਰਨ ਕਰਦੇ ਹੋਏ ਕਹਿੰਦੇ ਹਨ ਕਿ ਜਦ ਕਲਕੀ ਅਵਤਾਰ ਜੀ ਜੁੱਧ ਕਰਨਗੇ ਤੱਦ ਛੈਣੇ, ਮ੍ਰਿਦੰਗ ਮੁਚੰਗ ਤੇ ਉਪੰਗ ਆਦਿਕ ਸਾਜ਼ ਬੜਾ ਸੁੰਦਰ ਰੰਗ ਬੰਨ੍ਹ ਕੇ ਨਾਦ ਸੁਨਾਵਣਗੇ। ਡਫ ਜਲਤ੍ਰੰਗ, ਰਬਾਬ ਤੁਰੀ ਤੇ ਰਣਸਿੰਗੇ ਭੀ ਅਣਗਿਣਤ ਹੀ ਵਜਣਗੇ। ਬਹੁਤ ਸਾਰੇ ਦੁੰਦਭਿ ਤੇ ਢੋਲਾਂ ਦੀ ਬਹੁਤ ਭਾਰੀ ਗੂੰਜ ਉਠੇਗੀ, ਜਿਸਨੂੰ ਸੁਣ ਕਰਕੇ ਸਾਰੇ ਵੈਰੀ ਮੂਰਛਿਤ ਹੋ ਜਾਣਗੇ। ਇਸ 'ਸੰਭਲ' ਦੇਸ਼ ਦੇ ਭਾਗ ਬਹੁਤ ਚੰਗੇ ਹਨ, ਜਿਸ ਵਿੱਚ ਹਰੀ ਜੀ 'ਮਨੁੱਖ ਦੇਹ' ਧਾਰਕੇ ਆਉਣਗੇ।

'ਸਿਰਖੰਡੀ ਛੰਦ॥ ਵੱਜੇ ਨਾਦ ਸੁਰੰਗੀ ਧੱਗਾ ਘੋਰੀਆ॥

ਨੱਚੇ ਜਾਣ ਫਿਰੰਗੀ ਵੱਜੇ ਘੁੰਘਰੂ॥

ਗਦਾ ਤ੍ਰਿਸੂਲ ਨਿਖੰਗੀ ਝੂਲਨ ਬੈਰਖਾਂ॥

ਸਾਵਣ ਜਾਣ ਉਮੰਗੀ ਘਟਾ ਡਰਾਵਣੀ॥੧੭੮॥' (ਕਲਕੀ ਅਵਤਾਰ)

ਬਹੁਤ ਸੁੰਦਰ ਰੰਗ ਵਾਲੇ ਨਾਦ ਵਜੇ ਅਤੇ ਧੱਗਾਂ ਨੇ ਗੂੰਜ ਉਠਾਈ। ਇਉਂ ਮਲੂੰਮ ਹੋਇਆ ਮਾਨੋਂ ਜੰਗ ਵਿੱਚ ਫਿਰੰਗੀ ਨੱਚੇ ਹਨ ਤੇ ਘੁੰਘਰੂ ਵੱਜ ਰਹੇ ਹੋਣ।...

'ਭੜਥੂਆ ਛੰਦ॥ ਢਢੰਕੰਤ ਢੋਲੰ॥ ਬਬੰਕੰਤ ਬੋਲੰ॥

ਉਛੰਕੰਤ ਤਾਜੀ॥ ਗਜੰਕੰਤ ਗਾਜੀ॥੧੮੯॥

ਚਲੰਤੰਤ ਚਾਯੰ॥ ਜੁਝੰਤੰਤ ਜਾਯੰ॥

ਰਣੰਕੰਤ ਨਾਦੰ॥ ਬਜੰਤੰਤ ਬਾਦੰ॥੨●੩॥' (ਕਲਕੀ ਅਵਤਾਰ)

ਢੋਲਾਂ ਦਾ ਢਮੱਕਾ ਹੁੰਦਾ ਹੈ, ਬੋਲ ਬਕਾਰਾ ਮਾਰਦੇ ਹਨ। ਘੋੜੇ ਉੱਛਲਦੇ ਹਨ ਤੇ ਗਾਜੀ ਗਰਜ ਰਹੇ ਹਨ। ਯੋਧੇ ਕ੍ਰੋਧ ਨਾਲ ਤੱਤੇ ਹੋ ਕੇ ਤੁਰੇ ਜਾਦੇ ਹਨ। ਮਾਰੂ ਸੰਖ ਗੂੰਜਦੇ ਹਨ ਤੇ ਮਾਰੂ ਵਾਜੇ ਵੱਜਦੇ ਹਨ।

'ਤੁਟੰਤ ਤਾਲ ਤੱਥਿਯੰ ਨਚੰਤ ਈਸ੍ਰਣੋ ਰਣੰ॥

ਖਹੰਤ ਖਿਤ੍ਰਣੋ ਖਗੰ ਨਿੱਨਦਿ ਗੱਦਿ ਘੁੰਘਰੰ॥੨੧੫॥' (ਕਲਕੀ ਅਵਤਾਰ)

ਤੱਤ ਥੱਈਆਂ ਦਾ ਤਾਲ ਟੁੱਟ ਰਿਹਾ ਹੈ ਮਾਨੋਂ ਰਣਭੂਮੀ ਵਿੱਚ ਸ਼ਿਵ ਜੀ ਨੱਚ ਰਿਹਾ ਹੈ। ਸੂਰਮਿਆਂ ਦੀਆਂ ਤਲਵਾਰਾਂ ਦੇ ਟਕਰਾਉਣ ਦੀ ਅਵਾਜ਼ ਘੁੰਘਰੂਆਂ ਦੀ ਇਕ ਸੁਰ ਅਵਾਜ਼ ਵਾਂਗ ਪ੍ਰਤੀਤ ਹੁੰਦੀ ਹੈ।

'ਰਣ ਨਾਦ ਬਜਤ॥ ਸੁਣ ਮੇਘ ਲਜਤ॥

ਸਭ ਸਾਜ ਸਜਤ॥ ਪਗ ਦ੍ਵੈ ਨ ਭਜਤ॥੨੩੭॥' (ਕਲਕੀ ਅਵਤਾਰ)

ਜੁੱਧ ਭੂਮੀ ਵਿੱਚ ਨਗਾਰੇ ਵੱਜਦੇ ਹਨ, ਉਨ੍ਹਾਂ ਦੀ ਅਵਾਜ਼ ਸੁਣਕੇ ਬੱਦਲ ਸ਼ਰਮਿੰਦੇ ਹੁੰਦੇ ਹਨ। ਸੂਰਮੇ ਸਾਰੇ ਸਾਜ਼ਾਂ ਨੂੰ ਸਜਾਉਂਦੇ ਹਨ ਤੇ ਪਿਛੇ ਨਹੀਂ ਹਟਦੇ ਹਨ।

'ਬਾਜਤ ਢੋਲ ਮ੍ਰਿਦੰਗ ਨਗਾਰਾ॥ ਤਾਲ ਉਪੰਗ ਬੇਣ ਬੰਕਾਰਾ॥

ਮੁਰਲੀ ਨਾਦ ਨਫੀਰੀ ਬਾਜੇ॥ ਭੀਰ ਭਯਾਨਕ ਹੁਐ ਤਜ ਭਾਜੈ॥੩●੧॥'

(ਕਲਕੀ ਅਵਤਾਰ)

ਢੋਲ ਮ੍ਰਿਦੰਗ ਤੇ ਧੌਂਸੇ ਵੱਜ ਰਹੇ ਹਨ। ਕੈਂਸੀਆਂ, ਉਪੰਗ ਤੇ ਵੀਣਾ ਝਨਕਾਰ ਕਰ ਰਹੇ ਹਨ। ਮੁਰਲੀ, ਸੰਖ ਤੇ ਨਫੀਰੀ ਵੱਜ ਰਹੀ ਹੈ। ਪਰ ਕਾਇਰ, ਭੈ ਭੀਤ ਹੋ ਕੇ ਭੱਜੇ ਜਾ ਰਹੇ ਹਨ।

'ਰਣ ਰੰਗ ਤੁਰੰਗਯ ਬਾਜਹਿਗੇ॥ ਡਫ ਝਾਂਝ ਨਫੀਰਯ ਗਾਜਹਿਗੇ॥

ਅਣਿਣੇਸ ਦੁਹੂੰ ਦਿਸ ਧਾਵਹਿਗੇ॥ ਕਰਿ ਕਾਢਿ ਕ੍ਰਿਪਾਣ ਕਪਾਵਹਿਗੇ॥੩੧੩॥

ਘਣ ਘੁੰਘਰ ਘੋਰ ਘਮੱਕਹਿਗੇ॥ ਰਣ ਮੋ ਰਣ ਤੀਰ ਪਲੱਕਹਿਗੇ॥

ਗਹਿ ਤੇਗ ਝੜਾਝੜ ਝਾੜਹਿਗੇ॥ ਤਪ ਤੀਰ ਤੜਾਤੜ ਤਾੜਹਿਗੇ॥੩੧੭॥

(ਕਲਕੀ ਅਵਤਾਰ)

ਰਣਭੂਮੀ ਵਿੱਚ ਤੁਰੰਗ ਤੇ ਨਾਦ ਵੱਜਨਗੇ। ਡਫ਼, ਝਾਂਝ ਤੇ ਤੂਤੀਆਂ ਵੱਜਨਗੀਆਂ। ਸੈਨਾਪਤੀ ਦੋਹਾਂ ਪਾਸਿਆਂ ਦੇ ਧਾਵਾ ਕਰਕੇ ਪੈਣਗੇ ਤੇ ਤਲਵਾਰਾਂ ਨੂੰ ਕੰਬਾਉਣਗੇ। ਬਹੁਤ ਸਾਰੇ ਰੱਥਾਂ ਦੇ ਘੁੰਘਰੂ ਭੀਖਮ ਸੁਰ ਨਾਲ ਖੜਕਨਗੇ। ਜੁੱਧ ਵਿੱਚ ਜੋਧੇ ਤੀਰਾਂ ਨੂੰ ਉਛਾਲਣਗੇ।

'ਮ੍ਰਿਦੰਗ ਢੋਲ ਬਾਸੁਰੀ ਸਨਾਇ ਝਾਝ ਬਾਜ ਹੈਂ॥

ਸਪਾਵ ਰੋਪ ਕੈ ਬਲੀ ਸਕੋਪ ਆਨ ਗਾਜ ਹੈਂ॥' (ਕਲਕੀ ਅਵਤਾਰ)

ਮ੍ਰਿਦੰਗ, ਢੋਲ, ਬੰਸਰੀ ਡੱਫ ਤੇ ਝਾਂਝ ਆਦਿ ਵਾਜੇ ਵੱਜਦੇ ਹਨ। ਜੋਧੇ ਮੈਦਾਨੇ-ਜੰਗ ਵਿੱਚ ਕ੍ਰੋਧ ਨਾਲ ਲਲਕਾਰਦੇ ਹਨ।

'ਚਉਪ ਚੜਿਓ ਕਰਿ ਕੋਪ ਕਲੀ ਕ੍ਰਿਤ ਆਯੁਧ ਅੰਗ ਅਨੇਕਨ ਸਾਜੇ॥

ਤਾਲ ਮ੍ਰਿਦੰਗ ਉਪੰਗ ਮੁਚੰਗ ਸੁ ਭਾਂਤ ਅਨੇਕ ਭਲੀ ਬਿਧ ਬਾਜੇ॥' (ਕਲਕੀ ਅਵਤਾਰ)

ਕਲਕੀ ਅਵਤਾਰ ਅਨੇਕਾਂ ਸ਼ਸਤ੍ਰ ਆਪਣੇ ਸਰੀਰ ਤੇ ਸਜਾ ਕੇ ਤੇ ਗੁੱਸੇ ਨਾਲ ਤੁਰ ਪਏ। ਤਾਲ, ਮ੍ਰਿਦੰਗ ਉਪੰਗ ਤੇ ਮੁਚੰਗ ਆਦਿਕ ਅਨੇਕ ਤਰ੍ਹਾਂ ਦੇ ਵਾਜੇ ਬਹੁਤ ਚੰਗੀ ਤਰ੍ਹਾਂ ਨਾਲ ਵੱਜ ਰਹੇ ਹਨ।

'ਤ੍ਰਿੜਕਾ ਛੰਦ॥ ਤ੍ਰਿੜਰਿੜ ਤੀਰੰ॥ ਬ੍ਰਿੜਰਿੜ ਬੀਰੰ॥

ਢ੍ਰਿੜਰਿੜ ਢੋਲੰ॥ ਬ੍ਰਿੜਰਿੜ ਬੋਲੰ॥੪੧੦॥' (ਕਲਕੀ ਅਵਤਾਰ)

ਬੀਰਾਂ ਦੇ ਤੀਰ ਤੜ-ਤੜ ਕਰਦੇ ਚਲ ਰਹੇ ਹਨ ਤੇ ਢੋਲ ਡਮਕ ਰਹੇ ਹਨ।

'ਬਾਗੜਦੰ ਬਾਜੇ ਨਾਗੜਦੰ ਨਗਾਰੇ॥

ਜਾਗੜਦੰ ਜੋਧਾ ਮਾਗੜਦੰ ਮਾਰੇ॥

ਡਾਗੜਦੰ ਡਿੱਗੇ ਖਾਗੜਦੰ ਖੂਨੀ॥

ਚਾਗੜਦੰ ਚਉਪੇ ਦਾਗੜਦੰ ਦੂਨੀ॥੪੪੨॥' (ਕਲਕੀ ਅਵਤਾਰ)

ਨਗਾਰੇ ਵੱਜ ਪਏ ਹਨ। ਸੂਰਮੇ ਮਾਰੋ-ਮਾਰ ਕਰਦੇ ਹਨ। ਖੂਨ ਦੇ ਭਰੇ ਹੋਏ ਖੰਡੇ ਡਿੱਗ ਪਏ ਹਨ। ਸੂਰਮਿਆਂ ਦੇ ਚਿੱਤ ਵਿੱਚ ਦੂਣੀ ਖੁਸ਼ੀ ਤੇ ਉਤਸ਼ਾਹ ਹੈ।

**ਪਾਧਰੀ ਛੰਦ॥**

'ਸੰਭਰ ਨਰੇਸ਼ ਮਾਰਿਓ ਨਿਦਾਨ॥ ਢੋਲੰ ਮ੍ਰਿਦੰਗ ਬੱਜੇ ਪ੍ਰਮਾਨ॥

ਭਾਜੇ ਸੁ ਬੀਰ ਤਜ ਜੁੱਧ ਤ੍ਰਾਸ॥ ਤਜਿ ਸ਼ਸਤ੍ਰ ਸਰਬ ਹ੍ਵੈ ਚਿਤ ਨਿਰਾਸ॥੪੫੧॥'

(ਕਲਕੀ ਅਵਤਾਰ)

ਜਦੋਂ ਸੰਭਲ ਵਿਖੇ ਜੁੱਧ ਹੋਵੇਗਾ ਤੱਦ ਅੰਤ ਨੂੰ ਸੰਭਲਪੁਰ ਦਾ ਰਾਜਾ ਮਾਰਿਆ ਜਾਵੇਗਾ। ਇਸ ਗੱਲ ਨੂੰ ਪ੍ਰਮਾਨ ਕਰਨ ਲਈ ਢੋਲ ਤੇ ਮ੍ਰਿਦੰਗ ਵੱਜਣਗੇ। ਸੂਰਮੇ ਡਰ ਮੰਨ ਕੇ ਭੱਜ ਜਾਣਗੇ ਤੇ ਨਿਰਾਸ ਹੋ ਕੇ ਸ਼ਸਤ੍ਰ ਸੁੱਟ ਦੇਣਗੇ।

'ਢਢਿ ਢੋਲਕ ਝਾਂਝ ਮ੍ਰਿਦੰਗ ਮੁਖੰ॥ ਡਫ ਤਾਲ ਪਖਾਵਜ ਨਾਇ ਸੁਰੰ॥

ਸੁਰ ਸੰਖ ਨਫੀਰੀਯ ਭੇਰ ਭਕੰ॥ ਉੱਠ ਨ੍ਰਿਤੱਤ ਭੂਤ ਪਰੇਤ ਗਣੰ॥੫●੧॥'

(ਕਲਕੀ ਅਵਤਾਰ)

ਢੱਢ, ਢੋਲਕ, ਝਾਂਝ, ਮ੍ਰਿਦੰਗ, ਮੁਖਰਸ ਡੱਫ, ਛੈਣੇ, ਕੈਸੀਆਂ,ਪਖਾਵਜ, ਨਾਇ ਸੁਰੰ (ਸ਼ਹਨਾਈ) ਸੁਰ (ਤੁਰੀ), ਸੰਖ, ਨਫੀਰੀ, ਭੇਰੀ ਤੇ ਭੰਕ (ਇਹ ਸਾਰੇ ਵਾਦਯ ਵੱਜਣਗੇ)।

'ਸਰਖੰਤ ਸੇਲ ਬਰਖੰਤ ਬਾਣ॥ ਹਰਖੰਤ ਹੂਰ ਪਰਖੰਤ ਜੁਆਣ॥

ਬਾਜੰਤ ਢੋਲ ਡਉਰੂ ਕਰਾਲ॥ ਨਾਚੰਤ ਭੂਤ ਭੈਰੋ ਕਪਾਲ॥੫੧੯॥' (ਕਲਕੀ ਅਵਤਾਰ)

ਜੋਧੇ ਬਰਛਿਆਂ ਨੂੰ ਅੱਗੇ ਵੱਲ ਧੱਕ ਰਹੇ ਹਨ, ਤੀਰਾਂ ਦੀ ਬਰਖਾ ਕਰ ਰਹੇ ਹਨ। ਅਪੱਛਰਾਂ ਪ੍ਰਸੰਨ ਹੋ ਕੇ ਸੂਰਮਿਆਂ ਨੂੰ ਪਰਖ ਰਹੀਆਂ ਹਨ। ਡਰਾਉਣੇ ਡੌਰੂ ਤੇ ਢੋਲ ਵੱਜ ਰਹੇ ਹਨ। ਡਰਾਉਣੇ ਭੂਤ ਨਾਚ ਕਰ ਰਹੇ ਹਨ।

'ਮਾਧੋ ਛੰਦ।। ਜਬ ਕੋਪਾ ਕਲਕੀ ਅਵਤਾਰਾ।ਬਾਜਤ ਤੂਰ ਹੋਤ ਝਨਕਾਰਾ।।

ਹਾਹਾ ਮਾਧੋ ਬਾਨ ਕਮਾਨ ਕ੍ਰਿਪਾਨ ਸੰਭਾਰੇ।। ਪੈਠੇ ਸੁਭਟ ਹਥਯਾਰ ਉਘਾਰੇ।।੫੪੬।।'

(ਕਲਕੀ ਅਵਤਾਰ)

ਜਦ ਕਲਕੀ ਅਵਤਾਰ ਨੇ ਕ੍ਰੋਧ ਕੀਤਾ ਤੱਦ ਤੁਰੀਆਂ ਵੱਜਣ ਲਗੀਆਂ ਤੇ ਸ਼ਸਤ੍ਰਾਂ ਦੀ ਝਨਕਾਰ ਹੋਣ ਲੱਗੀ। ਹਾਂ ਮਾਧੋ। ਤੀਰ ਕਮਾਨ ਤੇ ਤਲਵਾਰਾਂ ਨੂੰ ਫੜ ਕੇ ਸੂਰਮੇ ਯੁੱਧ ਭੂਮੀ ਵਿੱਚ ਵੜ ਗਏ।

'ਬਾਜਤ ਡਉਰੂ ਰਾਜਤ ਤੰਤ੍ਰੀ।।

ਰੀਝਤ ਰਾਜੰ ਸੀਝਤ ਅਤ੍ਰੀ।।

ਬਾਜਤ ਤੂਰੰ ਗਾਵਤ ਗੀਤਾ।।

ਜਹ ਤਹ ਕਲਕੀ ਜੁੱਧਨ ਜੀਤਾ।।੫੫੮।।' (ਕਲਕੀ ਅਵਤਾਰ)

ਡੌਰੂ ਵੱਜ ਰਹੇ ਹਨ, ਤੰਦੀ ਦਾ ਸਾਜ ਵਜਾਉਣ ਵਾਲੇ ਸ਼ੋਭਾ ਪਾ ਰਹੇ ਹਨ। ਰਾਜੇ ਪ੍ਰਸੰਨ ਹਨ। ਅਨੇਕਾਂ ਪ੍ਰਕਾਰ ਦੇ ਵਾਦਯ ਵੱਜ ਰਹੇ ਹਨ ਤੇ ਗੀਤ ਗਾਉਂਦੇ ਹਨ। ਜਿਥੇ-ਕਿਥੇ ਵੀ ਕਲਕੀ ਅਵਤਾਰ ਨੇ ਜੰਗ ਕੀਤਾ ਉਹ ਸਭ ਜਿੱਤ ਲਏ ਹਨ।

**'ਸੰਗੀਤ ਪਾਧਰੀ ਛੰਦ।।'**

'ਤਾਗੜਦੰਗ ਤਾਲ ਬਾਜਤ ਮੁਚੰਗ।। ਬੀਨਾ ਸੁਬੈਣ ਬੰਸੀ ਮ੍ਰਿਦੰਗ।।

ਡਫ ਤਾਲ ਤੂਰੀ ਸਹਨਾਇ ਰਾਗ।। ਬਾਜੰਤ ਜਾਨ ਉਪਨਤ ਸੁਹਾਗ।। ੧੬।।

ਕਹੂੰ ਤਾਲ ਤੂਰ ਬੀਨਾ ਮ੍ਰਿਦੰਗ।। ਡਫ ਝਾਂਝ ਢੋਲ ਜਲ ਤਰ ਉਪੰਗ।।

ਜਹ ਜਹ ਬਿਲੋਕ ਤਹ ਤਹ ਸੁਬਾਸੇ ਉੱਠਤ ਸੁਗੰਧ ਮਹਕੰਤ ਅਵਾਸ।। ੧੭।।'

(ਰਾਜਾ ਮਨੁ, ਬ੍ਰਹਮਾਵਤਾਰ)

ਰਾਜਾ ਮਨੁ ਦੇ ਰਾਜ ਵਿੱਚ ਜਿਸਦਾ ਧਰਮੀ ਰਾਜ ਹੈ, ਉਥੇ ਸੁਖ ਪੂਰਬਕ ਰਹਿਣ ਕਰਕੇ ਘਰ-ਘਰ ਵੀਣਾ, ਬੰਸਰੀ ਮ੍ਰਿਦੰਗ, ਡੱਫ, ਕੰਸੀਆਂ, ਤੁਰੀਆਂ ਤੇ ਸ਼ਹਿਨਾਈਆਂ ਵੱਜ ਰਹੀਆਂ ਸਨ ਜਿਨ੍ਹਾਂ ਵਿੱਚੋਂ ਨਿਕਲਿਆ ਮੰਗਲ ਮਈ ਰਾਗ ਖੁਸ਼ੀਆਂ ਦਾ ਪ੍ਰਗਟਾਵਾ ਕਰ ਰਿਹਾ ਸੀ। ਕਿਤੇ ਮ੍ਰਿਦੰਗ, ਵੀਣਾ ਅਤੇ ਤੁਰੀ ਦਾ ਤਾਲ ਸੁਣਾਈ ਦੇ ਰਿਹਾ ਸੀ ਤੇ ਕਿਤੇ ਡੱਫ, ਝਾਂਝ, ਢੋਲ, ਉਪੰਗ ਅਤੇ ਜਲ ਤਰੰਗ ਦੀ ਧੁੰਨੀ ਹੋ ਰਹੀ ਸੀ।

'ਬਾਜੰਤ ਢੋਲ ਦੁੰਦਭ ਅਪਾਰ॥ ਬਾਜੰਤ ਤੂਰ ਝਨਕੰਤ ਤਾਰ॥

ਸੋਭਾ ਅਪਾਰ ਬਰਨੀ ਨ ਜਾਇ॥ ਜਨੁ ਬੈਠ ਇੰਦ੍ਰ ਆਭਾ ਬਨਾਇ॥੯॥ (ਰਾਜਾ ਅਜ)

ਅਣਗਿਣਤ ਹੀ ਢੋਲ ਤੇ ਧੌਂਸੇ ਵੱਜਦੇ ਸਨ। ਤੁਰੀਆਂ ਵੱਜਦੀਆਂ ਸਨ ਜਿਨ੍ਹਾਂ ਦੀਆਂ ਤਾਰਾਂ ਝਣਕਾਰ ਪਾਉਂਦੀਆਂ ਸਨ। ਸੋਭਾ ਵਰਣਨ ਨਹੀਂ ਹੋ ਸਕਦੀ ਮਾਨੋਂ ਇੰਦ੍ਰ ਰਾਜਾ ਸੋਭਾਇਮਾਨ ਹੋਵੇ।

'ਤਤ ਬਿਤ ਘਨ ਸੁਖ ਰਸ ਸਭ ਬਾਜੈਂ॥ ਸੁਨਿ ਮਨ ਰਾਗੰ ਗੁਨਿ ਗਨ ਲਾਜੈ॥

ਜੱਹ ਤੱਹ ਗਿਰਗੇ ਰਿਝ ਰਿਝ ਐਸੇ। ਜਨੁ ਭਟ ਜੂਝੇ ਰਣ ਬ੍ਰਿਣ ਕੈਸੇ॥੩੪॥'

(ਰਾਜਾ ਅਜ)

ਪੁਰਾਣਾ ਅਨੁਸਾਰ ਪੰਜ ਵਾਜਿਆਂ ਦਾ ਸ਼ਬਦ ਜੋ ਰਾਜਿਆ ਅੱਗੇ ਵੱਜਣਾ ਜ਼ਰੂਰੀ ਹੈ ਉਹ ਪੰਜ ਵਾਜੇ ਇਹ ਹਨः-

ਸਿੰਗ, ਡਫ, ਸ਼ੰਖ, ਭੇਰੀ ਅਤੇ ਜਯ ਘੰਟਾ।

ਪੰਜ ਸ਼ਬਦੀ ਵਾਜੇ ਵੱਜ ਰਹੇ ਹਨ ਤੇ ਉਨ੍ਹਾਂ ਦੇ ਅਨੰਦ ਮਈ ਰਾਗਾਂ ਨੂੰ ਸੁਣਕੇ ਰਾਗ ਵਿਦਿਆ ਦੇ ਮਾਹਿਰ ਵੀ ਲਜਿੱਤ ਹੋ ਰਹੇ ਹਨ।

ਪੰਜ ਸ਼ਬਦੀ ਵਾਜੇ ਭਾਵ ਪੰਜ ਪ੍ਰਕਾਰ ਦੇ :

1. ਤੰਤ : ਤਾਰ ਅਤੇ ਤੰਦ ਨਾਲ ਵੱਜਣ ਵਾਲੇ ਵਾਜੇ, ਇਹਨਾਂ ਵਿਚ ਸਿਤਾਰ, ਰਬਾਬ ਆਦਿ ਆ ਜਾਂਦੇ ਹਨ।

2. ਬਿਤ : ਵ੍ਰਿਤ ਚੰਮ ਨਾਲ ਮੜ੍ਹੇ ਹੋਏ ਵਾਜੇ, ਇਹਨਾਂ ਵਿੱਚ ਮ੍ਰਿਦੰਗ, ਢੋਲ, ਡੁਗ ਡੁਗੀ ਆਦਿ ਆ ਜਾਂਦੇ ਹਨ।

3. ਘਨ : ਕਾਸੀ ਜਾਂ ਹੋਰ ਧਾਤੂ ਦੇ ਬਣੇ ਵਾਜੇ, ਜਿਵੇਂ ਘੰਟੀਆਂ, ਘੜਿਆਲ, ਛੈਣੇ ਆਦਿ।

4. ਨਾਦ : ਘੜਾ ਆਦਿ, ਜਿਨ੍ਹਾਂ ਦੇ ਪੁਲਾੜ ਵਿੱਚੋਂ ਹੱਥ ਨਾਲ ਵਾਰ ਕਰਕੇ ਸੁਰ ਕੱਢੀਦੀ ਹੈ।

5. ਸਥਿਰ : ਫੂਕ ਨਾਲ ਵਜਾਉਣ ਵਾਲੇ ਵਾਜੇ, ਇਹਨਾਂ ਵਿੱਚ ਮੁਰਲੀ, ਨਫੀਰੀ ਆਦਿ ਆ ਜਾਂਦੇ ਹਨ।

ਬਡੀ ਬਾਨੀ ਸੰਗਿ ਜਾਕੇ ਬਿਰਾਜੈਂ॥ ਘੁਰੈਂ ਸੰਖ ਭੇਰੀ ਮਹਾ ਨਾਦ ਬਾਜੈ॥
ਲਖੋ ਪੂਰ ਬੇਸੰ ਨਰੇਸੰ ਮਹਾਨੰ॥ ਦਿਨੰ ਰੈਣ ਜਾਪੈ ਸਹੰਸ੍ਰ ਭੁਜਾਨੰ।੫੨॥
ਘੁਰੈ ਦੁੰਦਭੀ ਸੰਖ ਭੇਰੀ ਅਪਾਰੰ॥ ਬਜੈ ਦੱਛਨੀ ਸਰਬ ਬਾਜੰਤ੍ਰ ਸਾਰੰ॥
ਤੁਰੀ ਕਾਨਰੇ। ਤੂਰ ਤਾਨੰ ਤਰੰਗੰ॥ ਮੁਚੰ ਝਾਜਰੰ ਨਾਇ ਮ੍ਰਿਦੰਗੰ।੫੪॥ (ਰਾਜਾ ਅਜ)

ਇਹ ਰਾਜਾ ਜਿਸ ਨਾਲ ਬਹੁਤ ਵੱਡੀ ਸੈਨਾ ਹੈ ਤੇ ਜਿਸ ਦੇ ਸੈਨਾ ਵਿਚ ਸੰਖ, ਭੇਰੀਆਂ ਆਦਿ ਮਹਾਂ ਨਾਦ ਵੱਜ ਰਹੇ ਹਨ। ਜਿਸ ਵੱਡੇ ਰਾਜੇ ਦੇ ਰੂਪ ਅਤੇ ਭੇਸ ਨੂੰ ਵੇਖੋ ਮਾਨੋਂ ਹਜਾਰ ਬਾਹਾਂ ਵਾਲਾ ਸਹੰਸਰ ਬਾਹੂ ਹੋਵੇ। ਜਿਥੇ ਸੰਖ, ਦੁੰਦਭੀਆਂ ਅਤੇ ਭੇਰੀਆਂ ਵੱਜ ਰਹੀਆਂ ਹਨ ਅਤੇ ਦਖਣੀ ਵਾਜੇ ਵੱਜ ਰਹੇ ਹਨ। ਅਨੇਕਾਂ ਵਾਜਿਆਂ ਦੀਆਂ ਤੁਰੰਗਾਂ ਅਤੇ ਤਾਨ ਸੁਣਾਈ ਦੇ ਰਹੇ ਹਨ, ਭਾਵ ਮੁਚੰਗ, ਮ੍ਰਿਦੰਗ, ਝਾਂਝਰ ਆਦਿ ਵੱਜ ਰਹੇ ਹਨ।

'ਦੇਖਤ ਰੂਪ ਸਿਰਾਤ ਨ ਲੋਚਨ ਪੇਖਿ ਛਕੀ ਪੀਅ ਕੀ ਛਬਿ ਨਾਰੀ॥
ਗਾਵਤ ਗੀਤ ਬਜਾਵਤ ਢੋਲ ਮ੍ਰਿਦੰਗ ਮੁਚੰਗਨ ਕੀ ਧੁਨਿ ਭਾਰੀ॥' (ਰਾਜਾ ਅਜ)

ਰਾਜਾ ਅਜ ਦੀ ਸ਼ੋਭਾ ਐਸੀ ਸੀ ਕਿ ਰੂਪ ਨੂੰ ਵੇਖਦਿਆਂ ਹੋਇਆ ਅੱਖਾਂ ਸ਼ਾਂਤ ਨਹੀਂ ਹੁੰਦੀਆਂ ਸਗੋਂ ਉਨ੍ਹਾਂ ਨੂੰ ਵੇਖਣ ਦੀ ਹੋਰ ਡੰਝ ਲੱਗ ਜਾਂਦੀ ਸੀ, ਇਸਤਰੀ ਪਤੀ ਦੀ ਛਬਿ ਨੂੰ ਵੇਖ ਕੇ ਮਸਤ ਹੋ ਰਹੀ ਸੀ। ਇਸਤਰੀਆਂ ਖੁਸ਼ੀ ਦੇ ਗੀਤ ਗਾਉਂਦੀਆਂ ਤੇ ਨਾਲ ਢੋਲਾਂ, ਮ੍ਰਿਦੰਗਾਂ ਤੇ ਮੁਚੰਗਾਂ ਦੀ ਬੜੀ ਭਾਰੀ ਧੁਨੀ ਗੂੰਜ ਰਹੀ ਸੀ।

'ਗਹਿ ਫੂਲ ਮਾਲ ਪ੍ਰਬੀਨ॥ ਉਰ ਡਾਰਿ ਤਾ ਕੇ ਦੀਨ॥

ਤਬ ਬਾਜ ਤੂਰ ਅਨੇਕ॥ ਡਫ ਬੀਣ ਬੇਣ ਬਸੇਖ॥੯੦॥

ਡਫ ਬਾਜ ਢੋਲ ਮ੍ਰਿਦੰਗ॥ ਅਤਿ ਤੂਰ ਤਾਨ ਤਰੰਗ॥

ਨਯ ਬਾਸੁਰੀ ਅਰੁ ਬੈਨ॥ ਬਹੁ ਸੁੰਦਰੀ ਸੁਭ ਨੈਨ॥੯੧॥' (ਰਾਜਾ ਅਜ)

ਜਦ ਰਾਜ ਕੁਮਾਰੀ ਨੇ ਫੁੱਲਾਂ ਦੀ ਮਾਲਾ ਫੜ ਕੇ ਰਾਜੇ ਦੇ ਗਲ ਵਿੱਚ ਪਾ ਦਿੱਤੀ ਤਾਂ ਉਸੇ ਸਮੇਂ ਅਨੇਕਾਂ ਤੁਰੀਆਂ, ਡੱਫਾਂ, ਵੀਨਾ, ਅਤੇ ਬੈਣ ਆਦਿ ਵਾਦਯ ਵੱਜਣ ਲੱਗੇ। ਡੱਫ ਢੋਲ, ਮ੍ਰਿਦੰਗ ਤੂਰ, ਤਾਨਪੁਰਾ ਆਦਿ ਕਈ ਪ੍ਰਕਾਰ ਦੀਆਂ ਸੁਰਾਂ ਅਤੇ ਧੁੰਨਾਂ ਵਾਲੇ ਵਾਜੇ ਵੱਜਣ ਲੱਗੇ। ਇਨ੍ਹਾਂ ਸਾਜਾਂ ਦੀ ਸੁਰ ਨਾਲ ਮਿਲਾਕੇ ਇਸਤਰੀਆਂ ਗਾ ਰਹੀਆਂ ਸਨ, ਜਿਨ੍ਹਾਂ ਦੇ ਨੈਣ ਤੇ ਮੁਖੜੇ ਬਹੁਤ ਸੁੰਦਰ ਸਨ।

**ਰੁਦ੍ਰ ਅਵਤਾਰ**

ਰਸਾਵਲ ਛੰਦ॥

'ਚਲਾ ਦੱਤ ਆਗੇ॥ ਲਖੇ ਪਾਪ ਭਾਗੇ॥

ਬਜੈ ਘੰਟ ਘੋਰੰ॥ ਬਣੰ ਜਾਣ ਮੋਰੰ॥੨੯੬॥' (ਦੱਤਾ ਤ੍ਰੇਅ, ਰੁਦ੍ਰ ਅਵਤਾਰ)

ਰੁਦ੍ਰ ਅਵਤਾਰ ਦੇ ਉਪ ਅਵਤਾਰ ਦੱਤਾ ਤ੍ਰੇਅ ਦੇ ਪ੍ਰਸੰਗ ਵਿੱਚ ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਦੱਤ ਸੁਆਮੀ ਅੱਗੇ ਤੁਰ ਪਏ। ਜਿਨ੍ਹਾਂ ਨੂੰ ਵੇਖਕੇ ਪਾਪ ਨੱਸ ਜਾਂਦੇ ਸਨ। ਘਨਘੋਰ ਘੰਟੀਆਂ ਦੀ ਅਵਾਜ਼ ਆ ਰਹੀ ਸੀ ਕਿ ਮਾਨੋ ਵਣ ਵਿੱਚ ਮੋਰ ਬੋਲਦੇ ਹੋਣ।

'ਤਿਲੰਗ॥ ਤ੍ਵਪ੍ਰਸਾਦਿ॥ ਕਥਤਾ॥ ਜਬ ਹੀ ਸੰਖ ਸ਼ਬਦ ਘਹਰਾਏ॥

ਜੈ ਜੇ ਹੁਤੇ ਸੂਰ ਜਟਧਾਰੀ ਤਿਨ ਤਿਨ ਤੁਰੰਗ ਨਚਾਏ॥' (ਪਾਰਸਨਾਥ)

ਪਾਰਸਨਾਥ ਦੇ ਪ੍ਰਸੰਗ ਵਿੱਚ ਗੁਰੂ ਸਾਹਿਬ ਕਥਨ ਕਰਦੇ ਹਨ ਕਿ ਜਦ ਯੁੱਧ ਦਾ ਸੰਖ ਵਜਿਆ ਤਾਂ ਜਟਾਧਾਰੀ ਸੂਰਮੇ ਆਪਣੇ-ਆਪਣੇ ਘੋੜੇ ਨਚਾਉਣ ਲੱਗੇ।

'ਮਾਰੂ॥ ਦੋਊ ਦਿਸ ਸੁਭਟ ਜਬੈ ਜੁਰ ਆਏ॥

ਦੁੰਦਭਿ ਢੋਲ ਮ੍ਰਿਦੰਗ ਬਜਤ ਸੁਨ ਸਾਵਨ ਮੇਘ ਲਜਾਏ॥' (ਪਾਰਸਨਾਥ)

ਦੋਵੇਂ ਪਾਸਿਆਂ ਦੇ ਜੋਧੇ ਜਦ ਲੜਨ ਲਈ ਆਏ ਅਤੇ ਇਕ ਦੂਸਰੇ ਸਾਹਮਣੇ ਹੋਏ ਤਾਂ ਦੁੰਦਭੀ, ਢੋਲ, ਮ੍ਰਿਦੰਗ ਆਦਿ ਦੀ ਗਰਜ ਸੁਣ ਕੇ ਸਾਵਣ ਦੇ ਬਦਲ ਵੀ ਲਜਿੱਤ ਹੋ ਗਏ।

'ਰੂਆਲ ਛੰਦ।। ਭਾਂਤ ਭਾਂਤ ਮੰਗਾਇ ਜਾਲਨ ਸੰਗ ਲੈ ਦਲ ਸਰਬ।।

ਜੀਤ ਦੁੰਦਭ ਦੈ ਚਲਾ ਨ੍ਰਿਪ ਜਾਨਕੈ ਜੀਅ ਗਰਬ।।' (ਪਾਰਸਨਾਥ)

ਕਈ ਪ੍ਰਕਾਰ ਦੇ ਜਾਲ ਮੰਗਵਾ ਕੇ ਅਤੇ ਆਪਣੀ ਸਰਬ ਸੈਨਾ ਨਾਲ ਲੈ ਕੇ ਰਾਜਾ ਢੋਲ ਨਗਾਰੇ ਵਜਾਉਂਦਾ ਬੜੇ ਮਾਣ ਨਾਲ ਚਲ ਪਿਆ।

'ਛਪੈ ਛੰਦ।। ਪੁਹਪ ਧਨਖ ਅਲ ਪਨਚ ਮਤਸ ਜਿਹ ਧੁਜਾ ਬਿਰਾਜੈ।।

ਬਾਜਤ ਝਾਝਰ ਤੂਰ ਮਧੁਰ ਬੀਨਾ ਧੁਨਿ ਬਾਜੈ।।' (ਪਾਰਸਨਾਥ)

ਗੁਰੂ ਸਾਹਿਬ ਜੀ ਅਬਿਬੇਕ ਦੇ ਦਲ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਉਸਦਾ ਫੁੱਲਾ ਦਾ ਧਨੁਖ ਹੈ ਅਤੇ ਉਸਦੇ ਰੱਥ ਤੇ ਮੱਛੀ ਚਿੰਨ੍ਹ ਵਾਲੀ ਧੁਜਾ ਬਿਰਾਜ ਰਹੀ ਹੈ। ਉਸਦੇ ਚਾਰੇ ਪਾਸੇ ਸੁੰਦਰ ਮਿੱਠੀ ਵੀਣਾ ਅਤੇ ਨਾਦ ਵੱਜਦਾ ਰਹਿੰਦਾ ਹੈ।

'ਬਮਤ ਜਵਾਲ ਡਮਰੂ ਕਰਾਲ ਡਿਮ ਡਿਮ ਰਣ ਬੱਜਤ।।

ਘਨ ਪ੍ਰਮਾਨ ਚਕ ਸ਼ਬਦ ਘਹਰਿ ਜਾ ਕੋ ਗਲ ਗੱਜਤ।।' (ਪਾਰਸਨਾਥ)

ਜੇ 'ਵਿਗਿਆਨ' ਨਾਂ ਦਾ ਸੂਰਮਾ ਹੈ ਉਹ ਅੱਗ ਵਾਂਗ ਬਲਦਾ ਹੈ ਅਤੇ ਵਿਕਰਾਲ ਡਮਰੂ ਵਾਂਗ ਵੱਜਦਾ ਹੈ ਅਤੇ ਬਦਲਾਂ ਵਾਂਗ ਗੱਜਦਾ ਹੈ।

'ਦੋਹਰਾ।। ਇਹ ਬਿਧਿ ਸੈਨ ਬਨਾਇਕੈ ਚੜੇ ਨਿਯਾਨ ਬਜਾਇ।।

ਜਿਹ ਜਿਹ ਬਿਧਿ ਆਹਵ ਮਚਯੋ ਸੋ ਸੋ ਕਹਤ ਸੁਨਾਇ।। ੪੦।।੨੬੭।।' (ਪਾਰਸਨਾਥ)

ਗੁਰੂ ਸਾਹਿਬ ਜੀ ਲਿਖਦੇ ਹਨ ਕਿ ਇਸ ਤਰ੍ਹਾਂ ਬਿਬੇਕ ਦਾ ਦਲ ਆਪਣੀ ਸ਼ੁੱਭ ਗੁਣਾ ਵਾਲੀ ਫੌਜ਼ ਨੂੰ ਬਣਾ ਕੇ ਧੌਂਸੇ ਵਜਾ ਕੇ ਚੜੇ ਹਨ। ਜਿਸ-ਜਿਸ ਢੰਗ ਨਾਲ ਜੰਗ ਮਚਿਆ ਉਹ ਬਿਰਤਾਂਤ ਕਹਿਕੇ ਸੁਣਾਉਂਦੇ ਹਨ।

'ਕਿ ਡਾਕੰਤ ਡਉਰੂ।। ਕਿ ਭ੍ਰਾਮੰਤ ਭਉਰੂ।।

ਕਿ ਆਹਾੜ ਡਿੱਗੇ।। ਕਿ ਰਾਕਤ੍ਰ ਭਿੱਗੇ।।੪੪।।੨੭੧।।' (ਪਾਰਸਨਾਥ)

ਡਉਰੂ (ਡਮਰੂ) ਡੱਕ-ਡੱਕ ਕਰਕੇ ਵੱਜਣ ਲਗੇ, ਘੋੜੇ ਘੁੰਮਣ ਲੱਗੇ। ਮੁਰਦੇ ਡਿੱਗੇ ਪਏ ਸਨ। ਜੋ ਲਹੂ ਨਾਲ ਭਿੱਜੇ ਹੋਏ ਸਨ।

'ਭੁਜੰਗ ਪ੍ਰਯਾਤ ਛੰਦ॥ ਰਣੰ ਸੁੱਧ ਸਾਵੰਤ ਭਾਵੰਤ ਗਾਜੇ॥ ਤਹਾ ਤੂਰ ਭੇਰੀ ਮਹਾ ਸੰਖ ਬਾਜੇ॥'

ਭਯੋ ਉਚ ਕੋਲਾਹਲੰ ਬੀਰ ਖੇਤੰ॥ ਬਹੇ ਸ਼ਸਤ੍ਰ ਅਸਤ੍ਰੰ ਨਚੇ ਭੂਤ ਪ੍ਰੇਤੰ॥੭●॥੨੮੭॥

ਜੁੱਧ ਵਿੱਚ ਸੂਰਮੇ ਭੱਬਕਦੇ ਹੋਏ ਗੱਜ ਰਹੇ ਸਨ, ਉਥੇ ਤੂਰ, ਭੇਰੀ ਤੇ ਸੰਖ ਵੱਜ ਰਹੇ ਸਨ। ਰਣ ਭੂਮੀ ਵਿੱਚ ਸੂਰਮਿਆਂ ਦਾ ਕੁਲਾਹਲ ਹੋ ਰਿਹਾ ਸੀ ਅਤੇ ਭੂਤ-ਪ੍ਰੇਤ ਨੱਚ ਰਹੇ ਸਨ।

**ਚਿਰਤ੍ਰੋਪਖਯਾਨ**

ਗੁਰੂ ਸਾਬਿ ਜੀ ਨੇ ਇਸਤਰੀਆਂ ਤੇ ਪੁਰਸ਼ਾਂ ਦੇ ਚਲਿਤ੍ਰ ਲਿਖੇ ਹਨ। ਪਹਿਲਾ ਚਰ੍ਰਿਤ ਆਦਿ ਸ਼ਕਤੀ ਚੰਡੀ ਦਾ ਹੈ ਜਿਸ ਵਿੱਚ ਆਪ ਕਥਨ ਕਰਦੇ ਹਨਃ

'ਤੁਹੀ ਡਹ ਡਹ ਕੈ ਡਵਰ ਕੋ ਬਜਾਯੋ॥

ਤੁਹੀ ਕਹ ਕਹ ਕੈ ਹਸੀ ਜੁੱਧ ਪਾਯੋ॥' (ਚਰਿਤ੍ਰੋ ਪਖਯਾਨ)

ਹੇ ਆਦਿ ਸ਼ਕਤੀ! ਤੂੰ ਹੀ ਬੜੇ ਧੂਮ ਧਮਾਕੇ ਨਾਲ ਡੌਰੂ ਵਜਾਇਆ ਅਤੇ ਤੂੰ ਹੀ ਹੱਸ ਹੱਸ ਕੇ ਯੁੱਧ ਵਿੱਚ ਦਾਖਲ ਹੋਈ ਹੈ।

'ਸ੍ਵੈਯਾ॥ ਮੰਦਲ ਤੂਰ ਮ੍ਰਿਦੰਗ ਮੁਚੰਗਨ ਕੀ ਧੁਨਿ ਕੈ ਲਲਕਾਰਿ ਪਰੇ॥

ਅਰੁ ਮਾਨ ਭਰੇ ਮਿਲਿ ਆਨਿ ਅਰੇ ਨ ਗੁਮਾਨ ਕੌ ਛਾਡਿ ਕੈ ਪੈਗ ਟਰੇ॥' (ਚਰਿਤ੍ਰ ੧)

ਢੋਲ, ਮ੍ਰਿਦੰਗ, ਮੁਚੰਗ ਦੀ ਅਵਾਜ਼ ਤੇ ਲਲਕਾਰ ਕੇ ਸੂਰਮੇ ਟੁਟ ਪਏ, ਉਹ ਹੰਕਾਰ ਨਾਲ, ਵੀਰਤਾ ਨਾਲ ਭਰੇ ਹੋਏ ਪਿਛੇ ਨਹੀਂ ਹੱਟਦੇ।

'ਅਨਿਕ ਤੂਰ ਭੇਰੀ ਪ੍ਰਣਵ ਗੋਮੁਖ ਅਨਿਕ ਮ੍ਰਿਦੰਗ॥

ਸੰਖ ਬੇਨੁ ਬੀਨਾ ਬਜੀ ਮੁਰਲੀ ਮੁਰਜ ਮੁਚੰਗ॥੩੫॥

ਨਾਦ ਨਫੀਰੀ ਕਾਨਰੇ ਦੁੰਦਭ ਬਜੇ ਅਨੇਕ॥

ਸੁਨਿ ਮਾਰੂ ਕਾਤਰ ਭਿਰੇ ਰਨ ਤਜਿ ਫਿਰਯੋ ਨ ਏਕ॥੩੬॥' (ਚਰਿਤ੍ਰ ੨)

ਤਾਨਪੁਰਾ, ਭੇਰੀ, ਢੋਲ, ਬੀਨ, ਗੋਮੁਖ, ਮ੍ਰਿਦੰਗ, ਸੰਖ, ਮੁਰਲੀ, ਮੁਰਜ ਅਨੇਕਾਂ ਪ੍ਰਕਾਰ ਦੇ ਵਾਜੇ ਵਜਣ ਲਗੇ। ਨਫੀਰੀ, ਦੁੰਦਭੀ ਆਦਿ ਅਨੇਕਾਂ ਰਣ ਸਿੰਘੀਆਂ ਦੀ ਆਵਾਜ ਸੁਣਕੇ ਜੋਧੇ ਆਪਸ ਵਿੱਚ ਲੜ ਪਏ ਕੋਈ ਵੀ ਜੁੱਧ ਤੋਂ ਪਿਛੇ ਨਹੀਂ ਹਟਿਆ।

'ਦੋਹਿਰਾ।। ਤਾਹਿ ਦੂਤਿਕਾ ਰਾਇ ਸੌਂ ਭੇਦ ਕਹਯੋ ਸਮੁਝਾਇ।।

ਬਰੀ ਰਾਇ ਸੁਖ ਪਾਇ ਮਨ ਦੁੰਦਭਿ ਢੋਲ ਬਜਾਇ।।੫।।' (ਚਰਿਤ੍ਰ ੨)

ਦਾਸੀ ਨੇ ਰਾਜੇ ਨੂੰ ਇਹ ਸਾਰਾ ਭੇਦ ਸਮਝਾ ਦਿੱਤਾ ਅਤੇ ਰਾਜੇ ਨੇ ਬੜੀ ਖੁਸੀ ਨਾਲ ਧੌਂਸੇ ਵਜਾਕੇ ਉਸ ਅਪੱਛਰਾਂ ਨਾਲ ਵਿਆਹ ਕਰ ਲਿਆ।

ਰਾਮਦਾਸ ਪੁਰ ਛਾਡਿ ਕੀਰਤਿ ਪੁਰ ਆਇ ਕੈ।।

ਹੋ ਇਕ ਪਗ ਠਾਢੇ ਜਰੀ ਮ੍ਰਿਦੰਗ ਬਜਾਇ ਕੈ।।੯।। (ਚਰਿਤ੍ਰ ੧੫)

ਲੋਕਾਂ ਦੇ ਬਹੁਤ ਮਨ੍ਹਾਂ ਕਰਨ ਤੇ ਵੀ ਉਹਨੇ ਕਿਸੇ ਦੀ ਨਾਂ ਸੁਣੀ ਤੇ ਬਹੁਤ ਹਠ ਕਰਕੇ ਧਨ ਲੁਟਾ ਕੇ ਉਹ ਰਾਮਦਾਸ ਪੁਰ ਛਡ ਕੇ ਕੀਰਤਪੁਰ ਆ ਗਈ ਅਤੇ ਇਕ ਪੈਰ ਤੇ ਖੜੀ ਹੋ ਕੇ ਮ੍ਰਿਦੰਗ ਵਜਾਕੇ ਸੜ ਮਰੀ।।

'ਦੋਹਰਾ।। ਸੰਖ ਨਫੀਰੀ ਕਾਨ੍ਹਰੇ ਤੁਰਹੀ ਭੇਰ ਅਪਾਰ।।

ਮੁਚੰਗ ਸਨਾਈ ਡੁਗਡੁਗੀ ਡਵਰੂ ਢੋਲ ਹਜਾਰ।।੨੦।।' (ਚਰਿਤ੍ਰ ੧੦੨)

ਯੁੱਧ ਦੇ ਮੈਦਾਨ ਵਿੱਚ ਸੰਖ, ਨਫੀਰੀ, ਕਾਨਰੇ ਤੁਰਹੀ, ਮੁਚੰਗ, ਡੁਗਡੁਗੀ, ਡਮਰੂ ਅਤੇ ਢੋਲ ਆਦਿ ਦੀਆਂ ਆਵਾਜਾਂ ਸੁਣਾਈ ਦੇਣ ਲੱਗੀਆਂ।

'ਕਹੂੰ ਦੁੰਦਭੀ ਢੋਲ ਸਹਨਾਇ ਬੱਜੈ।।

ਮਹਾਂ ਕੋਪ ਕੈ ਸੂਰ ਕੇਤੇ ਗੱਰਜੈ।।' (ਚਰਿਤ੍ਰ ੧੦੨)

ਕਿਤੇ ਦੁੰਦਭੀਆਂ ਅਤੇ ਸ਼ਹਿਨਾਈਆਂ ਵਜ ਰਹੀਆਂ ਸਨ ਅਤੇ ਕਿਤੇ ਗੁੱਸੇ ਵਿੱਚ ਮਹਾਬਲੀ ਗਰਜ ਰਹੇ ਸਨ।

'ਚੋਪਈ।। ਧਰਵਾਰਨ ਤਾ ਕੋ ਧਨ ਮਾਰਿਯੋ।।

ਪੁਰੀ ਆਇ ਪਾਲਕਨ ਪੁਕਾਰਿਯੋ।।

ਅਗਨਤ ਢੋਲ ਨਗਾਰੇ ਬਾਜੇ॥ ਕੌਚ ਪਹਿਰਿ ਸੂਰਮਾ ਬਿਰਾਜੇ।।੨।।' (ਚਰਿਤ੍ਰ ੧੨੮)

ਵੈਰੀਆਂ ਨੇ ਰਾਜੇ ਦਾ ਧਨ ਲੁੱਟ ਲਿਆ ਤੇ ਸ਼ਹਿਰ ਵਿੱਚ ਆਕੇ ਹਾਕਮਾਂ ਨੂੰ ਲਲਕਾਰਿਆ। ਅਨੇਕਾਂ ਢੋਲ, ਨਗਾਰੇ ਵੱਜ ਉਠੇ ਅਤੇ ਸੂਰਬੀਰ ਕਵਚ ਪਾਕੇ ਬਿਰਾਜਮਾਨ ਹੋ ਗਏ।

'ਕਤੇ ਖਿੰਗ ਖੰਗੇ ਕਿਤੇ ਖੇਤ ਮਾਰੇ॥ ਘੁਰੇ ਘੋਰ ਬਾਜੰਤ੍ਰ ਮਾਰੂ ਨਗਾਰੇ॥

ਬਚਯੋ ਬੀਰ ਐਕੈ ਨ ਬਾਜੰਤ੍ਰ ਬਾਜੀ॥ ਮਹਾ ਤ੍ਰਾਸ ਕੈ ਕੈ ਮਹਾਂ ਸੈਨ ਭਾਜੀ।।੫।।'

(ਚਰਿਤ੍ਰ ੧੨੮)

ਕਈਆਂ ਨੂੰ ਤਲਵਾਰ ਵਿੱਚ ਪਰੋ ਕੇ ਮਾਰ ਦਿੱਤਾ, ਯੁੱਧ ਦੇ ਮੈਦਾਨ ਵਿੱਚ ਮਾਰੂ ਨਗਾਰੇ ਗੂੰਜਣ ਲਗੇ। ਵਾਜੇ ਵਜਾਉਣ ਵਾਲਾ ਵੀ ਕੋਈ ਨਾ ਬਚਿਆ ਤੇ ਸੈਨਾ ਬੁਰੀ ਤਰ੍ਹਾਂ ਡਰ ਕੇ ਭੱਜ ਖਲੋਤੀ।

'ਬਾਜਹਿ ਢੋਲ ਮ੍ਰਿਦੰਗ ਨਗਾਰਾ॥ ਭੀਖਨ ਕਰਤ ਭੇਰ ਭਭਕਾਰਾ॥

ਜੰਗ ਮੁਚੰਗ ਉਪੰਗ ਬਜੇ ਰਨ॥ ਝਾਲਰਿ ਤਾਨ ਨਫੀਰਨ ਕੇ ਗਨ।।੭੨॥

ਮੁਰਲੀ ਮੁਹਜ ਕਹੀ ਰਨ ਬਾਜਤ॥ ਦਾਨਵ ਭਰੇ ਗੁਮਾਨਹਿ ਗਾਜਤ॥

ਢੋਲਨ ਪਰ ਦੈ ਦੈ ਚਮਕਾਰੇ॥ ਗਹਿ ਗਹਿ ਧਵਤ ਕ੍ਰਿਪਾਨ ਕਟਾਰੇ।।੭੩।।'

(ਚਰਿਤ੍ਰ ੪●੪)

ਗੁਰੂ ਸਾਹਿਬ ਜੀ 'ਸ੍ਰੀ ਅਸਿਧੁਜ' ਚਰਿਤ੍ਰ ਵਿੱਚ ਦੈਂਤਾਂ ਤੇ ਮਹਾਕਾਲ ਦੇ ਵਿਚਕਾਰ ਯੁੱਧ ਦੇ ਪ੍ਰਸੰਗ ਦਾ ਕਥਨ ਕਰਦੇ ਹਨ ਕਿ ਢੋਲ, ਮ੍ਰਿਦੰਗ ਅਤੇ ਨਗਾਰੇ ਵੱਜ ਰਹੇ ਸਨ ਅਤੇ ਭੀਖਨ ਭੇਰੀਆਂ ਭਭਕ ਰਹੀਆਂ ਸਨ। ਯੁੱਧ ਵਿੱਚ ਮੁਚੰਗ ਉਪੰਗ, ਝਾਂਝਰ ਅਤੇ ਤੂਤੀਆਂ ਵੱਜ ਰਹੀਆਂ ਸਨ। ਜੰਗ ਵਿੱਚ ਮ੍ਰਿਦੰਗ ਅਤੇ ਮੁਰਲੀ ਵੱਜ ਰਹੀ ਸੀ ਅਤੇ ਦਾਨਵ ਹੰਕਾਰ ਨਾਲ ਭਰੇ ਹੋਏ ਸਨ। ਢੋਲ ਵਜਾ ਕੇ ਅਤੇ ਕਿਰਪਾਨਾਂ ਕਟਾਰਾਂ ਹੱਥ ਵਿੱਚ ਫੜ ਕੇ ਉਹ ਭੱਜ ਰਹੇ ਸਨ।

'ਕਾਢਿ ਕ੍ਰਿਪਾਨ ਧਸੌ ਹੁੰਕਾਰਾ॥ ਤਿਨ ਤੇ ਅਮਿਤ ਗਨਨ ਤਨ ਧਾਰਾ॥

ਢੋਲ ਪਟਹਿ ਇਕ ਤਾਲ ਬਜਾਵੈਂ॥ ਜੰਗ ਮੁਚੰਗ ਉਪੰਗ ਸੁਨਾਵੈਂ।।੧੧੩॥

ਗੋ ਮੁਖ ਝਾਝਰ ਤੂਰ ਅਪਾਰਾ॥ ਢੋਲ ਮ੍ਰਿਦੰਗ ਮੁਚੰਗ ਨਗਾਰਾ।

ਬਾਜਤ ਭੇਰ ਭਭਾਕਹਿ ਭੀਖਨ॥ ਕਸਿ ਧਨੁ ਤਜਤ ਸੁਭਟ ਸਰ ਤੀਛਨ॥੧੧੪॥

(ਚਰਿਤ੍ਰ ੪੦੪)

ਭੂਮਸੇਨ ਯੋਧਾ ਕਿਰਪਾਨ ਕੱਢ ਕੇ ਹੰਕਾਰ ਦਾ ਭਰਿਆ ਹੋਇਆ ਦੁਸ਼ਮਣ ਦੀ ਫੌਜ ਵਿੱਚ ਧੱਸ ਗਿਆ। ਸਾਰੇ ਢੋਲ, ਪੱਟਾ ਇਕ ਤਾਲ ਵਜਾਉਣ ਲੱਗੇ ਅਤੇ ਚੰਗ, ਮੁਚੰਗ, ਉਪੰਗ ਆਦਿ ਸੁਣਾਉਣ ਲੱਗੇ। ਗਊ ਮੁਖ ਝਾਝਰ, ਤੁਰੀ, ਢੋਲ, ਮ੍ਰਿਦੰਗ, ਮੁਚੰਗ, ਉਪੰਗ ਆਦਿ ਵੱਜਣ ਲੱਗੇ ਵਿਕਰਾਲ ਭੇਰੀਆਂ ਵਜੱਣ ਲੱਗੀਆਂ ਅਤੇ ਸੂਰਮੇ ਕਮਾਨਾਂ ਖਿੱਚ-ਖਿੱਚ ਕੇ ਤੀਰ ਛੱਡਣ ਲੱਗੇ।

'ਝਾਲਰਿ ਝਾਂਝਰ ਢੋਲ ਮ੍ਰਿਦੰਗਾ॥ ਪਟਹ ਨਗਾਰੇ ਮੁਰਜ ਮੁਚੰਗਾ॥

ਡਵਰੂ ਗੁਡਗੁਡੀ ਕਹੂੰ ਉਪੰਗਾ॥ ਨਾਇ ਨਫੀਰੀ ਬਜਤ ਸੁਰੰਗਾ॥੧੨੮॥

ਮੁਰਲੀ ਕਹੂੰ ਬਾਸੁਰੀ ਬਾਜਤ॥ ਕਹੂੰ ਉਪੰਗ ਮ੍ਰਿਦੰਗ ਬਰਾਜਤ॥

ਦੁੰਦਭਿ ਢੋਲ ਕਹੂੰ ਸ਼ਹਨਾਈ॥ ਬਾਜਤ ਭੇ ਲਖਿ ਪਰੀ ਲਰਾਈ॥੧੨੯॥

ਮੁਰਜ ਮੁਚੰਗ ਬਜੈ ਤੁਰਹੀ ਰਨ॥ ਭੇਰਨ ਕੇ ਭਭਕਾਰ ਕਰਤ ਗਨ॥

ਹਾਥੀ ਘੋਰਨ ਕੇ ਦੁੰਦਭਿ ਰਨ॥ ਉਸਟਨ ਕੇ ਬਾਜੇ ਰਨ ਮੁਰਧਨ॥੧੩੦॥' (ਚਰਿਤ੍ਰ ੪੦੪)

ਯੁੱਧ ਦੇ ਮੈਦਾਨ ਵਿੱਚ ਝਾਲਰ, ਢੋਲ, ਮ੍ਰਿਦੰਗ, ਪੱਟੇ, ਨਗਾਰੇ, ਮੁਚੰਗ, ਡੁਗਡੁਗੀ, ਉਪੰਗ ਅਤੇ ਨਫੀਰੀ ਆਦਿ ਸੁਰਤਾਲ ਨਾਂਲ ਵੱਜ ਰਹੇ ਸਨ। ਕਿਤੇ ਮੁਰਲੀ ਅਤੇ ਬਾਂਸਰੀ ਵੱਜ ਰਹੀ ਸੀ, ਕਿਤੇ ਉਪੰਗ ਅਤੇ ਮ੍ਰਿਦੰਗ ਵੱਜ ਰਹੇ ਸਨ ਕਿਤੇ ਦੁਦੰਭੀ, ਢੋਲ ਅਤੇ ਸ਼ਹਿਨਾਈਆਂ ਵੱਜ ਰਹੀਆਂ ਸਨ। ਇਹ ਸਭ ਸਾਜ ਲੜਾਈ ਨੂੰ ਵੇਖ ਕੇ ਵੱਜ ਰਹੇ ਸਨ। ਯੁੱਧ ਵਿਚ ਢੋਲ, ਮੁਚੰਗ, ਤੁਰਹੀ ਆਦਿ ਵਾਜੇ ਵੱਜ ਰਹੇ ਸਨ ਕਿਤੇ ਭੂਤ ਪ੍ਰੇਤ ਭੇਰੀਆਂ ਵਾਂਗ ਭੱਭਕ ਰਹੇ ਸਨ। ਹਾਥੀਆਂ ਘੋੜਿਆਂ ਦੀਆਂ ਦੁਦੰਭੀਆਂ ਅਤੇ ਊਠਾਂ ਦੇ ਵਾਜੇ ਬੜੀ ਮਿਠੀ ਸੁਰ ਵਿੱਚ ਵੱਜ ਰਹੇ ਸਨ।

'ਮਾਰਹਿ ਮਾਰਿ ਮਹਾ ਸੂਰ ਕੂਕਹਿ॥ ਕਾਢਿ ਕਾਢਿ ਦਾਂਤਨ ਕਹ ਢੂਕਹਿ॥

ਬਾਜਹਿ ਢੋਲ ਮ੍ਰਿਦੰਗ ਨਗਾਰੇ॥ ਜੰਗ ਮਚੰਗ ਉਪੰਗ ਜੁਝਾਰੇ॥' (ਚਰਿਤ੍ਰ ੪●੪)

ਸੂਰਬੀਰ ਮਾਰੋ-ਮਾਰੋ ਕੂਕ ਰਹੇ ਸਨ ਅਤੇ ਢੋਲ, ਮ੍ਰਿਦੰਗ, ਨਗਾਰੇ ਚੰਗ ਅਤੇ ਉਪੰਗ ਆਦਿ ਵਾਜੇ ਵੱਜ ਰਹੇ ਸਨ।

'ਕਹੂੰ ਸੰਖ ਭੇਰੀ ਬਜੈ ਤਾਲ ਭਾਰੇ॥ ਕਹੂੰ ਬੇਨ ਬੀਨਾ ਪਨੋ ਔ ਨਗਾਰੇ।

ਕਹੂੰ ਨਾਇ ਨਾਫੀਰਿਯੈ ਨਾਦ ਐਸੇ॥ ਬਜੈ ਘੋਰ ਬਾਜਾ ਪ੍ਰਲੈ ਕਾਲ ਜੈਸੇ॥੧੫੭॥

ਕਹੂੰ ਛੈਨ ਤੂਰੈਂ ਨਗਾਰੈ ਮ੍ਰਿਦੰਗੈ॥ ਕਹੂੰ ਬਾਂਸੁਰੀ ਬੀਨ ਬਾਜੈ ਸੁਰੰਗੈ॥

ਕਹੂੰ ਬਗਲ ਤਾਰੰਗ ਬਾਜੇ ਬਜਾਵੈਂ॥ ਕਹੂੰ ਬਾਰਤਾ ਰੰਗ ਨੀਕੇ ਸੁਹਾਵੈ॥੧੫੮॥

ਕਹੂੰ ਝਾਝ ਬਾਜੈਂ ਕਹੂੰ ਤਾਲ ਐਸੇ॥ ਕਹੂੰ ਬੇਨੁ ਬੀਨਾ ਪ੍ਰਲੈਕਾਲ ਜੈਸੇ।

ਕਹੂੰ ਬਾਂਸੁਰੀ ਨਾਇ ਨਾਦੈ ਮ੍ਰਿਦੰਗੈ॥ ਕਹੂੰ ਸਾਰੰਗੀ ਔ ਮੁਚੰਗੈ ਉਪੰਗੈਂ॥੧੫੯॥'

(ਚਰਿਤ੍ਰ ੪●੪)

ਕਿਤੇ ਸੰਖ, ਭੇਰੀ, ਵੀਣਾ ਅਤੇ ਨਗਾਰੇ ਵੱਜ ਰਹੇ ਸਨ ਅਤੇ ਕਿਤੇ ਨਾਦ ਨਫੀਰੀਆਂ ਇਸ ਤਰ੍ਹਾਂ ਵੱਜ ਰਹੀਆਂ ਸਨ, ਜਿਵੇਂ ਪਰਲੋ ਕਾਲ ਵਿਚ ਵਿਕਰਾਲ ਵਾਜੇ ਵੱਜ ਰਹੇ ਹੋਣ। ਕਿਤੇ ਛੈਣੇ, ਤੁਰੀਆਂ, ਨਗਾਰੇ ਅਤੇ ਮ੍ਰਿਦੰਗ ਵੱਜ ਰਹੇ ਸਨ ਅਤੇ ਕਿਤੇ ਬਾਂਸਰੀ, ਵੀਣਾ ਆਦਿ ਸੁਰੀਲੀਆਂ ਸੁਰਾ ਵਿੱਚ ਵੱਜ ਰਹੇ ਸਨ। ਕਿਤੇ ਤੂੰਬਾ ਵਜਾਇਆ ਜਾ ਰਿਹਾ ਸੀ ਕਿਤੇ ਦਿਲਚਸਪ ਬੀਰ ਰਸੀ ਕਥਾਵਾਂ ਸੁਣਾਈਆਂ ਜਾ ਰਹੀਆਂ ਸਨ। ਕਿਤੇ ਝਾਂਝ, ਵੇਣ ਅਤੇ ਵੀਣਾ ਦੀ ਤਾਲ ਸੁਰ ਇਸ ਤਰ੍ਹਾਂ ਸੁਣਾਈ ਦੇ ਰਹੀ ਸੀ ਕਿ ਮਾਨੋ ਪਰਲੋ ਕਾਲ ਵਿੱਚ ਉਹ ਗੂੰਜ ਰਹੀਆਂ ਹੋਣ। ਕਿਤੇ ਬਾਂਸਰੀਆਂ ਤੇ ਮ੍ਰਿਦੰਗ ਵੱਜ ਰਹੇ ਸਨ। ਅਤੇ ਕਿਤੇ ਸਾਰੰਗੀ ਤੇ ਮੁਚੰਗ ਵੱਜ ਰਹੇ ਸਨ।

**ਜ਼ਫਰਨਾਮਹ**

"ਦਹਾਨੇ ਦੁਹਦ ਰਾ ਦਹਨ ਬਰ ਕੁਸ਼ਾਦ॥

ਜਵਾਬੇ ਸੁਖ਼ਨ ਰਾ ਉਜ਼ਰ ਬਰ ਨਿਹਾਦ॥੯॥" (ਹਿਕਾਯਤ ਚੌਥੀ)

ਗੁਰੂ ਸਾਹਿਬ ਜ਼ਫਰਨਾਮਹ ਵਿੱਚ ਚੌਥੀ ਹਿਕਾਯਤ ਵਿੱਚ ਫਾਰਸੀ ਭਾਸ਼ਾ ਵਿੱਚ ਫੁਰਮਾਉਂਦੇ ਹਨ ਕਿ ਬਾਦਸ਼ਾਹ ਦੇ ਹੁਕਮ ਅਨੁਸਾਰ ਢੋਲਾਂ ਵਾਲਿਆਂ ਨੇ ਢੋਲਾਂ ਦਾ ਮੂੰਹ ਖੋਲ੍ਹਿਆ ਭਾਵ ਖੂਬ ਢੋਲ ਵਜਾਏ। ਬਾਦਸ਼ਾਹ ਨੇ ਆਪਣੇ ਬਚਨ ਦਾ ਉੱਤਰ ਲੈਣ ਦਾ ਭਾਰ ਜਿਮੇਂਵਾਰੀ ਆਪਣੀ ਲੜਕੀ ਤੇ ਰੱਖਿਆ।

'ਬਿਅਫ਼ਤਾਦ ਬਰ ਰਥ ਬਿਆਵੁਰਦ ਜਾਂ।।

ਬਿਜ਼ਦ ਨਓਬਤਸ਼ ਸ਼ਾਹਿ ਸ਼ਾਹੇ ਜ਼ਮਾਂ।।੧੩੬।।' (ਹਿਕਾਯਤ ਚੌਥੀ)

ਰਾਜਕੁਮਾਰੀ ਸੁਭਟ ਸਿੰਘ ਨੂੰ ਰੱਥ ਉੱਤੇ ਪਾ ਕੇ ਆਪਣੇ ਘਰ ਲੈ ਆਈ ਅਤੇ ਉਸ ਦੇ ਪਿਤਾ ਬਾਦਸ਼ਾਹ ਨੇ ਖੁਸ਼ੀ ਨਾਲ ਨਗਾਰੇ ਵਜਾਏ।

# ਸੱਤਵਾਂ ਅਧਿਆਇ

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਮਹੱਤਵ

## 7.1 ਧਾਰਮਿਕ ਮਹੱਤਵ

ਸ੍ਰੀ ਦਮਸ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਵਿੱਚ ਧਰਮ ਦੀ ਤੇ ਅਧਿਆਤਮ ਦੀ ਹੀ ਸਾਰੀ ਵੀਚਾਰ ਧਾਰਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਬੀਰ ਰਸੀ ਸਾਹਿਤ ਦੀ ਰਚਨਾ ਕੀਤੀ ਉਥੇ ਆਤਮਾ ਨੂੰ ਪਰਮ-ਆਤਮਾ (ਪਰਮਾਤਮਾ) ਨਾਲ ਮਿਲਣ ਦੀ ਵੀ ਗੱਲ ਕੀਤੀ ਹੈ। ਜਿਆਦਾਤਰ ਅਧਿਆਤਮਿਕਤਾ ਦੀ ਹੀ ਗੱਲ ਕੀਤੀ ਹੈ। ਜਿਸ ਤਰ੍ਹਾਂ ਜਾਪੁ ਸਾਹਿਬ, ਅਕਾਲ ਉਸਤਤਿ ਦੀ ਸੰਪੂਰਣ ਬਾਣੀ ਵਿੱਚ ਅਕਾਲ ਪੁਰਖ ਦੀ ਆਤਮਾ, ਪ੍ਰਮਾਤਮਾ ਦੇ ਸੂਰੂਪ ਦਾ ਜਿਹੜਾ ਪ੍ਰਤੱਖ ਅਨੁਭਵ ਗੁਰੂ ਸਾਹਿਬ ਨੇ ਆਪ ਕੀਤਾ ਉਸ ਵਾਰੇ ਬਿਆਨ ਕੀਤਾ ਹੈ। ਜਿਵੇਂ:-

ਦੋਹਰਾ।। ਏਕ ਸਮੈ ਸ੍ਰੀ ਆਤਮਾ ਉਚਰਿਓ ਮਤਿ ਸਿਉ ਬੈਨ।।
ਸਬ ਪ੍ਰਤਾਪ ਜਗਦੀਸ ਕੋ ਕਹੋ ਸਕਲ ਬਿਧਿ ਤੈਨ।।੧।।੨੦੧।।
ਕੋ ਆਤਮਾ ਸਰੂਪ ਹੈ ਕਹਾ ਸ੍ਰਿਸਟਿ ਕੋ ਬਿਚਾਰ।।
ਕਉਨ ਧਰਮ ਕੋ ਕਰਮ ਹੈ ਕਹੋ ਸਕਲ ਬਿਸਥਾਰ।।੨।।੨੦੨।।

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਪੂਰਣ ਬਾਣੀ ਗੁਰੂ ਸਾਹਿਬ ਜੀ ਨੇ ਧਰਮ ਸਥਾਪਨ ਵਾਸਤੇ ਹੀ ਰਚੀ ਹੈ। ਭਾਵ ਇਸ ਸੰਸਾਰ ਵਿੱਚ ਸਰੀਰ ਕਰਕੇ ਰਹਿਣਾ ਹੈ ਤਾਂ ਧਰਮ ਦੇ ਅਨੁਸਾਰ ਹੀ ਜਿਉਣਾ ਹੈ। ਗੁਰੂ ਸਾਹਿਬ ਜੀ ਇਸਦੀ ਉਦਾਹਰਣ ਕ੍ਰਿਸ਼ਨਾਵਤਾਰ ਦੇ ਅੰਤ ਵਿੱਚ ਲਿਖਦੇ ਹਨ ਕਿ :-

ਸਵੈਯਾ।।

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈਂ ਜੁਧ ਬਿਚਾਰੈ।।
ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ।।

ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜਿਆਰੈ॥

ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥੨੪੯੨॥੫੧੪॥

ਗੁਰੂ ਸਾਹਿਬ ਜੀ ਨੇ ਕਾਮ-ਮੋਖ ਬਾਰੇ ਵੀ ਗਿਆਨ ਦਿੱਤਾ ਹੈ ਕਿ ਰਾਜ ਧਰਮ ਕੀ ਹੈ ਮੁਕਤੀ ਦਾ ਧਰਮ ਕੀ ਹੈ। 'ਗਿਆਨ ਪ੍ਰਬੋਧ' ਬਾਣੀ ਵਿੱਚ ਪਹਿਲੇ ਨਿਰਗੁਣ ਤੇ ਸਰਗੁਨ ਦੀ ਉਪਮਾ ਦੱਸੀ ਹੈ, ਫਿਰ ਪੁਰਾਤਨ ਕਥਾਵਾਂ ਮਹਾਂ ਭਾਰਤ ਆਦਿਕ ਵੱਲ ਦ੍ਰਿਸ਼ਟੀ ਕੀਤੀ ਹੈ ਕਿ ਜਦੋਂ ਯੁਧਿਸ਼ਟਰ ਕੁਰਖੇਤ੍ਰ ਦੇ ਜੰਗ ਮਗਰੋਂ ਉਦਾਸ ਹੋ ਗਿਆ ਤਾਂ ਉਸਨੂੰ ਭੀਸ਼ਮ ਪਿਤਾਮਾ ਜੀ ਜੋ ਤੀਰਾਂ ਦੀ ਸੇਜਾ ਉੱਪਰ ਸਨ ਉਸ ਕੋਲ ਲੈ ਗਏ, ਭੀਸ਼ਮ ਨੇ ਰਾਜੇ ਯੁਧਿਸਟਰ ਨੂੰ ਰਾਜਨੀਤੀ ਦੱਸੀ ਅਤੇ ਚਾਰ ਧਰਮ ਦਸੇ ਸਨ। ਉਹਨਾਂ ਚੋਹਾਂ ਵਿਚੋਂ ਦਾਨ ਧਰਮ ਮੁਖ ਦਸਿਆ ਸੀ। ਯੁਧਿਸਟਰ ਨੇ ਗੱਦੀ ਪੁਰ ਬੈਠਕੇ, ਦਾਨ ਧਰਮ ਵਾਲੀ ਬ੍ਰਿਤੀ ਨੂੰ ਜੋੜਿਆ ਤੇ ਸਭ ਤੋਂ ਪਹਿਲਾਂ ਅਸ੍ਵਮੇਧ ਜੱਗ ਫਿਰ ਰਾਜਸੂ ਜੱਗ ਆਦਿ ਧਰਮ ਕਰਮ ਕੀਤੇ ਸਨ। ਇਸ ਤਰ੍ਹਾਂ ਧਰਮ ਦਾ ਹੀ ਥਾਂ ਪਰ ਥਾਂ ਉਪਦੇਸ਼ ਕੀਤਾ ਹੈ।

ਜੋ ਗੁਰੂ ਸਾਹਿਬ ਜੀ ਨੇ ਚੌਬੀਸ ਅਵਤਾਰ ਦੀ ਕਥਾ ਲਿਖੀ ਹੈ ਉਸ ਵਿੱਚ ਵੀ ਨਿਰੋਲ ਧਰਮ ਹੀ ਹੈ ਭਾਵ ਪ੍ਰਮਾਤਮਾ ਨੇ ਦੁਨੀਆ ਤੇ ਧਰਮ ਦੀ ਸਥਾਪਨਾ ਹੇਤੂ ਪਾਪ ਨੂੰ ਖਤਮ ਕਰਨ ਲਈ ਹੀ ਵੱਖ-ਵੱਖ ਅਵਤਾਰਾਂ ਨੂੰ ਮਾਤ ਲੋਕ ਤੇ ਭੇਜਿਆ ਕਿ ਜਾਓ ਜਗਤ ਵਿੱਚ ਧਰਮ ਦੀ ਸਥਾਪਨਾ ਕਰੋ ਮਨੁੱਖੀ ਜੀਵਾਂ ਨੂੰ ਕੁਕਰਮਾਂ ਤੋਂ ਹਟਾ ਕੇ ਸ਼ੁੱਭ ਕਰਮ, ਧਰਮ ਕਰਮ ਕਰਨ ਦਾ ਉਪਦੇਸ਼ ਦਿਓ। ਇਸੇ ਤਰ੍ਹਾਂ ਗੁਰੂ ਸਾਹਿਬ ਜੀ ਆਪਣੀ ਜੀਵਨ ਕਥਾ ਦਾ ਵਰਣਨ ਕਰਦੇ ਹੋਏ ਬਚਿਤ੍ਰ ਨਾਟਕ ਦੀ ਬਾਣੀ ਵਿੱਚ ਫੁਰਮਾਉਂਦੇ ਹਨ ਕਿ ਅਸੀ ਇਸ ਮਾਤ ਲੋਕ ਤੇ ਕੇਵਲ ਧਰਮ ਦੀ ਸਥਾਪਨਾ ਕਰਨ ਲਈ ਹੀ ਆਏਂ ਹਾਂ ਸਾਡਾ ਜਨਮ ਹੀ ਕੇਵਲ ਤੇ ਕੇਵਲ ਧਰਮ ਚਲਾਉਣ ਤੇ ਦੁਸ਼ਟ ਦੋਖੀਆਂ ਨੂੰ ਪਛਾੜਨ ਖਤਮ ਕਰਨ ਲਹੀ ਹੀ ਹੋਇਆ ਹੈ ਸਾਡੇ ਪਿਤਾ ਧੰਨ ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਵੀ ਆਪਣਾ ਸੀਸ, ਧਰਮ ਨੂੰ ਬਚਾਉਣ ਲਈ ਹੀ ਕੁਰਬਾਨ ਕੀਤਾ ਸੀ। ਇਸ ਤਰ੍ਹਾਂ ਆਪ ਆਪਣੇ ਮੁਖਾਰਬਿੰਦ ਤੋਂ ਸਾਰਾ ਬ੍ਰਿਤਾਂਤ ਬਚਿਤ੍ਰ ਨਾਟਕ ਵਿੱਚ ਅੰਕਿਤ ਕਰਦੇ ਹਨ ਜਿਵੇ :-

'ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥

ਸਾਧਨਿ ਹੇਤ ਇਤੀ ਜਿਨਿ ਕਰੀ॥ ਸੀਸੁ ਦੀਆ ਪਰ ਸੀ ਨ ਉਚਰੀ॥੧੩॥

ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥

ਨਾਟਕ ਚੇਟਕ ਕੀਏ ਕੁਕਾਜਾ॥ ਪ੍ਰਭ ਲੋਗਨ ਕਹ ਆਵਤ ਲਾਜਾ॥੧੪॥'

'ਜਬ ਹਮ ਧਰਮ ਕਰਮ ਮੋ ਆਏ॥ ਦੇਵ ਲੋਕ ਤਬ ਪਿਤਾ ਸਿਧਾਏ'

'ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥'

ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥

ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥

ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ॥੪੩॥ (ਬਚਿਤ੍ਰ ਨਾਟਕ)

## 7.2 ਰਾਜਨੈਤਿਕ ਮਹੱਤਵ

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਵਿੱਚ ਰਾਜਨੀਤੀ ਦਾ ਵੀ ਚੰਗਾ ਉਪਦੇਸ਼ ਕੀਤਾ ਹੈ। ਜਿਵੇਂ 'ਗਿਆਨ ਪ੍ਰਬੋਧ' ਵਿੱਚ ਰਾਜੇ ਜਨਮੇਜੇ ਨੂੰ ਧਰਮ ਦਾ ਉਪਦੇਸ਼ ਦਿਤਾ ਗਿਆ ਤੇ ਇਸਨੇ ਚੰਗਾ ਧਰਮ ਦਾ ਰਾਜ ਕੀਤਾ। ਆਪਣੇ ਰਾਸ਼ਟ੍ਰ ਹਿਤ ਲਈ ਕਿੰਨੇ-ਕਿੰਨੇ ਵੱਡੇ ਸੁਰਮਿਆਂ ਨੇ ਜੰਗ ਲੜੇ। ਗੁਰੂ ਸਾਹਿਬ ਜੀ ਨੇ ਆਪ ਵੀ ਧਰਮ ਦੇ ਰਾਜ ਲਈ 14 ਜੰਗਾਂ ਕੀਤੀਆਂ ਆਪ ਜੀ ਨੇ ਜੋ ਮੁਗਲਾਂ ਵਲੋਂ ਸਦੀਆਂ ਤੋਂ ਹਿੰਦੁਸਤਾਨ ਨੂੰ ਗੁਲਾਮ ਕੀਤਾ ਹੋਇਆ ਸੀ ਉਸ ਵਿੱਚ ਕ੍ਰਾਂਤੀਕਾਰੀ ਵਿਚਾਰ ਲਿਆਂਦੇ ਆਪਣੇ ਸਾਹਿਤ ਤੇ ਬਲ ਨਾਲ ਭਾਰਤੀਆਂ ਨੂੰ ਟੁੰਬ ਕੇ ਜਗਾਇਆ। ਅਨੇਕਾਂ ਰਾਜਿਆਂ ਚੰਗੇ-ਮਾੜੇ, ਧਰਮੀ-ਅਧਰਮੀ ਦੀਆਂ ਕਥਾਵਾਂ ਵੀ ਲਿਖੀਆਂ। ਔਰੰਗਜ਼ੇਬ ਨੂੰ ਜ਼ਫ਼ਰਨਾਮਹ ਵਿੱਚ ਗੁਰੂ ਸਾਹਿਬ ਦੱਸਦੇ ਹਨ ਕਿ ਰਾਜ-ਸਾਜ ਦਾ ਅਸਲ ਹਕਦਾਰ ਕੌਣ ਹੁੰਦਾ ਹੈ ਜਿਵੇਂ ਹਿਕਾਯਤ ਤੀਸਰੀ ਵਿੱਚ ਚੀਨ ਦੇ ਬਾਦਸ਼ਾਹ ਦਾ ਦੱਸਦੇ ਹਨ ਕਿ ਉਹ ਕਿਵੇਂ ਦਾ ਸੀ। ਜਦ ਉਸ ਦਾ ਅੰਤ ਸਮਾਂ ਆਇਆ ਤਾਂ ਉਸਦੇ ਵਜ਼ੀਰਾਂ ਨੇ ਪੁਛਿਆ ਕਿ ਆਪ ਦੇ ਪਿਛੋਂ ਇਹ ਰਾਜ-ਗੱਦੀ ਕਿਸ ਨੂੰ ਸੌਂਪੀ ਜਾਏ? ਤਦ ਬਾਦਸ਼ਾਹ ਨੇ ਬਹੁਤ ਸਾਰੇ ਗੁਣਾਂ ਦਾ ਵਰਣਨ ਕੀਤਾ ਕਿ ਜਿਸ ਆਦਮੀ ਵਿੱਚ ਤੁਸੀ ਇਹ ਗੁਣ ਦੇਖੋ ਉਸੇ ਨੂੰ ਹੀ

ਰਾਜ-ਗੱਦੀ ਤੇ ਬਿਠਾ ਦੇਣਾ। ਇਸੇ ਤਰ੍ਹਾਂ ਰਾਜੇ ਵਿੱਚ ਕਿਹੜੇ-ਕਿਹੜੇ ਸ਼ੁੱਭ ਗੁਣ ਹੋਣੇ ਚਾਹੀਦੇ ਹਨ। ਰਾਜੇ ਦਾ ਪ੍ਰਜਾ ਪ੍ਰਤੀ ਕੀ ਧਰਮ ਹੈ? ਰਾਜਾ ਪ੍ਰਜਾ ਨੂੰ ਆਪਣੇ ਪੁੱਤਰ ਦੀ ਤਰ੍ਹਾਂ ਸਮਝ ਕੇ ਉਸਦੀ ਦੇਖ ਭਾਲ ਕਰੇ। ਗੁਰੂ ਸਾਹਿਬ ਜੀ ਨੇ ਬ੍ਰਹਮਾਵਤਾਰ ਵਿੱਚ ਰਿਸ਼ੀ ਬਾਲਮੀਕ ਜੀ ਨੇ ਕਿਸ ਤਰ੍ਹਾਂ ਅੱਗੇ ਸੱਤ ਰਾਜਿਆਂ ਨੂੰ ਉਪਦੇਸ਼ ਕੀਤਾ ਉਹ ਸਭ ਵੀ ਅੰਕਿਤ ਕੀਤਾ ਹੈ। ਤੇ ਬਚਿਤ੍ਰ ਨਾਟਕ ਵਿੱਚ ਆਪ ਆਪਣੇ ਰਾਜ ਸਾਜ ਦੀ ਕਥਾ ਵੀ ਲਿਖਦੇ ਹਨ ਜਿਵੇਂ : 'ਅਥ ਰਾਜ ਸਾਜ ਕਥਨੰ।।'

ਚੋਪਈ।।

"ਰਾਜ ਸਾਜ ਹਮ ਪਰ ਜਬ ਮਾਯੋ।।
ਜਥਾ ਸਕਤ ਤਬ ਧਰਮ ਚਲਾਯੋ।।" (ਬਚਿਤ੍ਰ ਨਾਟਕ)

### 7.3 ਸਮਾਜਿਕ ਮਹੱਤਵ

ਸਮਾਜ ਨੂੰ ਗੁਰੂ ਸਾਹਿਬ ਜੀ ਨੇ ਉਸ ਵੇਲੇ ਗੁਲਾਮੀ ਦੀਆਂ ਝੰਜ਼ੀਰਾਂ ਵਿੱਚੋਂ ਕੱਢਣ ਲਈ ਹੀ ਇਹ ਸਾਰੀ ਰਚਨਾ ਕੀਤੀ, ਜੋ ਬੀਰ ਰਸੀ ਬਾਣੀ ਨਾਲ ਮਨੁੱਖਤਾ ਵਿਚੋਂ ਕਾਇਰਤਾ ਦੂਰ ਹੋ ਕੇ ਬਹਾਦਰ ਹੋ ਕੇ ਗੁਲਾਮੀ ਦੀਆਂ ਜੰਜੀਰਾਂ ਨੂੰ ਤੋੜ ਸਕਣ ਦਾ ਬਲ ਪੈਦਾ ਹੋਵੇ। ਗੁਰੂ ਸਾਹਿਬ ਜੀ ਨੇ ਸਮਾਜ ਦੇ ਹਿਤਾਂ ਲਈ, ਸਮਾਜ ਦੀ ਸੁਤੰਤਰਾ ਲਈ ਹੀ ਅਨੇਕਾਂ ਜੰਗ ਲੜੇ। ਗੁਰੂ ਸਾਹਿਬ ਜੀ ਨੇ ਆਪਣੀ ਰਚਨਾ ਵਿੱਚ ਥਾਂ-ਥਾਂ ਤੇ ਸਮਾਜ ਨੂੰ ਸੇਧ ਦਿੱਤੀ ਤੇ ਸਮਾਜ ਹਿੱਤ ਹਮੇਸ਼ਾ ਖਾਲਸੇ ਨੂੰ ਤਿਆਰ ਬਰ ਤਿਆਰ ਰਹਿਣ ਲਈ ਹੁਕਮ ਕੀਤਾ। ਗੁਰੂ ਸਾਹਿਬ ਜੀ ਨੇ ਖਾਲਸਾ ਪੰਥ ਨੂੰ ਪੈਦਾ ਹੀ ਸਮਾਜ ਦੀ ਰਾਖੀ ਵਾਸਤੇ ਕੀਤਾ। ਖਾਲਸੇ ਨੂੰ ਕਿਰਪਾਨ ਦੇ ਕੇ ਹੁਕਮ ਕੀਤਾ ਕਿ ਖਾਲਸਾ ਜੀ ਇਹ ਕਿਰਪਾਨ ਹਮੇਸ਼ਾ ਜ਼ਾਲਮ ਉਪਰ, ਸਮਾਜ ਦੀ ਤੇ ਗਊ ਗਰੀਬ ਦੀ ਰੱਖਿਆ ਵਾਸਤੇ ਹੀ ਉੱਠੇ, ਮਜ਼ਲੂਮਾ ਦੀ ਰਾਖੀ ਕਰੇ, ਧੀ, ਭੈਣ ਦੀ ਇਜ਼ਤ ਦੀ ਰਾਖੀ ਕਰੇ। ਇਸ ਤਰ੍ਹਾਂ ਗੁਰੂ ਸਾਹਿਬ ਜੀ ਆਪ ਚਰਿਤ੍ਰੋ ਪਖਯਾਨ ਵਿੱਚ 'ਕਬਯੋ ਬਾਚ ਬੇਨਤੀ ਚੌਪਈ' ਵਿੱਚ ਫੁਰਮਾਉਂਦੇ ਹਨ 'ਸੁਖੀ ਵਸੈ ਮੋਰੋ ਪਰਿਵਾਰਾ।। ਸੇਵਕ ਸਿੱਖ ਸਭੈ ਕਰਤਾਰਾ।।੩੭੮।।'

(ਚਰਿਤ੍ਰ ੪੦੫)

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚੋਂ ਸਾਨੂੰ ਸਮਾਜ ਵਿੱਚ ਵਿਚਰਨ ਦਾ ਸਮਾਜ ਨੂੰ ਕਿਸ ਤਰ੍ਹਾਂ ਉਸ ਪ੍ਰਭੂ ਦੀ ਕ੍ਰਿਤ ਮੰਨਕੇ ਸਾਰੇ ਸਮਾਜ ਨੂੰ ਪ੍ਰਮੇਸੂਰ ਦਾ ਆਪਣਾ ਰੂਪ ਜਾਣ ਕੇ ਦੇਖਣ ਦੀ ਸੇਧ ਮਿਲਦੀ ਹੈ। ਇਹ ਸਿਧਾਂਤ ਮਿਲਦਾ ਹੈ ਕਿ 'ਸਗਲ ਜਗਤ ਪਰਜਾ ਸੁਖੀ ਹੋਇ ਬਿਰਾਜੈ'। ਗੁਰੂ ਸਾਹਿਬ ਜੀ ਨੇ ਸਮਾਜ ਵਿੱਚੋਂ ਉਚ-ਨੀਚ, ਜਾਤ-ਪਾਤ, ਭੇਦ-ਭਾਵ ਆਦਿ ਨੂੰ ਸਦਾ ਲਈ ਖਤਮ ਕਰਨ ਲਈ ਹੀ ਖੰਡੇ ਬਾਟੇ ਦੀ ਅੰਮ੍ਰਿਤ ਦੀ ਦਾਤ ਦਿੱਤੀ। ਸਮਾਜ ਵਿੱਚ ਉਸ ਸਮ੍ਹੇ ਜੋ ਗਰੀਬ ਸਿਖ ਸਨ ਜਾਤ ਪਾਤ ਕਰਕੇ ਨੀਵੇਂ ਮੰਨੇ ਜਾਂਦੇ ਸਨ ਉਨਾਂ ਨੂੰ ਉੱਚਾ ਚੁੱਕ ਕੇ ਬਾਦਸ਼ਾਹੀਆਂ ਦਿਤੀਆਂ ਤੇ ਕਿਹਾ 'ਇਨ ਗਰੀਬ ਸਿੱਖਨ ਕੋ ਦੇਊ ਪਾਤਸ਼ਾਹੀ, ਇਹ ਯਾਦ ਕਰੈ ਹਮਰੀ ਗੁਰਿਆਈ।' ਗੁਰੂ ਸਾਹਿਬ ਜੀ ਨੇ ਸਾਰੀ ਮਨੁੱਖਤਾ ਨੂੰ ਇੱਕੋ ਸਾਂਝਾ ਉਪਦੇਸ਼ ਦਿਤਾ ਚਾਹੇ ਉਹ ਖੱਤਰੀ, ਸੂਦਰ, ਵੈਸ਼ ਜਾ ਬ੍ਰਾਹਮਣ ਸੀ। ਜਾ ਕਿਸੇ ਵੀ ਧਰਮ ਦਾ, ਵਰਣ ਦਾ ਸੀ। ਆਪ ਜੀ ਨੇ ਸਾਰੀ ਮਨੁੱਖਤਾ ਨੂੰ ਉਸ ਪਰੀ ਪੂਰਨ ਪ੍ਰਮੇਸ਼ਰ ਦਾ ਰੂਪ ਜਾਣ ਕੇ ਸਾਰਿਆਂ ਵਿੱਚ ਇੱਕ ਉਸ ਪਰਮਾਤਮਾ ਦੀ ਜੋਤ ਨੂੰ ਹੀ ਦੇਖਿਆਂ ਜਿਸਦਾ ਨਿਰਣਾ ਆਪ ਆਪਣੀ ਬਾਣੀ ਵਿੱਚ ਇਸ ਪ੍ਰਕਾਰ ਕਰਦੇ ਹਨ :

**ਕਬਿੱਤੁ**

'ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਈ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।।
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,
ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ।।
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ, ਕੋਈ, ਭੂਲ ਭ੍ਰਮ ਮਾਨਬੋ।।
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ।।੧੫।।੮੫।। (ਅਕਾਲ ਉਸਤਤਿ)

## 7.4 ਨੈਤਿਕਤਾ ਅਤੇ ਚਰਿਤ੍ਰ ਨਿਰਮਾਣ

ਜਿਸ ਤਰ੍ਹਾਂ ਮਾਂ-ਬਾਪ, ਚੰਗਾ ਉਸਤਾਦ ਆਪਣੇ ਪੁੱਤਰ ਜਾਂ ਸ਼ਗਿਰਦ ਨੂੰ ਹਰ ਪੱਖ ਤੋਂ ਸੇਧ ਦਿੰਦਾ ਹੈ ਤੇ ਪੂਰਣ ਬਣਾਉਣ ਦਾ ਯਤਨ ਕਰਦਾ ਹੈ ਉਸ ਤਰ੍ਹਾਂ ਦਸ਼ਮੇਸ਼ ਪਿਤਾ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੇ ਖਾਲਸੇ ਨੂੰ ਹਰ ਪੱਖ ਤੋਂ ਸਮਝਾਇਆ ਸਿੱਖਿਆ ਦਿੱਤੀ ਤਾਂ ਜੋ ਕਿ ਕਿਸੇ ਪੱਖ ਤੋਂ ਵੀ ਖਾਲਸਾ ਅਧੂਰਾ ਨਾ ਰਹਿ ਜਾਵੇਂ ਜਿਥੇ ਆਪ ਜੀ ਨੇ ਧਰਮ, ਸਮਾਜ, ਰਾਜਨੈਤਿਕ ਦੀ ਸੇਧ ਦਿੱਤੀ ਉਥੇ ਹੀ ਆਪਣੇ ਖਾਲਸੇ ਦੇ ਚਰਿਤ੍ਰ ਨੂੰ ਸਾਫ਼ ਸੁਥਰਾ ਤੇ ਉਜਲ ਤੇ ਜਤੀ-ਸਤੀ ਰਖਣ ਲਈ ਵੀ ਚਰਿਤ੍ਰੋਂ ਪਖਯਾਨ ਬਾਣੀ ਦੀ ਰਚਨਾ ਕੀਤੀ। ਖਾਲਸੇ ਦੇ ਕਿਰਦਾਰ ਨੂੰ ਉੱਚਾ ਰੱਖਣ ਲਈ ਆਪ ਨੇ ਸਰਬ ਪੱਖ ਤੋਂ ਖਾਲਸੇ ਨੂੰ ਉਪਦੇਸ਼ ਦੇ ਕੇ ਸਵੱਸ਼ ਤੇ ਨਿਰੋਲ ਖਾਲਸ ਸ਼ੁੱਧ ਬਣਾਇਆ। ਗੁਰੂ ਸਾਹਿਬ ਜੀ ਦੇ ਪੁਰਾਤਨ ਬਚਨ ਮਿਲਦੇ ਹਨ ਆਪ ਆਪਣੇ ਖਾਲਸੇ ਪ੍ਰਤੀ ਉਸਦੀ ਰਹਿਤ-ਬਹਿਤ ਦੇ ਸੰਦਰਭ ਵਿੱਚ ਲਿਖਦੇ ਹਨ। 'ਰਹਿਤ ਪਿਆਰੀ ਮੋਹਿ ਕਉ, ਸਿਖ ਪਿਆਰਾ ਨਾਹਿ। ਸਿਖ ਪਿਆਰਾ ਨਾਹਿ ਮਮ, ਰਹਿਤ ਪਿਆਰੀ ਆਹਿ।' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਸਿੰਘ ਭਾਈ ਪ੍ਰਹਲਾਦਾ ਸਿੰਘ ਜੀ ਰਹਿਤਨਾਮੇ ਵਿੱਚ ਲਿਖਦੇ ਹਨ ਕਿ 'ਰਹਿਣੀ ਰਹਹਿ ਸੋਈ ਸਿਖ ਮੇਰਾ॥ ਉਹ ਠਾਕੁਰ ਮੈ ਉਸ ਕਾ ਚੇਰਾ॥ ਗੁਰੂ ਸਾਹਿਬ ਜੀ ਆਪ ਆਪਣੇ ਇੱਕ ਹੋਰ ਪਵਿੱਤ੍ਰ ਗ੍ਰੰਥ 'ਸ੍ਰੀ ਸਰਬਲੋਹ ਗ੍ਰੰਥ' ਸਾਹਿਬ ਜੀ ਵਿੱਚ ਫੁਰਮਾਉਂਦੇ ਹਨ :

'ਖਾਲਸਾ ਅਕਾਲ ਪੁਰਖ ਕੀ ਫ਼ੌਜ॥<br>
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥<br>
ਜਬ ਲਗ ਖਾਲਸਾ ਰਹੇ ਨਿਆਰਾ॥<br>
ਤਬ ਲਗ ਤੇਜ ਦੀਉ ਮੈਂ ਸਾਰਾ॥<br>
ਜਬ ਇਹ ਗਹੈ ਬਿਪਰਨ ਕੀ ਰੀਤ॥

ਮੈਂ ਨ ਕਰੋਂ ਇਨ ਕੀ ਪ੍ਰਤੀਤ।।'

ਗੁਰੂ ਸਾਹਿਬ ਜੀ ਨੇ ਨੈਤਿਕਤਾ ਨੂੰ ਦੇਖਦੇ ਹੋਏ ਰਹਿਣੀ, ਬਹਿਣੀ, ਕਹਿਣੀ, ਸਹਿਣੀ ਇਹ ਚਾਰੇ ਪੱਖਾਂ ਨੂੰ ਆਪਣੀ ਪਵਿੱਤ੍ਰ ਰਚਨਾ ਵਿੱਚ ਖੋਲ ਕੇ ਬਿਆਨ ਕੀਤਾ ਹੈ। ਮਨੁੱਖ ਨੂੰ ਹਮੇਸ਼ਾ ਸੱਚ, ਧਰਮ ਤੇ ਚਲੱਣ ਦਾ ਮਾਰਗ ਦੱਸਿਆ ਹੈ। ਆਪ ਜ਼ਫਰਨਾਮਹ ਵਿੱਚ ਕਥਨ ਕਰਦੇ ਹਨ ਕਿ ਮਨੁੱਖ ਨੂੰ ਆਪਣੇ ਬੱਚਨਾ ਦਾ ਪੱਕਾ ਹੋਣਾ ਚਾਹੀਦਾ ਹੈ ਅੰਦਰੋਂ-ਬਾਹਰੋਂ ਇਕ ਹੋਣਾ ਚਾਹੀਦਾ ਹੈ ਜਿਵੇਂ :-

'ਹਮੂੰ ਮਰਦ ਬਾਯਦ ਸ਼ਵਦ ਸੁਖ਼ਨਵਰ।।

ਨ ਸ਼ਿਕਮੇ ਦਿਗਰ ਦਰ ਦਹਾਨਿ ਦਿਗਰ।।55।।' (ਜਫ਼ਰਨਾਮਹ)

ਸਤਿਗੁਰੂ ਜੀ ਨੇ ਨੈਤਿਕਤਾ ਅਤੇ ਚਰਿਤ੍ਰ ਨਿਰਮਾਣ ਨੂੰ ਦੇਖਦੇ ਹੋਏ ਚਰਿਤ੍ਰੋ ਪਖਿਯਾਨ ਦੀ ਰਚਨਾ ਕੀਤੀ ਜਿਸ ਵਿੱਚ ਅਨੇਕਾਂ ਕਥਾਂ ਕਹਾਣੀਆਂ ਨੂੰ ਦਰਸਾਉਂਦੇ ਹੋਏ ਸਿੱਖ ਨੂੰ ਗ੍ਰਿਸਤ ਵਿੱਚ ਰਹਿੰਦੇ ਹੋਏ ਹੀ ਜਤੀ-ਸਤੀ ਰਹਿਣ ਦਾ ਉਪਦੇਸ਼ ਦਿੱਤਾ। ਆਪਜੀ ਇਕੀਵਾਂ ਚਰਿਤ੍ਰ 'ਅਨੂਪ ਕੌਰ' ਵਿੱਚ ਜੋ ਅਨੰਦਪੁਰ ਸਾਹਿਬ ਦਾ ਹੈ ਉਸ ਵਿੱਚ ਲਿਖਦੇ ਹਨ ਕਿ ਕਿਵੇਂ ਖਾਲਸੇ ਨੇ ਰਹਿਤ ਵਿੱਚ ਪ੍ਰਪੱਕ ਰਹਿਣਾ ਹੈ :

ਛੰਦ।।

ਸੁਧ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ।।

ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ।।

ਨਿਜ ਨਾਰੀ ਕੇ ਸੰਗ ਨੇਹ ਤੁਮ ਨਿੱਤ ਬਢੈਯਹੁ।।

ਪਰਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ।।੫੧।।

ਪਰਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ।।

ਪਰਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ।।

ਪਰਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ॥

ਹੋ ਪਰਨਾਰੀ ਕੇ ਹੇਤ ਕਟਕ ਕਵਰਨ ਕੋ ਘਾਯੋ।੫੨॥

ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਧਾਰਮਿਕ, ਸਮਾਜਿਕ, ਰਾਜਨੈਤਿਕ ਅਤੇ ਨੈਤਿਕ ਪੱਖੋਂ ਬਾਖੂਬੀ ਵਿਚਾਰ ਕਰਕੇ ਉਸ ਨੂੰ ਅਮਲੀ ਰੂਪ ਵਿੱਚ ਆਪ ਲੀਲਾ ਕੀਤੀ ਹੈ ਜੋ ਕਿ ਸਮਾਜ ਵਾਸਤੇ ਅੱਜ ਵੀ ਅਨੁਕਰਣ ਦੇ ਯੋਗ ਹੈ।

# ਉਪਸੰਹਾਰ

ਇਹ ਸ਼ੋਧ ਪ੍ਰਬੰਧ "ਸ੍ਰੀ ਦਸਮ ਗ੍ਰੰਥ ਸਾਹਿਬ ਜੀ" ਦੇ ਨਾਲ ਸੰਬੰਧਿਤ ਹੈ। ਇਸਦਾ ਵਿਸ਼ਾ ਇਤਿਹਾਸਿਕ, ਸਾਹਿਤਕ ਤੇ ਸੰਗੀਤਿਕ ਸ਼ੋਧ ਪ੍ਰਬਿਧੀ ਨਾਲ ਸੰਬੰਧਿਤ ਹੈ। ਇਸ ਵਿਸ਼ੇ ਤੇ ਕਾਰਜ ਕਰਣ ਤੋਂ ਪਹਿਲਾਂ ਹੀ ਸ਼ੋਧ ਕਰਤਾ ਦੇ ਮਨ ਵਿੱਚ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਕਾਰਜ ਕਰਨ ਲਈ ਇੱਕ ਉਮੰਗ ਤੇ ਚਾਅ ਸੀ। ਕਿਉਂਕਿ ਪਰਿਵਾਰਿਕ ਮਾਹੌਲ ਇਸ ਤਰ੍ਹਾਂ ਦਾ ਹੋਣ ਕਰਕੇ ਸ਼ੋਧ ਕਰਤਾ ਨੂੰ ਬਚਪਨ ਤੋਂ ਹੀ ਸਿੱਖ ਧਰਮ ਦੇ ਧਾਰਮਿਕ ਇਤਿਹਾਸਿਕ ਗ੍ਰੰਥ ਜਿਵੇਂ ਗੁਰੁ ਪ੍ਰਤਾਪ ਸੂਰਜ ਗ੍ਰੰਥ, ਵਾਰਾਂ ਭਾਈ ਗੁਰਦਾਸ ਜੀ, ਗਜ਼ਲਾਂ ਭਾਈ ਨੰਦ ਲਾਲ ਜੀ, ਭਗਤ ਮਾਲ ਸਟੀਕ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਅਮੀਰ ਭੰਡਾਰ), ਗੁਰਬਿਲਾਸ ਪਾਤਸ਼ਾਹੀ 6ਵੀਂ, ਗੁਰਬਿਲਾਸ ਪਾਤਸ਼ਾਹੀ 10ਵੀਂ, ਪੰਥ ਪ੍ਰਕਾਸ਼, ਮਹਾਨ ਕੋਸ਼, ਬੰਸਾਵਲੀਨਾਮਾ ਦੱਸਾਂ ਪਾਤਸ਼ਾਹੀਆਂ ਕਾ ਆਦਿ ਗ੍ਰੰਥਾਂ ਨੂੰ ਪੜ੍ਹਨ ਦਾ ਤੇ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਸ਼ੋਧ ਕਰਤਾ ਨੂੰ ਵਿਦਵਾਨਾਂ ਸੰਗੀਤਕਾਰਾਂ, ਸੰਤਾਂ ਮਹਾਪੁਰਸ਼ਾਂ ਨਾਲ ਸੰਗਤ ਕਰਣ ਕਰਕੇ ਉਹਨਾਂ ਤੋਂ ਸਨਾਤਨ ਮੱਤ ਦੀ ਕਥਾ, ਗੁਰ ਇਤਿਹਾਸ ਦੀ ਕਥਾ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਬਾਰੇ ਅਨੇਕਾਂ ਡੂੰਘੀਆਂ ਵਿਚਾਰਾਂ ਅਤੇ ਹੋਰ ਬੇਅੰਤ ਅਧਿਆਤਮ ਦੇ ਅਨਮੋਲ ਪ੍ਰਵਚਨ ਸੁਣਨ ਦਾ ਸੁਨਹਿਰੀ ਅਵਸਰ ਪ੍ਰਾਪਤ ਹੋਇਆ। ਜਿਸ ਕਾਰਣ ਸ਼ੋਧ ਕਰਤਾ ਦੀ ਰੁਚੀ ਪੂਰਣ ਤੌਰ ਤੇ ਇਸ ਪਾਸੇ ਵੱਲ ਹੋ ਗਈ ਤੇ ਇਸਦੇ ਨਾਲ-ਨਾਲ ਸੰਗੀਤ ਦੇ ਜੁੜਨ ਕਾਰਣ ਸੋਨੇ ਤੇ ਸੋਹਾਗਾ ਹੋ ਗਿਆ। ਕਿਉਂਕਿ ਜਿਵੇਂ ਗੁਰੂ ਸਾਹਿਬਾਨ ਨੇ ਸਾਰੀ ਪਵਿੱਤ੍ਰ ਬਾਣੀ ਰਾਗਾਂ ਦੇ ਅੰਤਰਗਤ ਦਰਜ ਕੀਤੀ ਹੈ, ਤੇ ਹਿੰਦੁਸਤਾਨੀ ਸੰਗੀਤ ਦਾ ਪਹਿਲਾਂ ਤੋਂ ਅਧਿਆਤਮ ਵੱਲ ਝੁਕਾਅ ਰਿਹਾ ਹੈ। ਗੁਰੂ ਸਾਹਿਬਾਨ ਤੇ ਅਵਤਾਰੀ ਪੁਰਸ਼ਾਂ ਨੇ ਜਿੱਥੇ ਸ਼ਸਤ੍ਰ ਨੂੰ ਧਾਰਣ ਕੀਤਾ ਉਥੇ ਸੰਗੀਤ ਨੂੰ ਵੀ ਧਾਰਣ ਕੀਤਾ ਭਾਵ ਸੰਗੀਤ ਦੇ ਰੂਪ ਵਿੱਚ ਕੋਈ ਨਾ ਕੋਈ ਸਾਜ਼ ਜ਼ਰੂਰ ਧਾਰਣ ਕੀਤਾ। ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕਾਂ ਸ਼ਸਤ੍ਰਾਂ ਦੇ ਨਾਲ-ਨਾਲ ਇੱਕ ਨਵੀਨ ਸਾਜ਼ ਨੂੰ ਇਜਾਦ ਕੀਤਾ ਜਿਸ ਦਾ ਨਾਂ 'ਤਾਉਸ' ਕਰਕੇ ਪ੍ਰਸਿੱਧ ਹੈ, ਸਨਾਤਨ

ਮੱਤ ਅਨੁਸਾਰ ਸ੍ਰੀ ਕ੍ਰਿਸ਼ਨ ਜੀ ਨੇ ਸੁਦਰਸ਼ਨ ਚੱਕ੍ਰ ਨਾਲ ਬੰਸਰੀ, ਮਹਾਂਦੇਵ ਜੀ ਨੇ ਤ੍ਰਿਸ਼ੂਲ ਨਾਲ ਡਮਰੂ ਆਦਿ। ਜਿਵੇਂ ਇੱਕ ਸ਼ਸ਼ਤਰ ਸ਼ਕਤੀ ਦਾ ਪ੍ਰਤੀਕ ਹੈ ਉਸੇ ਤਰ੍ਹਾਂ ਗੁਰੂ ਸਾਹਿਬਾਨ ਨੇ ਸੰਗੀਤ ਦੀ ਮਹਾਨਤਾ ਨੂੰ ਸਮਝਦੇ ਹੋਏ ਇਸਨੂੰ ਭਗਤੀ ਰਸ ਦਾ ਪ੍ਰਤੀਕ ਮੰਨਿਆ ਹੈ। ਇਸੇ ਤਰ੍ਹਾਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਸ਼ਸਤ੍ਰਾਂ ਤੇ ਸੰਗੀਤ ਦਾ ਬਹੁਤ ਗਹਿਰਾ ਤੇ ਡੂੰਘੇ ਸੁਮੇਲ ਦਾ ਵਰਣਨ ਕੀਤਾ ਗਿਆ ਹੈ।

ਫਿਰ ਜਦੋਂ ਸ਼ੋਧ ਕਰਤਾ ਇਸ ਵਿਦਿਆ ਦੇ ਖੇਤਰ ਵਿੱਚ ਆਇਆ ਤਾਂ ਇਹ ਸ਼ੋਧ ਪ੍ਰਬੰਧ ਦੇ ਕਾਰਜ ਕਰਣ ਦਾ ਅਵਸਰ ਪ੍ਰਾਪਤ ਹੋਇਆ ਤੱਦ ਮਨ ਵਿੱਚ ਇੱਕ ਉਤਸ਼ਾਹ ਪੈਦਾ ਹੋਇਆ। ਤੇ ਜੋ ਬਚਪਨ ਦਾ ਇਕ ਸੁਪਨਾ ਸੀ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਨਾਲ ਸੰਬੰਧਿਤ ਕੋਈ ਕਾਰਜ ਕੀਤਾ ਜਾਵੇ, ਤਾਂ ਸ਼ੋਧ ਕਰਤਾ ਦੀ ਇੱਛਾ ਸੀ ਕਿ ਇਸ ਸ਼ੋਧ ਪ੍ਰਬੰਧ ਦਾ ਵਿਸ਼ਾ ਵੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਹੋਵੇ। ਤੇ ਗੁਰੂ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ ਇਹ ਸਬੱਬ ਬਣਿਆ ਤੇ ਇਸਦੇ ਨਾਲ ਹੀ ਨਿਰਦੇਸ਼ਿਕਾ ਨੇ ਸ਼ੋਧ ਕਰਤਾ ਦੀ ਸੋਚ ਨੂੰ ਦੇਖਦੇ ਹੋਏ ਇਸ ਵਿਸ਼ੇ ਨੂੰ ਤਿਆਰ ਕਰਣ ਵਿੱਚ ਪੂਰਣ ਤੌਰ ਤੇ ਸਹਿਯੋਗ ਦਿੱਤਾ। ਸ਼ੋਧ ਕਰਤਾ ਨੇ ਜਦ ਇਸ ਵਿਸ਼ੇ ਤੇ ਕੰਮ ਕਰਨਾ ਪ੍ਰਾਰੰਭ ਕੀਤਾ ਤਾਂ ਗੁਣੀਜਨਾਂ, ਆਪਣੇ ਨਿਰਦੇਸ਼ਿਕਾ ਤੇ ਵਰਿਸ਼ਠ ਖੋਜ ਕਰਤਾਵਾਂ ਨਾਲ ਵਿਚਾਰ ਕੀਤੀ ਤੇ ਇਹ ਕਾਰਜ ਨੂੰ ਕਰਦੇ ਕਰਦੇ ਇਸ ਵਿਸ਼ੇ ਦਾ ਰੂਪ ਬਹੁਤ ਵਿਸ਼ਾਲ ਹੋਣਾ ਸੁਭਾਵਿਕ ਸੀ, ਫਿਰ ਵੀ ਉਸਨੂੰ ਸਮੇਟਦੇ ਹੋਏ ਇਹ ਸ਼ੋਧ ਪ੍ਰਬੰਧ ਤਿਆਰ ਕਰਣ ਦਾ ਪ੍ਰਯਾਸ ਕੀਤਾ।

ਇਸ ਸ਼ੋਧ ਪ੍ਰਬੰਧ ਦੇ ਵਿਸ਼ੇ ਨੂੰ ਸੱਤ ਅਧਿਆਇਆਂ ਵਿੱਚ ਵੰਡ ਕੇ ਵਿਸ਼ੇ ਨੂੰ ਸੰਪੂਰਣ ਕਰਣ ਦਾ ਯਤਨ ਕੀਤਾ ਹੈ।

ਪਹਿਲਾ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਰਚਨਾ ਦੀ ਪ੍ਰਿਸ਼ਠ ਭੂਮੀ ਅਤੇ ਰਚਨਾਕਾਰ" ਇਸਦੇ ਅੰਤਰਗਤ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਜਨਮ ਸਾਖੀ ਸੰਖੇਪ ਵਿੱਚ, ਗੁਰੂ ਸਾਹਿਬ ਦੇ ਆਉਣ ਤੋਂ ਪਹਿਲਾਂ ਸਮਾਜ ਦੀ ਸਥਿਤੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸ਼ਖਸ਼ੀਅਤ ਤੇ ਚਾਨਣਾ ਪਾਇਆ ਹੈ।

ਦੂਸਰਾ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਸ੍ਰੂਪ" ਵਿੱਚ ਪ੍ਰਾਚੀਨ ਸ੍ਰੂਪ, ਹਸਤਲਿਖਿਤ ਬੀੜਾਂ ਅਤੇ ਵਰਤਮਾਨ ਸਮੇਂ ਦੇ ਜੋ ਸ੍ਰੂਪ ਹਨ ਉਸ ਦੀ ਜਾਣਕਾਰੀ ਦਿੱਤੀ ਹੈ।

ਤੀਸਰਾ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਬਾਣੀਆਂ ਅਤੇ ਉਹਨਾ ਦਾ ਵਿਸ਼ਾ ਵਸਤੂ" ਵਿੱਚ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਪੂਰਣ ਬਾਣੀ ਦੇ ਬਾਬਤ ਗੱਲ ਕੀਤੀ ਹੈ। ਭਾਵ ਜੋ 16 ਰਚਨਾਵਾਂ ੧.ਜਾਪੁ ਸਾਹਿਬ ੨. ਅਕਾਲ ਉਸਤਤਿ, ੩. ਬਚਿੱਤਰ ਨਾਟਕ, ੪. ਚੰਡੀ ਚਰਿਤ੍ਰ ਉਕਤਿ ਬਿਲਾਸ, ੫. ਚੰਡੀ ਚਰਿਤ੍ਰ ਲਿਖਯਤੇ, ੬. ਚੰਡੀ ਦੀ ਵਾਰ, ੭. ਗਿਆਨ ਪ੍ਰਬੋਧ, ੮. ਚੌਬੀਸ ਅਵਤਾਰ, ੯. ਬ੍ਰਹਮ ਅਵਤਾਰ, ੧0. ਰੁਦ੍ਰ ਅਵਤਾਰ, ੧੧.

ਸ਼ਬਦ ਹਜ਼ਾਰੇ, ੧੨. ਤੇਂਤੀ ਸਵਈਏ, ੧੩. ਖਾਲਸਾ ਮਹਿਮਾ, ੧੪. ਸ਼ਸਤਰ ਨਾਮ ਮਾਲਾ, ੧੫. ਚਰਿਤਰੋ ਪਖਿਯਾਨ, ੧੬. ਜ਼ਫ਼ਰਨਾਮਾ ਦੇ ਅੰਤਰਗਤ ਸਾਰੀ ਦਸਮ ਦੀ ਬਾਣੀ ਹੈ। ਇਹਨਾਂ ਦੀ ਰੂਪ ਰੇਖਾ, ਹਰ ਬਾਣੀ ਦਾ ਵਿਸ਼ਾ ਵਸਤੂ ਤੇ ਹਰ ਬਾਣੀ ਦੇ ਕੁੱਲ ਕਿੰਨੇ ਛੰਦ-ਬੰਧ ਹਨ ਉਸ ਬਾਰੇ ਵੀਚਾਰ ਕੀਤਾ ਹੈ।

ਚੌਥਾ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਵਿਸ਼ੇਸ਼ਤਾ" ਦੇ ਅੰਤਰਗਤ ਜੋ ਕਿ ਸਾਰੀ ਬਾਣੀ ਛੰਦ-ਬੰਧ ਹੈ ਉਹਨਾ ਛੰਦਾਂ ਦੇ ਬਾਰੇ ਉਹਨਾ ਦੇ ਲਕਣ, ਛੰਦਾਂ ਦੀ ਰੂਪ ਰੇਖਾ ਤੇ ਉਦਾਹਰਣ ਸਮੇਤ ਬਿਆਨ ਕੀਤਾ ਹੈ। ਤੇ ਇਸ ਸੰਪੂਰਣ ਬਾਣੀ ਵਿੱਚ ਜੋ ਅਨੇਕਾਂ ਅਲੰਕਾਰ ਆਏ ਹਨ ਉਹਨਾਂ ਨੂੰ ਵੀ ਛੰਦਾਂ ਦੀ ਨਿਆਈ ਬਿਆਨ ਕੀਤਾ ਹੈ।

ਪੰਜਵਾਂ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਗੀਤਿਕ ਵਿਸ਼ੇਸ਼ਤਾ" ਇਸ ਵਿੱਚ ਪ੍ਰਮੁੱਖ ਤੌਰ ਤੇ ਰਾਗ ਅਤੇ ਤਾਲ ਜੋ ਸੰਗੀਤ ਦਾ ਆਧਾਰ ਹਨ ਇਹਨਾ ਉੱਤੇ ਪ੍ਰਕਾਸ਼ ਪਾਇਆ ਹੈ ਕਿ ਕਿਵੇਂ ਸ੍ਰੀ ਦਸਮ ਬਾਣੀ ਵਿੱਚ ਵੱਖ-ਵੱਖ ਰਾਗ ਆਏ ਹਨ, ਰਾਗਾਂ ਦੇ ਗੁਲਦਸਤੇ ਤੇ ਤਾਲ ਦੇ ਅੰਤਰਗਤ ਵੱਖ-ਵੱਖ ਮਾਤ੍ਰਿਕ ਛੰਦ ਤੇ ਮ੍ਰਿਦੰਗ ਦੇ ਬੋਲ ਆਏ ਹਨ।

ਛੇਵਾਂ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਵਰਣਿਤ ਵਾਦਯ" ਵਿੱਚ ਸੰਪੂਰਣ 16 ਰਚਨਾਵਾਂ ਦੇ ਅੰਤਰਗਤ ਜਿੰਨ੍ਹੀ ਵੀ ਬਾਣੀ ਹੈ ਉਸ ਵਿੱਚ ਜਿਥੇ ਵੀ ਵਾਦਯ ਦੀ

ਚਰਚਾ ਕੀਤੀ ਗਈ ਹੈ ਜਾਂ ਕਿਸੇ ਪ੍ਰਕਾਰ ਦੇ ਵਾਦਯ ਦਾ ਵੇਰਵਾ ਆਇਆ ਹੈ, ਉਹਨਾ ਪੰਗਤੀਆਂ ਦਾ ਵਰਣਨ ਵਿਆਖਿਆ ਸਮੇਤ ਕੀਤਾ ਹੈ।

ਸੱਤਵਾਂ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਮਹੱਤਵ" ਵਿੱਚ ਸਾਰੀ ਬਾਣੀ ਦਾ ਅਧਿਐਨ ਕਰਕੇ ਜੋ ਧਾਰਮਿਕ, ਰਾਜਨੈਤਿਕ, ਸਮਾਜਿਕ, ਨੈਤਿਕਤਾ ਅਤੇ ਚਰਿਤ੍ਰ ਨਿਰਮਾਣ ਦੀ ਸਿੱਖਿਆ ਦਿੱਤੀ ਹੈ ਉਸ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਕਿਉਂ ਕਿ ਇਹ ਸਾਰੀ ਬਾਣੀ ਕਲਿਆਣ ਰੂਪ ਹੈ ਤੇ ਸਿੱਖਿਆ ਦਾਯਕ ਹੈ।

ਇਸ ਸ਼ੋਧ ਪ੍ਰਬੰਧ ਵਿੱਚ ਮੁੱਖ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਅਤੇ ਉਸਦੇ ਸਾਹਿਤਕ ਅਤੇ ਸੰਗੀਤਿਕ ਪੱਖ ਦੀ ਗਲ ਕੀਤੀ ਹੈ। ਇਸ ਸ਼ੋਧ ਪ੍ਰਬੰਧ ਨਾਲ ਸਾਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਬਾਰੇ ਉਹਨਾਂ ਦੇ ਕੀਤੇ ਹੋਏ ਪਰਉਪਕਾਰ ਤੇ ਉਹਨਾ ਵਲੋਂ ਬਖਸ਼ਿਆ ਹੋਇਆ ਸਾਰੇ ਜਗਤ ਨੂੰ ਸਾਹਿਤਕ ਤੇ ਸੰਗੀਤਿਕ ਖਜ਼ਾਨਾ, ਉਹਨਾਂ ਦੀ ਆਪਦੀ ਛੰਦ-ਬੰਦਾ ਦੀ ਜੋ ਬਾ-ਕਮਾਲ ਦੀ ਗੁਰੂ ਸਾਹਿਬ ਨੇ ਰਚਨਾ ਕੀਤੀ ਹੈ ਉਸਦਾ ਸਾਨੂੰ ਪਤਾ ਲਗਦਾ ਹੈ। ਆਪ ਸੰਗੀਤ ਪ੍ਰੇਮੀ ਸਨ ਤੇ ਅਨੇਕਾਂ ਸੰਗੀਤਿਕ ਵਾਦਯਾਂ ਦਾ ਪੂਰਣ ਗਿਆਨ ਰੱਖਣ ਵਾਲੇ ਸਨ ਇਸ ਲਈ ਸਾਨੂੰ ਵੀ ਸੰਗੀਤਿਕ ਵਾਦਯਾਂ ਦੇ ਅਨੇਕਾਂ ਰੂਪਾਂ ਦੀ ਜਾਣਕਾਰੀ ਮਿਲਦੀ ਹੈ। ਉੱਥੇ ਹੀ ਸੰਗੀਤ ਦੇ ਅਨੇਕਾਂ ਰਾਗਾਂ, ਤਾਲਾਂ ਆਦਿ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਤੇ ਮਨੁੱਖਤਾ ਦੇ ਪ੍ਰਤੀ ਧਾਰਮਿਕ, ਰਾਜਨੈਤਿਕ, ਨੈਤਿਕਤਾ ਤੇ ਸਮਾਜਿਕ ਸਿੱਖਿਆ ਦਾ ਵੀ ਸੰਪੂਰਣ ਗਿਆਨ ਆਪਜੀ ਦੀ ਪਵਿੱਤ੍ਰ ਬਾਣੀ ਵਿਚੋਂ ਮਿਲਦਾ ਹੈ।

ਇਹ ਵਿਸ਼ਾ ਇਨਾਂ ਵਿਸ਼ਾਲ ਹੈ ਫਿਰ ਵੀ ਸ਼ੋਧ ਕਰਤਾ ਦਾ ਪ੍ਰਯਾਸ ਹੈ ਜੋ ਕਿ ਪ੍ਰਵਰਤੀ ਸ਼ੋਧ ਵਿਦਿਆਰਥੀਆਂ ਲਈ ਬਹੁਤ ਮਹੱਤਵਪੂਰਨ ਚਾਨਣ ਮੁਨਾਰਾ ਸਿੱਧ ਹੋਵੇਗਾ। ਸ਼ੋਧ ਕਰਤਾ ਇਹ ਸ਼ੋਧ ਪ੍ਰਬੰਧ ਸੰਗੀਤ ਪ੍ਰੇਮੀਆਂ, ਗੁਣੀਜਨਾਂ ਅਤੇ ਵਿਦਿਆਰਥੀਆਂ ਨੂੰ ਪ੍ਰਸਤੁਤ ਕਰਦਾ ਹੈ।

# ਸੰਦਰਭ ਗ੍ਰੰਥ ਸੂਚੀ


## ਮੂਲ ਗ੍ਰੰਥ

ਅਮੀਰ ਭੰਡਾਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ, ਗਿਆਨੀ ਅਮੀਰ ਸਿੰਘ ਸਤੋਂ ਦੀ ਗਲੀ ਵਾਲੇ, ਭਾਈ ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ਪੰਜਾਬ।

ਸ੍ਰੀ ਦਸਮ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਤਖਤ ਸੱਖਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ, ਨਾਦੇੜ (ਮਹਾਰਾਸ਼ਟਰ), ਸੰਮਤ ਨਾਨਕ ਸ਼ਾਹੀ, ੫੩੩ (533)

ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ ਭਾਗ 1 ਤੋਂ 8, ਪੰ. ਗਿਆਨੀ ਨਰੈਣ ਸਿੰਘ ਅਤੇ ਸੰਪਾਦਿਤ ਡਾ. ਅਜੀਤ ਸਿੰਘ ਔਲਖ, ਭਾਈ ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ਪੰਜਾਬ, ਸੋਧੀ ਹੋਈ ਪਹਿਲੀ ਐਡੀਸ਼ਨ, ਅਕਤੂਬਰ, 1994

## ਸਹਾਇਕ ਗ੍ਰੰਥ

ਸ੍ਰੀ ਗੁਰ ਪੰਥ ਪ੍ਰਕਾਸ਼ (ਪ੍ਰਾਚੀਨ ਪੰਥ ਪ੍ਰਕਾਸ਼), ਭਾਈ ਰਤਨ ਸਿੰਘ ਭੰਗੂ ਸ਼ਹੀਦ ਸੰਪਾਦਿਤ ਡਾ. ਜੀਤ ਸਿੰਘ ਸੀਤਲ, ਸਿੱਖ ਇਤਿਹਾਸ ਰੀਸਰਚ ਬੋਰਡ (ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਪੰਜਾਬ), ਚੌਥੀ ਵਾਰ ਦਸੰਬਰ 2●●5

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ (ਕ੍ਰਿਤ) ਸੰਪਾਦਿਤ ਪਦਮ ਭੂਸ਼ਨ ਭਾਈ ਸਾਹਿਬ ਡਾ.ਵੀਰ ਸਿੰਘ ਜੀ, ਮੈਨੇਜਰ ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ ਪੰਜਾਬ, ਚੌਥੀ ਵਾਰ, ਮਈ 1964

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ ਜਿਲਦ ਨੌਂਵੀ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ (ਕ੍ਰਿਤ) ਸੰਪਾਦਿਤ ਡਾ. ਅਜੀਤ ਸਿੰਘ ਔਲਖ, ਭਾਈ ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ਪੰਜਾਬ, ਪਹਿਲੀ ਐਡੀਸ਼ਨ ਜੂਨ, 2●●6

ਗੁਰਮਤਿ ਮਾਰਤੰਡ ਭਾਗ ਪਹਿਲਾ ਅਤੇ ਦੂਜਾ, ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ, ਗੋਲਡਨ ਆਫਸੈਟ ਪ੍ਰੈਸ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਪੰਜਾਬ), ਫਰਵਰੀ, 2010

ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਭਾਗ ਪਹਿਲਾ ਅਤੇ ਦੂਜਾ, ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ, ਭਾਈ ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ਪੰਜਾਬ, ਵੱਡਾ ਐਡੀਸ਼ਨ, 2004

ਧਰਮ ਸ਼ਾਸਤਰ ਅਰਥਾਤ ਬਿਜੈ ਮੁਕਤਿ ਗ੍ਰੰਥ, ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂ ਕੋਂ (ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾ ਅੰਮ੍ਰਿਤਸਰ ਪੰਜਾਬ), ਪਹਿਲੀ ਐਡੀਸ਼ਨ

## ਸਹਾਇਕ ਪੁਸਤਕਾਂ:-

ਸਚਦੇਵ ਗਿਆਨੀ ਅਮਰ ਸਿੰਘ ਤੇ ਰਾਜਿੰਦਰ ਸਿੰਘ, ਜਨਮ ਸਾਖੀ ਗੁਰੂ ਗੋਬਿੰਦ ਸਿੰਘ ਪ੍ਰਕਾਸ਼ਕ, ਸਿੱਖ ਬੁਕ ਕੰਪਨੀ, ਘੰਟਾ ਘਰ, ਅੰਮ੍ਰਿਤਸਰ।

ਸੋ ਸਾਖੀ, ਗੁਰੂ ਗੋਬਿੰਦ ਸਿੰਘ ਜੀ, ਪ੍ਰਕਾਸ਼ਕ ਡਾ. ਚਤਰ ਸਿੰਘ, ਜੀਵਨ ਸਿੰਘ, ਬਜ਼ਾਰ ਮਾਈ ਸੇਵਾ ਅੰਮ੍ਰਿਤਸਰ, ਪੰਜਾਬ, ਤੀਜੀ ਅਡੀਸ਼ਨ ਜੁਲਾਈ 2010

ਗੰਡਾ ਸਿਘ, ਭਾਈ ਨੰਦ ਲਾਲ ਗ੍ਰੰਥਾਵਲੀ, ਪ੍ਰਕਾਸ਼ਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੀਜੀ ਵਾਰ 2000

ਗਿਆਨੀ ਗਿਆਨ ਸਿੰਘ, ਦਸਮ ਗੁਰ ਚਮਤਕਾਰ, ਪ੍ਰਕਾਸ਼ਕ ਭਾਈ ਜਵਾਹਰ ਕ੍ਰਿਪਾਲ ਸਿੰਘ ਐਂਡ ਕੋ: ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਪੰਜਾਬ, ਅਕਤੂਬਰ 1953

ਗਿੱਲ ਮਹਿੰਦਰ ਕੌਰ, ਦਸਮ ਗੁਰੂ-ਬਾਣੀ ਦੇ ਰੂਪ ਮਾਡਲ, ਮਨਪ੍ਰੀਤ ਪ੍ਰਕਾਸ਼ਨ, ਗੀਤਾ ਕਲੋਨੀ, ਦਿੱਲੀ, ਪਹਿਲੀ ਵਾਰ, 1999

ਗੁਜਿੰਦਰ ਸਿੰਘ 'ਸਚਦੇਵ' ਗਿਆਨੀ ਅਮਰ ਸਿੰਘ, ਜਨਮ ਸਾਖੀ ਗੁਰੂ ਗੋਬਿੰਦ ਸਿੰਘ ਜੀ, ਸ. ਬਲਬੀਰ ਸਿੰਘ ਲਾਕਟ ਪ੍ਰਿੰਟਰਜ਼, ਅੰਮ੍ਰਿਤਸਰ ਪੰਜਾਬ, ਪਹਿਲੀ ਐਡੀਸ਼ਨ

ਗੰਧਰਵ ਸੰਤ ਸਰਵਣ ਸਿੰਘ, ਸੁਰ ਸਿਮਰਣ ਸੰਗੀਤ ਭਾਗ 1 ਤੋਂ 7, ਪ੍ਰਕਾਸ਼ਕ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਪੰਜਾਬ, ਪਹਿਲੀ ਵਾਰ ਜਨਵਰੀ, 2006

ਜੱਗੀ ਰਤਨ ਸਿੰਘ, ਸਾਹਿੱਤ ਸੌਰਭ, ਪ੍ਰਕਾਸ਼ਕ, ਮੁਨੀ ਲਾਲ ਗੁਪਤਾ, ਐਂਡ ਸੰਜ਼, ਮਾਲਕ ਪੈਪਸੂ ਬੁਕ ਡਿਪੂ, ਪਟਿਆਲਾ, ਪਹਿਲੀ ਵਾਰ ਅਗਸਤ 1976

ਜੱਗੀ ਰਤਨ ਸਿੰਘ, ਜੱਗੀ ਗੁਰਸ਼ਰਨ ਕੌਰ, ਸ੍ਰੀ ਦਸਮ ਗ੍ਰੰਥ ਸਾਹਿਬ ਪਾਠ-ਸੰਪਾਦਨ ਅਤੇ ਵਿਆਖਿਆ, ਗੋਬਿੰਦ ਸਦਨ ਇੰਨਸਟੀਚਿਊਟ ਫਾਰ ਐਡਵਾਂਸਡ ਸਟੱਡੀਜ਼ ਇਨ ਕੰਪੈਰੇਟਿਵ ਰਿਲੀਜਨ, ਗਦਾਈਪੁਰ, ਮਹਿਰੌਲੀ, ਨਵੀ ਦਿੱਲੀ, ਪਹਿਲੀ ਵਾਰ, 13 ਅਪ੍ਰੈਲ 1999

ਨਾਭਾ ਭਾਈ ਕਾਨ੍ਹ ਸਿੰਘ, ਗੁਰੁਛੰਦ ਦਿਵਾਕਰ, ਪ੍ਰਕਾਸ਼ਕ, ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪਹਿਲਾ ਐਡੀਸ਼ਨ, 1970

ਨਾਭਾ ਭਾਈ ਕਾਨ੍ਹ ਸਿੰਘ, ਗੁਰ ਸ਼ਬਦਾਲੰਕਾਰ, ਪ੍ਰਕਾਸ਼ਕ, ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2001

ਪਦਮ ਪਿਆਰਾ ਸਿੰਘ, ਦਸਮ ਗ੍ਰੰਥ ਦਰਸ਼ਨ, ਭਾਈ ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ਪੰਜਾਬ, ਪਹਿਲੀ ਵਾਰ 1968

ਪਰਮਵੀਰ ਸਿੰਘ, ਮਾਤਾ ਸੁੰਦਰੀ ਜੀ ਸੰਘਰਸ਼ ਅਤੇ ਸ਼ਖਸ਼ੀਅਤ, ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ਪੰਜਾਬ, ਪਹਿਲੀ ਵਾਰ 2012

ਪ੍ਰੋ. ਜੋਗਿੰਦਰ ਸਿੰਘ, ਪਿੰਗਲ ਤੇ ਅਰੂਜ਼, ਪ੍ਰਕਾਸ਼ਨ ਪ੍ਰੋ. ਰਵਿੰਦਰ ਭੱਠਲ, ਜਨਰਲ ਸਕੱਤਰ, ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, ਪਹਿਲੀ ਵਾਰ ਅਕਤੂਬਰ, 1960

ਭਾਈ ਨੰਦ ਲਾਲ ਜੀ ਗੋਯਾ ਸੰਪਾਦਿਤ ਗੰਡਾ ਸਿੰਘ, ਭਾਈ ਨੰਦ ਲਾਲ ਗ੍ਰੰਥਾਵਲੀ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਪੰਜਾਬ, ਤੀਜੀ ਵਾਰ 30, ਜਨਵਰੀ 1968

ਮਸਕੀਨ ਪੰਥ ਰਤਨ ਗਿਆਨੀ ਸੰਤ ਸਿੰਘ, ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ, ਭਾਈ ਚਤਰ ਸਿੰਘ ਜੀਵਨ ਸਿੰਘ ਬਜ਼ਾਰ ਮਾਈ ਸੇਵਾ, ਅੰਮ੍ਰਿਤਸਰ ਪੰਜਾਬ, ਪਹਿਲੀ ਐਡੀਸ਼ਨ ਜੂਨ, 2007

## हिन्दी पुस्तकें

कुमारी अनामिका, अवनद्ध वाद्यों में ध्वनि विकास, कनिष्क पब्लिशर्स, डिस्ट्रीब्यूटर्स नई दिल्ली–110 002, प्रथम संस्करण 2014

भार्गव अंजना, भारतीय संगीत शास्त्रों में वाद्यों का चिन्तन, कनिष्का पब्लिशर्स, डिस्ट्रीब्यूटर्स नई दिल्ली–110 002, प्रथम संस्करण 2002

वाष्णैय दीया, हिन्दुस्तानी शास्त्रीय संगीत में मध्यकाल के प्रमुख वाग्गेयकारों का योगदान, राज पब्लिकेशन्स, असांरी रोड़, दरियागंज नई दिल्ली, प्रथम संस्करण 2011

शर्मा महेन्द्र प्रसाद, अवनद्ध वाद्य, अभिषेक पब्लिकेशन्स चण्डीगढ, प्रथम संस्करण 2008

शर्मा सुनीता, भारतीय संगीत का इतिहास, संजय प्रकाशन दिल्ली–110 053, प्रथम संस्करण 1996

शर्मा अमल कुमार दाश, विश्व संगीत का इतिहास, राजकमल प्रकाशन, नेता जी सुभाष मार्ग नई दिल्ली, प्रथम संस्करण 1990

# SHRI DASAM GRANTH SAHIB JI DA SAHITYAK ATE SANGITIK ADHYAYAN

# ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਸਾਹਿਤਿਕ ਅਤੇ ਸੰਗੀਤਿਕ ਅਧਿਐਨ

**A THESIS**
**Submitted to the**
**FACULTY OF DESIGN AND FINE ARTS**
**Panjab University, Chandigarh**
**For the degree of**

**DOCTOR OF PHILOSOPHY**
**2021**


**HARPREET SINGH**

**DEPARTMENT OF MUSIC**
**PANJAB UNIVERSITY**
**CHANDIGARH**

# ਉਪਸੰਹਾਰ

ਇਹ ਸ਼ੋਧ ਪ੍ਰਬੰਧ "ਸ੍ਰੀ ਦਸਮ ਗ੍ਰੰਥ ਸਾਹਿਬ ਜੀ" ਦੇ ਨਾਲ ਸੰਬੰਧਿਤ ਹੈ। ਇਸਦਾ ਵਿਸ਼ਾ ਇਤਿਹਾਸਿਕ, ਸਾਹਿਤਕ ਤੇ ਸੰਗੀਤਿਕ ਸ਼ੋਧ ਪ੍ਰਬਿਧੀ ਨਾਲ ਸੰਬੰਧਿਤ ਹੈ। ਇਸ ਵਿਸ਼ੇ ਤੇ ਕਾਰਜ ਕਰਣ ਤੋਂ ਪਹਿਲਾਂ ਹੀ ਸ਼ੋਧ ਕਰਤਾ ਦੇ ਮਨ ਵਿੱਚ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਕਾਰਜ ਕਰਨ ਲਈ ਇੱਕ ਉਮੰਗ ਤੇ ਚਾਅ ਸੀ। ਕਿਉਂਕਿ ਪਰਿਵਾਰਿਕ ਮਾਹੌਲ ਇਸ ਤਰ੍ਹਾਂ ਦਾ ਹੋਣ ਕਰਕੇ ਸ਼ੋਧ ਕਰਤਾ ਨੂੰ ਬਚਪਨ ਤੋਂ ਹੀ ਸਿੱਖ ਧਰਮ ਦੇ ਧਾਰਮਿਕ ਇਤਿਹਾਸਿਕ ਗ੍ਰੰਥ ਜਿਵੇਂ ਗੁਰੁ ਪ੍ਰਤਾਪ ਸੂਰਜ ਗ੍ਰੰਥ, ਵਾਰਾਂ ਭਾਈ ਗੁਰਦਾਸ ਜੀ, ਗਜ਼ਲਾਂ ਭਾਈ ਨੰਦ ਲਾਲ ਜੀ, ਭਗਤ ਮਾਲ ਸਟੀਕ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਸਟੀਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਅਮੀਰ ਭੰਡਾਰ), ਗੁਰਬਿਲਾਸ ਪਾਤਸ਼ਾਹੀ 6ਵੀਂ, ਗੁਰਬਿਲਾਸ ਪਾਤਸ਼ਾਹੀ 10ਵੀਂ, ਪੰਥ ਪ੍ਰਕਾਸ਼, ਮਹਾਨ ਕੋਸ਼, ਬੰਸਾਵਲੀਨਾਮਾ ਦੱਸਾਂ ਪਾਤਸ਼ਾਹੀਆਂ ਕਾ ਆਦਿ ਗ੍ਰੰਥਾਂ ਨੂੰ ਪੜ੍ਹਨ ਦਾ ਤੇ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। ਸ਼ੋਧ ਕਰਤਾ ਨੂੰ ਵਿਦਵਾਨਾਂ ਸੰਗੀਤਕਾਰਾਂ, ਸੰਤਾਂ ਮਹਾਪੁਰਸ਼ਾਂ ਨਾਲ ਸੰਗਤ ਕਰਣ ਕਰਕੇ ਉਹਨਾਂ ਤੋਂ ਸਨਾਤਨ ਮੱਤ ਦੀ ਕਥਾ, ਗੁਰ ਇਤਿਹਾਸ ਦੀ ਕਥਾ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਬਾਰੇ ਅਨੇਕਾਂ ਡੂੰਘੀਆਂ ਵਿਚਾਰਾਂ ਅਤੇ ਹੋਰ ਬੇਅੰਤ ਅਧਿਆਤਮ ਦੇ ਅਨਮੋਲ ਪ੍ਰਵਚਨ ਸੁਣਨ ਦਾ ਸੁਨਹਿਰੀ ਅਵਸਰ ਪ੍ਰਾਪਤ ਹੋਇਆ। ਜਿਸ ਕਾਰਣ ਸ਼ੋਧ ਕਰਤਾ ਦੀ ਰੁਚੀ ਪੂਰਣ ਤੌਰ ਤੇ ਇਸ ਪਾਸੇ ਵੱਲ ਹੋ ਗਈ ਤੇ ਇਸਦੇ ਨਾਲ-ਨਾਲ ਸੰਗੀਤ ਦੇ ਜੁੜਨ ਕਾਰਣ ਸੋਨੇ ਤੇ ਸੋਹਾਗਾ ਹੋ ਗਿਆ। ਕਿਉਂਕਿ ਜਿਵੇਂ ਗੁਰੂ ਸਾਹਿਬਾਨ ਨੇ ਸਾਰੀ ਪਵਿੱਤ੍ਰ ਬਾਣੀ ਰਾਗਾਂ ਦੇ ਅੰਤਰਗਤ ਦਰਜ ਕੀਤੀ ਹੈ, ਤੇ ਹਿੰਦੁਸਤਾਨੀ ਸੰਗੀਤ ਦਾ ਪਹਿਲਾਂ ਤੋਂ ਅਧਿਆਤਮ ਵੱਲ ਝੁਕਾਅ ਰਿਹਾ ਹੈ। ਗੁਰੂ ਸਾਹਿਬਾਨ ਤੇ ਅਵਤਾਰੀ ਪੁਰਸ਼ਾਂ ਨੇ ਜਿੱਥੇ ਸ਼ਸਤ੍ਰ ਨੂੰ ਧਾਰਣ ਕੀਤਾ ਉਥੇ ਸੰਗੀਤ ਨੂੰ ਵੀ ਧਾਰਣ ਕੀਤਾ ਭਾਵ ਸੰਗੀਤ ਦੇ ਰੂਪ ਵਿੱਚ ਕੋਈ ਨਾ ਕੋਈ ਸਾਜ਼ ਜ਼ਰੂਰ ਧਾਰਣ ਕੀਤਾ। ਜਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕਾਂ ਸ਼ਸਤ੍ਰਾਂ ਦੇ ਨਾਲ-ਨਾਲ ਇੱਕ ਨਵੀਨ ਸਾਜ਼ ਨੂੰ ਇਜਾਦ ਕੀਤਾ ਜਿਸ ਦਾ ਨਾਂ 'ਤਾਊਸ' ਕਰਕੇ ਪ੍ਰਸਿੱਧ ਹੈ, ਸਨਾਤਨ

ਮੱਤ ਅਨੁਸਾਰ ਸ੍ਰੀ ਕ੍ਰਿਸ਼ਨ ਜੀ ਨੇ ਸੁਦਰਸ਼ਨ ਚੱਕ੍ਰ ਨਾਲ ਬੰਸਰੀ, ਮਹਾਂਦੇਵ ਜੀ ਨੇ ਤ੍ਰਿਸ਼ੂਲ ਨਾਲ ਡਮਰੂ ਆਦਿ। ਜਿਵੇਂ ਇੱਕ ਸ਼ਸ਼ਤਰ ਸ਼ਕਤੀ ਦਾ ਪ੍ਰਤੀਕ ਹੈ ਉਸੇ ਤਰ੍ਹਾਂ ਗੁਰੂ ਸਾਹਿਬਾਨ ਨੇ ਸੰਗੀਤ ਦੀ ਮਹਾਨਤਾ ਨੂੰ ਸਮਝਦੇ ਹੋਏ ਇਸਨੂੰ ਭਗਤੀ ਰਸ ਦਾ ਪ੍ਰਤੀਕ ਮੰਨਿਆ ਹੈ। ਇਸੇ ਤਰ੍ਹਾਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਸ਼ਸਤ੍ਰਾਂ ਤੇ ਸੰਗੀਤ ਦਾ ਬਹੁਤ ਗਹਿਰਾ ਤੇ ਡੂੰਘੇ ਸੁਮੇਲ ਦਾ ਵਰਣਨ ਕੀਤਾ ਗਿਆ ਹੈ।

ਫਿਰ ਜਦੋਂ ਸ਼ੋਧ ਕਰਤਾ ਇਸ ਵਿਦਿਆ ਦੇ ਖੇਤਰ ਵਿੱਚ ਆਇਆ ਤਾਂ ਇਹ ਸ਼ੋਧ ਪ੍ਰਬੰਧ ਦੇ ਕਾਰਜ ਕਰਣ ਦਾ ਅਵਸਰ ਪ੍ਰਾਪਤ ਹੋਇਆ ਤੱਦ ਮਨ ਵਿੱਚ ਇੱਕ ਉਤਸ਼ਾਹ ਪੈਦਾ ਹੋਇਆ। ਤੇ ਜੋ ਬਚਪਨ ਦਾ ਇਕ ਸੁਪਨਾ ਸੀ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਨਾਲ ਸੰਬੰਧਿਤ ਕੋਈ ਕਾਰਜ ਕੀਤਾ ਜਾਵੇ, ਤਾਂ ਸ਼ੋਧ ਕਰਤਾ ਦੀ ਇੱਛਾ ਸੀ ਕਿ ਇਸ ਸ਼ੋਧ ਪ੍ਰਬੰਧ ਦਾ ਵਿਸ਼ਾ ਵੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨਾਲ ਸੰਬੰਧਿਤ ਹੋਵੇ। ਤੇ ਗੁਰੂ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ ਇਹ ਸਬੱਬ ਬਣਿਆ ਤੇ ਇਸਦੇ ਨਾਲ ਹੀ ਨਿਰਦੇਸ਼ਿਕਾ ਨੇ ਸ਼ੋਧ ਕਰਤਾ ਦੀ ਸੋਚ ਨੂੰ ਦੇਖਦੇ ਹੋਏ ਇਸ ਵਿਸ਼ੇ ਨੂੰ ਤਿਆਰ ਕਰਣ ਵਿੱਚ ਪੂਰਣ ਤੌਰ ਤੇ ਸਹਿਯੋਗ ਦਿੱਤਾ। ਸ਼ੋਧ ਕਰਤਾ ਨੇ ਜਦ ਇਸ ਵਿਸ਼ੇ ਤੇ ਕੰਮ ਕਰਨਾ ਪ੍ਰਾਰੰਭ ਕੀਤਾ ਤਾਂ ਗੁਣੀਜਨਾਂ, ਆਪਣੇ ਨਿਰਦੇਸ਼ਿਕਾ ਤੇ ਵਰਿਸ਼ਠ ਖੋਜ ਕਰਤਾਵਾਂ ਨਾਲ ਵਿਚਾਰ ਕੀਤੀ ਤੇ ਇਹ ਕਾਰਜ ਨੂੰ ਕਰਦੇ ਕਰਦੇ ਇਸ ਵਿਸ਼ੇ ਦਾ ਰੂਪ ਬਹੁਤ ਵਿਸ਼ਾਲ ਹੋਣਾ ਸੁਭਾਵਿਕ ਸੀ, ਫਿਰ ਵੀ ਉਸਨੂੰ ਸਮੇਟਦੇ ਹੋਏ ਇਹ ਸ਼ੋਧ ਪ੍ਰਬੰਧ ਤਿਆਰ ਕਰਣ ਦਾ ਪ੍ਰਯਾਸ ਕੀਤਾ।

ਇਸ ਸ਼ੋਧ ਪ੍ਰਬੰਧ ਦੇ ਵਿਸ਼ੇ ਨੂੰ ਸੱਤ ਅਧਿਆਇਆਂ ਵਿੱਚ ਵੰਡ ਕੇ ਵਿਸ਼ੇ ਨੂੰ ਸੰਪੂਰਣ ਕਰਣ ਦਾ ਯਤਨ ਕੀਤਾ ਹੈ।

ਪਹਿਲਾ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਰਚਨਾ ਦੀ ਪ੍ਰਿਸ਼ਠ ਭੂਮੀ ਅਤੇ ਰਚਨਾਕਾਰ" ਇਸਦੇ ਅੰਤਰਗਤ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਜਨਮ ਸਾਖੀ ਸੰਖੇਪ ਵਿੱਚ, ਗੁਰੂ ਸਾਹਿਬ ਦੇ ਆਉਣ ਤੋਂ ਪਹਿਲਾਂ ਸਮਾਜ ਦੀ ਸਥਿਤੀ ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਸ਼ਖਸ਼ੀਅਤ ਤੇ ਚਾਨਣਾ ਪਾਇਆ ਹੈ।

ਦੂਸਰਾ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦਾ ਸ੍ਵਰੂਪ" ਵਿੱਚ ਪ੍ਰਾਚੀਨ ਸ੍ਵਰੂਪ, ਹਸਤਲਿਖਿਤ ਬੀੜਾਂ ਅਤੇ ਵਰਤਮਾਨ ਸਮੇਂ ਦੇ ਜੋ ਸ੍ਵਰੂਪ ਹਨ ਉਸ ਦੀ ਜਾਣਕਾਰੀ ਦਿੱਤੀ ਹੈ।

ਤੀਸਰਾ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਬਾਣੀਆਂ ਅਤੇ ਉਹਨਾ ਦਾ ਵਿਸ਼ਾ ਵਸਤੂ" ਵਿੱਚ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਪੂਰਣ ਬਾਣੀ ਦੇ ਬਾਬਤ ਗੱਲ ਕੀਤੀ ਹੈ। ਭਾਵ ਜੋ 16 ਰਚਨਾਵਾਂ ੧.ਜਾਪੁ ਸਾਹਿਬ ੨. ਅਕਾਲ ਉਸਤਤਿ, ੩. ਬਚਿੱਤਰ ਨਾਟਕ, ੪. ਚੰਡੀ ਚਰਿਤ੍ਰ ਉਕਤਿ ਬਿਲਾਸ, ੫. ਚੰਡੀ ਚਰਿਤ੍ਰ ਲਿਖਯਤੇ, ੬. ਚੰਡੀ ਦੀ ਵਾਰ, ੭. ਗਿਆਨ ਪ੍ਰਬੋਧ, ੮. ਚੌਬੀਸ ਅਵਤਾਰ, ੯. ਬ੍ਰਹਮ ਅਵਤਾਰ, ੧0. ਰੁਦ੍ਰ ਅਵਤਾਰ, ੧੧.

ਸ਼ਬਦ ਹਜ਼ਾਰੇ, ੧੨. ਤੇਂਤੀ ਸਵਈਏ, ੧੩. ਖਾਲਸਾ ਮਹਿਮਾ, ੧੪. ਸ਼ਸਤਰ ਨਾਮ ਮਾਲਾ, ੧੫. ਚਰਿਤਰੋ ਪਖਿਯਾਨ, ੧੬. ਜ਼ਫ਼ਰਨਾਮਾ ਦੇ ਅੰਤਰਗਤ ਸਾਰੀ ਦਸਮ ਦੀ ਬਾਣੀ ਹੈ। ਇਹਨਾਂ ਦੀ ਰੂਪ ਰੇਖਾ, ਹਰ ਬਾਣੀ ਦਾ ਵਿਸ਼ਾ ਵਸਤੂ ਤੇ ਹਰ ਬਾਣੀ ਦੇ ਕੁੱਲ ਕਿੰਨੇ ਛੰਦ-ਬੰਧ ਹਨ ਉਸ ਬਾਰੇ ਵੀਚਾਰ ਕੀਤਾ ਹੈ।

ਚੌਥਾ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸਾਹਿਤਕ ਵਿਸ਼ੇਸ਼ਤਾ" ਦੇ ਅੰਤਰਗਤ ਜੋ ਕਿ ਸਾਰੀ ਬਾਣੀ ਛੰਦ-ਬੰਧ ਹੈ ਉਹਨਾ ਛੰਦਾਂ ਦੇ ਬਾਰੇ ਉਹਨਾ ਦੇ ਲਕਣ, ਛੰਦਾਂ ਦੀ ਰੂਪ ਰੇਖਾ ਤੇ ਉਦਾਹਰਣ ਸਮੇਤ ਬਿਆਨ ਕੀਤਾ ਹੈ। ਤੇ ਇਸ ਸੰਪੂਰਣ ਬਾਣੀ ਵਿੱਚ ਜੋ ਅਨੇਕਾਂ ਅਲੰਕਾਰ ਆਏ ਹਨ ਉਹਨਾਂ ਨੂੰ ਵੀ ਛੰਦਾਂ ਦੀ ਨਿਆਈ ਬਿਆਨ ਕੀਤਾ ਹੈ।

ਪੰਜਵਾਂ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਗੀਤਿਕ ਵਿਸ਼ੇਸ਼ਤਾ" ਇਸ ਵਿੱਚ ਪ੍ਰਮੁੱਖ ਤੌਰ ਤੇ ਰਾਗ ਅਤੇ ਤਾਲ ਜੋ ਸੰਗੀਤ ਦਾ ਆਧਾਰ ਹਨ ਇਹਨਾ ਉੱਤੇ ਪ੍ਰਕਾਸ਼ ਪਾਇਆ ਹੈ ਕਿ ਕਿਵੇਂ ਸ੍ਰੀ ਦਸਮ ਬਾਣੀ ਵਿੱਚ ਵੱਖ-ਵੱਖ ਰਾਗ ਆਏ ਹਨ, ਰਾਗਾਂ ਦੇ ਗੁਲਦਸਤੇ ਤੇ ਤਾਲ ਦੇ ਅੰਤਰਗਤ ਵੱਖ-ਵੱਖ ਮਾਤ੍ਰਿਕ ਛੰਦ ਤੇ ਮ੍ਰਿਦੰਗ ਦੇ ਬੋਲ ਆਏ ਹਨ।

ਛੇਵਾਂ ਅਧਿਆਏ "ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿੱਚ ਵਰਣਿਤ ਵਾਦਯ" ਵਿੱਚ ਸੰਪੂਰਣ 16 ਰਚਨਾਵਾਂ ਦੇ ਅੰਤਰਗਤ ਜਿੰਨ੍ਹੀ ਵੀ ਬਾਣੀ ਹੈ ਉਸ ਵਿੱਚ ਜਿਥੇ ਵੀ ਵਾਦਯ ਦੀ

ਚਰਚਾ ਕੀਤੀ ਗਈ ਹੈ ਜਾਂ ਕਿਸੇ ਪ੍ਰਕਾਰ ਦੇ ਵਾਦਯ ਦਾ ਵੇਰਵਾ ਆਇਆ ਹੈ, ਉਹਨਾ ਪੰਗਤੀਆਂ ਦਾ ਵਰਣਨ ਵਿਆਖਿਆ ਸਮੇਤ ਕੀਤਾ ਹੈ।

ਸੱਤਵਾਂ ਅਧਿਆਏ “ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਮਹੱਤਵ” ਵਿੱਚ ਸਾਰੀ ਬਾਣੀ ਦਾ ਅਧਿਐਨ ਕਰਕੇ ਜੋ ਧਾਰਮਿਕ, ਰਾਜਨੈਤਿਕ, ਸਮਾਜਿਕ, ਨੈਤਿਕਤਾ ਅਤੇ ਚਰਿਤ੍ਰ ਨਿਰਮਾਣ ਦੀ ਸਿੱਖਿਆ ਦਿੱਤੀ ਹੈ ਉਸ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਕਿਉਂ ਕਿ ਇਹ ਸਾਰੀ ਬਾਣੀ ਕਲਿਆਣ ਰੂਪ ਹੈ ਤੇ ਸਿੱਖਿਆ ਦਾਯਕ ਹੈ।

ਇਸ ਸ਼ੋਧ ਪ੍ਰਬੰਧ ਵਿੱਚ ਮੁੱਖ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਅਤੇ ਉਸਦੇ ਸਾਹਿਤਕ ਅਤੇ ਸੰਗੀਤਿਕ ਪੱਖ ਦੀ ਗਲ ਕੀਤੀ ਹੈ। ਇਸ ਸ਼ੋਧ ਪ੍ਰਬੰਧ ਨਾਲ ਸਾਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਬਾਰੇ ਉਹਨਾਂ ਦੇ ਕੀਤੇ ਹੋਏ ਪਰਉਪਕਾਰ ਤੇ ਉਹਨਾ ਵਲੋਂ ਬਖਸ਼ਿਆ ਹੋਇਆ ਸਾਰੇ ਜਗਤ ਨੂੰ ਸਾਹਿਤਕ ਤੇ ਸੰਗੀਤਿਕ ਖਜ਼ਾਨਾ, ਉਹਨਾਂ ਦੀ ਆਪਦੀ ਛੰਦ-ਬੰਦਾ ਦੀ ਜੋ ਬਾ-ਕਮਾਲ ਦੀ ਗੁਰੂ ਸਾਹਿਬ ਨੇ ਰਚਨਾ ਕੀਤੀ ਹੈ ਉਸਦਾ ਸਾਨੂੰ ਪਤਾ ਲਗਦਾ ਹੈ। ਆਪ ਸੰਗੀਤ ਪ੍ਰੇਮੀ ਸਨ ਤੇ ਅਨੇਕਾਂ ਸੰਗੀਤਿਕ ਵਾਦਯਾਂ ਦਾ ਪੂਰਣ ਗਿਆਨ ਰੱਖਣ ਵਾਲੇ ਸਨ ਇਸ ਲਈ ਸਾਨੂੰ ਵੀ ਸੰਗੀਤਿਕ ਵਾਦਯਾਂ ਦੇ ਅਨੇਕਾਂ ਰੂਪਾਂ ਦੀ ਜਾਣਕਾਰੀ ਮਿਲਦੀ ਹੈ। ਉੱਥੇ ਹੀ ਸੰਗੀਤ ਦੇ ਅਨੇਕਾਂ ਰਾਗਾਂ, ਤਾਲਾਂ ਆਦਿ ਬਾਰੇ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਤੇ ਮਨੁੱਖਤਾ ਦੇ ਪ੍ਰਤੀ ਧਾਰਮਿਕ, ਰਾਜਨੈਤਿਕ, ਨੈਤਿਕਤਾ ਤੇ ਸਮਾਜਿਕ ਸਿੱਖਿਆ ਦਾ ਵੀ ਸੰਪੂਰਣ ਗਿਆਨ ਆਪਜੀ ਦੀ ਪਵਿੱਤ੍ਰ ਬਾਣੀ ਵਿਚੋਂ ਮਿਲਦਾ ਹੈ।

ਇਹ ਵਿਸ਼ਾ ਇਨਾਂ ਵਿਸ਼ਾਲ ਹੈ ਫਿਰ ਵੀ ਸ਼ੋਧ ਕਰਤਾ ਦਾ ਪ੍ਰਯਾਸ ਹੈ ਜੋ ਕਿ ਪ੍ਰਵਰਤੀ ਸ਼ੋਧ ਵਿਦਿਆਰਥੀਆਂ ਲਈ ਬਹੁਤ ਮਹੱਤਵਪੂਰਨ ਚਾਨਣ ਮੁਨਾਰਾ ਸਿੱਧ ਹੋਵੇਗਾ। ਸ਼ੋਧ ਕਰਤਾ ਇਹ ਸ਼ੋਧ ਪ੍ਰਬੰਧ ਸੰਗੀਤ ਪ੍ਰੇਮੀਆਂ, ਗੁਣੀਜਨਾਂ ਅਤੇ ਵਿਦਿਆਰਥੀਆਂ ਨੂੰ ਪ੍ਰਸਤੁਤ ਕਰਦਾ ਹੈ।